ੴ ਸਤਿਗੁਰੂ ਪ੍ਰਸਾਦਿ

ਸ੍ਰੀ ਵਾਰਤਿਕ ਸ੍ਰੀ ਕੀ ਫ਼ਰਮਾਇਸ਼ ਤੇ

ਸ੍ਰੀ ਗੁਰੂ ਗ੍ਰੰਥ ਸਾਹਿਬ

ਦਾ

ਸੰਕਲਨ ਤੇ ਸੰਪਾਦਨ

ਲੇਖਕ :-

ਗਿਆਨੀ ਈਸ਼ਰ ਸਿੰਘ

ਪੁਲ ਬਜ਼ਾਰ, ਲੋਹਟ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

ਗੁਰਮਤਿ ਸਾਚੀ ਹੁਜਤਿ ਦੂਰਿ ॥ ਬਹੁਤ ਸਿਆਣਪ ਲਾਗੈ ਧੂਰਿ ॥

ਦਸਮ ਗ੍ਰੰਥ ਸਾਹਿਬ ਜੀ

ਦੇ

ਖੰਡਨ ਦਾ ਖੰਡਨ



– ਲੇਖਕ –

ਗਿਆਨੀ ਈਸ਼ਰ ਸਿੰਘ

Digitized by Panjab Digital Library | www.panjabdigilib.org

Dasam Guru Granth Sahib Ji Da
KHANDAN DA KHANDAN

© Publisher

ਪਹਿਲੀ ਵਾਰ : 1990

ਪ੍ਰਕਾਸ਼ਕ :
ਗਿਆਨੀ ਈਸ਼ਰ ਸਿੰਘ
ਰਾਮਗੜ੍ਹੀਆ ਫਰਨੀਚਰ ਹਾਊਸ,
ਰੋਪੜ ।

ਛਾਪਕ :
ਰਵਿੰਦਰ ਪ੍ਰਿੰਟਿੰਗ ਪ੍ਰੈਸ,
ਸੁੰਦਰ ਨਗਰ, ਅੰਮ੍ਰਿਤਸਰ

ਮੁੱਲ : 20 ਰੁਪਏ

Digitized by Panjab Digital Library | www.panjabdigilib.org

ਸਮਰਪਣ

ਆਮ ਬੁਧੀਜੀਵੀ ਸਮਾਜ–ਸ਼ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ,
ਸ਼ਰੋਮਣੀ ਅਕਾਲੀ ਦਲ, ਸ੍ਰੀ ਅਕਾਲ ਤਖਤ ਸਾਹਿਬ
ਅਤੇ ਸੰਤ ਮਹੰਤ ਸ਼ਰੇਣੀ ਜੋ ਵੀ
ਗੁਰੂ ਗੋਬਿੰਦ ਸਿੰਘ ਸਾਹਿਬ ਦੇ
ਅੰਮ੍ਰਿਤਧਾਰਨੀ; ਮਹਾਂ ਪੁਰਸ਼
ਤੇ ਗੁਰਬਾਣੀ ਦੇ
ਭੌਰੇ ਹਨ।

–ਗਿ: ਈਸ਼ਰ ਸਿੰਘ

Digitized by Panjab Digital Library | www.panjabdigilib.org

ਪ੍ਰਕਰਣ ਸੂਚੀ

੧.	ਆਦਿ ਬੇਨਤੀ-ਪ੍ਰਵੇਸ਼ਕਾ	੫
੨.	ਮਨੋਰਥ ਇਹ ਕਿ ਖੰਡਨ ਲੇਖ	੯
੩.	ਚੌਣਵੀਂ ਬਾਣੀ ਦਸਮ ਗ੍ਰੰਥ	੭
੪.	ਖੰਡਨ ਪੰ: ੧੭ ਤੇ ਸਵੈਯਾ	੯
੫.	ਜੋਤਿ ਦੀ ਸਮੀਖਿਆ	੧੧
੬.	ਉਟੰਕਣ ਦੇਵੀ ਤੇ ਨੰ: ੧	੧੩
੭.	ਮਹਾ ਕਾਲਕਾ ਆਰਾਧੀ	੧੪
੮.	ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ	੧੬
੯.	ਮਹੱਤਵ ਪੂਰਨ ਗਲ	੧੮
੧੦.	ਐਸੀ ਦਿਸ਼ਾ ਵਿਚ	੧੯
੧੧.	ਗਿ: ਹਰਬੰਸ ਸਿੰਘ	੨੦
੧੨.	ਅਗੇ ੩ ਪ੍ਰਸ਼ਨ	੨੨
੧੩.	ਪਾਰਬਤੀ ਕੋਲ ਦੇਵਤੇ ਕਿਉਂ ਆਉਂਦੇ ਸੀ	੨੩
੧੪.	ਉਟੰਕਣ ਨੰ: ੪	੨੪
੧੫.	ਉਟੰਕਣ ਨੰ: ੫	੨੫
੧੬.	ਉਟੰਕਣ ਨੰ: ੭	੨੬
੧੭.	ਗੁਰਮਤਿ ਇਤਿਹਾਸ ਦੇ ਜਾਣੂ	੨੮
੧੮.	ਉਸ ਬੇਅੰਤ ਨਾਮਾਂ ਵਾਲੇ ਨਾਮਚੀ ਦੇ ਗੁਣ	੨੯
੧੯.	ਪ੍ਰਸ਼ਨ ਨੰ: ੮	੩੧
੨੦.	ਆਉ ਤਕੀਏ ਛੇਵੀਂ ਪਾਤਸ਼ਾਹੀ ਦਾ ਪਰਚਾਰ	੩੨
੨੧.	ਉਟੰਕਣ ਨੰ: ੯	੩੩
੨੨.	ਪ੍ਰਸ਼ਨ ਨੰ: ੧੦	੩੪
੨੩.	ਪੰ: ੨੬ ਤੇ ਰਾਇਆਂ ਦਾ ਮੰਢਾ	੩੫
੨੪.	ਰਾਇ ਨੰ: ੨	੩੬
੨੫.	ਭਰਪੂਰ ਉਟੰਕਣ	੩੮
੨੬.	ਦਲੀਲ ਪਰ ਦਲੀਲ	੪੦
੨੭.	ਉਪ੍ਰੋਕਤ ਗੁਰਬਾਣੀ ਦੇ ਉਲਟ	੪੨
੨੮.	ਉਟੰਕਣ ਨੰ: ੨ ਆਰਤੀ ਪੰ: ੩੩	੪੫
੨੯.	ਨੌ-ਕੰਡਾ	੪੯
੩੦.	ਕ੍ਰਿਸ਼ਨਾ ਅਵਤਾਰ	੫੩
੩੧.	ਅਵਤਾਰ ਵਾਦ	੫੫
੩੨.	ਕ੍ਰਿਸ਼ਨਾ ਅਵਤਾਰ ਦੀ ਕਥਾ ਦਾ ਅੰਤਕਾ	੫੯
੩੩.	ਨਰੰਤਰ-ਅਵਤਾਰ ਕਥਾ	੬੧
੩੪.	ਉਪ੍ਰੋਕਤ ਲੇਖ ਦਾ ਨਿਚੋੜ	੬੯
੩੫.	ਪਾਰਸ ਨਾਥ	੭੫
੩੬.	ਚਰਿਤਰ ਪਾਖਿਆਨੇ	੭੮
੩੭.	ਕਿਰਪਾਲ ਨ ਭੀਜਤ ਲਾਂਡ ਕਟਾਏ	੮੧
੩੮.	ਕੀ ਲਾਂਡ ਸ਼ਬਦ ਇਤਨਾ ਹੀ ਗੰਦਾ ਜਾਂ ਬੁਰਾ ਹੈ ?	੮੬
੩੯.	ਤੀਜੀ ਮੰਜ਼ਲ ਤੇ ਉਤੇ ਚੁਬਾਰਾ	੯੧
੪੦.	ਬੁਧੀਜੀਵੀ ਤੇ ਵਿਦਵਾਨਾਂ ਦੀ ਖੋਜ	੯੪
੪੧.	ਡਾਕਟਰ ਬਲਬੀਰ ਸਿੰਘ ਦੀ ਨਿਜੀ ਰਾਇ	੯੬
੪੨.	ਅਹਵਾਲਾ ਚੌਣਵੀਂ ਬਾਣੀ	੯੯
੪੩.	ਆਉ ਸ੍ਰੀ ਦਸਮੇਸ਼ ਬਾਣੀ ਨੂੰ ਸੁਰਤ ਲਾ ਕੇ ਤਕੀਏ	੧੦੨
੪੪.	ਖੰਡਨ ਦਾ ਖੰਡਨ ਲਿਖਣ ਦਾ ਮਨੋਰਥ	੧੦੫
੪੫.	ਸ੍ਰੀ ਦਸਮ ਗ੍ਰੰਥ ਵਿਚ ਪੌਰਾਣਕ ਸਾਖੀਆਂ	੧੦੬
੪੬.	ਅਪੀਲ ਤੇ ਸਨਿਮ੍ਰ ਬੇਨਤੀ	੧੧੧

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

* * *

ਸ੍ਰੀ ਦਸਮ ਗ੍ਰੰਥ ਸਾਹਿਬ ਦੇ ਖੰਡਨ ਦਾ ਖੰਡਨ

ਆਦਿ ਬੇਨਤੀ

ਛੰਦ–ਐ ਦਸਮੇਸ਼ ਵਸ਼ੇਸ਼ ਨਹਿ ਤੁਹਿ ਸਰ,
ਮੁਹਿ ਸਰ ਕੌਨ ਰਿਨੋ ਜਗਤਾਗਰ।
ਮੀਨ ਕੁਲੀਨ ਹੋਇ ਦੀਨ ਅਤਿ–ਆਰਤਿ
ਕਰਮ ਕਰੀਮ ਕਰੋ ਸੁਖ ਸਾਗਰ।
ਖੰਡਨ ਮੰਡਨ ਦੰਡ ਨਾ ਜਾਣਾ,
ਲੇਖਨ–ਲੇਖ ਕਰਨ ਅਤਿ ਮੁਸਕਾਗਰ।
ਸਹਿਮ ਰਹੌਂ, ਅੜੀ ਕਰਮ ਕਰੋ ਜੀ,
ਅਪਨੀ ਜੋਤਿ ਕਰੋ ਰੁਸ਼ਨਾਗਰ।੧।

ਹਉਂ ਅਤਿ ਦੀਨ ਮਲੀਨ ਮਤਿ ਮੱਧਮ,
ਤੁਹਿ ਜਸ ਅਥਾਹ ਥਾਹ ਕਿੰਝ ਪਾਊਂ।
ਊੜਾ,ਆੜਾ, ਇੜੀ, ਸੱਸਾ ਨਹੀ ਜਾਨੂੰ,
ਲੱਲਾ, ਵਾਵਾ, ਝਾੜੇ ਦਾ ਕਿਵੇਂ ਭੇਦ ਪਾਊਂ।
ਤੁਰਦੀ ਦਿਸੇ ਨਰਦ ਬਿਨ ਹਲਾਇ ਨਾ ਹਿੱਲਦੀ
ਮੌਜ ਨਾਲ ਅਪਨੀ ਕਲਮ ਕਿੰਵੇਂ ਚਲਾਊਂ।
ਈਸ਼ਰ ਦਾਸ ਤੇਰਾ ਤੂੰ ਪ੍ਰਮ ਪਿਤਾ ਮੇਰਾ,
ਅੰਦਰ ਦੀ ਚਿੰਤਾ ਕਿਸ ਅਗੇ ਜਾ ਗਾਊਂ।੨।

ਪ੍ਰਵੇਸਕਾ—

ਜਗਤ ਤਾਂ ਦਿਸਦਾ ਹੈ ਪਰ ਹੈ ਮਿਥਿਆ, ਰੰਗੀ ਰਾਮ—ਰਾਮ ਦਾ ਅਜਬ ਰੰਗੀ ਅਖਾੜਾ ਹੈ ਹਰ ਪੁਤਲੀ ਆਪੋ ਆਪਣ ਰੰਗ ਵਿਚ ਮਸਤ ਹੈ, ਆਪੋ ਆਪਣੇ ਸ੍ਵੈਮਾਨ ਤੇ ਮਾਣ ਕਰਦੀ ਹੈ, ਜੋ ਬਚਿੱਤ੍ਰ ਪ੍ਰਭੂ ਦੀ ਬਚਿਤ੍ਰਤਾ ਦਾ ਸੁਨੇਹਾ ਦਿੰਦੀ ਹੈ। ਕੰਨਾਂ ਵਾਲੇ ਸੁਣਦੇ ਨੇ, ਨੇਤ੍ਰਾਂ ਵਾਲੇ ਤਕਦੇ ਨੇ, ਕਿਧਰੇ ਰੰਗਾਂ-ਰੰਗਾਂ ਦੇ ਫੁੱਲਾਂ ਦੀ ਬਹਾਰ ਦਿਸਦੀ ਏ, ਕਿਧਰ ਮੋਤੀ ਬਿਖਰੇ ਹੋਇ ਨੇ, ਕਿਤੇ ਮਸਤ ਨਿਸ਼ਮਇ ਨੇ, ਕਿਤੇ ਨਕਾਬ ਪੋਸ਼ਾਂ ਲਈ ਦਿਨੇਂ ਹਨੇਰਾ ਏ। ਉਹ ਨਹੀਂ ਤਕਦੇ ਕਿ ਹੁਣੇ ਹੁਣੇ ਮੀਂਹ ਪੈ ਰਿਹਾ ਸੀ, ਹੁਣੇ ਬਾਦਲ ਉਡ ਗਏ ਨੇ, ਸ਼ਾਮਾਂ ਹੋਣ ਵਾਲੀਆਂ ਨੇ ਪਰ ਪਤਾ ਨਹੀਂ ਆਸਮਾਨ ਤੇ ਰੰਗ-ਬਰੰਗੀ ਪੀਂਘ ਕੌਣ ਘਸੀਟ ਗਿਆ। ਹਰਾ, ਨੀਲਾ ਪੀਲਾ ਰੰਗ ਕਿਹੜੇ ਕਿਹੜੇ ਤੱਥਾਂ ਚੋਂ ਬਣਾਇਆ ਗਿਆ? ਕਿਸ ਪੈਂਟਰ ਤੋਂ ਲਖਾਇਆ ਗਿਆ, ਕੇਹੜਾ ਬੁਰਛ ਚਲਾਇਆ ਗਿਆ, ਆਹ ਦੇਖੋ ਗੋਲਾਈ ਕਿਸ ਪ੍ਰਕਾਰ ਨਾਲ ਕਟੀ ਗਈ? ਮਸੱਵਰ ਕਿਥੇ ਬਹਿ ਕੇ ਬੁਰਛ ਚਲਾਉਂਦਾ ਸੀ, ਤੱਕਦਿਆਂ ਤੱਕਦਿਆਂ ਅਜੇ ਚਿਰ ਨਹੀਂ ਹੋਇਆ ਕੋਈ ਲਾਹੁੰਦਾ ਨਹੀਂ ਦਿਸਿਆ, ਕੋਈ ਧੋਣ ਲਈ ਨਹੀਂ ਆਇਆ, ਏਡੇ ਪੱਕੇ ਰੰਗ ਜੋ ਹੁਣੇ ਅਨੈਮਲ ਨੂੰ ਮਾਤ ਦੇ ਰਹੇ ਸਨ, ਨਹੀਂ ਪਤਾ ਕਿੱਥੇ ਗਏ, ਕੌਣ ਲਾਹ ਕੇ ਲੈ ਗਿਆ, ਤੈਹ ਲਾ ਕੇ ਕਿਸ ਬਜਾਜ ਦੀ ਹੱਟ ਤੇ ਜਾ ਧਰੀ, ਕਿਸ ਮੁਲ ਤੇ ਜਾ ਵੇਚੀ,ਕਿੰਨੇਪੈਸੇ ਵੱਟੇ ,ਇਹ ਕੌਣ ਦੱਸੇ। ਹੈਰਾਨੀ ਹੈ ਅਚੰਭਾ ਹੈ ਕੌਣ ਦੱਸੇ ਰੰਗੀ ਰਾਮ ਦੇ ਰੰਗਾਂ ਦੀ ਕਹਾਣੀ? ਦਾਤਾ (ਕਉਣ ਜਾਣੇ ਗੁਣ ਤੇਰੇ)

ਰੰਗਾ ਰੰਗ ਰੰਗਨ ਕੇ ਰੰਗਾ,ਕੀਟ ਹਸਤ ਪੂਰਨ ਸਭ ਸੰਗਾ।
[ਪੰਨਾ ੧੩੦੫

ਕੀੜੀ ਤੋਂ ਲੈ ਕੇ ਹਾਥੀ ਤਕ ਪੂਰਨ ਹੈ ਸਭ ਥਾਂ ਉਸਦੀ ਜੋਤੀ ਬਰਾਜਮਾਨ ਹੈ, ਹਰ ਥਾਂ ਨਿਆਰੇ ਤੋਂ ਨਿਆਰਾ ਰੰਗ ਰੰਗਾ ਰਿਹਾ ਹੈ। ਮਨੁੱਖ ਜਾਤੀ ਦੇ ਭਾਵੇਂ ਸਾਰੇ ਅੰਗ ਸਮਾਨ ਹਨ, ਬੈਨ ਉਚਾਰਨ ਢੰਗ ਵੀ ਇਕੋ ਹੀ ਤਾਂ ਹੈ ਪਰ ਬਜੰਤ੍ਰ ਅਲਗ-ਅਲਗ ਹਨ। ਜਿਵੇਂ ਕਿ ਨਾਰਦ ਸਰਪ ਵਾਂਗੂ ਬੀਨ ਤੇ ਪਸਤ ਹੈ—ਕ੍ਰਿਸ਼ਨ ਜੀ ਦੀ ਬੰਸਰੀ ਪ੍ਰਧਾਨ ਹੈ, ਸ਼ਿਵਾਂ ਦਾ ਡਉਰੂ ਮੁਖ ਹੈ, ਸ੍ਰਸ੍ਵਤੀ ਮਾਤਾ ਸਿਤਾਰ ਤੇ ਲੀਨ ਹੈ। ਮਨੁੱਖ ਜਾਤੀ ਨੂੰ ਮਨੂ ਜੀ ਨੇ ਭਾਵੇਂ ਚਾਰ ਵਰਣਾਂ ਵਿਚ ਵੰਡ ਦਿਤਾ ਸੀ, ਹੁਣ ਪਤਾ

Digitized by Panjab Digital Library | www.panjabdigilib.org

ਨਹੀਂ ਸਮਾਜ ਨੇ ਕਿੰਨੀਆਂ ਕੁ ਸ਼ਰੇਣੀਆਂ ਉਲੀਕ ਲਈਆਂ ਨੇ।

ਇਕ ਉਹ ਹਨ ਜਿਨ੍ਹਾਂ ਨੂੰ ਕ੍ਰਿਤੀ ਜਾਂ ਹਲ ਵਾਹਕ ਜੋ ਦਸਾਂ ਨੌਹਾਂ ਦੀ ਕ੍ਰਿਤ ਕਰਕੇ ਤੇ ਉਸ ਮੇਹਨਤ ਦੀ ਖੂਨ ਪਸੀਨੇ ਨਾਲ ਕੀਤੀ ਕਮਾਈ ਨੂੰ ਵੰਡ ਕੇ ਖਾਂਦੇ ਹਨ, ਸਾਧਾਰਨ ਜੀਵਨ ਬਿਤਾ ਕੇ ਪ੍ਰਭੂ ਦਾ ਸ਼ੁਕਰ ਵਜਾਉਂਦੇ ਹਨ। ਉਹਨਾਂ ਦਾ ਆਸ਼ਾ ਹੈ ਕਿ ਸਬਰ ਅੰਦਰ ਹੀ ਸਾਬਰੀ ਵੱਸਦੀ ਏ। ਜੋ ਪ੍ਰਭੂ ਮਿਲਾਪ ਦਾ ਰਾਹ ਦੱਸਦੀ ਏ। ਦੂਜਾ ਵਰਗ—ਜੋ ਮਿਹਨਤਾਂ ਘਟ ਕਰਦੇ ਨੇ ਅਤੇ ਖੋਹ ਵਿਚ ਬਹੁਤੀ ਕਰ ਲੈਂਦੇ ਨੇ, ਜੀਵਨ ਖੂਬ ਐਸ਼-ਪ੍ਰਸਤੀ ਦਾ ਬਿਤਾਉਂਦੇ ਨੇ, ਜਿਵੇਂ ਕਿ ਠੱਗ, ਚੋਰ ਮਿਲਾਵਟੀ ਲੋਕ ਰਿਸ਼ਵਤ ਖੋਰ ਤੇ ਡੰਡਾ ਧਾਰੀ ਪ੍ਰਾਈ ਆਤਮਾਂ ਨੂੰ ਦੁਖ ਦੇ ਕੇ ਆਪਣੀ ਆਤਮਾ ਦਾ ਆਨੰਦ ਮਾਣਦੇ ਨੇ। ਐਉਂ ਸ਼ਰੇਣੀਆਂ ਤਾਂ ਬਹੁਤ ਹਨ, ਪਰ ਇਕ ਵਰਗ ਅਧਿਆਪਕ ਸਿਖਿਆ ਦਾ ਵੀ ਹੈ। ਜਿਸਦੇ ਜ਼ਿੰਮੇ ਹਰ ਵਰਗ ਦੇ ਆਉਣ ਵਾਲੀ ਨਸਲ ਦੇ ਸੁਧਾਰ ਦੀ ਜ਼ਿੰਮੇਵਾਰੀ ਹੁੰਦੀ ਹੈ ਅਤੇ ਇਹ ਵਰਗ ਸਭ ਦੇ ਸਤਕਾਰ ਦਾ ਪਾਤਰ ਵੀ ਹੈ। ਮਾਸਟਰ, ਉਪ-ਮਾਸਟਰ, ਹੈਡ ਮਾਸਟਰ ਉਸ ਤੋਂ ਅਗੇ ਪ੍ਰੋਫੈਸਰ ਪੀ. ਐਚ. ਡੀ. ਕਰਨ ਵਾਲੇ ਡਾ: ਸਭ ਅਤੇ ਸਿਰ ਤੇ ਪ੍ਰਿੰਸੀਪਲ ਜੋ ਵਿਦਿਆ ਮੰਡਲ ਦਾ ਪ੍ਰਧਾਨ ਮੰਨਿਆ ਜਾਂਦਾ ਹੈ। ਜਿਸਦੇ ਅਗੇ ਬੋਲਦਿਆਂ ਸਾਰੇ ਝਿਜਕਦੇ ਨੇ ਬੋਲਣ ਤੋਂ ਡਰਦੇ ਨੇ, ਤੇ ਆਪ ਵਿਚ ਸ਼ਰਮਾਉਂਦ ਨੇ, ਸਭ ਤੋਂ ਉਚ ਸ਼ਰੇਣੀ ਜੋ ਹੋਈ। ਕਿਉਂਕਿ ਰਾਜਨੀਤਕ ਕੀ, ਆਰਥਕ ਤਬਕਾ ਸਾਰੇ ਇਨ੍ਹਾਂ ਦੇ ਰਿਣੀ ਨੇ ਇਹ ਸਭਨਾਂ ਦੇ ਆਦਰ ਯੋਗ ਤੇ ਉਸਤਾਦ ਦੂਜੇ ਸ਼ਬਦਾਂ ਵਿਚ ਨੀਮ ਗੁਰੂ ਹੀ ਹੁੰਦੇ ਨੇ।

ਆਹ! ਮੇਰੇ ਸਾਹਮਣੇ ਸ੍ਰੀ ਮਾਨ ਯੋਗ ਪ੍ਰਿੰਸੀਪਲ ਹਰਭਜਨ ਸਿੰਘ, ਭਾਈ ਸਾਹਿਬ ਦਾ ਲਿਖਿਆ ਇਕ ਕਿਤਾਬਚਾ ਪਿਆ ਹੈ ਜਿਸ ਦਾ ਸਿਰਲੇਖ ਹੈ ਸਿਖ ਧਰਮ ਨਿਰਮਲ ਪੰਥ ਹੈ ਪਰ ਅਗੇ ਜਾਕੇ (ਖੰਡਨ) ਦੇ ਸਿਰਲੇਖ ਹੈ। ਜਿਸ ਦਾ ਭਾਵ ਹੈ—ਸ੍ਰੀ ਦਸਮ ਗ੍ਰੰਥ ਸਾਹਿਬ ਦਾ ਖੰਡਨ—ਜੋ ਸ੍ਰੀ ਗੁਰੂ ਗੋਬਿੰਦ ਸਿੰਘ ਪਿਤਾ ਤੇ ਸ੍ਰੀ ਸਾਹਿਬ ਦੋਵਾਂ ਮਾਤਾ ਦੇ ਪੁੱਤਰਾਂ ਲਈ ਘੋਰ ਦੁਖਦਾਇਕ ਚੈਲੰਜ ਹੈ। ਇਹ ਕਤਾਬਚਾ ਪਹਿਲਾਂ ਮੈਨੂੰ ਬਾਬਾ ਦਿਆਲ-ਨਿਰੰਕਾਰੀ ਦੇ ਇਕ ਸੇਵਕ ਨੇ ਦਿਤਾ ਸੀ ਜੋ ਮੈਂ ਅਨਗੌ-ਲਿਆ ਕਰਕੇ ਰੱਖ ਦਿੱਤਾ ਸੀ, ਪਰ ਫੇਰ ਇਕ ਬਜ਼ੁਰਗ ਸ: ਪ੍ਰੀਤਮ ਸਿੰਘ ਸਤਿਗੁਰਾਂ ਦੇ ਸ਼ਰਦਾਲੂ ਸਿੰਘ ਨੇ ਚੰਡੀਗੜ੍ਹ ਤੋਂ ਲਿਆ ਕੇ ਦਿਤਾ। ਜਿਸ ਨੂੰ ਪੜ੍ਹ ਕੇ ਮਜਬੂਰਨ ਕਲਮ ਚੁਕਣੀ ਪਈ, ਭਾਵੇਂ ਮੈਂ ਆਪਣੀ ਪਹਿਲੇ ਅਰੰਭੇ ਕੰਮ ਨੇਪਰੇ ਚੜ੍ਹ ਜਾਣ ਪਰ ਚੁੱਪ ਹੋ ਕੇ ਬੈਠ ਗਿਆ ਸਾਂ, ਪਰ ਮੇਰੇ ਪ੍ਰਮ ਪਿਤਾ ਵਲੋਂ (ਅਗਾਹਾਂ ਕੁ ਤਾਂਘ) ਪਿਛਾਂ ਨੂੰ ਮੋਢਾ ਫੇਰਨ ਤੋਂ ਅਨਕਾਰੀ ਦਾ ਹੁਕਮ ਹੋ ਗਿਆ ਤੇ ਉਹਨਾਂ ਤੋਂ ਬਲ ਪਾ ਕੇ ਉੱਤਰ ਲਿਖਣ ਲਈ ਕਮਰਕੱਸੇ ਕਰਕੇ ਘੁੰਡ ਚੁਕਣਾ ਪਿਆ। ਭਾਵੇਂ ਸ਼ਰਮ ਵੀ ਅਣਚੁਕ ਜਿਹੀ ਦਿਸਦੀ ਹੈ, ਮੇਰੇ ਜਿਹਾ ਸਾਧਾਰਨ ਵਿਅਕਤੀ ਅਨੇਕਾਂ ਪੁਸਤਕਾਂ ਦੇ ਲਿਖਾਰੀ ਇਕ (ਪ੍ਰਿੰਸੀਪਲ) ਅਗੇ ਗੁਸਤਾਖੀ ਕਰੇ। ਪਰ ਵੇਖਣ ਵਿਚ ਆਉਂਦਾ ਹੈ ਕਿ ਇਕ ਸ਼ਰਮਾਕਲੂ 'ਕੁਜਰ', ਜੋ ਪਹਿਲੀ ਵਾਰ ਹੀ ਸਹੁਰੇ ਘਰ ਵਸੀ ਹੋਵੇ ਅਤੇ ਕੁੰਅਣਾ ਵੀ ਨਾ ਚਾਹੁੰਦੀ ਹੋਵੇ, ਉਸ ਨੂੰ ਵੀ ਨਾ ਚਾਹੁੰਦੇ ਹੋਏ ਵੀ ਕੁਝ ਸੈਨਤ ਰਾਹੀਂ ਉਤਰ ਦੇਣਾ ਹੀ ਪੈ ਜਾਂਦਾ ਏ ਬੇਸ਼ਕ ਉਹ ਬੇਠੀਕ ਹੀ ਹੋਵੇ। ਇਸ ਲਈ ਇਹ ਬੁੱਢੀ ਜਾਨ ਵੀ ਆਪਣੀ ਮਜਬੂਰੀ ਤੋਂ ਛੁਟਕਾਰਾ ਪਾਉਣ ਲਈ ਜਤਨ ਕਰ ਰਹੀ ਹੈ ਨਾਲ ਖਿਮਾਂ ਦੀ ਵੀ ਜਾਚਨਾ ਕਰਦਾ ਹਾਂ, ਆਸ ਰਖਦਾ ਹਾਂ ਕਿ ਪਾਠਕ ਜਨ ਧਿਆਨ ਦੇਣਗੇ।

੧—ਮਨੋਰਥ ਇਹ ਕਿ ਖੰਡਨ ਲੇਖ ਦੁਖੀ ਹਿਰਦੇ ਦੀ ਵੇਧਨ ਦੀ ਭਿੰਨੀ ਹੋਈ ਹਿਰਦੇ ਦੀ ਸੇਜ ਤੇ ਬਹਿ ਕੇ ਲਿਖਿਆ ਗਿਆ ਹੈ, ਗਿਲਾ ਹੈ ਕਿ ਗੁਰ ਨਾਨਕ ਨਾਮ ਲੇਵਾ ਗੁਰਸਿਖੀ ਬੜੀ ਬੇਦਰਦੀ ਨਾਲ ਸ੍ਰੀ ਦਸਮ ਗ੍ਰੰਥ ਸਾਹਿਬ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਉਚਰਤ ਬਾਣੀ ਕਹੀ ਜਾਂਦੇ ਹਨ, ਅਤੇ ਇਸਦੇ ਹੱਕ ਵਿਚ ਲੇਖ ਲਿਖੀ ਜਾਂਦੇ ਹਨ ਜੋ ਅਤਿ ਦੁਖਜਤਕਾਰ ਹੈ। ਜਿਸਦੀ ਸਾਹਦੀ ਲਈ ਏਹ ਸ਼ੇਅਰ ਲਿਖਿਆ ਹੈ:—

'ਅਜਬ ਕੁਛ ਢੰਗ ਸੇ ਬਿਗੜਾ ਹੈ ਨਜਾਮਿ ਚਮਨ ਕਾ
ਦਿਲ ਕੇ ਫਫੋਲੇ ਜਲ ਉਠੇ ਸੀਨੇ ਕੇ ਦਾਗ ਸੇ
ਇਸ ਘਰ ਕੋ ਆਗ ਲਗ ਗਈ ਘਰ ਕੇ ਚਰਾਗ ਸੇ,

ਜੋ ਕਿ ਬੜੇ ਦੁਖੀ ਦਿਲ ਦੀ ਅਵਾਜ ਹੈ।

ਅਗੇ ਕਈ ਗੁਰਬਾਣੀ ਦੀਆਂ ਉਧਾਰਣਾਂ ਦੇ ਕੇ ਸਿੱਧ ਕੀਤਾ ਹੈ, ਕਿ ਸ੍ਰੀ ਗੁਰੂ ਆਦਿ ਗ੍ਰੰਥ ਸਾਹਿਬ

Digitized by Panjab Digital Library | www.panjabdigilib.org

ਦੇਵੀ ਦੇਵਤਾ ਦੀ ਬਿਸਿਮ੍ਰਤੀ ਤਿਆਗ ਕੇ (ਏਕ ੧ਓ ਕਾਰ) ਦਾ ਪੱਲਾ ਫੜਾਉਂਦਾ ਹੈ। ਜਦੋਂ—ਜੋਤਿ ਓਹਾ ਜੁਗਤਿ ਜਾਇ। ਤਾਂ ਫੇਰ ਗੁਰੂ ਗੋਬਿੰਦ ਸਿੰਘ ਜੀ ਕਿਵੇਂ ਦਵੈਤ ਬਾਦ ਦਾ ਪ੍ਰਚਾਰ ਕਰ ਸਕਦੇ ਹਨ ? ਇਸ ਲਈ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਸ੍ਰੀ ਦਸਮੇਸ ਜੀ ਲਿਖਤ ਨਹੀਂ।

ਉੱਤਰ—ਦੁਖੀ ਦਿਲ ਸੋਚ ਸ਼ਕਤੀ ਤੋਂ ਵਿਹਲਾ ਹੋ ਕੇ ਹੈ. ਨੀ. ਮਾਂ. ਆਹ ਐਉਂ ਕਿਉਂ ਹੋ ਗਿਆ ਦੀ ਬਾਹੁੜੀ ਕਰਦਾ ਹੈ, ਜਦ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਸਿਰਜਨਾ ਇਕੋ (ਇਕੋ ਅਲਫ ਤੇਰੇ ਦਰਕਾਰ) ਦੇ ਅਧਾਰ ਤੇ ਹੈ—ਦਵੈਤ ਵਾਦ ਦਾ ਮੁਸ਼ਕ ਤਕ ਨਹੀਂ। ਹਮੇਸ਼ਾਂ ਹਰੇਕ ਲੇਖਕ ਕਲਮ ਨੂੰ ਉਂਗਲਾਂ 'ਚ ਲੈਣ ਵੇਲੇ ਪਹਿਲਾਂ ਆਪਣੇ ਨਿਜੀ ਇਸ਼ਟ ਦੇਵ ਜਿਸਦਾ ਵੀ ਉਹ ਉਪਸ਼ਕ ਤੇ ਪ੍ਰਚਾਰਕ ਹੁੰਦਾ ਹੈ, ਉਸ ਅੱਗੇ ਨਿਮਰੀ ਭੂਤ ਹੋ ਕੇ ਅਰਦਾਸ ਬੇਨਤੀ ਬਲ ਪ੍ਰਾਪਤੀ ਤੇ ਸਫਲਤਾ ਲਈ ਜੋਦੜੀ ਕਰਦਾ ਹੈ। ਜਿਸਦਾ ਖੁਲਾਸਾ ਇਸੇ ਕਲਮ ਦੇ ਲਿਖੇ (ਜੀਵਨ ਸੁਮਾਰਗ ਭਾਗ ੭ **ਸ੍ਰੀ ਦਸਮ ਗ੍ਰੰਥ ਸਾਹਿਬ ਦੇ ਨਿਰਨੇ ਦੇ ਨਿਰਨੇ** ਵਿਚ ਦੇਖੋ) ਪਰ ਪਾਠਕਾਂ ਦੀ ਤਸੱਲੀ ਲਈ ਕੁਝ ਉਧਾਰਣਾਂ ਪੇਸ਼ ਹਨ:—

ਜਾਪ ਸਾਹਿਬ ਅਤੇ ਅਕਾਲ ਉਸਤਤਿ ਤੇ ਤਾਂ ਕੁਝ ਸਜਨਾਂ ਨੂੰ ਛੱਡ ਕੇ ਆਮ ਕਿਸੇ ਨੂੰ ਪ੍ਰਮਾਦ ਹੀ ਨਹੀਂ ਇਸ ਲਈ ਇਹਨਾਂ ਚੋਂ ਉਧਾਰਨ ਦੇਣ ਦੀ ਲੋੜ ਹੀ ਨਹੀਂ ਭਾਸਦੀ। ਬਚਿੱਤ੍ਰ ਨਾਟਕ ਤੇ ਕਈ ਅਲੋਚਕਾਂ ਨੂੰ ਇਤਰਾਜ ਹੈ ਜਿਸਦੇ ਆਦ ਵਿਚ ੬੩ ਚੌਪਈਆਂ ਤੇ ਦੋਹਰੇ ਨਿਰੋਲ ਅਕਾਲ ਉਸਤਤਿ ਜਾਂ ਅਕਾਲ ਪੁਰਖ ਨਾਲ ਮੁਲਾਣ ਹੀ ਦਰਸਾਇਆ ਗਿਆ ਹੈ ਜਾਂ ਦਸਿਆ ਹੈ (ਚੁਭੀ ਰਹੀ ਮ੍ਰਤਿ ਪ੍ਰਭੁ ਚਰਨਨ ਮਹਿ) ਅਗੇ ਅੰਤਲਾ ਦੋਹਰਾ ਹੈ (ਹਰਿ ਹਰਿ ਜਨ ਦੁਈ ਏਕ ਹੈ) ਉਪ੍ਰੰਤ

ਚੌਪਈ—ਜੇ ਜੇ ਬਾਦਿ ਕਰਤ ਹੰਕਾਰਾ।
ਤਿਨ ਤੇ ਭਿੰਨ ਰਹਤ ਕਰਤਾਰਾ।
ਬੇਦ ਕਤੇਬ ਬਿਖੈ ਹਰਿ ਨਾਹੀ।
ਜਾਨ ਲੇਹੁ ਹਰਿ ਜਨ ਮਨ ਮਾਹੀ।੬੧।
ਆਂਖ ਮੂੰਦਿ ਕੋਊ ਡਿੰਭ ਦਿਖਾਵੈ।
ਆਂਧਰ ਕੀ ਪਦਵੀ ਕਹਿ ਪਾਵੈ।
ਆਂਖਿ ਮੀਚ ਮਗੁ ਸੂਝਿ ਨ ਜਾਈ।
ਤਾਹਿ ਅਨੰਤ ਮਿਲੈ ਕਿਮ ਭਾਈ।੬੨।

ਅਨੰਤ—ਸਬਦ ਲਿਖ ਦੇਣ ਵਾਲਾ ਗੁਰਦੇਵ ਤੋਂ ਬਿਨਾਂ ਹੋਰ ਦੱਸੋ ਕਿਹੜਾ ਹੋ ਸਕਦਾ ਹੈ। ਆਦਿ ਵਿਚ=੧ਓ ਸਤਿਗੁਰ ਪ੍ਰਸਾਦਿ (ਸ੍ਰੀ ਮੁਖਵਾਕ ਪਾਤਸਾਹੀ ੧੦) ਦੀ ਮੋਹਰ ਹੈ (ਨਮਸਕਾਰ ਸ੍ਰੀ ਖੜਗ ਕੋ) ਭਾ: ਅਕਾਲ ਪੁਰਖ ਨੂੰ ਕੀਤੀ ਹੈ ਤੇ ਗ੍ਰੰਥ ਰਚਣ ਲਈ ਸਹਾਇਤਾ ਮੰਗੀ ਹੈ। ਅਗੇ ਸਪਸ਼ਟ ਹੈ—ਸ੍ਰੀ ਕਾਲ ਜੀ ਕੀ ਉਸਤਤਿ ਕਰਦੇ ਹੋਏ ਇਥੋਂ ਤਕ ਲਿਖ ਜਾਂਦੇ ਨੇ:—

ਨਿਰੰਕਾਰ ਨਿਰਬਿਕਾਰ ਨਿੱਤਜੰ ਨਿਰਾਲੰ।
ਨ ਬ੍ਰਿਧੰ ਬਿਸੇਖੰ ਨ ਤਰਨੰ ਨ ਬਾਲੰ।
ਨ ਰੰਕੰ ਨ ਰਾਯੰ ਨ ਰੂਪੰ ਨ ਰੇਖੰ।
ਨ ਰੰਗੰ ਨ ਰਾਗੰ ਅਪਾਰੰ ਅਭੇਖੰ ॥੪॥
[ਪੰ: ੩੯

ਜਾਪ ਸਾਹਿਬ ਦੇ ਲਿਖਾਰੀ ਤੇ ਇਸ ਲੇਖ ਵਿਚ ਦੱਸੋ ਕੀ ਅੰਤਰਾ ਹੈ ?

੨—ਚੌਣਵੀਂ ਬਾਣੀ ਦਸਮ ਗ੍ਰੰਥ—ਸੰਪਾਦਕ ਲਾਲ ਸਿੰਘ ਐਮ. ਏ. ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਪੰ: ੪੩ ਤੇ ਬਚਿਤ੍ਰ ਨਾਟਕ—ਜੀਵਨ ਝਲਕ ਦੇ ਸਿਰਲੇਖ ਹੇਠ ਲਿਖਦੇ ਹਨ। ਅਕਾਲ ਉਸਤਤਿ ਪਿਛੋਂ ਬਚਿਤ੍ਰ ਨਾਟਕ ਆਉਂਦਾ ਹੈ ਇਸ ਵਿਚ ਗੁਰੂ ਜੀ ਦੇ ਭੌਤਕ ਜੀਵਨ ਦੀ ਝਲਕ ਵੀ ਮਿਲਦੀ ਹੈ। ਬਚਿਤ੍ਰ ਨਾਟਕ ਦਾ ਨਾਂ ਪੜ੍ਹ ਕੇ ਮਨ ਵਿਚ ਇਸਦੇ ਨਾਟਕੀ ਰਚਨਾ ਹੋਣ ਦਾ ਭੁਲੇਖਾ ਪੈ ਸਕਦਾ ਹੈ। ਪ੍ਰੰਤੂ ਸ਼ਾਸਤ੍ਰੀ ਦ੍ਰਿਸ਼ਟੀ ਤੋਂ ਇਹ ਨਾਟਕੀ ਕਿਰਤ ਨਹੀਂ ਹੈ ਭਾਵੇਂ ਕਰਤਾ ਜੀ ਨੇ ਅਕਾਲ ਪੁਰਖ ਬਾਚ, ਕਬਿ-ਬਾਚ ਆਦਿ ਸਿਰਲੇਖਾਂ ਹੇਠ ਸੰਵਾਦਾਂ ਨੂੰ ਨਾਟਕੀ ਰੂਪ ਦੇ ਦਿੱਤਾ ਹੈ, ਨਾਟਕ ਨਾ ਹੁੰਦੇ ਹੋਏ ਵੀ ਇਹ ਰਚਨਾ ਬਚਿਤ੍ਰ ਜਰੂਰ ਹੈ। ਵਿਸ਼ੇ ਦੇ ਪੱਖ ਤੋਂ ਇਸਦੀ ਬਚਿਤ੍ਰਤਾ ਇਸ ਵਿਚ ਹੈ ਕਿ ਮਹਾਂ ਕਵੀ ਨੇ ਇਸ ਰਚਨਾ ਵਿਚ ਲੋਕ ਤੇ ਪਰਲੋਕ ਦੀਆਂ ਅਦਭੁੱਤ ਘਟਨਾਵਾਂ ਨੂੰ ਇਕੋ ਥਾਂ ਇਕੱਠਾ ਕਰ ਦਿਤਾ ਹੈ, ਅਤੇ ਸ਼ੈਲੀ ਦੇ ਪਖ ਤੋਂ ਜੁਗ ਜੁਗਾਂਤਰਾਂ ਦੀ ਲੰਮੀ ਕਹਾਣੀ ਨੂੰ ਇਕ ਨਿਕੇ ਜਿਹੇ ਚਿਤਰਪਟ ਤੇ ਪੇਸ਼ ਕਰਨ ਦਾ ਕਮਾਲ ਕਰ ਵਖਾਇਆ ਹੈ। ਬਚਿਤ੍ਰ ਨਾਟਕ ਵਿਚ ਜੀਵਨ ਸੰਘਰਸ਼ ਰੂਪ ਵਿਚ ਪੇਸ਼ ਕੀਤਾ ਗਿਆ ਹੈ, ਇਸੇ ਲਈ ਰਚਨਾ ਦਾ ਅਰੰਭ ਪ੍ਰਭੂ ਦੇ ਖੜਗ ਰੂਪ ਨੂੰ ਨਮਸ਼ਕਾਰ ਕਰਨ ਅਤੇ ਅਕਾਲ

Digitized by Panjab Digital Library | www.panjabdigilib.org

ਪੁਰਖ ਦੀ ਉਸਤਤਿ "ਜੈ ਤੇਗੰ" ਦੀ ਧੁਨੀ ਨਾਲ ਕੀਤਾ ਗਿਆ ਹੈ।

ਅਗੇ ੧੪ ਹੀ ਅਧਿਆਂ ਦਾ ਜਿਕਰ ਕਰਨ ਉਪ੍ਰੰਤ ਕਾਲ ਪ੍ਰਥਾਇ ਬੇਨਤੀ ਹੈ ਜੋ ਸੰਤਾਂ ਤੇ ਭਗਤਾਂ ਦੀ ਰੱਛਯਾ ਕਰਨ ਵਾਲਾ ਹੈ। ਇਉਂ ਇਸ ਰਚਨਾ ਦੇ ਆਦਿ ਤੇ ਅੰਤ ਨੂੰ ਕਾਲ ਤੇ ਅਕਾਲ ਦੇ ਸਰਬ-ਘਾਇਕ ਤੇ ਸੰਤ ਰਖਿਅਕ ਸਰੂਪ ਨੂੰ ਕਲਾਮਈ ਢੰਗ ਨਾਲ ਸੁਜੋੜ ਦਿਤਾ ਗਿਆ ਹੈ ਅਤੇ ਕਾਲ ਤੇ ਅਕਾਲ ਇਕੋ ਦ੍ਰਿਸ਼ ਦੇ ਦੋ ਚਮਤਕਾਰ ਬਣਾਏ ਗਏ ਹਨ, ਇਹ ਆਤਮਕ ਮੰਡਲ ਦਾ ਵਿਸਮਾਦੀ ਕ੍ਰਿਸ਼ਮਾ ਹੈ। ਜੈਸਾ ਕਿ—ਜਿਤੇ ਅਉਲੀਆ ਅੰਬੀਆ ਹੋਇ ਬੀਤੇ ॥ ਤਿਤਿਯੋ ਕਾਲ ਜੀਤਾ ਨ ਤੇ ਕਾਲ ਜੀਤੇ ॥ ਦੂਜਾ ਰੁਖ ਹੈ—ਸਰਬ ਕਾਲ ਸਭ ਸਾਧ ਉਬਾਰੇ। ਦੁਖ ਦੈਕੈ ਦੋਖੀ ਸਭ ਮਾਰੈ। ਦੋਨਾਂ ਦਾ ਨਿਰਨਾ—ਸਾਧ ਕਰਮ ਜੋ ਪੁਰਖ ਕਮਾਵੈ। ਨਾਮ ਦੇਵਤਾ ਜਗਤ ਕਹਾਵੈ ॥

ਜਿਸ ਤੋਂ ਸਿਧ ਹੋ ਜਾਂਦਾ ਹੈ ਕਿ ਦੇਵਤਾ ਇਕ ਉਤਮ ਹਸਤੀ ਦਾ ਨਾਮ ਹੈ ਜੋ ਮਹਾਂ ਕਾਲ ਪਖੀ ਹੈ। ਇਹਨਾਂ ਵਿਚ ਗਰਾਵਟ—ਜਿਨਿ ਜਿਨਿ ਤਨਕਿ ਸਿਧਿ ਕੋ ਪਾਯੋ ॥ ਤਿਨ ਤਿਨ ਅਪਨਾ ਰਾਹੁ ਚਲਾਯੋ ॥

ਜਿਨ੍ਹਾਂ ਰਾਹਾਂ ਨੂੰ ਕੰਡਿਆਰੀ ਤਾਰ ਦਾ ਬੰਧ ਲਾਉਣ ਲਈ ਸ੍ਰੀ ਦਸਮੇਸ਼ ਜੋਧੇ ਨੂੰ ਅਕਾਲ ਪੁਰਖ ਨੇ ਡਿਉਟੀ ਦੇ ਕੇ ਇਸ ਲੋਕ ਵਿਚ ਭੇਜਿਆ ਸ਼ੀ, ਉਸਦਾ ਸਾਰਾ ਚਿਤ੍ - ਬਚਿਤ੍ ਨਾਟਕ ਰਾਹੀਂ ਗੁਰਦੇਵ ਨੇ ਬੜੇ ਹੀ ਅਸਚਰਜ ਤੇ ਅਨੋਖੇ ਢੰਗ ਨਾਲ ਚਿਤ੍ ਕੇ ਸਾਡੇ ਸਾਹਮਣੇ ਇਕ ਮਹਿਲ ਦੇ ਬਣੇ ਮਾਡਲ ਵਾਂਗ ਰੱਖ ਵਖਾਇਆ।

ਖੰਡਨ ਦੇ ਪੰਨਾ ੧੫ ਤੋਂ ਅਰੰਭ ਕਰਕੇ ਪੰ: ੧੬ ਦੇ ਅੰਤ ਤਕ ਦਾ ਲੇਖ ਹੈ-ਕਿ ਗੁਰੂ ਨਾਨਕ ਦੇਵ ਜੀ ਇਕ ਦੇ ਪੁਜਾਰੀ ਸਨ ਉਧਾਰਨ ਦਿਤੀ ਹੈ (ਆਦੇਸੁ ਤਿਸੇ ਆਦੇਸੁ, ਆਦਿ ਅਨੀਲੁ ਅਨਾਦਿ ਅਨਾਹਤੁ ਜੁਗ ਜੁਗ ਏਕੋ ਵੇਸੁ) ਇਸ ਅਮਰ ਹਕੀਕਤ ਦੀ ਭਰਵੀਂ ਤੇ ਅਕੱਟ ਗਵਾਹੀ ਪੇਸ਼ ਕਰਨ ਲਈ ਕਾਫੀ ਹੈ। ਭਾਈ ਗੁਰਦਾਸ ਜੀ ਦੇ ਕਥਨ ਕੀਤੇ ਗੁਰੂ ਬਾਬੇ ਜੀ ਦੇ ਨਿਰਮਲ ਪੰਥ ਸਬੰਧੀ ਦੂਜਾ ਇਹ ਵਡਾ ਸੱਚ ਜਾਨਣ ਤੇ ਮੰਨਣ ਦੀ ਲੋੜ ਹੈ ਕਿ ਗੁਰੂ ਸਾਹਿਬਾਨ ਦੀ ਕੇਵਲ ਕਾਇਆ ਬਦਲਦੀ ਰਹੀ ਹੈ ਜੋਤ ਤੇ ਜੁਗਤ ਨਹੀਂ—ਜੋਤ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥ [ਪੰਨਾ ੯੯੬

ਸ੍ਰੀ ਗੁਰੂ ਨਾਨਕ ਦੇਵ ਜੀ ਕੇਵਲ ਇਕ ਨਿਰੰਕਾਰ ਦੇ ਪੁਜਾਰੀ ਹੋਣ ਕਰਕੇ ਹੀ ਨਿਰੰਕਾਰੀ ਕਹਾਏ। ਉਨ੍ਹਾਂ ਦੀ ਜੋਤ ਬਾਕੀ ਗੁਰੂ ਸਾਹਿਬਾਨ ਵੀ ਓਸੇ ਤਰ੍ਹਾਂ ਹੀ ਨਿਰੰਕਾਰੀ ਤੇ ਇਕ ਅਕਾਲ ਦੇ ਪੁਜਾਰੀ ਹਨ। ਇਸ ਨਾਤੇ ਉਹ ਮਨ ਬਚਨ ਕਰਮ ਕਰਕੇ ਕੋਈ ਐਸੀ ਲੀਲ੍ਹਾ ਚਿਤਵ ਹੀ ਨਹੀਂ ਸਕਦੇ ਜੋ ਸਿਧਾਂਤਕ ਤੌਰ ਤੇ ਆਦਿ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਪ੍ਰਗਟਾਏ ਵਿਚਾਰਾਂ ਦੇ ਵਿਰੁੱਧ ਹੋਵੇ। ਜੇ ਸ੍ਰੀ ਗੁਰੂ ਨਾਨਕ ਦੇਵ ਜੀ ਦੇਵੀ ਦੇਵਤਿਆਂ ਦੀ ਪੂਜਾ ਦਾ ਵਿਰੋਧ ਤੇ ਖੰਡਨ ਕਰਦੇ ਹਨ, ਤਾਂ ਇਹ ਕਿੰਵੇਂ ਹੋ ਸਕਦਾ ਹੈ ਕਿ ਸ੍ਰੀ ਦਸਮੇਸ਼ ਜੀ ਚੰਡਕਾ ਸਾਰਦਾ ਦੁਰਗਾ ਸਿਵਾ ਪਾਰਬਤੀ ਦੇ ਉਪਾਸਕ ਹੋਣ। ਵੰਨਗੀ ਵਜੋਂ ਇਸ ਸਬੰਧ ਵਿਚ ਆਦਿ ਸਤਿਗੁਰੂ ਜੀ ਦਾ ਸਪਸ਼ਟ ਕਥਨ ਹੈ।

ਦੇਵੀ ਦੇਵਾ ਪੂਜੀਐ ਭਾਈ
ਕਿਆ ਮਾਗਉ ਕਿਆ ਦੇਹਿ।
ਪਾਹਨ ਨੀਰਿ ਪਖਾਲੀਐ ਭਾਈ
ਜਲ ਮਹਿ ਬੂਡਤਿ ਤੇਹਿ ॥
[ਪੰਨਾ ੯੩੭

ਸਮਾਧਾਨ—ਸੁਹਿਰਦ ਤੇ ਸੁਜਾਨ ਪਾਠਕ ਜਨੋਂ ਨੋਟ ਕਰੋ ਉਪ੍ਰੋਕਤ ਉਟੰਕਣ ਸ੍ਰੀ ਦਸ਼ਮੇਸ਼ ਜੀ ਪਿਤਾ ਵਲੋਂ ਕਿੱਥੇ ਦੇਵੀ ਅਗੇ ਪੱਲਾ ਅਡ ਕੇ ਖੈਰ ਮੰਗੀ ਗਈ ਹੈ? ਗੁਰਦੇਵ ਚੰਡੀ ਚਰਿਤ੍ ਦੀ ਅਰੰਭਤਾ ਵੇਲੇ ਕਿਸ ਅਗੇ ਸਵਾਲ ਕਰ ਰਹੇ ਹਨ। ਅਤੇ ਆਦਿ ਗੁਰਦੇਵ ਦੀ ਬਾਣੀ ਨੂੰ ਕਿਵੇਂ ਕਟ ਰਹੇ ਹਨ ਜਦ ਕਿ ਆਪ ਪਹਿਲੇ ਚੰਡੀ ਚਰਿਤ੍ ਦੇ ਆਦਿ ਲਿਖਦੇ ਹਨ—

ਸਵੈਯਾ—ਆਦਿ ਅਪਾਰ ਅਲੇਖ ਅਨੰਤ
ਅਕਾਲ ਅਭੇਖ ਅਲੱਖ ਅਨਾਸਾ।
ਕੈ ਸਿਵ ਸਕਤ ਦਏ ਸ੍ਰੁਤਿ ਚਾਰ
ਰਜੋ ਤਮ ਸੱਤ ਤਿਹੁ ਪੁਰ ਬਾਸਾ।
[ਪੰਨਾ ੭੪

ਉਹ ਸ਼ਕਤੀ ਜੋ ਸਾਰੇ ਭੌਤਕ ਪਦਾਰਥਾਂ ਤੋਂ ਪਹਿਲਾਂ ਹੀ ਹੈ ਜਿਸਦਾ ਅੰਤ ਨਹੀਂ ਹੈ, ਲਿਖਣ ਤੋਂ ਰਹਿਤ

Digitized by Panjab Digital Library | www.panjabdigilib.org

ਹੈ ਪਰੇ ਤੋਂ ਪਰੇ ਹੈ, ਕਾਲ ਤੋਂ ਵੀ ਰਹਿਤ ਹੈ, ਜਿਸ ਦਾ ਭੇਖ ਜਾਂ ਭੇਸ ਕੋਈ ਨਹੀਂ ਲੇਖਿਆਂ ਤੋਂ ਬਾਹਰ ਹੈ- ਜਿਸ ਦਾ ਕਦੇ ਵੀ ਨਾਸ ਨਹੀਂ ਹੁੰਦਾ, ਉਸ ਸ਼ਿਵ ਰੂਪ ਅਕਾਲ ਪੁਰਖ ਦੀ ਸ਼ਕਤੀ ਜਿਸਨੂੰ ਕੁਦਰਤ ਕਿਹਾ ਜਾਂਦਾ ਹੈ ਨੇ ਪ੍ਰਸੂਤ ਹੋ ਕੇ ਚਾਰ ਪੁੱਤਰ ਜਣੇ, ਉਹ ਕੇਹੜੇ ਹਨ ? ਰਜੋ (ਵਿਸ਼ਨੂੰ-ਸ਼ਿਵ ਤੇ ਬ੍ਰਹਮਾ ੩ ਗੁਣ ਤੇ ਵੇਦ ਰਚ ਕੇ ਆਪ ਤਿੰਨਾਂ ਗੁਣਾਂ ਤੇ ਤਿੰਨਾਂ ਲੋਕਾਂ ਵਿਚ ਵਸ (ਰਮ) ਰਿਹਾ ਹੈ) । ਉਪ੍ਰੰਤ-

ਦਿਉਸਨਿਸਾ ਸਸਿ ਸੂਰ ਕੈ ਦੀਪ ਸੁ
ਸ੍ਰਿਸਟਿ ਰਚੀ ਪੰਚ ਤੱਤ ਪ੍ਰਕਾਸਾ ।

ਭਾਵ:—ਜਿਸ ਨੇ ਦਿਨ ਤੇ ਰਾਤ ਨੂੰ ਸ਼ਸੋਬਤ ਕਰਨ ਲਈ ਚੰਦ੍ਰਮਾਂ, ਸੂਰਜ ਜਿਹੇ ਦੀਵੇ ਬਣਾਏ ਅਤੇ ਪੰਜ ਤੱਤਾਂ ਨੂੰ ਪ੍ਰਕਾਸ਼ਤ ਕਰਕੇ ਸ੍ਰਿਸ਼ਟੀ ਦੀ ਰਚਨਾ ਕੀਤੀ ।

ਬੈਰ ਬਢਾਇ ਲਗਇ ਸੁਰਾਸੁਰ
ਆਪਹ ਦੇਖਤ ਬੈਠ ਤਮਾਸਾ ।੪। [ਪੰਨਾ ੭੪

ਆਦਿ ਗ੍ਰੰਥ ਦੇ ਰਚੇਤਾ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ੁਭ ਤੇ ਪਵਿਤ੍ਰ ਬਚਨ ਹੈ—

ਮਹਾ ਬਚਿਤ੍ਰ ਸੁੰਦਰ ਅਖਾੜੇ ਰਣ ਮਹਿ ਜਿਤੇ ਪਵਾੜੇ ॥
ਹਉ ਮਾਰਉ ਹਉ ਬੰਧਉ ਛੋਡੋ ਮੁਖ ਤੇ ਏਵ ਬਬਾੜੇ ॥
[ਪੰਨਾ ੩੮੦

ਭਾਵ—ਵਾਹਿਗੁਰੂ ਦਾ ਇਹ ਮਹਾਂ ਬਚਿਤ੍ਰ ਅਖਾੜਾ (ਖੇਡ) ਹੈ, ਇਕ ਪਾਸੇ ਦੇਵ ਪੁਰਸ਼ ਹਨ, ਦੂਜੇ ਪਾਸੇ ਅਹੰਕਾਰੀ ਦੈਂਤ ਹਨ ਉਹਨਾਂ ਦਾ ਦੰਗਲ ਲੱਗਾ ਹੋਇਆ ਏ। ਦੈਂਤ ਲੋਕ ਸਤ ਲੋਕਾਂ ਨੂੰ ਜੰਗ ਵਿਚ ਜਿੱਤਣਾ ਚਾਹੁੰਦੇ ਹਨ ਜੋ ਅਹੰਕਾਰ ਮਤੇ ਮੈਂ ਮਾਰੰਦਿਆਂ ਮੈਂ ਤੈਨੂੰ ਬੰਨ੍ਹ ਲਵਾਂਗਾ ਜੇ ਤੂੰ ਮੇਰੀ ਸ਼ਰਨ ਵਿਚ ਆ ਜਾਏਂ ਤਾਂ ਛਡ ਦਿਆਂਗਾ । ਉਧਰੋਂ ਪਾਰਬ੍ਰਹਮ ਦਾ ਹੁਕਮ ਆ ਜਾਂਦਾ ਹੈ (ਛੋਡਿ ਚਲਿਆ ਇਕ ਦਿਹਾੜੇ) ਕਰਮ ਧਰਮ ਦੀਆਂ ਜੁਗਤੀਆਂ ਬਥੇਰੀਆਂ ਕਰਦਾ ਹੈ ਪਰ (ਕਰਣੈਹਾਰ ਨ ਜਾਨੈ) ਹੋਰਾਂ ਨੂੰ ਉਪਦੇਸ਼ ਕਰਦਾ ਹੈ, ਆਪ ਉਸ ਤੇ ਅਮਲ ਨਹੀਂ ਕਰਦਾ (ਤਤੁ ਸਬਦੁ ਨ ਪਛਾਨੈ । ਮਹਾਨ ਪ੍ਰਸੋਤਮ ਮਹਾਂ ਕਵੀ ਸ੍ਰੀ ਦਸਮੇਸ਼ ਜੀ ਨੇ ਇਸ ਬਚਿਤ੍ਰ ਤੇ ਸੁੰਦਰ ਅਖਾੜੇ ਨੂੰ ਸ੍ਰੀ ਦਸਮ ਗ੍ਰੰਥ ਦੇ ਰੂਪ ਵਿਚ ਮੂਰਤੀ ਮਾਨ ਕੀਤਾ ਹੈ। ਜੋ ਬੜੀ ਸੁੰਦਰ ਅਕਾਲ ਪੁਰਖ ਦੀ ਰਚਨਾ ਦਾ ਸੰਦ੍ਰਵ ਹੈ ਜੋ ਉਸਦੇ ਜੱਸ ਦਾ ਪ੍ਰਤੀਕ ਹੈ— ਦੂਜੇ ਨੰ: ਤੇ ਦੋਹਰਾ ਐਉਂ ਹੈ:-

ਦੋਹਰਾ-ਕ੍ਰਿਪਾ ਸਿੰਧ ਤੁਮਰੀ ਕ੍ਰਿਪਾ
ਜੌ ਕਛੁ ਮੋ ਪਰਿ ਹੋਇ ।
ਰਚੋ ਚੰਡਕਾ ਕੀ ਕਥਾ
ਬਾਨੀ ਸੁਭ ਸਭ ਹੋਇ ।੨। [ਪੰ: ੭੪

ਭਾਵ-ਹੇ ਕ੍ਰਿਪਾ ਦੇ ਸਾਗਰ ਜੇ ਆਪ ਦੀ ਮੇਰੇ ਤੇ ਕੁਝ ਥੋੜੀ ਜਿਹੀ ਕ੍ਰਿਪਾ (ਮੇਹਰ) ਹੋ ਜਾਵੇ ਤਾਂ ਮੈਂ ਚੰਡਕਾ (ਦੇਵੀ) ਦੀ ਵਿਥਿਆ ਲਿਖ ਦੇਵਾਂ ਤੁਸਾਂ ਮੇਹਰ ਕਰਨੀ ਤਾਂ ਕਿ ਮੇਰੇ ਮੁਖੋਂ ਨਿਕਲੇ ਸ਼ਬਦ ਪਵਿਤ੍ਰ ਬਾਣੀ ਹੀ ਹੋਵੇ ।

ਜੋਤ ਜਗ ਮਗੈ ਜਗਤਿ ਮੈ ਚੰਡ ਚਮੁੰਡ ਪ੍ਰਚੰਡ ।
ਭੁਜ ਦੰਡਨ ਦੰਡਨਿ ਅਸੁਰ ਮੰਡਨ ਭੁਇ ਨਵਖੰਡ ।੩।

ਭਾਵ-ਹੇ ਪ੍ਰਮ ਤੱਤ ਸਰੂਪ ਤੇਰੀ ਜੋ ਜੋਤਿ ਸਾਰੇ ਸੰਸਾਰ ਵਿਚ ਜਗਮਗਾ ਰਹੀ ਹੈ (ਚੰਡ) ਸਾਰੇ ਵਿਸ਼ਵ ਨੂੰ ਦੇਵੀ ਸਮੇਤ ਚੰਡਣ ਵਾਲਾ (ਚਮੁੰਡ) ਪ੍ਰਬਲ ਤੇਜ (ਪ੍ਰਚੰਡ) ਜਿਸਦੀ ਭੁਜਾਂ ਵਿਚ ਬੇਅੰਤ ਬਲ ਹੈ ਜਿਹੜਾ ਬੜੀ ਤੋਂ ਬੜੀ ਘੁਮੰਡੀ ਤਾਕਤ ਨੂੰ ਚੰਡ ਸਕਦਾ ਹੈ। ਜੋ ਨਵਾਂ ਖੰਡਾਂ ਵਿਚ ਵਿਦਮਾਨ ਹੈ।

ਸਵੈਯਾ-ਤਾਰਨ ਲੋਕ ਉਧਾਰਨ ਭੂਮਹਿ
ਦੈਤ ਸੰਘਾਰਨ ਚੰਡ ਤੁਹੀ ਹੈ ॥
ਕਾਰਨ ਈਸ ਕਲਾ ਕਮਲਾ ਹਰ
ਅਦ੍ ਸੁਤਾ ਜਹ ਦੇਖੋ ਉਹੀ ਹੈ ॥

ਭਾਵ-ਹੇ ਸਰਬ ਸ਼ਕਤੀਮਾਨ ਲੋਕ ਤੇ ਭੂਮ ਦਾ ਤਾਰਨਹਾਰ ਤੇ ਉਧਾਰ ਕਰਤਾ ਅਤੇ ਦੈਤਾਂ ਨੂੰ ਸੰਘਾਰਨ ਵਾਲਾ (ਚੰਡ) ਤੇਜ ਰੂਪ ਇਕ ਤੂੰਹੀ ਹੈ। ਕਰਨ ਤੇ ਕਾਰਨ ਦੀ (ਈਸ) ਸਿਖਰ ਸਭ ਤੋਂ ਉਪਰ ਈਸ਼ਵਰੀ ਸ਼ਕਤੀ (ਕਲਾ) ਵਿਸ਼ਨੂੰ (ਕਮਲਾ) ਲਛਮੀ ਅਤੇ (ਅਦ੍ ਸੁਤਾ) ਪਹਾੜ ਪੁਤ੍ਰੀ ਪਾਰਬਤੀ ਦੇਵੀ। ਇਹਨਾਂ ਸਭਨਾਂ 'ਚ ਵਿਆਪਕ ਕਰਤਾ ਇਕ ਤੂੰਹੀ ਹੈ। ਮੈਂ ਜਿਧਰ ਵੀ ਨਿਗਾਹ ਭਵਾਂਦਾ ਹਾਂ ਅਤੇ ਦੇਖਦਾ ਹਾਂ ਉਥੇ ਉਹੀ-ਤੂੰ ਦਿਸ ਰਿਹਾ ਹੈਂ ਜਿਵੇਂ ਕਿ—

Digitized by Panjab Digital Library | www.panjabdigilib.org

ਤਾਯਸਤਾ ਮਮਤਾ ਨਮਤਾ ਕਵਿਤਾ
ਕਵਿ ਕੇ ਮਨ ਮਾਂਥਿ ਗੁਹੀ ਹੈ।
ਕੀਨੋ ਹੈ ਕੰਚਨ ਲੋਹ ਜਗਤ ਮੈ
ਪਾਰਸ ਮੂਰਤ ਜਾਹਿ ਛੁਹੀ ਹੈ।੪।

ਤਮੋ ਗੁਣ, ਰਜੋ ਗੁਣ, ਸਤੋ ਗੁਣ ਇਹਨਾਂ ਤਿੰਨਾਂ ਗੁਣਾਂ ਦਾ ਕਰਤਾ ਤੂੰਹੀ ਹੈਂ—ਜਿਸਦੀ ਉਪਮਾਂ ਇਸ ਲੇਖ ਦੇ ਲਿਖਾਰੀ ਕਵੀ ਦੇ ਮਨ ਵਿਚ ਆਈ ਹੈ ਕਿ ਇਹ ਸਭ ਤੂੰਹੀ ਗੁੰਥਨ ਕੀਤੀ ਹੈ। ਜਗਤ ਦੇ ਵਿਚ ਉਸ ਲੋਹੇ ਨੂੰ ਸੁਰਨ ਬਣਾ ਦਿਤਾ ਹੈ ਜਿਸਦੇ ਨਾਲ ਤੂੰ ਪਾਰਸ ਰੂਪ ਮੂਰਤੀ ਜਰਾ ਵੀ ਛੂਹ ਗਈ ਹੈ।੪।

ਦੋਹਰਾ—ਪ੍ਰਮੁਦ ਕਰਨ ਸਭ ਭੈ ਹਰਨ
ਨਾਮ ਚੰਡਕਾ ਜਾਸ।
ਰਚੋ ਚਰਿਤ੍ਰ ਬਚਿਤ੍ਰ ਤੁਅ
ਕਰੋ ਸਬੁਧ ਪ੍ਰਕਾਸ।੫।

ਪ੍ਰਸੰਨ ਕਰਨ ਵਾਲੀ, ਸਭ ਭੈ ਦੂਰ ਕਰਨ ਵਾਲੀ ਜਿਸਦਾ ਨਾਮ ਹੈ (ਚੰਡ) ਅਕਾਲ ਪੁਰਖ (ਕਾ) ਉਸਦੀ ਸ਼ਕਤੀ ਦਾ ਜੋ ਬੜਾ ਬਚਿਤ੍ਰ ਚਰਿਤ੍ਰ ਹੈ ਮੈਂ ਉਸਦੀ ਰਚਨਾ ਕਰ ਦੇਵਾਂ ਜੇਕਰ ਤੁਸੀਂ ਮੇਰੀ ਬੁਧੀ ਨੂੰ ਸਬੁਧ ਕਰਨ ਲਈ ਮੇਰੀ ਬੁਧਿ ਵਿਚ ਆਪਣੀ ਜੋਤਿ ਦਾ ਪ੍ਰਕਾਸ ਬਖਸ਼ ਦਿਉ।

ਪੁਨਹਾ—ਆਇਸ ਅਬ ਜੋ ਹੋਇ
ਗ੍ਰੰਥ ਤਉ ਮੈ ਰਚੌ।
ਰਤਨ ਪ੍ਰਮੁਦ ਕਰ ਬਚਨ
ਚੀਨ ਤਾ ਮੈ ਗਚੌ।
ਭਾਖਾ ਸੁਭ ਸਭ ਕ੍ਰਹੋ
ਧਰਿ ਧਰ ਹੋ ਕ੍ਰਿਤ ਮੈ।
ਅਦਭੁਤ ਕਥਾ ਅਪਾਰ
ਸਮਝ ਕਰਿ ਚਿੱਤ ਮੈ।੬।

ਹੇ ਪ੍ਰਮ ਪਿਤਾ ਜੇ ਤੇਰੀ ਆਗਿਆ ਹੋਵੇ ਤਾਂ ਮੈਂ ਇਸ ਗ੍ਰੰਥ ਦੀ ਰਚਨਾ ਕਰਾਂ ਅਤੇ ਚੋਣਵੇਂ ਪ੍ਰਸੰਨ ਕਰਨ ਵਾਲੇ ਬਚਨ ਰਤਨ ਰੂਪ ਜਾਣਕੇ ਉਹਨਾਂ ਨੂੰ ਇਸ ਵਿਚ ਜੜਾਂ। ਜਿਸ ਦੀ ਭਾਖਾ ਸੋਹਣੀ ਹੋਵੇ ਅਤੇ ਕਵਿਤਾ ਵਿਚ ਰਸ ਹੋਵੇ—ਜਿਸਦਾ ਮੈਨੂੰ ਅਪਾਰ ਹੀ ਅਦਭੁਤ ਜਾਣ ਕੇ ਚਾਉ ਉਪਜਿਆ ਹੈ ਜੋ ਬੜੀ ਅਲੌਕਿਕ ਹੈ। ਇਥੋਂ ਤਕ ਮਹਾਨ ਲੇਖ ਦੇ ਦਿਲ ਦੀ ਵੇਦਨ ਹੈ ਜੋ ਦੜੀ ਹੈ, ਪ੍ਰਮ ਤਤ੍ਵ ਦੀ ਉਪਮਾ ਹੈ--ਇਸਤੋਂ ਅਗੇ ਲੇਖਕ ਦੀ ਪ੍ਰਸਪਰ ਰੁਚੀ ਨਾਲ ਕੋਈ ਸੰਦ੍ਵ ਨਹੀਂ।

ਇਕ ਪਾਸੇ ਚੋਰ ਖੜਾ ਹੈ ਦੂਜੇ ਪਾਸੇ ਸਾਧ ਦੋਹਾਂ ਦਾ ਆਪੋ ਵਿਚ ਤਕਰਾਰ ਝਗੜਾ ਹੈ, ਦੋਨਾਂ ਦੇ ਬਿਆਨ ਹੋ ਰਹੇ ਨੇ ਜੱਜ ਦੀ ਮੌਜੂਦਗੀ ਵਿਚ ਪੀ. ਏ. ਲਿਖ ਰਿਹਾ ਹੈ ਜਿਸ ਨਾਲ ਪੀ. ਏ. ਦਾ ਆਪਨਾ ਕੋਈ ਰੁਝਾਨ ਨਹੀਂ। ਉਹ ਅਗੇ ਟੈਪਿਸਟ ਪਾਸ ਜਾਂਦਾ ਹੈ ਉਸਨੇ ਜਿਉਂ ਦੀ ਤਿਉਂ ਨਕਲ ਕਰਨੀ ਹੁੰਦੀ ਹੈ, ਜਿਸ ਨਾਲ ਟਾਈਪਿਸ਼ਟ ਦੀ ਨੀਯਤ ਤੇ ਕੋਈ ਗਿਲਾ ਨਹੀਂ ਕੀਤਾ ਜਾ ਸਕਦਾ। ਦੇਵੀ ਤੇ ਦੈਂਤ ਚੋਰ ਤੇ ਸਾਧ ਹਨ ਜਿਸ ਨੇ ਇਸ ਪ੍ਰਸੰਗ ਨੂੰ ਕਲਮ ਬੰਦ ਕੀਤਾ ਉਹ ਇਸਦਾ ਲਿਖਾਰੀ ਹੈ, ਜਿਸਦੇ ਹੁਕਮ ਨਾਲ ਪੀ.ਏ. ਲਿਖ ਰਿਹਾ ਹੈ ਉਹ ਜੱਜ ਹੈ ਅਤੇ ਸ੍ਰੀ ਗੁਰਦੇਵ ਪਾਤਸ਼ਾਹ ਤਾਂ ਟਾਈਪਿਸ਼ਟ ਹੀ ਹਨ ਉਹਨਾਂ ਪੀ.ਏ. ਦੇ ਲਿਖੇ ਅੰਗਰੇਜੀ ਦੇ ਬਿਆਨ ਨੂੰ ਮਹਾਂ ਰਾਸ਼ਟਰੀ ਭਾਸ਼ਾ ਦਾ ਰੂਪ ਦਿਤਾ ਹੈ ਜਿਸ ਨੂੰ ਪੰਜਾਬੀ ਹਿੰਦੀ ਤੇ ਹਿੰਦੁਸਤਾਨ ਦੀ ਬੋਲੀ ਬੋਲਣ ਵਾਲੇ ਸਾਰੇ ਸਮਝ ਸਕਦੇ ਹਨ ਜੋ ਕਿ ਪਹਿਲਾਂ ਸੰਸਕ੍ਰਿਤ ਹੀ ਸੀ। ਚੋਰ ਨੂੰ ਚੋਰ ਦਾ ਨਾਂ ਲੈ ਕੇ ਤੇ ਸਾਧ ਨੂੰ ਸਾਧ ਦਾ ਨਾਂ ਲੈਕੇ ਅਵਾਜ ਮਾਰਨੀ ਪਏਗੀ।

(੩) ਖੰਡਨ ਪੰਨਾ ੧੭ ਤੇ ਸਵੱਯਾ ਦਿਤਾ ਹੈ--

ਅਦ੍ ਸੁਤਾ ਹੂੰ ਕੀ ਜੋ ਤਨਜਾ
ਮਹਿਖਾਸੁਰ ਕੀ ਮਰਤਾ ਫੁਨ ਜੋਊ।
ਇੰਦ੍ ਕੋ ਰਾਜਹਿ ਕੀ ਦਵਜਾ
ਕਰਤਾ ਬਧ ਸੁੰਭ ਨਿਸੁੰਭਹਿ ਦੋਊ।
ਜੋ ਜਪ ਕੈ ਇਹ ਸੇਵ ਕਰੈ ਬਰ
ਕੋ ਸੁ ਲਹੈ ਮਨ-ਇਛਤ ਸੋਊ।
ਲੋਕ ਵਿਖੇ ਉਸਕੀ ਸਮਤੁਲ ਗਰੀਬ
ਨਿਵਾਜ ਨ ਦੂਸਰ ਕੋਊ।

ਅਗੇ ਨੋਟ ਬਰੈਕਟ ਵਿਚ ਦਿਤਾ ਹੈ (ਅਦ੍ਸੁਤਾ ਪਰਬਤ ਦੀ ਬੇਟੀ: ਪਾਰਬਤੀ। ਮਹਿਖਾਸੁਰ ਦੈਂਤ ਦਾ ਨਾਮ ਹੈ)।

Digitized by Panjab Digital Library | www.panjabdigilib.org

ਨੰਟ–ਚੇਤੇ ਰਹੇ ਚੰਡਿ, ਚੰਡਕਾ ਚੰਡੀ, ਦੁਰਗਾ, ਭਵਾਨੀ. ਭਜਉਡੀ, ਹਿੰਗਲਾ, ਪਿੰਗਲਾ ਸੀਤਲਾ, ਸਿਵਾ ਆਦਿ ਸਾਰੇ ਨਾਮ ਪਾਰਬਤੀ ਦੇ ਹੀ ਹਨ ਜੋ ੧੬ ਅਵਤਾਰਾਂ ਦੀ ਹੇਤੂ ਹੈ।

ਸਮਾਧਾਨ–ਪਹਿਲੀ ਬਾਤ ਇਹ ਹੈ ਇਸ ਸਵੱਯੇ ਦਾ ਗ੍ਰਾਉਂ-ਥਾਉਂ ਕੋਈ ਨਹੀਂ ਦਿਤਾ, ਨਾ ਹੀ ਪੰਨਾ ਹੈ ਕੋਈ ਦੇਖੇ ਤਾਂ ਕਿੱਥੇ ਦੇਖੇ। ਫੇਰ ਕਿਸੇ ਪ੍ਰਕਰਣ ਦਾ ਕੋਈ ਨਿਸਾਨਾ ਨਹੀਂ, ੧ ਪੰਗਤੀ ਪਹਿਲੇ ਚੰਡੀ ਚਲਿਤ੍ ਦੀ ਹੈ ਤਾਂ ਦੂਜੀ, ਦੂਜੇ ਦੀ ਹੋਵੇਗੀ, ਤੀਜੀ ਕ੍ਰਿਸ਼ਨਾ ਅਵਤਾਰ ਦੀ ਆ ਜਾਵੇਗੀ, ਚੌਥੀ ਚੰਡੀ ਦੀ ਵਾਰ ਆ ਜਾਏਗੀ, ਜਿਸ ਬੇਸੁਰੀ ਕਾਹਣ ਉੱਤਰ ਵੀ ਦੇਣੇ ਸੌਖੇ ਨਹੀਂ ਅਤੇ ਨਾ ਹੀ ਇਸ ਲੇਖ ਨਾਲ ਸ੍ਰੀ ਦਸਮੇਸ਼ ਪੁਰਸੋਤਮ ਦੀ ਕੋਈ ਅੰਤਰੀਵ ਰਾਇ ਹੈ ਸਗੋਂ ਇਹ ਸਵੱਯਾ ਚੋਰ ਤੇ ਸਾਧ ਦੋਵੇਂ ਜੱਜ ਅਗੇ ਖੜੇ ਬਿਆਨ ਦੇ ਰਹੇ ਹਨ ਤੇ ਪੀ.ਏ. ਲਿਖ ਰਿਹਾ ਹੈ ਤੇ ਸ੍ਰੀ ਦਸਮੇਸ਼ ਜੀ ਟਾਈਪਿਸਟ ਟਾਈਪ ਕਰ ਰਹੇ ਹਨ। ਇਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਉਸ ਤੇ ਵਰ ਮੰਗਦੇ ਦਰਸਾਉਣਾ ਅਗਿਆਨਤਾ ਹੀ ਹੈ। ਇਥੇ ਇਹ ਦਸ ਦੇਣਾ ਬੇਲੋੜਾ ਨਹੀਂ ਕਿ ਕਵੀਆਂ ਦੇ ਸਿਰਮੌਰ ਆਲਮੇ ਅਰਸ਼ੀ ਸੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਪੜ੍ਹਨਾ ਤੇ ਉਸਦੇ ਗੂੜ੍ਹ ਆਸ਼ੇ ਤੇ ਪਹੁੰਚਣਾ, ਜਾਤੀ ਪਾਂਧੇ ਦੇ ਲਿਖੇ ਲੇਖ ਸਮਾਨ ਨਹੀਂ, ਜਿਸ ਲਈ ਅਤਿ ਦੀ ਸਾਵਧਾਨਗੀ ਦੀ ਲੋੜ ਹੈ। ਭਾਵੇਂ ਚੰਡ ਮੁੰਡ ਭਯੇਕਰ ਦੈਂਤਾਂ ਦੇ ਮਾਰੇ ਜਾਣ ਉਪ੍ਰੰਤ ਨਿਰੰਤਰ ਮਾਰ ਕੰਡੇ ਪੁਰਾਣ ਵਿਚ ਦੇਵਤਿਆਂ ਵਲੋਂ ਦੇਵੀ ਦੀ ਉਸਤਤਿ ਕੀਤੀ ਦਾ ਅਨੁਵਾਦ ਹੈ, ਜੋ ਜਿਉਂ ਦਾ ਤਿਉਂ ਹੀ ਹੈ। ਪਰ ਫੇਰ ਵੀ ਆਪ ਦਾ ਮਨੋਰਥ ਦੇਵੀ ਨੂੰ ਨਮੋਂ ਕਰਨਾ ਨਹੀਂ, ਭਾਵੇਂ ਇਹ ਉਸਤਤਿ ਕਈ ਛੰਦਾਂ ਵਿਚ ਨਰੰਤਰ ਪ੍ਰਸੁਤਿਤ ਕੀਤੀ ਗਈ ਹੈ। ਲਿਖਾਰੀ ਦਾ ਸੰਦਰਭ ਨਿਰੋਲ ਤੇ ਨਿਰੈਲ ਉਸ ਜੋਤਿ ਤੇ ਮਨਹਸਰ ਹੈ ਜੋ ਪ੍ਰਸ ਤੱਤ ਹੈ, ਉਪਸ਼ਾਂ ਤੋਂ ਰਹਿਤ ਹੈ, ਬਿਅੰਤ ਹੈ ਅਤੇ ਜੋ ਸਾਰੇ ਜ਼ਗਤ ਵਿਚ ਵਿਦਮਾਨ ਹੈ ਉਹੀ ਪਾਰਬਤੀ ਵਿਚ ਵਿਆਪਕ ਹੈ।

ਜੀਅ ਪ੍ਰਾਨ ਕੀਏ ਜਿਨਿ ਸਾਜਿ।
ਮਾਟੀ ਮਹਿ ਜੋਤਿ ਰਖੀ ਨਿਵਾਜਿ।

[ਮ: ੫, ਪੰਨਾ ੮੬੨

ਸਰਬ ਜੋਤਿ ਮਹਿ ਜਾਕੀ ਜੋਤਿ
ਧਾਰਿ ਰਹਿਓ ਸੁਆਮੀ ਓਤਿ ਪੋਤਿ ॥੨॥

[ਮ: ੫, ਪੰਨਾ ੨੬

ਜਿਮੀ ਜਮਾ ਕੇ ਵਿਖੇ ਸ਼ੁਮਸਤ ਏਕ ਜੋਤਿ ਹੈ।
ਨ ਵਾਡ ਹੈ ਨਾ ਘਾਟ ਹੈ
ਨਾ ਘਾਟ ਵਾਢ ਹੋਤ ਹੈ। ਪਾ; ੧੦।

(੪) ਜੋਤਿ ਦੀ ਸਮੀਖਿਆ–

ਨਮੋ ਪਰਮ ਪ੍ਰਗਜ ਬਿਰਾਜੈ ਅਨੂਪੰ। ਪ: ੨੨੪।
ਚੰ: ਚ: ੬।

ਜੋਤਿ ਰੂਪ ਹਰਿ ਆਪਿ ਗੁਰੂ ਨਾਨਕ ਕਹਾਯਉ।

ਪੰ: ੧੪੦੮। ਕਲੁ ਭਟ।

ਇਹੋ ਪ੍ਰਮ ਜੋਤਿ ਹੈ ਜਿਸਦਾ ਸਦਕਾ ਇਹ ਜਗਤ ਵਾਜਾ ਵੱਜ ਰਿਹਾ ਹੈ ਉਹ ਸਾਡੇ ਸਰੀਰਾਂ ਰਾਹੀਂ ਹੀ ਤਾਂ ਵਜ ਰਿਹਾ ਹੈ, ਜਿਸ ਦਾ ਭਾਵ ਹੈ ਕਿ ਹਾਰਮੋਨੀ ਵੱਜ ਰਿਹਾ ਹੈ ਕਿਵੇਂ ਵਜ ਰਿਹਾ ਹੈ। ਇਕ ਬਕਸੇ ਵਿਚ ਸੁਰ ਰਖੇ ਗਏ ਹਨ। ਪੱਖਾ ਹਵਾ ਦਿੰਦਾ ਹੈ ਵਾਜਾ ਵਜ ਰਿਹਾ ਹੈ। ਪੱਖੇ ਨੂੰ ਲਾਹ ਦਿਉ ਬਖਸੇ ਨੂੰ ਹਟਾ ਦਿਉ। ਉਹੀ ਸੁਰ ਚੁਪ ਕਰਕੇ ਨਿਕਾਰੇ ਹੋ ਕੇ ਰਹਿ ਜਾਣਗੇ। ਬਜੰਤ੍ਰੀ ਭਾਵੇਂ ਕਿਨੇ ਹੀਲੇ ਕਰੇ ਵਾਜਾ ਨਹੀਂ ਵੱਜਦਾ। ਸੁਰਾਂ ਵੀ ਹਨ, ਪੇਟੀ ਵੀ ਹੈ, ਪੱਖਾ ਵੀ ਕੋਲ ਪਿਆ ਹੈ, ਵਾਜਾ ਨਹੀਂ ਵੱਜਦਾ, ਕਿਉਂ ਨਹੀਂ ਵਜਦਾ ? ਉਹਨਾਂ ਦਾ ਮੇਲ ਜੋਲ ਟੁੱਟ ਗਿਆ ਹੈ। ਇਸੇ ਤਰਾਂ ਸਰੀਰ ਰੂਪੀ ਪੇਟੀ ਹੈ ਸੁਆਸਾਂ ਰੂਪੀ ਪੱਖਾ ਨਹੀਂ, ਵਾਜਾ ਨਹੀਂ ਵੱਜੇਗਾ। ਪੱਖਾ ਵੀ ਹੈ-ਪੇਟੀ ਵੀ ਹੈ, ਵਿਚ ਜੋਤਿ ਰੂਪ ਸੁਰ ਨਹੀਂ ਹਨੀ ਵਾਜਾ ਨਹੀਂ ਵਜੇਗਾ। ਇਸੇ ਤਰ੍ਹਾਂ ਕਿਸੇ ਪੱਖੇ ਵਾਲੀ ਪੇਟੀ ਵਿਚ ਸੁਰ ਰਖ ਕੇ ਹੀ ਵਾਜਾ ਵੱਜਦਾ ਹੈ ਤੇ ਸਰੀਰ ਰੂਪੀ ਸਵਾਸਾਂ ਵਾਲੀ ਪੇਟੀ ਵਿਚ ਬਹਿਕੇ ਹੀ ਜੋਤਿ ਕੰਮ ਕਰਦੀ ਹੈ। ਜੈਸਾ ਕਿ ਸਤਿਗੁਰਾਂ ਦੇ ਪਵਿਤ੍ਰ ਉਪਦੇਸ਼ ਹਨ–

ਮਨ ਚੂਰੇ ਖਟੁ ਦਰਸਨ ਜਾਣੁ।
ਸਰਬ ਜੋਤਿ ਪੂਰਨ ਭਗਵਾਨ। [ਮ: ੧, ਪੰਨਾ ੩੫੨

ਆਦਿ ਸ੍ਰੀ ਗੁਰਦੇਵ ਪਾਤਸ਼ਾਹ ਦਾ ਉਪਦੇਸ਼ ਹੈ ਕਿ ਹੇ ਭਾਈ ਗੁਰਸਿਖੋ ਮਨ ਨੂੰ ਕੁੱਟ ਕੁਟ ਕੇ ਟੋਟੇ ਕਥ ਕਰਕੇ ਚੂਰਨ ਬਣਾ ਦਿਉ—ਜੋ ਵੀ ਵਰਤਾਰਾ ਵਰਤ ਰਿਹਾ ਹੈ ਇਹ ਹਰ ਰੰਗ ਦੇ ਵਿਚ ਹਰ ਵਾਜੇ ਦੇ ਵਿਚ ਉਸ ਸੱਚੇ

Digitized by Panjab Digital Library | www.panjabdigilib.org

ਦੀ ਜੋਤਿ ਪੂਰਨ ਪੂਰ ਰਹੀ ਹੈ, ਜਿਸਨੂੰ ਸਰੀਰਾਂ ਵਿਚੋਂ ਲਭਣ ਦਾ ਜਤਨ ਕਰਨਾ ਹੈ। ਭਾਵ—ਕਾਇਆ ਕੋਟੁ ਅਪਾਰ ਹੈ ਅੰਦਰਿ ਹਟ ਨਾਲੇ ॥

ਅ—ਇਹੁ ਸਰੀਰੁ ਸਭੁ ਧਰਮੁ ਹੈ
ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥
[ਮ: ੪, ਪੰਨਾ ੩੦੯

ਈ—ਦਸਮੀ ਦਹਦਿਸ ਹੋਇ ਅਨੰਦ ॥
ਛੂਟੈ ਭਰਮੁ ਮਿਲੈ ਗੋਬਿੰਦ ॥

ਸ—ਜੋਤਿ ਸਰੂਪੀ ਤਤ ਅਨੂਪ।
ਅਮਲ਼ ਨ ਮਲ ਨ ਛਾਹ ਨਹੀ ਧੂਪ॥੧੧

ਹ—ਥਾਵਰ ਥਿਰ ਕਰਿ ਰਾਖੈ ਸੋਇ ॥
ਜੋਤਿ ਦੀ ਵਟੀ ਘਟ ਮਹਿ ਜੋਇ ।੭।
[ਪੰਨਾ ੩੪੪, ਕਬੀਰ ਜੀ

ਇਸ ਦੇ ਅਰਥ ਕਰ ਲਉ ਸਾਰੇ ਭ੍ਰਮ ਨਵਿਰਤ ਹੋ ਜਾਣਗੇ। ਇਸ ਜੋਤਿ ਦਾ ਰੂਪ ਤਾਂ ਇਕੋ ਹੈ ਪਰ ਨਾਉਂ ਅਨੇਕਾਂ ਹਨ। ਜਿਵੇਂ ਰਾਵਣ ਤੇ ਕੁੰਭ ਕਰਨ ਆਦਿ ਅਨੇਕਾਂ ਦੈਂਤ ਉਪਜਾਏ। ਰਾਮ ਚੰਦ੍ਰ ਲਛਮਣ ਆਦਿ ਕਈ ਰੂਪ ਧਾਰ ਕੇ ਖਪਾਏ ਸਨ। ਕ੍ਰਿਸ਼ਨ ਦੇ ਤਨ ਵਿਚ ਇਸੇ ਜੋਤਿ ਨੇ ਪ੍ਰਕਾਸ਼ ਕਰਕੇ ਕੰਸ, ਤ੍ਰਿਣਾਵਰਤ, ਘਾਸੁਰ ਆਦਿ ਅਨੇਕਾਂ ਦੈਂਤਾਂ ਦਾ ਸੰਘਾਰ ਕੀਤਾ। ਇਹਨਾਂ ਜਿਨ੍ਹਾਂ ਅਵਤਾਰਾਂ ਦੇ ਰੂਪ ਵਿਚ ਇਸ ਜੋਤਿ ਨੇ ਧਸਕੇ ਦੈਂਤਾਂ ਨੂੰ ਮਾਰ ਕੇ ਸੰਤਾਂ ਭਗਤਾਂ ਦੀ ਸਹਾਇਤਾ ਤੇ ਰਖਜਾ ਕੀਤੀ, ਉਹਨਾਂ ਸਾਰਿਆਂ ਦੀ ਆਦਿ ਸ੍ਰੀ ਗੁਰੂ ਗ੍ਰੰਥ ਵਿਚ ਸਤਿਕਾਰ ਤੇ ਉਪਮਾ ਸਹਿਤ ਵਰਨਣ ਹੈ—ਜਿਸ ਬਿਵਰਣ ਅਗੇ ਦੇਖੋਗੇ। ਜਿਵੇਂ ਕੰਸ ਦੇ ਮਾਰਨ ਕਰਕੇ ਉਗ੍ਰਸੈਨ ਨੂੰ ਕਿਰਤਾਰਥ ਕਰਨ ਵਾਲਾ ਕ੍ਰਿਸ਼ਨ, ਰਾਵਨ ਨੂੰ ਖਪਾ ਕੇ ਬਭੀਖਣ ਨੂੰ ਰਾਜ ਦੇਣ ਵਾਲਾ, ਰਾਮ ਚੰਦਰ, ਹਰਨਾਖਸ ਨੂੰ ਦੰਡ ਦੇ ਕੇ ਪ੍ਰਹਿਲਾਦ ਦੀ ਰਖਿਆ ਕਰਨ ਵਾਲੇ ਨਰ ਸਿੰਘ ਆਦਿ ਨੂੰ ਗੁਰਬਾਣੀ ਪ੍ਰਮੁਖਤਾ ਦਿੰਦੀ ਹੈ ਤਿਵੇਂ ਹੀ ਦੈਂਤਾਂ ਨੂੰ ਨਸ਼ਟ ਕਰਕੇ ਦੇਵਤਿਆਂ ਦੀ ਸਹਾਇਤਾ ਕਰਨ ਵਿਚ ਤੇ ਇਤਿਹਾਸ ਨਾਲ ਪ੍ਰਮੁਖਤਾ ਦਾ ਸੰਦ੍ਰਵ ਹੈ ਜੋ ਪ੍ਰਮ ਜੋਤਿ ਦਾ ਹੀ ਚਮਤਕਾਰ ਹੈ। ਸਾਨੂੰ ਨਾਵਾਂ ਦਾ ਭੁਲੇਖਾ ਪੈਂਦਾ ਹੈ ਜੋ ਹਰੇਕ ਵਸਤੂ ਦੇ ਕਈ ਕਈ ਨਾਮ ਸੱਦੇ ਜਾਂਦੇ ਹਨ। ਜੇ ਦੇਵੀ ਨੂੰ ਭਗਉਤੀ ਕਿਹਾ ਜਾਂਦਾ ਹੈ ਤਾਂ ਤਲਵਾਰ ਭਾਵ [ਕ੍ਰਿਪਾਨ) ਨੂੰ ਵੀ ਭਗਉਤੀ ਕਿਹਾ ਹੈ-ਇਸ ਨਾਲ ਮਹਾਂਕਾਲ ਨਾਲੋਂ ਭਗੌਤੀ ਦਾ ਸਬੰਧ ਖਤਮ ਨਹੀਂ ਹੋ ਜਾਂਦਾ, ਨਾ ਹੀ ਧੋਤਾ ਜਾ ਸਕਦਾ ਹੈ ਨਾ ਹੀ ਹੜਤਾਲ ਫੇਰੀ ਜਾ ਸਕਦੀ ਹੈ। ਸਗੋਂ ਸ੍ਰੀ ਦਸਮੇਸ਼ ਪੁਰਸੋਤਮ ਦਾ ਸੰਦ੍ਰਵ ਹੈ ਕਿ ਇਹਨਾਂ ਦੁਸ਼ਟ ਦੈਂਤਾਂ ਦਾ ਨਾਸ ਹੁੰਦਾ ਦਿਖਾ ਕੇ ਆਪਣੇ ਸੰਤਾਂ ਭਗਤਾਂ ਦੇ ਨਾਲ ਮੋਹ ਜਿਤਾ ਕੇ ਮਹਾਂ ਕਾਲ ਦਾ ਚਿਤ੍ ਪੇਸ਼ ਕਰਨਾ ਹੈ ਜੋ ਸ੍ਰੀ ਭਗਵਾਨ ਦੀ ਸਚੀ ਉਸਤਤਿ ਤੇ ਉਪਮਾ ਹੈ। ਜੈਸਾ ਕਿ—

ਦੋਹਰਾ—ਜਿਮ ਸੰਭਾਸੁਰ ਕੋ ਹਨਾ
ਅਧਿਕ ਕੋਪ ਕੈ ਕਾਲ।
ਤਿਜੋ ਸਾਧਨ ਕੇ ਸਤ੍ ਸਭ
ਚਾਬਤ ਜਾਂਹ ਕਰਾਲ ।੬੩।੨੧੯।
(ਪੰਨਾ ੧੧੫)

ਭਾਵ:—ਜਿਵੇਂ ਸੰਭਾਸੁਰ ਦੈਂਤ ਨੂੰ ਮਾਰਿਆ ਸੀ। ਕ੍ਰੁਧਤ ਹੋ ਕੇ ਕਾਲੀ ਨੇ ਇਸੇ ਤਰ੍ਹਾਂ ਸਾਧ ਸੰਤਾਂ ਦੇ ਦੁਸ਼ਮਨਾਂ ਨੂੰ, ਕਾਲ ਆ ਝਟਕਾਉਂਦਾ ਹੈ।

ਸ੍ਰੀ ਗੋਬਿੰਦ ਹਰੀ ਜੀ ਦਾ ਅਭੂਤੀ ਪ੍ਰਮ ਸਹਜ ਜੋਗ ਤੇ ਅਦਭੂਤੀ ਬ੍ਰਹਮ ਗਿਆਨ ਹੈ ਜਿਸਦੇ ਵਿਚ ਇਕ ਇਕ ਸ਼ਬਦ ਨੂੰ ਕਈ ਕਈ ਥਾਂ ਵਰਤੇ ਜਾਂਦੇ ਨੇ ਜਿਸ ਦੀ ਡਿਕਸ਼ਨਰੀ ਕਾਲਜੀਏਟ ਕਿਤਾਬਾਂ ਵਿਚ ਨਹੀਂ, ਨਾ ਹੀ ਇਹਨਾਂ ਸਾਇੰਟਿਫਿਕ ਦਲੀਲਾਂ ਨਾਲ ਤੋਲਿਆ ਮਿਣਿਆ ਜਾ ਸਕਦਾ ਹੈ। ਗਹੁ ਨਾਲ ਤੱਕੋ ਪ੍ਰਮ ਪਿਤਾ ਪ੍ਰਮਾਤਮਾ ਨੂੰ ਹਰ ਕੋਈ ਹਰਿ ਕਹਿੰਦਾ ਸੁਣਿਆ ਜਾ ਸਕਦਾ ਹੈ, ਗੁਰੁ ਗ੍ਰੰਥ ਸਾਹਿਬ ਦੇ ਹਰ ਪੰਨੇ ਤੇ ਅਨੇਕਾਂ ਵਾਰ ਪ੍ਰਯੋਗ ਕੀਤਾ ਗਿਆ ਹੈ। ਵੇਦਾਂਤ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਆਪਣੀ ਨਸਲ ਦੇ ਹਰ ਪ੍ਰਮੁਖ ਨੂੰ ਹਰਿ ਸਬਦ ਨਾਲ ਸਨਮਾਨਿਆ ਗਿਆ ਹੈ ਜਿਵੇਂ ਕਿ ੧-ਤਾਰਿਆਂ ਦਾ ਰਾਜਾ ਚੰਦ੍ਰਮਾਂ ੨—ਦਿਨ ਦਾ ਰਾਜਾ ਸੂਰਜ ੩—ਫੁਲਾਂ ਦਾ ਰਾਜਾ ਕੰਵਲ ੪ ਸ਼ਸਤ੍ਰਾਂ ਦਾ ਰਾਜਾ ਧਨੁਖ ਜਾਂ ਤੀਰ ੫—ਪਸ਼ੂਆਂ ਦਾ ਰਾਜਾ ਸਿੰਹ ਭਾਵ (ਸ਼ੇਰ) ਅਥਵਾ ਹਾਥੀ ੬-ਵਿਸਿਆਂ ਦਾ ਰਾਜਾ ਕਾਮ ੭—ਹਥਿਆਰਾਂ ਦੀ ਰਾਣੀ ਤੇਗ (ਤਲਵਾਰ) ਅਭੂਤਾਂ ਤੇ ਭੂਤਾਂ ਦਾ ਰਾਜਾ ਸਿਵ ਜੀ ੮—ਅਵਤਾਰਾਂ ਦਾ ਰਾਜਾ ਕ੍ਰਿਸਨ ੯—ਦੇਵਤਿਆਂ ਦਾ ਰਾਜ ਇੰਦ੍ਰ।੧੦—ਬ੍ਰਹਿਮੰਡ ਦਾ ਰਾਜਾ ਵਿਸ਼ਨੂੰ੧੧—ਸੁਪੁਰਸਾਂ ਦਾ

Digitized by Panjab Digital Library | www.panjabdigilib.org

ਰਾਜਾ ਰਾਮਚੰਦ੍ ੧੨-ਕੀੜਿਆਂ ਦਾ ਰਾਜਾ ਸਰਪ ੧੩-ਦੈਂਤਾਂ ਦਾ ਰਾਜਾ ਸੁੰਭ ਮੰਨਿਆ ਗਿਆ ਹੈ।

ਮਿਸਾਲ ਵਜੋਂ ਪਾਰਬਤੀ ਦੇਵੀ ਪਹਾੜ ਦੀ ਚੋਟੀ ਤੇ ਬੈਠੀ ਦਿਸਦੀ ਹੈ। ਸੁੰਭ ਦੈਂਤ ਦਾ ਛੋਟਾ ਭਾਈ ਨਸੁੰਭ ਤੱਕ ਕੇ ਕੋਲ ਚਲਾ ਜਾਂਦਾ ਹੈ ਅਤੇ ਉਸਨੂੰ ਆਪਣੇ ਭਾਈ ਸੁੰਭ ਨਾਲ ਵਿਆਹ ਕਰਾ ਕੇ ਉਸਦੀ ਪਟਰਾਣੀ ਹੋਣ ਦੀ ਪ੍ਰੇਰਨਾ ਕਰਦਾ ਹੈ। ਦੇਵੀ ਕਹਿੰਦੀ ਹੈ ਕਿ ਮੇਰੇ ਨਾਲ ਜੁਧ ਕਰਕੇ ਲੜਾਈ ਵਿਚ ਮੈਨੂੰ ਜਿਤ ਕੇ ਵਿਆਹ ਹੋ ਸਕਦਾ ਹੈ—ਜੋ ਉਸ ਦੀ ਆਭਿਆ ਤੇ ਹੁਸਨ ਦੀ ਉਪਮਾ ਕਰਦਾ ਹੈ ਉਹੀ ਉਸ ਆਭਿਆ ਅਭਿਮਾਨੀ ਦੈਂਤ ਦੀ ਮੌਤ ਦਾ ਕਾਰਣ ਸੀ। ਇਹ ਸੁਣ ਕੇ ਨਸੁੰਭ ਆਪਣੇ ਸੁੰਭ ਵੀਰ ਪਾਸ ਆ ਕੇ ਦੇਵੀ ਦੇ ਹੁਸਨ ਦੀ ਉਪਮਾ ਐਉਂ ਕਰਦਾ ਹੈ—

ਸਵੱਯਾ—ਹਰਿ ਸੋ ਮੁਖਿ ਹੈ ਹਰਤੀ ਦੁਖ ਹੈ
ਅਲਿਕੈ ਹਰਿ ਹਾਰ ਪ੍ਰਭਾ ਹਰਨੀ ਹੈ।
ਲੋਚਨ ਹੈ ਹਰਿ ਸੇ ਸਰਸੇ ਹਰਿ ਸੇ
ਭਰੁਟੇ ਹਰਿ ਸੀ ਬਰਨੀ ਹੈ।
ਕੇਹਰਿ ਸੋ ਕਰਹਾ ਚਲਬੋ ਹਰਿ ਪੈ
ਹਰਿ ਕੀ ਹਰਿਨੀ ਤਰਨੀ ਹੈ।
ਹੈ ਕਰ ਮੈ ਹਰਿ ਪੈ ਹਰਿ ਸੋ
ਹਰਿ ਰੂਪ ਕੀਏ ਹਰਿ ਕੀ ਧਰਨੀ ਹੈ।
[੮੮। ਪੰਨਾ ੮੨

ਵਿਚਾਰੋ ਇਸਦੇ ਅਰਥ ਭਾਵ—ਚੰਦ੍ਰਮਾਂ ਜਿਹਾ ਮੁਖ ਹੈ ਅਤੇ ਦੁਖ ਦੂਰ ਕਰਨ ਵਾਲੀ ਹੈ—ਕਮਾਨ ਜਿਹੇ ਭਰਵੱਟੇ ਹਨ; ਤੀਰ ਜਿਹੀ ਨਿਗਾਹ ਹੈ। ਹਾਥੀ ਜਿਹੀ ਮਸਤ ਚਾਲ ਹੈ ਕੇਹਰ ਵਾਂਗ ਪਤਲਾ ਲੱਕ ਹੈ ਜੋ ਕਾਮ ਦੀ ਇਸਤ੍ਰੀ 'ਰਤੀ' ਦੀ ਸੋਭਾ ਨੂੰ ਵੀ ਮਾਤ ਪਾ ਰਹੀ ਹੈ ਅਤੇ ਹੱਥ ਵਿਚ ਤਲਵਾਰ ਹੈ ਜੋ ਸੂਰਜ ਵਾਂਗ ਚਮਕ ਤੇ ਦਮਕਦੀ ਹੈ ਜੋ ਸ਼ਿਵਜੀ ਦੀ ਪਤਨੀ ਹੈ।

ਇਤਨੇ ਹਰਿ ਹੁੰਦੇ ਹੋਇਆਂ ਫੇਰ ਵੀ ਪ੍ਰਮ ਪੁਰਖ ਦਾ ਨਾਮ ਜਿਉਂ ਦਾ ਤਿਉਂ ਹਰਿ ਹੈ—ਇਹ ਵਿਦਵਾਨਾਂ ਦਾ ਲਾਉਣਾ ਕਿਆੜਾ ਕਿਥੋਂ ਤਕ ਵਧੀਕ ਕਿਹਾ ਜਾ ਸਕਦਾ ਹੈ ਕਿ ਪਾਰਬਤੀ ਤੋਂ ਬਿਨਾਂ ਹੋਰ ਕਿਸੇ ਨੂੰ ਭਗਉਤੀ ਜਾਂ ਦੇਵੀ ਅਥਵਾ ਅਦ੍ ਸੁਤਾ ਆਦਿ ਕਿਹਾ ਹੀ ਨਹੀਂ ਜਾ ਸਕਦਾ। ਇਹ ਤਾਂ ਸਗੋਂ ਵਿਦਵਤਾ ਦਾ ਦਿਵਾਲਾ ਦੇਣ ਤੁਲ ਹੀ ਹੈ, ਮਹਾਂ ਪੁਰਸ਼ ਕਿਸੇ ਆਸ਼ੇ ਨੂੰ ਅਗੇ ਰੱਖ ਕੇ ਕਿਸੇ ਪ੍ਰਥਾਇ ਸਾਂਝੀ ਸਾਖੀ ਹੀ ਬੋਲਦੇ ਹਨ ਜੈਸਾ ਕਿ ਪਵਿਤ੍ ਬਚਨ ਹੈ—

ਪਰਥਾਇ ਸਾਖੀ ਮਹਾਂ ਪੁਰਖ ਬੋਲਦੇ
ਸਾਂਝੀ ਸਗਲ ਜਹਾਨੈ। [ਮ: ੩, ਪੰਨਾ ੬੪੭

ਇਹ ਤਾਂ ਸਗੋਂ ਸਾਡੀ ਚਪਲਤਾ ਹੈ ਕਿ ਮਹਾਨ ਸੰਤ ਦ੍ਰਵੇਸ਼ ਆਜ਼ਮ ਕਾਵ ਦੇ ਸਿਰਮੌਰ ਸ੍ਰੀ ਦਸਮੇਸ਼ ਜਿਹੇ ਮਹਾਨ ਹਰਿ ਦੀ ਮਾਨ ਹਾਨੀ ਕਰਦੇ ਹੋਏ ਇਕ ਕਿਸਮ ਦੀ ਨਖੇਧੀ ਕਰਕੇ ਉਹਨਾਂ ਦੇ ਦਿਤੇ ਅਦਭੁਤ ਗੁਣ ਤੋਂ ਸੱਖਣੇ ਰਹਿ ਕੇ ਆਪਣਾ ਹੰਕਾਰ ਵਧਾਉਂਦੇ ਹਾਂ।

ਆਪਸ ਕਉ ਬਹੁ ਭਲਾ ਕਹਿ ਜਾਣਹਿ
ਮਨਮੁਖਿ ਮਤਿ ਨ ਕਾਈ।
ਸਾਧੂ ਜਨ ਕੀ ਨਿੰਦਾ ਵਿਆਪੈ
ਜਾਸਨਿ ਜਨਮੁ ਗਵਾਈ॥ [ਮ: ੩, ਪੰਨਾ ੬੦੧

(੫) **ਉਟੰਕਣ ਦੇਵੀ ਤੇ ਨੰ: ੧-ਪੰ: ੨੨ ਤੇ=**
ਖੇਤ [ਰਣਭੂਮੀ]ਜੀਤ ਦੈਤਨ[ਸੁੰਭ-ਨੈਸੁੰਭ] ਲੀਓ,
ਗਏ ਦੇਵਤੋ ਭਾਜ।
ਇਹ ਬੀਚਾਰਿਓ ਮਨ ਬਿਖੈ,
ਲੇਹੁ 'ਸਿਵਾਂ, ਤੇ ਰਾਜ।

ਛੰਦ ੭੨—ਕਾਨ ਸੁਨੀ ਧੁਨਿ ਦੇਵਨ ਕੀ
ਸਭ ਦਾਨਵ ਮਾਰਨ ਕੋ ਪ੍ਰਨ ਕੀਨੋ।**ਛੰਦ ੭੩:**

ਅਗੇ ਨੋਟ ਹੈ—ਅੱਗੇ ਇਹੀ ਸ਼ਿਵਾ (ਪਾਰਬਤੀ) ਆਪਣੇ ਅੰਦਰ "ਕਾਲੀ" ਨੂੰ ਸਮਾ ਕੇ "ਚੰਡਕਾ" ਦਾ ਨਾਮ ਧਾਰ ਲੈਂਦੀ ਹੈ।

ਸਮਾਧਾਨ—ਪਾਠਕ ਵੀਰੋ ਸੋਚੋ ਤੇ ਸਮਝੋ ਇਹਾ ਕੇਹੜੀ ਅਣਹੋਣੀ ਕ੍ਰਯਾ ਹੈ ਜੋ ਕਿਸੇ ਦੇ ਦਿਲ ਰੂਪੀ ਮੋਤੀ ਤੇ ਹਥੌੜਾ ਬਣੀ ਦਿਸੀ। ਜਦੋਂ ਪ੍ਰਵਦਗਾਰ ਨੇ ਕਦੇ ਵੀ ਆਪਣੇ ਸੇਵਕ ਦਾਸ ਸੰਤ ਭਗਤ ਦੀ ਰਖਿਆ ਕੀਤੀ ਤਾਂ ਸਮੇਂ ਦੇ ਅਨਕੂਲ ਜੋ ਵੀ ਸੰਦ੍ਰਵ ਜਾਂ ਹੀਲਾ ਕੁਦਰਤ ਨੂੰ ਕਰਨਾ ਪਿਆ। ਉਹ ਕੀਤਾ ਤੇ ਕਰਦੀ ਵੀ ਰਹੇਗੀ। ਕੀ ਇਸਦੇ ਉਤ੍ ਵਿਚ ਇਕੋ ਪ੍ਰਹਿਲਾਦ ਭਗਤ ਦਾ ਦ੍ਰਿਸ਼ਟਾਂਤ ਕਾਫੀ ਨਹੀਂ ਹੈ? ਕੀ ਕੋਈ ਅਧਾ ਹਿਸਾ ਸਿੰਘ ਤੇ ਅਧਾ ਮਨੁਖ ਕਦੀ ਦੇਖਿਆ ਜਾਂ ਸੁਣਿਆ ਹੈ? ਕੀ ਇਸ ਦੀ ਗੁਰਬਾਣੀ ਗਲਤ ਪੁਸ਼ਟੀ ਕਰਦੀ ਹੈ ਕਿ

Digitized by Panjab Digital Library | www.panjabdigilib.org

ਲੋਹੇ ਦਾ ਥੰਮ ਉਹ ਵੀ ਗਰਮ। ਲਾਲ ਸੂਹੇ ਵਿਚੋਂ ਕੋਈ ਮਨੁਖ ਜਾਂ ਸ਼ੇਰ ਨੂੰ ਜਨਮ ਲੈਂਦਿਆਂ ਡਿੱਠਾ ਜੇ, ਕਦੀ ਲੋਹੇ ਦਾ ਥੰਮ੍ਹ ਆਪ ਮੁਹਾਰਾ ਹੀ ਫਟਦਾ ਤਕਿਆ ਏ? ਕੀ ਦੈਂਤ ਨੇ ਨਰ ਸਿੰਘ ਨੂੰ ਕੋਈ ਛੇੜਖਾਨੀ ਕੀਤੀ ਸੀ। ਜਿਸ ਲਈ ਰੋਹ ਵਿਚ ਆਕੇ ਉਸ ਤੇ ਟੁੱਟ ਪਿਆ—

ਹਾਥਿ ਖੜਗੁ ਕਰਿ ਧਾਇਆ ਅਤਿ ਅਹੰਕਾਰ।
ਹਰਿ ਤੇਰਾ ਕਹਾ ਤੁਝੁ ਲਏ ਉਬਾਰਿ।
ਖਿਨ ਮਹਿ ਭੈਆਨ ਰੂਪੁ ਨਿਕਸਿਆ ਥੰਮ ਉਪਾੜਿ।
ਹਰਣਾਖਸੁ ਨਖੀ ਬਿਦਾਰਿਆ ਪ੍ਰਹਲਾਦੁ ਲੀਆ ਉਬਾਰਿ॥

ਕੀ ਇਹ ਤਮਾਸ਼ਾ ਕਿਸੀ ਪਾਠਕ ਨੇ ਕਿਤੇ ਹੁੰਦਾ ਵੇਖਿਆ?—ਜੇ ਨਹੀਂ ਤਾਂ ਫਿਰ ਇਹ ਕਿਵੇਂ ਹੋ ਗਿਆ? ਇਸ ਦਾ ਉਤ੍ਰ ਹੈ:—

ਸੰਤ ਜਨਾ ਕੇ ਹਰਿ ਜੀਉ ਕਾਰਜ ਸਵਾਰੇ।
ਪ੍ਰਹਲਾਦ ਜਨਕੇ ਇਕੀਹ ਕੁਲ ਉਧਾਰੇ॥੫॥

ਜਿਸ ਵਿਚ ਹਰਨਾਖਸ ਵੀ ਇਕੀ ਕੁਲਾਂ ਵਿਚ ਸ਼ਾਮਲ ਹੋਣ ਕਰਕੇ ਰੱਬ ਦਾ ਵੈਰੀ ਹੁੰਦਿਆਂ ਹੋਇਆਂ ਉਧਰ ਜਾਂਦਾ ਹੈ। ਇਹ ਕਿਹੜਾ ਇਨਸਾਫ ਹੋਇਆ, ਕੌਣ ਕਹੇ ਹਾਂਣੀ ਨੂੰ ਅੱਗਾ ਢਕ? ਇਹ ਪ੍ਰਮ ਪੁਰਖ ਚੋ ਕੰਮ ਹਨ ਜੋ ਚਾਹੇ ਕਰ ਸਕਦਾ ਹੈ। ਸਾਡੀ ਦੁਬਿਧਾ ਦਾ ਕੀ ਅਰਥ?

ਮੂਰਖ ਦੁਬਿਧਾ ਪੜਹਿ ਮੂਲ ਨ ਪਛਾਣਹਿ
ਬਿਰਥਾ ਜਨਮੁ ਗਵਾਇਆ।
ਇਹ ਉਸ ਪ੍ਰਮ ਸ਼ਕਤੀ ਦਾ ਬ੍ਰਧ ਹੀ ਹੈ ਕਿ॥
ਆਪੇ ਦੈਤ ਲਾਇ ਦਿਤੇ ਸੰਤ ਜਨਾ ਕਉ॥
ਆਪੇ ਰਾਖਾ ਸੋਈ॥ [ਪੰ: ੧੧੩੩ ਮ: ੩

ਸ੍ਰੀ ਗੁਰੂ ਅਮਰਦਾਸ ਜੀ ਐਨ ਸਪਸ਼ਟ ਕਰਦੇ ਹਨ ਕਿ ਇਹ ਤਾਂ ਕਰਤੇ ਦੇ ਚਲਤ ਹਨ ਜੋ ਜਗਿਆਸੂ ਲਈ ਦ੍ਰਿਸ਼ਟਾਂਤ ਦੇਣ ਲਈ ਰਚੇ ਜਾਂਦੇ ਹਨ ਇਹਨਾਂ ਅਜੀਬ ਗਰੀਬ ਚਲਤਾਂ ਦਵਾਰਾ ਹੀ ਉਸ ਵੱਡੇ ਦੀ ਵਡਿਆਈ ਕੀਤੀ ਜਾਂਦੀ ਹੈ ਜਿਸ ਨਾਲ ਉੱਚੇ ਚੀ ਉੱਚਤਾ ਤਕਣ ਦਾ ਅਵਸਰ ਬਣਦਾ ਹੈ। ਜਿਵੇਂ—ਉਸ ਸ਼ਕਤੀ ਨੇ (ਅਨਹਦ) ਸ਼ਬਦ ਦਾ ਨਾਦ ਇਸ ਮਨੁੱਖੀ ਹਡ ਮਾਸ ਦੇ ਮਨੁੱਖੀ ਪਿੰਜਰ ਦੇ ਦਿਮਾਗ ਵਿਚ ਵਜਾ ਰਖਿਆ ਹੈ। ਉਸਨੂੰ ਸਾਧੂ ਸੰਤ ਬੰਦਗੀ ਵਾਲੇ ਮਹਾਂ ਪੁਰਸ਼ ਹੀ ਜਾਣਦੇ ਹਨ, ਉਸ ਦਾ ਕਿਸੇ ਗਰੈਜੂਏਟ ਨੂੰ ਭੇਤ ਨਹੀਂ ਜੋ ਦੂਰ ਦ੍ਰਿਸ਼ਟੀ ਦਾ ਵਿਸ਼ਾ ਹੈ। ਜਿਸਨੂੰ ਕੁਦਰਤ ਪੈਦਾ ਕਰਦੀ ਹੈ ਉਸਦਾ ਮਰਨ ਮਹੂਰਤ ਵੀ ਨਾਲ ਲਿਖ ਦਿਤਾ ਹੈ, ਜਿਸ ਨੂੰ ਬਲ ਦਿੰਦਾ ਹੈ ਉਸ ਤੋਂ ਵਾਪਸ ਲੈ ਵੀ ਲੈਂਦਾ ਹੈ—ਜੋ ਆਕੀ ਹੋ ਬਹਿੰਦਾ ਹੈ ਉਸ ਲਈ ਕੋਈ ਕਾਰਣ ਵੀ ਰਚ ਦਿੰਦਾ ਹੈ ਬਚਨ ਹੈ (ਕਾਰਣ ਕਰਤਾ ਕਰਦਾ ਆਇਆ) ਇਸ ਤੇ ਪ੍ਰਮਾਣ ਬਹੁਤ ਦਿਤੇ ਜਾ ਸਕਦੇ ਹਨ ਪਰ ਇਹ ਇਕੋ ਤਸੱਲੀ ਬਖਸ਼ ਹੈ—ਲੇਖ ਵਧਾਉਣਾ ਬੇਲੋੜਾ ਹੋਵੇਗਾ।

(੬) ਪੰ: ੨੨–ਤੇ ਨੋਟ ਹੈ ਪ੍ਰਸ਼ਨ ਰੂਪ ਵਿਚ (ਮੱਹਾਂ ਕਾਲਕਾ ਅਰਾਧੀ)

ਕਾਲਕਾ ਨੂੰ ਪਮੇਸ਼ੱਰ [ਅਕਾਲ ਪੁਰਖ] ਮੰਨਣ ਵਾਲੇ ਸੱਜਣ ਨੋਟ ਕਰਨ ਕਿ "ਕਾਲਕਾ" ਨੂੰ ਚੰਡਕਾ ਦੇਵੀ ਪੁਤ੍ਰੀ ਕਰਕੇ ਸੰਬੋਧਨ ਕਰਦੀ ਹੈ ਅਤੇ ਹਰ ਥਾਂ ਇਸਦੀ ਵਰਤੋਂ ਇਸਤ੍ਰੀ ਲਿੰਗ ਵਿਚ ਹੋਈ ਹੈ। ਚੰਡੀ ਚਰਿਤ੍ਰ ਦੇ ਅਗਲੇ ਛੰਦ ੭੮ ਵਿਚ ਸ਼ਿਵਾ ਤੇ ਚੰਡਕਾ ਨੂੰ ਗਿਰਜਾ, ਦਾ ਨਾਮ ਦਿੱਤਾ ਗਿਆ ਹੈ ਚੈਭਨ ਕੋ ਬਧ ਕਾਜ ਚਲੀ ਰਣਿ ਚੰਡ ਪ੍ਰਚੰਡ ਭੁਜੰਗਨਿ ਕਾਰੀ॥ ਕਾਲੀ ਨਾਗਨ ਬਣਕੇ। ਇਸੇ ਭਾਂਤ ੬ ਨੰਬਰ ਨਿਰੰਤਰ ਦਸਮ ਬਾਣੀ ਦੀ ਪੰਗਤੀਆਂ ਦੇ ਕੇ ਹੈਰਾਨੀ ਪ੍ਰਗਟ ਕੀਤੀ ਹੈ ਅੰਤ ਵਿਚ [੬੭] ਮਾਰਿਓ [ਚੰਡੀ ਚਰਿਤ੍ਰ ਉਕਤ ਬਿਲਾਸ] ਲਿਖ ਕੇ ਨੰ: (੭) ਲਿਖਿਆ ਹੈ ਕਿ ਰਕਤ ਬੀਜ ਦੈਂਤ ਵਿਰੁਧ ਹੋਇ ਜੁੱਧ ਸਮੇਂ ਫੇਰ "ਸ਼ਿਵਾ" ਦੇ ਨਾਮ ਦੀ ਹੀ ਵਰਤੋਂ ਕੀਤੀ ਗਈ ਹੈ। ਨੋਟ—ਦਿਤਾ ਹੈ ਕਿ ਖਾਸ ਤੌਰ ਉਤੇ ਨੋਟ ਕਰਨ ਵਾਲਾ ਨੁਕਤਾ ਇਹ ਹੈ ਕਿ ਅਗਲੇ ਛੰਦ ਨੰ: ੧੨੬ ਵਿਚ ਹੀ ਸਿਵਾ, ਨੂੰ ਫੇਰ ਚੰਡਕਾ ਦਾ ਨਾਮ ਦਿਤਾ ਗਿਆ ਹੈ:—ਅਗੇ ਉਟੰਕਣ ਨੰ: ੮ ਤੇ ਵੇਖੋ ਚੰਡੀ ਚਰਿਤ੍ਰ 'ਦੂਜਾ' ੨੨੯ਵੇਂ ਛੰਦ ਵਿਚ ਕਿਵੇਂ ਇਹਨਾਂ ਦੇਵੀਆਂ ਦੇ ਨਾਮ ਆਪਸ ਵਿਚ ਦੀ ਓਤ-ਪੋਤ ਹਨ। ਪਾਰਬਤੀ, ਅਥਵਾ ਚੰਡੀ ਨੂੰ ਸੰਬੋਧਨ ਕਰਕੇ ਕਵੀ ਲਿਖਦਾ ਹੈ। ਨਮੋ ਹਿੰਗਲਾ, ਮਿੰਗੁਲਾ ਤੋਤਲਾਜੈ॥ ਨਮੋ ਕਰਤਿ-ਕਜਾਨੀ "ਸਿਵਾ" ਸੀਤਲਾਜੈ। ਨੰ: ੯ ਚਰਿਤ੍ਰ ਪਾਖਿਆਨ ਦੇ ਪਹਿਲੇ ਚੰਡੀ ਚਰਿਤ੍ਰ ਦਾ ਪਹਿਲਾ ਮੰਗਲ ਹੈ:—ਦੁਰਗਾ ਤੂੰ, ਛਿਮਾ ਤੂੰ 'ਸ਼ਿਵਾ' ਰੂਪ ਤੇਰੋ। ਧਾਤ੍ਰੀ ਸਵਾਹਾ ਨਮਸਕਾਰ ਮੇਰੋ॥

ਪੰ: ੨੩ ਉਟੰਕਨ ਨੰ: ੧੦—ਇਸ ਸਬੰਧ ਵਿਚ ਕੇਵਲ ਇਕ ਪ੍ਰਮਾਣ "ਕ੍ਰਿਸ਼ਨਾਵਤਾਰ ਅੰ: ੪–੬ ਵਿਚੋ

Digitized by Panjab Digital Library | www.panjabdigilib.org

ਦਿੰਦੇ ਹਾਂ ਜਾਂ ਸਾਡਾ ਦ੍ਰਿਸ਼ਟੀ ਕੋਨ ਕਿ "ਸ਼ਿਵਾ" ਦਾ ਅਰਥ ਸਾਰੇ 'ਦਸਮ ਗ੍ਰੰਥ ਵਿਚ ਕੇਵਲ ਤੇ ਕੇਵਲ ਪਾਰਬਤੀ ਦੇਵੀ ਹੀ ਹੈ, ਅਤੇ 'ਸ਼ਿਵਾ' ਉਸਦੇ ੧੬ ਨਾਵਾਂ ਵਿਚੋਂ ਇਕ ਨਾਮ ਹੈ, ਸਪਸ਼ਟ ਹੋ ਜਾਵੇ:-ਨੋਟ-ਇਸ ਪ੍ਰਸੰਗ ਵਿਚ ਇਹ ਵੀ ਦਸਣਾ ਲਾਹੇਵੰਦ ਹੋਵੇਗਾ ਕਿ ਦੇਹ ਸ਼ਿਵਾ ਬਰ ਮੋਹਿ ਇਹੈ—ਵਾਲਾ ਸਵੈਯਾ ਚੰਡੀ ਚਰਿਤ੍ਰ (ਉਕਤ ਬਿਲਾਸ) ਵਿਚ ੨੩੧ਵੇਂ ਅੰਕ ਉਤੇ ਆਉਂਦਾ ਹੈ। ਇਸਤੋਂ ਅਗਲੇ ਦੋਵਾਂ ਛੰਦਾਂ ਵਿਚ ਦੇਵੀ ਭਗਤ ਸਾਕਤ ਕਵੀ, ਸ਼ਿਵਾ, ਥਾਂ 'ਚੰਡ' ਅਤੇ ਚੰਡਕਾ ਪਦ ਵਰਤਦਾ ਹੈ।

ਸਮਾਧਾਨ-ਉਪ੍ਰੋਕਤ ਉਟੰਕਣਾ ਨੂੰ ਪੜ੍ਹ ਸੁਣ ਕੇ ਐਉਂ ਜਾਪਦਾ ਹੈ ਕਿ ਲੇਖਕ ਨੂੰ ਸ੍ਰੀ ਦਸਮੇਸ਼ ਜੀ ਦੀ ਰਚੀ ਨਿਰਮਲ ਤੇ ਨਿਰਮੋਲ ਗੁਰਬਾਣੀ ਬਾਰੇ ਨਿਰੰਤ੍ਰ ਅਬਿਦਿਆ ਹੈ ਜੋ ਐਵੇਂ ਨਿਰਮੂਲ ਸਿਆਣਪ ਜਿਤਾ ਰਿਹਾ ਹੈ ਅਤੇ ਮੈਂ ਜਾਣੂ ਦਾ ਹਠ ਕਰ ਰਿਹਾ ਹੈ।

ਜੋ ਵਾਰਤਾ ਐਉਂ ਹੈ—ਕਿ ਪਾਰਬਤੀ ਸ਼ਿਵਾਂ ਦੀ ਪਤਨੀ ਹੈ ਜਿਸ ਲਈ ਇਸ ਨਾਂ ਨਾਲ ਸ਼ਿਵਾ ਜੋੜਿਆ ਗਿਆ ਹੈ, ਚੰਡ ਦੈਂਤ ਨੂੰ ਚੰਡਣ ਭਾਵ (ਮਾਰ ਦੇਣ) ਬਦਲੇ ਇਸਨੂੰ ਚੰਡੀ ਨਾਮੁ ਦਿਤਾ ਗਿਆ। ਪਹਾੜ ਦੀ ਪੁਤ੍ਰੀ ਹੋਣ ਕਰਕੇ ਗਿ੍ਜਾ ਕਿਹਾ ਜਾਂਦਾ ਹੈ—ਇਸ ਲੇਖ ਦੇ ੩ ਸਰੂਪ ਕਿਵੇਂ ਵਜੂਦ ਵਿਚ ਆਏ ? ਇਹ ਲੇਖਕ ਦੀ ਆਪਣੀ ਇੱਛਾ ਹੀ ਨਹੀਂ ਸਗੋਂ ਦਿਲ ਦਰਿਆ ਦੇ ਹੜ੍ਹ ਦਾ ਵੇਗ ਹੈ। ਇਸ ਬਾਰੇ ਆਪਣੇ ਗੁਰਦੇਵ ਨੂੰ ਅਸੀਂ ਕਿਵੇਂ ਕਹ ਸਕਦੇ ਹਾਂ ਕਿ ਕਿਉਂ ਆਇ। ਸ੍ਰੀ ਦਸਮੇਸ਼ ਜੀ ਜੋ ਅੰਦਰ ਤੇ ਬਾਹਰ ਦੂਰ ਤੇ ਨੇੜੇ ਦੀ ਸਾਰੀ ਸੋਝੀ ਰਖਦੇ ਸਨ ਜਿਹੜੇ ਆਪਣੇ ਅਨੁਭਵ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜਿਉਂ ਦਾ ਤਿਉਂ ਲਿਖ ਸਕਦੇ ਹਨ ਤਾਂ ਕੀ ਭਾਗਵਤ ਪੁਰਾਣ ਜਾਂ ਮਾਰਕੰਡਾ ਪੁਰਾਣ ਉਹਨਾਂ ਤੋਂ ਛੁਪਿਆ ਹੋਇਆ ਨਹੀਂ ਸੀ।

ਇਸ ਲਈ ਇਕ ਅਨੁਵਾਦ ਮਾਰਕੰਡਾ ਪੁਰਾਣ ਅਨੁਸਾਰ ਅਤੇ ਇਕ ਭਾਗਵਤ ਪੁਰਾਣ ਅਨੁਸਾਰ ਕਰ ਦਿਤਾ, ਤੀਜਾ ਮੁਕਤਸ ਪਉੜੀਆਂ ਵਿਚ ਢਾਡੀਆਂ ਨੂੰ ਗਾਉਣ ਲਈ ਤੋਹਫ਼ਾ ਬਖਸ ਦਿਤਾ। ਚੰਡੀ ਦੇਵੀ ਵਲੋਂ ਕਾਲਕਾ ਨੂੰ ਪੁਤ੍ਰੀ ਕਹਿ ਦੇਣਾ ਕੋਈ ਅਚੰਬੇ ਵਾਲੀ ਗੱਲ ਨਹੀਂ, ਜਦ ਕਾਲਕਾ ਉਸਦੀ ਇੱਛਾ ਨਾਲ ਪ੍ਰਗਟ ਹੋਈ ਸੀ। ਪੁਰਾਣਕ ਕਥਾਵਾਂ ਅਨੁਸਾਰ ਇਹੋ ਜਿਹੇ ਅਨੇਕਾਂ ਪ੍ਰਸੰਗ ਸਾਹਮਣੇ ਆਉਂਦੇ ਹਨ, ਜਿਵੇਂ ਰਿਸ਼ੀ ਅਤਰੈ ਜੀ ਦੀ ਧਰਮ ਸੁਪਤਨੀ ਇਨ੍ਹਾਂ ਦੋਹਾਂ ਨੇ ਬ੍ਰਹਮ-ਚਰਯ ਦਾ ਪ੍ਰਣ ਲਿਆ ਹੋਇਆ ਸੀ ਪਰ ਬ੍ਰਹਮਾ ਨੇ ਪੁਤ੍ਰ ਦਾ ਵਰ ਦੇ ਦਿਤਾ ਜੋ ਉਹਨਾਂ ਦੀ ਕ੍ਰਿਆ ਦੇ ਅਗੇ ਅਸੰਭਵ ਸੀ। ਸੋ ਉਹ ਵਰ-ਮਾਯਾ ਅਨਸੂਯਾ ਦੇ ਹਥ ਪਰ ਹੱਥ ਮਾਰਨ ਨਾਲ ਹੀ ਬਾਲਕ ਮਹਾਂ ਰਿਸ਼ੀ ਦਿਤਾ ਤ੍ਰੈ ਹੱਥਾਂ ਵਿਚ ਆ ਗਿਆ ਸੀ। ਰਿਸ਼ੀਆਂ ਦੇ ਜੁਟ ਦਾ ਪ੍ਰਣ ਵੀ ਬਰਕਰਾਰ ਰਿਹਾ ਅਤੇ ਬ੍ਰਹਮਾ ਦਾ ਵਰ ਵੀ ਪੂਰਾ ਹੋ ਗਿਆ। ਰਾਜਾ ਕਰਣ, ਨਾਸਕੇਤ ਆਦਿ ਦੇ ਅਨੇਕਾਂ ਪ੍ਰਕਰਣ ਸ਼ਾਸਤ੍ਰਾਂ ਤੇ ਪੁਰਾਣਾਂ ਵਿਚ ਸਮੋਇ ਪਏ ਹਨ। ਪ੍ਰਮ ਪੁਰਖ ਪ੍ਰਮਾਤਮਾ ਦੇ ਕੰਮਾਂ ਨੂੰ ਜਾਂ ਉਸਦੀ ਸ਼ਕਤੀ ਨੂੰ ਲਿੰਗ, ਉਪ ਲਿੰਗ ਨਾਲ ਜੋੜਨਾਂ ਇਕ ਅਨਹੋਣੀ ਨਿਗੁਣੀ ਜਿਹੀ ਵਾਰਤਾ ਹੈ-ਜੋ ਅਨਨਾਸਬ ਹੈ।

ਪੰਨਾ ੨੨ ਨੰ: ਦਾ ਫੁਟ ਨੋਟ-ਉਕਾ ਹੀ ਨਿਰਮੂਲ ਹੈ ਦੇਵਤੇ ਤੇ ਦੇਵੀ ਪ੍ਰਮਾਤਮਾ ਪੱਖੀ ਪਾਰਟੀ ਦਾ ਨਾਮ ਹੈ—ਇਨ੍ਹਾਂ ਦਾ ਇਕਤ੍ਰ ਹੋ ਕੇ ਕਿਸੇ ਮਸਲੇ ਨੂੰ ਵਿਚਾਰਨਾ ਕੁਦਰਤੀ ਖੇਡ ਹੀ ਸੀ, ਆਪਣੇ ਸ਼ੁਭ ਅਸ਼ੁਭ ਦੀ ਵਿਚਾਰ ਕਰਨਾ ਕੇਹੜੀ ਲੁੱਕੀ ਗੱਲ ਹੋਈ ? ਫੇਰ ਕੈਲਾਸ਼ ਪ੍ਰਬਤ ਤੇ ਜਾਣਾ ਜਾਂ ਉਥੋਂ ਬਾਹਰ ਆਉਣਾ ਕੀ ਅਲੋਕਾਰੀ ਗੱਲ ਹੈ ਜਦ ਕਿ ਪਾਰਬਤੀ ਦਾ ਨਿਵਾਸ ਸਥਾਨ ਹੀ ਕੈਲਾਸ਼ ਪ੍ਰਬਤ ਤੇ ਦੇਵੀ ਪਾਸ ਜਾਂਦੇ ਸੀ, ਕੀ ਅਜ ਅਸੀਂ ਕਿਸ਼ੀ ਐਕੜ ਦੇ ਵੇਲੇ ਕਿਸੇ ਹਮਦਰਦ ਦੇ ਪਾਸ ਜਾਣੋ ਸੰਕੋਚ ਕੀਤਾ ਹੈ ਕਦੇ ? ਨੰ: ੬ ਤੇ ੭ ਕਿਹਾ ਹੈ ਕਿ ਆਹ ਨੋਟ ਕਰਨ ਵਾਲਾ ਨੁਕਤਾ ਹੈ, ਕਿ ਛੰਦ ਨੰ: ੧੨੯ ਵਿਚ ਏਸੇ ਸ਼ਿਵਾ ਨੂੰ ਫੇਰ ਚੰਡਕਾ ਦਾ ਨਾਮ ਦਿਤਾ ਗਿਆ ਹੈ—ਜਦ ਕਿ ਦੁਰਗਾ, ਚੰਡਕਾ, ਸ਼ਿਵਾ, ਗਿਰਜਾ, ਹਿੰਗਲਾ ਪਿੰਗਲਾ, ਆਦਿ ਹੋਰ ਵੀ ਅਨੇਕਾਂ ਨਾਮ ਪੁਰਾਣਕ ਲਿਖਾਰੀਆਂ ਲਿਖੇ ਹਨ--ਇਨ੍ਹਾਂ ਦੇ ਹੁੰਦਿਆਂ ਹੋਇਆਂ ਇਹ ਨਾਮ ਪ੍ਰਮ ਪੁਰਖ-ਪ੍ਰਮ ਜੋਤ ਨਾਲੋਂ ਨਿਖੇੜੇ ਨਹੀਂ ਜਾ ਸਕਦੇ (ਮਨੇ ਨਾਉ ਬਸੰਖ ਦਰਗਹ ਪਾਵਣਾ) ਪੰਨਾ ੧੪੮ ਭਾਵ ਦਰਗਾਹ ਵਿਚ ਉਹੀ ਮਕਬੂਲ ਪਏਗਾ ਜਿਹੜਾ ਉਸ ਬੇਅੰਤ ਦੇ ਬੇਅੰਤ ਨਾਮਾਂ ਨੂੰ ਮੰਨੇਗਾ, ਜੋ ਕਿਸੇ ਹੋਰ ਭੌਤਕ-ਅਭੌਤਕ ਸ਼ਕਤੀ ਅਥਵਾ ਵਿਅਕਤੀ ਦਾ

Digitized by Panjab Digital Library | www.panjabdigilib.org

ਨਾਮ ਰਾਮ ਦੇ ਕਿਸੇ ਨਾਮ ਦਾ ਮੁਲਾਕਣ ਰਖਿਆ ਜਾਣ ਤੇ ਉਸਦੇ ਨਾਮ ਘਟਣ ਲਗਣ ਤਾਂ ਅਜ ਨੂੰ ਰਬ ਜੀ ਪਾਸ ਤਾਂ ਇਕ ਨਾਮ ਨਾਂ ਰਹਿੰਦਾ ਸਾਰੇ ਹੀ ਵੰਡੇ ਜਾਂਦੇ। ਕੋਈ ਆਤਮਾ ਰਾਮ ਹੈ ਕੋਈ ਪ੍ਰਮਾਤਮਾ ਰਾਮ ਹੈ, ਕੋਈ ਨਾਰਾਇਣ ਸਿੰਘ ਹੈ, ਕੋਈ ਕਰਤਾਰ ਸਿੰਘ, ਕੀ ਹੁਣ ਕਰਤਾਰ ਇਸ ਵਜਕਤੀਗਤ ਨੂੰ ਹੀ ਮੰਨ ਲਿਆ ਜਾਏਗਾ ? ਨਹੀਂ, ਇਹ ਨਾਮ ਤਾਂ ਸਗੋਂ ਉਸਦੀ ਯਾਦ ਕਰਵਾਉਂਦੇ ਹਨ। ਕੀ ਅਜ਼ਾਮਲ ਪਾਪੀ ਜਿਸ ਨੂੰ ਜਗ ਜਾਣਦਾ ਹੈ, ਪੁਤ੍ਰ ਦੇ ਹੇਤ ਕਰਕੇ ਨਾਰਾਇਣ ਕਹਿਣ ਨਾਲ ਮੁਕਤਿ ਹੋਣ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗਵਾਹੀ ਕਾਫ਼ੀ ਨਹੀਂ, ਫੇਰ ਗੁਰੂ ਗੋਬਿੰਦ ਤੇ ਇਹ ਬੰਦਸ ਕਾਹਦੀ।

ਨੋਟ ਨੰ: ੧੦ ਪੰ: ੨੩ ਤੇ ਬੜੇ ਉਤਸ਼ਾਹ ਤੇ ਫਖ਼ਰ ਨਾਲ ਲਿਖਿਆ ਹੈ ਕਿ ਇਹ ਦਸਣਾ ਬੜਾ ਲਾਹੇਵੰਦ ਹੋਵੇਗਾ ਕਿ (ਦੇਹ ਸ਼ਿਵਾ ਬਰ ਮੋਹਿ ਇਹੈ) ਵਾਲਾ ਸਵੈਯਾ ਚੰਡੀ ਚਰਿਤ੍ਰ ਉਕਤ ਬਿਲਾਸ ਵਿਚ ੨੩੧ਵੇਂ ਅੰਕ ਉਤੇ ਆਉਂਦਾ ਹੈ। ਇਸ ਤੋਂ ਅਗਲੇ ਦੋਵਾਂ ਛੰਦਾਂ ਵਿਚ ਦੇਵੀ ਭਗਤ, ਸਾਕਤ ਕਵੀ ਸ਼ਿਵਾ ਦੀ ਥਾਂ ਚੰਡੀ ਅਤੇ ਚੰਡਕਾ ਪਦ ਵਰਤਦਾ ਹੈ।

ਅਫ਼ਸੋਸ ਤੇ ਦੁਖ ਨਾਲ ਸੀਨਾ ਆਪ ਮੁਹਾਰਾ ਫੱਟ ਜਾਣਾ ਚਾਹੁੰਦਾ ਹੈ—ਜਦੋਂ ਅਸੀਂ ਨਿਰਮਲ ਪੰਥ ਦੇ ਗੁਰੂ ਦੇ ਸਿਖਾਂ ਨੂੰ ਬਿਨਾਂ ਹੀ ਕਿਸੇ ਪੂਰਨ ਸਬੂਤ ਦੇ ਆਪਣੀ ਕੁਟਲ ਦਲੀਲ ਦੇ ਅਧਾਰ ਤੇ, ਉਸ ਪੂਰਨ ਸਤਿਗੁਰੂ ਜਿਸਨੇ ਸਾਡੇ ਵਕਾਰ ਲਈ ਆਪਣਾ ਸਰਬੰਸ ਲੇਖੇ ਲਾ ਦਿਤਾ ਸੀ ਉਸਨੂੰ (ਸਾਕਤ ਕਵੀ) ਕਹਿ ਕੇ ਦੁਰਕਾਰ ਕੇ ਉਛਾਲਦੇ ਹਾਂ। ਆਪਣੀ ਤੁੱਛ ਬੁਧੀ ਨੂੰ ਤਾਂ ਤੋਲ-ਮਿਣ ਨਹੀਂ ਸਕੇ, ਹਿਮਾਲਾ ਪ੍ਰਬਤ ਨੂੰ ਉਂਗਲਾਂ ਨਾਲ ਮਿਣ ਕੇ ਨਾਪਣਾ ਚਾਹੁੰਦੇ ਹਾਂ। ਇਸੇ ਸੰਦ੍ਰਵ ਨੂੰ ਪੁਣ ਛਾਣ ਕੇ ਡਾਢੀ ਸੂਝਵਾਨ (ਗੁਰਮਤਿ ਪ੍ਰਚਾਰ ਸਭਾ) ਪਟਿਆਲਾ ਵਲੋਂ ਜਨਵਰੀ ੧੯੮੯ ਨੂੰ ਪਹਿਲੀ ਵਾਰ ੧੦੦੦੦ ਟਰੈਕਟ ਨੰ: ੧੫ ਛਪਾਕੇ ਸੰਗਤਾਂ ਦੀ ਸੂਝ-ਬੂਝ ਲਈ ਪ੍ਰਕਾਸ਼ਤ ਕਰਕੇ ਵੰਡਿਆ ਗਿਆ, ਜਿਸ ਦਾ ਸਿਰ-ਲੇਖ ਹੈ :—

(੭) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਇਕ ਭੁਲੇਖਾ—

ਸਾਡੇ ਵਿਚ ਗੁਰਬਾਣੀ ਨੂੰ ਵਿਚਾਰ ਨਾਲ ਪੜ੍ਹਨ ਅਤੇ ਸੁਣਨ ਦੀ ਜਿਥੇ ਬੜੀ ਵੱਡੀ ਘਾਟ ਹੈ ਉਥੇ ਸੋਝੀਵਾਨ ਤੇ ਨਿਰਪੱਖ ਲਿਖਾਰੀਆਂ (ਇਤਿਹਾਸਕਾਰਾਂ) ਦੀਆਂ ਗੁਰੂ ਸਾਹਿਬ ਬਾਰੇ ਲਿਖੀਆਂ ਲਿਖਤਾਂ ਨੂੰ ਪੜ੍ਹਨ ਸੁਣਨ ਦੀ ਰੁਚੀ ਵੀ ਨਾਂਹ ਵਰਗੀ ਹੈ; ਇਸੇ ਕਰਕੇ ਸਾਡੀ ਬਹੁਤੀ ਸਿਖ ਜਨੰਤਾ ਆਮ ਸੁਣੀ ਸੁਣਾਈ 'ਨੂੰ ਹੀ ਬਿਨਾਂ ਵਿਚਾਰੇ ਠੀਕ ਮੰਨ ਲੈਂਦੀ ਹੈ ਅਤੇ ਜਿਥੇ ਆਪ ਭੁਲ-ਭੁਲਈਆਂ ਵਿਚ ਰਹਿੰਦੀ ਹੈ ਉਥੇ ਗੁਰੂ ਪਾਤਸ਼ਾਹ ਦੇ ਕਮਾਏ ਅਤੇ ਦਰਸਾਏ ਮਹਾਨ ਨਿਸ਼ਾਨਿਆਂ ਤੋਂ' ਉਖੜੀ ਜਾ ਰਹੀ ਹੈ। ਕੁਝ ਲੋਕੀਂ ਨਾ ਸਮਝੀ ਵਿਚ ਜਾਂ ਜਾਣ ਬੁੱਝ ਕੇ ਜਾਂ ਅਗਿਆਨਤਾ ਵੱਸ ਕਹਿੰਦੇ ਸੁਣੀਂਦੇ ਹਨ ਕਿ (ਗੁਰੂ ਗੋਬਿੰਦ) ਜੀ ਮਹਾਰਾਜ ਦੇਵੀ ਦੇ ਉਪਾਸ਼ਕ ਸਨ। ਇਸ ਗੱਲ ਨੂੰ ਠੀਕ ਸਾਬਤ ਕਰਨ ਲਈ ਉਹ ਦਸਮ ਗ੍ਰੰਥ ਦੀਆਂ ਕੁਝ ਬਾਣੀਆਂ ਵਿਚੋਂ ੨-੩ ਤੁਕਾਂ ਦਾ ਹਵਾਲਾ ਦਿੰਦੇ ਹੋਏ ਕਹਿੰਦੇ ਹਨ ਕਿ ਉਹ ਦੁਰਗਾ, ਚੰਡੀ ਜਾਂ ਕਾਲਕਾ ਆਦਿ ਦੇਵੀ ਦੇ ਉਪਾਸ਼ਕ ਸਨ ਅਤੇ ਆਹ ਪੰਗਤੀ ਲੈ ਲੈਂਦੇ ਨੇ:—

ਉ—ਤਹ ਹਮ ਅਧਿਕ ਤਪਸਿਆ ਸਾਧੀ ॥
ਮਹਾ ਕਾਲ ਕਾਲਕਾ ਅਰਾਧੀ ॥ [ਬਚਿਤ੍ਰ ਨਾ:

ਅ—ਗੁਰ ਸਿਮਰ ਮਨਾਈ ਕਾਲਕਾ ਖੰਡੇ ਕੀ ਬੇਲਾ ॥
[ਭਾ: ਗੁਰਦਾਸ ਜੀ ਦੂਜੇ

ਏ—ਵਾਰ ਸ੍ਰੀ ਭਗਉਤੀ ਜੀ ਕੀ । ਪ੍ਰਿਥਮ ਭਗੌਤੀ ਸਿਮਰ ਕੈ । ਪਾ: ੧੦ ॥ ਇਹ ਪ੍ਰਮਾਣ ਦੇ ਦਿੰਦੇ ਹਨ, ਸ੍ਰੀ ਦਸਮ ਗ੍ਰੰਥ ਦੇ ਭਾਵੇਂ ਦਰਸ਼ਨ ਭੀ ਕਦੇ ਨਾ ਕੀਤੇ ਹੋਣ।

ਦਰ-ਅਸਲ ਕਿਸੇ ਇਕ ਅੱਧੀ ਪੰਗਤੀ ਜਾਂ ਤੁਕ ਨੂੰ ਉਸਦੇ ਅਗਲ-ਪਿਛਲ ਨਾਲੋਂ ਨਿਖੇੜ ਕੇ ਉਸਨੂੰ ਕਿਸੇ ਗੱਲ ਦਾ ਆਧਾਰ ਮੰਨ ਕੇ ਨਿਰਣਾ ਕਰ ਲੈਣਾ ਜਿਥੇ ਉਸ ਦੇ ਅਰਥਾਂ ਦਾ ਅਨਅਰਥ ਕਰਨਾ ਹੁੰਦਾ ਹੈ, ਉਥੇ ਉਸ ਰਚਨਾ ਦੇ ਰਚਨਹਾਰ ਨਾਲ ਸਖ਼ਤ ਬੇਇਨਸਾਫ਼ੀ ਕਰਨੀ ਵੀ। ਕਿਸੀ ਤੁਕ ਜਾਂ ਪੰਗਤੀ ਦੇ ਅਰਥ ਜਾਂ ਵਿਆਖਿਆ ਉਸ ਤੁੱਕ ਵਾਲੀ ਸਮੁਚੀ ਬਾਣੀ ਦੇ ਆਧਾਰ ਤੇ ਜਾਂ ਫਿਰ ਉਸ ਰਚਨਹਾਰ ਦੀਆਂ ਹੋਰ ਬਾਣੀਆਂ ਵਿਚਲੇ ਕੇਂਦਰੀ ਹਵਾਲੇ ਨਾਲ ਹੀ ਠੀਕ ਅਤੇ ਸਪਸ਼ਟ ਹੋ ਸਕਦੀ ਹੈ। ਕਿਉਂਕਿ ਕਿਸੇ ਦਰਸਾਈ ਪੰਗਤੀ ਦਾ ਭਾਵ ਉਸਦੇ ਰਚੇਤਾ ਦੀ ਹੋਰ ਰਚਨਾ ਵਿਚੋਂ ਕਈ ਥਾਂ

Digitized by Panjab Digital Library | www.panjabdigilib.org

ਮਿਲ ਜਾਇਆ ਕਰਦਾ ਹੈ। ਜੋ ਸਾਹਿਬੇ ਗੁਰੂ ਗੋਬਿੰਦ ਜੀ ਦਾ ਪ੍ਰਚਾਰ ਮਿਸ਼ਨ ਹੈ ਉਹ ਏਹ ਹੈ :-

ਕਸੂ ਨ ਭੇਖ ਭੀਜ ਹੋਂ ।
ਅਲਖ ਬੀਜ ਬੀਜ ਹੋਂ ।
ਪਖਾਨ ਪੂਜ ਹੌ ਨਹੀਂ ।
ਨ ਭੇਖ ਬੀਜ ਹੋ ਕਹੀਂ ।
ਅਨੰਤ ਨਾਮ ਗਾਇ ਹੋਂ ।
ਪਰਮ ਪੁਰਖ ਪਾਇ ਹੋਂ ।

ਪ੍ਰਮ ਪੁਰਖ ਦੀ ਪ੍ਰਾਪਤੀ ਦਾ ਸਾਧਨ ਹੀ ਇਕੋ-ਇਕ ਇਹ ਹੈ ਕਿ ਉਸ ਬੇਅੰਤ ਦੇ ਅਨੰਤ ਨਾਮ ਗਾਏ ਜਾਣ। ਸ਼ਸ਼ ਨਾਗ ਮੂਰਖ ਤਾਂ ਨਹੀਂ ਸੀ ਜੋ ਸਹੰਸਰ ਮੁਖ ਨਾਲ ਹਜਾਰਾਂ ਨਵੇਂ ਤੋਂ ਨਵੇਂ ਨਾਮ ਲੈਂਦਾ ਸੀ। ਟਰੈਕਟ ਨੰਬਰ ੧੫-ਪੰ: ੧੦ ਤੇ ਲੇਖ ਹੈ ਕਿ ਆਉ ਉਹਨਾਂ ਪੰਗਤੀਆਂ ਦੀ ਵੀਚਾਰ ਕਰੀਏ, ਜਿਨ੍ਹਾਂ ਦੇ ਆਧਾਰ ਤੇ ਭੁਲੇਖਾ ਪਾਇਆ ਜਾਂਦਾ ਹੈ-**ਮਹਾਂ ਕਾਲ ਕਾਲਿਕਾ ਅਰਾਧੀ** ਮਹਾ ਕਾਲ ਦਾ ਅਰਥ ਹੈ (ਮਹਾਂਨ ਕਾਲ) ਭਾਵ ਕਾਲ ਦਾ ਵੀ ਕਾਲ ਜੋ ਕਾਲ ਦਾ ਵੀ ਨਾਸ ਕਰਨ ਵਾਲਾ ਹੈ (ਨਮੋ ਕਾਲ ਕਾਲੇ) **ਜਾਪ ਸਾ: ਪਾ: ੧੦ ॥** ਕਈਆਂ ਦਾ ਸ਼ਾਇਦ ਖਿਆਲ ਹੋਵੇ ਕਿ ਇਸ ਪੰਗਤੀ ਵਿਚ [ਮਨਾਈ ਕਾਲੰਕਾ] ਨੂੰ ਇਸਤ੍ਰੀ ਲਿੰਗ ਵਿਚ ਲਿਖਣ ਦਾ ਭਾਵ ਕੋਈ ਦੇਵੀ ਹੀ ਹੋ ਸਕਦਾ ਹੈ। ਪਰ ਇਹ ਠੀਕ ਨਹੀਂ, ਕਿਉਂਕਿ 'ਪ੍ਰਮਾਤਮਾ, ਜਿਸ ਨੂੰ ਨਿਰੰਕਾਰ ਕਿਹਾ ਜਾਂਦਾ ਹੈ ਅਤੇ ਜਿਸ ਬਾਰੇ ਜਾਪ ਸਾਹਿਬ ਦੀ ਪਹਿਲੀ ਪਉੜੀ 'ਚ ਗੁਰੂ ਪਾਤਸ਼ਾਹ ਆਪ ਕਹਿੰਦੇ ਹਨ ਕਿ-ਉਸ [ਅਕਾਲ ਪੁਰਖ] ਦਾ ਕੋਈ ਚਿਹਨ ਚਕਰ ਨਹੀਂ, ਕੋਈ ਜਾਤ ਗੋਤ ਨਹੀਂ, ਕੋਈ ਰੂਪ ਰੰਗ ਨਹੀਂ ਜਿਵੇਂ :-

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ।
ਰੂਪ ਰੰਗ ਅਰੁ ਚੇਖ ਭੇਖ ਕੋਉ ਕਹਿ ਨ ਸਕਤ ਕਿਹ ।

ਇਸ ਤਰ੍ਹਾਂ ਉਸ ਅਕਾਲ ਪੁਰਖ ਦਾ ਕੋਈ ਲਿੰਗ ਨਹੀਂ, ਉਸਨੂੰ ਇਸਤ੍ਰੀ ਲਿੰਗ ਅਤੇ ਪੁਲਿੰਗ ਦੋਹਾਂ ਰੂਪਾਂ ਵਿਚ ਵਰਨਣ ਕੀਤਾ ਜਾਂ ਸਕਦਾ ਹੈ। ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਵਿਚ।

(ਤੂੰ ਮੇਰਾ ਪਿਤਾ ਤੂੰ ਹੈਂ ਮੇਰਾ ਮਾਤਾ) ਮਾਤਾ 'ਇਸਤ੍ਰੀ ਲਿੰਗ ਨਾਲ ਸਬੰਧਕ 'ਮੇਰਾ' ਪੁਲਿੰਗ ਹੀ ਵਰਤਿਆ ਗਿਆ ਹੈ ਜਦ ਕਿ ਆਮ ਹਾਲਤ ਵਿਚ ਇਸਤ੍ਰੀ ਲਿੰਗ ਸ਼ਬਦ ਦੇ ਨਾਲ ਸਬੰਧਕ ਵੀ ਇਸਤ੍ਰੀ ਲਿੰਗ (ਮੇਰੀ) ਵਰਤਿਆ ਜਾਂਦਾ। ਜਿਵੇਂ ਕਿ ਇਕ ਹੀਜੜਾ ਆਪਨੂੰ ਪੇਸ਼ ਕਰਦਾ ਹੈ। ਜਬ ਗਾਤੀ ਔਰ ਬਜਾਂਤੀ ਥਾ। ਸੋ ਤ੍ਰਹ ਕੇ ਨਾਜ਼ ਦਿਖਾਤੀ ਥਾ।

ਇਸੇ ਤਰ੍ਹਾਂ "ਭਗਉਤੀ" ਕੀ ਵਾਰ (ਪ੍ਰਿਥਮ ਭਗੌਤੀ ਸਿਮਰਕੇ) ਭਗੌਤੀ ਦਾ ਅਰਥ ਵੀ 'ਮਹਾਂ ਕਾਲ' ਜਾਂ ਪ੍ਰਮਾਤਮਾਂ ਹੀ ਹੈ, ਦੇਵੀ ਨਹੀਂ। ਗੁਰੂ ਪਾਤਸ਼ਾਹ ਨੇ ਆਪਣੀ ਰਚਨਾ (ਬਚਿਤ੍ਰ ਨਾਟਕ) ਵਿਚ ਅਕਾਲ ਪੁਰਖ ਨੂੰ ਬੇਅੰਤ ਨਾਵਾਂ ਨਾਲ ਵਰਣਨ ਕੀਤਾ ਹੈ। ਆਪ ਨੇ ਜਿਥੇ ਪ੍ਰਮਾਤਮਾ ਨੂੰ-ਅਕਾਲ ਪੁਰਖ ਕੀ ਰਛਾ ਹੋਮਨੈਂ ਲਿਖਿਆ ਹੈ ਓਥੇ :-

ਸਰਬ ਲੋਹ ਕੀ ਰਛਿਆ ਹਮਨੈ।
ਸਰਬ ਕਾਲ ਜੀ ਦੀ ਸਦਾ ਰਛਿਆ ਹਮਨੈ।
ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ।

ਭਾਵ-ਪ੍ਰਮਾਤਮਾਂ ਨੂੰ ਸ਼ਰਬ ਲੋਹ ਅਤੇ ਸਰਬ ਕਾਲ ਦੇ ਨਾਵਾਂ ਨਾਲ ਵਰਣਨ ਕੀਤਾ ਹੈ-ਮੈ ਨ ਗਣੇਸਹਿ ਪ੍ਰਿਥਮ ਮਨਾਊ ॥ ਵਾਲੀ ਚੌਪਈ ਵਿਚ ਹੀ ਆਪ ਪ੍ਰਮਾਤਮਾਂ ਨੂੰ, ਮਹਾਂਕਾਲ ਅਤੇ ਮਹਾਂ ਲੋਹ ਨਾਵਾਂ ਨਾਲ ਵਰਣਨ ਕਰਦੇ ਹਨ-'ਮਹਾਂ ਕਾਲ ਰਖਵਾਰ ਹਮਾਰੋ। ਮਹਾ ਲੋਹ ਮੈਂ ਕਿੰਕਰ ਥਾਰੋ। ਇਹ ਵੀ ਯਾਦ ਰਹੇ ਕਿ ਗੁਰੂ ਪਾਤਸ਼ਾਹ ਨੇ ਅਕਾਲ ਪੁਰਖ ਨੂੰ ਖੜਗ ਤੇ ਖੰਡਾ ਕਹਿ ਕੇ ਵੀ ਨਮਸਕਾਰ ਕੀਤੀ ਹੈ:-

ਨਮਸਕਾਰ ਸ੍ਰੀ ਖੜਗ ਕੋ- ਅਤੇ
ਜੈ ਜਗ ਕਾਰਣ ਸ੍ਰਿਸਟ ਉਬਾਰਣ।
ਮਮ ਪ੍ਰਤਪਾਰਣ ਜੈ ਤੈਗ ।

ਖਿਆਲ ਰਹੇ ਤੈਗ, ਤਲਵਾਰ ਦੇ ਅਰਥਾਂ ਵਿਚ ਦੀ ਵੀ ਜਗ ਕਾਰਣ ਅਤੇ ਸ੍ਰਿਸ਼ਟ ਉਬਾਰਣ ਨਹੀਂ ਹੋ ਸਕਦੀ, ਇਥੇ ਤੈਗ ਅਤੇ ਖੜਗ ਮਹਾਂ ਕਾਲ ਦੇ ਹੀ ਅਰਥ ਹਨ। ਇਸੇ ਤਰ੍ਹਾਂ ਆਪਣੀ ਰਚਨਾ ਵਿਚ ਆਪ ਜੀ ਨੇ (ਪ੍ਰਮਾਤਮਾ) ਨੂੰ ਕਿਧਰੇ ਖੰਡਾ, ਕਿਧਰੇ ਜਵਾਲਾ, ਕਿਧਰੇ ਮਈਆ, ਕਿਧਰੇ ਦੇਵੀ ਨਾਮ ਨਾਲ ਵੀ ਵਰਣਨ ਕੀਤਾ ਹੈ। ਲੇਖਕ ਲੋਕ ਜਾਣਦੇ ਹਨ ਕਿ ਕਿਸੇ ਗ੍ਰੰਥ ਦਾ ਕਰਤਾ ਆਪਣੇ ਇਸ਼ਟ ਤੋਂ ਛੁਟ ਹੋਰ ਕਿਸੇ ਦੇਵੀ ਦੇਵਤੇ ਦਾ ਨਾਂ ਮੰਗਲ ਵਿਚ ਨਹੀਂ ਧਰਿਆ ਕਰਦੇ ਸਗੋਂ ਮੰਗਲ ਤੋਂ ਹੀ ਕੰਵੀ

Digitized by Panjab Digital Library | www.panjabdigilib.org

ਦਾ ਇਸ਼ਟ ਜਾਣਿਆ ਜਾਂਦਾ ਹੈ। ਇਸ ਤਰ੍ਹਾਂ ਗੁਰੂ ਪਾਤਸ਼ਾਹ ਨੇ ਕਿਧਰੇ ਵੀ ਦੇਵੀ ਨੂੰ ਇਸ਼ਟ ਮੰਨ ਕੇ ਮੰਗਲ ਨਹੀਂ ਕੀਤਾ, ਸਗੋਂ ਆਪਣੀਆਂ ਸਾਰੀਆਂ ਬਾਣੀਆਂ—੧ਓ ਵਾਹਿਗੁਰੂ ਜੀ ਕੀ ਫ਼ਤੇਹ: ਲਿਖ ਕੇ ਹੀ ਮੰਗਲਾਚਰਨ ਕੀਤਾ ਹੈ (ਤੇਂ ਹੀ ਦੁਰਗਾ ਸਾਜ ਕੈ ਦੈਂਤਾਂ ਦਾ ਨਾਸ਼ ਕਰਾਇਆ) ਅਗੇ ਅਖੀਰ ਵਿਚ ਦੇਖੋ: ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਪਾਤਸ਼ਾਹ 'ਦੁਰਗਾ' (ਦੇਵੀ) ਦੇ ਉਪਾਸਕ ਨਹੀਂ ਸਨ ਸਗ' ਦੁਰਗਾ ਦੇ ਸਾਦਨਹਾਰੇ—ਭਗਉਤੀ (ਅਕਾਲ ਪੁਰਖ) ਦੇ ਪੁਜਾਰੀ ਸਨ, ਜਿਸ ਨੂੰ ਦੂਜੀ ਪਉੜੀ ਵਿਚ 'ਤੈਂਹੀ' ਨਾਲ ਅਤੇ 'ਤੈਥੋਂ' ਆਦਿ ਸ਼ਬਦਾਂ ਨਾਲ ਸੰਬੋਧਨ ਕੀਤਾ ਹੈ।

(੮) **ਮਹੱਤਵ ਪੂਰਨ ਗੱਲ** :—ਗਿ: ਨਰੈਣ ਸਿੰਘ ਮੁਜੰਗਾਂ ਵਾਲੇ ਦੇ ਕਥਨ ਅਨੁਸਾਰ ਮਹੱਤਵ ਪੂਰਨ ਗਲ ਨੋਟ ਕਰਨ ਵਾਲੀ ਇਹ ਹੈ ਕਿ ਦੋਵੇਂ 'ਚੰਡੀ ਚਰਿਤ੍ਰ' ਅਤੇ 'ਸ੍ਰੀ ਭਗਉਤੀ ਕੀ ਵਾਰ' ਮਾਰਕੰਡੇ ਪੁਰਾਣ ਦੇ ਅਧਿਆਇ ੮੧ ਤੋਂ ੯੪ ਤਕ ਦਾ ਸੁਤੰਤਰ ਅਨੁਵਾਦ ਹਨ। ਇਸ ਸਬੰਧ 'ਚ ਗੁਰੂ ਪਾਤਸ਼ਾਹ ਚੰਡੀ ਚਰਿਤ੍ਰ ਪਹਿਲਾ ਦੇ ਛੇਵੇਂ ਸਵੈਯੇ ਵਿਚ ਆਪ ਫੁਰਮਾਉਂਦੇ ਹਨ—

ਭਾਖਾ ਸੁਰ ਸਭ ਕਰ ਹੋ ਧਰਿ ਹੈ ਕ੍ਰਿਤ ਮੈਂ।
ਅਦਭੁਤ ਕਥਾ ਅਪਾਰ ਸਮਝ ਕਰ ਚਿਤ ਮੈਂ।

ਜਿਸਦਾ ਭਾਵ ਇਹ ਹੈ ਕਿ ਸੰਸਕ੍ਰਿਤ ਵਿਚ ਲਿਖੀ ਮਾਰਕੰਡਾ ਪੁਰਾਣ ਦੀ, ਇਸ ਕਥਾ ਨੂੰ ਅਦਭੁਤ ਸਮਝਕੇ ਇਸਦੀ ਸੁਹਣੀ ਦੇਸੀ ਬੋਲੀ ਵਿਚ ਅਨੁਵਾਦ ਕਵਿਤਾ ਦੇ ਰੂਪ ਵਿਚ ਕੀਤਾ ਹੈ। ਤਾਂ ਜੋ ਆਮ ਲੋਕ ਜੋ ਸੰਸਕ੍ਰਿਤ ਨੂੰ ਨਹੀਂ ਸਮਝਦੇ ਇਸਨੂੰ ਸਮਝ ਸਕਣ।

ਦੂਜੀ ਮਹੱਤਵ ਪੂਰਨ ਗੱਲ ਇਹ ਹੈ ਕਿ ਪਾਤਸ਼ਾਹ ਚੰਡੀ ਚਰਿਤ੍ਰ ਪਹਿਲਾ ਦੇ ਅਰੰਭ ਵਿਚ ਹੀ ਅਕਾਲ ਪੁਰਖ ਦੇ ਮੰਗਲਾਚਰਨ ਵਾਲੇ ਸਵੈਯੇ ਤੋਂ ਪਿਛੋਂ ਦੂਜੇ ਸਵੈਯੇ ਵਿਚ ਪ੍ਰਮਾਤਮਾ ਨੂੰ ਸੰਬੋਧਨ ਕਰਦਿਆਂ ਕਹਿੰਦੇ ਹਨ :—

ਤਾਰਨ ਲੋਕ ਉਧਾਰਨ ਭੂਮਹਿ ਦੈਤ
ਸੰਘਾਰਨ ਚੰਡੀ ਤੂੰ ਹੀ ਹੈ।
ਕਾਰਨ ਈਸ ਕਲਾ ਕਮਲਾ ਹਰਿ
ਅਦ੍ਰਿਸ਼ੁਤਾ ਜਹ ਦੇਖੋ ਉਹੀ ਹੈ।

ਭਾਵ :-ਧਰਤੀ ਉਤੇ ਲੋਕਾਂ ਨੂੰ ਤਾਰਨ ਅਤੇ ਉਨ੍ਹਾਂ ਦਾ ਉਧਾਰ ਕਰਨ ਅਤੇ ਦੈਂਤਾਂ ਨੂੰ ਸੰਘਾਰਨ ਵਾਲਾ 'ਚੰਡ' [ਚੰਡੀ] ਤੂੰਹੀ ਹੈਂ। ਵਿਸ਼ਨੂੰ, ਮਹੇਸ਼, ਲਛਮੀ [ਕਮਲਾ] ਤੇ ਪਹਾੜ ਦੀ ਦੇਵੀ ਆਦ੍ਰਿਸ਼ਤਾ ਸ਼ਕਤੀ ਵੀ ਤੂੰਹੀ ਹੈਂ:—

ਯਾਦ ਰਹੇ ਕਿ ਦੁਰਗਾ (ਚੰਡਕਾ) ਭਗੌਤੀ, ਕਾਲੀ, ਭਵਾਨੀ ਨੂੰ ਪਹਾੜਾਂ ਦੀ ਦੇਵੀ ਵੀ ਕਿਹਾ ਗਿਆ ਹੈ, ਜਿਸ ਤੋਂ ਇਹ ਸਵਾਲ ਪੈਦਾ ਹੋ ਸਕਦਾ ਹੈ ਕਿ ਗੁਰੂ ਪਾਤਸ਼ਾਹ ਨੂੰ ਮਾਰਕੰਡੇ ਪੁਰਾਣ ਵਿਚੋਂ ਇਹ ਕਥਾ ਅਨੁਵਾਦ ਕਰਨ ਦੀ ਕਿਉਂ ਲੋੜ ਪਈ। ਜਾਂ ਇਸਦੀ ਕੀ ਮਹਾਨਤਾ ਜਾਂ ਮਹਤਤਾ ਸੀ ਆਦਿ.....। ਇਸ ਗੱਲ ਨੂੰ ਸਮਝਣ ਤੋਂ ਪਹਿਲਾਂ ਸਾਨੂੰ ਗੁਰੂ ਪਾਤਸ਼ਾਹ ਦਾ ਇਸ ਸੰਸਾਰ ਵਿਚ ਆਉਣ ਦਾ ਮਨੋਰਥ ਜਾਂ ਉਦੇਸ਼ ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ ਜੋ ਆਪ ਜੀ ਨੇ ਬਚਿਤ੍ਰ ਨਾਟਕ ਵਿਚ ਹੀ ਲਿਖਿਆ ਹੈ ਸਾਹਮਣੇ ਰਖਣਾ ਪਏਗਾ।

ਜਾਹੀ ਕਾਜ ਧਰਾ ਹਮ ਜਨਮੰ।
ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਬਾਰਨ।
ਦੁਸ਼ਟ ਸਭਨ ਕੋ ਮੂਲ ਉਪਾਰਨ।

ਗੁਰੂ ਪਾਤਸ਼ਾਹ ਦੇ ਸਮੇਂ ੬-੭ ਸੌ ਸਾਲ ਤੋਂ ਚਲੀ ਆ ਰਹੀ ਇਸਲਾਮੀ ਹਕੂਮਤ (ਰਾਜ) ਅਤੇ ਉਸ ਤੋਂ ਪਹਿਲਾਂ ਇਸਲਾਮ ਧਰਮ ਦੇ ਅਨੁਜਾਈਆਂ ਹਮਲਾਆਵਰਾਂ ਦੀਆਂ ਲੁੱਟਾਂ-ਮਾਰਾਂ ਸਾੜ-ਫੂਕ ਤਬਾਹੀ ਬਰਬਾਦੀ, ਤੀਵੀਆਂ ਦੀ ਰਜ ਕੇ ਬੇਇਜ਼ਤੀ ਅਤੇ ਹਿੰਦੂਆਂ ਵਿਰੁੱਧ ਸਖਤ ਕਟੜ-ਪੰਥੀ ਨੀਤੀਆਂ ਅਤੇ ਇਨ੍ਹਾਂ ਦੇ ਧਾਰਮਕ ਇਸ਼ਟਾਂ ਦੀ ਰਜ ਕੇ ਨਿਰਾਦਰੀ ਕਰਨੀ ਅਤੇ ਇਨ੍ਹਾਂ ਉਤੇ ਹੋਰ ਧਾਰਮਕ ਪਾਬੰਦੀਆਂ ਨੇ ਹਿੰਦ ਵਾਸੀਆਂ ਦੀ ਜ਼ਮੀਰ ਨੂੰ ਕੁਚਲ ਹੀ ਦਿਤਾ ਸੀ। ਹਿੰਦੂਆਂ ਉਤੇ ਮੁਕੰਮਲ ਦਹਿਸ਼ਤ ਅਤੇ ਰਾਕਸ਼ਪੁਣੇ ਦਾ ਪੂਰਾ ਜ਼ੋਰ ਸੀ। ਐਸੇ ਹਾਲਾਤ ਵਿਚ ਧਰਮ ਨੂੰ ਮੁੜ ਆਪਣੇ ਪੈਰਾਂ ਉਤੇ ਖੜਾ ਕਰਨ ਲਈ ਗੁਰੂ ਪਾਤਸ਼ਾਹ ਦਾ ਉਪਰ ਦਿਤਾ ਪ੍ਰੋਗਰਾਮ 'ਧਰਮ ਚਲਾਵਨ ਅਤੇ ਦੁਸ਼ਟ ਉਬਾਰਨ, ਲਈ ਅਨੇਕਾਂ ਲੋਕਾਂ ਨੂੰ ਜਿਥੇ ਆਖਣੇ ਅਮੀਰ ਵਿਰਸੇ ਤੋਂ ਜਾਣੂ ਕਰਾਉਣਾ ਜਰੂਰੀ ਸੀ ਉਥੇ ਇਸਨੂੰ ਬਚਾਉਣ ਲਈ ਉਨ੍ਹਾਂ ਅੰਦਰ ਜੰਗੀ ਮਨੋਬਿਰਤੀ ਜਗੌਣ ਦੀ ਵੀ ਲੋੜ ਸੀ। ਜਦ ਕਿ ਖੱਤਰੀ ਅਤੇ ਰਾਜਪੂਤ ਜੋ ਜਾਤੀ ਵੰਡ ਅਨੁਸਾਰ ਕੌਮ ਦਾ ਬਾਹੂਬਲ ਬਣਾਏ ਗਏ ਸਨ ਉਹ ਸਤਹੀਨ,

Digitized by Panjab Digital Library | www.panjabdigilib.org

ਬੇਅਣਖੇ ਅਤੇ ਨਾਕਾਰਾ ਹੋ ਚੁਕੇ ਸਨ। ਖਤਰੀਆਂ ਨੂੰ ਫੌਜੀ ਨੌਕਰੀਆਂ ਤੋਂ ਦੂਰ ਰੱਖਣ ਕਾਰਨ ਉਨ੍ਹਾਂ ਦੀ ਜੰਗ ਕਰਨ ਵਾਲੀ ਮਾਨੋਂਬਿਰਤੀ ਸੁੱਤੀ ਹੀ ਨਹੀਂ ਸਗੋਂ ਖਤਮ ਹੋ ਚੁਕੀ ਸੀ, ਜੋ ਮਾੜੀ ਮੋਟੀ ਨੌਕਰੀ ਜਾਂ ਦੁਕਾਨਦਾਰੀ ਕਰਕੇ ਝੱਟ ਟਪਾਉਂਦੇ ਸਨ, ਗੁਰੂ ਦਾ ਪਵਿਤ੍ਰ ਬਚਨ ਹੈ (ਖਤ੍ਰੀਆਂ ਤ ਧਰਮ ਛੋਡਿਆ ਮਲੇਛ ਭਾਖਾ ਗਹੀ) ਸਾਰੇ ਕੰਮ ਉਰਦੂ ਫ਼ਾਰਸੀ ਵਿਚ ਹੋਣ ਲਗ ਪਏ ਸਨ, ਰਾਜਪੂਤ ਆਪਣੀਆਂ ਪੁਤ੍ਰੀਆਂ ਮੁਗ਼ਲ ਹਾਕਮਾਂ ਨਾਲ ਵਿਆਹ ਕੇ ਰਾਜਸਤਿਆ ਦੀ ਖੁਸਨੂਦੀ ਹਾਸਲ ਕਰਨ 'ਚ ਫ਼ਖਰ ਸਮਝਦੇ ਸਨ ਅਤੇ ਆਪਣੇ ਆਪ ਨੂੰ ਮੀਆਂ ਜਾਂ ਮਿਰਜਾ ਅਖਵਾਉਣ 'ਚ ਮਾਨ ਸਮਝਣ ਲਗ ਪਏ ਸਨ, ਜਿਵੇਂ ਰਾਜਪੂਤ ਰਾਜਾ ਮਾਨ ਸਿੰਘ (ਮਿਰਜਾ ਰਾਜਾ ਮਾਨ ਸਿੰਘ ਅਖਵਾਉਣ ਲਗ ਪਿਆ ਸੀ। ਉਸ ਵੇਲੇ ਭਾਰਤੀ ਸਭਿਆਚਾਰ–ਹਿੰਦੂ ਧਰਮ, ਖੱਤਰੀ ਤੇ ਰਾਜਪੂਤੀ ਦੇ ਜ਼ੌਹਰ ਦਾ ਇਹ ਹਾਲ ਸੀ ਜੋ ਦਰਿਆ ਦੇ ਕੰਢੇ ਤੇ ਖੜੇ ਰੁਖ ਦਾ ਹੁੰਦਾ ਹੈ।

(੬) ਐਸੀ ਦਸ਼ਾ ਵਿਚ — ਗੁਰੂ ਪਾਤਸ਼ਾਹ ਨੇ ਆਮ ਲੋਕਾਂ ਨੂੰ ਉਨ੍ਹਾਂ ਦੇ ਪੁਰਾਤਨ ਧਾਰਮਕ ਅਤੇ ਸਭਿਆਚਾਰਕ ਵਿਰਸੇ ਤੋਂ ਜਾਣੂ ਕਰੌਣਾ ਜ਼ਰੂਰੀ ਸਮਝਿਆ ਤਾਂ ਜੋ ਉਹਨਾਂ ਦੀ ਦੱਬੀ, ਕੁਚਲੀ. ਮੁਰਦਾ ਹੋਇ ਜ਼ਮੀਰ ਨੂੰ ਝੰਜੋੜਿਆ-ਜਗਾਇਆ ਅਤੇ ਗਿਆਨ ਅੰਜਨ ਉਹਨਾਂ ਦੀ ਨੇਤ੍ਰੀ ਪਾ ਕੇ ਜਗਾ ਕੇ ਚੁਸਤ ਕਰਨ ਲਈ, ਉਹਨਾਂ ਦੀ ਆਪਣੀ ਸੰਸਕ੍ਰਿਤੀ ਵਿਚੋਂ ਹੀ ਪ੍ਰਮਾਣ ਦੇਕੇ ਝੰਜੋੜਿਆ ਤੇ ਦਸਿਆ ਕਿ ਤੁਹਾਡੇ ਬਡੇਰੇ–ਰਾਵਣ ਨਾਲ ਕਿਵੇਂ ਲੋਹਾ ਲਿਆ ਸੀ। ਰਾਵਣ ਨੇ ਆਪਣੀ ਭੈਣ ਸਰੂਪਨ ਖਾਂ ਬਦਲੇ ਕਿਵੇਂ ਲੰਕਾ ਬਰਬਾਦ ਕਰੀ ਸੀ ਪਰ ਮੌਤ ਤੋਂ ਡਰਕੇ ਪਿਛੇ ਨਹੀਂ ਸੀ ਹਟਿਆ। ਆਦਿ ਆਦਿ। ਕਿਉਂਕਿ ਕੁਚਲੀ ਹੋਈ ਆਤਮਾ ਦਾ ਨਾਂ ਕੋਈ ਧਰਮ ਹੁੰਦਾ ਹੈ ਨਾ ਹੀ ਇਮਾਨ, ਕੰਨੋਂ ਫੜ੍ਹ ਕੇ ਕੋਈ ਕਿਧਰੇ ਨੂੰ ਲੈ ਜਾਵੇ। ਛੋਟੇ ਮੋਟੇ ਦਬਾਉ ਜਾਂ ਥੋੜਾ ਜਿਹਾ ਲਾਲਚ ਨੂੰ ਤੱਕ ਕੇ ਕੁੱਤੇ ਵਾਂਗ ਸਿਰ ਨੀਵਾਂ ਕਰ ਲੈਂਦਾ ਹੈ–ਜਿਵੇਂ ਕੁੱਤਾ ਇਕ ਬੁਰਕੀ ਰੋਟੀ ਅਗੇ ਝੁਕ ਜਾਂਦਾ ਹੈ। ਇਹੋ ਜਿਹੀ ਗਿਰੀ ਹੋਈ, ਕੁਚਲੀ ਗਈ ਤੇ ਦੱਬੀ ਹੋਈ ਜਮੀਰ ਤੋਂ ਹਿੰਦੂ, ਹਿੰਦੀ ਜਾਂ ਕਿਸੇ ਧਰਮ ਦੀ ਅਥਵਾ ਅਣਖ ਦੀ ਰਾਖੀ ਜਾਂ ਰਖਿਆ ਦੀ ਕੀ ਆਸ ਰੱਖੀ ਜਾ ਸਕਦੀ ਹੈ।

ਪੰਨਾ ੧੯ ਤੇ ਲਿਖਦੇ ਹਨ ਕਿ ਗੁਰੂ ਪਾਤਸ਼ਾਹ ਉਨ੍ਹਾਂ ਦੀ ਦੱਬੀ ਹੋਈ ਕੁਚਲੀ ਹੋਈ ਜ਼ਮੀਰ ਅੰਦਰ ਮੁੜ ਸਾਹਸ-ਦਲੇਰੀ ਅਤੇ ਸਵੈਮਾਨ ਤੇ ਵਿਸ਼ਵਾਸ ਪੈਦਾ ਕਰਨਾ ਚਾਹੁੰਦੇ ਸਨ ਜੁ ਉਹ ਅੱਣਖ ਦਾ ਆਧਾਰ ਬਣ ਸਕੇ। ਪਰ ਉਨ੍ਹਾਂ ਦਾ ਮੁਢਲਾ ਸਾਰਾ ਸਾਹਿਤ 'ਸੰਸਕ੍ਰਿਤ' ਬੋਲੀ ਵਿਚ ਸੀ। ਇਸ ਕਰਕੇ ਗੁਰੂ ਪਾਤਸ਼ਾਹ ਨੇ ਆਪਣੇ ਮਿਥੇ ਪ੍ਰੋਗਰਾਮ (ਧਰਮ ਚਲਾਵਨ ਦੁਸ਼ਟ ਉਪਾਰਨ) ਨੂੰ ਚਾਲੂ ਰਖਣ ਲਈ ਉਨ੍ਹਾਂ ਦੇ ਪ੍ਰਚਲਤ ਧਾਰਮਕ ਗ੍ਰੰਥ, ਰਾਮਾਇਣ, ਮਹਾਂ ਭਾਰਤ ਅਤੇ ਮਾਰਕੰਡੇ ਪੁਰਾਣ ਭਾਗਵਤ ਆਦਿ ਵਿਚੋਂ ਦੇਵੀ–ਦੇਵਤਿਆਂ ਤੇ ਰਾਖਸ਼ਾਂ ਨਾਲ ਹੋਇ ਜੁਧਾਂ ਜੰਗਾਂ ਨੂੰ ਸੰਸਕ੍ਰਿਤ ਤੋਂ ਲੋਕ ਬੋਲੀ ਵਿਚ ਖੁਲ੍ਹਾ ਅਨੁਵਾਦ ਆਪ ਕੀਤਾ।

ਇਨ੍ਹਾਂ ਕਥਾਵਾਂ ਵਿਚ ਧਰਮ ਅਤੇ ਅੱਣਖ ਨੂੰ ਬਚਾਉਣ ਖਾਤਰ ਅਧਰਮੀ-ਰਾਖਸ਼ਾਂ ਅਤੇ ਦੈਂਤਾਂ, ਰਾਵਣ, ਕੰਸ, ਕੌਰਵ, ਮਹਿਖਾਸੁਰ ਆਦਿ ਨਾਲ ਜ਼ਬਰਦਸਤ ਲੜਾਈਆਂ ਲੜਨ ਉਪ੍ਰੰਤ ਧਰਮ ਦੀ ਜਿੱਤ ਦਾ ਵਰਨਣ ਕੀਤਾ ਅਤੇ ਇਨ੍ਹਾਂ ਦੇ ਮੁਖ ਹੇਤੂ (ਨਾਇਕ) ਰਾਮ, ਕ੍ਰਿਸ਼ਨ, ਚੰਡੀ ਅਤੇ ਦੁਰਗਾ (ਦੇਵੀ) ਆਦਿ ਦਰਸਾਏ ਗਏ ਸਨ, ਜਿਨ੍ਹਾਂ ਨੂੰ ਭਾਰਤੀ ਆਪਣਾ ਇਸ਼ਟ, ਅਵਤਾਰ ਜਾਂ ਦੇਵੀ. ਮੰਨ ਕੇ ਪੂਜਦੇ ਚਲੇ ਆ ਰਹੇ ਸਨ। ਅਤੇ ਹਾਕਮ ਲੋਕ ਇਨ੍ਹਾ ਦੀ ਜਮੀਰ ਦਬਾਉਣ (ਕੁਚਲਣ) ਲਈ ਅਤੇ ਉਨ੍ਹਾਂ ਦੇ ਧਾਰਮਕ ਵਿਸ਼ਵਾਸ ਨੂੰ ਨਿਕੰਮਾਂ ਦਿਖਾਉਣ ਲਈ ਹੀ ਇਨ੍ਹਾਂ ਦੇ ਪੂਜ ਯੋਗ ਇਸ਼ਟ ਦੀ ਰਜ ਕੇ ਨਿਰਾਦਰੀ ਕਰਦੇ ਸਨ, ਗੁਰੂ ਪਾਤਸ਼ਾਹ ਨੇ ਇਨ੍ਹਾਂ ਅਨੁਵਾਦਾਂ ਵਿਚ ਨਾਇਕਾਂ ਦੀ ਵਡਿਆਈ ਉਭਰਕੇ ਸਾਹਮਣੇ ਲਿਆਂਦੀ ਅਤੇ ਉਨ੍ਹਾਂ ਤੋਂ ਅਧਰਮੀਆਂ ਦਾ ਨਾਸ ਹੁੰਦਾ ਦਿਖਾ ਕੇ ਉਨ੍ਹਾਂ ਪ੍ਰਤੀ ਧਾਰਮਕ ਵਿਸਵਾਸ ਮੁੜ ਸੁਰਜੀਤ ਕਰਨ ਦਾ ਉਪਰਾਲਾ ਕੀਤਾ, ਇਸੇ ਕਰਕੇ ਚੰਡੀ ਚਰਿਤਾਂ ਵਿਚ ਗੁਰੂ ਪਾਤਸਾਹ ਨੇ 'ਭਗਉਤੀ, ਜੀ ਕੀ ਵਾਰ ਵਿਚ ਇਕ ਪਾਸੇ, ਚੰਡੀ ਕਾ ਭਵਾਨੀ, ਦੁਰਗਾ ਆਦਿ ਦੀ ਅਗਵਾਈ ਕਰਦਿਆਂ ਦੂਜੇ ਪਾਸੇ ਮਹਿਖਾਸੁਰ ਦੈਂਤ ਦੀ ਅਗਵਾਈ ਹੇਠ ਅਧਰਮੀ ਦੈਂਤਾਂ ਰਾਖਸ਼ਾਂ ਨਾਲ ਹੋਈਆ ਲਹੂ-ਬੇਢਬੀਆਂ ਲੜਾਈਆਂ ਲੜਦਿਆਂ ਵਿਖਾਇਆ ਹੈ–ਅਤੇ ਅੰਤ ਧਰਮ ਦੀ ਜਿੱਤ ਦੱਸੀ ਤੇ ਦਿਖਾਈ ਹੈ। ਸਭੇ-ਦੁਸ਼ਟ ਮਾਰੇ, ਮਈਆ ਸੰਤ ਉਬਾਰੇ ਲਿਖ ਕੇ (ਦੁਰਗਾ-ਮਈਆ) ਵਿਚ ਵਿਸ਼ਵਾਸ ਰਖਣ ਵਾਲਿਆਂ ਦਾ ਧਾਰਮਕ ਵਿਸ਼ਵਾਸ

Digitized by Panjab Digital Library | www.panjabdigilib.org

ਜਿਥੇ ਮੁੜ ਬੰਨ੍ਹਾਇਆ, ਉਥੇ ਦੂਜੇ ਪਾਸੇ, ਉਨ੍ਹਾਂ ਵਿਚ ਜੰਗੀ ਨਜ਼ਾਰਿਆਂ ਰਾਹੀਂ ਜੰਗ ਵਾਲੀ ਮਨੋ-ਬਿਰਤੀ ਉਜਾਗਰ ਕਰਨ ਦਾ ਜਤਨ ਕੀਤਾ। ਇਹ ਵਰਣਨ ਢੰਗ ਐਸਾ ਪ੍ਰਭਾਵਸ਼ਾਲੀ ਹੈ ਕਿ ਪਾਠਕ ਆਪ ਇਸ ਜੰਗ ਵਿਚ ਜੂਝ ਰਿਹਾ ਮਹਿਸੂਸ ਕਰਦਾ ਹੈ ਅਤੇ ਦੁਰਗਾ ਦੀ ਜਿਤ ਵਿਚ ਆਪਣੀ ਜਿਤ ਵਰਗੀ ਖੁਸ਼ੀ ਪ੍ਰਤੀਤ ਕਰਨ ਲੱਗ ਜਾਂਦਾ ਹੈ।

ਇਸ ਜੰਗੀ ਮਨੋ ਬਿਰਤੀ ਨੂੰ ਪੈਦਾ ਕਰਨ ਦੇ ਉਦੇਸ਼, ਗੁਰੂ ਪਾਤਸ਼ਾਹ ਚੰਡਾ ਚਰਿਤ੍ਰ ਦੂਜੇ ਦੇ ਛੰ: ਨੰ: ੨੬੦ ਵਿਚ ਵਰਨਣ ਕਰਦੇ ਹਨ :— ਸੁਨੇ ਸੂਮ ਸੋਢੀ ਲਰੈ ਯੁੱਧ ਗਾਢੇ। ਭਾਵ—ਜੋ ਕੋਈ ਅਤਿ ਕਾਇਰ ਵੀ ਇਸ ਚਰਿਤ੍ਰ ਨੂੰ ਸੁਣੇਗਾ, ਉਸ ਵਿਚ ਵੀ ਬੀਰ-ਰਸ ਜਾਗੇਗਾ ਅਤੇ ਉਹ ਘਮਸਾਂਨ ਦੀ ਲੜਾਈ ਵਿਚ ਅਗੇ ਹੋ ਕੇ ਹਿੱਸਾ ਲਏਗਾ ਭਾਵ (ਲੜੇਗਾ) ਮਾਰਕੰਡੇ ਪੁਰਾਨ ਅਨੁਸਾਰ ਇਹ ਵੀ ਯਾਦ ਰਹੇ ਕਿ ਦੰਡੀ ਚਰਿਤ੍ਰ ਪਹਿਲਾ, ਦੂਜਾ ਅਤੇ ਵਾਰ ਸ੍ਰੀ ਭਗਉਤੀ ਜੀ ਕੀ ਮਿਥਿਹਾਸ ਹੈ ਜਾਂ ਇਤਿਹਾਸ ਸਾਨੂੰ ਇਹ ਨਹੀਂ ਪਤਾ—ਪਰ ਲੇਖਕ ਨੂੰ ਆਪਣੇ ਉਦੇਸ ਨੂੰ ਲੈ ਕੇ ਲੜਾਈ ਦੇ ਇਸ ਅਮੁਲੇ ਵਿਸ਼ੇ ਨੂੰ ਅਸਰਦਾਰ ਬਨਾਉਣਾ ਹੈ। ਭਾਵ ਪੂਰਕ ਬਣਾਉਣ ਲਈ ਜਿਥੇ ਵੇਰਵਾ ਦੇਣਾ ਪੈਂਦਾ ਹੈ ਉਥੇ ਮੁਖ ਨਾਇਕ ਜਾਂ ਨਾਇਕਾਂ ਦੇ ਹੋਰ ਗੁਣ ਤੇ ਜ਼ੌਹਰ ਉਭਾਰ ਕੇ ਦਰਸਾਉਣੇ ਪੈਂਦੇ ਹਨ। ਜਿਸ ਲਈ ਉਸਦੀ ਸਮੇਂ ਅਨੁਸਾਰ ਉਪਮਾ ਵੀ ਕਰ ਦੇਣੀ ਬੇਲੋੜੀ ਨਹੀ' ਹੁੰਦੀ, ਤਾਂ ਕਿ ਸੁਣਨ ਵਾਲੇ ਰੀਝ ਕੇ ਨਾਇਕਾਂ ਜਾਂ ਨਾਇਕ ਪ੍ਰਤੀ ਉਤਸਾਹ ਅਤੇ ਵਿਸ਼ਵਾਸਤ ਹੋ ਕੇ ਉਸ ਤੇ ਯਕੀਨ ਕਰ ਸਕਣ ਜੋ ਲੇਖਕ ਦਾ ਇਹ ਇਕ ਬੜਾ ਜ਼ਰੂਰੀ ਮੰਤਵ ਹੋਣਾ ਚਾਹੀਦਾ ਹੈ। ਇਸ ਤੋਂ ਇਹ ਸੋਚ ਲੈਣਾ ਕਿ ਗੁਰੂ ਸਾਹਿਬ ਦੇਵੀ ਦੇ ਪੁਜਾਰੀ ਸਨ ਜਾਂ ਲੇਖ ਦੇਵੀ ਦੀ ਉਸਤਤਿ ਕਰ ਰਿਹਾ ਹੈ—ਇਹ ਗਲਤ ਸੋਚਣੀ ਦਾ ਅਨੁਮਾਨ ਹੈ—ਉਹਨਾਂ ਦਾ ਜਾਂ ਇਸ ਲੇਖਕ ਦਾ ਤਾਂ ਸਪਸ਼ਟ ਲੇਖ ਹੈ:—

ਨਮਸਕਾਰ ਤਿਸ ਹੀ ਕੋ ਹਮਾਰੀ।
ਸਕਲ ਪਰਜਾ ਜਿਨ ਆਪ ਸਵਾਰੀ।

ਅੰਤ ਵਿਚ ਇਹ ਦੱਸ ਦੇਣਾ ਬੇਲੋੜਾ ਨਹੀਂ ਕਿ ਸਾਹਿਨਸ਼ਾਹ ਸ੍ਰੀ ਦਸਮੇਸ਼ ਜੀ ਨੇ ਹਿੰਦੂਆਂ ਨੂੰ ਦੁਰਕਾਰਿਆ ਨਹੀਂ, ਉਹਨਾਂ ਦੀ ਗਲਤ ਸੋਚਣੀ ਨੂੰ ਸੁਧਾਰਨ ਲਈ ਇਕ ਸਿਆਣੇ ਤੇ ਨੇਕ ਨੀਯਤ ਅਧਿਆਪਕ ਵਾਂਗ ਕੋਲ ਬਹਾ ਕੇ ਉਸੇ ਦਾ ਫੱਟੀ ਬਸਤਾ ਤੇ ਕਲਮ ਦਿਖਾ ਕੇ ਉਸ ਨੂੰ ਹੋਰ ਅਗੇ ਲੈ ਜਾਣ ਵਾਂਗ, ਹਿੰਦੂਆਂ ਦੇ ਧਰਮ ਮੰਦਰਾਂ ਦੀ ਰਖਜਾ ਲਈ ਪਿਤਾ ਦੇ ਸਿਰ ਦੇਣ ਤੋਂ ਵੀ ਗਰੇਜ਼ ਨਹੀਂ ਕੀਤਾ। ਜਿੱਥੇ ਉਹਨਾਂ ਦੇ ਗ੍ਰੰਥਾਂ ਦਾ ਨਿਚੋੜ ਤੇ ਘੋਲ ਤਿਆਰ ਕੀਤਾ ਹੈ, ਉਸਦੇ ਆਦਿ ਅੰਤ ਵਿਚ=ਦੇਵੀ ਦੇਵਤਿਆਂ ਵਲੋਂ ਮੋਹ ਤੋੜ ਕੇ ਅਕਾਲ ਪੁਰਖ ਵਲ ਜੋੜਨ ਲਈ ਸਖਤ ਪ੍ਰੇਰਨਾ ਕੀਤੀ ਹੈ। ਪਰ ਜੋ ਵਿਦਿਆਰਥੀ ਸਬਕ ਦੇਣ ਦੀ ਬਜਾਇ ਵਿਦਿਆਲੇ ਤੋਂ ਹੀ ਬਾਹਰ ਕਢ ਦਿਤਾ ਜਾਏ ਤਾਂ ਉਹ ਕਿਸੇ ਨੇਕ ਅਧਿਆਪਕ ਦੀ ਸਿਖਿਆ ਕਿਵੇਂ ਗ੍ਰਹਿਣ ਕਰ ਸਕਦਾ ਹੈ? ਗੁਰੂ ਪਾਤਸ਼ਾਹ ਇਕ ਵਿਸ਼ੇਸ ਦੂਰ ਅੰਦੇਸ ਤੇ ਯੋਗ ਅਧਿਆਪਕ ਹਨ ਜੋ ਭੁਲਿਆਂ ਹੋਇਆਂ ਨੂੰ ਬੜੇ ਪਿਆਰ ਨਾਲ ਰਾਹ ਪਾ ਰਹੇ ਹਨ।

(੧੦) ਗਿ: ਹਰਬੰਸ ਸਿੰਘ—ਸ੍ਰੀ ਦਸਮ ਗ੍ਰੰਥ ਦਰਪਨ ਪੰ: ੫੧ ਤੇ ਲਿਖਦੇ ਹਨ ਕਿ ਸ੍ਰੀ ਦਸਮ ਗ੍ਰੰਥ ਵਿਚ ਕਈ ਹਿੰਦੂ ਪੌਰਾਣਿਕ ਸਾਖੀਆਂ ਦਾ ਜ਼ਿਕਰ ਕੀਤਾ ਹੋਇਆ ਮਿਲਦਾ ਹੈ, ਜਿਸਨੂੰ ਪੜ੍ਹ ਕੇ ਕਈ ਗੁਰਮਤਿ ਪਾਠਕ ਡੋਲ ਜਾਂਦੇ ਹਨ ਪਰ-ਉਹ ਇਹ ਨਹੀਂ ਸਮਝਦੇ ਕਿ ਸਿਖ ਧਰਮ ਭਾਰਤ ਵਿਚ ਹੀ ਜੰਮਿਆ ਪਲਿਆ ਤੇ ਪ੍ਰਫੁਲਤ ਹੋਇਆ। ਸਿਖੀ ਦੀ ਵਿਲੱਖਣਤਾ ਦਰਸਾਉਣ ਲਈ, ਇਹ ਜਰੂਰੀ ਸੀ ਕਿ ਪੁਰਾਤਨ ਹਿੰਦੂ ਰਵਾਇਤਾਂ ਅਤੇ ਮਿਥਿਹਾਸਕ ਕਹਾਣੀਆਂ ਦਾ ਸੰਗ੍ਰਹ ਕਰਕੇ ਲੋਕਾਂ ਨੂੰ ਚਣੌਤੀ ਦਿਤੀ ਜਾਂਦੀ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬੇਅੰਤ ਪੌਰਾਣਿਕ ਸਾਖੀਆਂ ਦੇ ਅਨੇਕਾਂ ਸੰਕੇਤ ਮਿਲਦੇ ਹਨ, ਪਰ ਸਾਖੀਆਂ ਦਾ ਵਿਸਥਾਰ ਪ੍ਰਾਪਤ ਕਰਨ ਲਈ ਹੁਣ ਵੀ ਪੁਰਾਤਨ ਹਿੰਦੂ ਗ੍ਰੰਥਾਂ ਦੀ ਲੋੜ ਪੈਂਦੀ ਹੈ। ਜੋ ਕਿਸੇ ਹੱਦ ਤਕ ਸ੍ਰੀ ਦਸਮ ਗ੍ਰੰਥ ਵਿਚੋਂ ਪੂਰੀ ਕੀਤੀ ਜਾ ਸਕਦੀ ਹੈ, ਇਸ ਲਈ ਸਾਨੂੰ ਸ੍ਰੀ ਦਸਮੇਸ਼ ਪਿਤਾ ਜੀ ਦਾ ਕ੍ਰਿਤੱਗਜ (ਰਿਣੀ) ਹੋਣਾ ਚਾਹੀਦਾ ਹੈ ਕਿਉਂਕਿ ਉਹਨਾਂ ਸ੍ਰੀ ਦਸਮ ਗ੍ਰੰਥ ਦੀ ਰਚਨਾ ਕਰਕੇ ਕਿਸੇ ਹੱਦ ਤਕ ਉਹ ਘਾਟ ਪੂਰੀ ਕਰ ਦਿਤੀ। ਅਸਲੀਅਤ ਇਹ ਹੈ ਜਿਹੜੇ ਗੁਰਸਿਖ ਸੂਝ ਬੂਝ ਲਈ-ਪ੍ਰਾਚੀਨ ਵਿਦਿਆ ਦਾ ਭੰਡਾਰ (ਸ੍ਰੀ ਦਸਮ ਗ੍ਰੰਥ ਸਾਹਿਬ) ਵਿਚ ਸੁਰੱਖਯਤ ਵੱਖ ਵੱਖ ਵਿਚਾਰਾਂ ਦਾ ਨਿਰੂਪਣ ਵਾਲੀ ਸਮੱਗਰੀ

Digitized by Panjab Digital Library | www.panjabdigilib.org

ਇਸ ਗੱਲ ਦੀ ਪ੍ਰਤੀਕ ਨਹੀਂ ਕਿ (ਗੁਰੂ ਗੋਬਿੰਦ ਸਿੰਘ) ਜੀ ਪੁਰਾਤਨ ਮਤ ਮਤਾਂਦਰ ਦੇ ਅਨਿਆਈ ਸਨ, ਸਗੋਂ ਇਸ ਵਿਚੋਂ ਆਪ ਦੇ ਵਿਦਜਕ ਬਚਿਤ੍ਰ ਕਲਾ ਇਸ ਆਦੇਸ ਤੇ ਉਦੇਸ਼ ਦੀ ਲਖਾਇਕ ਹੈ–

ਜਾਗਤ ਜੋਤਿ ਜਪੈ ਨਿਸ ਬਾਸਰੁ
ਏਕ ਬਿਨਾ ਮਨ ਨੈਕ ਨ ਆਨੈ ॥

ਪਰ–ਇਹ ਸ਼ੁਭ ਮਾਰਗ ਦਾ ਰਾਹੀ ਉਹੀ ਹੋ ਸਕਦਾ ਹੈ ਜੋ ਜੜਾ ਸ੍ਰੀ ਦਸਮੇਸ਼ ਬਾਣੀ ਦਾ ਅਧਿਐਨ ਕਰੇਗਾ ਜਾਂ ਕਠਨ ਪਾਠ ਦਾ ਅਭਿਆਸੀ ਤੇ ਮੁਤਲਾਸੀ ਅਥਵਾ ਵਿਸ਼ਵਾਸੀ ਹੋਏਗਾ। ਪੰ: ਪ੨ ਤੇ ਗਿ: ਹਰਬੰਸ ਸਿੰਘ ਜੀ ਦਾ ਲੇਖ ਹੈ ਕਿ ਸਾਹਿਤਕ ਪੱਖ ਤੋਂ ਸ੍ਰੀ ਦਸਮ ਗ੍ਰੰਥ ਨੂੰ ਪਰਖਣ ਦੀ ਕਸਵੱਟੀ ਇਸ ਦੀ ਆਪਣੀ ਕਾਵਿ-ਸ਼ੈਲੀ ਤੇ ਸ਼ਬਦਾਵਲੀ ਹੈ। ਭਾਵੇਂ–ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਰਚਨਾ ਵਿਚ ਆਪਣਾ ਨਾਮ ਨਹੀਂ ਵਰਤਿਆ ਪਰ (ਖਾਲਸਾ ਮੇਰੋ ਰੂਪ ਹੈ ਖਾਸ, ਖਾਲਸੇ ਮੈਂ ਹਉ ਕਰਉ ਨਿਵਾਸ) ਵਾਲੇ ਨਿਸਚੇ ਨੂੰ ਹਿਰੇਦੇ ਵਿਚ ਧਾਰਨ ਕਰਕੇ ਤਾਂ ਸ੍ਰੀ ਦਸਮੇਸ਼ ਬਾਣੀ ਦੀ ਅਨੁਭਵਤਾ ਸੁਤੇ ਹੀ ਆ ਜਾਂਦੀ ਹੈ। ਸਚ ਜਾਣੋ–ਸ਼ੰਕਿਆਂ ਨਾਲ ਬੁਧੀ ਮਲੀਣ ਹੋ ਜਾਂਦੀ ਹੈ ਜਿਸ ਨੂੰ ਸ਼ੁਧ ਕਰਨ ਦਾ ਉਪਾਇ ਇਕੋ ਇਕ ਇਹ ਹੈ—

ਪਸ਼ਨ ਰੂਪ 'ਚ—ਸਹਸੇ ਜੀਉ ਮਲੀਣੁ ਹੈ
ਕਿਤੁ ਸੰਜਮ ਧੋਤਾ ਜਾਇ।
ਉਤਰ ,, ,,—ਮੰਨ ਧੋਵਹੁ ਸਬਦਿ ਲਾਗਹੁ
ਹਰਿ ਸਿਉ ਰਹਹੁ ਚਿਤੁ ਲਾਇ
ਕਹੈ ਨਾਨਕੁ ਗੁਰਪਰਸਾਦੀ ਸਹਜੁ ਉਪਜੈ
ਇਹ ਸਹਸਾ ਇਵ ਜਾਇ। [ਮ: ੩

ਸੋ ਸ੍ਰੀ ਦਸਮੇਸ਼ ਰਚਨਾ ਦੀ ਪ੍ਰਖ ਕਸਵਟੀ ਗੁਰਬਾਣੀ ਹੀ ਹੈ। ਸ਼ਾਸਤ੍ਰਾਂ, ਪੁਰਾਣਾਂ ਆਦਿ ਵਿਚ ਦਿਤੇ ਪ੍ਰਕਰਣਾਂ ਅਤੇ ਨਿਜੀ ਮਨੌਤ ਨੂੰ ਕਿਸੇ ਤਰ੍ਹਾਂ ਵੀ ਚਣੌਤੀ ਦੇ ਕੇ ਸ੍ਰੀ ਦਸਮ ਗ੍ਰੰਥ ਨੂੰ ਨਿੰਦਣਾ ਪਾਪਾਂ ਦਾ ਭਾਗੀ ਹੋਣਾ ਹੈ– ਜਿਵੇਂ ਉਟੰਕਣ ਕੀਤਾ ਹੈ ਕਿ ~

ਤਹ ਹਮ ਅਧਿਕ ਤਪਸਿਆ ਸਾਧੀ ॥
ਮਹਾਂ ਕਾਲ ਕਾਲਕਾ ਅਰਾਧੀ ॥੨॥ ਪੰ: ੧੫

ਨੂੰ ਕਿਹਾ ਹੈ ਕਿ ਕੀ ਦਸਮੇਸ਼ ਜੀ ਕਾਲਕਾ ਨੂੰ ਅਰਾਧ ਸਕਦੇ ? ਜਿਸ ਨੂੰ ਧੰਙਾਣੇ ਹੀ (ਕਾਲਿਕਾ) ਨਾਲ ਜੋੜੀ ਜਾ ਰਹੇ ਨੇ, ਪਰ ਅਗਲੀ ਪੰਗਤੀ ਪੜ੍ਹਨ ਦੀ ਖੇਚਲ ਹੀ ਨਹੀਂ ਕਰਦੇ। ਜਿਸਦਾ ਨਿਰਸੰਦੇਹ ਭਾਵ ਇਹ ਹੈ ਕਿ ਮੈਂ ਇਹ ਬਿਧ ਤਪੱਸਿਆ ਕੀਤੀ ਕਿ ਮੇਰੇ ਵਿਚ ਤੇ ਮੇਰੇ ਪ੍ਰੀਤਮ ਵਿਚ ਦੂਰੀ ਖਤਮ ਹੋ ਕੇ, ਹਰਿ ਤੋਂ ਹਰਿ ਜਨ ਦੋਇ ਇਕ ਰੂਪ ਹੋ ਗਏ। ਪਰ ਪ੍ਰਿੰਸੀਪਲ ਸਾਹਿਬ ਇਸਤਰ੍ਹਾਂ ਕਹਿੰਦੇ ਨੇ ਕਿ ਕੀ ਗੁਰੂ ਜੀ ਕਾਲਿਕਾ ਰੂਪ ਹੋ ਗਏ ? ਜਿਸਦਾ ਭਾਵ ਸਾਫ ਹੈ ਕਿ ਮੈਂ ਮਹਾਂ ਕਾਲ ਕਾ ਅਰਾਧਕ ਹਾਂ, ਅਗਲੀ ਪੰਗਤੀ ਵਿਚ ਸਪਸ਼ਟ ਦੇਖ ਸਕਦੇ ਹੋ। (ਤਾਤ ਮਾਤ ਮੁਰ ਅਲਖ ਅਰਾਧਾ) ਜੇ ਆਪਦੇ ਮਾਤਾ ਪਿਤਾ ਅਲਖ ਦੇ ਅਰਾਧਕ ਹਨ। ਤਾਂ ਸ੍ਰੀ ਦਸਮੇਸ਼ ਜੀ ਵੀ ਅਲਖ ਨੂੰ ਹੀ ਕਾਲ ਰੂਪ ਮੰਨਦੇ ਤੇ ਆਖਦੇ ਹਨ, ਅਲਖ ਕਾਲਿਕਾ ਦਾ ਪ੍ਰਤੀਕ ਨਹੀਂ ਹੋ ਸਕਦਾ ਸਗੋਂ ਸਾਰੇ ਹੱਦ ਬੰਨਿਆਂ ਤੋਂ ਉਪਰ ਸ੍ਰੀ ਨਿਰੰਕਾਰ ਦਾ ਹੀ ਪ੍ਰਤੀਕ ਹੈ। ਅਗੇ ਦੇਖੋ ਹੋਰ ਨਿਖਾਰਿਆ ਹੈ। **ਤਿਨ ਜੋ ਕਰੀ ਅਲਖ ਕੀ ਸੇਵਾ। ਤਾਤੈ ਭਏ ਪ੍ਰਸੰਨ ਗੁਰਦੇਵਾ।** ਕੀ ਅਜੇ ਵੀ ਸੰਕੇ ਦੀ ਨਵਿਰਤੀ ਨਹੀਂ ਹੁੰਦੀ ?

੧ ਓ ਵਾਹਿਗੁਰੂ ਜੀ ਕੀ ਫਤਹ–ਲਿਖ ਕੇ ਮੰਗਲਾ ਚਰਨ ਕੀਤਾ ਹੋਇਆ ਹੈ ਅਤੇ 'ਮੈ ਨ ਗਣੇਸਹਿ ਪਿਥਮ ਮਨਾਊ, ਤੇ ਪੂਰਨ ਅਮਲ ਕੀਤਾ ਹੋਇਆ ਹੈ, ਅਕਾਲ ਪੁਰਖ ਦੇ ਅਨੇਕਾਂ ਨਾਮ ਲੈ ਕੇ ਉਪਮਾ ਕੀਤੀ ਹੈ. ਜੋ ਅਸਲ ਸਮਝਣ ਯੋਗ ਗੱਲ ਤੇ, ਗੁਰਬਾਣੀ ਵਿਚ ਸ੍ਰੀ ਦਸਮੇਸ਼ ਦੇ ਰੱਬ ਦੇ ਬੇਅੰਤ ਨਾਮ ਹਨ ਜੋ ਆਪਨੇ ਉਨ੍ਹਾਂ ਵਿਚੋਂ ਕੁਝਕੁ ਵਰਤੇ ਹਨ। ਜਿਵੇਂ ਕਿ ਰਾਮ, ਸ਼ਾਮ, ਕ੍ਰਿਸ਼ਨ, ਬ੍ਰਿਜਨਾਥ, ਬ੍ਰਿਜ ਭੂਸ਼ਨ, ਭਗਉਤੀ, ਲੋਹ, ਮਹਾਂ ਲੋਹ, ਸਰਬ ਲੋਹ, ਕਾਲ, ਮਹਾਂ ਕਾਲ, ਸਰਬ ਕਾਲ, ਅਕਾਲ, ਖੜਗ, ਤੇਗ, ਤੁਲਵਾਰ, ਖੰਡਾ, ਖੰਡਨ, ਜਵਾਲਾ, ਚੰਡ, ਚੰਡੀ, ਅਦ੍ਰੁਤਾ, ਸ਼ਿਵਾ, ਦੇਵੀ, ਕਾਲੀ ਦੁਰਗਾ, ਈਸ, ਵਿਸ਼ਨੂੰ, ਮਹੇਸ, ਲਛਮੀ, ਕਮਲਾ, ਸ਼ਕਤੀ ਭਵਾਨੀ, ਸਾਰੇ ਨਾਮ ਲੈ ਕੇ ਅੰਤ ਵਿਚ ਕਹਿ ਦਿਤਾ ਹੈ ਕਿ (**ਜਹਿ ਦੇਖੋ ਤਹ ਏਕ ਤੂੰਹੀ ਹੈ**) ਹੋਰ ਦੂਜਾ ਮੈਨੂੰ ਕੋਈ ਦਿਖਾਈ ਹੀ ਨਹੀਂ ਦਿੰਦਾ. ਬਾਕੀ ਸਾਰੇ ਉਸਦੇ ਕੀਤੇ ਚੋਜ, ਕੌਤਕ ਤੇ ਬਚਿਤ੍ਰ-ਚਰਿਤ੍ਰ ਹਨ ਜਿਨ੍ਹਾਂ ਦੁਆਰਾ ਹੀ ਉਸਦੀ ਉਸਤਤਿ ਉਪਮਾ ਕੀਤੀ ਜਾ ਸਕਦੀ ਹੈ, ਜਿਸ ਉਪਮਾਂ ਤੋਂ

Digitized by Panjab Digital Library | www.panjabdigilib.org

ਬਗੈਰ ਨਿਰਾ ਅੰਧੇਰਾ ਹੀ ਹੈ :-

ਬਿਨ ਉਪਮਾ ਜਗਦੀਸ ਕੀ
ਬਿਨਸੇ ਨਾਂ ਅੰਧਿਆਰਾ ।। [ਮ: ੧। ਪੰ: ੨੨੮

(੧੧) **ਅਗੇ ੩ ਪ੍ਰਸ਼ਨ**–ਖੰਡਨ ਦੇ ਪੰ: ੨੪ ਤੇ
੧–ਸ਼ਿਵਾ ਦਾ ਅਰਥ ਏਥੇ ਕਦਾਚਿਤ ਸ਼ਿਵ ਨਹੀਂ= ਸਮਾਧਾਨ ਹੋ ਚੁਕਾ ਹੈ।
੨–ਪਾਰਬਤੀ ੧੬ ਅਵਤਾਰਾਂ ਦੀ ਹੇਤੂ ਹੈ, ਦੁਰਗਾ ਭਗੌਤੀ ਸਾਰੇ ਨਾਮ ਉਸਦੇ ਹਨ।
੩–ਜਦ ਜਦ ਵੀ ਮਹਿਖਾਸੁਰ, ਸੁੰਭ ਨਿਸੁੰਭ, ਚੰਡ-ਮੁੰਡ ਆਦਿ ਦਾਨਵ ਦੇਵਤਿਆਂ ਨੂੰ ਇੰਦਰ ਸਮੇਤ ਸੁਰਗੋਂ ਭਜਾ ਦਿੰਦੇ ਹਨ ਤਾਂ ਉਹ ਹਰ ਵਾਰ ਪਾਰਬਤੀ ਦੇ ਅਸਥਾਨ ਕੈਲਾਸ਼ ਪ੍ਰਬਤ ਵਲ ਹੀ ਭੱਜਦੇ ਹਨ ਤੇ ਸਹਾਇਤਾ ਲਈ ਪ੍ਰਾਰਥਨਾ ਕਰਦੇ ਹਨ ਅਤੇ ਪਾਰਬਤੀ ਸਿਵਾ, ਚੰਡਿ ਜਾਂ ਚੰਡਕਾ ਆਦਿ ਦੇ ਰੂਪ ਤੇ ਨਾਂ ਹੇਠ ਦੈਂਤਾਂ ਨਾਲ ਯੁੱਧ ਕਰਦੀ ਅਤੇ ਉਹਨਾਂ ਨੂੰ ਇਕੱਲੀ ਮਾਰ ਮੁਕਾਕੇ ਇੰਦਰ ਜਿਹੇ ਐਸ਼-ਪ੍ਰਸਤ ਰਾਜੇ ਨੂੰ ਸੁਰਗ ਦੇ ਰਾਜ ਉੱਤੇ ਬਹਾਲ ਕਰਦੀ ਹੈ।

ਸਮਾਧਾਨ–ਨੰ: ੨ ਨੂੰ ਛੱਡ ਕੇ ਜਦ ਵੀ ਕੋਈ ਦੇਵ ਜਾਂ ਦੈਂਤ, ਰਾਜਾ ਅਥਵਾ ਮੁਲਕ ਐਸ਼ ਪ੍ਰਸਤ ਹੋ ਕੇ ਭੋਗ ਪਦਾਰਥਾਂ ਵਿਚ ਖੱਚਤ ਹੋ ਜਾਂਦਾ ਹੈ ਅਤੇ ਅਹੰਕਾਰ 'ਚ ਮਸਤ ਹੋ ਕੇ ਦੂਜਿਆਂ ਦਾ ਸੁਖ ਖੋਹ ਕੇ ਆਪਣੇ ਸੁਖਾਂ ਦੇ ਅਧੀਨ ਹੋ ਜਾਂਦਾ ਹੈ, ਉਦੋਂ ਕੁਦਰਤ ਅੰਗੜਾਈ ਲੈਂਦੀ ਹੈ ਅਤੇ ਹਰਕਤ ਵਿਚ ਆ ਜਾਂਦੀ ਹੈ। ਜੋ ਸ੍ਰੀ ਦਸਮ ਗ੍ਰੰਥ ਦਾ ਆਦਿ ਤੋਂ ਅੰਤ ਤਕ ਇਹ ਸਿਧਾਂਤ ਸਮੂਹਕ ਦੱਸਦਾ ਹੈ ਕਿ ਪਾਠਕ ਇਸ ਗੰਧਰਵੀ ਦਖਾਵੇ ਦੇ ਮਹੱਲ ਤੋਂ ਦੂਰ ਰਹਿਣ। ਕਿਉਂਕਿ ਪਤਾ ਨਹੀਂ ਅਹੰਕਾਰ ਦੇ ਮਾਰਨੇ ਲਈ ਕੁਦਰਤ ਕਿਹੜਾ ਵੇਸ ਧਾਰਦੀ ਹੈ ਅਤੇ ਕਿਹੜੇ ਸਮੇਂ ਧਾਰਦੀ ਹੈ, ਅਤੇ ਉਹ ਉਹੀ ਵੇਸ ਬਣਾ ਲੈਂਦੀ ਹੈ ਜੋ ਉਸ ਵੇਲੇ ਉਸ ਸਮੇਂ ਦੇ ਅਨੁਕੂਲ ਹੋਵੇ। ਉਧਾਰਨ ਹੈ—

ਤੀਨ ਲੋਕ ਤੇਤੇ ਗਏ ਜਿਨਿ ਦੁਖਾਇ ਸੰਤ।
ਤੀਨੋਂ ਤਾਲਾ ਦੇ ਗਏ ਰਾਵਣ ਕੈਰੋਂ ਕੰਸ।

ਇਹਨਾਂ ਤਿੰਨਾਂ ਨੂੰ ਮਾਰਨ ਲਈ ਤਿੰਨੇ ਵੇਸ ਅਲੱਗ ਅਲੱਗ ਸਨ। ਉਹਨਾਂ ਦੇ ਨਾਇਕ ਅਲਗ ਅਲਗ ਸਨ, ਉਹਨਾਂ ਦਾ ਢੰਗ ਤੇ ਕਾਰਣ ਅਲਗ-ਅਲਗ ਸਨ। ਉਹਨਾਂ ਦੇ ਅਵਤਾਰ, ਅਲਗ-ਅਲਗ ਸਨ, ਰਾਮ, ਕ੍ਰਿਸ਼ਨ ਤੇ ਨਰ ਸਿੰਘ। ਜੋ ਸ੍ਰੀ ਦਸਮੇਸ਼ ਉਦੇਸ਼ ਅਨੁਸਾਰ ਤੈਥੋਂ ਹੀ ਬਲ ਲੈ ਕੇ ਆਏ ਸਨ। ਨਰ ਸਿੰਘ ਇਕੱਲਾ ਹੀ ਸੀ ਜਿਸ ਨੇ ਹਰਨਾਕੁਸ਼ ਨੂੰ ਮਾਰਿਆ ਸੀ ਉਸਦੇ ਨਾਲ ਕੋਈ ਸੈਨਾ ਦਾ ਕਿਤੇ ਜ਼ਿਕਰ ਨਹੀਂ, ਰਾਵਣ ਦਾ ਸਰਵ ਨਾਸਕ ਰਾਮ ਹੀ ਮੰਨਿਆ ਜਾਂਦਾ ਹੈ ਅਤੇ ਕੰਸ ਨੂੰ ਕੇਸਾਂ ਤੋਂ ਪਟਕਾ ਕੇ ਮਾਰਨ ਵਾਲਾ ਕ੍ਰਿਸ਼ਨ ਹੀ ਕਿਹਾ ਜਾਂਦਾ ਹੈ। ਇਹ ਤਿੰਨੇ ਪ੍ਰਮਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿਤ੍ਰ ਬਾਣੀ ਵਿਚ ਮੌਜੂਦ ਹਨ, ਜਿਨ੍ਹਾਂ ਨੂੰ ਅਸੀਂ ਮਿਥਿਹਾਸ ਕਹਿ ਕੇ ਥੂੰ-ਥੂ ਕਰਦੇ ਹਾਂ।

ਸੋ ਇਸੇ ਤਰ੍ਹਾਂ ਹੀ ਇਹ ਵੀ ਕੁਦਰਤ ਦਾ ਇਕ ਕ੍ਰਿਸ਼ਮਾਂ ਹੈ ਸੀ। ਦੇਖੋ ਬਾਲਮੀਕੀ ਰਾਮਾਯਣ ਜਦ ਕਿ ਅਤਿਥੀ ਤੇ ਭਿਖਤੂ ਦੇ ਵੇਸ਼ ਵਿਚ ਪੰਚਵਟੀ ਦੇ ਅਸਥਨਾਂ ਤੇ (ਖਰ) ਦੈਂਤ ਨੇ ੧੪ ਚੌਦਾਂ ਹਜ਼ਾਰ ਚੁਤਰੰਗਨੀ ਸੈਨਾ ਲੈ ਕੇ ਰਾਮ ਚੰਦਰ ਪਰ ਹਮਲਾ ਕੀਤਾ ਸੀ ਅਤੇ ਲਛਮਣ ਸੀਤਾ ਨੂੰ ਸੇਫਟੀ ਥਾਂ ਤੇ ਲੈ ਗਿਆ ਸੀ ਪਰ ਉਸ ਵੇਲੇ ੧੪ ਹਜ਼ਾਰ ਦੇ ਬਲ ਦੇ ਸਾਹਮਣੇ ਇਕੱਲਾ ਹੀ ਰਾਮ ਚੰਦਰ ਵਿਜੱਈ ਹੋਇਆ ਦਸਿਆ ਹੀ ਨਹੀਂ ਲਿਖਿਆ ਹੈ। ਭਾਵੇਂ–ਰਾਵਣ, ਕੁੰਭ ਕਰਨ ਆਦਿ ਦੈਂਤਾਂ ਦੀ ਜੰਗ, ਵੇਲੇ ਰਿੱਛਾਂ, ਬਾਂਦਰਾਂ ਤੇ ਕਈ ਹੋਰ ਜੋਧਿਆਂ ਨੇ ਜੰਗ ਰਲ ਮਿਲ ਕੇ ਲੜੀ ਪਰ ਰਾਵਣ ਦੇ ਖਾਤਮੇ ਦਾ ਸਿਹਰਾ ਰਾਮ ਚੰਦਰ ਨੂੰ ਪਹਿਨਾਇਆ ਜਾਂਦਾ ਹੈ, ਇਸੇ ਤਰ੍ਹਾਂ ਇਸ ਯੁਧ ਦੀ ਨਾਇਕਾ ਇਕੋ ਇਕ ਪਾਰਬਤੀ ਦੇਵੀ ਸੀ ਅਤੇ ਸਭ ਕੁਝ ਰਾਮ ਕ੍ਰਿਸ਼ਨ ਆਦਿ ਜੰਗ ਕਰਦੇ ਦਿਸਦੇ ਹਨ, ਫਤਿਹ ਦਾ ਸਿਹਰਾ ਪਹਿਨਦੇ ਦਸੇ ਹਨ ਪਰ ਨਾਲ ਐਉਂ ਵੀ ਲਿਖ ਦਿਤਾ ਹੈ:-

ਆਪੇ ਗੋਪੀ ਕਾਨੁ ਹੈ ਪਿਆਰਾ
ਬਨਿ ਆਪੇ ਗਊ ਚਰਾਹਾ।
ਆਪੇ ਸਾਵਲ ਸੁੰਦਰਾ ਪਿਆਰਾ
ਆਪੇ ਵੰਸ ਵਜਾਹਾ।
ਕੁਵਲੀਆ ਪੀੜ ਆਪਿ ਮਰਾਇਦਾ
ਪਿਆਰਾ ਕਰ ਬਾਲਕ ਰੂਪਿ ਪਚਾਹਾ ।।੨।।
ਆਪਿ ਅਖਾੜਾ ਪਾਇਦਾ ਪਿਆਰਾ
ਕਰਿ ਵੇਖੈ ਆਪਿ ਚੋਜਾਹਾ।

Digitized by Panjab Digital Library | www.panjabdigilib.org

ਕਰ ਬਾਲਕ ਰੂਪ ਉਪਾਇਦਾ ਪਿਆਰਾ
ਚੰਡੂਰੁ ਕੰਸੁ ਕੇਸ ਮਰਾਹਾ ।
ਆਪੇ ਹੀ ਬਲੁ ਆਖਿ ਹੈ ਪਿਆਰਾ
ਬਲੁ ਭੰਨੇ ਮੂਰਖ ਮੁਗਦਾਹਾ ॥੩॥
ਸਭੁ ਆਪੇ ਜਗਤੁ ਉਪਾਇਦਾ ਪਿਆਰਾ
ਵਸਿ ਆਪੇ ਜੁਗਤਿ ਹਥਾਹਾ ॥ [ਪੰ: ੬੦੬. ਮ: ੪ ॥

ਇਹ ਸ਼ਬਦ ਦਾ ਵੱਡਾ ਅਕਾਰਕ ਹੈ-ਪੜ੍ਹੋ ਸਾਰਾ ਤਾਂ ਸਾਰੀਆਂ ਨਰਦਾਂ ਤੁਰਦੀਆਂ ਫਿਰਦੀਆਂ ਦਿਸਦੀਆਂ ਹਨ ਪਰ ਅੰਤ ਵਿਚ ਆਪੇ ਜਗਤ ਨੂੰ ਸਾਜ ਕੇ ਜੁਗਤਿ ਨਾਲ ਚਲਾ ਰਿਹਾ ਹੈ-ਜੇ ਅਸੀਂ ਰਾਮ ਚੰਦਰ, ਕ੍ਰਿਸ਼ਨ ਆਦਿ ਉਸ ਦੇ ਕਿਸੇ ਵੀ ਰੂਪ ਦੀ ਮਾਨ ਹਾਨੀ ਕਰਾਂਗੇ ਤਾਂ ਹੋਰ ਕਿਸੇ ਦੀ ਵੀ ਨਹੀਂ ਜਦ ਕੋਈ ਹੰਰ ਹੈ ਹੀ ਨਹੀਂ ਤਾਂ ਫੇਰ ਮਾਨ ਹਾਨੀ ਕਿਸਦੀ ਹੋਈ ਜੋ ਹੈ, ਜੋ ਥਾਂ ਖੁਲ੍ਹੇ ਸ਼ਬਦਾਂ ਵਿਚ ਉਸ ਹੀ ਪ੍ਰਮ ਪਿਤਾ ਦੀ। ਇਸ ਤਰ੍ਹਾਂ ਪ੍ਰਮ ਸਤਕਾਰਕ ਪ੍ਰਮ ਪਿਤਾ ਸ੍ਰੀ ਦਸਮੇਸ਼ ਜੀ ਦੱਸਦੇ ਹਨ-ਭੂਮ ਕੋ ਭਾਰ ਉਤਾਰਨ ਕੋ

ਜਗਦੀਸ ਬੀਚਾਰਕੈ ਜੁਧ੍ ਠਟਾ ।੬੨।

ਪਰ ਨਾਮ-ਨਾਇਕ ਜਾਂ ਨਾਇਕਾ ਦਾ ਅਵੱਸ਼ ਸੰਕਿਲਤ ਹੁੰਦਾ ਹੈ-ਜਿਵੇਂ ਕਮਾਂਡਰ ਦੇ ਮਾਰੇ ਜਾਣ ਤੇ ਫੌਜ ਤਿਤ੍-ਬਿਤ੍ ਹੋ ਜਾਂਦੀ ਹੈ, ਇਸ ਲਈ ਫੌਜਾਂ ਦਾ ਨਾਂ ਕੋਈ ਨਹੀਂ ਲੈਂਦਾ । ਮਹਾਰਾਜਾ ਰਣਜੀਤ ਸਿੰਘ ਸੇਰੇ ਪੰਜਾਬ ਜੰਗ ਵਿਚ ਘਾਇਲ ਹੋ ਕੇ ਡਿੱਗ ਪਿਆ ਤੇ ਫੌਜਾਂ ਬੇਦੱਮ ਹੋ ਕੇ ਹਾਰ ਗਈਆਂ ਸਨ, ਜਿਸ ਬਾਰੇ ਸ਼ਾਹ ਮੁਹੰਮਦ ਕਵੀ ਲਿਖਦਾ ਹੈ-

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ
ਫੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਜੀ।

੧੨. ਪਾਰਬਤੀ ਕੋਲ ਦੇਵਤੇ ਕਿਉਂ ਆਉਂਦੇ ਸੀ ?

ਜਿਵੇਂ ਰਾਵਣ ਦੇ ਸਰਵਨਾਸ਼ ਲਈ ਪ੍ਰਮ ਸ਼ਕਤੀ ਨੇ ਬਲ ਦਿਤਾ ਸੀ, ਜਿਵੇਂ ਕੰਸ ਦੀ ਮੌਤ ਕ੍ਰਿਸ਼ਨ ਦੇ ਸਪੁਰਦ ਸੀ ਤਿਵੇਂ ਚੰਡ ਮੁੰਡ, ਸੁੰਭ, ਨਿਸੁੰਭ ਮਹਾਂ ਦੈਂਤਾਂ ਦੇ ਸਰਵਨਾਸ ਦੀ ਡੋਰੀ ਪਾਰਬਤੀ ਦੇ ਹਥ ਸੌਂਪੀ ਗਈ ਸੀ। ਉਂਜ ਉਹ ਇਕੱਲੀ ਨਹੀਂ ਸੀ ਲੜ ਰਹੀ, ਦੇਵਤੇ ਕਿਧਰੇ ਸੁਤੇ ਨਹੀਂ ਸਨ ਪਏ । ਜਿਸਦਾ ਘਰ ਘਾਟ ਉਜੜ ਜਾਵੇ, ਕੀ ਉਹ ਸੁਖ ਦੀ ਨੀਂਦ ਸੌਂ ਸਕਦਾ ਹੈ ? ਕਦਾਚਿਤ ਨਹੀਂ-ਉਹਨਾਂ ਦੀ ਸਾਰੀ ਬਰਕਤ ਤੇ ਸ਼ਕਤੀ ਦੇਵੀ ਦੇ ਨਾਲ ਸੀ। ਜੇ ਕਰ ਮਾਤਾ ਪਾਰਬਤੀ ਆਪਣੇ ਨਿਜ ਬਲ ਦੀ ਪ੍ਰਧਾਨ ਹੁੰਦੀ, ਤਾਂ ਤੁਲਸੀ ਰਮਾਇਣ ਅਨੁਸਾਰ, ਰਾਮ ਚੰਦ੍ ਦੀ ਪ੍ਰਤਖਿਆ ਲੈਣ ਲਈ ਉਸਦੇ ਰਾਹ ਵਿਚ ਜਾ ਕੇ ਬੈਠਣ ਦੇ ਦੋਸ਼ ਵਿਚ ਸ਼ਿਵ ਜੀ ਤੋਂ ਤਿਆਗ ਕਿਉਂ ਲੈਂਦੀ ? ਜੋ ਉਸ ਤੇ ਦੋਸ਼ ਲਾਇਆ ਗਿਆ ਸੀ ਕਿ ਤੈਂ ਸੀਤਾ ਦਾ ਵੇਸ ਬਣਾਇਆ ਹੈ ਇਸ ਲਈ ਹੁਣ ਤੂੰ ਮੇਰੀ ਵਹੁਟੀ ਨਹੀਂ ਰਹੀ। ਜਿਸ ਉਦਾਸੀ ਦੇ ਸਦਕਾ ਪਿਤਾ ਜਖ ਦੇ ਹਵਨ ਕੁੰਡ ਵਿਚ ਗਿਰ ਕੇ ਸੜ ਗਈ ਸੀ, ਜੋ ਮੁੜ ਕੇ ਪ੍ਰਬਤ ਦੇ ਘਰ ਜਨਮੀ, ਜਿਸ ਲਈ ਇਸ ਦਾ ਨਾਮ ਗਿਰਜਾ ਕਿਹਾ ਜਾਂਦਾ ਹੈ । ਉਪ੍ਰੰਤ ਇਸਨੇ ੧੦੦੦੦ ਦੱਸ ਹਜ਼ਾਰ ਬਰਸ ਤਕ ਉਗਰ ਤਪ ਕੀਤਾ ਸੀ, ਜਿਸ ਤਪ ਸਦਕਾ ਸ਼ਕਤੀ ਪ੍ਰਾਪਤ ਹੋਈ । ਸਾਡੇ ਪਾਸ ਸੱਚ ਝੂਠ ਪ੍ਰਖਣ ਵਾਲਾ ਕੋਈ ਮੀਟਰ ਨਹੀਂ। ਅਗੰਮੀ ਕੰਮਾਂ ਨੂੰ ਅਗਮ ਦਾਤਾ ਹੀ ਜਾਣ ਸਕਦਾ ਹੈ, ਪਰ ਅਸੀਂ ਕੁਦਰਤ ਦੇ ਕੰਮਾਂ ਵਿਚ ਦਖਲ ਦੇਣ ਚੋਗੇ ਵੀ ਨਹੀਂ । ਜਦੋਂ ਦੇਵਤੇ ਐਸ਼ ਪ੍ਰਸਤ ਹੋ ਗਏ ਤੇ ਅਭਿਮਾਨ ਦੀ ਕੰਨੀ ਫੜ ਕੇ ਬਹਿ ਗਏ ਤਾਂ ਉਸ ਕੰਨੀ ਨੂੰ ਛਡਵਾਉਣ ਲਈ ਦੈਂਤ ਵਜੂਦ ਵਿਚ ਆ ਗਏ । ਜਦੋਂ-ਦੈਂਤ ਅਧਮੂਲ ਮਚਾਉਣ ਲਗੇ ਤਾਂ ਦੇਵੀ ਰਾਹੀਂ ਸਕਤਿ ਨੇ ਆ ਪ੍ਰਗਟਾਵਾ ਕੀਤਾ-ਏਹੀ ਤਾਂ ਸਾਹਿਬ ਦਸਮੇਂ ਪਿਤਾ ਦਸ ਰਹੇ ਨੇ :-

ਅਭਮਾਨੁ ਉਤਾਰਨ ਦੇਵਤਿਆ
ਮਹਿਖਾਸੁਰ ਸੁੰਭ ਉਪਾਇਆ ॥
ਫੇਰ- ਤੈ ਹੀ ਦੁਰਗਾ ਸਾਜਿਕੈ
ਦੈਂਤਾ ਦਾ ਨਾਸ ਕਰਾਇਆ ॥
[ਪੰ: ੧੧੯, ਦ: ਗ੍ਰੰਥ ਸਾ:

ਭਾਈ ਜਨੋਂ ਤੁਸੀਂ ਹੀ ਦੱਸੋ ਇਹ ਕਿਸਦੀ ਉਪਮਾ ਹੋਈ ? ਫੇਰ ਜਦ ਦੇਵਤਿਆਂ ਦੇ ਪੱਖ ਤੇ ਮੁਖੀ ਹੋ ਕੇ ਦੇਵੀ ਲੜ ਰਹੀ ਸੀ ਤਾਂ ਉਹਨਾਂ ਦਾ ਵੀ ਤਾਂ ਕੁਝ ਕਾਜ ਸੀ, ਕੁਝ ਫਰਜ ਸੀ, ਕੁਝ ਗਰਜ ਸੀ ਜਿਸ ਲਈ ਦੇਵਤਿਆਂ ਨੇ ਵੀ ਇਕੱਤ੍ ਹੋ ਕੇ ਵਿਚਾਰ ਕੀਤੀ

Digitized by Panjab Digital Library | www.panjabdigilib.org

ਕਿ ਇਸ ਜੁਧ ਦੀ ਕਾਮਜਾਬੀ ਲਈ ਹੁਣ ਸਾਨੂੰ ਕੀ ਕਰਨਾ ਹੈ, ਉਹਨਾਂ ਦਾ ਰਾਜਾ ਇੰਦ੍ਰ ਭੈ-ਭੀਤ ਸੀ ਤੇ ਪ੍ਰੇਸ਼ਾਨੀ ਨਾਲ ਸ਼ਿਵ ਜੀ ਤੋਂ ਪੁੱਛਦਾ ਹੈ ਜੁੱਧ ਬਾਰੇ ਕੋਈ ਨਾਇ ਦੱਸੋ ਕਾਮਜਾਬੀ ਕਿਵੇਂ ਹੋ ਸਕਦੀ ਹੈ?

ਮਧ ਭਾਰ ਛੰਦ-ਕੰਪਯੋ ਸੁਰੇਸ। ਬੁਲਿਯੋ ਮਹੇਸ।
ਕੀਨੋ ਬਿਚਾਰ। ਪੁਛੇ ਜੁਝਾਰ।੨੧। ਪੰ: ੧੧੦

ਭਾਵ-ਇੰਦਰ ਨੇ ਭੈ ਭੀਤ ਹੋ ਕੇ ਮਹੇਸ਼ (ਸ਼ਿਵ ਜੀ) ਆਦਿ ਦੇਵਤਿਆਂ ਨੂੰ ਬੁਲਾਇਆ ਅਤੇ ਵਿਚਾਰ ਵਟਾਂਦਰਾ ਕੀਤਾ, ਜੁਧ ਦੀ ਜਿਤਾਵਲੀ ਬਾਰੇ ਵਿਚਾਰ ਵਟਾਂਦਰਾ ਹੋਇਆ ਅਤੇ ਪਾਸ ਕੀਤਾ। ਆਪੋ ਆਪਣੀ ਸਾਰੀ ਸ਼ਕਤੀ ਮਾਤਾ ਦੀ ਸਹਾਇਤਾ ਲਈ ਭੇਜ ਦਿਤੀ ਜਾਏ। ਪ੍ਰਿੰਸੀਪਲ ਸਾਹਿਬ ਧਿਆਨ ਨਾਲ ਪੜ੍ਹ ਲੈਣ-

ਸੋਈ ਕਾਮ ਕੀਨ। ਦੇਵਨ ਪ੍ਰਬੀਨ।
ਸਕਤੈ ਨਿਕਾਰ। ਭੇਜੀ ਅਪਾਰ। ੨੪।੧੪੬।

ਬਿਰਧ ਨਿਰਾਜ ਛੰਦ-ਚਲੀ ਸ਼ਕਤ ਸੀਘਰ ਸੀ ਕ੍ਰਿਪਾਣਿ ਪਾਣਿ ਧਾਰਕੈ। ਭਾਂਵ ਉਹਨਾਂ ਦੇਵਤਿਆਂ ਦੀ ਸੈਨਾ-ਸ਼ਕਤੀ ਛੇਤੀ ਹੀ ਸ਼ਸਤ੍ਰ ਅਸਤ੍ਰ ਪਹਿਨ ਕੇ ਅਤੇ ਆਪਣੇ ਹੁਕਮਰਾਨਾਂ ਨੂੰ ਸਿਰ ਨੀਵਾਂ ਕਰਕੈ ਚਲ ਪਈ, ਜਿਸ ਦੇ ਅੱਗੇ ਖੂਬ ਬਾਜੇ ਤੇ ਢੋਲ ਢਮੱਕੇ ਹੋ ਰਹੇ ਸਨ-

ਬਿਸੇਖ ਦੇਵਤੋਂ ਰੁ ਬੀਰ ਬਾਣ ਧਾਰ ਬੁੱਠਹੀ ।੨੫।
[ਪੰਨਾ ੧੧੦

ਸਬੈ ਸਕਤ ਐਕੈ। ਚਲੀ ਸੀਘ੍ਰ ਨਿਐਕੈ।
ਮਹਾਂ ਅਸਤ੍ਰ ਧਾਰੇ। ਮਹਾਂ ਬੀਰ ਮਾਰੇ ।੨੬।

ਦੋਹਰਾ-ਦੇਖ ਭਇਆਨਕ ਜੁੱਧ ਕੋ
ਕੀਨੋ ਬਿਸਨ ਬਿਚਾਰ।
ਸਕਤ ਸਹਇਤ ਕੇ ਨਮਿਤ
ਭੇਜੀ ਰਨਹਿ ਮੰਝਾਰ।
੧੮੩॥ ਪੰ: ੯੩

ਆਇਸ ਪਾਇ ਸਭੈ ਸਕਤੀ ਚਲਿ ਕੈ
ਤਹਾਂ ਚੰਡ ਪ੍ਰਚੰਡ ਪੈ ਆਈ।
ਦੇਵੀ ਕਹਿਓ ਤਿਨ ਕੋ ਕਰ ਆਦਰੁ
ਆਈ ਭਲੇ ਜਨੁ ਬੋਲ ਪਠਾਈ।

ਸਵੈਯਾ-ਚੰਡਿ ਪ੍ਰਚੰਡ ਸੁ ਕੇਹਰ ਕਾਲਕਾ
ਅਉ ਸਕਤੀ ਮਿਲਿ ਜੁੱਧ ਕਰਿਓ ਹੈ।
੨੦੬। ਪੰ: ੯੬

ਕਿੰਨਾਂ ਚੰਗਾ ਹੋਵੇ ਜੇ ਪ੍ਰਿੰਸੀਪਲ ਸਾਹਿਬ ਕਿਸੇ ਵਿਦਵਾਨ ਪਾਸ ਬਹਿ ਕੇ ਸੰਥਿਆ ਨਾਲ ਸ੍ਰੀ ਦਸਮ ਗ੍ਰੰਥ ਨੂੰ ਪੜ੍ਹ ਲੈਣ। ਤਾਂ ਫੇਰ ਦੇਵੀ ਨੂੰ ਇਕੱਲਿਆਂ ਜੁਧ ਕਰਦਿਆਂ ਕਹਿਣ ਤੋਂ ਤਾਂ ਹਟ ਜਾਣ।

੧੩. ਉਟੰਕਣ ਨੰ: ੪, ਪੰਨਾ ੨੪-ਸੱਤ ਸੌ ਸਲੋਕਾਂ ਉਤੇ ਨਿਰੱਭਰ ਚੰਡੀ ਦੀ ਇਹ ਕਥਾ ਮਾਰਕੰਡੇ ਪੁਰਾਣ ਤੋਂ ਲਈ ਹੈ, ਅਤੇ ਇਹ ਸਾਰੀ ਦੀ ਸਾਰੀ ਅਸਵੰਤਾ, ਕਲਪਨਾ ਤੇ ਮਿਥਿਹਾਸ ਉਤੇ ਅਧਾਰਤ ਹੈ। ਜਿਵੇਂ ਮਹਿਖਾਸੁਰ ਦੈਂਤ ਦਾ ੪੦ ਪਦਮ ਫੌਜ ਜਿਸਦੀ ਗਿਣਤੀ ੪ ਕ੍ਰੋੜ ੪੦ ਲੱਖ ਅਰਬ ਬਣਦੀ ਹੈ, ਨਾਲ ਨਾਲ ਦੇਵ ਲੋਕ ਉਤੇ ਧਾਵਾ ਕਰਦਾ-ਨੋਟ ਕਰੋ। (ਸਾਰੀ ਦੁਨੀਆਂ ਦੀ ਵਧੀ ਅਬਾਦੀ ਤਾਂ ਇਸ ਵੇਲੇ ਕੇਵਲ ੫ ਅਰਬ ਹੈ ਜੋ ਇਸ ਫੌਜ ਦਾ ੨੦ ਕ੍ਰੋੜਵਾਂ ਹਿੱਸਾ ਬਣਦੀ ਹੈ)।

ਸਮਾਧਾਨ-ਸਾਡਾ ਕੰਮ ਨਿੰਬੂ ਦੀ ਖੋਪਰੀ ਚੱਬਣਾ ਨਹੀਂ, ਅਤੇ ਨਾ ਹੀ ਉਸਦੀ ਖਟਿਆਈ ਦੀ ਪ੍ਰਵਾਹ ਕਰਨਾ ਹੈ। ਸਾਡਾ ਸੰਦ੍ਰਵ ਕੇਵਲ ਉਸਦੇ ਰਸ ਤੋਂ ਕੁਵੱਤ ਹਾਸਲ ਕਰਨਾ ਹੈ, ਮਿੱਠਾ ਕੋਲ ਪਾ ਕੇ ਖਟਿਆਈ ਘਟ ਕੋਰ ਲਈਦੀ ਹੈ। ਸੱਤ ਸੌ ਸਲੋਕਾਂ ਤੇ ਹੋਵੇ ਭਾਵੇਂ ੧੪ ਚੌਦਾਂ ਸੌ ਤੇ। ਜੇ ਮਾਰਕੰਡੇ ਰਿਸ਼ੀ ਨੇ ਲਿਖੀ ਤਾਂ ਸਾਧੂ ਮਹਾਂ ਪੁਰਸ਼ ਹੀ ਸਨ, ਚੋਰ ਠਗ ਨਹੀਂ ਜਿਸਨੇ ਠੱਗੀ ਕਰਕੇ ਸਾਥੋਂ ਕੁਝ ਠੱਗ ਲਿਆ ਹੋਵੇ। ਜੇ ਬੇਦ ਬਿਆਸ ਨੇ ਲਿਖੀ ਤਾਂ ਵਾ ਕਿਸੇ ਪ੍ਰਮਾਰਥ ਦੇ ਲਈ। ਜੇ ਸ੍ਰੀ ਵੇਦ ਵਿਆਸ ਨੇ ੧੮ ਪੁਰਾਣ ਲਿਖੇ ਤਾਂ ਉਹ ਸੰਦ੍ਰਵ ਦੀ ਬੁੱਕਲ ਦੇ ਵਿਚ ਕੋਈ ਪ੍ਰਮਾਰਥ ਦੀ ਅਣੀ ਹੀ ਸੀ, ਧਨ ਕਮਾਉਣਾ ਨਹੀਂ। ਸ੍ਰੀ ਰਵਿਦਾਸ ਜੀ ਦਾ ਸ਼ੁਭ ਵੀਚਾਰ ਹੈ। (ਬਿਆਸ ਬਿਚਾਰਿ ਕਹਿਓ ਪਰਮਾਰਥ ਰਾਮ ਨਾਮ ਸਰਿ ਨਾਹੀ। ਪੰਨਾ ੬੫੮

ਹਾਂ, ਪੁਰਾਣੇ ਕਹੇ ਸੁਣੇ ਲੇਖਾਂ ਵਿਚ ਪ੍ਰਮਾਦ ਕੁਦਰਤੀ ਹੈ। ਕਿਤੇ ਥੋੜਾ ਕਿਤੇ ਬਹੁਤਾ ਸਾਂਇਆ ਪੈਂਦਾ ਹੀ ਰਹਿੰਦਾ ਹੈ। ਅਸੀਂ ਆਪਣੇ ਜੀਵਨ ਦਾ ਇਤਿਹਾਸ ਨਿਹਕੰਟਕ ਨਹੀਂ ਉਲੀਕ ਸਕਦੇ। ਹਜ਼ਾਰਾਂ ਵਰ੍ਹਿਆਂ ਦਾ ਇਤਿਹਾਸ ਲਿਖ ਦੇਣਾ ਇਹ ਉਨ੍ਹਾਂ ਦੀ ਤੀਖਣ ਬੁੱਧੀ

Digitized by Panjab Digital Library | www.panjabdigilib.org

ਤੇ ਠੋਸ ਯਾਦਾਸਤ, ਅਤੇ ਵਿਦਿਆ ਦਾ ਚਮਤਕਾਰ ਹੈ। ਪੁਰਾਤਨ ਭੁਲੇ ਵਿਸਰੇ ਪਿਛੋਕੜ ਦੇ ਇਤਿਹਾਸ ਦੀ ਸਮਗਰੀ ਦਾ ਪੁਨਰ ਗਠਨ ਕਰਨਾਂ ਰੱਜੀ ਮਾਈ ਦਾ ਵੇਹੜਾ ਸੰਬਰਨ ਵਾਲੀ ਗੱਲ ਤਾਂ ਹੈ ਹੀ ਨਹੀਂ। ਭਾਂਵੇ-ਸ੍ਰੀ ਬਾਲਮੀਕ ਜੀ ਬ੍ਰਾਹਮਣ ਰਿਸ਼ੀ ਪੂਰਨ ਸਤਵਾਦੀ ਸਨ, ਉਹਨਾਂ ਰਾਮਾਇਣ ਲਿਖੀ ਜੋ ਰਾਮ ਕਾਲ ਵਿਚ ਹੀ ਨਹੀਂ ਸਗੋਂ ਕੁਝ ਰਾਮ ਚੰਦ੍ਰ ਦੀ ਜ਼ਬਾਨੀ ਤੇ ਕੁਝ ਸੀਤਾ ਜੀ ਦੀ ਜਬਾਨੀ ਸੁਣੀ ਸੀ ਕੁਝ ਲਉ ਕੁਸ਼ ਕਾਂਡ ਅਖੀਂ ਡਿੱਠਾ ਨਜ਼ਾਰਾ ਸੀ। ਕਿਸੇ ਪਖ-ਪਾਤ ਤੋਂ ਕੋਰੇ ਸਨ, ਲੂਣ ਮਸਾਲੇ ਦੇ ਰਸੀਏ ਵੀ ਨਹੀਂ ਸਨ ਤੇ ਕੋਈ ਮਾਯਕ ਲਾਲਚ ਤੋਂ ਵੀ ਸ਼ੁਧ ਗੰਗਾ ਜਲ ਸਨ। ਪਰ ਜਿੱਥੇ ਰਾਮ ਨੂੰ ਲੰਕਾ ਤੇ ਚੜ੍ਹਾਈ ਕਰਨ ਵੇਲੇ ਸੁਗ੍ਰੀਵ ਵਲੋਂ ਰਿੱਛ ਤੇ ਬਾਨਰਾਂ ਦੀ ਸੈਨਾ ਦੀ ਉਸ ਵੇਲੇ ਦੀ ਤੈਦਾਦ, ਅਰਬਾਂ-ਖਰਬਾਂ ਦੀ ਗਿਣਤੀ ਨਾਲ ਨਹੀਂ ਤੋਲੀ ਮਿਣੀ ਜਾਂਦੀ ਨਾਂ ਹੀ ਮੌਕਿਆ ਦੀ ਗਿਣਤੀ ਕਰਨ ਵਾਲਾ ਮੁਨੀਮ ਹੀ ਦਿਸਦਾ ਹੈ। ਅਬਾਦੀ ਘਟਦੀ ਵਧਦੀ ਹੀ ਰਹਿੰਦੀ ਹੈ ਹੁਣ ਵੀ ਦਿਨੋ-ਦਿਨ ਵਧ ਹੀ ਰਹੀ ਹੈ ਕੀ ਪਤਾ ਉਹਨਾਂ ਤ੍ਰਿਲੋਕੀ ਦੀ ਗਿਣਤੀ ਸ਼ੁਮਾਰ ਕੀਤੀ ਹੋਵੇ-ਕਿਉਂਕਿ ਸੁੰਭ ਤਿੰਨਾਂ ਲੋਕਾਂ ਤੇ ਭਾਰੂ ਹੋ ਚੁਕਾ ਸੀ। ਇਸ ਨਾਲ ਸ੍ਰੀ ਦਸਮੇਸ ਪਾਤਸ਼ਾਹ ਨੂੰ ਵੀ ਕੀ ਸ਼ਜ਼ ਸੀ, ਉਹਨਾਂ ਦਾ ਨਿਸ਼ਾਨਾਂ ਤਾਂ ਇਹ ਦਸਣਾ ਸੀ ਕਿ ਬੁਰਾਈ ਤੇ ਭਲਾਈ ਦੀ ਜਿਤ ਪ੍ਰਮ ਪਿਤਾ ਕਿਵੇਂ ਕਰਾ ਦਿੰਦਾ ਹੈ ਅਤੇ ਸੰਤ ਸਹਾਈ ਕਿਵੇਂ ਕਿਹਾ ਜਾਂਦਾ ਹੈ, ਹੰਕਾਰ ਲਈ ਕਿਤਨਾ ਮਾਰੂ ਹਥਿਆਰ ਹੈ ਅਥਵਾ ਮਨੁੱਖ ਮਾਤਰ ਦੇ ਹੱਥ ਕੁਝ ਵੀ ਨਹੀਂ ਜੋ ਉਹ ਚਾਹੁੰਦਾ ਹੈ ਉਹੀ ਹੁੰਦਾ ਹੈ ਤੇ ਉਹੀ ਕਰਾਉਂਦਾ ਹੈ (ਜੋ ਭਾਵੈ ਸੋ ਕਾਰ ਕਰਾਵੈ ਨਾਨਕ ਦ੍ਰਿਸ਼ਟੀ ਅਵਰ ਨ ਆਵੈ) ਪੰ: ੨੭੭੧ ਦੇ ਪਾਟ ਦੀ ਅਦਾਕਾਰੀ ਕਰਕੇ ਦਰਸਾਉਣਾ ਹੀ ਹੈ-ਜੇ ਕਹੀਏ ਐਨੀ ਗਿਣਤੀ ੨੧੧੦ ਕਿਉਂ ਲਿਖੀ ਤਾਂ ਇਹ ਪ੍ਰਸੋਤਮ ਆਪ ਹੀ ਜਾਣਦੇ ਹਨ।

ਕਈ ਕੋਟਿ ਹੋਇ ਪੂਜਾਰੀ।
ਕਈ ਕੋਟਿ ਆਚਾਰ ਬਿਉਹਾਰੀ।

ਪੰ ੨੭੫। ਮ: ੫।

੫੨ ਬਾਰੀ ਇਕੋ ਅਸਟਪਦੀ ਵਿਚ ਲਿਖਿਆ ਹੈ-ਇਹਨਾਂ ਨੂੰ ਜ਼ਰਬ ਦਿਤਿਆਂ ਕਿੰਨੇ ਕੋਟਿ ਬਣ ਜਾਣਗੇ ?

(੧੪) ਉਟੰਗਣ ਨੰ: ੫—ਇਸ ਚਰਿਤ੍ਰ ਦਾ ਲਿਖਾਰੀ ਅੰਤ ਵਿਚ ਦਾਅਵਾ ਕਰਦਾ ਹੈ ਕਿ ਜ ਇਸ ਕਥਾ ਨੂੰ ਜਸਿ ਭਾਵਨਾ ਨਮਿਤ ਪੜ੍ਹੇ ਗਾ ਉਸਨੂੰ ਅਵਸ਼ ਉਹੀ ਪ੍ਰਾਪਤ ਹੋਵੇਗਾ। ਚੰਡੀ ਉਸਨੂੰ ਮਨ ਇਛੱਤ ਫਲਾਂ ਨਾਲ ਨਿਹਾਲ ਕਰੇਗੀ। ਨੰ: ੬ ਪੰ: ੧੮ ਤੇ ਲਿਖਿਆ ਹੈ ਕਿ ਗੁਰਮਤਿ ਅਥਵਾ ਗੁਰੂ ਸਾਹਿਬਾਨ ਦਾ ਇਹ ਅਮਰ ਤੇ ਅੱਟਲ ਸਿਧਾਂਤ ਹੈਕਿਕਿਸੇ ਮੰਤਵ ਦੀ ਪ੍ਰਾਪਤੀ ਲਈ ਵਰਤੇ ਸਾਧਨ ਵੀ ਉਤਨੇ ਹੀ ਉਚੇ ਤੇ ਸ਼੍ਰੇਸਟ ਹੋਣੇ ਯੋਗ ਹਨ ਜਿਨ੍ਹਾਂ ਕਿ ਉਹ ਮੰਤਵ ਜਾਂ ਨਿਸ਼ਾਨਾਂ।

ਸਮਾਧਾਨ—ਇਸ ਪ੍ਰਯੋਜਨ ਨਾਲ ਗੁਰੂ ਸਾਹਿਬਾਨ ਦੇ ਨਿਜੀ ਭਾਵਾਂ ਨੂੰ ਜੁਟਾ ਦੇਣਾ ਨਿਰੀ ਭੁਲ ਤੇ ਅਗਿਆਨਤਾ ਹੈ। ਗੁਰਮਤਿ ਤੋਂ ਪਹਿਲੀ ਅਵਸਥਾ ਨਿਰੋਲ ਵੇਦਾਂ ਸਾਸਤ੍ਰਾਂ ਤੇ ਪੁਰਾਣਾਂ ਦੇ ਹੀ ਆਸ੍ਰਤ ਸਤੂਨ ਤੇ ਟਿਕੀ ਹੋਈ ਖੜੀ ਸੀ ਅਤੇ ਉਹਨਾਂ ਨੂੰ ਇਹਨਾਂ ਕਥਾਵਾਂ ਤੇ ਪੂਰਨ ਬਿਸਵਾਸ ਸੀ। ਕਿਉਂਕਿ ਪ੍ਰਭੂ ਦੀ ਰਚੀ ਸ੍ਰਿਸਟੀ ਦੀ ਖੇਡ ਅਤੇ ਉਸ ਖੇਡ ਦੇ ਉਤਮ ਮਧਮ ਖਿਡਾਰੀ ਤੇ ਖਿਡਾਰੀਆਂ ਦੀ ਧਰਮ ਅਪੇਖਸਤਾ ਤੇ ਨਿਰਪੇਖਸਤਾ ਦੀਆਂ ਕਥਾ ਕਹਾਣੀਆਂ ਜਿੱਥੇ ਗਿਆਨ ਦਾ ਸੋਮਾਂ ਸਨ ਅਤੇ ਸਮਾਜਕ ਸਰ ਸਫਲਤਾ ਹੋ ਨਿਬੜਿਆ ਸੀ ਉਥੇ ਖੇਡ ਰਚਨਹਾਰ ਦੀ ਪ੍ਰਸੰਨਤਾ ਵੀ ਲੈਂਦਾ ਹੈ। ਗੁਰਮਤਿ ਦੇ ਆਗਮਨ ਤੋਂ ਪਹਿਲਾਂ ਸਾਸਤ੍ਰ ਗਿਆਨ ਇਹੋ. ਧਰਮ ਤੇ ਧਾਰਮਕ ਸਮਾਜਕ ਰਾਜਨੈਤਕ, ਆਚਰਨ ਦੀ ਧੁਰਾ ਸੀ। ਇਹਨਾਂ ਦੀ ਸੇਧ ਤੇ ਹੀ ਸੰਤਾ, ਭਗਤਾਂ ਤੇ ਵਿਦਵਾਨਾਂ ਨੇ ਆਪਣੇ ਉਪਦੇਸਾਂ ਦਾ ਮਧਅਮ ਰਚਿਆ ਸੀ। ਭਾਂਵੇਂ-ਗੁਰਬਾਣੀ ਵੇਦ ਸ਼ਾਸਤ੍ਰ ਤੇ ਪੁਰਾਣਾਂ ਅਨੁਸਾਰ ਵਿਯਗਤੀ-ਗਤ ਨਹੀਂ, ਗੁਰਬਾਣੀ ਦਾ ਪਵਿੱਤ੍ਰ ਬ੍ਰਹਮ ਗਿਆਨ (ਧੁਰ ਦੀ ਬਾਣੀ) ਹੈ ਪਰ ਫੇਰ ਵੀ ਵੇਦਾਂ ਸਾਸਤ੍ਰਾਂ ਦੀ ਅਥਾਰਟੀ ਤੋਂ ਮੁਨਕਰ ਨਹੀਂ ਹੋ ਸਕਦਾ ਜੈਸਾ ਕਿ—

ਬੇਦ ਬਾਦ ਸਭਿ ਆਖ ਵਖਾਣਹਿ ॥
ਨਾ ਅੰਤਰ ਭੀਜੈ ਨ ਸਬਦੁ ਪਛਾਣਹਿ ॥
ਪੁੰਨ ਪਾਪ ਸਭੁ ਬੇਦਿ ਦ੍ਰਿੜਾਇਆ ॥
ਗੁਰਮੁਖਿ ਅੰਮ੍ਰਿਤੁ ਭੀਜੈ ਹੈ ॥ ੫੧ ॥

ਪੰ: ੧੦੫੦ ਮ. ੩

ਚਾਰ ਪੁਕਾਰਹਿ ਨਾ ਤੂ ਮਾਨਹੇ ॥
ਖਟ ਵੀ ਏਕਾ ਬਾਤ ਵਖਾਨਹਿ ॥

ਪੰ: ੮੮੬।

Digitized by Panjab Digital Library | www.panjabdigilib.org

ਸਾਸਤ ਬੇਦੁ ਨ ਮਾਨੈ ਕੋਇ ॥
ਆਪੋ ਆਪੈ ਪੂਜਾ ਹੋਇ ॥
ਪੰ: ੯੫੧ । ਮ: ੩ ।

ਇਸ ਤਰ੍ਹਾਂ ਅਨੇਕਾਂ ਪ੍ਰਮਾਣ ਮਿਲ ਸਕਦੇ ਹਨ– ਉਸ ਵੇਲੇ ਸਾਧੂ ਜਨ ਵੇਦਾਂ ਦੇ ਅਧਾਰ ਤੇ ਹੀ ਵਖਿਆਨ ਕਰਿਆ ਕਰਦੇ ਸਨ । ਅਸੀਂ ਅਜ ਬੇਦ ਦੀ ਅਸਲ ਬਿਧੀ ਨਾਂ ਜਾਣਦੇ ਹੋਇ ਆਪਣੇ ਨਿਜ ਗਿਆਨ ਤੇ ਮਨ ਸਕਦੇ ਹਾਂ (ਸ਼ਾਸਤ੍ਰ ਬੇਦ ਕੀ ਬਿਧੀ ਨਹੀਂ ਜਾਣਹਿ ਬਿਆਪੇ ਮਨ ਕੈ ਮਾਨ)

ਪੰ: ੧੨੦੩ । ਮ: ੫ ।

ਬੇਦ ਬਖਿਆਨ ਕਰਤ ਸਾਧੂ ਜਨ ।
ਭਾਗ ਹੀਨ ਸਮਝਤ ਨਹੀਂ ਖਲੁ ।
ਪੰ: ੭੧੭ ਮ: ੫।

ਉਚੇ ਨੀਵੇਂ-ਨੀਵੇਂ ਸੰਦ੍ਰਵ ਸਾਡੇ ਨਿਜੀ ਵਿਚਾਰਾਂ ਨੂੰ ਨਹੀਂ ਸਗੋਂ ਸ਼ਾਸਤ੍ਰ ਗਿਆਨ ਨਾਲ ਹੀ ਪਵਿਤ੍ਰ ਤੇ ਅਪਵਿਤ੍ਰ ਮੰਨੇ ਜਾ ਸਕਦੇ ਹਨ । ਜਦੋਂ ਅਸਾਂ ਕੋਈ ਦਲੀਲ ਦੇਣੀ ਹੈ ਤਾਂ ਕਿਸੇ ਸਾਸਤ੍ਰ ਦੇ ਹਵਾਲੇ ਨਾਲ ਹੀ ਮੰਨੀ ਜਾ ਸਕਦੀ ਹੈ, ਜਿਸ ਵਿਚ ਅਜ ਗੁਰਮਤਿ ਦੀ ਪ੍ਰਧਾਨਗੀ ਹੈ । ਇਸ ਲਈ ਉਹਨਾਂ ਸਾਰੇ ਗ੍ਰੰਥਾਂ ਵਿਚ ਵੇਦ ਪੁਰਾਨਾਂ ਨੂੰ ਮੁਕਤਿ ਦਾ ਸਾਧਨ ਮੰਨਿਆ ਜਾਂਦਾ ਸੀ । ਰਾਜੇ ਪ੍ਰੀਛਤ ਨੂੰ ਰਿਸ਼ੀ ਸਰਾਪ ਸਦਕਾ ਸਤਵੇਂ ਦਿਨ ਮਰ ਜਾਣ ਦਾ ਅਗਾਊ ਸੁਨੇਹਾ ਮਿਲ ਗਿਆਸੀ–ਦੇਖੋ ਭਾਗਵਤ ਪੁਰਾਣ ਉਸਨੂੰ ਸ੍ਰੀ ਭਾਗਵਤ ਪੁਰਾਣ ਦੀ ਸਪਤਾਹਕ ਕਥਾ ਉਸਦੀ ਮੁਕਤੀ ਕਾਰਨ ਸੁਣਾਈ ਗਈ ਸੀ । ਇਸ ਲਈ ਸਪਸ਼ਟ ਹੈ ਕਿ ਰਿਸ਼ੀ ਮਾਰਕੰਡੇ ਜਾਂ ਸ੍ਰੀ ਵੇਦ ਬਿਆਸ ਨੇ ਜਾਂ ਸ੍ਰੀ ਤੁਲਸੀ ਦਾਸ ਨੇ ਰਾਮਾਇਣ ਦੇ ਲੇਖ ਵਿਚ ਹਰੇਕ ਥਾਂ ਲਿਖਿਆ ਹੈ ਕਿ ਇਹਨਾਂ ਦੇ ਪੜ੍ਹਨ ਨਾਲ ਮਨੁਖ ਦੀ ਹਰ ਭਾਵਨੀ ਪੂਰਨ ਹੋਵੇਗੀ ਜਿਸਦੀ ਕਾਪੀ ਸ੍ਰੀ ਦਸਮੇਸ ਭਗਵਾਨ ਨੇ ਕੀਤੀ । ਇਸ ਤਰ੍ਹਾਂ ਗੁਰਬਾਣੀ ਵਿਚ ਵੀ ਅਨੇਕਾਂ ਥਾਂ ਭਾਵਨੀ ਪੂਰਕ ਬਚਨ ਆਵੰਦੇ ਹਨ ਜਿਸ-ਛਿੱਕੇਤੇ ਸ਼ਰਧਾਲੂਆਂ ਦੀ ਸ਼ਰਧਾ ਦੇ ਟਿਕਣ ਦਾ ਅਸਥਾਨ ਹੈ ਅਜ ਸਾਡੀ ਸ਼ਰਧਾ ਭਾਵਨੀ ਡਾਵਾਂ ਡੋਲ ਇਸ ਲਈ ਹੈ ਕਿ ਅਸੀਂ ਇਸ ਛਿੱਕੇ ਦੀ ਸਤਾਹ ਤੋਂ ਬੜੀ ਦੂਰ ਜਾਂ ਖਲੋਤੇ ਹਾਂ–

ਸਭਨਾ ਕਾ ਸਹੁ ਏਕੁ ਹੈ,
ਸਦਹੀ ਰਹੈ ਹਜੂਰਿ ।
ਨਾਨਕ ਹੁਕਮੁ ਨ ਮੰਨਈ,
ਤਾ ਘਰ ਹੀ ਅੰਦਰ ਦੂਰਿ ।
ਪੰ: ੫੧੦ । ਮ: ੩ ।

(੧੫) ਉਟੰਕਣ ਨੰ: ੭ ਪੰ: ੨੫–ਐਸੀ ਸੂਰਤ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਅਥਵਾ ਦਸਵੇਂ ਗੁਰੂ ਨਾਨਕ ਦੇਵ ਜੀ ਨੂੰ ਕੀ ਲੋੜ ਸੀ ਕਿਉਹ ਐਸੀਂ ਮਨੋ ਕਲਪੱਤ ਝੂਠੀਆਂ ਤੇ ਅਨ-ਹੋਣੀਆਂ ਕਹਾਣੀਆਂ ਦੇ ਆਪੋ ਉਲੱਥੇ ਕਰਕੇ ਪਰਚਾਰਦੇ, ਜਿਸ ਨਾਲ ਸਿੱਖਾਂ ਵਿਚ ਇਹ ਭੁਲੇਖਾ ਪੈਣ ਦੀ ਸੰਭਾਵਨਾ ਪੈਦਾ ਹੋ ਸਕਦੀ ਸੀ ਕਿ ਸ੍ਰੀ ਗੁਰੂ ਜੀ ਬਕੌਲ ਡਾ: ਹਰਿ ਭਜਨ ਸਿੰਘ ਸਰਸਵਤੀ ਅਤੇ ਚੰਡੀ ਦੇਵੀ ਦੇ ਵਿਸ਼ਵਾਸੀ ਸਨ ?

ਸਮਾਧਾਨ ਲਈ ਪੇਸ਼ਗੀ ਪ੍ਰਮਾਣ–ਇਕ ਸੀ ਖਿਆਲ ਨਾਮਕ ਗੁੱਜਰ ਜੋ ਕਿਸੇ ਜੱਟ ਕੋਲ ਖੇਤੀ ਦਾ ਕੰਮ ਕਰਦਾ ਸੀ, ਜੱਟ ਨਾਲ ਕੰਮ ਕਰਨਾ ਸੌਖਾ ਤਾਂ ਹੁੰਦਾ ਹੀ ਨਹੀਂ ਕਿਉਂਕਿ ਉਹਨਾਂ ਦਿਨਾਂ ਵਿਚ ਜ਼ਿਮੀਦਾਰ ਬੜੀ ਸਖਤ ਮੇਹਨਤ ਕਰਿਆ ਕਰਦੇ ਸਨ । ਹਾੜ ਸੋਣ ਦੇ ਮਹੀਨੇ ਧੁਪ ਵਿਚ ਵਾਹੀ ਦਾ ਕੰਮ ਕਰਨਾ, ਤੇ ਤਪਦੀ ਭਾਦਰੋਂ ਵਿਚ ਗੋਡੀ ਕਰਨੀ ਧੁਪ ਨਾਲ ਸੜਕੇ ਪਿੰਡੇ ਦਾ ਚੰਮ ਕਾਲੇ ਸੰਢੇ ਜਿਹਾ ਹੋ ਜਾਂਦਾ ਏ । ਜੋ ਵਿਚਾਰੇ ਖਿਆਲੀ ਗੁਜਰ ਦੀ ਇਹੋ ਹਾਲਤ ਸੀ, ਧੁਪ ਦਾ ਸਤਾਇਆ ਉਹ ਇਕ ਨੇੜੇ ਕਿੱਕਰ ਦਾ ਰੁਖ ਦੇਖਕੇ ਉਸਦੀ ਛਾਂ ਵਿਚ ਸਾਹ ਕਢਣ ਲਈ ਜਾ ਬੈਠਾ । ਕਿੱਕਰ ਦੇ ਆਪਣੇ ਪਿੰਡੇ ਜਿਹੇ ਚਮੜੇ ਦੇ ਹੋਇ ਕਾਲੇ ਰੰਗ ਨੂੰ ਤੱਕ ਕੇ ਉਸ ਸਵਾਲ ਕੀਤਾ ਸੀ ।

ਕਿੱਕਰੇਨੀ ਕਿਕਰੋਟੀਏ ਟੋਚੀ ਤੇਰੀ ਹਰੀ ।
ਤੈਨੂੰ ਪੁੱਛੇ ਖਿਆਲੀ ਗੁਜਰ ਕੀ ਤੈਂਵੀ ।
ਕਿਸੇ ਜੱਟ ਨਾਲ ਖੇਤੀ ਕਰੀ ।

ਇਸੇ ਤਰ੍ਹਾਂ-ਉਪ੍ਰੋਤਕ ਉਟੰਕਣਾਂ ਤੋਂ ਐਉਂ ਜਾਪਦਾ ਹੈ ਕਿ,ਮਾਨਯੋਗ ਪ੍ਰਿੰਸੀਪਲ ਸਾਹਿਬ ਨੇ ਵੀ ਕਿਤੇ ਗਿਆਨੀ ਭਾਗ ਸਿੰਘ ਨਾਲ ਸੰਗਤ ਕੀਤੀ ਹੋਵੇਗੀ । ਜਿੱਥੇ-ਤਕ ਬਿਸਵਾਸ ਤੇ ਅਨ ਵਿਸ਼ਵਾਸੀ ਦਾ ਸੰਦ੍ਰਵ ਹੈ ਇਹ ਆਪਣੇ ਖਿਆਲ ਦੇ ਦਵਾਲੇ ਹੀ ਚੱਕਰ ਲੌਂਦਾ ਰਹਿੰਦਾ ਹੈ, ਸਣ ਦੇ ਅੰਨ੍ਹੇ ਨੂੰ ਹਰ ਪਾਸੇ ਹਰਿਆਵਲ ਹੀ ਹਰਿਆਵਲ ਦਿਸਦੀ ਰਹਿੰਦੀ ਹੈ, ਹਰ ਬੁਧੀ ਖਿਆਲਾਂ ਦੀ ਲਪੇਟ

Digitized by Panjab Digital Library | www.panjabdigilib.org

ਵਿਚ ਲਾਟੂ ਵਾਂਗ ਘੁੰਮਦੀ ਰਹਿੰਦੀ ਹੈ ਭਲਾ-ਹੋਵੇ ਸਤਿਗੁਰੂ ਹਰਿ ਰਾਇ ਜੀਦਾ, ਜਿਨ੍ਹਾਂ ਨੇ, ਆਪਣੇ ਲਾਇਕ ਤੇ ਕਰਨੀ ਦੇ ਸੁੱਚੇ ਹੋਣਹਾਰ ਸਪੁੱਤਰ ਸ੍ਰੀ (ਰਾਮ ਰਾਇ) ਆਪਣੇ ਜਿਗਰ ਦੇ ਟੁਕੜੇ ਨੂੰ ਇਸ ਗੱਲੋਂ ਜਿਗਰੋਂ ਲਾਹ ਕੇ ਸੁਟ ਦਿਤਾ ਸੀ ਕਿ ਤੂੰ ਗੁਰੂ ਨਾਨਕ ਦੀ ਉਤਮ ਤੇ ਸੁਚੀ-ਸਚੀ ਬਾਣੀ ਦੇ ੩ ਅੱਖਰ ਕਿਵੇਂ ਬਦਲੇ। ਜਿਸ ਦੇ ਕਾਰਣ ਪ੍ਰਸ਼ਨਾਂ ਤੇ ਉਟਕਣਾ ਦਾ ਖਾਤਮਾ ਹੋ ਗਿਆ, ਪਰ ਜੇ ਕਿਤੇ ਸਤਿਗੁਰੂ ਦੇਵ ਮਹਾਰਾਜ ਇਹ ਏਡੀ ਵੱਡੀ ਦਲੇਰੀ ਨਾਂ ਕਰਦੇ ਤਾਂ ਅਜ ਨੂੰ ਸ੍ਰੀ ਗੁਰੂ ਗ੍ਰੰਥ **ਸਾਹਿਬ ਦੀ ਬਾਣੀ ਦਾ** ਵੀ ਇਹੋ ਹਸ਼ਰ ਹੋਣਾ ਸੀ ਉਟੰਕਣਾ ਦੀ **ਕੈਂਚੀ ਨਾਲ** ਲੀਰੋਂ-ਲੀਰ ਕਰਨ ਦਾ ਕਿਉਂਕਿ ਇਹ ਸ਼ਕੀ ਸ਼ਬਦ ਨਾਨਕ ਬਾਣੀ ਵਿਚ ਵੀ ਬਹਤੇਰੇ ਆਂਵਦੇ ਨੇ। ਵੈਸੇ ਤਾਂ ਜੇ ਗਹੁ ਨਾਲ ਤੱਕਿਆ ਜਾਵੇ ਗੁਰੂ ਪੰਚਮ ਨਾਨਕ ਦੀ ਇਕਤਰ ਕੀਤੀ ਤੇ ਸੰਪਾਦਨ ਕੀਤੀ ਬਾਣੀ ਦਾ ਖਾਲਸੇ ਦੇ ਹੱਥੋਂ ਹੀ ਕਿਰ ਗਈ ਸੀ। ਇਹਨਾਂ ਸ੍ਰੀ ਦਸਮ ਗੁਰੂ ਨਾਨਕ ਨੇ ਹੀ ਮੁੜ ਮੁਹੀਆ ਕੀਤੀ ਹੈ। ਇਸ-ਲਈ ਹੁਣ ਜੇਹੜੀ ਗੁਰਬਾਣੀ ਦੇ ਤਾਬੇ ਦਸਮੇਸ ਪਾਤਸ਼ਾਹ ਨੇ ਖਾਲਸੇ ਨੂੰ ਸ਼ਰਨ ਦਿਤੀ ਹੈ ਇਹ ਸਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਦੇਣ ਹੈ। ਜਦ ਦਸਮ ਪਾਤਸ਼ਾਹ ਦੇ ਰਚਿਤ ਸ੍ਰੀ ਦਸਮ ਗ੍ਰੰਥ ਸਾਹਿਬ ਤੇ ਬਿਨਾਂ ਹੀ ਦੰਦਾਂ ਤੋਂ ਕੁੜਕੁੜੂ ਰੜਕਦੇ ਨੇ ਤਾਂ ਆਦਿ ਗ੍ਰੰਥ ਦੀ ਬਾਣੀ ਵਿਚ ਕਿਉਂ ਨਾ ਰੜਕਦੇ ਜਦ ਕਿ ਉਸ ਵਿਚ ਅਨੇਕਾਂ ਹੀ ਸ਼ਬਦ ਐਉਂ ਜਾਪਦੇ ਨੇ ਜਿਵੇਂ ਅਵਤਾਰਾਂ ਦੀ ਪ੍ਰਸੰਸਾ ਜਾਂ ਉਪਮਾ ਕੀਤੀ ਹੋਵੇ।

ਜਿਵੇਂ ਕਿ-ਕਵਲ ਨੈਨਪਧੁਰ ਬੈਨ ਕੋਟਿ,
ਸੈਨ ਸੰਗ ਸੋਭ ਕਹਤਮਾ।
ਜਸੋਧ ਜਿਸਹਿ ਦਹੀ,
ਭਾਤ ਖਾਹਿ ਜੀਉ।
ਪੰ: ੧੪੦੨।

ਸੰਖ ਚਕ੍ ਗਦਾ ਆਪਿ,
ਆਪਿ ਆਪੁ ਕੀਓ ਛਦਮ।
ਜਰਮ ਕਰਮ ਮਛ ਕਛ ਹੋਇ,
ਬਰਾਹ ਜਮਨਾ ਕੇ ਕੂਲਿ।
ਖੇਲੁ ਖੇਲਿਓ ਜਿਨੀ ਜਿੰਦ ਜੀਉ।
ਪੰ: ੧੪੦੩।

ਇਹਨਾਂ ਪੰਗਤੀਆਂ ਨੂੰ ਪੜ੍ਹਕੇ ਕਿਉਂ ਨਾਂ ਝਾਂਜਰ ਖੜਕਦੀ ਅਤੇ ਕਿਉਂ ਨਾ ਬੋਲੀਆਂ ਪੈਦੀਆਂ ਜੋ ਇਹ ਲੇਖ ਤਾਂ ਕਿਸੇ ਚੋਰ ਨੇ ਲਿਖੇ ਹੋਇ ਨੇ ਜਾਂ ਕਿਸੇ ਕਾਫਰ ਦੇ ਲਿਖੇ ਹੋਇ ਨੇ ਕਹਿੜਾ ਕਿਸੇ ਚੋਰ ਦਾ ਸਿਰਨਾਮਾ ਦੇਣ ਦੀ ਲੋੜ ਹੈ, ਨਾਂ ਕਿਸੇ ਗਵਾਹ ਦੇ ਸਬੂਤ ਦੀ ਗੁੰਜੈਸ ਹੈ ਕਹ ਹੀ ਦੇਣਾ ਹੈ ਕਿ ਇਹ ਬਾਣੀ ਪੰਚਮ ਪਾਤਸ਼ਾਹ ਦੀ ਲਿਖੀ ਕਿਵੇਂ ਹੋ ਸਕਦੀ ਹੈ ਕਹ ਹੀ ਦੇਣਾ ਹੈ (ਮੋਹਨ ਘਰਿ ਆਵਹੁ ਕਰੋ ਜੋਦਰੀਆ) ਪੰ: ੧੨੦੯। ਸਾਫ ਹੀ ਤਾਂ ਹੈ ਕਿ ਜਸੋਧਾ ਆਪਣੇ ਪੁਤਰ ਕ੍ਰਿਸ਼ਨ ਨੂੰ ਲਾਡ ਨਾਲ ਮੋਹਨ ਕਿਹਾ ਕਰਦਾ ਸੀ ਫਿਰ ਇਸ ਵਿਚ ਕੀ ਅਸੰਭਵ ਹੋ ਸਕਦਾ ਹੈ ਕਿ ਕ੍ਰਿਸ਼ਨ ਦੇ ਜਸੋਧਾ ਦਾ ਇਤਹਾਸ ਨਹੀਂ ਜਦਕਿ ਗੁਰੂ ਬਾਣੀ ਵਿਚ ਸੰਤਾਂ ਭਗਤਾਂ ਅਵਤਾਰਾਂ ਦੇ ਇਤਹਾਸ ਦੇ ਅਹਵਾਲੇ ਮਿਲਦੇ ਹਨ ਉਹ ਕੇਹੜਾ ਮੀਟਰ ਹੈ ਜਿਹੜਾ ਸਮੁੰਦਰ ਦਾ ਪਾਣੀ ਛਾਣਕੇ ਦਸੇ ਕਿ ਇਸ ਵਿਚ ਕਿੰਨੇ ਜੀਵ ਜੰਤੂ ਨੇ ਤੇ ਕਿਤਨੇ ਘੋਗੇ ਤੇ ਕੌਡੀਆਂ ਨੇ ਅਤੇ ਕਿਤਨੇ ਹੀਰੇ ਮੋਤੀ ਲਾਲ ਹਨ। ਜੇ ਅਸੀ ਕਹ ਦੇਈਏ ਕਿ ਸਾਨੂੰ ਤਾਂ ਪਾਣੀ ਹੀ ਦਿਸਦਾ ਹੈ ਹੋਰ ਤਾਂ ਇਸ ਵਿਚ ਕੁਝ ਵੀ ਨਹੀਂ ਤਾਂ ਸੁਝ-ਬੂਝ ਰਖਣ ਵਾਲਾ ਉਹ ਕੇਹੜੀ ਜੋਹਰੀ ਹੈ ਜੋ ਇਸਤੇ ਸਹਮਤ ਹੋ ਜਾਇ ਅਨਭੋਲਾਂ ਤੋਂ ਬਿਨਾਂ ਮਾਰੋ-ਝਾਤੀ ਪਿਠ ਪਿੱਛੇ ਕਿ ਕੈਰੋਂ ਪਾਂਡੋ ਕੰਸ ਕ੍ਰਿਸ਼ਨ ਨਹੀਂ ਹੋਇ। ਪ੍ਰਹਲਾਦ ਸੰਡਾ ਮਰਕਾ ਹਰਨਾਕਸ਼, ਨਰ ਸਿੰਘ ਕੋਇ ਨਹੀਂ ਹੋਇ। ਰਿਸੀ ਬਾਲਮੀਕ ਵਸ਼ਿਸਟ ਵੇਸਵਾ ਮਿਤਰ ਕੋਈ ਨਹੀਂ ਹੋਇ, ਧ੍ਰੂ ਆਦਿਕ ਦੀਆਂ ਸਖੀਆਂ ਸਭ ਮਨੋ ਕਲਪਤ ਹੀ ਹਨ= ਰਘੁ ਕੁਲ ਦੀ ਵਾਰਤਾ ਰਾਜਾ ਜਨਕ ਆਦਿ ਸਾਰੇ ਮਿਥੀ ਆਸ ਹੀ ਹਨ, ਕੀ ਸਾਡੀ ਔਲਾਦ ਸਾਡੇ ਪਿਛੋਂ ਇਹੀ ਕਹੇਗੀ ਸਾਡੇ ਮਾਤਾ ਪਿਤਾ ਤਾ ਕੋਈ ਹੈ ਹੀ ਨਹੀਂ ਸਨ। ਅਸੀਂ ਤਾਂ ਆਪੇ ਹੋ ਹੋ ਗਏ ਆਂ ? ਫੇਰ ਉਹਨਾ ਦਾ ਇਤਿਹਾਸ ਲਿਖਣਾ ਕਿਵੇਂ ਮਨੋ ਕਲਪਤ ਹੋ ਸਕਦਾ ਹੈ ਜਿਹਨਾਂ ਨੇ ਆਪਣੇ ਭਜਨ ਭਗਵਾਨ ਵਿਚੋਂ ਸਮਾ ਫਰੀਹ ਕਰਕੇ ਬਿਨਾਂ ਕਿਸੇ ਆਰਥਕ ਰਾਜ ਦੇ ਕੌਮੀ ਸਮਾਜਕ ਜਾਂ ਧਾਰਮਕ ਲੋਕ ਭਲਾਈ ਨੂੰ ਮੁਖ ਰਖਕੇ ਕੀਤਾ ਕੰਮ ਕਿਵੇਂ ਨਿਰਮੂਲ ਤੇ ਵਾਹੀਅਤ ਹੋ ਸਕਦਾ ਹੈ ਮਨਾਫਾ ਖੋਰੀ ਦੇ ਲਾਲਚ ਤੋਂ ਬਿਨਾਂ ਉਹਨਾਂ ਨੂੰ ਹੋਰ ਕੇਹੜੀ ਖਿੱਚ ਸੀ ਜੋ ਐਵੇਂ ਕਾਨੇ ਭੰਨ ਕੇ ਕਲਮਾ ਘੜੀਣਦੇ ਰਹੇ ਮਿਥਹਾਸਕ ਸਮਗਰੀ ਦੇ

Digitized by Panjab Digital Library | www.panjabdigilib.org

ਪਹਾੜਾਂ ਪਰ।

ਉਹਨਾਂ ਸੰਤ ਪੁਰਖਾਂ ਨੂੰ ਝੂਠੇ ਤੇ ਸਾਧਾਰਨ ਕਹਿ ਸੇ ਅਜ ਦੇ ਪੜ੍ਹੇ ਲਿਖੇ ਗਰੇਜੂਏਟ ਕਾਲਜੀਏਟ ਮਾਨੋ ਕਲਪ ਕਹਾਣੀਆਂ, ਆਸ਼ਕਿਆਨੇ ਗੀਤ ਮਿਥਹਾਸਕ ਨਾਵਲ ਕਾਮੁਕ ਉਤੇਜਕ ਕਹਾਣੀਆਂ, ਲਿਖਣ ਵਾਲੇ ਸੱਜਨ ਪੈਸਾ ਕਮੌਣ ਲਈ ਉਹਨਾਂ ਨੂੰ ਨਿੰਦ ਭੰਡਕੇ ਆਪਣਾ ਹਲਵਾ ਮਾਂਡਾ ਮਾਜਦੇ ਨੇ ਪੁਸਤਕ ਦੇ ਪੰਨੇ ੪੦ ਤੇ **ਮੁਲ ੩੦ ਰੁਪੈ** ਲੈਣ ਵਾਲੇ ਪੇਸ਼ਾਵਰੀ ਕਤਾਬੀ ਲੇਖਕ ੧੧੦ ਫੀ ਘੰਟਾ ਲਏ ਬਿਨਾਂ ਇਕ ਗਰੀਬ ਬਚੇ ਦੀ ਕਾਮਯਾਬੀ ਲਈ ਸਮਾ ਨਹੀਂ ਦੇ ਸਕਦੇ। ਜਦਕੇ ਪੁਰਾਣੇ ਸੰਤ ਭਗਤ ਵਿਦਵਾਨ ਲਿਖਾਰੀ ਪੈਰ ਦੇ ਨੌਹੁੰ ਤੋਂ ਲੈਕੇ ਸਿਰ ਵਾਲਾਂ ਤਕ ਸਮਾਜ ਦੀ ਸੇਵਾ ਵਿਚ ਕੁਰਬਾਨ ਕਰ ਦਿੰਦੇ ਰਹੇ ਨੇ ੧੬ ਅਕਤੂਬਰ ੧੯੮੬ ਦੀ ਟ੍ਰਿਬਿਉਨ ਅਖਬਾਰ ਮੇਰੇ ਸਾਹਮਣੇ ਪਈ ਹੈ, ਇਕੋ ਸੰਤ ਬਾਬਾ ਬਲਕਾਰ ਸਿੰਘ ਨੇ ਸ੍ਰੀ ਆਨੰਦ ਪੁਰ ਸਾਹਿਬ ਅਤੇ ਸ੍ਰੀ ਭਠਾ ਸਾਹਿਬ ਰੋਪੜ ਗੁਰੂ ਦਵਾਰਿਆਂ ਦੀ ਸੇਵਾ ਕੀਤੀ-ਫੇਰ ਬਟਾਲੇ ਜਾਕੇ ਸਭ ਵਰਗਾਂ ਦੀ ਸੇਵਾ ਲਈ-ਉਚ ਧਾਰਮਿਕ ਅਤੇ ਇਖਲਾਕੀ ਕਦਰਾਂ- ਕੀਮਤਾਂ ਤੇ ਅਧਾਰਿਤ ਗੁਰੂ ਨਾਨਕ, ਵਿਦਿਅਕ ਅਕਾਡਮੀ ਦਾ ਆਰੰਭ ਕੀਤਾ ਜਿੱਥੇ ਉਨ੍ਹਾਂ ਨੇ ੧੬ ਕਮਰੇ ਵਿਦਿਆਰਥੀਆਂ ਲਈ ਅਤੇ ੬ ਕਮਰੇ ਨਿਜੀ ਵਰਤੋਂ ਲਈ ਉਸਾਰੇ-ਜਿਥੇ ਲੋੜਵੰਦ ਗਰੀਬ ੭੦੦ ਤੋਂ ਵਧ ਵਿਦਿਆਰਥੀ ਵਿਦਿਆ ਹਾਸਲ ਕਰ ਰਹੇ ਹਨ। ਗੁਰੂਦਵਾਰਾ ਸ੍ਰੀ ਕੰਧ ਸਾ: ਦੀ ਇਮਾਰਤ ਤੇ ੨ ਮੰਜਲਾ ਲੰਗਰ ਹਾਲ ਦਾ ਨਿਰਮਾਣ ਹੋਇਆ ਹੈ, ਅਤੇ ਇਤਿਹਾਸਕ ਗੁਰੂ ਦੁਆਰਾ ਡੇਹਰਾ ਸਾਹਿਬ ਦੀ ਦੋ ਮੰਜਲੀ ਇਮਰਾਤ ਦੇ ਨਿਰਵਾਣ ਦੀ ਸੇਵਾ ਜੋਰ ਸ਼ੋਰ ਨਾਲ ਚਲ ਰਿਹਾ ਹੀ। ਸਥਾਨਕ ਗੁਰੂ ਨਾਨਕ ਕਾਲਜ ਵਿਚ ਵੀ ੪ ਵਿਸ਼ਾਲ ਕਮਰਿਆਂ ਦੀ ਉਸਾਰੀ ਦਾ ਕੰਮ ਆਰੰਭ ਕੀਤਾ ਜਾ ਰਿਹਾ ਹੈ। ਬਟਾਲੇ ਦੇ ਹੜ੍ਹ ਮਾਰੇ ਖੇਤਰਾਂ ਦੇ ਲੋਕਾਂ ਨੂੰ ੭ ਟਰੱਕਾਂ ਰਾਹੀਂ ਰਸਦ ਲੰਗੁ ਕੱਪੜੇ ਬਿਸਤਰੇ, ਲਗਾ-ਤਾਰੀ ਮਹੀਨਾਂ ਜਾਰੀ ਰਹੇ ਸੀ। ਹੜ ਮਾਰੇ-ਜਿਸ ਖੇਤ੍ਰ ਵਿਚ ਘਿਰੇ ਲੋਕਾਂ ਤਕ ਫੌਜ ਦਾ ਸੁਰਖਿਆ ਕਰਮਚਾਰੀ ਪਹੁੰਚਣ ਤੋਂ ਅਸਮਰਥ ਸਨ ਬਾਬਾ ਜੀ ਨੇ ਆਪਣੇ ਸੇਵਕਾਂ ਦੀ ਸਹਾਇਤਾ ਨਾਲ ਇਜਹੀਆਂ ਥਾਂਵਾ ਤੇ ਘਿਰੇ ਲੋਕਾਂ ਨੂੰ ਜਾਨ ਜੋਖਮ ਵਿਚ ਪਾਕੇ ਰਾਸ਼ਨ ਦਵਾਈਆਂ ਪਹੁੰਚਾਕੇ ਸੈਂਕੜੇ ਜਾਨਾਂ ਮੌਤ ਦੇ ਮੂੰਹ ਵਿਚੋਂ ਕਡੀਆਂ ਸਨ। ਅਤੇ ਹੜ ਦੇ ਘੋਰ ਕੁੰਡਲ ਵਿਚ ਘਿਰੇ ਪ੍ਰਵਾਰਾਂ ਦੀਆਂ ੫੦ ਬਚੀਆਂ ਦੇ ਆਨੰਦ ਕਾਰਜ ਦਾ ਯੋਜਤ ਕੀਤਾ ਅੰਤ ਵਿਚ ਲੇਖ ਬੋਲਦਾ ਹੈ ਕਿ ਬਟਾਲਾ ਖੇਤਰ ਦੇ ਲੋਕਾਂ ਲਈ ਸੰਤ ਬਾਬਾ (ਬਲਕਾਰ ਸਿੰਘ) ਇਕ ਮਸੀਹਾ ਤੋਂ ਘੱਟ ਅਹਮੀਅਤ ਨਹੀਂ ਰਖਦੇ। ਉਹ ਆਪਣੇ ਆਖਰੀ ਸਾਹ ਤਕ ਸਿੱਖ-ਕੌਮ, ਧਰਮ, ਮਨੁੱਖਤਾਂ, ਅਤੇ ਸਮਾਜ ਸੇਵਾ **ਲਈ ਸਿਦਕ ਸਿਰੜ ਅਤੇ ਦ੍ਰਿੜਤਾ ਨਾਲ ਜੁਟੇ ਰਹਿਣ** ਲਈ ਬਚਨ ਬਧ ਹੈਨ। ਫੇਰ ਅਸੀਂ ਕਿਵੇਂ **ਸੰਤ ਸਰੀਣੀ** ਦਾ ਰਿਣ ਸਿਰੋਂ ਲਾਹਕੇ ਕਹਿੰਦੇ ਹਾਂ ਕਿ ਸਾਰੇ **ਸੰਤਾਂ ਭਗਤਾਂ** ਦੇ ਪਰਉਪਕਾਰ ਲਈ ਲਿਖੇ ਗ੍ਰੰਥਾਂ ਨੂੰ ਥੂ ਮਥਿਹਾਸ-ਥੂ ਮਥਿਹਾਸ ਕਹ ਕਹਕੇ ਭੰਡ ਰਹੇ ਹਾਂ। ਇਥੋਂ ਤਕ ਦੇਖਣ ਵਿਚ ਆਇਆ ਹੈ ਉਹ ਇਹ ਕਿਹਾ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਿਥਿਹਾਸਕ ਵਿਚਾਰ ਅਸੀਂ ਪੜਨੇ ਤਾਂ ਹਨ ਪਰ ਇਹਨਾਂ ਨੂੰ ਸਚ ਨਹੀਂ ਮੰਨਣਾ।

(੧੬) ਗੁਰਮਤਿ ਇਤਿਹਾਸ ਦੇ ਜਾਣੂ- ਸਾਡੇ ਸੁਲਝੇ ਹੋਇ ਵੀਰ ਗਿ: ਹਰਬੰਸ ਸਿੰਘ ਚੰਡੀਗੜ੍ਹ-ਸ੍ਰੀ ਦਸਮ ਗ੍ਰੰਥ ਦਰਪਣ ਜੋ ਜਰੂਰੀ ਪੜ੍ਹਨ ਯੋਗ ਹੈ ਦੇ ਪੰ: ੫੧ ਤੇ ਲੇਖ ਹੈ ਕਿ ਦਸਮ ਗ੍ਰੰਥ ਵਿਚ ਕਈ ਹਿੰਦੂ ਪੌਰਾਣਕ ਸਾਖੀਆਂ ਦਾ ਜਿਕਰ ਕੀਤਾ ਹੋਇਆ ਮਿਲਦਾ ਹੈ ਜਿਸਨੂੰ ਪੜਕੇ ਕਈ ਗੁਰਮਤਿ ਪਾਠਕ ਰੋਲ ਜਾਂਦੇ ਹਨ ਪਰ ਉਹ ਇਹ ਨਹੀਂ ਸਮਝਦੇ ਕਿ ਸਿੱਖ ਧਰਮ ਭਾਰਤ ਵਿਚ ਹੀ ਜੰਮਿਆ ਪਲਿਆ ਤੇ ਪ੍ਰਫੁਲਤ ਹੋਇਆ। ਸਿਖੀ ਦੀ ਵਲਖਣਤਾ ਦਰਸਾਉਣ ਲਈ ਇਹ ਜ਼ਰੂਰੀ ਸੀ ਕਿ ਪੁਰਾਤਨ ਹਿੰਦੂ ਰਵਾਇਤਾਂ ਅਤੇ ਮਿਥਿਹਾਸਕ ਕਹਾਣੀਆਂ ਦਾ ਸੰਗ੍ਰਹਿ ਕਰਕੇ ਲੋਕਾਂ ਨੂੰ ਚਣੌਤੀ ਦਿਤੀ ਜਾਂਦੀ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੌਰਾਣਕ ਸਾਖੀਆਂ ਦੇ ਕਈ ਸੰਕੇਤ ਮਿਲਦੇ ਹਨ ਪਰ ਸਾਖੀਆਂ ਦਾ ਵਿਸਥਾਰ ਪ੍ਰਾਪਤ ਕਰਨ ਲਈ ਹੁਣ ਵੀ ਪੁਰਾਤਨ ਹਿੰਦੂ ਗ੍ਰੰਥਾਂ ਦੀ ਲੋੜ ਪੈਂਦੀ ਹੈ। ਸੋ ਸਾਨੂੰ ਤਾਂ ਸ੍ਰੀ ਦਸ਼ਮੇਸ ਪਿਤਾ ਜੀ ਦਾ ਕਿਰਤਾਰੱਥ ਹੋਣਾ ਚਾਹੀਦਾ ਹੈ, ਕਿ ਜਿਨ੍ਹਾਂ ਨੇ ਗੁਰ ਸਿਖਾਂ ਦੀ ਸੂਝ ਬੂਝ ਲਈ ਪ੍ਰਾਚੀਨ ਵਿਦਿਆ ਦਾ ਭੰਡਾਰ **ਸ੍ਰੀ ਦਸਮ ਗ੍ਰੰਥ ਦੇ ਰੂਪ ਵਿਚ ਸੁਰਖਿਅਤ ਕਰ ਦਿੱਤਾ।** ਅਸਲੀਅਤ ਇਹ ਹੈ ਕਿ **ਉਕਤ ਗ੍ਰੰਥ ਵਿਚ ਵੱਖ ਵੱਖ** ਵਿਚਾਰਾਂ ਵਾਲੀ ਸਮਗਰੀ ਇਸ ਗਲ ਦੀ ਪ੍ਰਤੀਕ ਨਹੀਂ,

Digitized by Panjab Digital Library | www.panjabdigilib.org

ਕਿ ਗੁਰੂ ਗੋਬਿੰਦ ਸਿੰਘ ਜੀ ਪੁਰਾਤਨ ਮਤ ਮਤਾਂਤਰਾਂ ਦੇ ਅਨੁਆਈ ਸਨ। ਸਗੋਂ ਆਪਦੀ ਬਚਿੱਤ੍ਰ ਕਲਾ ਇਸ ਉਪਦੇਸ਼ ਦੀ ਲਖਾਇਕ ਹੈ। ਜਾਗਤ ਜੋਤਿ ਜਪੈ ਨਿਸ ਬਾਸਰੁ ਏਕ ਬਿਨਾ ਮਨ ਨੈਕ ਨ ਮਾਨੈ ॥

ਸਾਹਿਤਕ ਪੱਖ ਤੋਂ ਸ੍ਰੀ ਦਸਮ ਗ੍ਰੰਥ ਨੂੰ ਪਰਖਣ ਦੀ ਕਸਵਟੀ ਇਸ ਦੀ ਆਪਣੀ ਕਾਵ-ਸ਼ੈਲੀ ਤੇ ਸ਼ਬਦਆਵਲੀ ਹੈ। ਭਾਂਵੇ-ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਰਚਨਾ ਵਿਚ ਆਪਣਾ ਨਾਮ ਨਹੀਂ ਵਰਤਿਆ (ਪਰ ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮੈਂ ਹਉਂ ਕਰਉਨਿਵਾਸ)ਵਾਲੇ ਨਿਸਚੇ ਨੂੰ ਹਿਰਦੇ ਵਿਚ ਧਾਰਨ ਕਰੀਏ ਤਾਂ ਦਸਮੇਸ ਬਾਣੀ ਦਾ ਅਨੁਭਵਤਾ ਸੁਤੇ ਹੀ ਆ ਜਾਂਦੀ ਹੈ। ਸਚ ਜਾਣੋ ਸ਼ੰਕਿਆਂ ਨਾਲ ਬੁੱਧੀ ਮਲੀਣ ਹੋ ਜਾਂਦੀ ਹੈ। ਅਤੇ ਇਸਨੂੰ ਹੱਛਾ ਕਰਨ ਦੀ ਜੋ ਜੁਗਤੀ ਸ੍ਰੀ ਗੁਰੂ ਅਮਰਦਾਸ ਜੀ ਨੇ ਅਨੰਦੁ ਸਾਹਿਬ ਦੀ ਬਾਣੀ ਵਿਚ ਅੰਕਤ ਕੀਤਾ ਹੈ-ਉਹੀ ਕਾਰਗਰ ਸਾਬਤ ਹੋ ਸਕਦਾ ਹੈ।

ਸਹਸੈ ਜੀਉ ਮਲੀਣੁ ਹੈ,
ਕਿਤੁ ਸੰਜਮ ਧੋਤਾ ਜਾਇ ?
ਉਤਰ— ਮੰਨੁ ਧੋਵਹੁ ਸਬਦਿ ਲਾਗਹੁ
ਹਰਿ ਸਿਉ ਰਹਹੁ ਚਿਤ ਲਾਇ।
ਕਹੈਨਾਨਕੁ ਗੁਰਪ੍ਰਸਾਦੀ ਸਹਜ
ਉਪਜੈ ਇਹ ਸਹਸਾ ।ਇਵ ਜਾਇ।

ਸੋ-ਦਸਮੇਸ਼ ਰਚਨਾ ਦੀ ਪਰਖ—ਕਸਵਟੀ ਗੁਰ-ਬਾਣੀ ਹੀ ਹੈ, ਸਾਸਤ੍ਰਾਂ ਪੁਰਾਣਾਂ ਆਦਿ ਵਿਚ ਦਿੱਤੇਪ੍ਰਕਰਣਾ ਅਤੇ ਨਿਜੀ ਮਨੌਤ ਨੂੰ ਕਿਸੇ ਤਰ੍ਹਾਂ ਵੀ ਚਣੌਤੀ ਦੇਕੇ ਸ੍ਰੀ (ਦਸਮ ਗ੍ਰੰਥ) ਨੂੰ ਨਿੰਦਣਾ ਪਾਪਾਂ ਦਾ ਭਾਗੀ ਬਣਨਵਾਲੀ ਗੱਲ ਹੈ।

ਜਦ ਕਿ ਗੁਰਬਾਣੀ ਹੋਕਾ ਦੇ ਰਹੀ ਹੈ :

ਹਰਿ ਹਰਿ ਨਾਮ ਅਸੰਖ ਹਹਿ ਹਰਿ
ਕੇ ਗੁਣ ਕਥਨੁ ਨ ਜਾਨਿ ॥

ਪੰ: ੧੩੧੬। ਮ: ੪

(੧੭) ਉਸ ਬੇਅੰਤ ਨਾਮਾਂ ਵਾਲੇ ਨਾਮਚੀ ਦੇ ਗੁਣ- ਵੀ ਅਥਾਹ ਹਨ ਉਸ ਬੇਅੰਤ ਬੇ-ਅਥਾਹ ਦਾ ਸਪੁਤ੍ਰ ਦਸਵਾਂ ਨਾਨਕ ਵੀ ਆਪਣੇ ਪਿਤਾ ਦੀ ਪੂਰਨ ਵਰਾਸਤ ਦਾ ਅਧਕਾਰੀ ਹੈ ਜੋ ਆਪਣੇ ਪਿਤਾ ਦੀ ਮੁਹਰ ਦੀ ਵਰਤੋਂ ਕਰ ਸਕਦਾ ਹੈ। ਜੇ ਕੋਈ ਪ੍ਰਮਾਦ ਨਾਲ ਉਸ ਨੂੰ ਕਿਸੇ ਦੇਵੀ ਦੇਵਤਾ ਜਾਂ ਅਵਤਾਰ ਦਾ ਪੁਜਾਰੀ ਕਹਿੰਦਾ ਵੀ ਹੈ ਤਾਂ ਸਾਡਾ ਫਰਜ਼ ਹੈ ਕਿ ਉਸਨੂੰ ਪ੍ਰੇਮ ਨਾਲ ਸਮਝਾ ਕੇ ਸੁਲਝਾ ਦੇਈਏ ਨਾ ਕਿ ਸਾਕਤ ਸਾਕਤ ਕਹਿਕੇ ਉਸਤੋਂ ਬੇਮੁਖ ਹੀ ਹੋ ਜਾਣਾ ਏ। ਉਹਨਾਂ ਦਾ ਨਿਜ ਆਤਮੇ ਅਕਟ ਬਿਸਵਾਸ ਸੀ—

ਭਜੋ ਸੁ ਏਕ ਨਾਮਯੰ,
ਜੋ ਕਾਮ ਸਰਬ ਠਾਮਯੰ।
ਨ ਜਾਪ ਆਨ ਕੋ ਜਪੋ,
ਨ ਔਰ ਥਾਪਨਾ ਥਪੋ।
ਨ ਧਿਆਨ ਆਨ ਕੋ ਧਰੋ,
ਨ ਨਾਮ ਆਨ ਉਚਰੋ।

ਗੁਰਦੇਵ-ਹੋਰ ਕਿਸੇ ਦਾ ਵੀ ਨਾਮ, ਜਾਂ ਧਿਆਨ ਕਰਨ ਦੀ ਆਗਿਆ ਨਹੀਂ ਦਿੰਦੇ-ਕਿਉਂਕਿ ਸਭ ਉਸ ਸ਼ਕਤੀਦੀ ਹੀ ਸਥਾਪਨਾ ਹਨ,ਪਰ ਫੇਰ ਵੀ ਆਪ ਤੋਂਉਚੀ ਹਸਤੀ ਬਜ਼ੁਰਗ ਦਾ ਵਿਦਮਾਨ ਦਾ ਸਤਕਾਰ ਕਰਨਾ ਗੁਨਾਹ ਨਹੀਂ ਜੋ ਮਨੁਖੀ ਸਮਾਜ ਦਾ ਸਮੂੰਹਕ ਪੱਖੀ ਗੁਣਾਂ ਦਾ ਗੁਣ ਹੈ।

ਜਿਥੇ ਪਿਆਰ ਨਹੀਂ ਸਤਕਾਰ ਨਹੀਂ,
ਹਰਿ ਨਾਮ ਦਾ ਵਿਚਾਰ ਨਹੀਂ।
ਈਸਰ ਸਿੰਘ ਉਸ ਨੂੰ ਬੈਲ ਕੇ,
ਇਨਸਾਨ ਮਾਨੀਐ ?

ਸਾਡੇ ਮਾਤਾ ਪਿਤਾ ਭੈਣ ਭਰਾ ਉਸ ਪਰਮ ਪੁਰਖ ਦੀ ਪਦਾਇਸ਼ ਨਹੀਂ ? ਫਿਰ ਕੀ ਉਨ੍ਹਾਂ ਦਾ ਪਿਆਰ ਜਾਂ ਸਤਕਾਰ ਤੋਂ ਹੀਣੇ ਹੋਕੇ ਅਸੀਂ ਸਪੁਤ੍ਰ ਕੁਹਾ ਸਕਦੇ ਹਾਂ। ਇਸੇ ਤਰ੍ਹਾਂ ਦੇਵੀ ਦੇਵਤੇ ਵੀ ਉਸ ਪ੍ਰਮ ਸ਼ਕਤੀ ਦੀ ਸਿਰਜਨਾ ਹੈ—ਆਪਣੇ ਪਿਤਾ ਦੇ ਮਿਤ੍ਰ ਪਿਆਰੇ ਜਾਣਕੇ ਸਾਡਾ ਮੁਢਲਾ ਫਰਜ ਆਗਿਆ ਦਿੰਦਾ ਹੈ ਕਿ ਅਸੀਂ ਉਹਨਾਂ ਨੂੰ ਆਪ ਤੋਂ ਸਵਛ ਤੇ ਪਵਿਤ੍ਰ ਅਤੇ ਉਚੀ ਥਾਂ ਤੇ ਬੜੀ ਨਿਮਰਤਾ ਤੇ ਅਦਬ ਸਹਿਤ ਉਹਨਾਂ ਦੇ ਸ਼ੁਭ ਗੁਣਾਂ ਤੇ ਸਵਛ ਕਰਮਾਂ ਦਾ ਸਤਿਕਾਰ ਨਾਲ ਵਿਚਾਰ ਕਰੀਏ।

ਬ੍ਰਹਮਾ ਬਿਸਨੁ ਮਹੇਸੁ ਸਰੇਸਟ
ਨਾਮ ਰਤੇ ਵੀਚਾਰੀ ॥

ਪੰ: ੧੦੧੩ ਮ: ੧

ਜੇ ਦਸਮ ਪਾਤਸ਼ਾਹ ਦੇ ਰੂਪ ਵਿਚ ਆਦਰ ਨਾਲ ਇਹਨਾਂ ਦਾ ਜੀਵਨ ਇਤਿਹਾਸ ਲਿਖ ਦਿਤਾ ਤਾਂ ਗੁਰਬਾਣੀ ਦਾ ਵਿਰੋਧ ਕੀ ਤੇ ਗੁਰੂ ਨਾਨਕ ਦੇ ਰਾਹ ਤੋਂ ਵਖਰੀ ਲੀਹ ਕਿਵੇਂ ਪਈ ? ਜੇ ਕਿਸੇ ਅਬੋਧ ਪੁਤਸ਼ ਨੇ ਆਪਣੇ ਤਿਣਕਾ

Digitized by Panjab Digital Library | www.panjabdigilib.org

ਗਿਆਨ ਅਨੁਸਾਰ ਗੁਰਦੇਵ ਨੂੰ ਦੇਵੀ ਭਗਤਿ ਕਹਿ ਹੀ ਦਿਤਾ ਤਾਂ ਸਾਡਾ ਫਰਜ਼ ਹੈ ਕਿ ਉਸੱਨੂੰ ਬੋਧ ਕਰਾ ਦੇਈਏ ਨਾ ਕਿ ਦਸਮ ਗ੍ਰੰਥਾਂ ਨੂੰ ਕਿਹਾ ਜਾਵੇ ਕਿ ਇਸ ਤੋਂ ਬਿਨਾਂ ਕੇਹੜਾ ਕੰਮ ਰੁਕਿਆ ਪਿਆ ਹੈ। ਕੋਈ ਬੱਚਾ ਕਿਸੇ ਪਰ-ਫੁਲਤ ਬਾਗ ਵਿਚ ਚਲਾ ਜਾਂਦਾ ਹੈ ਤਾਂ ਉਸਨੇ ਅੰਗੂਰਾਂ ਦੇ ਗੁੱਛੇ ਲਮਕਦੇ ਤੱਕੇ ਤੇ ਕਹਿਣ ਲਗਾ—ਆਹ ਕਿਡੇ ਸੋਹਣੇ ਧਰੇਕ ਦੇ ਗੁੱਛੇ ਲਮਕਦੇ ਨੇ ਤਾਂ ਹੁਣ ਮਾਲੀ ਦਾ ਫਰਜ ਹੈ ਕਿ ਬੱਚੇ ਨੂੰ ਦਸੇ ਕਿ ਇਹ ਧਰੇਕ ਦੇ ਗੁੱਛੇ ਨਹੀਂ ਸਗੋਂ ਅੰਗੂਰ ਹਨ **ਜੋ ਬੜੇ ਸਵਾਦੀ ਤੇ ਕੀਮਤੀ ਹੁੰਦੇ ਨੇ।** ਪਰ ਜੇ ਮਾਲੀ ਬੱਚੇ ਦੇ ਕਹਿਣ ਕਰਕੇ ਅੰਗੂਰਾਂ ਦੀ ਬੇਲ ਹੀ ਉਖਾੜਕੇ ਸੁਟ ਦੇਵੇ ਤਾਂ ਉਹ ਮਾਲੀ ਹੈ ਕਿ ਮੂਰਖ।

ਜਦ ਕਿ—ਸ੍ਰੀ ਦਸਮ ਗ੍ਰੰਥ ਸਾਹਿਬ ਇਕੋ ਇਕ ਪ੍ਰਬਲ ਪਾਰਬ੍ਰਹਮ ਦੇ ਜਪ ਜਾਪ ਅਤੁਟ ਤੇ ਅਰੁਕ ਸੋਮਾ ਹੈ-ਉਸ ਲਈ ਲੋੜ ਹੈ ਉਹਨਾਂ ਨੇਤ੍ਰਾਂ ਦੀ ਥਾਂ ਤੇ ਹੰਸ ਨੇਤ੍ ਲੈਕੇ ਉਸ ਚਲਦੀ ਵਗਦੀ ਅੰਮ੍ਰਿਤ ਦੀ ਧਾਰ ਚੋਂ ਚੁੰਜ ਖਭੋਕੇ ਉਸ ਅੰਮ੍ਰਿਤ ਨਾਲ ਆਪਣੀ ਬਬੇਕ ਦੀ ਪਿਆਸ ਬੁਝਾਈ ਜਾਵੇ ਅਤੇ ਅਣਭੋਲ਼ ਸਾਥੀਆਂ ਨੂੰ ਉਸ ਦੇ ਗੁਣ ਪ੍ਰਗਟ ਕੀਤੇ ਜਾਣ। ਤਕੋ ਪੰ: ੬੧੧ ਬ੍ਰਹਮਾ ਅਵਤਾਰ ਦੇ ਆਦਿ ਵਿਚ ੩੧ ਅੰਗੂਰੀ ਗੁਛਿਆਂ ਦਾ ਸਵਾਦ, ਜਿਸ ਵਿਚੋਂ ਬੰਨਗੀ ਮਾਤ੍ ਸੁਹਿਰਦ ਪਾਠਕਾਂ ਦੀ ਭੇਟ ਹੈ:—

ਉ— ਕਲਿ ਕਾਲ ਕੋਪ ਕਰਾਲ।
ਜਗ ਜਾਗਿਆਂ ਤਿਹ ਜ੍ਵਾਲ।
ਬਿਨ ਤਾਸ ਔਰ ਨਾ ਕੋਈ।
ਸਭ ਜਾਪ ਜਾਪੋ ਸੋਇ।੨।

ਅ— ਬਿਨ ਏਕ ਦੂਸਰ ਨਾਹਿ।
ਸਭ ਰੰਗ ਰੂਪਨ ਮਾਹਿ।
ਜਿਹ ਜੋਪਿਆ ਤਿਹ ਜਾਪ।
ਤਿਨਕੇ ਸਹਾਈ ਆਪ।੪।

ੲ— ਜੇ ਜੀਵ ਜੰਤ ਅਨੇਕ।
ਤਿਨ ਮੋ ਰਹੇ ਰਮ ਏਕ।
ਬਿਨ ਏਕ ਦੂਸ਼ਰ ਨਾਹਿ।
ਜਗ ਜਾਨ ਲੈ ਜੀਅ ਮਾਹਿ।੭।
ਭਵ ਗੜਨ ਭੰਜਨ ਹਾਰ।
ਹੈ ਏਕ ਹੀ ਕਰਤਾਰ।
ਬਿਨ ਏਕ ਅਉਰ ਨਾ ਕੋਇ।
ਸਭ ਰੂਪ ਰੰਗੀ ਸੋਇ।੮।
ਕਈ ਇੰਦ੍ ਪਾਨ ਪਹਾਰ।
ਕਈ ਬ੍ਰਹਮ ਬੇਦ ਉਚਾਰ।
ਕਈ ਬੈਠ ਦੁਆਰ ਮਹੇਸ।
ਕਈ ਸੇਸ ਨਾਗ ਅਸੇਸ।੯।

ਸ— ਜਿਹ ਰਾਚਿਯੋ ਬ੍ਰਹਮੰਡ।
ਸਭ ਲੋਕ ਔਨਵ ਖੰਡ।
ਤਿਹ ਕਿਉ ਨ ਜਾਪ ਜਪੰਤ।
ਕਿਮ ਜਾਨ ਕੂਪ ਪਰੰਤ।੧੮।

ਭਾ: ਕਿ ਸਤਿਗੁਰ ਦੇਵ ਪਹਿਲੋਂ ਸਾਡੇ ਲਈ ੧ਓ ਕਾਰ ਦੇ ਜਾਪ ਤੇ ਜਪ ਕਰਨ ਦੀ ਤਾਕੀਦ ਕਰਦੇ ਕਹਿੰਦੇ ਹਨ ਕਿ ਜਿਸ ਨੇ ਅਨੇਕਾਂ ਬ੍ਰਹਮੰਡ ਰਚੇ ਹਨ ਸਮੇਤ ਨਵ-ਖੰਡ ਤੇ ਜਗਤ ਰਚਨਾਂ ਦੇ—ਤੂੰ ਉਸਦਾ ਜਾਪ ਕਿਉਂ ਨਹੀਂ ਕਰਦਾ, ਐਵੇਂ ਹੋਰਾਂ ਰਬਾਂ ਦੇ ਪਿਛੇ ਲਗਕੇ ਕਿਉਂ ਜਾਣ ਬੁਝਕੇ ਖੂਹ ਵਿਚ ਗਿਰ ਰਿਹਾ ਹੈਂ। ਉਪ੍ਰੰਤ ਸ੍ਰੀ ਬ੍ਰਹਮਾ ਦੇ ਪ੍ਰਗਟ ਹੋਣ ਦਾ ਕਾਰਨ ਦਸਦੇ ਹਨ ਕਿ ਜਦੋਂ ਸ੍ਰਿਸ਼ਟੀ ਉਪਲਬਧ ਹੋਈ। ਉਪ੍ਰੰਤ ਬ੍ਰਹਮਾ ਜੀ ਅਹੰਕਾਰ ਗ੍ਰਿਹਸਤ ਹੋ ਜਾਂਦੇ ਨੇ ਅਤੇ ਬੇਦਾਂ ਦੀ ਰਚਨਾ ਕਰਨ ਉਪ੍ਰੰਤ ਆਪ ਹੀ ਪਾਰਬ੍ਰਹਮ ਆਪਨੂੰ ਮੰਨ ਲੈਂਦੇ ਨੇ ਤਦ ਉਸਨੂੰ ਦੇਵਰਾਜ ਇੰਦ੍ ਵਾਂਗ ਬ੍ਰਹਮ ਲੋਕੋਂ ਨੀਚੇ ਵਗਾਹ ਮਾਰਿਆ ਸੀ। ਜਿਸ ਤੋਂ ਉਸਨੂੰ 'ਭੂ, ਲੋਕ ਤੇ ਆਕੇ ਦਸ ਲੱਖ ਵਰ੍ਹੇ ਤਪ ਕਰਨਾ ਪਿਆ ਤਦ ਉਸਨੂੰ ਇਹ ਅਕਾਸ਼ ਬਾਣੀ ਦੇ ਪਵਿਤ੍ ਸ਼ਬਦ ਕੰਨ ਵਿਚ ਪਏ।

ਤਬ ਭਯੋ ਸੁ ਐਸ ਉਚਾਰ।
ਹਉ ਆਹਿ ਗ੍ਰਬ ਪ੍ਰਹਾਰ।
ਮਮ ਗ੍ਰਬ ਕਹੂੰ ਨ ਛੋਰ।
ਸਭ ਕੀਨ ਜੇਤ ਮਰੋਰ।੩੩।
ਤੈ ਗਰਬ ਕੀਨ ਸੁ ਕਾਹਿ।
ਨਹਿ ਮੋਹ ਭਾਵਤ ਤਾਹਿ।
ਅਬ ਕਹੋ ਏਕ ਬਿਚਾਰ।
ਜਿਮ ਹੋਇ ਤੋਹਿ ਉਧਾਰ।੩੪।

ਪੰ: ੬੧੩

ਭਾਵ—ਬ੍ਰਹਮਾ ਦੇ ਸਰਵਣਾ ਵਿਚ ਆਵਾਜ ਦੀ ਧੁੰਨ ਗੂੰਜੀ ਜਿਸ ਨੇ ਕਿਹਾ ਸੀ ਕਿ ਮੈਂ ਹੰਕਾਰ ਨੂੰ ਭੰਨ

Digitized by Panjab Digital Library | www.panjabdigilib.org

ਦੇਣ ਵਾਲਾ ਹਾਂ, ਮੈਂ ਕਦੇ ਵੀ ਕਿਸੇ ਦਾ ਹੰਕਾਰ ਨਹੀਂ ਛੱਡਿਆ। ਬੜੇ ਤੋਂ ਬੜੇ ਬਲੀ ਨੂੰ ਵੀ ਮਰੋੜਕੇ ਕਾਬੂ ਕਰ ਲਿਆ ਹੈ। ਫੇਰ ਤੈਂ ਗਰਬ ਕਿਉਂ ਕੀਤਾ ਜੋ ਮੈਨੂੰ ਨਹੀਂ ਭਾਂਉਂਦਾ, ਜਿਸਤੋਂ ਹਰ ਪ੍ਰਾਣੀ ਮਾਤ੍ਰ ਨੂੰ ਸਿਖਿਆ ਮਿਲਦੀ ਹੈ ਕਿ ਮੈਂ ਕੀ ਵਸਤੂ ਹਾਂ ਜਦਕਿ ਬ੍ਰਹਮਾ ਜਿਹੇ ਬ੍ਰਹਮ ਦੇ ਰਚੇਤਾ ਵੀ ਨਾ ਅਹੰਕਾਰ ਤੋਂ ਬਚੇ, ਨਾ ਅਹੰਕਾਰ ਦਾ ਦੰਡ ਦੇਣ ਤੋਂ ਰੁਕੇ। ਮਹਾਂ ਬਲਵਾਨ ਸ਼ਕਤੀ ਅਗੇ ਐਉਂ ਰੁੜੇ ਜਿਵੇਂ ਇਕ ਗੋਂਦਾ ਅਹੰਕਾਰਿਆ ਸੋ ਮਾਰਿਆ ਦੇ ਦੰਡ ਤੋਂ ਬਚੇ ਫੇਰ ਅਸੀਂ ਕੇਹੜੇ ਬਾਗ ਦੀ ਮੂਲੀ ਹੋਇ। ਜਿਸਨੂੰ ਪੜਕੇ ਮੂਰਖ ਅਹੰਕਾਰੀ ਕੁਪਿਆਂ ਦੇ ਨੇਤ੍ਰ ਖੁਲ ਜਾਂਦੇ ਨੇ, ਨਾਲੇ ਤਕੋ ਇਸ ਵਿਚ ਕਿਹੜੇ ਦਵੈਤ ਵਾਦ ਦਾ ਮੁਸ਼ਕ ਮਾਰਦਾ ਏ। ਆਦਿ ਗ੍ਰੰਥ ਤੇ ਦਸਮ ਗ੍ਰੰਥ ਦੇ ਆਦਿ ਵਾਦ ਤੇ ਕਿਥੇ ਸੱਟ ਵੱਜਦੀ ਏ। ਜੇ ਅਸੀਂ ਸੰਡੇ ਦੇ ਉਪੱਰ ਬੈਠਿਕੇ ਉਸਦੇ ਚੰਮ ਨੂੰ ਛਡਕੇ ਚੰਮ ਜੂਆਂ ਛਕੀ ਜਾਈਏ ਤੇ ਕਹੀਏ ਸਾਡੀ ਭੁਖ ਨਹੀਂ ਲਹਿੰਦੀ ਤਾਂ ਕਸੂਰ ਕਿਸਦਾ ਹੈ ਜੇ ਮਝ ਦੇ ਥਣਾਂ ਦੇ ਬੈਠਕੇ ਚਿੱਚੜ ਵਾਂਗ ਉਸਦਾ ਲਹੂ ਪੀਂਦੇ ਰਹੀਏ ਤੇ ਫੇਰ ਕਹੀਏ ਇਸ ਮੱਝ ਨੂੰ ਮਾਰ ਸੁਟੋ ਇਸਦੇ ਥਣਾਂ ਵਿਚ ਦੁਧ ਤਾਂ ਹੈ ਹੀ ਨਹੀਂ ਸਗੋਂ ਖੂਨ ਹੀ ਹੈ ਤਾਂ ਸਾਡੇ ਜਿਹਾ ਮੂਰਖ ਹੋਰ ਕੌਣ ਹੋ ਸਕਦਾ ਹੈ ?

(੧੮) ਪ੍ਰਸ਼ਨ ਨੰ: ੮ ਉਟੰਕਣ ਹੈ ਕਿ—ਜੇ ਕੋਈ ਇਹ ਆਖੇ ਕਿ ਸ੍ਰੀ ਦਸਮੇਸ਼ ਜੀ ਨੂੰ ਚੰਡੀ ਦੇ ਇਹਨਾਂ ਯੁਧਾਂ ਤੋਂ ਮਤਲਬ, ਸਿੰਘਾਂ ਅੰਦਰ ਬੀਰਤਾ ਅਤੇ ਧਰਮ ਯੁਧ ਦਾ ਚਾਅ ਭਰਨਾ ਮਕਸੂਦ ਸੀ ਤਾਂ ਇਹ ਦਲੀਲ ਵੀ ਬੜੀ ਥੋਥੀ ਹੈ ਜੋ ਹਕੀਕਤਾਂ ਮੁਹਰੇ ਬੇਅਰਥ ਹੋ ਨਿਬੜਦੀ ਹੈ। ਸਨਿਮਰੇ— ਪੁਛਿਆ ਜਾ ਸਕਦਾ ਹੈ, ਕਿ ਸ੍ਰੀ ਹਰ ਗੋਬਿੰਦ ਸਾਹਿਬ ਛੇਵੇਂ ਸਤਗੁਰਾਂ ਨੇ ਕੇਹੜੀ ਚੰਡੀ ਦੇਵੀ ਦਾ ਪਾਠ ਕੰਠ ਕਰਾਇਆ ਸੀ ਜੋ ਸਿਖਾਂ ਬਾਦਸ਼ਾਹੀ ਸੈਨਾ ਨਾਲ ਚਾਰ ਵੱਡੇ ਜੁਧ ਲੜੇ ਅਤੇ ਚਾਰੇ ਜਿਤੇ। ਨੋਟ- ਇਸ ਤੋਂ ਅਗਲੇ ਵਿਸਥਾਰ ਦੀ ਲੋੜ ਨਹੀਂ ਉਤਰ ਦੀ ਹੀ ਲੋੜ ਹੈ।

ਉਤ੍ਰ ਇਹਦਾ ਮਤਲਬ ਇਹ ਵੀ ਹੋ ਸਕਦਾ ਹੈ ਕਿ ਸ੍ਰੀ ਹਰਿ ਗੋਬਿੰਦ ਸਾਹਿਬ ਨੇ ਕੇਹੜਾ ਅੰਮ੍ਰਿਤ ਛਕਾਇਆ ਸੀ, ਚਿੜੀਆਂ ਤੋਂ ਬਾਜ ਤੜੌਣ ਲਈ ਅਸੀਂ ਏਸ ਪਾਸੇ ਨਹੀਂ ਜਾਂਦੇ। ਸ੍ਰੀ ਮਾਨ ਜੀ ਦੇ ਪ੍ਰਸ਼ਨ ਦਾ ਹੀ ਉਤ੍ਰ ਦੇ ਦਿੰਦੇ ਹਾਂ। ਭਗਤੀ ਦੇ ਨਾਲ ਸ਼ਕਤੀ ਦੀ ਸਪ੍ਰਿਟ ਭਰਨ ਵਾਲੇ ਗੁਬਾਰੇ ਤਾਂ ਗੁਰੂ ਜੋਤਿ ਪ੍ਰਗਟ ਹੋਣ ਤੋਂ ਵੀ ਅਗਾਊ ਚਾਲੂ ਹੋ ਗਏ ਹੋਇ ਸਨ। ਜਿਤਨੇ ਵੀ ਰਾਜੇ ਮਹਾਰਾਜੇ ਜੰਗਜੂ ਸੂਰਵੀਰ ਹੋਇ ਸਨ ਉਹ ਸਾਰੇ ਹੀ ਸੈਨਾ ਦਾ ਦਿਲ ਵਧਾਉਨ ਲਈ ਅਨਕ ਪ੍ਰਕਾਰੀ ਜਤਨ ਧੌਸੇ ਢੋਲ ਵਾਜੇ ਡਉਰੂ ਆਦਿ ਵਜਾਉਂਦੇ ਸੀ। ਫੌਜੀਆਂ ਦੇ ਅੰਦਰੋਂ ਮੌਤ ਦਾ ਭੈ ਦੂਰ ਕਰਨ ਲਈ ਜ਼ਮੀਰ ਨੂੰ ਟੁੰਬਣ ਲਈ ਠੁਡ ਮਾਰਿਆਂ ਭੁੱਜੀ ਫਰਦੀਏ।

ਦੇਸ਼ ਕੌਮ ਦੀ ਆਜਾਦੀ ਲਈ ਜੋ ਕੁਝ ਵੀ ਕਰਨਾਂ ਪੈਂਦਾ ਕਰਦੇ ਰਹੇ, ਐਥੋਂ ਤਕ ਜੋ ਨਸੇ ਆਦਿ ਬਿਵਰਜਤ ਹਨ, ਭੰਗ ਪੋਸਤ ਸ਼ਰਾਬ ਆਦਿ ਨਸਿਆਂ ਦੀ ਵਰਤੋਂ ਤੋਂ ਵੀ ਸੰਕੋਚ ਨਹੀਂ ਸਨ ਕਰਦੇ। ਜਿਸਦੇ ਫਲ ਸਰੂਪ ਸਾਡੇ ਗੁਰੂ ਦੇ ਸਿਖ ਵੀ ਇਸ ਜ਼ਹਿਮਤ ਦੀ ਲਪੇਟ ਵਿਚ ਬਿਮਾਰ ਦਿਸਦੇ ਨੇ, ਅੰਗਰੇਜ਼ਾਂ ਨੇ ਫੌਜੀਆਂ ਨੂੰ ਇਹੋ ਜਿਹਾ ਸ਼ਰਾਬ ਦੇ ਆਦੀ ਬਣਾ ਦਿਤਾ ਹੈ ਕਿ ਪੈਨਸ਼ਨ ਦੇ ਨਾਲ ਵੀ ਸ਼ਰਾਬ ਮੁਹੀਆ ਕੀਤੀ ਜਾਂਦੀ ਹੈ ਜੋ ਕਿਸੇ ਜੰਗ ਦੇ ਬਿਨਾਂ ਤੁਰ ਫਿਰ ਨਹੀਂ ਸਕਦੇ। ਪਰ ਗੁਰੂ ਘਰ ਦੀ ਅਪ੍ਰੰਪਰਾ ਵਿਚ ਸ਼ਰਾਬ ਦੀ ਵਰਤੋਂ ਨਹੀਂ ਕੀਤੀ ਗਈ ਢਾਡੀ ਲੋਕ ਵਾਰਾਂ ਗਾਇਆ ਕਰਦੇ ਸਨ ਜੋ ਸ਼ਰਾਬ ਨਾਲੋਂ ਕਿਤੇ ਵਧ ਸਰੂਰ ਚੜਾਂ ਦਿੰਦੇ ਸਨ ਦਲੇਰੀ ਦੇ ਨਾਲ ਉਤਸ਼ਾਹ ਮਾਲਕ ਦੀ ਵਫਾਦਾਰੀ ਤੇ ਜਿਤ ਦਾ ਸਵੈ ਨਿਸ਼ਾਨਾ ਬਣਾਕੇ ਲੜਦੇ ਸਨ। ਉਧਾਰਣ ਲਈ ਦੇਖੋ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਪੰ: ੪੬੨ ਤੇ ਵਾਰ ਸਲੋਕਾਂ ਨਾਲ ਦਰਜ ਹੈ ਜੋ ਤਕੜੇ ਪੁਰਾਣੇ ਸਮੇਂ ਹੋਇ ਅਸਰਾਜਾ ਦੇ ਵਕਤ ਦੀ ਵਾਰ ਦੀ ਧੁਨ ਦਿਤੀ ਹੈ। ਪੰ: ੫੦੮ ਤੇ ਸਕੰਦਰ ਬਿਹਰਾਮ ਦੇ ਸਮੇਂ ਗਾਈਆਂ ਵਾਰਾਂ ਦੀ ਧੁਨ ਪ੍ਰਗਟ ਕੀਤੀ ਹੈ। ਸ੍ਰੀ ਸਤਿਗੁਰ ਦੇਵ ਸਾਹਿਬੇ ਅਮਰਦਾਸ ਜੀ ਦੀਆਂ ਧੁਨਾਂ ਗੂਜਰੀ ਕੀ ਵਾਰ ਵਿਚ ਤਕੀਆਂ ਜਾ ਸਕਦੀਆਂ ਹਨ ਪੰ: ੫੮੫ ਤੇ (ਲਲਾ ਬਹਿਲੀਮਾ) ਦੀ ਧੁਨ ਤੇ ਵਡਹੰਸ ਕੀ ਵਾਰ ਮਹਲੇ ਚਉਥੇ ਕੀ ਵਾਰ ਦੇਖੀ ਜਾ ਸਕਦੀ ਹੈ ਜੋ ਸਾਰੀਆਂ ੯ ਧੁਨਾਂ ਹਨ। ਇਹਨਾਂ ਦੀ ਕਾਪੀ ਤਦੇ ਕੀਤੀ ਗਈ ਜੇ ਪਹਿਲਾਂ ਹੀ ਇਹਨਾਂ ਦਾ ਕੋਈ ਵਜੂਦ ਕਾਇਮ ਸੀ, ਇਥੇ ਵਿਸਥਾਰ ਦੀ ਗੁੰਜਾਇਸ਼ ਨਹੀਂ ਜੀਵਨ ਸੁਮਾਰਗ ਗ੍ਰੰਥ ਛੇਵੇ ਭਾਗ ਵਿਚ ਨੇਆਂਦਾਸਰੂਪ ਦੇਖ ਸਕਦੇ ਹੋ, ਇਸ ਤੋਂ ਬਿਨਾਂ ਢਾਡੀਆਂ ਦੇ ਗਾਉਣ ਲਈਪਉੜੀਆਂ ਹੀ ਸਾਰੇ ਸਤਿਗੁਰਾਂ ਨੇ ਅੰਕਤ ਕਰਕੇ ਗਿਆਰਵੇ ਸਰੂਪ

Digitized by Panjab Digital Library | www.panjabdigilib.org

ਵਿਚ ਦਰਜ ਕੀਤੀਆਂ ਹਨ । ਜਿਸਦਾ ਭਾਵ ਹੈ ਕਿ ਆਉਣ ਵਾਲੇ ਸਮੇਂ ਦੀ ਤਿਆਰੀ ਸਾਰੇ ਗੁਰੂ ਪਾਤਸ਼ਾਹਾਂ ਵਲੋਂ ਅਗਾਉਂ ਹੀ ਅਰੰਭ ਦਿਤੀ ਸੀ ਜਾਂ ਸਵੈਵਾਦ ਦਾ ਪ੍ਰਭਾਵ ਤੇ ਉਸਦੇ ਵਹਾਉ ਦਾ ਬੇਗ ਸੀ ਜਿਸ ਦੀ ਦਸਵੇਂ ਪਾਤਸ਼ਾਹ ਨੇ ਪੂਰਨ ਵਰਤੋਂ ਕੀਤੀ ਸੀ । ਇਹ ਲਿਖਣਾ ਕੁਥਾਂਇ ਦੀ ਡੰਡੌਰਕੀ ਹੈ ਕਿ ਛੇਵੇਂ ਪਾਤਸ਼ਾਹ ਨੇ ਜੰਗਾਂ ਜੁਧਾਂ ਦੇ ਲੜਨ ਲਈ ਕੋਈ ਪਰਚਾਰ ਨਹੀਂ ਕੀਤਾ, ਹਾਂ ਇਹ ਜੁਧ ਦੀ ਗਲ ਹੈ ਹਰ ਸਮੇਂ ਹਰ ਕੋਈ ਮਾਧਯਮ ਬਦਲਦਾ ਹੈ, ਬਦਲਦਾ ਰਹੇਗਾ, ਬਦਲੇ ਜਾਂਦੇ ਰਹੇ ਹਨ । ਬਿਨਾਂ ਕਿਸੇ ਨਿਸ਼ਾਨੇ ਤੋਂ ਮਾਰਿਆ ਤੀਰ ਸਫਲ ਨਹੀਂ ਹੁੰਦਾ, ਭਾਵੇਂ ਇਹ ਇਕ ਇਨਸਾਨੀ ਫਿਤਰਤ ਹੈ ਕਿ ਹਰ ਕੋਈ ਆਪਨੂੰ ਤੀਸ ਮਾਰਖਾਂ ਤੋਂ ਘਟ ਨਹੀਂ ਮੰਨਦਾ । ਇਕ ਕਿਸੇ ਘਰ ਵਿਚ ਕੰਸ ਚੋਰ ਪੁਤਰ ਨਿਰ—ਪੁਰਸ਼ਾਰਥ ਤੇ ਕੋਝਾ ਗੰਦਾ ਜਿਹਾ ਸੀ ਜਿਸ ਲਈ ਘਰ ਵਾਲੇ ਉਸਦਾ ਆਦਰ ਨਹੀਂ ਸੀ ਕਰਦੇ ਅਤੇ ਉਸ ਨੂੰ ਨਾਉਂ ਦੀ ਵੀ ਕਨਾਉਂ ਨਾਲ ਵਰਤੋਂ ਕੀਤੀ ਜਾਂਦੀ ਸੀ । ਇਕ ਦਿਨ ਜਦੋਂ ਉਹ ਦਰਵਾਜ਼ੇ ਅਗੇ ਬੈਠਾ ਸੀ । ਕੱਲਾ ਤੇ ਵੇਹਲਾ ਤੱਕ ਕੇ ਉਸ ਦੇ ਮੁਖ ਦੀ ਮੈਲ ਚਟਣ ਲਈ ਕੁਝ ਮੁਖੀਆਂ ਝੁਰਮਟ ਮਾਰਕੇ ਉਸ ਦਵਾਲੇ ਹੋ ਗਈਆਂ ਤੇ ਸੀਢ ਚਟਣ ਲਗੀਆਂ ਤਾਂ ਉਸ ਅਨਉਦਮੀ ਨੇ ਤੰਗ ਆਕੇ ਇਕ ਚਪੇੜ ਆਪਣੇ ਮੁਖ ਤੇ ਮਾਰ ਦਿਤੀ ਜਿਸ ਨਾਲ ਕਿਤਨੀਆਂ ਮਖੀਆਂ ਉਸਦੀ ਚਪੇੜ ਥੱਲੇ ਆਕੇ ਮਰ ਗਈਆਂ ਸਨ, ਜਿਨ੍ਹਾਂ ਨੂੰ ਉਸ ਗਿਣਿਆ ਤਾਂ ਪੂਰੀਆਂ ੩੦ ਸਨ । ਹੁਣ ਕੀ ਸੀ ਹੁਣ ਆਲਸੀ ਨਹੀਂ ਸੀ ਰਿਹਾ ਸਗੋਂ ਉਸਦਾ ਨਾਮ ਤੀਸ ਮਾਰਖਾਂ ਪਰਸਿਧ ਹੋ ਗਿਆ ।

(੧੬) ਆਓ ਤਕੀਏ ਛੇਵੀਂ ਪਾਤਸ਼ਾਹੀ ਦਾ ਪਰਚਾਰ—ਜੋ ਬਤੌਰ ਉਧਾਰਨ ਮੁਤਾਬਕ ੧੯੭੬ ਪਰਚਾ ਮਾਹਵਾਰੀ 'ਕੌਮੀ ਏਕਤਾ ਮਹੀਨਾ' ਮਈ ਲੇਖਕ ਢਾਡੀ ਸੋਹਣ ਸਿੰਘ ਸੀਤਲ ਪੰ: ੧੭ ਤੇ—

(ੳ) ਜਿਵੇਂ ਉਪਰ ਲਿਖ ਆਏ ਹਾਂ ਕਿ ਪੁਰਾਤਨ ਸਮੇਂ ਵਿਚ ਪ੍ਰਸਿਧ ਕਬੀਲਿਆਂ ਦੇ ਆਪਣੇ ਆਪਣੇ ਉਚੇਚੇ ਢਾਡੀ ਹੁੰਦੇ ਸਨ, ਇਹਨਾਂ ਨੇ ਸੰਗਾਰ ਰਸ, ਭਾਵ ਪਿਆਰ ਪ੍ਰੀਤ ਦੀਆਂ ਵਾਰਾਂ ਵੀ ਗਾਈਆਂ, ਹੀਰ ਰਾਂਝਾ, ਸੱਸੀ ਪੁਨੂੰ ਸੋਹਣੀ ਮਹੀਵਾਲ ਆਦਿ ਦੀਆਂ ਵਾਰਾਂ ਲਿਖ ਕੇ ਗਾਵੀਆਂ । ਹੀਰ ਰਾਂਝਾ, ਸੱਸੀ ਪੁਨੂੰ, ਤੇ ਸੋਹਣੀ ਮਹੀਵਾਲ, ਮਿਰਜਾ ਸਾਹਿਬਾਂ ਆਦਿ ਉਧਾਰਣਾਂ ਹਨ ।

(ਅ) ਬੀਰ-ਰਸ ਤੇ ਸ਼ਿੰਗਾਰ ਰਸ ਤਕ ਹੀ ਨਹੀਂ ਵਾਰ ਵਿਚ ਕਰਣਾ ਰਸ ਵੀ ਆ ਗਿਆ । ਰਾਜਾ ਹਰੀਚੰਦ ਤੇ ਪੂਰਨ ਭਗਤ ਵਿਸ਼ੇਸ਼ ਮਿਸਾਲਾਂ ਹਨ ।

(ੲ) ਜਿਸ ਤਰ੍ਹਾਂ ਆਸਾ, ਭੈਰਵੀ ਤਿਲੰਗ ਆਦਿ ਸਾਡੇ ਪੁਰਾਤਨ (ਕਲਾਸੀਕਲ) ਰਾਗ ਹਨ, ਇਸੇ ਤਰ੍ਹਾਂ **ਢਾਡੀਆਂ ਦੀਆਂ ਵੀ (ਕਲਾਸੀਕਲ) ਧੁੰਨਾਂ ਰਾਗ ਹਨ ।**

(ਸ) ਸਿਖ ਸਟੇਜ ਉਤੇ ਢਾਡੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਬੁਲਾਏ ਆਏ ਹਨ, ਗੁਰੂ ਨਾਨਕ ਦੇਵ ਜੀ ਤੋਂ ਪੰਜਵੇਂ ਪਾਤਸ਼ਾਹ ਤਕ ਰਾਗੀ ਸਿਰਫ ਰਬਾਬੀ ਹੁੰਦੇ ਸਨ ।

(ਹ) ਗੁਰੂ ਹਰਿ ਗੋਬਿੰਦ ਸਾਹਿਬ ਨੇ ਸਿਖਾਂ ਨੂੰ ਸੰਤਾਂ ਦੇ ਨਾਲ ਨਾਲ ਸਿਪਾਹੀ ਵੀ ਬਣਾ ਦਿਤਾ, ਤਾਂ ਰਾਗੀਆਂ ਤੇ ਕਥਾਕਾਰਾਂ ਦੇ ਨਾਲ ਨਾਲ ਮਹਾਰਾਜ ਨੇ ਸਿਪਾਹੀ ਸਿਖਾਂ ਵਾਸਤੇ ਢਾਡੀਆਂ ਦੀ ਲੋੜ ਵੀ ਸਮਝੀ । ਠੰਡੇ ਹੋ ਚੁਕੇ ਲਹੂ ਨੂੰ ਜਿੰਨਾਂ ਢਾਡੀ ਗਰਮਾ ਸਕਦਾ ਹੈ, ਰਾਗੀ ਨਹੀਂ । ਇਸੇ ਕਾਰਨ ਛੇਵੇਂ ਪਾਤਸ਼ਾਹ ਨੇ ਢਾਡੀਆਂ ਨੂੰ ਸਿਖ ਸਟੇਜ ਤੇ ਲਿਆਂਦਾ । ਉਸ ਸਮੇਂ ਕੋਈ ਸਿਖ ਢਾਡੀ ਤਾਂ ਹੈ ਨਹੀਂ ਸਨ ਜੋ ਮਹਾਰਾਜ ਨੇ ਪਿੰਡ ਸੁਰ ਸਿੰਘ ਦੇ ਰਹਿਣ ਵਾਲੇ ਢਾਡੀ ਜੱਥਾ ਤੇ ਅਬਦੁਲਾ ਨੂੰ ਬੁਲਾ ਕੇ ਵਾਰਾਂ ਸੁਣੀਆਂ । ਜਿੱਥੇ ਉਹਨਾਂ ਪੁਰਾਤਨ ਯੋਧਿਆਂ ਦੀਆਂ ਵਾਰਾਂ ਸੁਣਾਈਆਂ । ਉਥੇ ਗੁਰੂ ਮਹਾਰਾਜ ਦੇ ਜਸ ਵਜੋਂ ਵੀ ਪਉੜੀਆਂ ਰਚਕੇ ਸੁਣਾਈਆਂ । ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਆਪਣੇ ਦਰਬਾਰ ਵਿਚ ਢਾਡੀਆਂ ਨੂੰ ਹੋਰ ਵੀ ਆਦਰ ਮਾਣ ਬਖਸ਼ਿਆ । ਹਜੂਰ ਨੇ ਢਾਡੀਆਂ ਦੇ ਗਾਉਣ ਵਾਸਤੇ ਆਪ ਵੀ ਚੰਡੀ ਦੀ ਵਾਰ ਲਿਖੀ । ਨਾਲ ਹੀ ਜਾਤ-ਬਰਾਦਰੀ ਦੇ ਵਲਗਣ ਵਿਚੋਂ ਨਿਕਲ ਕੇ ਆਮ ਸਿਖਾਂ ਨੂੰ ਢਾਡੀ ਬਣਨ ਵਾਸਤੇ ਪ੍ਰੇਰਿਆ । ਹਉ ਢਾਡੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ ॥ ਮ: ੪ ॥

ਹੋਰ ਤਫਸੀਲ ਤੇ ਵਿਸਥਾਰ ਪੂਰਵਕ ਦੇਖੋ **ਇਸੇ ਕਲਮ ਦੀ ਲਿਖੀ ਤੇਰਵੀਂ ਲੇਖ ਲੜੀ 'ਸਤਿਗੁਰ ਕੀ ਸੇਵਾ ਸਫਲ ਹੈ ਜੇ ਕਉ ਕਰੇ ਚਿਤੁ ਲਾਇ'** ॥

Digitized by Panjab Digital Library | www.panjabdigilib.org

ਜਦੋਂ ਬਹੁ ਜੋਧਾ ਭਾਰੀ--ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖਤ ਦੀ ਸਿਰਜਨਾ ਕਰਕੇ ਵਾਰਾਂ ਗਾਉਣ ਦਾ ਮੁਢ ਬੰਨਿਆ ਸੀ, ਉਸ ਵੇਲੇ ਭਾਈ ਨੱਥਾ ਤੇ ਅਬਦੁਲਾ ਦੋਵੇਂ ਉਭਰ ਕੇ ਅਗੇ ਆਏ ਲੇਖ ਹੈ [ਨਥਾ ਢਡ ਬਜਾਇ ਅਬਦੁਲਾ ਰਬਾਬ ਲੈ] ਦੇਖੋ ਗੁਰ ਬਲਾਸ ਪਾ: ੬ ਅਤੇ ਇਹਨਾਂ ਨੇ ਸ੍ਰੀ ਗੁਰੂ ਦੇਵ ਹਰਿ ਗੋਬਿੰਦ ਜੀ ਦੀ ਤਖਤ ਨਸ਼ੀਨੀ ਵਾਰ ਐਉਂ ਗਾਈ ਸੀ--

ਦੋ ਤੁਲਵਾਰੀ ਬੱਧੀਆ
ਇਕ ਮੀਰੀ ਦੀ ਇਕ ਪੀਰੀ ਦੀ।
ਇਕ ਅਜ਼ਮਤ ਦੀ ਇਕ ਰਾਜ ਦੀ
ਇਕ ਰਾਖੀ ਕਰੇ ਵਜ਼ੀਰੀ ਦੀ।
ਹਿੰਮਤ ਬਾਹਾਂ ਕੋਟ ਗੜ੍ਹ
ਦਰਵਾਜ਼ਾ ਬਲਖ ਬਖੀਰੀ ਦਾ ।
ਨਾਲ ਸਿਪਾਹੀ ਨੀਲ ਨਲ ਮਾਰ
ਦੁਸ਼ਟਾਂ ਕਰੇ ਭਗੀਰੀ ਜੀ ।
ਪੱਗ ਤੇਰੀ ਕੀ ਜਹਾਂਗੀਰੀ ਦੀ।

ਜੋ ਹਮੇਸ਼ਾਂ ਵਾਸਤੇ ਅਕਾਲ ਤਖਤ ਦੇ ਢਾਡੀ ਨੀਯਤ ਕੀਤੇ ਗਏ ਸੀ, ਜਿਨ੍ਹਾਂ ਨੇ ਉਪਰੋਕਤ ਵਾਰ ਗਾ ਕੇ ਜਹਾਂਗੀਰ ਨੂੰ ਵੰਗਾਰਿਆ ਸੀ ।

ਉਪਰੋਕਤ ਲੇਖ ਵਿਚ—ਕੀ ਮੈਂ ਆਪਣੇ ਕੋਲੋਂ ਤਾਂ ਨਹੀਂ ਲਿਖਿਆ ਕੁਝ—ਕੀ ਇਸ ਤੋਂ ਸਿਧ ਨਹੀਂ ਹੁੰਦਾ ਕਿ ਸ੍ਰੀ ਦਸਮ ਗੁਰ ਨੇ ਪਹਿਲੇ ਗੁਰੂਆਂ ਦੇ ਰਾਹ ਤੋਂ ਨਵੀਂ ਡੰਡੀ ਤਾਂ ਨਹੀਂ ਤੋਰੀ । ਇਹ ਇਸੇ ਪਰਚਾਰ ਦਾ ਸਦਕਾ ਸੀ, ਜਿਸ ਕਰਕੇ ਮੌਤ ਦਾ ਸਾਇਆ ਡਰ ਤੇ ਭੈ ਐਉਂ ਮਚਲਾ ਹੋ ਕੇ ਸੌਂ ਗਿਆ ਸੀ, ਜਿਵੇਂ ਆਲਸ ਤੋਂ ਕੁਬੇਰ, ਇਸੇ ਕਰਕੇ ਅਜ ਵੀ ਕਵੀ ਲੋਕ ਇਸ ਕੌਮ ਦਾ ਡੰਕਾ ਐਉਂ ਵਜਾਉਂਦੇ ਸੁਣੀਂਦੇ ਨੇਂ—

ਮਾਰਤ ਇਨ ਕੋ ਹਮ ਥਕ ਗਏ ਏ
ਨਿਤ ਬਢਤ ਜਾਤ ਹੈ ਨਏ।
ਮਾਰਨ ਮਰਨੋ ਜਰਾ ਨ ਡਰ ਹੈ
ਮੌਤ ਚਰਾਗ ਪਤੰਗੇ ਪਰ ਹੈ।
ਚਾਹਤ ਨਿਸਦਿਨ ਲੈਣ ਸ਼ਹੀਦੀ
ਟਰਤ ਨ ਰਣ ਸੇ ਹੋਇ ਕਰ ਗੀਦੀ।
ਸਾਥ ਹਜ਼ਾਰਨ ਬੀਸਕ ਲਰ ਹੈ
ਟਾਰੇ ਟਰਤ ਨ ਮਾਰੇ ਮਰ ਹੈ।

[ਗਿ: ਭਜਨ ਸਿੰਘ

(੨੦) ਉਟੰਕਣ ਨੰ: ੯ ਪੰ: ੨੫—ਜੇ ਭਲਾ ਸ੍ਰੀ ਦਸਮੇਸ਼ ਜੀ ਨੇ ਸਿਖਾਂ ਨੂੰ ਪੁਰਾਣੀ ਸਭਿਅਤਾ ਤੇ ਸਾਹਿਤ ਤੋਂ ਜਾਣੂ ਕਰਾਉਣਾ ਹੀ ਸੀ ਤਾਂ ਉਹ ਪ੍ਰਾਚੀਨ ਸਾਹਿਤ ਚੋਂ ਹੋਰ ਬੇਹਤਰੀਨ ਸਾਹਿਤ ਚੋਣ ਕਰ ਸਕਦੇ ਸਨ, ਤਾਂ ਕਿ ਉਹ ਮੂਲੋਂ ਹੀ ਮਿਥਿਹਾਸਕ ਕਹਾਣੀਆਂ ਚੁਣਦੇ । ਜਿੱਥੇ ਇਕ ਦੇਵੀ ੪੦ ਪਦਮ ਫੌਜ ਦਾ ਤਨ-ਤਨਹਾ ਇਕੱਲੀ ਖੈ ਕਰਦੀ ਹੈ, ਐਸੀਆਂ ਕਤਾਅਨ ਜਿਥੇ ਅਣ-ਹੋਣੀਆਂ ਤੇ ਹਵਾਈ ਕਥਾਵਾਂ ਦੇ ਪਲੰਦਿਆਂ ਦਾ ਕੀ ਲਾਭ ਜੋ ਜੀਵਨ ਵਿਚ ਹੀ ਸੰਭਵ ਹੋਣ ਨਾਂ ਹੀ ਸਾਰਥਕ, ਅਰਥ-ਭਰਪੂਰ ।

ਸਮਾਧਾਨ—ਇਹ ਇਕ ਖਾਮ ਖਿਆਲੀ ਹੀ ਨਹੀਂ ਸਗੋਂ ਗੁਸਤਾਖੀ ਤੇ ਮਹਾਨ ਤੇ ਮਹਾਨ ਸਤਿਗੁਰੂ ਦਾ ਅਪਮਾਨ ਵੀ ਹੈ, ਜਿਸ ਦਾ ਭਾਵ ਹੈ ਕਿ ਸ੍ਰੀ ਦਸਮੇਸ਼ ਪਿਤਾਮਾਂ ਨੂੰ ਚੋਣ ਕਰਨ ਦੀ ਸੁਮਤ ਨਹੀਂ ਸੀ । ਜਦੋਂ ਅਸੀਂ ਇਸ ਪਵਿਤਰ ਤੇ ਮੁਹਤਰਿਮ ਬਾਣੀ ਦੇ ਗੁਹਜ ਭਾਵਾਂ ਨੂੰ ਜਿਹਨ ਨਸ਼ੀਨ ਕਰ ਲਵਾਂਗੇ ਤਾਂ ਅਸੀਂ ਮਹਿਸੂਸ ਕਰਾਂਗੇ ਕਿ ਇਸ ਸਾਹਿਤ ਤੋਂ ਉਤਮ ਤੇ ਸੁਚਾ ਹੋਰ ਪੁਰਾਤਨ ਸਾਹਿਤ ਸਮੱਗਰੀ ਦੇ ਪੱਖੋਂ ਕੋਈ ਮਿਲ ਹੀ ਨਹੀਂ ਸਕਦਾ । ਰਾਮ ਕਥਾ ਜੁਗ-ਜੁਗ ਅਟੱਲ ਹੈ ਜੋ ਤਰੇਤਾ ਦੁਆਪਰ ਕਲਿਜੁਗ ਤੀਜੀ ਪੀੜੀ ਜਾ ਕੇ ਵੀ ਭਾਰਤ ਵਰਸ਼ ਦੇ ਕੋਨੇ-ਕੋਨੇ ਤੇ ਮਸ਼ਹੂਰ ਹੈ । ਸ੍ਰੀਕ੍ਰਿਸ਼ਨ ਲੀਲਾ, ਮਹਾਂ ਭਾਰਤ ਦੇ ਜੁਧ ਅਤੇ ਕੌਰੋਂ ਪਾਂਡਵਾਂ ਦਾ ਬਦ-ਨੀਤੀ ਤੇ ਇਨਸਾਫ ਦਾ ਭਾਰਤ ਦੇ ਕਿਲੇ ਦਾ ਉਹ ਕਿੰਗਰਾ ਹੈ, ਜਿਸ ਅਕਸ ਤੋਂ ਬਾਲ ਬ੍ਰਿਧ ਕੀ, ਇਸਤ੍ਰੀ ਕੀ, ਪੁਰਸ਼ ਸਾਰੇ ਜਾਣੂ ਹਨ । ਦੇਵ, ਦੇਵੀ, ਦੈਂਤਾਂ ਦਾ ਜੁਧ ਕੁਦਰਤ ਦਾ ਉਹ ਕਿਰਸਮਾ ਹੈ,ਜਿਸ ਬਾਰੇ ਕਬੀਰ ਜੀ ਦਾ ਪਵਿਤਰ ਬਚਨ ਇਹ ਹੈ--

ਜਲ ਤੇ ਥਲ ਕਰਿ ਥਲ ਤੇ ਕੂਆ
ਕੂਪ ਤੇ ਮੇਰੁ ਕਰਾਵੈ।
ਧਰਤੀ ਤੇ ਆਕਾਸ਼ਿ ਚੜਾਵੈ
ਚਢੇ ਆਕਾਸ਼ਿ ਗਿਰਾਵੈ ।੨। ਪੰ: ੧੨੫੨ ।

ਪਰ ਜੇ ਕੋਈ ਕੁਦਰਤ ਤੋਂ ਹੀ ਇਨਕਾਰੀ ਹੈ ਤਾਂ ਫੇਰ ਉਹ ਜਾਂ ਤਾਂ ਕਾਫਰ ਹੈ ਜਾਂ ਸ਼ੈਤਾਨ । [ਸੋਈ

Digitized by Panjab Digital Library | www.panjabdigilib.org

ਕੁਚੀਲ ਜੋ ਕੁਦਰਤਿ ਨਹੀ ਮਾਨੈ] ਗੁਰਬਾਣੀ ਦਾ ਪਵਿਤ੍ਰ ਬਚਨ ਹੈ, ਜਦੋਂ ਕਾਦਰ ਦੀ ਕੁਦਰਤਿ ਕੁਝ ਕਰਨਾ ਚਾਹੁੰਦੀ ਹੈ ਤਾਂ ਅੱਖ ਦੇ ਫੁਰਕੇ ਵਿਚ ਅਨੇਕਾਂ ਰੂਪ ਪ੍ਰਭੂ ਹੋਏ ਵਰਤਦਾ ਹੈ [ਅਨਿਕ ਰੂਪ ਖਿਨ ਮਾਹਿ ਕੁਦਰਤਿ ਧਾਰਦਾ] ਪੰ: ੫੧੮ । ਮ: ੫ ।

ਇਹ ਤਾਂ ਪਾਠਕ ਜਨ ਪੜ੍ਹ ਹੀ ਚੁਕੇ ਹਨ ਕਿ ਦੇਵੀ ਇਕੱਲੀ ਜੁਧ ਨਹੀਂ ਸੀ ਲੜ ਰਹੀ--

(ੳ) ਚੰਢਿ ਪਚੰਡਿ ਸੁ ਕੇਹਰ ਕਾਲਕਾ
ਅਉ ਸ਼ਕਤੀ ਮਿਲਿ ਜੁਧੁ ਕਰਿਓ ਹੈ ।
[ਪੰ: ੯੬

(ਅ) ਬਸੇਖ ਦੇਵਤਾਰੁ ਬੀਰ ਬਾਣ
ਧਾਰ ਬੁਠ ਹੀ ।
[ਪੰ: ੧੧੦ ।੨੫।੧੪੭।੧

ਕੁਦਰਤ ਦੇ ਕੰਮਾਂ ਤੇ ਉਟੰਕਣ ਕਰਨਾ ਤੇ ਹੁਜਤਾਂ ਝਾੜਨੀਆਂ ਹੀ ਕੁਦਰਤ ਦੇ ਮਾਲਕ ਤੋਂ ਮੁਨਕ ਹੋਣਾ ਹੈ, ਇਹੁ ਸਕਤਕਤਾ ਦੀ ਪ੍ਰਤੀਕੀ ਸਪਸ਼ਟ ਹੈ ਜੋ ਰਬ ਨੂੰ ਮੰਨਦੇ ਹੋਏ ਵੀ ਉਸ ਤੋਂ ਦੂਰ ਹੋਣ ਦਾ ਨਿਰੰਤਰ ਦੋਸ਼ੀ ਹੈ। ਤਕੋ ਜੁਧ ਕਾ ਕਾਰਣ {ਕਰਤਾ ਕੌਣ ਸੀ ? ਕਰੋ ਦਰਸ਼ਨ ਗੁਰਦੇਵ ਜੀ ਦੀ ਵਿਲਖਣਤਾ ਦਾ ।

ਭੂਮ ਕੋ ਭਾਰ ਉਤਾਰਨ ਕੋ ਜਗਦੀਸ
ਬਿਚਾਰ ਕੈ ਜੁੱਧ ਠਟਾ ।
ਗਰਜੈ ਮਦਮਤ ਕਰੀ ਬੰਦਰਾ ਬਗ਼
ਪੰਤ ਲਸੈ ਜਨ ਦੈਤ ਗਟਾ ।
ਪਹਰੇ ਤਨ ਤਾਨ ਫਿਰੈ ਤਹ ਬੀਰ
ਲੀਏ ਬਰਛੀ ਕਰਿ ਬਿੱਜੁ ਛਟਾ ।
ਦਲ ਦੈਤਨ ਕੋ ਅਰਿ ਦੇਵਨ ਪੈ
ਉਮਡਿਓ ਮਾਨੋ ਘੋਰ ਘਮੰਡ ਘਟਾ ।੬੨।
[ਪੰ: ੮੦।੧।

ਭਾ: ਧਰਤੀ ਤੋਂ ਭਾਰ ਉਤਾਰਨ ਲਈ ਜਗਤਿ-ਪਤੀ ਪ੍ਰਮ ਪਿਤਾ ਨੇ ਠੀਕ ਜਾਣਕੇ ਐਨ ਵਿਚਾਰ ਕਰਕੇ ਇਹ ਜੁੱਧ ਦਾ ਅਖਾੜਾ ਰਚਿਆ । ਅਹੰਕਾਰ ਦੇ ਮੱਤੇ [ਮਸਤੀ] ਵਿਚ ਦੈਂਤ ਐਉਂ ਗਰਜ ਰਹੇ ਹਨ ਜਿਉਂ ਬਦਲ ਗਰਜ ਰਿਹਾ ਹੋਵੇ, ਜਾਂ ਬਗਲਿਆਂ ਦੀਆਂ ਡਾਰਾਂ ਘੁਮਦੀਆਂ ਫਿਰਦੀਆਂ ਹੋਣ । ਤਨ ਤੇ ਸੰਜੋਆਂ ਕਸ ਕਸ ਕੇ ਸੂਰਮੇ ਦੈਂਤਾਂ ਦੇ ਹੱਥਾਂ ਵਿਚ ਬਰਛੀਆਂ ਲਿਸ਼ਕਾਉਂਦੇ ਫਿਰਦੇ ਸਨ ਜਿਵੇਂ ਬਿਜਲੀ ਚਮਕ ਰਹੀ ਹੋਵੇ । ਇਕ ਪਾਸੇ ਦੈਂਤਾਂ ਦਾ ਦਲ ਹੈ ਦੂਜੇ ਪਾਸ ਦੇਵਤਿਆਂ ਦਾ ਜਿਸ ਪਰ ਦੈਂਤ ਇਉਂ ਉਛਲ ਕ ਪਏ ਜਿਵੇਂ ਗੁਜ ਕੇ ਘੋਰ ਕੇ ਬਦਲ ਦੀ ਘਟਾ ਇਕ ਦਮ ਉਮੰਡ ਪੈਂਦੀ ਹੈ ।

ਇਤ ਕੋਪ ਪੁਰੰਦਰ ਦੇਵ ਚੜ੍ਹੇ
ਉਤ ਜੁੱਧ ਕੋ ਸੁੰਭ ਚੜੇ ਰਨ ਮੈਂ ।
ਕਰ ਬਾਨ ਕਮਾਨ ਕ੍ਰਿਪਾਨ ਗਦਾ
ਪਹਿਰੇ ਤਨ ਤ੍ਰਾਨ ਤੁਬੈ ਤਨ ਮੈਂ ।
[ਪੰ: ੮੦।੬੫।

ਕੌਣ ਮੰਨੇਗਾ ਕਿ ਦੇਵੀ ਇਕਲੀ ਜੁਧ ਲੜ ਰਹੀ ਸੀ,ਕੌਣ ਕਹੇਗਾ ਕਿ ਇਹ ਜੰਗ ਪ੍ਰਭੂ ਦੀ ਰਜਾ ਜਾਂ ਕੁਦਰਤ ਦਾ ਸਦਕਾ ਨਹੀਂ ਸੀ ? ਜਦ ਤੋਂ ਸ਼ਕਤੀ ਵਜੂਦ ਵਿਚ ਆਈ ਜਾਂ ਭੌਤਕ ਸਮਗਰੀ ਦੀ ਤੱਤ੍ਰਕ ਜੀਵਨ ਵਜੂਦ ਵਿਚ ਆਇਆ ਉਦੋਂ ਤੋਂ ਹੀ ਢਾਹੁਣ ਤੇ ਉਸਾਰਨ ਦਾ ਚਰਖਾ ਚਲ ਰਿਹਾ ਹੈ, ਅਤੇ ਚਲਦਾ ਹੀ ਰਹੇਗਾ । ਕਦੇ ਅਬਾਦੀ ਵਧਾਉਣ ਦਾ ਪ੍ਰਯ ਜਤਨ ਹੁੰਦਾ ਹੈ ਫਿਰ ਘਟੌਣਾਂ ਵੀ ਨਾਲ ਹੀ ਲਿਖਿਆ ਹੈ ਜਨ ਤੋਂ ਪਹਿਲੇ ਹੀ ਮੌਤ ਦਾ ਸਾਹਾ ਮਕੱਰਰ ਕੀਤਾ ਜਾਂਦਾ ਹੈ, ਇਹ ਸਾਰਾ ਤਮਾਸਾਂ ਕਰਤੇ ਨੇ ਆਪਣੀ ਕੁਦਰਤ ਦੇ ਹੱਥ ਦਿਤਾ ਹੋਇਆ ਜੋ ਉਸ ਦਾ ਹੁਕਮ ਹੁੰਦਾ ਹੈ ਉਹੀ ਕੰਮ ਕੁਦਰਤ ਕਰ ਵਿਖਾਉਂਦੀ ਹੈ । ਬਚਨ ਹੈ–

(ੳ) ਜੋ ਭਾਵੈ ਸੋ ਕਾਰ ਕਰਾਵੈ ।
ਨਾਨਕ ਦ੍ਰਿਸਟੀ ਅਵਰ ਨ ਆਵੈ ।
ਕਹੁ ਮਨੁੱਖ ਤੇ ਕਿਆ ਹੋਇ ਆਵੈ ।
ਜੋ ਤਿਸ ਭਾਵੈ ਸੋਈ ਕਰਾਵੈ ।
ਪੰ: ੨੭੫ ।੧੦।

(ਅ) ਖਿਨ ਮਹਿ ਥਾਪਿ ਉਥਾਪੇ ਕੁਦਰਤਿ ।
ਸਭ ਕਰਤੇ ਕੇ ਕਾਰਨਾ ।
ਪੰ: ੯੧੫ । ਮ: ੫ ।

(ੲ)– ਦੈਤ ਸੰਘਾਰਨ ਕੇ ਨਮਿਤ ।
ਕਾਲ ਜਨਮੁ ਇਹ ਲੀਨ ।੨੫।

(੨੧) ਪ੍ਰਸ਼ਨ ਨੰ: ੧੦–ਜੇ ਜਰਾ ਗਹੁ ਨਾਲ ਅਤੇ ਨਿਰਪੱਖ ਨਿਰਣਾਇਕ ਤੇ ਪੜਚੋਲ ਦ੍ਰਿਸ਼ਟੀ ਨਾਲ ਇਹਨਾਂ ਚਰਿਤ੍ਰਾਂ (ਦੇਵੀ ਕਰਤਵਾਂ) ਨੂੰ ਵਾਚੋ ਤਾਂ ਤੁਹਾਨੂੰ

Digitized by Panjab Digital Library | www.panjabdigilib.org

ਕਿਸੇ ਪ੍ਰਕਾਰ ਦੀ ਸਿਖਿਆ ਜਾਂ ਉਤਸ਼ਾਹ ਪ੍ਰਾਪਤ ਹੋਣ ਦੀ ਥਾਂ ਅਵਿਸਵਾਸ-ਭਰਪੂਰ ਹੈਰਾਨੀ ਹਾਸੀ ਤੇ ਘਿਰਣਾ ਪੈਦਾ ਹੋਵੇਗੀ।

ਉਤਰ–ਇਹ ਠੀਕ ਹੀ ਹੈ ਕਿ ਜਦੋਂ ਤਕ ਕਿਸੇ ਘਟਨਾ ਦੀ ਬੋਲੀ ਸਮਝ ਵਿਚ ਨਾ ਆਏ ਤਾਂ ਹੈਰਾਨੀ ਯਕੀਨੀ ਹੀ ਹੈ। ਇਕ ਜੁਆਨ ਘਰ ਦੀਆਂ ਉਲਝਣਾ ਦਾ ਸਤਿਆ ਹੋਇਆ ਫੌਜ ਵਿਚ ਜਾ ਭਰਤੀ ਹੋਇਆ। ਕੁਝ ਦਿਨਾਂ ਵਿਚ ਤਰੱਕੀ ਕਰਦਾ ਫੌਜੀ ਪਰੇਡ ਦਾ ਮੁਖੀ ਬਣ ਗਿਆ ਸੀ। ਅਤੇ ਫੌਜੀ ਪ੍ਰੇਡ ਦਾ ਚੰਗਾ ਮਾਹਰ ਹੋ ਗਿਆ। ਜਦੋਂ-ਕੁਝ ਅਰਸਾ ਪਾਕੇ ਛੁਟੀ ਮਿਲੀ ਤਾਂ ਘਰ ਪਰਤਿਆ ਤਾਂ ਹੁਣ ਮਾਂ ਦੀਆਂ ਤਾਂ ਮਮਤਾਈ ਵਾਂਛਾਂ ਸਾਂਭੀਆਂਹੀ ਨਹੀਂ ਸੀ ਜਾਂਦੀਆਂ, ਚਿਰ ਪਿਛੋਂ ਪੁਤਰ ਘਰ ਆਇਆ ਸੀ ਉਹ ਚਾਹੁੰਦੀ ਸੀ ਕਿ ਮੈਂ ਪ੍ਰਦੇਸੋ ਆਏ ਪੁਤਰ ਦੇ ਕੀ ਕੁਝ ਢਿਢ ਚ ਪਾ ਦੇਵਾਂ । ਮਲਾਈ ਦੁਧ ਦਾ ਛੱਨਾਂ ਭਰਕੇ ਦੇਸੀ ਖੰਡ ਪਾਕੇ ਉਂਗਲੀ ਫੇਰਕੇ ਪਿਆਇਆ। ਉਪ੍ਰੰਤ ਰਸੋਈ ਬਣਾਈ ਚਾਵਲ ਬਣਾਇ ਤੇ ਪਰੌਠੇ ਲਾਹੇ ਥਾਲ ਵਿਚ ਚਾ ਪਾਇ ਦੇ ਕੁ ਲਪ ਬੂਰਾ (ਪੀਸਾ ਖੰਡ) ਥਾਲ ਦੇ ਵਿਚ ਪਾ ਕੇ ਫੌਜੀ ਅਗੇ ਜਾਂ ਰਖਿਆ ਤੇ ਬੂਰੇ ਵਿਚ ਟੋਆ ਕਰਕੇ ਗਰਮ ਕੀਤਾ ਦੇਸੀ ਘਿਉ ਧਾਰ ਬੰਨ ਕੇ ਪਾਉਣ ਲਗੀ ਕਿ ਉਦੋਂ ਘਿਉ ਪਾਉਣੋਂ ਹਟਾਂਗੀ ਜਦੋਂ ਪੁਤਰ ਬਕ ਕਹੇਗਾ। ਜਦੋਂ ਫੌਜੀ ਦੀ ਰੁਚੀ ਅਨਸਾਰ ਘਿਉ ਬੂਰੇ ਵਿਚ ਪੈ ਗਿਆ ਤਾਂ ਫੌਜੀ ਨੇ ਕਿਹਾ ਹਾਉਲਟ, ਮਾਂ ਸਮਝੀ ਕਿ ਮੇਰਾ ਪੁਤ੍ਰ ਚਾਹੁੰਦਾ ਹੈ ਕਿ ਹੋਰ ਪਾਦੇਹ ਉਹ ਹੋਰ ਪਾਉਂਦੀ ਗਈ। ਫੌਜੀ ਨੇ ਫੇਰ ਕਿਹਾ ਹਾਉਲਟ, ਮਾਂ ਫੇਰ ਸਮਝੀ ਕਿ ਕਹਿੰਦਾ ਹੈ ਕਿ ਹੋਰ ਪਾ ਦੇਹ। ਅੰਤ ਥਾਲ ਵਿਚ ਘਿਉ ਪਾਣੀ ਵਾਂਗੋ ਲਗਾ ਇਧਰ ਉਧਰ ਫਿਰਨ,ਫੌਜੀ ਤੀਜੀ ਵਾਰ ਫੇਰ ਕਿਹਾ ਜਦ ਬੁਢੀਆਂ ਘੀ ਪਾਉਣੋ ਰੁਕੀ ਹੀ ਨਾ, ਕ੍ਰੋਧ ਵਿਚ ਆਕੇ ਫੌਜੀ ਨੇ ਲੱਤ ਮਾਰੀ ਤੇ ਕਿਹਾ ਕਿ ਇਕ ਬਾਰ ਹਉਲਟ ਕਹਿਣ ਨਾਲ ਪੰਜ ਹਉਲਟ ਸੋ ਜੁਆਨ ਇਕ ਦਮ ਰੁਕ ਜਾਂਦਾ ਹੈ ਪਰ ਇਹ ਬੁਢੀਆ ਤਿੰਨ ਬਾਰ ਕਹਿਣ ਤੇ ਵੀ ਨਹੀਂ ਰੁਕਦੀ ਮਾਂ ਵਿਚਾਰੀ ਪੁਤਰ ਨੂੰ ਪ੍ਰਸੰਨ ਕਰਦੀ-ਕਰਦੀ ਆਪ ਸੱਟਾਂ ਖਾ ਬੈਠੀ ਤੇ ਬਾਕੀ ਪਤੀਲੀ ਦਾ ਘਿਉ ਵੀ ਧਰਤੀ ਤੇ ਰੋੜ ਬੈਠੀ ਨਾਂ ਸਮਝਣ ਕਰਕੇ। ਇਹੋ ਹਾਲ ਕਾਰਨ ਨਿਰਨੇ ਤੇ ਖੰਡਨ ਦਾ ਹੈ ਜਿ ਕੋਈ ਗਲ ਸਮਝ ਨਾਂ ਆਵੇ ਤਾਂ ਸੁਨਣ ਵਾਲਾ ਤੌਰ ਭੌਰ ਹੋਕੇ ਝਾਟੀ-ਮਾਈ ਜਿਹਾ ਹੀ ਅਰਥ ਕਢ ਲੈਂਦਾ ਹੈ ਇਸ ਦਾ ਸਮਾਧਾਨ ਤਾਂ ਪਿਛੋਂ ਹੋ ਹੀ ਚੁਕਾ ਹੈ।

(੨੨) ਪੰ: ੨੬ ਤੇ ਰਾਇਆ ਦਾ ਮੰਬਾ ਨਿਕਲ ਤੁਰਦਾ ਹੈ–ਜੋ ਬੰਦ ਕਰਨਾਂ ਤਾਂ ਅਸੰਭਵ ਹੈ ਪਰ ਉਸ ਅਗੇ ਬੂਜਾ ਦੇਕੇ ਹੋਕਣ ਦਾ ਜਤਨ ਕਰਦੇ ਹਾਂ ਆਪ ਖੰਡਨ ਦੇ ਪੰ:੨੬ਤੇ ਰਾਇ ਨੰ: ੧ ਤੇ ਲਿਖਦੇ ਹਨ। ਗੋਬਿੰਦ ਰੂਪ ਗੁਰੂ ਸਾਹਿਬਾਨ ਐਸੇ ਕਰਾਮਾਤੀ ਮਿਥਿਆਵਾਦ ਤੋਂ ਨਾ ਕੇਵਲ ਬਹੁਤ-ਬਹੁਤ ਦੂਰ ਤੇ ਉਚੇਰੇ ਹਨ ਸੱਗੋ ਕਟੱੜ ਵਿਰੋਧੀ ਵੀ। **ਉਹ ਮਨੁਖ ਨੂੰ ਸੱਚੇ ਸੁਚੇ** ਆਚਾਰ ਦੁਆਰਾ ਉਭਾਰਨ ਦੇ ਹਾਮੀ ਹਨ।

ਉਤਰ-ਇਸੇ ਲਈ ਆਪਣੇ ਇਹ ਉਭਾਰਨ ਵਾਲਾ ਕੰਮ ਕਰਕੇ ਸ੍ਰੀ ਦਸਮ ਗ੍ਰੰਥ ਸਾਹਿਬ ਲਿਖਕੇ ਆਪਣੇ ਸਿਖਾਂ ਨੂੰ ਹੀ ਨਹੀਂ ਸਗੋਂ ਹਿੰਦੂ ਵੀਰਾਂ ਨੂੰ ਵੀ ਉਭਰ ਕੇ ਚੱਲਣ ਦਾ ਮਸਵਰਾ ਦਿਤਾ ਹੈ, ਮੂਜੀ ਹੋਕੇ ਜੀਉਣਾਂ ਜਾ ਮਰਨਾਂ ਉਹਨਾਂ ਨੂੰ ਪਸੰਦ ਨਹੀਂ ਸੀ। ਜੰਗ ਵਿਚ ਬਹਾਦੁਰੀ ਨਾਲ ਜਿਤਣ ਦੀ ਕਰਾਮਤ ਉਹਨਾਂ ਅਕਾਲ ਪੁਰਖ ਤੋਂ ਮੰਗੀ ਸੀ ਜੋ ਸਿੱਖਾਂ ਵਿਚ ਵੰਡੀ ਹੀ ਨਹੀਂ ਸਗੋਂ ਉਹ ਕਰਾਮਾਤ ਕਰ ਕੇ ਵਖਾਈ ਸੀ। ਦੇਖੋ ਜਿਸ ਵੇਲੇ ਭੰਗਾਣੀ ਦਾ ਜੁਧ ਹੋਇਆ ਸੀ ਭੀਖਨ ਖਾਨ ਪਠਾਣ ਨੇ ਰਾਜੇ ਭੀਮ ਚੰਦ ਨੂੰ ਹਲਾਸ਼ੇਰੀ ਦੇਕੇ ਰਾਜੇ ਫਤੇਸ਼ਾਹ ਦੀ ਚੜਾਈ ਕਰਵਾ ਦਿਤੀ ਸੀ ਤੇ ਇਕ ਲੱਖ ਸੈਨਾ ਲੈਕੇ ਅਕਾਰਣ ਹੀ ਚੜਾਈ ਕਰਕੇ ਆ ਗਿਆ ਸੀ। ਜਿਸ ਮਾਰੂ ਹੱਲੇ ਦੇ ਭੈ ਕਰਕੇ ੫੦੦ ਪ੍ਰਸਾਦੇ ਟੇਰੂ ਉਦਾਸੀ ਪਿਠ ਦੇ ਗਏ ਸਨ ਗੁਰੂ ਸਾਹਿਬ ਕੋਲ ਉਸ ਵੇਲੇ ਕੋਈ ਨਾਂ ਕੋਈ ਸੈਨਾ ਸੀ ਨਾਂ ਕੋਈ ਜੰਗੀ ਤਿਆਰੀ-ਆਪਦਾ ਲੇਖ ਹੈ।

ਫਤਹ ਸ਼ਾਹ ਕੋਪਾ ਤਬਿ ਰਾਜਾ।
ਲੋਹ ਪਰਾ ਹਮਸੋ ਬਿਨੁ ਕਾਜਾ ।੩।

ਪਰ ਉਸ ਵੇ ਗੁਰੂ ਵਰਿਆਮ ਨੇ ਇਹ ਕਰਾਮਾਤ ਕਰ ਦਿਖਾਈ ਸੀ ਕਿ ਪੰਜੇ ਪੁਤਰ ਬੀਬੀ ਵੀਰੋ ਦੇ ਸੰਗੇ ਸ਼ਾਹ ਆਦਿ ਜੁਧ ਵਿਚ ਥੰਮ ਬਣ ਕੇ ਜਾ ਖਲੋਤੇ ਸੀ ਲਾਲ ਚੰਦ ਇਕ ਸ਼ਰਧਾਲੂ ਸਿਖ ਸੀ, ਅਤੇ ਬੀਬੀ ਵੀਰੋ ਦੇ ਪੁਤ੍ਰ ਮਾਹਰੀ ਚੰਦ ਕੇਹਰੀ ਸ਼ੇਰ ਵਾਂਗ ਜਾ ਡਟਿਆ, ਲਾਲ ਚੰਦ ਜੋ ਇਕ ਹਲਵਾਈ ਹੁੰਦਾ ਹੋਇਆ ਖੰਚਾ (ਖੁਰਚਣਾ) ਕੜਾਹੀ ਵਿਚ **ਫੇਰਨ ਵਾਲਾ ਹੀ ਲੈਕੇ** ਡਟ ਗਿਆ ਸੀ। ਦਯਾ ਰਾਮ ਨੇ ਦੇਵਤਿਆਂ ਦਾ ਹੀ ਰੂਪ ਧਾਰਨ ਕਰ ਲਿਆ

Digitized by Panjab Digital Library | www.panjabdigilib.org

ਸੀ। ਕ੍ਰਿਪਾਲ ਦਾਸ ਉਦਾਸੀ ਸਾਧੂ ਜਿਸ ਨੇ ਲੂਣ ਘੋਟਣਾਂ (ਜਾਂ ਸਰਦਾਈ) ਘੋਟਣ ਵਾਲਾ ਸੋਂਟਾ ਹੀ ਮੋਢੇ ਧਰ ਲਿਆ ਸੀ। ਅਤੇ ਬੜੇ ਕਰੂਰ ਹਿਆਤ ਖਾਨ ਦੇ ਸਿਰ ਤੇ ਐਉਂ ਜਾਕੇ ਮਾਰਿਆ ਕਿ ਉਸਦਾ ਸਿਰ ਦਹੀ ਦੇ ਤੌਲੇ ਵਾਂਗ ਭੰਨਕੇ ਠਿੱਕਰੀ-ਠਿੱਕਰੀ ਕਰ ਦਿਤਾ ਸੀ। ਕਹਿਣ ਦਾ ਭਾਵ ਕਿ ਚੰਦ ਸੇਵਾਦਾਰਾਂ ਨੇ ਬਿਨਾਂ ਹੀ ਕਿਸੇ ਤੀਰ-ਤੋਪ ਤੋਂ ਇਕ ਲਖ ਟਿਡੀ ਦਲ ਨੂੰ ਹਾੜ ਦੇ ਵਾ ਵਰੋਲੇ ਵਾਂਗ ਉੜਾ ਦਿਤਾ ਸੀ, ਕਿ ਇਹ ਗੁਰਦੇਵ ਦੀ ਕਰਾਮਾਤ ਨਹੀਂ ? ਕਿ **ਨਿਹਥੇ ਕੁਝ ਸੇਵਾਦਾਰ ਜਿਨਾਂ ਕਦੇ ਜੁਧ ਨਾ ਕੀਤਾ ਨਾਂ** ਕਰਨਾਂ ਸਿਖਿਆ ਸੀ ਸਸਤ੍ਰ ਧਾਰੀ ਜੋਧਿਆਂ ਨੂੰ ਜੋ ਉਹਨਾਂ ਦੀ ਤਾਦਾਦ ਤੋਂ ਸੌ ਗੁਣਾਂ ਵਧ ਸਨ ਨੂੰ ਮਾਰ ਭਜਾਇਆ ਸੀ, ਅਤੇ ਬਹੁਤੇ ਨੂੰ ਮਾਰ ਹੀ ਮੁਕਾਇਆ ਸੀ। ਜੇਹੜਾ ਹਰੀ ਚੰਦ ਆਪ ਨੂੰ ਬੜਾ ਜੰਗਜੂ ਗਿਣਦਾ ਸੀ, ਉਹੋ ਮਾਰੋ ਮਾਰ ਕਰਦਾ ਆਗਿਆ–

ਰਸੰ ਰੁੱਦ੍ਰ ਰਾਚੇ।
ਮਹਾ ਲੋਹ ਮਾਚੇ।
ਹਨੇ ਸਸਤ੍ਰ ਧਾਰੀ।
ਲਿਟੇ ਭੂਖ ਭਾਰੀ।੧੪।
ਤਬੈ ਜੀਤ ਮਲੰ।
ਹਰੀ ਚੰਦ ਭੱਲੰ।
ਹ੍ਰਿਦੇ ਐਚ ਮਾਰਿਉ।
ਸੋ ਖੇਤੰ ਉਤਾਰਿਉ ।੧੫।

ਅੰਤ ਵਿਚ ਲਿਖਦੇ ਹਨ–

ਹਰੀ ਚੰਦ ਮਾਰੇ।
ਸੁਜੋਧਾ ਲਤਾਰੇ।
ਸੁ ਕਾਰੋੜ ਰਾਯੰ।
ਵਹੈ ਕਾਲ ਘਾਯੰ ।੩੩।
ਰਣੰ ਤਿਆਗ ਭਾਗੇ।
ਸਬੈ ਤ੍ਰਾਸ ਪਾਗੈ।
ਭਾਈ ਜੀਤ ਮੇਰੀ।
ਕ੍ਰਿਪਾ ਕਾਲ ਕੇਰੀ ।੩੮। ਪੰ: ੬੨

ਕਿਵੇਂ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਰਾਮਾਤੀ ਨਹੀਂ ਸਨ ਕੀ ਚਿੜੀ ਤੋਂ ਬਾਜ ਤੁੜਾ ਦੇਣੇ **ਕੋਈ ਨਾਂ ਕਰਾਮਾਤੀ** ਸੰਕਾ ਹੈ ? ਨਹੀਂ ਸਗੋਂ ਕਰਾਮਾਤੀ ਮੁਜਸਮ ਕਿਹਾ ਜਾ ਸਕਦਾ ਹੈ।

(੨੩) ਰਾਇ ਨੰ: ੨–ਤੇ ਆਪ ਲਿਖਦੇ ਹਨ-ਜਿਹਾ ਕਿ ਪਿਛੇ ਦੱਸੀਆ ਗਿਆ ਹੈ (ਦੇਹਿ ਸ਼ਿਵਾ ਵਰਿ ਮੋਹਿ) ਵਾਲੇ ਸਵਯੇ ਦਾ ਸਹੀ ਅੰਕ ਨੰ: ੧੩੧ ਹੈ ਅਤੇ ਇਹੀ ਅੰਕ ਗਿ: ਲਾਲ ਸਿੰਘ ਜੀ ਵਲੋਂ ਸ੍ਰੀ ਦਸ਼ਮੇਸ਼ ਜੀ ਦੀ ਚੌਣਵੀ ਬਾਣੀ ਦੇ ਸੰਗ੍ਰਹਿ ਵਿਚ ਦਿਤਾ ਗਿਆ ਹੈ। ਛਾਪੇ ਦੇ (ਦਸਮ ਗ੍ਰੰਥ) ਵਿਚ ਵੀ ਇਹੁ ਅੰਕ ੨੩੧ ਵਾਂ ਹੀ ਹੈ, ਪ੍ਰੰਤੂ ਸਵਰਗੀ ਭਾ: ਰਣਧੀਰ ਸਿੰਘ (ਸ਼੍ਰੋ: ਕਮੇਟੀ) ਨੇ ਇਸ ਛੰਦ ਨੂੰ ਇਸ ਰਚਨਾ ਦਾ ਅੰਤਲਾ ਅੰਕ ਨੰ: ੩੩੩ **ਦੇ ਦਿਤਾ ਹੈ, ਜੋ ਕਤਅਨ ਗਲਤ, ਭੁਲੇਖਾ-ਪਾਉ ਅਤੇ** ਵਿਸ਼ਾ-ਵਸਤੂ ਦੀ ਤਰਤੀਬ ਦੇ ਉਲਟ ਹੈ।

ਇਸ ਸੰਬੰਧ ਵਿਚ ਸਾਡੇ ਵਲੋਂ ਬਾਰ-ਬਾਰ ਦੁਹਰਾਇਆ ਅਤੇ ਸਿੱਧ ਕੀਤਾ ਗਿਆ ਵੱਡਾ ਸੱਚ ਇਹ ਹੈ ਕਿ ਸ਼ਿਵਾ (ਚੰਡੀ) ਦੁਰਗਾ, ਭਗਉਤੀ, ਭਵਾਨੀ ਜਗ ਮਾਤਾ ਸੀਤਲਾ ਆਦਿ ਸਾਰੇ ਨਾਮ ਉਸ ਕਥਿਤ ਪਾਰਬਤੀ ਦੇ ਹੀ ਸਨ ਜੋ ਇਹਨਾਂ ਦੇ ਅਖੌਤੀ ਅਵਤਾਰਾਂ ਦੀ ਹੇਤੂ ਹੈ ਇਹ ਸਾਰੀਆਂ ਦੇਵੀਆਂ ਅਸਲ ਵਿਚ ਪਾਰਬਤੀ ਦਾ ਹੀ। ਸੋ ਚੰਡੀ ਚਰਿਤ੍ਰ (ਉਕਟਬਿਲਾਸ) ਦੇ ਸਾਰੇ ਪ੍ਰਸੰਗਾਂ ਦੇ ਤੱਥਾਂ ਤੇ ਵਿਸਾ-ਵਸਤੂ ਨੂੰ ਅਖੋਂ ਪ੍ਰੋਖੇ ਕਰਕੇ (ਦੇਹ ਸ਼ਿਵਾ ਬਰ ਮੋਹਿ) ਵਾਲੇ ਸਵੈਯੇ ਵਿਚ ਆਏ ਪਦ ਸ਼ਿਵਾ ਨੂੰ ਅਕਾਲ ਪੁਰਖ ਮੰਨ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਉਸ ਅਗੇ ਪ੍ਰਾਥਨਾ ਕਰਦੇ ਵਖਾਉਣਾ ਜਾਂ ਮੰਨਣਾ ਖੋਜ ਤੇ ਸਚਾਈ ਦੇ ਪੱਖੋ ਸੌ ਫੀ ਸਦੀ ਦਾ ਕੇਵਲ ਗਲਤ ਹੈ, ਬੇ ਬੁਨਿਆਦ ਤੇ ਤੁਹਮਤ ਭਰਪੂਰ ਹੀ ਹੈ ਸਗੋਂ ਇਕ ਅਕਾਲ ਪੁਜਾਰੀ ਸਤਗੁਰੂ ਜੀ ਅਤੇ ਉਹਨਾਂ ਦੇ ਨਾਨਕ ਨਿਰਮਲ ਤੇ ਨਿਆਰੇ ਪੰਥ ਨਾਲ ਵੱਡਾ ਧਰੋਹ ਤੇ ਧੱਕਾ ਵੀ। ਸਿਖ ਲਈ ਇਉਂ ਸੋਚਦਾ ਤੇ ਸਵੀਕਾਰਨਾ ਪਾਪ ਹੈ ਮੁਦੱਈ ਬਣ ਕੇ ਇਸ ਘੋਰ ਮਨਮਤ ਦੇ ਪ੍ਰਚਾਰ ਕਰਨ ਬਾਰੇ ਕੀ ਆਖੀਏ।

ਰਾਇ ਨੰ: ੨ ਦਾ ਉਤਰ–ਹਾਂ ਇਹ ਕੋਈ ਨਿਰਮੂਲ ਮਸਲਾ ਨਹੀਂ ਇਹ ਵੀ ਤੱਕਿਆ ਗਿਆ ਹੈ ਕਿ ਪਹਿਲੇ ਚਲੰਤ ਪ੍ਰਸੰਗ ਨੂੰ ਪੂਰਨਟਾ ਦੇਣ ਉਪ੍ਰੰਤ ਆਪਨੇ ਅਰਦਾਸ ਕੀਤੀ। ਜਿਸ ਦਾ ਬਿਵਰਣ ਅਗੇ ਚਲਕੇ ਦੇਖੋਗੇ **ਫੇਰ ਦੁਰਗਾ ਸਪਤਸਈ** ਦੇ ਅਨੁਸਾਰ, ਸੰਸਕ੍ਰਿਤ ਤੋਂ-**ਬ੍ਰਿਜ ਭਾਸ਼ਾ ਵਿਚ ਉਸਦਾ ਅਨਵਾਦ ਕੀਤਾ** ਭਾ: (**ਉਸਦੀ ਸਟੇਟ** ਕਾਪੀ) ਕੀਤੀ। ਜਿਸ ਵਿਚ ਮਹਾਨ ਪ੍ਰਮ ਸਤਗੁਰੂ ਦਾ ਨਿਜ

Digitized by Panjab Digital Library | www.panjabdigilib.org

ਭਾਵ ਨ ਹੀ ਨਾ ਹੀ ਨਿਜੀ ਭਾਵਨਾਂ ਦੀ ਅੰਸ ਹੀ ਹੈ;ਸਗੋਂ ਪ੍ਰਮੱਤ ਅਨਵਾਦ ਹੈ। ਜਿਸਨੂੰ ਕਰਤਾ ਦੇ ਨਾਮ ਨਾਲ ਜੁਟਾ ਦੇਣਾ ਪ੍ਰਮਾਦ ਹੈ, ਆਪ ਦਾ ਨਿਜ ਭਾਵ ਕੇਵਲ ਤੇ ਕੇਵਲ (ਦੇਹ ਸ਼ਿਵਾ ਵਰ) ਦੇ ਸੂਜੇ ਤਕ ਹੀ ਮਹਦੂਦ ਹੈ। ਜਿਥੋਂ ਤਕ ਸ੍ਰੀ ਮਾਨ ਬ੍ਰਹਮ ਵੇਤਾ ਮਹਾਨ ਹਸਤੀ (ਭਾ: ਰਣਧੀਰ ਸਿੰਘ) ਜੀ ਦੇ ਅੰਕ ਬਦਲੀ ਦਾ ਸਵਾਲ ਹੈ, ਇਹ ਉਸਨੇ ਕੋਈ ਇਕ ਅੱਖਰ ਵੀ ਘੱਟ ਵਧ ਨਹੀਂ ਕੀਤਾ।ਮਹਜ-ਇਕ ਅੰਕ ਹੇਠਉਤੇ-ਹੈ, ਹੋਸਕਦਾਹੈਸੰਤ ਰਣਧੀਰ ਸਿੰਘਜੀ ਪਾਸ-ਕੋਈ ਪਹਿਲੀ ਲਿਖਤ ਦੀਸੈਂਚੀ,ਜਾ ਬੀੜ ਹੋਵੇ,ਜਾਂ ਕਮੇਟੀ ਵਲੋਂ ਤ੍ਰੀਤਵ ਦੇਣ ਵੇਲੇ ਕੀਤਾ ਗਿਆਹੋਵੇ,ਪਰ ਵਿਚਾਰਨ ਵਾਲੀ ਅਸਲੀਅਤ ਤਾਂ ਇਹ ਹੈ ਕਿ ਜੇ ਕੋਈ ਪ੍ਰੈਸ ਦੀ ਗਲਤੀ ਹੋ ਜਾਇ ਤਾਂ ਬਦਲ ਨਹੀਂ ਜਾਇਆ ਕਰਦਾ, ਨਾਂ ਹੀ ਗ੍ਰੰਥ ਦੀ ਮਾਨ ਮਰਿਆਦਾ ਘਟ-ਵਧਹੋਜਾਇਆ ਕਰਦ ਹੈ, ਫੇਰ ਇਸ ਵਾ ਵੇਲੇ ਦੇ ਕੀ ਅਰਥ ਹਨ ? ਦਸਮ-ਗ੍ਰੰਥ ਸਾ: ਦੀ ਬਾਣੀ ਸ਼ੱਕੀ ਕਿਉਂ ?

ਇਸੇ ਪੰਨੇ ਤੇ ਹੇਠਾਂ ਲੇਖ ਹੈ-ਕਿ ਇਸ ਸਬੰਧ ਵਿਚ ਸਾਡੇ ਵਲੋਂ ਬਾਰ-ਬਾਰ ਦੁਹਰਾਇਆ ਅਤੇ ਸਿੱਧ ਕੀਤਾ ਗਿਆ ਵੱਡਾ ਸੱਚ ਇਹ ਹੈ ਕਿ ਸਿਵਾ ਚੰਡਿ, ਚੰਡਕਾ (ਚੰਡੀ) ਦੁਰਗਾ, ਭਗਉਤੀ, ਭਵਾਨੀ, ਜਗ ਮਾਤਾ, ਸੀਤਲਾ, ਆਦਿ ਸਾਰੇ ਨਾਮ ਉਸੇ ਕਥਤ ਪਾਰਬਤੀ ਦੇ ਹੀ ਹਨ, ਜੋ ਇਹਨਾਂ ਦੇ, ਅਖੌਤੀ ਅਵਤਾਰਾਂ ਦੀ ਹੇਤੂ ਹੈ। ਅਗੇ ਹੋਰ ਵੀ ਉਹੀ ਪਹਿਲੀ ਰਟ-ਤਟੀ ਹੋਈ ਮੁਹਾਰਨੀ ਹੈ-ਜਿਸ ਬਾਰੇ ਇਤਨਾਂ ਹੀ ਕਹ ਦੇਣਾ ਕਾਫੀ ਹੋਵੇਗਾ ਕੁ ਝੂਠੇ ਸਜਨ ਨੂੰ ਆਪਣਾ ਝੂਠ ਨੂੰ ਸੱਚ ਯੋਜਤ ਕਰਨ ਲਈ ਬਾਰ ਬਾਰ ਆਪਣਾ ਝੂਠ ਦੁਹਰਾਉਣਾ ਪੈਂਦਾ ਹੈ, ਅਤੇ ਝੂਠ ਨੂੰ ਸੱਚ ਸਾਬਤ ਕਰਨ ਲਈ ਧਰਮ ਇਮਾਨ ਵੀ ਚੁਕਿਆ ਜਾਂਦਾ ਹੈ,ਕਸਮਾਂ ਵੀ ਖਾਣੀਆਂ ਪੀਣੀਆਂ ਪੈਦੀਆਂ ਨੇ ਪਰ ਹਿੰਡ ਨੂੰ ਹਥੋਂ ਨਹੀਂ ਕਿਰਨ ਦਿੰਦਾ ਜੋ ਉਕੀ ਹੀ ਮਿਥਿਆ ਬਹਿਸ ਹੈ।

ਕਿਉਂਕਿ ਇਹਨਾਂ ਲੇਖਕਾਂ ਨੂੰ ਤਾਂ ਉਟੰਗਣ ਕਰਨ ਦਾ ਹੀ ਚਾਉ ਹੈ-ਪੋਸਟਕ ਪਦਾਰਥ ਨੂੰ ਤਾਂ ਛੂਹਣਾ ਹੀ ਨਹੀਂ ਜਿਸ ਨੇ ਢਿਡ ਦੀ ਲਗੀ ਭੁਖ ਦੀ ਅੱਗ ਨੂੰ ਬੁਝਾਉਣਾ ਹੁੰਦਾ ਹੈ। ਸੰ: ੧੯੪੭ ਤੇ ਪਹਿਲਾਂ ਹਿੰਦੋਸਤਾਨ ਵਿਚ ਬ੍ਰਿਟਸ਼-ਅੰਗਰੇਜ ਦਾ ਰਾਜ ਸੀ, ਜਦ ਕਿ ਇੰਡੀਆ ਵਿਚ ਗਰੇਜੂਏਟ ਜਾਂ ਮਿਡਲ, ਮੈਟਰਕ ਮਸਾਲ ਜਗਾਕੇ ਹੀ ਲੱਭਣਾ ਪੈਂਦਾ ਸੀ ਉਂਜ ਵੀ ਗੋਰਾ ਬੜਾ ਸਿਆਣਾ ਸੀ ਉਹ ਕਿਸੇ ਕਾਲੇ ਵਿਅਕਤੀ ਨੂੰ ਕੋਈ ਪ੍ਰਭਾਵਸ਼ਾਲੀ ਪਦਵੀ ਨਹੀਂ ਸੀ ਦਿੰਦਾ, ਸਾਰੇ ਮਹਕਮੇ ਆਪਣੇ ਹੱਥ ਰਖਦਾ ਸੀ ਕਿਸੇ ਮਹਿਕਮਾਨਾ ਕਾਰਗੁਜ਼ਾਰੀ ਲਈ ਇਕ ਅੰਗਰੇਜ ਨੂੰ ਕਿਸੇ ਪਿੰਡ ਵਿਚ ਜਾਣਾ ਪੈ ਗਿਆ। ਪੇਡੂਆਂ ਲਈ ਅੰਗਰੇਜ ਇਕ ਨਵੀਂ ਵਸਤੂ ਸੀ-ਜਿਸ ਨੂੰ ਤੱਕਣ ਲਈ ਆਲਾ ਦੁਆਲਾ ਇਕਤ੍ਰ ਹੋ ਜਾਣਾ, ਸਭਾਵਕ ਹੀ ਸੀ,ਖਾਣੇ ਦਾ ਵੇਲਾ ਹੋ ਗਿਆ। ਪਰ ਉਹਨਾਂ ਸਮਿਆਂ ਵਿਚ, ਆਂਡਾ ਕੇਕ, ਬਿਸਕੁਟ, ਖਤਾਈਆਂ ਆਦਿ ਦਾ ਪਿੰਡਾਂ ਵਿਚ ਨਾਂ ਰਵਾਜ ਹੀ ਸੀ ਨਾ ਮੁਹੀਆ ਕਰਨ ਦਾ ਕੋਈ ਪ੍ਰਬੰਧ ਹੁੰਦਾ ਸੀ, ਘਰਾਂ ਵਿਚ ਲਬੇਰੇ ਦੁਧ ਦਿੰਦੇ ਸਨ। ਲਸੀ ਦੇ ਤੌਲੇ ਭਰੇ ਹੁੰਦੇ ਸੀ ਚਾਇ ਦੀ ਕੋਈ ਵੁਕਤ ਨਹੀਂ ਸੀ ਹੁੰਦੀ, ਮਖਣ ਆਮ ਘਰਾਂ ਵਿਚ ਵਰਤਿਆ ਜਾਂਦਾ ਸੀ। ਸਰਦੀ ਦੇ ਦਿਨਾਂ ਵਿਚ ਸਰੋਂ ਦੇ ਸਾਗ ਤੇ ਬਸੰਤੀ ਰੋਟੀ ਹਰ ਘਰ ਵਿਚ ਵਰਤੀ ਜਾਂਦੀ ਸੀ। ਪਿੰਡ ਵਾਲੇ ਆਏ ਪਰਾਹੁਣੇ ਨੂੰ ਖਾਣ ਲਈ ਬਸੰਤੀ ਰੋਟੀ ਤੇ ਸਾਗ ਵਿਚ ਮਖਣ ਦਾ ਪੇੜਾ ਰਖਕੇ ਸਾਹਿਬ ਨੂੰ ਬੜੇ ਪ੍ਰੇਮ ਨਾਲ ਖਾਣ ਲਈ ਜਾ ਦਿਤਾ, ਤਾਂ ਸਾਹਿਬ ਨੇ ਮੱਖਣ ਤੇ ਸਾਗ ਤਾਂ ਛਕ ਲਿਆ ਜੋ ਭੁਖ ਦੂਰ ਕਰਨ ਲਈ ਸਮਰਥ ਸੀ ਮਕੀ ਦੀ ਰੋਟੀ ਉਹ ਪਲਾਸਟਕ ਦੀ ਪਲੇਟ ਸਮਝ ਕੇ ਠਾਹਾਂ ਸੁਟ ਦਿਤੀ। ਕਿਉਂਕਿ ਉਸਨੂੰ ਅਸਲ ਵਸਤੂ ਦੀ ਜਾਣਕਾਰੀ ਨਹੀਂ ਸੀ ਇਹੋ ਹਸ਼ਰ ਇਸ ਲੇਖਕ ਦਾ ਹੈ ਇਸ ਲਈ ਹੁਣ ਦੁਹਰਾਉਣਾ ਉਚਿਤ ਨਹੀ ਉਪ੍ਰੋਕਤ ਉਤਰ ਲਈ ਦਸਮ ਗ੍ਰੰਥ ਸਾਹਿਬ ਦੇ ਨਿਰਨੇ ਦੇ ਨਿਰਨੇ ਵਿਚ ਦੇਖਿਆ ਜਾ ਸਕਦਾ ਹੈ। ਪੰ: ੧੨੦-੨੧। ਉਂਜ ਸ੍ਰੀ ਦਸਮੇਸ਼ ਸਤਿਗੁਰੂ ਦੀ ਦੇਵੀ ਦਾ ਸਵਰੂਪ ਆਹ ਹੈ।

ਤੁਹੀ ਅਸਤ੍ਰਣੀ ਸਸਤ੍ਰਣੀ ਆਪ ਰੂਪਾ।
ਤੁਹੀ ਅੰਬਕਾ ਜੰਬਕਾ ਹੰਤੀ ਅਨੂਪਾ।
ਤੁਹੀ ਅੰਬਕਾ ਸੀਤਲਾ ਤੋਤਲਾ ਹੈ।
ਪ੍ਰਿਥਵੀ ਭੂਮ ਅਕਾਸ਼ ਤੈ ਹੀ ਕੀਆ ਹੈ।
ਪੰ: ੪੨੧।

ਭਾਵ-ਹੇ ਅਕਾਲ ਪੁਰਖ ਤੂੰਹੀ ਅਸਤ੍ ਸ਼ਸਤ੍ ਚਲਾਉਣ ਵਾਲਾ ਆਪਣਾ ਆਪ ਰੂਪ ਹੈਂ ਅਤੇ ਤੂੰਹੀ ਅੰਬਕਾ ਸੀਤਲਾ ਤੋਤਲਾ ਆਦਿ ਅਨੇਕ ਰੂਪ ਹੈਂ। ਪ੍ਰਿਥਵੀ ਅਕਾਸ਼ ਆਦਿ ਤੈਂ ਹੀ ਰਚੇ ਹਨ, ਜਿਵੇਂ ਕਿ

Digitized by Panjab Digital Library | www.panjabdigilib.org

ਸ੍ਰੀ ਜਾਪ ਸਾਹਿਬ ਵਿਚ ਵੀ ਦੇਖ ਸਕਦੇ ਹੋ।

ਨਮੋ ਸੂਰਜ ਸੂਰਜੇ ਨਮੋ ਚੰਦ੍ ਚੰਦ੍ਰੇ।
ਨਮੋ ਰਾਜ ਰਾਜੇ ਨਮੋ ਇੰਦ੍ ਇੰਦ੍ਰੇ।
ਭਾ: ਹੇ ਪ੍ਰਮ ਜੋਤਿ ਤੂੰਹੀਂ ਸੂਰਜਾਂ ਦਾ ਸੂਰਜ ਹੈ ਤੂੰਹੀਂ ਚੰਦ੍ਰਵਾਂ ਦੇ ਸਿਰ ਚੰਦ੍ਰਵਾਂ ਹੈਂ।

ਜਿਵੇਂ ਉਹਨਾਂ ਦਾ ਪ੍ਰਮ ਤੱਤ ਵੀ ਤੂੰ ਹੈਂ ਫੇਰ ਅਤਤ੍ ਸ੍ਵਰੂਪ ਵੀ ਤੂੰ ਆਪ ਹੀ ਹੈਂ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਇਸਦੀ ਐਉਂ ਪੁਸ਼ਟੀ ਕਰਦੇ ਹਨ।

ਬੇਦ ਪੁਰਾਨ ਸਿਮ੍ਰਿਤਿ ਮਹਿ ਦੇਖੁ।
ਸਸੀਅਰ ਸੂਰ ਨਖਤ੍ ਮਹਿ ਏਕ।
[ਸੁਖਮਨੀ ਸਾਹਿਬ
ਜਹ ਦੇਖਾ ਤਹ ਰਵਿ ਰਹੇ
ਸਕਤੀ ਕਾ ਮੇਲ।
ਪੰ: ੨੧ ।ਮ: ੧।

ਜੋ ਸ਼ਿਵਾਂ ਦੀ ਸ਼ਕਤੀ ਸ਼ਇਸ ਬਚਿਤਰ ਨਾਟਕ ਜਗ ਤਮਾਸ਼ੇ ਦੇ ਖੇਲ ਨੂੰ ਬਣਾ ਕੇ ਫੇਰ ਚਲਾ ਰਹੀ ਹੈ, ਉਹ ਹੈ ਸ਼ਿਵ ਪਤੀ ਤੇ ਸ਼ਕਤੀ ਪਤਨੀ ਜਿਸ ਨੂੰ ਦੂਜੇ ਸ਼ਬਦਾਂ ਵਿਚ ਅਸੀਂ ਕਹਾਂਗੇ ਸ਼ਿਵ ਪਿਤਾ ਤੇ ਸ਼ਕਤੀ ਮਾਤਾ ਕੁਦਰਤ ਰਾਣੀ, ਜਿਨ੍ਹਾਂ ਦੇ ਪ੍ਰਮੇਲ ਤੋਂ ਹੀ ਇਹ ਰਚਨਾਂ ਦਾ ਵਜੂਦ ਬਣਦਾ ਹੈ।

ਕੀਆ ਖੇਲੁ ਬਡ ਮੇਲੁ ਤਮਾਸਾ
ਵਾਹਿਗੁਰੂ ਤੇਰੀ ਸਭ ਰਚਨਾ।
ਪੰ: ੧੪੦੩।

(੨੪) ਭਰਪੂਰ ਉਟੰਕਣ ਪੰ: ੩੨-੩੩

ਨੰ: ੨ ਦੇ ਨੀਚੇ ਯਾਤੇ ਪ੍ਰਸ਼ਨ ਭਏ ਹੈ ਮਹਾ ਮੁਨ, ਸ੍ਵਯਾ ੫੪ਵਾਂ ਦਿਤਾ ਹੈ, ਜਿਸਦਾ ਸਮਾਧਾਨ ਪਾਠਕ ਪਿਛੇ ਪੜ੍ਹ ਚੁਕੇ ਹਨ। ਪੰ: ੩੪ ਅੰਕ ੩ ਦੇ ਨੀਚੇ ਲੇਖ ਹੈ, ਕਿ ਦੇਵਤਿਆਂ ਦੇ ਰਾਜੇ 'ਇੰਦ੍' ਦੇ ਭੋਗ ਬਿਲਾਸ ਵਾਲੇ ਜੀਵਨ ਦਾ ਜ਼ਿਕਰ ਅਸੀਂ ਪਿਛੇ ਕਰ ਆਏ ਹਾਂ ਹੈਰਾਨੀ ਹੈ ਕਿ ਜਗਤ ਦੀ ਮਾਤਾ 'ਭਵਾਨੀ' (ਚੰਡੀ) ਦੈਂਤਾਂ ਨੂੰ ਮਾਰ ਕੇ ਧਰਮ ਧੁਜਾ ਬੁਲੰਦ ਕਰਨ ਵਾਲੀ ਅਤੇ ਆਪਣੇ ਭਗਤਾਂ ਦੀ ਵਰਦਾਤੀ ਪਾਰਬਤੀ ਦੇਵੀ ਸਦਾ ਰਾਜੇ ਇੰਦਰ ਤੇ ਦੇਵਤਿਆਂ ਨੂੰ ਕਾਹਦੇ ਲਈ ਬਾਰ ਬਾਰ ਖੁਸਿਆ ਸੁਰਗ ਵਾਪਸ ਦਿਵਾਉਂਦੀ ਰਹੀ ?

ਇਸ ਤੋਂ ਅਗੇ ਭ ਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ ਦੀ ਕੁਟੇਸ਼ਨ ਦਿਤੀ ਹੈ, ਜਿਸ ਨਾਲ ਇਸ ਸਾਡੇ ਚਲ ਰਹੇ ਵਿਵਾਦ ਦਾ ਕੋਈ ਵੀ ਤੁਅੱਲਕ ਨਹੀਂ ਹੈ। ਕਿਉਂਕਿ ਨਾ ਗੁਰਦੇਵ ਨੇ ਦੇਵੀ ਪੂਜੀ ਨਾ ਦੇਵੀ ਪੂਜਨ ਦਾ ਸ੍ਰੀ ਦਸਮ ਗ੍ਰੰਥ ਕਿਤੇ ਉਦੇਸ਼ ਦਿੰਦਾ ਹੈ, ਫੇਰ ਜਾਕਾਂ ਰਗੜਾਈ ਦਾ ਕੀ ਲਾਭ ? ਪੰ: ੩੫ ਨੋਟ ਤੋਂ ਨੀਚੇ ਲੇਖ ਹੈ, ਕਿ ਇਸ ਚਲੇ ਹੋਏ ਦੇਵੀ ਦੇ ਪ੍ਰਸੰਗ ਵਿਚ ਮੁਨਾਸਬ ਮਲੂਮ ਹੁੰਦਾ ਹੈ ਕਿ ਅਸੀਂ ਆਪਣੇ ਭਾਈਆਂ ਨਾਲ ਦੋ ਗੱਲਾਂ ਦੇਵੀ ਬਾਬਤ ਕਰੀਏ। ਗੱਲਾਂ ਇਹ ਹਨ- ਪਿਆਰੇ ਗੁਰ ਨਾਨਕ ਪੰਥੀਓ, ਸਭ ਤੋਂ ਪਹਿਲਾਂ ਆਪ ਇਹ ਵੀਚਾਰੋ ਕਿ ਦੇਵੀ ਕੌਣ ਹੋਈ ? ਅਤੇ ਉਸਨੇ ਸੰਸਾਰ ਦਾ ਕੀ ਉਪਕਾਰ ਕੀਤਾ ? ਪੁਰਾਣਾਂ ਤੋਂ ਪਤਾ ਲਗਦਾ ਹੈ ਕਿ ਉਹ ਹਿਮਾਲਯ ਦੀ ਬੇਟੀ ਸੀ, ਇਸ ਵਾਸਤੇ ਉਸ ਦਾ ਨਾਮ ਪਾਰਬਤੀ, ਗਿਰਜਾ, ਭਵਾਨੀ ਆਦਿ ਹਨ। ਉਸ ਨ ਦੇਵਤਿਆਂ ਦੀ ਹਿਮਾਯਤ ਵਿਚ ਦੈਂਤਾਂ ਨਾਲ ਜੁੱਧ ਕੀਤਾ ਅਤੇ ਇੰਦਰ ਨੂੰ ਕਈ ਵੇਰ ਰਾਜ ਗੱਦੀ ਮੋੜ ਦਿਤੀ ਅਤੇ ਇੰਦਰ ਉਹ ਦੇਵਤਾ ਹੈ ਜੋ ਸਾਰਾ ਦਿਨ ਅਪਸ਼ਰਾਂ ਦਾ ਨਾਚ ਔਰ ਤਮਾਸ਼ਾ ਦੇਖਦਾ ਹੋਇਆ ਐਸ਼ ਆਰਾਮ ਨਾਲ ਸਮਾਂ ਬਿਤਾਉਂਦਾ ਹੈ, ਔਰ ਪੁਰਾਣਾਂ ਤੋਂ ਪਤਾ ਲਗਦਾ ਹੈ ਕਿ ਕੋਈ ਰਿਸ਼ੀ ਐਸਾ ਨਹੀਂ ਜਿਸਦੇ ਭਜਨ ਅਤੇ ਤੱਪ ਵਿਚ ਵਿਘਨ ਪਾਉਣ ਵਾਸਤੇ ਇੰਦਰ ਨੇ ਲੁਚੀਆਂ ਤੀਵੀਆਂ ਨਾ ਭੇਜੀਆਂ ਹੋਣ, ਔਰ ਉਹ ਖੁਦ ਰਿਸ਼ੀਆਂ ਦੀਆਂ ਇਸਤ੍ਰੀਆਂ ਨਾਲ ਵਿਭਚਾਰ ਕਰਦਾ ਰਿਹਾ ਹੈ, ਜਿਹਾ ਕਿ ਅਹੱਲਿਆ ਗੌਤਮ ਰਿਖੀ ਦੀ ਪਤਨੀ ਦੀ ਕਥਾ ਹੈ। ਐਸੇ ਵਿਭਚਾਰੀ ਅਤੇ ਕੁਕਰਮੀ ਦੀ ਸਹਾਇਤਾ ਕਰਕੇ ਦੇਵੀ ਨੇ ਜਗਤ ਨੂੰ ਕੀ ਸੁਖ ਦਿੱਤਾ ? ਇੰਦਰ ਨੇ ਰਾਜ ਲੈ ਕੇ ਸੰਸਾਰ ਦਾ ਕਿਹੜਾ ਸੁਧਾਰ ਕੀਤਾ ?

...ਕਈ ਮੱਤਕੀ ਇਹ ਆਖਦੇ ਹਨ ਕਿ ਅਸੀਂ ਹਿਮਾਲਯ ਦੀ ਬੇਟੀ ਅਥਵਾ 'ਅਸ਼ਟ ਭੁਜੀ' ਆਦਿਕ ਸਰੂਪ ਵਾਲੀ ਦੇਵੀ ਨੂੰ ਨਹੀਂ ਪੂਜਦੇ, ਅਸੀਂ ਤਾਂ ਅਕਾਲ ਪੁਰਖ ਦੀ ਜੋ ਸ਼ਕਤੀ ਹੈ, ਉਸ ਨੂੰ ਮੰਨਦੇ ਹਾਂ। ਉਹਨਾਂ ਪ੍ਰਤੀ ਅਸੀਂ ਇਹ ਪ੍ਰਸ਼ਨ ਕਰਦੇ ਹਾਂ ਕਿ ਅਕਾਲ ਪੁਰਖ ਦੀ ਸ਼ਕਤੀ ਉਸ ਤੋਂ ਭਿੰਨ ਹੈ ਜਾਂ ਅਭਿੰਨ ? ਜਾਂ ਜੜ੍ਹ ਚੈਤਨ ਔਰ ਅਨਿਤ ਹੈ ਵਾ ਨਿਤ ? ਜੇ ਨਿਤ ਤੁਸੀਂ ਮੰਨਦੇ ਹੋ ਅਰ ਉਸਨੂੰ ਤੁਸੀਂ ਪੂਜਦੇ ਹੋ ਤਾਂ

Digitized by Panjab Digital Library | www.panjabdigilib.org

ਨਿਸ਼ਚਯ ਕਰੋ ਕਿ ਗੁਰੂ ਸਾਹਿਬ ਨੇ ਜੋ 'ਓਅੰਕਾਰ' ਦੇ ਆਦਿ ਵਿਚ ਏਕਾ ਲਾਇਆ ਹੈ ਤੁਸੀਂ ਉਸ ਉਪਰ ਹੜਤਾਲ ਦੇ ਫਿਕਰ ਵਿਚ ਹੋ, ਔਰ ਸਿੱਖੀ ਤੋਂ ਪਤਿਤ ਹੋ, ਔਰ ਜੋ ਦੇਵੀ ਅਕਾਲ ਪੁਰਖ ਤੋਂ ਭਿੰਨ ਨਹੀਂ,ਕੇਵਲ ਉਸ ਦੀ ਸ਼ਕਤੀ ਮਾਤ੍ਰ ਦਾ ਨਾਉਂ ਹੈ ਤਾਂ ਉਸਦਾ ਦੇਵੀ ਨਾਮ ਲੈਕੇ ਭਿੰਨ ਪੂਜਣਾ ਭੀ ਮਹਾਂ ਅਗਿਆਨ ਤੇ ਮੂਰਖਤਾ ਹੈ। ਜੇ ਦੇਵੀ ਕੋਈ ਜੜ ਅਰ ਅਨਿੱਤ ਪਦਾਰਥ ਹੈ ਤਾਂ ਵੀ ਉਸਦੀ ਪੂਜਾ ਸਿੱਖ ਧਰਮ ਵਿਚ ਯੋਗ ਸਿੱਧ ਨਹੀਂ ਹੋ ਸਕਦੀ। ਹਵਾਲਾ ਦਿਤਾ ਹੈ-ਗੁਰਮੱਤ ਮਾਰਤੰਡ।

ਪੰ: ੫੯੭-੫੯੮।

ਸਿੱਟਾ—ਕਢਦੇ ਲਿਖਦੇ ਹਨ ਕਿ ਸਿਆਣਿਆਂ ਦਾ ਕਥਨ ਹੈ-ਕਿ ਪਾਉ ਭਰ ਲੂਣ ਵਿਚ ਇਕ ਅੱਧ ਛਟਾਂਕ ਆਟਾ ਮਿਲਾ ਲਈਏ, ਤਾਂ ਲੂਣ ਦਾ ਪਿੰਨਾ ਬਣ ਜਾਂਦਾ ਹੈ ਪਰ ਨਿਰੇ ਲੂਣ ਦਾ ਪਿੰਨਾ ਨਹੀਂ ਬਣ ਸਕਦਾ। ਇਹ ਸੱਚ ਇਹਨਾਂ ਮਹਾਂ ਕਾਲ ਦੇ ਦੇਵੀ-ਪੂਜਕ ਸ਼ਾਕਤ ਕਵੀਆਂ ਦੀਆਂ ਇਹਨਾਂ ਰਚਨਾਵਾਂ ਉਤੇ ਲਾਗੂ ਹੁੰਦਾ ਹੈ, ਜੋ ਨਿਰੇ ਝੂਠੇ ਤੇ ਕਾਲਪਨਿਕ ਕਹਾਣੀਆਂ ਦੇ ਪਲੰਦੇ ਹਨ, ਇਹ ਸ਼ਾਮ (ਸਿਆਮ) ਆਦਿ ਤਾਂਤ੍ਰਿਕ ਤੇ ਸਾਕਤ ਮਾਸ ਮਦਰਾ ਤੇ ਮੈਥੂਨ ਦੇ ਹਾਮੀ) ਕਵੀ ਚੰਡੀ ਚਰਿਤ੍ਰ ਤੇ 'ਪਾਖਿਯਾਨ' ਆਦਿ ਰਚਨਾਵਾਂ ਉਪਰ ੧ਓ ਵਾਹਿਗੁਰੂ ਜੀ ਕੀ ਫਤਹ ਆਦਿ ਮੰਗਲਾ ਚਰਨ ਦੀ ਵਰਤੋਂ ਕਰਨ ਦੀ ਵੀ ਚੁਸਤੀ ਕਰਦੇ ਹਨ ਤਾਂ ਜੋ ਮਾਸੂਮ ਸਿੱਖ ਇਹਨਾਂ ਰਚਨਾਂ ਨੂੰ ਗੁਰੂ ਕ੍ਰਿਤ-ਮੰਨਕੇ ਉਹਨਾਂ ਦੇ ਵੀਚਾਰਾਂ ਦੇ ਕਾਇਲ ਅਥਵਾ ਦੇਵੀ ਭਗਤ ਤੇ ਸਾਕਤ ਹੋ ਜਾਣ।

ਇਸ ਤੋਂ ਅਗੇ ਕਈ ਆਪਣੇ ਹਮ ਖਿਆਲ ਸਾਥੀਆਂ ਦੇ ਹਵਾਲੇ ਦਿਤੇ ਹਨ, ਸ੍ਰੀ ਦਸਮ ਗ੍ਰੰਥ ਸਾਹਿਬ ਨੂੰ ਲੂਣ ਦੀ ਮਸਾਲ ਦੇਕੇ ਪੁਰਸਤੁਤ ਕੀਤਾ ਹੈ ਕਿ ਪਾਉ ਲੂਣ ਵਿਚ ਅਧੀ ਛਟਾਂਕ ਭਾਵ ਅਠਵਾਂ ਹਿਸਾ ਵੀ ਸ੍ਰੀ ਦਸਮੇਸ਼ ਬਾਣੀ ਨਹੀਂ ਇਥੋਂ ਤਕ ਇਸ ਨੂੰ ਸਮੂਹਕ ਹੀ ਕੂੜ ਦੇ ਪਲੰਦੇ ਦੀ ਤੁਲਣਾ ਦਿਤੀ ਹੈ ਉਹ ਕੇਹੜਾ ਮਾਨ ਹਾਨੀ ਜਨਕ ਸ਼ਬਦ ਹੈ ਜੋ ਦਸਮ ਗ੍ਰੰਥ ਸਾਹਿਬ ਅਤੇ ਇਸ ਦੇ ਰਚੇਤਾ ਦੀ ਸ਼ਾਨ ਤੋਂ ਉਲਟ ਨਹੀਂ ਲਿਖਿਆ ਗਿਆ, ਉਹ ਕੇਹੜੀ ਉਧਾਹਰਨ ਹੈ, ਜੋ ਅਨ ਸਬੰਧਤ ਨਹੀਂ ਵਰਭੀ, ਜਿਸ ਦਾ ਚਲਦੇ ਪ੍ਰਕਰਣ ਨਾਲ ਦੂਰ ਦਾ ਵਾਸਤਾ ਵੀ ਨਹੀਂ। ਜਿਵੇਂ ਗੁਰੂ ਨਾਨਕ ਮਿਸ਼ਨ ਪਟਿਆਲਾ ਦੇ ੧੩ਪਵੇਂ ਟ੍ਰੈਕਟ ਸਿਖ ਦਾ ਨਿਆਰਾ ਪਨ, ਜਦ ਕਿ ਸ੍ਰੀ ਦਸਮ ਗ੍ਰੰਥ ਸਾ: ਬਾਰੇ ਪਾਠਕ ਸੁਜਾਨ ਨੰ: ੧੫ ਭੁਲੇਖਾ ਪੜ ਹੀ ਚੁਕੇ ਹੋ। ਬ੍ਰਹਮਾ ਬਿਸ਼ਨ ਮਹੇਸ ਨ ਕੋਈ ਜਾਂ ਭੰਡਹੁ ਹੀ ਭੰਡ ਉਪਜੈ ਆਦਿ ਅਥਵਾ ਨਾਨਕ ਭੰਡੈ ਬਾਹਰਾ ਦਾ ਇਥੇ ਕੋਈ ਸੰਕਲਪ ਹੀ ਨਹੀਂ।

(ਏ) ਦੇ ਅਗੇ ਲਿਖਿਆ ਹੈ ਕਿ ਗੁਰਮਤਿ ਵਿਚ ਨਿਰੰਕਾਰ ਤੋਂ ਬਿਨਾਂ ਵੱਖਰਾ ਕੋਈ ਬ੍ਰਹਮਾ ਵਿਸ਼ਨੂੰ ਜਾ ਸ਼ਿਵ ਹੀ ਨਹੀਂ ਹੈ-ਪਾਠਕ ਜਨ ਤਕਣ ਕਿ ਜੇ ਕੋਈ ਬ੍ਰਹਮਾ ਵਿਸ਼ਨ ਜਾਂ ਸ਼ਿਵ ਹੈ ਹੀ ਨਹੀਂ ਤਾਂ ਸ੍ਰੀ ਗ੍ਰੰਥ ਸਾਹਿਬ ਦੇ ਵਿਚ ਇਹਨਾਂ ਦੇਵਤਿਆਂ ਦਾ ਥਾਂ ਥਾਂ ਹਰ ਸਫੇ ਤੇ ਨਾਉਂ ਕਿਉਂ ਵਰਤਿਆ ਗਿਆ ਹੈ। ਅਗੇ ਬੁਤ ਪੂਜਾ ਦੇ ਪ੍ਰਮਾਣ ਦਿਤੇ ਹਨ ਕਿ ਸ੍ਰੀ ਦਸਮ ਗ੍ਰੰਥ ਸਾ: ਬੁਤ ਪੂਜਾ ਨੂੰ ਖੰਡਨ ਹੀ ਨਹੀਂ ਕਰਦਾ ਸਗੋਂ ਆੜੇ ਹੱਥੀਂ ਲੈਂਦਾ ਹੈ ਦੇਖੋ ਜੀਵਨ ਸੁਮਾਰਗ ਭਾਗ ੭ ਸ੍ਰੀ ਦਸਮ ਗ੍ਰੰਥ ਸਾ: ਦੇ ਨਿਰਣੇ ਦਾ ਨਿਰਣਾ ਪੰ: ੨੩੮-ਚਰਿਤ੍ਰ ੨੬੬ ਰਨਖੰਭ ਕਲਾ ਪੰ: ੨੩੮। ਦਸਮ ਗ੍ਰੰਥ ਪੰ: ੧੧੬੬। ਦੇਖੋ ਜਰਾ ਵੰਨਗੀ ਮਾਤ੍ਰ—

ਮਾਟੀ ਕੇ ਸਿਵ ਬਨਾਏ ਪੂਜਿਕੈ ਬਹਾਇ
ਆਏ ਆਇਕੈ ਬਨਾਇ ਫੇਰਿ ਮਾਟੀਕੇ
ਸੁਧਾਰਿਕੈ ਤਾਕੇ ਪਾਇ ਪਰਯੋ ਮਾਥੇ ਘਰੀ
ਦਵੈ ਰਗਰਯੋ ਔਰੇ ਕਿਹਾ ਹੈ ਰੇ
ਦੈਹੈ ਤੋਹਿ ਕੋ ਬਿਚਾਰਿ ਕੈ। ਲਿੰਗ ਕੀ
ਤੂੰ ਪੂਜਾ ਕਰੈ ਸਿੰਭੁ ਜਾਨਿ ਪਾਇ
ਪਰੈਸੋਈ ਅੰਤ ਦੈਹੈਤੇਰੇ ਕਰ ਮੈਂ ਨਿਕਾਰਿ
ਕੈ। ਦੁਹਿਤਾ ਕੋ ਦੈ ਹੈ ਤੂੰ ਆਪਨਚਬੈ ਹੈ
ਤਾਕੋ ਯੌਹੀ ਤੋਹਿ ਮਾਰਿ ਹੈ ਰੇਸਦਾ ਸਿਵ
ਪ੍ਰਵਾਰ ਕੈ ।੨੦। ਬਿਜੈ ਛੰਦ। ਪਾਹਨ ਕੋ
ਸਿਵ ਤੂੰ ਜੋ ਕਹੈ ਪਸੂ ਯਾਤੇ ਕਛੂ ਤੁਹਿ
ਹਾਥ ਨ ਐਹੈ। ਤਿਰਜਕ ਜੋਨਿ ਜੁ
ਆਪੁ ਪਰਾ ਹਸਿ ਕੈ ਤੁਹਿ ਕੋ ਕਹੁ
ਕਾ ਬਰੁ ਦੈਹੈ। ਆਪਨ ਸੋ ਕਰਿ
ਹੈ ਕਬਹੂੰ ਤੁਹਿ ਪਾਹਨ ਕੀ ਪਦਵੀ
ਤਬ ਪੈਹੈ ।ਜਾਨੁ ਰੇ ਜਾਨੁ ਅਜਾਨ ਮਹਾਂ
ਫਿਰਿ ਜਾਨ ਗਈ ਕਛੁ ਜਾਨਿਨਾ ਜੈ ਹੈ੨੧।

ਪੰ: ੧੨੦੧।

Digitized by Panjab Digital Library | www.panjabdigilib.org

ਸ੍ਰੀ ਦਸਮ ਗ੍ਰੰਥ ਸਾਹਿਬ ਤੋਂ ਵੱਧ ਤਾਂ ਮੂਰਤੀ ਖੰਡਨ ਅਤੇ ਅਦਵੈਤ ਦਾ ਮੰਡਨ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਵੀ ਨਹੀਂ। ਇਹ ਪ੍ਰਮਾਣ ਇਸ ਕੂਕਰ ਨੇ ਪ੍ਰਮਾਣਕ ਬਾਣੀ ਵਿਚੋਂ ਨਹੀਂ ਸਗੋਂ ਚਰਿਤ੍ਰ ਪਖਿ ਯਾਨੇ ਜਿਸਨੂੰ ਸ੍ਰੀ ਮਾਨ ਜੀ ਅਰਥ ਹੀਣ ਲਿਖਦੇ ਹਨ ੧ ਪੰਗਤੀ ਨਹੀਂ ਸਗੋਂ ੨ ਸਵੈਯੇ ਦਿਤੇ ਹਨ, ਜੇ ਕਰ ਖੰਡਨਕਾਰ ਲੇਖਕ ਮੂਰਖ ਨਹੀਂ ਤਾਂ ਮੂਰਖਾਂ ਤੇ ਕਾਫਲੇ ਦੇ ਯਾਰ ਜ਼ਰੂਰ ਹਨ। ਹੁਣ ਦੇਖੋ ਉਪ੍ਰੋਤਕ ਲਿਖਤਾਂ ਦਾ ਅਗੇ-

(੨੫) ਸਮਾਧਾਨ-ਦਲੀਲ ਪਰ ਦਲੀਲ- ਇਹ ਕਿ ਇੰਦ੍ਰ ਦੇਵਤਾ ਨਹੀਂ ਦੇਵ੍ਰਤਿਆਂ ਦਾ ਮੁਖੀ (ਰਾਜਾ) ਦੇ ਉਤੇ ਦੋਸ਼ ਹੈ ਧੱਬਾ ਹੈ-ਕਿ ਉਸ ਨੇ ਮਹਾਂ ਰਿਸ਼ੀ ਗੌਤਮ ਤਪੇ ਦੀ ਧਰਮ ਸੁਪਤਨੀ (ਅਹੱਲਿਆ) ਨਾਲ ਸਮੂਹਕ ਬਿਭਚਾਰ ਕੀਤਾ। ਬਜ਼ੁਰਗੀ ਦੇ ਨਾਤੇ ਮਾਤਾ ਅਹਲਿਆ ਵੀ ਇਸ ਦੋਸ ਤੋਂ ਮੁਕਤ ਨਹੀਂ ਕਹੀ ਜਾਂਦੀ। ਉਸਨੂੰ ਰਿਸ਼ੀ ਜੀ ਦੀ ਅਣਹੋਂਦ ਸਮੇਂ ਦਾ ਸਦਾ ਦਿਤਾ ਗਿਆ ਸੀ। ਜਿਸ ਲਈ-ਇਸ ਦੋਸ਼ ਦਾ ਦੰਡ ਇੰਦ੍ਰ ਨੂੰ ਭੁਗਤਣਾ ਪਿਆ ਸੀ ਅਤੇ ਅਹੱਲਿਆ ਵੀ ਇਕ ਯੁਗ ਭਰ ਇਕ ਸੰਘਣੇ ਜੰਗਲ ਵਿਚ ਰਿਸ਼ੀ ਜੀ ਤੋਂ ਵਿਛੜ ਕੇ ਭਾਵੇਂ ਸਿਲਾ ਰੂਪ ਵਿਚ ਭਾਵੇਂ ਗੁਪਤ ਰੂਪ ਵਿਚ ਲਾਵਾਰਸ ਹੋ ਕੇ ਰਹੀ ਸੀ। ਇੰਦ੍ਰ ਨੇ ਦੁਖ ਨਾਲ ਤ੍ਰਾਸਤ ਹੋ ਕੇ ਆਪਣੀ ਭੁਲ ਦੀ ਬਖਸ਼ਸ਼ ਲਈ ਪ੍ਰਮ ਪਿਤਾ ਅਗੇ ਅਰਦਾਸ ਕੀਤੀ ਜੋ ਸੁਣੀ ਗਈ ਤੇ ਉਸਨੇ ਕਲੇਸ਼ ਤੋਂ ਮੁਕਤਿ ਹਾਸਲ ਕਰ ਲਈ ਸੀ। ਸ੍ਰੀ ਰਾਮ ਚੰਦਰ ਦੇ ਚਰਨ ਧੂੜ ਪਾਕੇ (ਗੌਤਮ ਨਾਰ ਸਿਲਾ ਨਿਸਤਰੀ) ਗੁਰਬਾਣੀ ਦਾ ਪਵਿੱਤਰ ਬਚਨ ਹੈ। ਕਿ ਇਥੇ ਹੁਣ ਰਾਮ ਚੰਦਰ ਦੇ ਵਜੂਦ ਵਿਚ ਆਵਣ ਨੂੰ ਮਿਥਿਹਾਸ ਕਹੋਗੇ? ਕੀ ਇਹ ਪੌਰਾਣਕ ਵਾਰਤਾ ਨਹੀਂ ਜੇ ਹੈ ਤਾਂ ਗੁਰਬਾਣੀ ਵਿਚ ਕਿਵੇਂ ਆ ਸਮੋਈ ਜੇ ਕਿਸੇ ਚੋਰ ਨੇ ਨਹੀਂ ਲਿਖੀ। ਇੰਦ੍ਰ-ਨੂੰ ਮਹਾਂ ਲੁਚਾ ਲਿਖਿਆ ਹੈ-ਅਤੇ ਮਹਾਂ ਲੁਚੀਆਂ ਇਸਤ੍ਰੀਆਂ ਕੋਲ ਰਖਣ ਦਾ ਦੋਸ਼ੀ ਕਿਹਾ ਹੈ-ਰਿਸ਼ੀਆਂ ਦੇ ਤਪ ਭੰਗ ਕਰਨ ਦਾ ਵੀ ਦੋਸ਼ੀ ਕਿਹਾ ਹੈ ਇਹ ਵੀ ਤਾਂ ਲਿਖਿਆ ਮਿਲਦਾ ਹੈ ਕਿ ਜਦੋਂ ਕੋਈ ਅਧਿਕ ਤੇ ਅਧਿਕ ਤਪਸਿਆ ਕਰਨ ਵਿਚ ਸਫਲ ਹੋ ਜਾਵੇ ਉਹ ਇੰਦ੍ਰ ਦੀ ਪਦਵੀ ਹਾਸਲ ਕਰ ਸਕਦਾ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਇੰਦ੍ਰ ਦੀ ਪਦਵੀ ਲੁਚਿਆਂ ਬਦਮਾਸ਼ਾਂ ਚੋਰਾਂ ਲਈ ਨਹੀਂ ਸਗੋਂ ਮਹਾਂ ਰਿਸ਼ੀ ਤੇ ਮਹਾਂ ਉਗਰ ਤਪ ਭਗਤੀ ਕਰਨ ਤੋਂ ਉਪ੍ਰੰਤ ਹੀ ਹਾਸਲ ਹੁੰਦੀ ਹੈ। ਪਰ ਭੁਲ ਸਭ ਤੋਂ ਹੀ ਹੋ ਸਕਦੀ ਹੈ (ਅਣ ਭੁਲ ਤਾਂ ਜਾਂ ਗੁਰੂ ਜਾਂ ਕਰਤਾਰ ਹੋ ਸਕਦਾ ਹੈ) ਗੁਰਵਾਕ ਹੈ।

ਬ੍ਰਹਮਾਂ ਬਿਸ਼ਨੁ ਰਿਖੀ ਮੁਨੀ,
ਸੰਕਰੁ ਇੰਦ੍ਰ ਤਪੈ ਭੇਖਾਰੀ।
ਮਾਨੈ ਹੁਕਮੁ ਸੋਹੈ ਦਰਿ ਸਾਚੇ,
ਆਕੀ ਮਰਹਿ ਅਫਾਰੀ ।ਪੰ: ੯੫੨। ਮ:੧

ਜਿਸ ਦਾ ਭਾਵ ਹੈ-ਕਿ ਇਹ ਸਾਰੇ ਦੇਵਤੇ ਹੁਕਮ ਬੰਧੀ ਸਰਕਾਰ ਦੇ ਵਫਾਦਾਰ ਹਨ ਅਤੇ ਆਪਣੇ ਮਾਲਿਕ ਹੁਕਮ ਨੂੰ ਮੰਨਕੇ ਠੁਕ ਸਿਰ ਕਾਰ ਕਰਦੇ ਹਨ ਜਿਸ ਲਈ ਸਚੇ ਪ੍ਰਮ ਕ੍ਰਿਪਾਲੂ ਪਿਤਾ ਦੇ ਦਰ ਤੇ ਸਸ਼ੋਭਦੇ ਹਨ, ਜੋਹੜੇ ਦੈਂਤ ਰੂਪ ਧਾਰਕੇ ਉਸਦੇ ਕੰਮਾਂ ਤੇ ਕਿੰਤੂ ਕਰਦੇ ਹਨ। ਜਿਵੇਂ ਕਿ ਅਜ ਅਸੀਂ ਹਰ ਕੁਦਰਤ ਦੇ ਕਮ ਤੇ ਕਿਉਂ ਘਸੇੜ ਦਿੰਦੇ ਹਾਂ ਇਹੋ ਜਿਹੇ ਆਕੀ ਬੁਰੀ ਤਰਾਂ ਮਰਦੇ ਹਨ। ਹੁਕਮ ਮੰਨਣ ਵਾਲੇ ਸੇਵਕ ਹੁੰਦੇ ਨੇ ਪ੍ਰਭੂ ਦੇ ਦਰਬਾਰ ਦੀ ਸੋਭਾ ਹੁੰਦੇ ਨੇ, ਉਹੀ ਉਸਦੇ ਦਾਸ ਕਹੇ ਜਾਂਦੇ ਨੇ (ਸੋਹਨਿ ਭਗਤ ਪ੍ਰਭੂ ਦਰਬਾਰੇ। ਮੁਕਤੁ ਭਏ ਹਰਿ ਦਾਸ ਤੁਮਾਰੇ) ਇਹੋਜਿਹੇ ਪ੍ਰਭੂ ਦੇ ਨੇੜੇ ਦੇ ਸੰਸਾਰ ਦੇ ਵਾਸੀ ਉਸਦੇ ਦਾਸ ਕੇਹੜੇ ਹੋਇ।

ਈਸਰੁ ਬਰਹਮਾ ਦੇਵੀ ਦੇਵਾ।
ਇੰਦ੍ਰ ਤਪੇ ਮੁਨਿ ਤੇਰੀ ਸੇਵਾ।
ਪੰ: ੧੦੩੪। ਮ: ੧

ਇਹ ਤਾਂ ਸਾਰੇ ਉਸ ਪ੍ਰਵਰਦਗਾਰ ਦੀ ਦਿਤੀ ਡਿਉਟੀ ਤੇ ਸੇਵਾ ਕਰ ਰਹੇ ਹਨ। ਜ਼ਰਾ ਗਹੁ ਨਾਲ ਤਕੋ ਸ੍ਰੀ ਗੁਰੂ ਨਾਨਕ ਦੇਵ ਜੀ, ਪ੍ਰਮੇਸ਼ਰ ਦੇ ਦਰ ਤੇ ਹੋਣ ਵਾਲੇ ਕੰਮਾਂ ਬਾਰੇ ਕੀ ਆਖ ਕੇ ਸੁਣਾ ਰਹੇ ਹਨ ? ਉਹ ਇਹਨਾਂ ਦੇਵਤਿਆਂ ਨੂੰ ਰਿਸ਼ੀ ਮੁਨੀ ਤਪਸੀਆਂ ਦੀ ਸ਼ਰੇਣੀ ਵਿਚ ਗਿਣਦੇ ਹਨ ਅਤੇ ਸਰੇਸ਼ਟ ਦਸਦੇ ਹਨ (ਬ੍ਰਹਮਾ ਬਿਸਨ ਮਹੇਸ਼ ਸਰੇਸਟ ਨਾਮਿ ਰਤੇ ਵੀਚਾਰੀ। ਪੰ: ੧੦੧੩।ਮ: ੧

ਭਾਵੇਂ ਇਹ ਦੇਵਤੇ ਸਰੇਸ਼ਟ ਹਨਤੇ ਨਾਮ ਦੇ ਵਿਚ ਰਤੇ ਹੋਇ ਨੇ ਅਤੇ ਬੜੇ ਬੁਧੀਵਾਨ ਤੇ ਵਿਚਾਰ ਵਾਲੇ ਹਨ ਹੁਣ ਇਹ ਸ਼ੰਕਾ ਦਾ ਲੁਕੀ ਨਹੀਂ ਰਹੀ ਕਿ ਦੇਵਤੇ ਨਿਰੇ ਲੁਚੇ ਨਹੀਂ ਭਗਤ ਤੇ ਪ੍ਰਭੂ ਦੇ ਦਾਸ ਵੀ ਹੁੰਦੇ ਨੇ, ਉਹਨਾਂ ਨੇ ਤਪ ਤੇ ਸਾਧਨਾ ਦੁਆਰਾ ਹੀ ਇਹ ਪਦਵੀਆਂ ਹਾਸਲ

Digitized by Panjab Digital Library | www.panjabdigilib.org

ਕੀਤੀਆਂ ਹਨ ਇਹ ਵੀ ਕਿਹਾ ਜਾਂਦਾ ਹੈ ਕਿ ਪ੍ਰਭੂ ਦੇ ਸੇਵਕ ਪ੍ਰਭੂ ਦਾ ਰੂਪ ਹੁੰਦੇ ਨੇ (ਜੋ ਤੁਧੁ ਸੇਵਹਿ ਸੇ ਤੁਧ ਹੀ ਜੇਹੇ ਨਿਰਭਉ ਬਾਲ ਸਖਾਈ ਹੇ) ੪। ਪੰ: ੧੦੨੧ ਮ: ੧

ਉਹ ਭੈ ਤੋਂ ਰਹਿਤ ਨਿਰਭਉ ਪ੍ਰਮ ਪਿਤਾ ਉਹਨਾਂ ਸੇਵਕਾਂ ਦਾ ਤਾਂ ਬਚਪਨ ਤੋਂ ਹੀ ਸਹਾਇਕ ਤੇ ਸਾਥੀ ਹੈ, ਇਸ ਲਈ ਇੰਦ੍ਰ ਨੂੰ ਦੈਤਾਂ ਕੋਲੋਂ ਲੈਕੇ ਰਾਜ ਦੇਵੀ ਆਪਣੀ ਇਛਾ ਨਾਲ ਨਹੀਂ ਸੀ ਦੇ ਰਹੀ ਇਹ ਪ੍ਰਭੂ ਦੀ ਰਜਾ ਤੇ ਉਹਦੇ ਹੁਕਮ ਦੇ ਅਧੀਨ ਹੀ ਸਭ ਕੁਝ ਹੋ ਰਿਹਾ ਸੀ। ਸ਼ਹਿਨਸ਼ਾਹ ਸਾਰੇ ਕੰਮਾਂ ਦਾ ਜ਼ਿਮੇਵਾਰ ਹੁੰਦਾ ਹੋਇਆ ਵੀ ਆਪ ਨਹੀਂ ਕਰਿਆ ਕਰਦਾ ਹੁਕਮ ਦਿਆ ਕਰਦਾ ਹੈ। ਜੇ ਆਪ ਕਰਨਾ ਹੋਵੇ ਤਾਂ ਉਹ ਕੀ ਮੀਂਹ ਨਹੀਂ ਵਰਾਹ ਸਕਦਾ ਹੈ ਤੁਸੀਂ ਕਹੋਗੇ ਵਰਾਹ ਸਕਦਾ ਹੈ। ਫੇਰ ਉਹ ਇੰਦ੍ਰ ਨੂੰ ਕ੍ਰਿਪਾ ਕਰਨ ਲਈ ਕਿਉਂ ਕਹਿੰਦਾ ਹੈ।

ਧੁਰਹੁ ਖਸਮਿ ਭੇਜਿਆ
ਸਚੈ ਹੁਕਮਿ ਪਠਾਇ।
ਇੰਦੁ ਬਰਸੈ ਵਇਆ ਕਰਿ
ਗੂੜੀ ਛਹਬਰ ਲਾਇ।੧੪੨੦।
ਬਬੀਹਾ ਅੰਮ੍ਰਿਤ ਵੇਲੈ ਬੋਲਿਆ
ਤਾਂ ਦਰਿ ਸੁਣੀ ਪੁਕਾਰ।
ਮੇਘੈ ਨੋ ਫੁਰਮਾਨ ਹੋਆ
ਵਰਸੋ ਕਿਰਪਾ ਧਾਰਿ।੧।
ਪੰ: ੩। ਪੰ: ੧੨੯੫

ਇੰਦੁ ਵਰਸੈ ਕਰੀ ਦਇਆ
ਲੋਕਾਂ ਮਨਿ ਉਪਜੈ ਚਾਉ।
ਜਿਸ ਕੈ ਹੁਕਮਿ ਇੰਦੁ ਵਰਸਦਾ
ਤਿਸ ਕੈ ਸਦ ਬਲਿਹਾਰੈ ਜਾਉ।੩।
ਪੰ: ੧੨੮੫-੮੬।

ਇਹ ਠੀਕ ਹੈ ਕਿ ਧੁਰਹੁੰ ਖਸਮ ਦੇ ਹੁਕਮ ਨਾਲ ਇੰਦ੍ ਮੀਂਹ ਵਰਸਾਉਂਦਾ ਹੈ ਪਰ ਖਸਮ ਆਪੇ ਕਿਉਂ ਨਹੀਂ ਵਰਸਾ ਦਿੰਦਾ। ਇਹ ਸਭ ਜਾਣਦੇ ਹਨ ਕਿ ਮੇਘਾਂ ਦਾ ਬਾਦਸ਼ਾਹ ਇੰਦਰ ਹੈ, ਇਸ ਲਈ ਜਦੋਂ ਪ੍ਰਮਾਤਮਾਂ ਦੇਖਦਾ ਹੈ ਕਿ ਮੇਰੇ ਲਾਡਲੇ ਜੀਵ ਜੰਤੂ ਦੁਖੀ ਹਨ ਤਾਂ ਇੰਦਰ ਨੂੰ ਆਪਣੀ ਕਿਰਪਾ ਕਰਨ ਲਈ ਕਹਿੰਦਾ ਹੈ। ਜਿਸ ਦੇ ਬਰਸੇ ਬਿਨਾਂ ਸਾਰੇ ਸੰਸਾਰ ਦਾ ਜੀਵ ਜੰਤੂ ਬਿਨਾਂ ਹੀ ਆਈ ਮੌਤ ਤੋਂ ਸੁਸਰੀ ਵਾਂਗ ਸੌ ਸਕਦਾ। ਇਹ ਕਹਿੰਦਾ ਕਿ ਇੰਦ੍ ਨੇ ਲੋਕਾਂ ਦਾ ਕੀ ਸੰਵਾਰਿਆ ਹੈ। ਕਿਤਨੀ ਕ੍ਰਿਤਘਣਤਾ ਹੈ, ਜੇ ਕਹੋ ਇਸ ਵਿਚ ਇੰਦ੍ ਦਾ ਕੀ ਅਹਸਾਨ ਹੋਇਆ ਉਹਦਾ ਹੁਕਮ ਦੀ ਕਾਰ ਕਰਦਾ ਹੈ। ਤਾਂ ਸਾਡੇ ਮਾਤਾ ਪਿਤਾ ਤੇ ਬਜ਼ੁਰਗਾਂ ਨੇ ਵੀ ਤਾਂ ਹੁਕਮ ਦੀ ਹੀ ਕਾਰ ਕੀਤੀ ਹੈ ਫੇਰ ਉਹਨਾਂ ਦਾ ਨਾ ਸਤਿਕਾਰ ਕਰਨ ਵਾਲੇ ਨੂੰ ਕੀ ਘ੍ਰਿਤਘਣ ਨਹੀਂ ਕਿਹਾ ਜਾਂਦਾ? ਗੁਰਬਾਣੀ ਭਾਈ ਗੁਰਦਾਸ ਜੀ ਸਮੇਤ ਵੇਦ ਪੁਰਾਣ ਤੇ ਕੁਰਾਣ ਅੰਜੀਲ ਸਾਰੇ ਮਾਤਾ ਪਿਤਾ ਬਜ਼ੁਰਗ ਦਾ ਸਤਿਕਾਰ ਕਰਨ ਲਈ ਕੀ ਬਿਵਾਨ ਆਦੇਸ਼ ਨਹੀਂ ਕਰ ਰਹੇ। ਸ੍ਰੀ ਗੁਰੂ ਨਾਨਕ ਪਾਤਸ਼ਾਹ ਪ੍ਰਯੰਤ ਸ੍ਰੀ ਦਸਮ ਗੁਰੂ ਨਾਨਕ ਤਕ ਧਰਤੀ ਦੀ ਪੁਕਾਰ ਸੁਣਕੇ ਖਸਮ ਨੇ ਜੀਵਾਂ ਦੇ ਕਲਿਆਣ ਹਿਤ ਹੀ ਭੇਜਿਆ ਸੀ। ਕੀ ਸਾਡਾ ਫਰਜ ਨਹੀਂ ਕਿ ਉਹਨਾਂ ਦੇ ਉਪਕ਼ਾਰ ਨੂੰ ਤਕ ਕੇ ਉਹਨਾਂ ਦਾ ਸਤਿਕਾਰ ਕਰੀਏ ? ਕੀ ਨਾਮ ਦੇਵ ਤੇ ਜਿਮੇਂ ਲਗੀ ਮਰੀ ਗਊ ਨੂੰ ਜੀਵਾਉਣ ਲਈ ਪ੍ਰਮ ਪਿਤਾ ਆਪ ਆਇਆ ਸੀ। ਪੜ੍ਹੋ ਗੁਰਬਾਣੀ–

ਪਾਖੰਤਣ ਬਾਜ ਬਜਾਇਲਾ।
ਗਰੜ ਚੜੇ ਗੋਬਿੰਦ ਆਇਲਾ।੧੫।
ਅਪਨੇ ਭਗਤ ਪਹਿ ਕੀ ਪ੍ਰਤਿਪਾਲ।
ਗਰੁੜ ਚੜੇ ਆਇ ਗੋਪਾਲ।੧੬।
ਕਹਿ ਤੇ ਧਰਣ ਇਕੋਡੀ ਕਰਉ।
ਕਹਹਿ ਤੇ ਲੇਕਰ ਉਪਰਿ ਧਰਉ।੧੭।
ਪੰ: ੧੧੬੬।

ਕੌਣ ਨਹੀਂ ਜਾਣਦਾ ਕਿ ਗਰੜ ਦੀ ਸਵਾਰੀ ਵਿਸ਼ਨੂੰ ਹੀ ਕਰਦਾ ਹੈ ਗੋਬਿੰਦ–ਗਊਆਂ ਚਾਰਨ ਵਾਲੇ ਕ੍ਰਿਸ਼ਨ ਨੂੰ ਵੀ ਕਹਿੰਦੇ ਹਨ ਜੋ ਵਿਸ਼ਨੂੰ ਦਾ ਪ੍ਰਤੀਕ ਹੈ, ਜੋ ਨਾਮਦੇਵ ਦੀ ਖੁਸ਼ੀ ਪ੍ਰਾਪਤ ਕਰਨ ਲਈ ਕਹ ਰਿਹਾ ਹੈ ਅਤੇ ਉਸ ਦੀ ਪ੍ਰਸੰਨਤਾ ਤੇ ਰਖਿਆ ਲਈ ਧਰਤੀ ਪੁੱਠੀ ਕਰਨ ਨੂੰ ਤਿਆਰ ਹੈ ਫੇਰ ਵਿਸ਼ਨੂੰ ਤੇ ਦੂਜੇ ਥਾਂ ਤੇ ਪ੍ਰਸਥਿਤ ਸ਼ਿਵ ਜੀ ਦੀ ਪਤਨੀ ਪ੍ਰਭੂ ਦੇ ਪ੍ਰੇਮੀ ਦਾਸ ਦੇਵਤਿਆਂ ਲਈ ਕੀ ਨਹੀਂ ਕਰ ਸਕਦੀ ? ਹਰੀ ਨੂੰ ਆਪਣੇ ਦਾਸਾਂ ਤੇ ਦੇਵਤਿਆਂ ਪੱਖੀ ਸਜਣਾਂ ਨਾਲ ਹੀ ਦਿਲੀ ਪ੍ਰੇਮ ਹੈ ਅਤੇ ਉਹ ਆਪਣੇ ਸੰਤਾਂ, ਭਗਤਾਂ ਤੇ ਦਾਸਾਂ ਦੀ ਪੈਜ ਤੇ ਉਪਮਾ ਵਡਿਆਈ ਦਾ ਹੀ ਖਾਹਸ਼ਮੰਦ ਹੈ,

Digitized by Panjab Digital Library | www.panjabdigilib.org

ਜੀ ਨੇ ਹੀ ਗੁਰੂ ਅੰਗਦ ਦੇਵ ਜੀ ਦਾ ਜਾਮਾ ਪਹਿਨ ਲਿਆ ਅਤੇ ਧਰਮ ਨੂੰ ਅਗੇ ਪ੍ਰਚਾਰਿਆ ਅਤੇ ਮੁੜ ਆਪਣਾ ਨਾਮ ਅਮਰਦਾਸ ਕਹਾਇਆ। ਜਾਣੋ ਦੀਵੇ ਦੀ ਜੋਤ ਨਾਲ ਦੂਜੇ ਦੀਵੇ ਦੀ ਬੱਤੀ ਜੋੜ ਕੇ ਜਗਾ ਦਿਤਾ। ਜਿਸ ਵੇਲੇ ਰਾਜਾ ਸੋਢੀ ਰਾਇ ਆਪਣਾ ਰਾਜ ਸਾਜ ਵੇਦੀਆਂ ਨੂੰ ਦੇ ਕੇ ਆਪ ਉਪਰਾਮ ਹੋ ਕੇ ਜੰਗਲਾਂ ਨੂੰ ਚਲਾ ਗਿਆ ਸ਼ੀ, ਉਸ ਵੇਲੇ ਇਹ ਬਚਨ ਭੀ ਹੋਇਆ ਸੀ ਕਿ ਚੌਥੇ ਜਾਮੇ ਵਿਚ ਮੈਂ ਆਪਣਾ ਰਾਜ ਵਾਪਸ ਲੈ ਲਵਾਂਗਾ ਜੋ ਗੁਰੂ ਅਮਰਦਾਸ ਜੀ ਸੋਢੀ ਦੇ ਰੂਪ ਵਿਚ ਉਹ ਬਚਨ ਸਫਲਾ ਹੋਇਆ ਸੀ ਅਤੇ ਉਹੋ ਨਾਨਕ ਜ਼ੋਤ ਅੰਗਦ ਤੇ ਅਮਰ ਦਾਸ ਮੁੜ ਰਾਮਦਾਸ ਦੇ ਰੂਪ ਵਿਚ ਪ੍ਰਗਟੀ। ਜਿਵੇਂ ਸੋਢੀ ਰਾਏ ਨੇ ਵੇਦੀਆਂ ਨੂੰ ਗੱਦੀ ਸੌਂਪੀ ਸੀ, ਉਸੇ ਤਰ੍ਹਾਂ ਗੁਰੂ ਅਮਰਦਾਰ ਬੇਦੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਉਸੇ ਆਦਰ ਪਿਆਰ ਨਾਲ ਗੱਦੀ ਸੌਂਪ ਦਿਤੀ ਸੀ, ਆਪ ਨੇ ਨਾਲ ਹੀ ਕਹਿ ਦਿਤਾ ਹੈ ਕਿ ਇਹ ਵਾਰਤਾ, ਸਾਧਨ (ਜਿਨ੍ਹਾਂ ਨੇ ਮਨ ਸਾਧੇ ਹਨ) ਉਹੀ ਸਮਝ ਸਕਣਗੇ ਜੋ ਮੂਰਖ ਵਾਦ ਵਿਵਾਦ ਵਿਚ ਹੀ ਪਚੇ ਪਏ ਹਨ ਉਹ ਮੂਰਖ ਨਹੀਂ ਜਾਣ ਸਕਣਗੇ।

ਭਿੰਨ ਭਿੰਨ ਸਭ ਹੂੰ ਕਰਿ ਜਾਨਾ ॥ ਏਕ ਰੂਪ ਕਿਨਹੂੰ ਪਹਿਚਾਨਾ ॥
ਜਿਨ ਜਾਨਾ ਤਿਨ ਹੀ ਸਿਧ ਪਾਈ ॥ ਬਿਨ ਸਮਝੇ ਸਿਧ ਹਾਥ ਨ ਆਈ ॥੧੦॥

ਰਾਮਦਾਸ ਹਰਿ ਸੋ ਮਿਲ ਗਏ ॥ ਗੁਰਤਾ ਦੇਤ ਅਰਜਨਹਿ ਭਏ ॥
ਜਬ ਅਰਜਨ ਪ੍ਰਭ ਲੋਕ ਸਿਧਾਏ ॥ ਹਰਿਗੋਬਿੰਦ ਤਿਹ ਥਾਂ ਠਹਿਰਾਏ ॥੧੧॥

ਹਰਿ ਗੋਬਿੰਦ ਪ੍ਰਭ ਲੋਕ ਸਿਧਾਰੇ ॥ ਹਰੀ ਰਾਇ ਤਿਹ ਥਾਂ ਬੈਠਾਰੇ ॥
ਹਰੀ ਕ੍ਰਿਸਨ ਤਿਨ ਕੇ ਸੁਤ ਵਏ ॥ ਤਿਨ ਤੇ ਤੇਰਾ ਬਹਾਦੁਰ ਭਏ ॥੧੨॥

ਏਥੇ ਹੁਣ ਨੌਆਂ ਸਰੂਪਾਂ ਦਾ ਵਰਨਣ ਕੀਤਾ ਹੈ। ਐਨ ਇਸੇ ਤਰ੍ਹਾਂ ਅਰਦਾਸ ਵੇਲੇ ਭੀ ਨੌਆਂ ਜੋਤਾਂ ਨੂੰ ਪ੍ਰਣਾਮ ਕਰੀ ਹੈ – ਜਿਸ ਨੂੰ ਅਜ ਦੇ ਮੰਦ ਭਾਗੀਂ ਜਿਦੀ ਲੋਕ ਤਾਂਤ੍ਰਿਕ ਕਵੀਆਂ ਦੀ ਰਚਨਾ ਕਹੀ ਜਾਂਦੇ ਹਨ ਅਤੇ ਸ੍ਰੀ ਦਸਮੇਸ਼ ਜੀ ਦੀ ਦਸੀ ਰਾਸਤੀ ਦੀਆਂ ਮਢਾਂ ਵਲੇਟ ਕੇ ਵਟਾਂ ਤੋੜ ਕੇ ਆਪ ਨੂੰ ਗੁਰਸਿਖ ਤੇ ਗੁਰੂ ਸਿਖਾਂ ਨੂੰ ਅਸਿਖ ਕਹੀ ਜਾਂਦੇ ਨੇ, ਜਿਸ ਦੇ ਅਰਥ ਹੈਨ ਕਿ ਰਬ ਨੂੰ ਵੰਡੀਆਂ ਪਾਕੇ ਸਾਰੇ ਜੁਦਾ ਜੁਦਾ ਨਾਮ ਰਖ ਕੇ ਆਪੋ ਆਪਣੇ ਵੀਚਾਰਾਂ ਵਿਚ ਬੰਨ ਕੇ ਮੰਨ ਲਿਆ ਹੈ, ਪਰ ਇਕ ਰੂਪ ਉਸਦਾ ਜੋ ਹੈ ਉਸ ਨੂੰ ਕਿਸੇ ਪਹਿਚਾਣਿਆ ਹੀ ਨਹੀਂ, ਜਿਸ ਨੇ ਇਸ ਅਜ ਨੂੰ ਸਮਝ ਲਿਆ ਹੈ ਸਿਧਤਾ ਉਸੇ ਨੂੰ ਮਿਲੀ ਹੈ, ਬਿਨਾ ਇਸ ਗਲ ਦੇ ਸਮਝੇ ਇਹ ਸਿਧੀ ਕਿਸੇ ਦੇ ਭੀ ਹਥ ਨਹੀਂ ਆਈ। ਜਿਵੇਂ ਅਜ ਤਕ ਹਰ ਫਿਰਕਾ ਉਸ ਨੂੰ ਇਕੋ ਨਾਮ ਵਿਚ ਸੀਮਤ ਕਰਦਾ ਚਲਿਆ ਆ ਰਿਹਾ ਹੈ – ਰਾਮ ਦੇ ਭਗਤ ਰਾਮ ਚੰਦ੍ਰ ਦਾ ਹੀ ਇਕੋ ਨਾਮ ਜਾਣਦੇ ਹਨ, ਅਤੇ ਕ੍ਰਿਸ਼ਨ ਭਗਤਾਂ ਨੇ ਭੀ ਇਸੇ ਤੇ ਭਰੋਸਾ ਕੀਤਾ ਹੈ, ਮੁਸਲਮਾਨ ਕੁਝ ਹੋਰ ਪਾਸੇ ਚਲੇ ਗਏ, ਬਾਕੀ ਭੀ ਜਿੰਨੇ ਮਤ ਹੋਏ, ਉਹ ਆਪੋ ਆਪਣਾ ਰਬ ਅਡਰਾ ਬਣਾ ਕੇ ਮੰਨ ਕੇ ਬਹਿ ਜਾਂਦੇ ਰਹੇ ਪਰ ਗੁਰਮਤਿ ਨੇ ਸਿਧਾਂਤ ਨੂੰ ਖੋਲ ਕੇ ਅਗੇ ਲਿਆਂਦਾ ਹੈ ਅਰ ਸਾਰੇ ਗੁਰੂ ਸਰੂਪ ਅਥਵਾ ਸੰਤਾਂ ਭਗਤਾਂ ਨੇ ਉਸ ਨੂੰ ਸਰਬ ਵਿਆਪੀ ਕਿਹਾ ਹੈ ਅਤੇ ਇਸੇ ਲਈ ਇਹ ਸਾਰੇ ਦੇ ਸਾਰੇ ਨਾਮ ਉਸ ਜੋਤੀ ਸਰੂਪ ਨਾਲ ਜੋੜੇ ਹਨ। ਨਿਰੰਕਾਰੀਆਂ ਵਾਂਗੂ ਬਾਕੀ ਨਾਮ ਰੱਦੀ ਦੀ ਟੋਕਰੀ ਵਿਚ ਨਹੀਂ ਸੁਟੇ–

ਕਰਹੁ ਬਬੇਕੁ ਸੰਤ ਜਨ ਭਾਈ ਖੋਜਿ ਹਿਰਦੈ ਦੇਖਿ ਢੰਢੋਲੀ ॥
ਹਰਿ ਹਰਿ ਰੂਪੁ ਸਭ ਜੋਤਿ ਸਬਾਈ ਹਰਿ ਨਿਕਟਿ ਵਸੈ ਹਰਿ ਕੋਲੀ ॥ਮ: ੪॥ਸ: ੧੬੮

Digitized by Panjab Digital Library | www.panjabdigilib.org

ਬਿੰਦੁ ਮਿਲਿ ਪਿੰਡ ਕਰੇ।
ਪੰ: ੧੦੧੩। ਮ: ੧।

ਜਿਸ ਲਈ ੧ਓ ਨੂੰ ਵੀ ਪ੍ਰਕ੍ਰਿਤੀ ਦੀ ਟੇਕ ਲੈਣੀ ਪਈ, ਜਿਸ ਕਰਕੇ। (ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ) ਸਪਸ਼ਟ ਹੈ ਕਿ ਏਕਾ ਮਾਈ ਪੁਲਿੰਗ ਸ਼ਬਦ ਹੈ ਜਿਸਨੇ ਪ੍ਰਸੂਤ ਹੋਕੇ ਬ੍ਰਹਮਾ ਵਿਸ਼ਨੂੰ ਸ਼ਿਵਜੀ, ਨੂੰ ਚੇਲਿਆਂ ਦੇ ਰੂਪ ਵਿਚ ਜਨਮ ਦਿਤਾ ਜੋ ੧ਓ ਨੂੰ ਪ੍ਰਵਾਨ ਪੈ ਗਏ। ਹੁਣ ਪ੍ਰਮ ਸ਼ਕਤੀ ਨੂੰ ਅਸੀਂ ਅਪ੍ਰਵਾਨ ਕਰਨ ਵਾਲੇ ਕੌਣ ਹੋਇ। ਜੇ ਮਾਇਆ ਰੂਪ ਪ੍ਰਕ੍ਰਿਤੀ (ਕੁਦਰਤ) ਅਲਗ ਨਾਂ ਹੁੰਦੀ ਤਾਂ ਇਕੋ ਓਅੰਕਾਰ ਆਪ ਹੀ 'ਵਿਆ, ਜਾਂਦਾ ਜੋ ਉਸਦੇ ਨੀਯਮ ਕੁਦਰਤ ਕਾਨੂਨ ਦੀ ਮੁਰਿਯਾਦਾ ਦੀ ਉਲੰਘਣਾ ਸੀ ਸੋ ਨਹੀਂ ਕੀਤੀ। ਅਗੇ ਹੋਰ ਸਪਸ਼ਟ ਹੈ (ਬੀਬੀ ਕਉਲਾ ਸ਼ਉ ਕਾਇਨ ਤੇਰਾ ਨਿਰੰਕਾਰ ਅਕਾਰੈ) ੩। ਪੰ: ੧੧੬੭ ਭਾ: ਹੇ ਅਕਾਰ ਤੋਂ ਬਿਨਾ ਨਿਰੰਕਾਰ = ਮਾਯਾ ਭਾ: (ਕੁਦਰਤ ਰਾਣੀ) ਬੀਬੀ ਕਉਲਾ ਨਾਲ ਤੇਰਾ ਨਿਕਾਹ ਹੈ ਜੋ ਤੈਨੂੰ ਨਿਰੰਕਾਰ ਨੂੰ ਅਕਾਰ ਵਾਲਾ ਕਰਦੇ ਦਸਦੀ ਹੈ। ਸਬੂਤ ਲਈ ਦੇਖੋ ਸ਼ਬਦਾਂ ਅਰਥ ਸ਼ਰੋਮਣੀ ਕਮੇਟੀ। ਇਸ ਲਈ ਪ੍ਰਮ ਪਿਤਾ ਤੇ ਉਸਦੀ ਜੋਤਿ (ਪਤਨੀ) ਦੋਵੇਂ ਇਕੋ ਰੂਪ ਵੀ ਹਨ ਤੇ ਦੋ ਵੀ, ਜਦ ਨਿਰੰਕਾਰ ਆਪ ਨਿਰੰਕਾਰ ਅਕਾਰ ਤੋਂ ਰਹਿਤ ਵੀ ਹੈ ਅਤੇ ਅਕਾਰ ਰੂਪ ਵੀ ਉਹੀ ਸਾਰੇ ਵਰਤ ਰਿਹਾ ਹੈ ਫਿਰ ਉਸਦੀ ਕੁਦਰਤ ਕਿਵੇਂ ਕੀਲੀ ਜਾ ਸਕਦੀ ਹੈ। ਇਸ ਲਈ ੨ ਹੀ ਰੂਪ ਮੰਨਣੇ ਪੈਣਗੇ। ਜਾਂ ਐਉਂ ਕਹਿ ਲਵੋ। (ਏਕ ਜੋਤਿ ਦੋਇ ਮੂਰਤੀ) ਜਿਸ ਨੂੰ ਅਸੀਂ ਪਿਤਾ ਪ੍ਰਮਾਤਮਾ ਤੇ ਮਾਤਾ ਕੁਦਰਤੀ ਰੂਪੀ ਮਹਾਂ ਰਾਣੀ ਦੀ ਸੰਗਿਆ ਨਾਲ ਯਾਦ ਕਰ ਰਹੇ ਹਾਂ। ਇਸ ਤੋਂ ਇਲਾਵਾ ਦੇਵੀ ਹੋਰ ਵੀ ਹੈ ਜੋ ਪ੍ਰਭੂ ਦਾ ਜਸ ਗਾਉਂਦੀ ਹੈ ਅਤੇ ਬ੍ਰਹਮਾ ਤੇ ਸ਼ਿਵਜੀ ਦੇ ਬਰਾਬਰ ਦੀ ਇਥਾਰਟੀ ਰਖਦੀ ਹੈ ਅਤੇ ਪ੍ਰਮੇਸ਼ਰ ਦੇ ਦੁਆਰ ਤੇ ਸੋਭਦੀ ਹੈ :-

ਗਾਵਹਿ ਈਸਰੁ ਬਰਮਾ ਦੇਵੀ
ਸੋਹਿਨਿ ਦਾ ਸਵਾਰੇ।
ਗਾਵਹਿ ਇੰਦ੍ਰ ਇੰਦ੍ਰਾਸਣਿ
ਬੈਠੇ ਦੇਵਤਿਆਂ ਦਰ ਨਾਲੇ।

ਜਿਸਦਾ ਭਾ: ਹੈ ਕਿ-ਇੰਦ੍ਰ-ਇੰਦ੍ਰਾਸਣਿ ਤੇ ਬੈਠਾ ਅਤੇ ਸਾਰਿਆਂ ਦੇਵਤਿਆਂ ਦੇਵੀ ਸਮੇਤ ਨਾਲ ਲੈਕੇ ਤੇਰੇ ਦਰ ਅਗੇ ਤੇਰਾ ਜਸ ਕੀਰਤੀ ਕਰਦੇ ਹਨ। ਹੁਣ ਇਥੇ ਇੰਦ੍ਰ ਤੇ ਦੇਵੀ ਅਤੇ ਦੇਵਤੇ ਉਸਦੇ ਸੁਚੇ ਭਗਤ ਹੋਣ ਵਿਚ ਸ਼ੰਕਾ ਕਾਹਦੀ। ਦੇਖੋ ਕਿੰਨੇ ਸੁੰਦਰ ਤੇ ਸੋਹਣੇ ਆਦਰ ਨਾਲ ਸਤਿਗੁਰ ਨਾਨਕ ਪਾਤਸ਼ਾਹ ਨੇ ਇਹਨਾਂ ਦਾ ਵਰਨਣ ਕੀਤਾ ਹੈ। ਹੋਰ ਵੀ ਸਿਧਾਂ ਭਗਤਾਂ ਸਾਧਾਂ ਸੰਤਾਂ, ਜਤੀ ਸਤੀ ਸੰਤੋਖੀਆਂ ਦਾ ਜ਼ਿਕਰ ਕੀਤਾ ਹੈ, ਪਰ ਗਰੇਜੂਏਟ ਦਾ ਕੋਈ ਜ਼ਿਕਰ ਨਹੀਂ ਕੀਤਾ। ਕਾਰਣ ਇਹ ਕਿ ਕੁਝਕੁ ਵਿਦਵਾਨਾਂ ਨੂੰ ਛੱਡਕੇ ਆਪ ਗਰੇਜੂਏਟ ਆਪਣੇ ਆਪਨੂੰ ਆਮ ਲੋਕ ਨਾਲੋਂ ਉਚੇ ਜਾਣਕੇ ਆਪਣੇ ਵਿਦਿਯਕ ਹੰਕਾਰ ਨਾਲ ਸੜਕੇ ਮਨੂਰ ਹੋਇ ਹੁੰਦੇ ਨੇ ਜਿਸ ਲਈ ਗੁਰਦੇਵ ਦੇਵੀ ਦੇਵਤਿਆਂ ਤੇ ਸੰਤਾਂ ਭਗਤਾਂ ਅਤੇ ਜਤੀ ਸਤੀਆਂ ਨੂੰ ਤ੍ਰਜਹਿ ਦਿੰਦੇ ਹਨ, ਜਿਹੜੇ ਫਜ਼ੂਲ ਕਿਸੇ ਤੇ ਤਰਾਸੇ ਨਹੀਂ ਦਸਦੇ। ਕਿਉਂਕਿ ਉਸ ਮਾਲਿਕ ਨੂੰ ਤਾਂ ਉਸਦਾ ਜਸ ਕਰਨ ਵਾਲੇ ਹੀ ਭਾਉਂਦੇ ਹਨ, ਲੋਟੂ ਨਹੀਂ।

ਸੋਈ ਤੁਧ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥ ਭਾਵ ਉਸਨੂੰ ਉਹੀ ਭਾਉਂਦੇ ਹਨ ਜੋ ਉਸਦੀ ਭਗਤਿ ਦੇ ਰਸੀਏ ਸਨ। ਅਤੇ ਉਸਨੂੰ ਤੱਕਣ ਲਈ ਵੀ ਮਾਤਾ ਕੁਦਰਤ ਰਾਣੀ ਦੀ ਕੁਦਰਤ ਦੀ ਅਗਵਾਈ ਦੀ ਲੋੜ ਹੈ ਜਾਂ ਗੁਰਮਤਿ ਤੇ ਟੇਕ ਰਖਣੀ ਹੋਵੇਗੀ।

ਨਿਰ ਭਉ ਸੋ ਸਿਰਿ ਨਾਹੀ ਲੇਖਾ।
ਆਪਿ ਅਲੇਖੁ ਕੁਦਰਤਿ ਹੈ ਦੇਕਾ।
ਆਪਿ ਅਤੀਤੁ ਅਜੋਨੀ ਸੰਭਉ।
ਨਾਨਕ ਗੁਰਮਤਿ ਸੇ ਪਾਇਆ।
ਪੰ: ੧੦੪੨। ਮ: ੧।

ਉਹ ਆਪ ਤਾਂ ਅਤੀਤ ਹੈ-ਜੋ ਕੁਦਰਤਿ ਦਾ ਵੀ ਕਰਤਾ ਹੈ (ਕੁਦਰਤੀ ਕਰਨੈ ਹਾਰ ਅਪਾਰਾ) ਸਿਰਿ ਸਿਰਿ ਹੁਕਮ ਚਲਾਇਆ। ਉਸ ਨੇ ਪਹਿਲਾ ਕੁਦਰਤਿ ਕਾਇਮ ਕੀਤੀ ਫੇਰ ਪ੍ਰਵਾਰ ਸਾਜਿਆ, ਆਪ ਹੁਕਮ ਹੀ ਚਲਾ ਰਿਹਾ ਹੈ ਤੇ ਸਾਰਾ ਕੰਮ ਸਟਾਪ ਦੇ ਰਾਹੀਂ ਹੋ ਰਿਹਾ ਹੈ। ਜਿਸ ਵਿਚ ਸਾਨੂੰ ਟੰਗ ਅਡਾਉਣ ਦਾ ਕੋਈ ਹੱਕ ਨਹੀਂ ਨਾਹੀ ਸਾਡੀ ਉਸਦੇ ਅਗੇ ਕੋਈ ਵਕਤ ਹੈ. ਸਾਨੂੰ ਚਾਹੀਦਾ ਹੈ ਕਿ ਅਸੀਂ ਏਨਾਂ ਨੇਤਰਾਂ ਨਾਲ ਆਪਣੇ ਸਾਂਈ ਦੀ ਕੁਦਰਤੀ ਨੂੰ ਤਕੀਏ, ਕੰਨਾਂ ਨਾਲ ਉਸਦੀ ਉਪਮਾ ਵਾਲੀ ਬਾਣੀ ਸੁਨੀਏ ਅਤੇ ਮੁਖ ਨਾਲ ਉਸਦਾ ਜਸ ਵੀ ਕਰੀਏ

Digitized by Panjab Digital Library | www.panjabdigilib.org

ਹਉਮੈਂ ਹੈਂਕੜ ਨੂੰ ਬੇਦਾਵਾ ਦੇਕੇ ਮਨ ਵਿਚ ਗੁਰਮਤਿ ਦਾ ਮਣਕਾ ਰੱਖਕੇ ਗੁਣਾਂ ਰੂਪੀ ਤਤ ਵਸਤੂ ਹਾਸਲ ਕਰੀਏ, ਬਾਣੀ ਕਹਿੰਦੀ ਹੈ-

ਭੋਲਿਆ ਹਉਮੈ ਸੁਰਤਿ ਵਿਸਾਰ
ਹਉਮੈ ਮਾਰਿ ਬੀਚਾਰ।
ਮਨ ਗੁਣ ਵਿਚਿ ਗੁਣ ਲੈ ਸਾਰਿ।
ਅਖੀ ਕੁਦਰਤੀ ਕੰਨੀ ਬਾਣੀ
ਮੁਖਿ ਆਖਣੁ ਸਚੁ ਨਾਮੁ ।੩।

ਪੰ: ੧੧੬੯ । ਮ: ੧

ਕੀ-ਰਬ ਦੇ ਬੰਦੇ ਵਿਚ ਜਾਂ ਕੁਦਰਤਿ ਦੇ ਬੰਦੇ ਵਿਚ ਕੁਝ ਅੰਤਰਾ ਹੈ ? ਉਹ ਕੇਹੜਾ ਨੂਰ ਹੈ ਜੋ ਅਲਾਹ ਨੇ ਪੈਦਾ ਕੀਤਾ-

ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਭਾ: ਕਿ ਪਹਿਲੇ ਨੂਰ ਪ੍ਰਗਟ ਹੋਇਆ ਤੇ ਫੇਰ ਉਸ ਨੂਰ ਦੀ ਬਖਸ਼ਿਸ਼ ਨਾਲ ਫੇਰ ਕੁਦਰਤਿ ਨੇ ਬੰਦੇ ਪੈਦਾ ਕੀਤੇ ਐਥੇ ਨੂਰ ਤੇ ਕੁਦਰਤਿ ਦੇ ਅਲਗ-ਅਲਗ ਰੂਪ ਹੋ ਜਾਂਦੇ ਨੇ ਪਰ ਅਗਿਆਨ ਦੇ ਹਨੇਰੇ ਵਿਚ ਜੋਤਿ ਪ੍ਰਗਟ ਨਹੀਂ ਹੁੰਦੀ-

ਪ੍ਰਗਟੀ ਜੋਤਿ ਮਿਟਿਆ ਅੰਧਿਆਰਾ।
ਰਾਮ ਰਤਨੁ ਪਾਇਆ ਕਰਤ ਬੀਚਾਰਾ।

ਹੁਣ ਸੋਚੋ ਜੋਤਿ ਪ੍ਰਭੂ ਤੋਂ ਅਲਗ ਹੈ ਜਾਂ ਕਿ ਆਪ ਪ੍ਰਭੂ ਹੈ, ਪ੍ਰਭੂ ਤਾਂ ਵਿਰਕਤ ਹੈ ਪਰ ਜੋਤਿ ਤਾਂ ਵਿਰਕਤ ਨਹੀਂ ਕਹੀਂ ਜਾ ਸਕਦੀ। ਜੇ ਅਲਗ ਨਾ ਹੋਇ ਤਾਂ ਪ੍ਰਭੂ ਨੂੰ ਛੱਡਕੇ ਹੋਰਾਂ ਵਿਚ ਕਿਵੇਂ ਜਾਂਦੀ ਹੈ। ਜੋ (ਸਭ ਮਹਿ ਜੋਤਿ ਜੋਤ ਹੈ ਸੋਇ। ਤਿਸਕੈ ਚਾਨਣਿ ਸਭ ਮੀਹ ਚਾਨਣੁ ਹੋਇ ਪੰ: ੬੬੩ । ਮ: ੧ ਅੰਤ ਵਿਚ ਸਾਨੂੰ ਮੰਨਣਾ ਪਏਗਾ ਕਿ ਆਪੇ ਹੀ ਉਹ ਸਾਰੇ ਖੇਡ ਕਰਦਾ ਹੈ, ਆਪੇ ਹੀ ਕਰਾਉਂਦਾ ਹੈ ਨਾਂ ਉਹ ਨੇੜੇ ਹੈ ਨਾਂ ਜੁਦਾ ਹੈ।

ਓ-ਕੁਦਰਤਿ ਦੇਖਿ ਰਹੇ ਮਨ ਮਾਨਿਆ।
ਗੁਰ ਸ਼ਬਦੀ ਸਭ ਬ੍ਰਹਮ ਪਛਾਨਿਆ।
ਨਾਨਕ ਆਤਮ ਰਾਮ ਸਬਾਇਆ।
ਗੁਰ ਸਤਿਗੁਰੂ ਅਲਖੁ ਲਖਾਇਆ ।੧੫।

ਪੰ: ੧੦੩੩ । ਮ: ੧

ਅ-ਖਿਨ ਮਹਿ ਥਾਪਿ ਉਥਾਪੇ ਕੁਦਰਤਿ।
ਸਭ ਕਰਤੇ ਕੇ ਕਾਰਨਾ।

ਪੰ: ੬੧੫ । ਮ: ੧

ੲ-ਆਪੇ ਕੁਦਰਤਿ ਕੇ ਕਰੇ ਸਾਜਿ।
ਸਚੁ ਆਪੁ ਨਿਬੇੜੇ ਰਾਜੁ ਰਾਜਿ।

ਪੰ: ੧੧੭੦ । ਮ: ੧

ਹੁਣ ਲਉ ਉਪਰੋਕਤ ਸ਼ਬਦ ਦਾ ਕੇਂਦਰੀ ਭਾਵ ਜੋ ਸਬਦਾਰਥ ਪੋਥੀ ਅਨੁਸਾਰ ਹੈ ਇਹ ਕਿ ਵਾਹਿਗੁਰੂ ਆਪ ਹੀ ਕੁਦਰਤਿ ਰਾਹਿ ਸਿਰਜਨਾ ਕਰਦਾ ਹੈ, ਅਤੇ ਉਹ ਆਪ ਹੀ ਸਾਰੇ ਨਬੇੜੇ ਤੇ ਰਾਜ ਕਰਦਾ ਹੈ। ਉਹ ਅੰਗਮ ਹੈ, ਅਗੋਚਰ ਹੈ ਪਰ ਸਾਡੇ ਮਹਦੂਦ ਦਿਲਾਂ ਵਿਚ ਅ' ਕਠੋਰ ਅਥਵਾ ਨਿੰਦਕ ਦਿਲਾਂ ਵਿਚ ਵੀ ਆਪਣੀ ਮੇਹਰ ਸਦਕਾ ਭਗਤੀ ਦੀ ਜਾਗ੍ਰਤੀ ਪੈਦਾ ਕਰਦਾ ਹੈ ਸਾਨੂੰ ਨਿੰਦੀਆਂ ਬਖੀਲੀ ਛੱਡਕੇ ਭਗਤੀ ਦੀ ਜਾਗ੍ਰਤੀ ਲਈ ਹਮੇਸਾ ਅਰਦਾ.ਸ ਕਰਨੀ ਚਾਹੀਦੀ ਹੈ ਜੇਕਰ ਅਨਪੱਖੀ ਦ੍ਰਿਸਟੀ ਤੋਂ ਉਤੇ ਹੋਕੇ ਤਕਿਆ ਜਾਇ ਤਾਂ ਦਿਸੇਗਾ ਕਿ ਦੇਵਤੇ ਸਾਡੇ ਪ੍ਰਮ ਪਿਤਾ ਨੇ ਸਾਡੀ ਬਿਹੁਧੀ ਅਤੇ ਬੇਹਤਰੀ ਲਈ ਤਾਇਨਾਤ ਕੀਤੇ ਹਨ, ਜੋ ਆਪਣੇ ਮਾਲਕ ਦੇ ਹੁਕਮ ਦਾ ਹੁਕਮ ਮੰਨਦੇ ਹੋਇ ਐਨ ਠੁਕ ਸਿਰ ਆਪਣੀ ਜ਼ਿਮੇਵਾਰੀ ਨਿਭਾ ਰਹੇ ਹਨ। (ਬ੍ਰਹਮਾ ਬਿਸਨੂੰ ਰੁਦ੍ਰ ਤਿਸ ਕੀ ਸੇਵਾ) ਤਕੋ ਸੂਰਜ ਚੰਦ੍ਰ ਦੇਵਤਾ ਕੀ ਕਦੇ ਕੁਤਾਹੀ ਕਰਦੇ ਦੇਖਦੇ ਨੇ ਜਾਂ ਕਿਸੇ ਕਦੇ ਕਿਸੇ ਤੋਂ ਬਲੈਕ ਦਾ ਮਾਲ ਹਥਿਆਇਆ ਜੇ ? ਕੀ ਕਦੇ ਪਾਉਣ ਦੇਵਤਾ ਜਿਸ ਨੇ ਕਿਸੇ ਨਾਲ ਕਦੀ ਕੋਈ ਵਿਤਕਰਾ ਦਿਖਾਇਆ ਜੇ। ਜਲ-ਦੇਵਤਾ ਜਿਸਨੂੰ ਸਤਿਗੁਰ ਦੇਵ ਨੇ ਗੁਰੂ ਦੀ ਪਦਵੀ ਦਿਤੀ ਹੈ ਅਤੇ ਸਾਰੇ ਜੀਵਾਂ ਨੂੰ ਜੀਅਦਾਨ ਦੇ ਰਿਹਾ ਹੈ। ਅੰਨ ਵੀ ਦੇਵਤਾ ਹੈ ਜੋ ਸਾਰੇ ਜੀਵਾਂ ਦੀ ਉਦਰ ਪੂਰਤੀ ਕਰ ਰਿਹਾ ਹੈ। ਆਪੋ-ਆਪਣੇ ਥਾਂ ਤੇ ਸਾਰੇ ਦੇਵਤੇ ਕੁਝ ਨਾਂ ਕੁਝ ਸਵਾਰਦੇ ਹੀ ਹਨ, ਇਹ ਸਾਡੀ ਭੁਲ ਹੈ ਕਿ ਅਸੀਂ ਇਹਨਾਂ ਨੂੰ ਆਪਣੇ ਮਾਲਿਕ ਜੋ ਇਹਨਾਂ ਦਾ ਵੀ ਮਾਲਕ ਹੈ ਇਹਨਾਂ ਨੂੰ ਉਹਦੀ ਥਾਂ ਦੇਕੇ ਇਹਨਾਂ ਦੀ ਸਿਮ੍ਰਤੀ ਹੀ ਅਰੰਭ ਦਿਤੀ, ਅਤੇ ਉਸ ਮਾਲਕ ਨੂੰ ਜੋ ਇਹਨਾਂ ਨੂੰ ਸਾਡੇ ਸਰ ਪੁਸਤਿਕ ਕਾਇਮ ਕਰਨ ਵਾਲਾ ਹੈ ਨੂੰ ਭੁਲਾ ਹੀ ਦਿਤਾ ਸੀ ਜਿਸ ਤੋਂ ਖਬਰਦਾਰ ਕਰਨ ਲਈ ਜੁਗੋ-ਜੁਗ ਗੁਰੂ ਜੋਤ ਪ੍ਰਗਟ ਹੋਈ। ਜਿਸ ਤੋਂ ਮਤ ਪਾਕੇ ਅਸੀਂ ਨਾਮ ਦੀ ਸਿਮ੍ਰਤੀ ਤਾਂ ਅਕਾਲ ਪੁਰਖ ਦੀ ਕਰਨੀ ਹੈ ਪਰ ਸਤਿਕਾਰ ਤਾਂ ਦੁਸ਼ਮਣ ਨੂੰ ਵੀ ਦੇਣ ਬਣਦਾਏ, ਇਹ ਦੇਵਤ

Digitized by Panjab Digital Library | www.panjabdigilib.org

ਦੇਵਤੇ ਤਾਂ ਸਾਡੇ ਆਪਣੇ ਹਿਤੂ ਹੀ ਹਨ ਸਾਡੀ ਹਰ ਪੱਖੋਂ ਉਹਨਾਂ ਨਾਲ ਸਮੂਹਕ ਸਾਂਝ ਹੈ, ਦੇਵਤੇ ਆਪ ਹਰੀ ਦੇ ਦਾਸ ਹਨ ਜੋ ਸਾਨੂੰ ਹਰਿ ਜਿਹੇ ਹੀ ਦੇਖਣੇ ਚਾਹੀਦੇ ਨੇ, ਜਿਵੇਂ-ਜਲ ਭਗਵਾਨ, ਅੰਨ ਭਗਵਾਨ। ਬਾਣੀ ਦਾ ਆਦੇਸ਼ ਹੈ–

ੳ–ਸਚੀ ਕੁਦਰਤਿ ਸਚੀ ਬਾਣੀ
ਸਚੁ ਸਾਹਿਬ ਸੁਖ ਕੀਜਾ ਹੇ ॥
ਪੰ: ੧੦੭੪। ਮ: ੫

ਅ–ਹਰਿ ਕਾ ਸੇਵਕੁ ਸੋ ਹਰਿ ਜਿਹਾ
ਭੇਦ ਨਾ ਜਾਣਹੁ ਮਾਣਸ ਦੇਹਾ ॥
ਪੰ: ੧੦੭੬

ੲ–ਗੁਰਮੁਖਿ ਜੋ ਹਰਿ ਸੇਵਦੇ
ਜਨ ਨਾਨਕ ਤਾਕਾ ਦਾਸੁ ॥
ਪੰ: ੧੪੧੫। ਮ: ੩।

ਕਰਤਾ ਪੁਰਖ ਸੱਚ ਹੈ। ਕਰਤੀ ਵੀ ਤੱਥ ਹੈ। ਕਰਤਾ ਪਰੋਖ ਹੈ। ਕਰਤੀ ਪ੍ਰਤੱਖ ਹੈ, ਕਰਤੀ ਬਿਨਾਂ ਕਰਤੇ ਦੀ ਕਾਇਨਾਤ ਕਿੱਥੇ ਭਲਾ। (ਡਾ: ਹਰਿਭਜਨ ਸਿੰਘ।) ਕੁਦਰਤ ਬਾਂਝੋ ਕਰਤੇ ਨੂੰ ਕੌਣ ਜਾਣ ਸਕਦਾ ਹੈ, ਇਸ ਲਈ ਕੁਦਰਤ ਮਾਤਾ ਧੰਨ ਹੈ, ਧੰਨ ਹੈ, ਧੰਨ ਹੈ–ਕੁਦਰਤ ਦੇਵੀ ਧੰਨ ਹੈ।

ਸ੍ਰਿਸ਼ਠੀ ਦੀ ਰਚਨਾ–ਮਹਾਂ ਵਿਸ਼ਨੂੰ ਦੇ ਕੰਨ ਤੋਂ ਮੈਲ, ਮੱਧ, ਕੈਟਵ, ਦੈਂਤਾਂ ਬਾਰੇ ਅਸੀਂ ਕੀ ਕਹ ਸਕਦੇ ਹਾਂ ਪ੍ਰਮ ਸ਼ਕਤੀ ਦੇ ਕੰਮਾਂ ਦਾ ਅਸੀਂ ਕੀ ਅੰਦਾਜਾ ਲਾਕੇ ਅੰਤ ਦਾ ਫੈਸਲਾ ਦੇ ਸਕਦੇ ਹਾਂ ? ਕਰਤਾ ਤੇ ਉਸਦੀ ਕੁਦਰਤ ਵਿਚ ਕੀ ਨਾਂ ਅਸੰਭਵ ਹੋ ਸਕਦਾ ਹੈ। ਜੇਹੜੀਆ ਗੱਲਾਂ ਕਿਸੇ ਦੇ ਚਿਤ ਚੇਤੇ ਵੀ ਨਹੀਂ ਹੁੰਦੀਆਂ, ਉਹ ਗਲਾਂ ਰਬ ਕਰ ਦਿੰਦਾ ਹੈ। ਸਿਰਸਟੀ ਦੀ ਰਚਨਾਂ ਬਾਰੇ ਸਾਰੇ ਮਤਾਂ ਦੇ ਸਿਧਾਂਤ ਅਲਗ-ਅਲਗ ਹਨ, ਗੁਰਦੇਵ ਨੇ ਤਾਂ ਉਹੀ ਲਿਖਣਾ ਸੀ ਜੋ ਚਲਦੇ ਬਹਿਰ ਨਾਲ ਸਬੰਧਤ ਸੀ।

ਪ੍ਰੋਫੈਸਰ ਸ਼ੇਰ ਸਿੰਘ ਗਿ: ਐ ।. ਏ. ਪੀ. ਐਚ. ਡੀ. (ਲੰਡਨ) ਗੁਰਮਤਿ ਦਾ ਦਰਸ਼ਨ ਦੇ ਪੰ: ੨੧੬ ਤ ਲਿਖਦੇ ਹਨ ਕਿ ਵੈਦਿਕ ਮੰਤ੍ਰਾਂ ਦੇ ਬਹੁ ਰੱਬੀ ਭਾਗ ਵਿਚ ਪਾਰਬ੍ਰਹਮ ਨੂੰ ਸ੍ਰਿਸ਼ਟੀ ਦਾ ਕਰਤਾ ਜਣਾਨ ਉਤੇ ਬਹੁਤਾ ਜ਼ੋਰ ਨਹੀਂ ਦਿਤਾ। ਸ੍ਰਿਸ਼ਟੀ ਦੇ ਭਿੰਨ ਭਿੰਨ ਕੰਮ ਭਿੰਨ ਭਿੰਨ ਦੇਵਤਿ ਆਂ ਨੂੰ ਸੌਂਪੇ ਦਸੇ ਗਏ ਹਨ, ਫੇਰ ਚਿਰ ਪਿਛੋਂ ਸ੍ਰਿਸਟੀ ਰਚਨਾ ਦਾ ਕੰਮ ਬ੍ਰਹਮਾਂ ਦੇ ਜਿੰਮੇ ਭੀ ਲਾਇਆ ਹੈ। ਪਰ-ਬ੍ਰਹਮਾ ਨੂੰ ਪੂਰਣ ਤੌਰ ਤੇ ਸੁਤੰਤਰ ਨਹੀਂ ਬਣਾਇਆ, ਗੁਰੂ ਸਾਹਿਬ ਦਾ ੧ਓ-ਓਸੇ ਤਰਾਂ ਸੁਤੰਤਰ ਹੈ, ਕਰਤਾ ਜਿਵੇਂ ਯਹੂਦੀਆਂ ਦਾ (ਜਾਹੋਵਾ) ਤੇ ਮੁਸਲਮਾਨਾਂ ਦਾ (ਅੱਲਾ) ਅਕਾਲ ਪੁਰਖ ਦੇ ਕਰਤਾ ਹੋਣ ਦਾ ਖਿਆਲ ਮਨੁੱਖ ਦੀ ਸਦਾਚਾਰਕ ਤੇ ਆਤਮਿਕ ਜ਼ਿੰਦਗੀ ਨਾਲ ਵਧੇਰੇ ਸਬੰਧਿਤ ਹੈ। ਇਹੋ ਭਾਵ ਜ਼ਰ-ਤੁਸ਼ਤੀ ਤੇ ਅਹਰਮਜ਼ਦ ਦਾ ਹੈ, ਹਿੰਦੂ ਤੇ ਯੂਨਾਨੀ ਪੌਰਾਣਕ ਸਾਖੀਆਂ ਵਿਚ ਸ੍ਰਿਸ਼ਟੀ ਰਚਨਾਂ ਨੂੰ ਰੱਬ ਦੀ ਜ਼ਾਤ ਨਾਲ ਇੰਨਾ ਸਬੰਧਤ ਨਹੀਂ ਕੀਤਾ ਜਿਨ੍ਹਾਂ ਉਸ ਦੀ (ਕੁਦਰਤ) ਦੇ ਨਿਯਮਾਂ ਦੇ ਅਧੀਨ ਦਸਿਆ ਹੈ।

ਪਰ ਜਿਸ ਨੂੰ ਪ੍ਰਿੰਸੀਪਲੀ ਦਾ ਢੋਲ ਹਥ ਆ ਜਾਏ ਅਤੇ ਗਰੈਜੂਏਟੀ ਦਾ ਡੰਕਾ ਉਸ ਨੂੰ ਅਖਤਿਆਰ ਹੈ ਜਿਵੇਂ ਚਾਹੇ ਵਜਾਂਦਾ ਫਿਰੇ, ਕੌਣ ਰੋਕ ਸਕਦਾ ਹੈ ਉਸ ਨੂੰ ?

ਦਸ ਮਜਦੂਰ ਜਿਸ ਦੇ ਆਖੇ ਲਗੇ
ਉਹ ਕਹਾਉਂਦਾ ਮੇਟ।
ਜਿਸਦੀ ਹਟੀ ਤੇ ਗਾਹਕ ਪੁਜੇ
ਉਹ ਹੋ ਜਾਂਦਾ ਏ ਸੇਠ।
ਕਾਲਜ ਵਿਚੋਂ ਕੁਝ ਪੜ੍ਹ ਕੇ ਨਿਕਲੇ
ਉਹਨੂੰ ਕਹਿੰਦੇ ਨੇ ਗਰੈਜੂਏਟ।
ਈਸ਼ਰ ਸਿੰਘ ਨੂੰ ਇਹ ਅਨਭਵੀ
ਗਿਆਨ ਦਿਸੇ ਬੜੀ ਅਲਸੇਟ।

(੨੭) ਉਟੰਕਣ ਪੰ: ੩੩ ਨੰ: ੨ ਆਰਤੀ–ਤੇ ਲੇਖ ਹੈ ਕਿ ਇਸ ਜਿਤ ਉਪਰੰਤ, ਦੇਵਤਿਆਂ ਨੇ (ਚੰਡੀ) ਦੇਵੀ ਦੀ ਇਸ ਤਰ੍ਹਾਂ ਜੈਕਾਰ ਕੀਤੀ, ਜੱਗ ਕੀਤੇ ਤੇ ਵੇਦ ਪੜ੍ਹੇ; ਅਗੇ ਇਹ ਸਵੈਯਾ ਦਿਤਾ ਹੈ:–

ਯਾਤੇ ਪ੍ਰਸਨਿ ਭਏ ਹੈ ਮਹਾਂ ਮੁਨਿ
ਦੇਵਨ ਕੇ ਤਪ ਮੈ ਸੁਖ ਪਾਵੈਂ।
ਜਗਯ ਕਰੈ ਇਕ ਬੇਦ ਰਰੈ ਭਵ ਤਾਪ
ਹਰੈ ਮਿਲਿ ਧਿਆਵਹਿ ਲਾਵੈਂ।
ਝਾਲਰ ਤਾਲ ਮ੍ਰਿਦੰਗ ਉਪੰਗ ਰਬਾਬ
ਲੀਏ ਸੁਰ ਸਾਜ ਮਿਲਾਵੈਂ।
ਕਿੰਨਰ ਗੰਧ੍ਰਬ ਗਾਨ ਕਰੈ ਮਨਿ
ਜੱਛ ਅਪੱਛਰ ਨਿਰਤ ਦਿਖਾਵੈਂ।੫੪।

Digitized by Panjab Digital Library | www.panjabdigilib.org

ਸੰਖਨ ਕੀ ਧੁਨ ਘਟਨਿ ਕੀ ਕਰਿ
ਫੂਲਨ ਕੀ ਬਰਖਾ ਬਰਖਾਵੈਂ।
ਆਰਤੀ ਕੋਇ ਕਰੈ ਸੁਰ ਸੁੰਦਰਿ ਪੇਖ
ਪੁਰੰਦਰ (ਇੰਦਰ) ਕੇ ਬਲਿ ਜਾਵੈਂ।
ਦਾਨਤ ਦੱਛਨ ਦੈ ਕੈ ਪ੍ਰਦੱਛਨ ਭਾਲ
ਮੈਂ ਕੁੰਕਮ ਅਛੱਤ ਲਾਵੈਂ।
ਹੋਤ ਕੁਲਾਹਨ ਦੇਵ ਪੁਰੀ ਮਿਲਿ
ਦੇਵਨ ਕੇ ਕੁਲਿ ਮੰਗਲਿ ਗਾਵੈਂ।੫੫।

ਸ੍ਰੀਮਾਨ ਯੋਗ ਜੀ, ਇਸ ਬਾਰੇ ਨੋਟ ਲਿਖਦੇ ਹਨ ਕਿ ਕਈ ਭੋਲੇ ਸਿੱਖ ਅਤੇ ਵਿਸੇਸ਼ ਕਰਕੇ ਸਿਖ ਡੇਰਿਆਂ, ਚੇਲਿਆਂ, ਬਾਲਿਆਂ ਅਤੇ ਸ਼ਰੋ: ਕਮੇਟੀ ਨਾਲੋਂ ਵਖਰੀ ਮਰਿਆਦਾ ਤੋਰਨ ਵਾਲੇ 'ਸੰਤ' ਮਹੰਤ ਜੀ ਛੈਣਿਆਂ, ਚਿਮਟਿਆਂ, ਘੜਿਆਲਾਂ ਤੇ ਸੰਖਾਂ ਦੇ ਸ਼ੋਰ ਵਿਚ ਲਹਿਰਾ-ਲਹਿਰਾ ਆਰਤੀ ਸ਼ਮੇਂ ਉਪਰੋਕਤ ਅਸੰਗਤ ਸਵੈਯਾ ਉਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੜ੍ਹਦੇ ਹਨ; ਜੋ ਇਸ ਸਾਰੇ ਅਡੰਬਰ ਦਾ ਖੰਡਨ ਕਰਦਾ ਅਤੇ ਕੇਵਲ ਇਕ ਅਕਾਲ ਦੀ ਪੂਜਾ ਦ੍ਰਿੜ ਕਰਾਉਂਦਾ ਹੈ। ਇਸ ਤੋਂ ਵੱਡਾ ਦੁਖਾਂਤ ਤੇ ਖਿਲਵਾੜ ਸ੍ਰੀ ਦਸਮੇਸ਼ ਜੀ ਦੇ ਗੁਰੂ ਬਾਬੇ ਦੇ ਨਿਰਮਲ ਪੰਥ ਨਾਲ ਹੋਰ ਕੀ ਹੋ ਸਕਦਾ ਹੈ ?

ਸਮਾਧਾਨ--ਪਹਿਲੇ ਮੇਰੇ ਪਾਠਕ ਪਿਆਰੇ ਇਨ੍ਹਾਂ ਸਵੈਯਾਂ ਦੇ ਅਰਥ ਕਰ ਲੈਣ ਤਾਂ ਕਿ ਪ੍ਰਸਤੁਤ ਹੋ ਸਕੇ ਕਿ ਇਸ ਵਿਚ ਕੇਹੜ? ਅਸੰਗਤ ਸਮਗਰੀ ਹੈ ਜਿਸ ਨਾਲ ਸ੍ਰੀਮਾਨ ਜੀ ਦੀ ਆਤਮਾ ਅਤਿਅੰਤ ਦੁਖੀ ਤੇ ਪੀੜਤ ਹੋ ਗਈ ਹੈ। ਜਿਸ ਦਾ ਭਾਵਾਰਥ ਹੈ–ਕਿ ਜਦੋਂ ਇੰਦਰ ਨੇ ਹਿੰਮਤ ਕਰਕੇ ਦੇਵੀ ਦੇ ਹੱਥ ਆਪਣੀਆਂ ਫੌਜਾਂ ਦੀ ਕਮਾਣ ਦੇ ਕੇ ਦੈਂਤਾਂ ਨਾਲ ਜੁਧ ਕਰਕੇ ਜਿਤ ਪ੍ਰਾਪਤ ਕਰ ਲਈ, ਦੇਵੀ ਦੀ ਇਸ ਪ੍ਰਕ੍ਰਿਯਾ ਸਦਕਾ ਦੇਵਤਿਆਂ ਦਾ ਗਿਆ ਗੁਜਰਿਆ ਤਖਤੋ ਤਾਜ ਬਹਾਲ ਹੋ ਗਿਆ ਤਾਂ ਦੇਵਤਿਆਂ ਦੇ ਸਾਰੇ ਮੰਡਲ ਵਿਚ ਖੁਸ਼ੀ ਤੇ ਉਮਾਹ ਦੀ ਕਾਂਗ ਨਮੋਦਾਰ ਹੋ ਗਈ ਜੋ–ਉਹ ਖੁਸ਼ੀ ਤੇ ਪ੍ਰਸੰਨਤਾ ਦੇ ਨਾਲ ਐਉਂ ਝੂਮ ਉਠੇ ਜਿਵੇਂ ਰਾਮ ਚੰਦਰ ਦੀ ਵਾਪਸੀ ਅਯੁਧਿਆ ਦੇ ਵਾਸੀ। ਰਾਮ ਤੇ ਲਛਮਣ ਸੀਤਾ ਤਾਂ ਕੁਝ ਨੀਅਤ ਸਮੇਂ ਲਈ ਹੀ ਬਨਵਾਸ ਹੋਏ ਸਨ ਪਰ ਦੇਵਤੇ ਤਾਂ ਦੈਂਤਾਂ ਨੇ ਮੂਲੋਂ ਹੀ ਉਜਾੜ ਛਡੇ ਸਨ ਜਿਨ੍ਹਾਂ ਨੂੰ ਤੇ ਉਹਨਾਂ ਨੂੰ ਪਰਤ ਕੇ ਵਾਪਸੀ ਦੇ ਆਸਾਰ ਹੀ ਨਹੀਂ ਸਨ। ਇਸ ਲਈ ਦੇਵਤਿਆਂ ਨੂੰ ਤੇ ਉਹਨਾਂ ਦੇ ਪ੍ਰਵਾਰਾਂ ਨੂੰ ਅਥਵਾ ਅਹਿਲਕਾਰਾਂ ਨੂੰ ਤੇ ਸਵਰਗ ਮੰਡਲ ਦੇ ਵਾਸੀਆਂ ਨੂੰ ਇਸ ਤੋਂ ਵਧ ਹੋਰ ਕੇਹੜੀ ਖੁਸ਼ੀ ਤੇ ਪ੍ਰਸੰਨਤਾ ਹੋ ਸਕਦੀ ਹੈ ਕਿ ਇੰਦਰੀ ਅਤੇ ਦੁਰਗਾ ਦੀ ਹਿੰਮਤ ਨਾਲ ਉਹਨਾਂ ਮੁੜ ਕੇ ਇੰਦਰ ਨੂੰ ਤਖਤ ਤੇ ਬਹਾਕੇ ਰਾਜ ਤਿਲਕ ਕਰਨ ਦਾ ਸਮਾਂ ਸੁਭਾਗ ਹਾਸਲ ਹੋਇਆ। ਜਿਹੜੇ ਰਿਸ਼ੀ, ਮੁਨੀ, ਸੰਤ, ਭਗਤ ਦੈਂਤਾਂ ਦੇ ਰਾਜ ਦੇ ਸਤੇ ਹੋਏ ਦੁਖੀ ਸਨ, ਅਜ ਉਹਨਾਂ ਦੀ ਚਾਉ ਵੀ ਉਛਾਲੇ ਮਾਰਦਾ ਦੁੜੰਗੇ ਲਾਉਂਦਾ ਸੀ। ਦੈਂਤਾਂ ਦੇ ਰਾਜ ਵੇਲੇ ਦਾ ਨਮੋਦਰ ਹੋਇਆ ਸ਼ਰਮ ਭਰਿਆ ਜੀਵਨ ਅਜ ਅੰਗੜਾਈਆਂ ਲੈ ਰਿਹਾ ਸੀ, ਆਪਣੀ ਸਰਕਾਰ ਦੀ ਵਾਪਸੀ ਕਾਰਨ ਉਹ ਆਪ ਨੂੰ ਸੁਖੀ ਤੇ ਆਜ਼ਾਦ ਹੋ ਗਏ ਸਮਝਦੇ ਸਨ ਜੋ ਦਿਲੋਂ ਬੜੇ ਪ੍ਰਸੰਨ ਸੀ, ਜਿਸ ਦੀ ਖੁਸ਼ੀ ਵਿਚ ਕੋਈ ਜੱਗ ਕਰ ਰਿਹਾ ਸੀ, ਕੋਈ ਵੇਦਾਂ ਦਾ ਪਾਠੀ ਪਾਠ ਕਰਕੇ ਭਵਿਖ ਦੇ ਦੁਖ ਦੂਰ ਕਰ ਰਿਹਾ ਸੀ, ਕਈ ਕਈ ਰਿਸ਼ੀ ਮਿਲ ਕੇ ਧਿਆਨ ਦੀ ਮਗਨਤਾ ਮਾਣ ਰਹੇ ਸਨ। ਕਈ ਇਕੱਤਰ ਹੋ ਕੇ ਮ੍ਰਿਦੰਗ, ਇਕਤਾਰਾ, ਝਾਂਜਰ, ਛੈਣੇ, ਢੋਲਕੀ ਆਦਿ ਸਾਜ ਵਜਾ ਕੇ ਜੱਛ ਤੇ ਗੰਧ੍ਰਵ ਪ੍ਰਭੂ ਦਾ ਜਸ ਗਾਇਨ ਕਰ ਰਹੇ ਸਨ ਅਤੇ ਅਪੱਛਰਾਂ ਆਦਿ ਨਾਚ ਦਿਖਾ ਰਹੀਆਂ ਸਨ, ਹੋਰ ਅਪੱਛਰਾਂ ਨੇ ਕੇਹੜਾ ਧੂਣੀਆਂ ਤਾਪਣੀਆਂ ਹੁੰਦੀਆਂ ਨੇ, ਉਹਨਾਂ ਦਾ ਤਾਂ ਸ਼ੁਗਲ ਖੁਸ਼ੀ ਸਮੇਂ ਨਚਣਾ, ਟੱਪਣਾ ਹੀ ਉਹਨਾਂ ਦਾ ਸੰਧਰਵ ਹੈ। ਕੋਈ ਖੁਸ਼ੀ ਵਿਚ ਮਸਤ ਹੋ ਕੇ ਸੰਖ ਵਜਾ ਰਿਹਾ ਸੀ ਕੋਈ ਘੰਟੀ ਖੜਕਾ ਰਿਹਾ ਸੀ, ਕੋਈ ਆਪਣੇ ਨੇਤਾ ਦੇ ਫੁਲ ਫੈਂਕ ਰਿਹਾ ਸੀ। ਦੇਵਤੇ ਇਕੱਤਰ ਹੋ ਕੇ ਕੋਟ ਕੋਟਾਂ ਦੀ ਸ਼ੁਕਰ ਵਿਚ ਪ੍ਰਭੂ ਦਾ ਜਸ ਕਰ ਰਹੇ ਸਨ ਜੋ ਬੜੇ ਸੁੰਦਰ ਸੁਰ ਨਾਲ ਸੋਭ ਰਹੇ ਸਨ ਅਤੇ ਮਹਾਰਾਜਾ ਇੰਦਰ ਨੂੰ ਦੇਖ ਦੇਖ ਕੇ ਬਲਿਹਾਰ, ਬਲਿਹਾਰ ਜਾਂਦੇ ਸਨ। ਪੁੰਨ ਦਾਨ ਕਰਦੇ ਹਨ ਅਤੇ ਇੰਦਰ ਰਾਜੇ ਦੇ ਦਿਵਾਲੇ ਪਰਦੱਛਣਾ ਲੈਂਦੇ ਨੇ, ਇਸ ਤਰ੍ਹਾਂ ਜਸ਼ਨਾਂ ਦੇ ਨਾਲ ਰਾਜੇ ਇੰਦਰ ਨੂੰ ਤਖਤ ਤੇ ਸ਼ਸ਼ੋਭਤ ਕਰਕੇ ਉਸ ਦੇ ਮੱਥੇ ਤੇ ਰਾਜ ਤਿਲਕ ਲਾਇਆ। ਜਿਸ ਕਰ ਕੇ ਦੇਵ ਪੁਰੀ ਵਿਚ ਉਤਸ਼ਾਹ ਜਨਕ ਵਾਤਾਵਰਨ ਬਣ

Digitized by Panjab Digital Library | www.panjabdigilib.org

ਗਿਆ ਸੀ ਕਿ ਦੇਵਤਿਆਂ ਦੇ ਪਰਵਾਰ ਮਿਲਕੇ ਪ੍ਰਭੂ ਦੇ ਮੰਗਲਮਈ ਗੀਤ ਗਾ ਕੇ ਸ਼ੁਕਰਾਨਾ ਤੇ ਧੰਨਵਾਦ ਕਰ ਰਹੇ ਸਨ । ਅਗੇ ਦੋਹਰੇ ਵਿਚ ਦਸਦੇ ਹਨ ਕਿ ਐਉਂ (ਚੰਡੀ) ਦੀ ਕ੍ਰਿਪਾ ਨਾਲ ਦੇਵਤਿਆਂ ਦਾ ਗਿਆ ਹੋਇਆ ਪਰਤਾਪ ਮੁੜ ਕੇ ਬਹਾਲ ਹੋ ਗਿਆ । ਜਿਸ ਲਈ (ਰਰੈ ਨਾਮ ਸਤਿ ਜਾਪ) ਭਾਵ ਸਤਿ ਪੁਰਖ ਪਰਮ ਪਿਤਾ ਪਰਮਾਤਮਾ ਦੇ ਨਾਮ ਦਾ ਜਾਪ ਕਰ ਰਹੇ ਹਨ। ਇਥੇ ਚੰਡ ਤੋਂ ਭਾਵ ਦੇਵੀ ਨਹੀਂ ਸਗੋਂ ਜਿਸ ਸਤ ਪੁਰਖ ਦਾ ਜਾਪ ਕਰ ਰਹੇ ਹਨ ਉਸ ਸ਼ਰੋਮਣੀ ਚੰਡ ਅਕਾਲ ਪੁਰਖ ਦਾ ਧੰਨਵਾਦ ਤੇ ਜਾਪ ਕਰਨਾ ਹੈ। ਮੂਲ ਰੂਪ ਵਿਚ ਦੋਹਿਆ ਐਉਂ ਹੈ, ਦੇਖੋ ਤੇ ਪੜ੍ਹੋ ਧਿਆਨ ਨਾਲ :

ਐਸੇ ਚੰਡ ਪਰਤਾਪ ਤੇ
ਦੇਵਨ ਬਢਿਓ ਪਰਤਾਪ ।
ਤੀਨ ਲੋਕ ਜੈ ਜੈ ਕਰੈ
ਰਰੈ ਨਾਮ ਸਤਿ ਜਾਪ ।੫੬।

ਪੰ: ੭੯

ਅੰਕ ੫੩ ਤਕ ਮਾਰਕੰਡੇ ਪੁਰਾਣ ਦਾ ਉਲੱਥਾ ਹੀ ਹੈ ੨੪ਵੈਯੇ ਤੇ ਇਹ ਦੋਹਿਰਾ ਸ੍ਰੀ ਦਸਮੇਸ਼ ਜੀ ਦੀ ਆਪਣੀ ਭਾਵਨਾ ਪ੍ਰਗਟ ਕਰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਚੰਡੀ-ਚੰਡ ਦੇਵੀ ਨੂੰ ਵੀ ਚੰਡ ਦੈਂਤ ਦੇ ਚੜਣ (ਮਾਰਨ) ਬਦਲੇ ਪੈ ਗਿਆ ਹੈ ਪਰ ਅਸਲ ਤੇ ਸੁਤੰਤ੍ਰ ਪ੍ਰਮਾਣਕ ਨਾਮ ਇਹ ਅਕਾਲ ਪੁਰਖ ਦਾ ਹੀ ਹੈ ਜੋ ਆਪ ਅਚੇਤ ਹੈ ਤੇ ਦੁਸਟਾਂ ਹੰਕਾਰੀਆਂ ਲਈ ਚੰਡਣ ਵਾਲਾ 'ਚੰਡ, ਪ੍ਰਚੰਡ ਹੈ। ਜੇ ਕਰ ਸਾਡੇ ਆਪਣੇ ਪ੍ਰਵਾਰ ਵਿਚ ਇਕ ਵਿਅਕਤੀ ਦਾ ਨਾਮ ਗੋਬਿੰਦ ਸਿੰਘ ਹੈ-ਤਾਂ ਅਸੀਂ ਕਾਰ ਵਿਹਾਰ ਵਿਚ ਉਸਦਾ ਨਾਮ ਠੀਕ ਗੋਬਿੰਦ ਸਿੰਘ ਹੀ ਕਹਕੇ ਸਦਾਂਗੇ, ਪਰ ਜਦੋਂ ਭਾਵਨਾ ਪੂਰਤ ਨਾਮ ਲਵਾਂਗੇ ਉਸ ਵੇਲੇ ਅਵਸ਼ ਗੁਰੂ ਗੋਬਿੰਦ ਸਿੰਘ ਹੀ ਸਾਡੇ ਨੇਤ੍ਰਾਂ ਅਗੇ ਪ੍ਰਤੱਖ ਦਿਸੇਗਾ ।

ਅਗੇ ਦੇਖੋ ਉਪ੍ਰੋਕਤ ਉੱਤਰ–ਸੋਚੋ-ਕਿ ਕੀ ਰਾਜ ਤਿਲਕ ਦੀ ਰਸਮ ਅਦਾ ਕਰਨਾ ਮੱਥੇ ਤੇ ਰਾਜ ਤਿਲਕ ਕਰਨਾ ਗੁਨਾਹ ਹੈ ? ਜੋ-ਆਦਿ ਕਾਲ ਤੋਂ ਰਸਮ ਦੇ ਤੌਰ ਪਰ ਚਲਾ ਆ ਰਿਹਾ ਹੈ, ਅਤੇ ਹਰ ਬੱਚੇ ਨੂੰ ਵਿਆਹ ਸ਼ਾਦੀ ਦੇ ਸਮੇਂ ਵੀ ਰਸਮ ਵਿਚ ਸ਼ਾਮਲ ਹੈ, ਅਤੇ ਘਰ ਵਿਚ ਵੀ ਗੁਰਗੱਦੀ ਪ੍ਰਵੇਸ ਵੇਲੇ ਪੂਰਨ ਮਰਿਯਾਦਾ ਵਿਚ ਸ਼ਾਮਲ ਹੈ। ਕੀ ਬਾਜੇ ਜਾਂ ਸਾਜ ਵਜਾਉਣੇ ਅਸੰਗਯ ਹਨ? ਜਦ ਕਿ (ਵਾਜੇ ਬਿਨਾਂ ਫੇਰੇ) ਵੀ ਨਹੀਂ ਲਏ ਜਾਂਦੇ ਜਿਸ ਦੀ ਗਵਾਹੀ ਗੁਰਬਾਣੀ ਵਿਚ ਮਉਜੂਦ ਹੈ ਤੇ ਹਰ ਖੁਸ਼ੀ ਦੇ ਸਮੇਂ ਬਜਾਏ ਜਾਂਦੇ ਰਹੇ ਨੇ, ਅਤੇ ਗੁਰਬਾਣੀ ਦੇ ਕੀਰਤਨ ਸਮੇਂ ਵੀ ਬਜਾਇ ਜਾਂਦੇ ਨੇ। ਇਹ ਠੀਕ ਹੈ ਕਿ ਵਾਜਿਆਂ ਦੀ ਹੋਂਦ ਬਦਲਦੀ ਰਹੀ-ਬਲਦੀ ਜਾਂਦੀ ਤੇ ਬਦਲਦੀ ਰਹੇਗੀ। ਉਹ ਰਿਵਾਜ ਦੇ ਅਨੁਸਾਰ ਹੋ ਸਕਦੀ ਹੈ ਪਰ ਗੁਨਾਹ ਨਹੀਂ ਕਹੀ ਜਾਂਦੀ। ਰਬਾਬ, ਮ੍ਰਿਦੰਗ, ਇਕਤਾਰਾ, ਸੁਰੰਗੀ ਢਢ, ਨਗਾਰਾ, ਜੋੜੀ, ਚਿਮਟਾ, ਛੈਣੇ ਇਹ ਸਾਰੇ ਗੁਰਮਤ ਵਿਚ ਅਲਾਊਡ ਹਨ ਫੇਰ ਇਹ ਤਾਂ ਇਤਿਹਾਸ ਦੀ ਕਿਸੇ ਬੜੇ ਪਛੋਕੜ ਦਾ ਅਗਾਜ਼ ਹੈ। ਖੁਸ਼ੀ ਦੇ ਸਮੇਂ ਦੀ ਤਾਂ ਗਲ ਹੀ ਹੋਰ ਹੁੰਦੀ ਹੈ ਪਰ ਮਰੇ ਪ੍ਰਾਣੀ ਨੂੰ ਸਮਸਾਨ ਲੈ ਜਾਣ ਵਾਲੇ ਵੀ ਕਈ ਬਾਜ਼ੇ ਬਜਾਇ ਜਾਂਦੇ ਨੇ ਕੀ ਪ੍ਰਮ ਪਿਤਾ ਦੀ ਬਖ਼ਸ਼ਸ਼ ਦਾ ਸ਼ਕ੍ਰਿਯਾ ਅਦਾ ਕਰਨਾ ਜਾ ਉਸਦਾ ਧਨਵਾਦ ਕਰਨਾ ਅਸੁਭ ਹੈ। ਕੀ ਖੁਸ਼ੀ ਦੇ ਮੌਕਿਆਂ ਤੇ ਫੁਲ ਬਰਸਾਉਣਾ ਅਸ਼ੁਭਯ ਹਨ ਜਦ ਕਿ ਅਜ ਕਲ ਵੀ ਵਿਆਹ ਸ਼ਾਦੀਆਂ ਦੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿਚ ਬਚੇ ਬਚੀ ਤੇ ਫੁਲ ਬਰਸਾਏ ਜਾਂਦੇ ਨੇ, ਕੀ ਸੰਖ ਵਜਾਉਣੇ ਟੱਲ ਖੜਕਾਉਣੇ ਘੰਟੀ ਵਜਾਉਣੀ ਜਾਂ ਘੜਿਆਲ ਖੜਕਾਉਣੀ ਗੁਰਮਤਿ ਵਿਚ ਵੀ ਦਰਬਾਰ ਸਾਹਿਬ ਦੇ ਅਗੇ ਅਗੇ ਹੋਕੇ ਖੜਕਾਈ ਜਾਂਦੀ ਹੈ। ਕੀ ਨਾਮ ਦੀ ਮਹਿਮਾ ਕਰਨ ਲਈ ਵੇਦ ਚੌਹਾਂ ਜੁਗਾਂ ਵਿਚ ਚਾਰੇ ਵਰਨਾ ਵਲੋਂ ਮੁਖ ਗ੍ਰੰਥ ਵਜੋਂ ਪ੍ਰਮਾਨਤਾ ਹੈ (ਸਿਮ੍ਰਤੀ ਸਾਸਤ੍ਰ ਬੇਦ ਪੁਰਾਣ । ਪਾਰਬ੍ਰਹਮ ਕਾ ਕਰਹਿ ਵਖਿਆਣ) ਪੰ: ੮੬੭। ਅੰ: ੪। ੧੪। ੧੭। ਜਿਹੜੇ ਵੇਦ ਪੜਕੇ ਵੀ ਵਾਦਿ ਹੀ ਵਖਾਣਦੇ ਰਹੇ ਉਨ੍ਹਾਂ ਨੂੰ ਸਿੱਖ ਦੇਣ ਲਈ ਗੁਰਮਤਿ ਦੀ ਸਤਿਗੁਰਾਂ ਨੂੰ ਸੇਧ ਦੇਣੀ ਪਈ। ਪਿੱਠ ਮਰੋੜ ਕੇ ਗਹੁ ਨਾਲ ਤਕੋ ਤਾਂ ਗੁਰਬਾਣੀ ਤੋਂ ਪਹਿਲਾਂ ਸਮਿਆਂ ਵਿਚ ਪੁੰਨ ਪਾਪ ਦੀ ਸੇਧ ਵੇਦਾਂ ਤੋਂ ਹੀ ਤਾਂ ਪ੍ਰਾਪਤੀ ਹੋਈ ਸੀ ਗੁਰੂ ਜੀ ਦਾ ਬਚਨਹੈ–

ਬੇਦ ਬਾਦ ਸਭਿ ਆਖਿ ਵਖਾਣਹਿ ।
ਨ ਅੰਤਰੁ ਭੀਜੈ ਨ ਸਬਦੁ ਪਛਾਣਹਿ ।
ਪੁੰਨੁ ਪਾਪੁ ਸਭੁ ਬੇਦਿ ਦ੍ਰਿੜਾਇਆ ।
ਗੁਰਮੁਖਿ ਅੰਮ੍ਰਿਤੁ ਪੀਜੈ ਹੇ ।੧੫।

Digitized by Panjab Digital Library | www.panjabdigilib.org

ਪੰ: ੧੦੫੦ ਮ: ੫ ।

ਗੁਰਖ ਵੇਦਾਂ ਵਿਚੋਂ ਐਉਂ ਅੰਮ੍ਰਿਤ ਪੀਦੇ ਹਨ,
ਜਿਵੇਂ ਹੰਸ ਦੁਧ ਚੋ ਪਾਣੀ ਛਾਣਕੇ ਪੀਦਾ ਹੈ।

ਅਗੇ-ਜੇਹੜੀ ਸੰਤਾਂ ਵਲ ਰੋੜੀ ਸੁਟੀ ਹੈ--ਸੰਤ ਸਾਰੇ ਇਕ ਜਿਹੇ ਨਹੀਂ ਹੁੰਦੇ ਸਗੋਂ (ਸੰਤ ਸਮੂਹ ਅਨੇਕ ਮਤੀ ਕੇ) ਸ੍ਰੀ ਦਸਮੇਸ਼ ਜੀ ਦਾ ਕਹਿਣਾ ਹੈ ਕਿ ਸੰਤ ਅਨੇਕ ਪ੍ਰਕਾਰ ਦੇ ਹੁੰਦੇ ਨੇ ਤੇ ਉਹਨਾਂ ਦੀ ਮਤੀ ਸਿਮ੍ਰਤੀ ਵੀ ਆਪੋ-ਆਪ ਹੁੰਦੀ ਹੈ । ਕੁਝ ਉਹਨਾਂ ਨੂੰ ਛੱਡ ਕੇ ਜਿਹੜੇ ਗੁਰਮਤਿ ਦਾ ਵਿਰੋਧ ਸੀਲ ਹਨ, ਕੁਝ ਗੁਰਮਤਿ ਨੂੰ ਸਲਾਹੁੰਦੇ ਹਨ ਮਹਜ਼ ਆਪਣੇ ਲਾਭ ਲਈ, ਕੁਝ ਗੁਰਮਤਿ ਤਾਂ ਮੰਨਦੇ ਨੇ ਪਰ ਅਸੂਲ ਤੋਂ ਕਿਨਾਰਾ ਕਸਦੇ ਹਨ, ਕੁਝ ਅਨਾੜੀ ਨਾਂ ਇਧਰ ਨਾਂ ਉਧਰ ਉਹਨਾਂ ਨੂੰ ਛੱਡ ਕੇ ਜਿਹੜੇ ਗੁਰੂ ਘਰ ਦੇ ਬਿਸਵਾਸੀ ਹਨ ਉਹਨਾਂ ਦਾ ਤਾਂ ਰਿਣ ਚੁਕਾਇਆ ਹੀ ਨਹੀਂ ਜਾ ਸਕਦਾ । ਜੇ ਕਰ ਇਥੇ ਕੁਝਕ ਦਾ ਵੀ ਪ੍ਰੀਚਯ ਦਿਤਾ ਜਾਵੇ ਤਾਂ ਇਕ ਵਿਸਥਾਰਕ ਗ੍ਰੰਥ ਵਜੂੰਦ ਵਿਚ ਆ ਸਕਦਾ ਹੈ । ਪਰ ਉਧਾਹਰਨ ਦੇ ਤੌਰ ਪਰ (ਸੰਤ ਰਾੜੇ ਵਾਲੇ) ਮਹਾਂ ਪੁਰਸ਼ ਮਹਾਂਨ ਹਸਤੀ ਸੰਤ ਈਸਰ ਸਿੰਘ ਜੀ ਮਹਾਰਾਜ ਦੇਹ ਸਰੀਰ ਤਿਆਗ ਕੇ ਸਚ ਖੰਡ ਜਾ ਬਰਾਜੇ ਨੇ । ਉਹਨਾਂ ਦੇ ਸੇਵਕ ਸੰਤ ਸੁਖਦੇਵ ਸਿੰਘ ਜੀ ਨੇ ਸੰਤਾਂ ਦੀ ਚੌਧਵੀ ਬਰਸੀ ੪ ਸਤੰਬਰ ੧੯੮੯ ਨੂੰ ਮਨਾਈ ਪਿੰਡ (ਅਲਹੋਰਾ) ਵਿਚ ਜਿਥੇ ਇਸ ਅਵਸਰ ਤੇ ੧੧੧੮ ਪ੍ਰਾਣੀਆਂ ਨੇ ਅੰਮ੍ਰਿਤ ਛਕਕੇ ਗੁਰਮਤਿ ਧਾਰਨ ਕੀਤੀ । ਉਹਨਾਂ ਦੀ ਪਿਛਲੀਆਂ ੧੩ ਬਰਸੀਆਂ ਤੇ ਉਹਨਾਂ ਦੇ ਜੀਵਨ ਕਾਲ ਦੇ ਸਮੇਂ ਵਿਚ ਅੰਮ੍ਰਿਤ ਅਭਿਲਾਸੀਆਂ ਦੀ ਤਾਦਾਦ ਕੌਣ ਦਸ ਸਕਦਾ ਹੈ ? ਕਿ ਉਹਨਾਂ ਆਪਣੇ ਜੀਵਨ ਸਫਰ ਵਿਚ ਕਿਨੇ ਪ੍ਰਾਨੀਆਂ ਨੂੰ ਗੁਰ ਸਿੱਖੀ ਸਰੂਪ ਬਖਸਿਆ ਹੋਵੇਗਾ । ਇਹੋ ਜਿਹੀਆਂ ਹਸਤੀ ਸੈਂਕੜੇ ਅਤੀਤ ਵਿਚ ਹੋ ਗੁਜ਼ਰੀਆਂ ਵਰਤਮਾਨ ਵਿਚ ਹੈਨ ਤੇ ਹੁੰਦੀਆਂ ਰਹਿਣਗੀਆਂ । ਇਹ ਸੰਤ ਸ਼ਰੀਣੀ ਹੀ ਹੈ ਜੋ ਬੇ ਲਾਗ ਸੇਵਾ ਕਰਕੇ ਕਿਧਰੇ ਪੰਥ ਦੀ ਚੜਦੀ ਕਲਾ ਲਈ ਜੁਝ ਰਹੀ ਹੈ ਕਿਧਰੇ ਗੁਰ ਧਾਮਾ ਦੀ ਤੇ ਲੰਗਰਾਂ ਦੀ ਸੇਵਾ ਕਰ ਰਹੀ ਹੈ, ਕਿਧਰੇ ਕਥਾ ਕੀਰਤਨ ਕਰਕੇ ਭੂਲੇ ਭਟਕੇ ਪੇਂਡੂ ਖੇਤਰਾਂ ਨੂੰ ਬਾਣੀ ਤੇ ਬਾਣੇ ਨਾਲ ਜੋੜ ਰਹੀ ਹੈ--

ਸੁਣ ਬੇਨਤੀ ਸੁਆਮੀ ਅਪਨੇ
ਨਾਨਕੁ ਇਹੁ ਸੁਖੁ ਮਾਗੈ ।
ਜਹ ਕੀਰਤਨ ਤੇਰਾ ਸਾਧੂ,
ਗਾਵਹਿ ਤਹ ਮੇਰਾ ਮਨੁ ਲਾਗੈ ।

ਪੰ: ੬੧੧ । ਮ: ੫ ।

ਹਮ ਸੰਤਨ ਕੀ ਰੇਨੁ ਪਿਆਰੇ,
ਹਮ ਸੰਤਨ ਕੀ ਸਰਣਾ ।
ਸੰਤ ਹਮਾਰੀ ਓਟ ਸਤਾਣੀ,
ਸੰਤ ਹਮਾਰਾ ਗਹਣਾ ।

ਪੰ: ੬੧੪ । ਮ: ੫ ।

ਸੰਗਤਾਂ ਨਾਂ ਤਾਂ ਪੇਸ਼ਾਵਰ ਗ੍ਰੰਥੀਆਂ ਦਾ ਅਸਰ ਕਬੂਲਦੇ ਹਨ ਨਾਂ ਹੀ ਪੇਸ਼ਾਵਰ ਰਾਗੀਆਂ ਦੇ ਅਤੇ ਨਾਂ ਉਹਨਾਂ ਲੇਖਕਾਂ ਦਾ ਸੰਗਤਾਂ ਤੇ ਵਾਹ ਚੜ੍ਹਦਾ ਹੈ ਜੋ ਇਛਾ ਵਸਿ ਹੋਕੇ ਸਮਾਜ ਸੁਧਾਰ ਦੀ ਸੇਵਾ ਕਰਦੇ ਹਨ । ਸਾਡਾ ਆਪਣਾ ਪ੍ਰਭਾਵ ਤਾਂ ਇਥੋਂ ਤਕ ਹੀ ਮਹਦੂਦ ਹੈ ।

ਮੂਰਖ ਦੁਬਿਧਾ ਪੜਹਿ ਮੂਲ ਨ
ਪਛਾਣਹਿ ਬਿਰਥਾ ਜਨਮੁ ਗਵਾਇਆ ।
ਸੰਤ ਜਨਾ ਕੀ ਨਿੰਦਾ ਕਰਹਿ
ਦੁਸਟ ਦੈਤ ਚਿੜਾਇਆ ।

ਪੰ: ੧੧੩੩ । ਮ: ੩ ।

ਨਜਰ ਮੇਰੇ ਦਿਲ ਕੀ
ਪੜੀ ਦਰਦ ਜਿਸ ਪਰ ।
ਜਿਧਰ ਦੇਖਤਾ ਹੂੰ
ਵਹੀ ਰੂਬਰੂ ਹੈ । [ਮੀਰ ਦਰਦ

ਸ੍ਰੀ ਗੁਰੂ ਦੇਵ ਜੀ ਨੇ ਆਰਤੀ ਕਰਨ ਤੋਂ ਮਨਾਂ ਨਹੀਂ ਕੀਤਾ, ਆਰਤੀ ਕਰਨਾ ਆਰਤ ਦਾ ਵਿਰਸਾ ਹੈ ਜੋ ਆਪਣੇ ਮਾਲਕ ਪਾਸੋਂ ਲੋੜਾਂ ਦੀ ਪੂਰਤੀ ਲਈ ਸਵਾਲ ਕਰਕੇ ਲੈਣਾ ਹੈ, ਮਾਲਕ ਦਾਤਾ ਹੈ ਇਨਸਾਫ ਇਕ ਮੰਗਤਾ ਮੰਗਤੇ ਦਾ ਕੰਮ ਹੋਰ ਕੀ ਹੁੰਦਾ ਹੈ ਕੁਝ ਨਾਂ ਕੁਝ ਹਰਦਮ ਮੰਗਦੇ ਰਹਿਣਾ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਮ ਪਿਤਾ ਦੀ ਸਿਫਤ ਕਰਦੇ ਹੋਇਆਂ ਉਸਦੀ ਕ੍ਰਿਪਾ ਦਾ ਜਲ ਮੰਗਿਆ ਹੈ, ਅਗਲੇ ਸ਼ਬਦ ਵਿਚ ਸ੍ਰੀ ਰਵਿਦਾਸ ਜੀ (ਸਤਿਨਾਮ ਦੇ ਭੋਗ) ਨੂੰ ਮਹਤਤਾ ਦਿੰਦੇ ਨੇ, ਭਗਤ ਸੈਣ ਜੀ (ਭੈ ਤਾਰਿ ਗੋਬਿੰਦੇ) ਸੰਸਾਰ ਸਾਗਰ ਤੋਂ ਤਰਣ ਦੀ ਮੰਗ ਕਰਦੇ ਹਨ, ਕਬੀਰ ਜੀ (ਜੋਤਿ ਲਾਇ ਜਗਦੀਸ਼ ਜਗਾਇਆ) ਦੀ ਬੁਝਾਰਤ ਨੂੰ ਬੁਝਣ ਦੀ ਪ੍ਰੇਰਨਾ ਦਿੰਦੇ ਨੇ

Digitized by Panjab Digital Library | www.panjabdigilib.org

ਤੇ ਅਗੇ ਸ੍ਰੀ ਦਸਮੇਸ਼ ਜੀ ਜੁਧ ਦੇ ਵਿਚ ਸ਼ਹੀਦੀ ਪਾਉਣ ਤੇ ਸੰਤਾਂ ਭਗਤਾਂ ਦੀ ਸਹਾਇਤਾ ਦਾ ਦਾਨ ਮੰਗਦੇ ਹਨ। ਜੋ ਬਾਜਿਆਂ ਸਹਿਤ ਬਿਨਾਂ ਬਾਜਿਆਂ ਹਰ ਤਰਾਂ ਮੰਗ ਕੀਤੀ ਜਾ ਸਕਦੀ ਹੈ।

ਸਭ ਮਹਿ ਜੋਤਿ ਜੋਤਿ ਹੈ ਸੋਇ।
ਤਿਸਕੈ ਚਾਨਣਿ ਸਭ ਮਹਿ ਚਾਨਣ ਹੋਇ।
ਔਰਨ ਮਾਂਗਤ ਨਾਹਿ ਤੁਮਤੇ ਕਛੁ
ਚਾਹਤ ਹੋਂ ਚਿਤ ਮੈਂ ਸੋਦੀ ਕੀਜੈ।
ਸ਼ਸਤ੍ਰਨ ਸੋ ਅਤਿ ਹੀ ਰਣ ਭੀਤਰ
ਜੂਝ ਮਰੋਂ ਤਉ ਸਾਚ ਪਤੀਜੈ।

ਕੀ ਇਹ ਉਪ੍ਰੋਕਤ-ਮੰਗ ਵੀ ਤਾਂ ਪੜੀ ਜਾਂਦੀ ਹੈ-ਸੋ ਇਹ ਕਿਥੋਂ ਆਈ ?

(੨੮) **ਨੌਂ-ਕੰਡਾ**-ਸਾਨੂੰ ਐਵੇਂ ਵਾਧੂ ਸ਼ੰਕੇ ਸਹੇੜਨ ਦੀ ਲੋੜ ਨਹੀਂ (ਬਹੁਤਿ ਸਿਆਣਪ ਜਮ ਕਾ ਭਉ ਵਿਆਪੈ) ਪ੍ਰਭੂ ਪ੍ਰਾਪਤੀ ਭੋਲੇ ਭਾਇ ਵਿਚ ਹੀ ਹੈ। ਰਾਮ ਤੇ ਸ਼ਾਮ ਨਾਮ ਦਾ ਪ੍ਰਮਾਦ ਲਈ ਦੇਖੋ ਭਾਗ ੭ਵਾਂ ਦਸਮ ਗ੍ਰੰਥ ਸਾ: ਦਾ ਨਿਰਨੇ ਦਾ ਨਿਰਨੇ, ਪਰ ਚੋਣਵੀਂ ਬਾਣੀ ਦਸਮ ਗ੍ਰੰਥ ਸ੍ਰੀ ਮਾਨ ਲਾਲ ਸਿੰਘ ਜੀ ਐਮ. ਏ. ਪੰ: ੬ ਤੇ ਲੇਖ ਹੈ। ਕਿ ਪੰਡਿਤ ਸ਼ਿਵ ਦਿੱਤ ਜੋ ਸ਼ਹਿਤ 'ਚ ਬੜਾ ਧਰਮਾਤਮਾ ਕਰਕੇ ਪ੍ਰਸਿੱਧ ਸੀ ਉਹ "ਗੁਰੂ ਗੋਬਿੰਦ" ਦੀ ਚਾਲ-ਢਾਲ ਵਿਚ ਰਾਮ ਤੇ ਸ਼ਾਮ ਨੂੰ ਵੇਖਦਾ ਸੀ। ਮੂਰਤੀ ਪੂਜਾ ਦੀ ਥਾਂ ਨੂਰੀ ਬਾਲਕ ਉਸਦੇ ਧਿਆਨ ਦਾ ਕੇਂਦਰ ਬਣ ਚੁਕਾ ਸੀ ਸਥਾਨਕ ਰਾਜਾ ਫਤਹ ਚੰਦ ਮੈਣੀ ਜਦੋਂ ਪੁਤਰ ਦੀ ਲਾਲਸਾ ਨਾਲ ਸ਼ਿਵਦਿਤ ਜੀ ਪਾਸ ਆਏ ਤਾਂ ਉਸ ਨੇ 'ਮਨ-ਮੋਹਣੇ' ਬਾਲਕ ਦੀ ਦਸ ਪਾਈ। ਰਾਜਾ ਤੇ ਰਾਣੀ ਨੂਰ ਬਾਲਕ ਦੀ ਅਰਾਧਨਾ ਵਿਚ ਜੁਟੇ ਤਾਂ ਅਚਨਚੇਤ ਹੀ ਖਿਧੋ ਦੇ ਬਹਾਨੇ ਸਮੇਤ ਹੋਰ ਬਚਿਆਂ ਦੀ ਢਾਣੀ ਸ੍ਰੀ ਗੁਰੂ ਗੋਬਿੰਦ ਜੀ ਰਾਣੀ ਦੀ ਗੋਦ ਵਿਚ ਜਾ ਬੈਠੇ ਅਤੇ ਜਾਕੇ ਕਿਹਾ ਸੀ (ਮਾਤਾ ਜੀ ਝਾਤ) ਅਤੇ ਖਿੜ-ਖੜਾਕੇ ਹੱਸ ਪਏ। ਜਿਸ ਨਾਲ ਰਾਜੇ ਤੇ ਰਾਣੀ ਦੀ ਮਨੋ ਕਾਮਨਾ ਦੀ ਤ੍ਰਿਪਤੀ ਹੋ ਗਈ, ਅਤੇ ਛੋਲਿਆਂ ਦਾ ਪ੍ਰਸਾਦਿ ਲੈਕੇ ਖਾਧਾ ਸੀ। ਜਿਸ ਦੀ ਯਾਦ ਵਿਚ (ਮੈਣੀ-ਸੰਗਤਿ ਗੁਰੂ ਦੁਆਰਾ ਵਿਚ ਛੋਲਿਆਂ ਦਾ ਪ੍ਰਸਾਦਿ ਅਜ ਤਕ ਵਰਤਾਇਆ ਜਾਂਦਾ ਹੈ। ਇਸ ਤਰਾਂ ਸਪੁਰਖਾਂ ਦੇ ਸਭ ਨਾਵਾਂ ਨਾਲ ਤਖੁਲਸਾਂ ਦੇ ਕਈ-ਕਈ ਕਾਰਣ ਹੁੰਦੇ ਹਨ ਸਮੂਹਕ ਦਰਸ਼ਨ ਕਰੋ ਕਲਗੀਧਰ ਚਮਤਕਾਰ ਭਾ.ਵੀਰ ਸਿੰਘ ਖੰਡਨ ਦੇ ਪੰ: ੧੧੫ ਤੇ ਜੈ ਕਾਰ ਸ਼ਬਦ ਨੂੰ ਲਿਖਣ ਤੇ ਚੰਡੀ ਦੀ ਜੈ ਕਾਰ ਮੰਨ ਲਿਆ ਹੈ ਜਾਂ ਦੇਵੀ ਦੀ ਉਸਤਤਿ ਕਿਹਾ ਹੈ-ਇਹ ਸ੍ਰੀ ਦਸਮ ਗ੍ਰੰਥ ਦੇ ਲੇਖਕ ਵਲੋਂ ਨਹੀਂ ਸਗੋਂ ਇਹ ਮੰਨ ਲੈਣਾ ਹੋਸ਼ਾਂ ਨੂੰ ਹਵਾ ਦੇਣਾ ਹੈ-ਬੀਤੇ ਦਾ ਉਲੇਖ ਨਿਰਪਖ ਤੇ ਠੀਕ ਕਰਨਾ ਲੇਖਕ ਦਾ ਫਰਜ਼ ਹੀ ਨਹੀਂ ਸਗੋਂ ਧਰਮ ਹੈ। ਇਥੇ ਨਮੋ ਆਦਿ ਸ਼ਬਦ ਦੀ ਉਪੇਖਿਆ ਫਤਹ ਦੀ ਪ੍ਰਾਪਤੀ ਉਪ੍ਰੰਤ ਦੇਵਤਿਆਂ ਵਲੋਂ-ਕੀਤੀ ਦਰਸਾਈ ਹੈ। ਅੰਤ-ਵਿਚ ਸਮਾਪਤੀ ਤੇ ਚੰਡੀ ਚਰਿਤ੍ ਉਸਤਤਿ ਬਰਨਨੰ ਦਾ ਭਾਵ ਲਿਖਾਰੀ ਕਹਿੰਦਾ ਹੈ, ਕਿ ਦੇਵਤਿਆਂ ਵਲੋਂ ਕੀਤੀ ਗਈ ਚੰਡੀ ਦੀ ਉਸਤਤਿ ਵਰਨਣ ਕਰਕੇ ਇਥੇ ਪ੍ਰਕਰਣ ਦੀ ਸਮਾਪਤੀ ਹੈ।

ਚੰਡੀ ਦੀ ਵਾਰ ਲਿਖਣ ਵੇਲੇ ਸਭ ਤੋਂ ਪਹਿਲਾਂ-੧ਓ ਵਾਹਿਗੁਰੂ ਜੀ ਕੀ ਫਤਹ ਸ੍ਰੀ ਦਸਮੇਸ਼ ਦੇ ਗੌਰਵ ਦੀ ਗਰੰਟੀ ਹੈ ਜੋ ਸ੍ਰੀ ਗੋਬਿੰਦ ਸਿੰਘ ਆਲਮ ਦੀ ਮੋਹਰ ਹੈ ਅਗੇ-ਨੌਆਂ ਹੀ ਪੂਰਵ ਗੁਰੂਆਂ ਅਗੇ ਪ੍ਰਾਰਥਨਾ ਹੈ-ਅਰਦਾਸ ਹੈ ਜੋ ਸੀਨਾਂ ਬਸੀਨਾਂ ਅਜ ਵੀ ਸਾਡੇ ਤਕ ਪੁਜਦੀ ਹੈ, ਭਗਉਤੀ ਅਖੰਡ ਰੂਪ ਸ੍ਰੀ ਕਾਲ ਜੀ ਦਾ ਦਰਸਾਉਂਦੀ ਹੈ। (ਤੈ ਹੀ ਦੁਰਗਾਸਾਜਿ ਕੈ ਦੈਤਾਂ ਦਾ ਨਾਸੁ ਕਰਾਇਆ) ਦੇ ਅਗੇ ਸ਼ੰਕੇ ਦਾ ਘੋੜਾ ਚਲ ਹੀ ਨਹੀਂ ਸਕਦਾ। ਇਹ ਉਪ੍ਰੋਕਤ ਲੇਖ ਲਿਖਣ ਵਿਚ ਕੋਈ ਸਾਕਤ ਕਵੀ ਚੁਸਤੀ ਨਹੀਂ ਵਰਤ ਸਕਦਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਏਕਾ ਦ੍ਰਿਸ਼ਟੀ ਤੇ ਆਸਤਕਤਾ ਦੇ ਵਾ ਵਿਰੋਲੇ ਸਨ, ਉਹਨਾਂ ਦੇ ਘੇਰੇ ਵਿਚ ਨਾਸਤਕ ਤੇ ਸਾਕਤ ਕਵੀਆਂ ਲਈ ਕੋਈ ਸੂਈ ਦੇ ਨੱਕੇ ਜਿਨਾਂ ਵੀ ਥਾਂ ਨਹੀਂ ਹੋ ਸਕਦਾ। ਜਿਥੇ ਭਾ: ਗੁਰਦਾਸ ਜੀ, ਭਾਈ ਮਨੀ ਸਿੰਘ ਜੀ, ਭਾਈ ਨੰਦ ਲਾਲ ਸਿੰਘ ਜੀ ਜਿਹੇ ਸੂਝ ਬੂਝ ਦੇ ਥੰਮ ਤੇ ਪੂਰਨ ਭਰੋਸੇ ਤੇ ਸਿਦਕ ਦੇ ਵਫਾਦਾਰ ਮੁਢ ਖੜੇ ਹੋਣ ਉਥੇ ਅਕ ਦੀਆਂ ਕੁਕੜੀਆਂ ਚੋਂ ਨਿਕਲੀ ਰੂਈ ਦੀ ਕੀ ਵਸਾਈ ਹੋ ਸਕਦੀ ਹੈ। ਜਿਥੇ ਘਰ ਦੇ ਪਾਲਤੂ ਤੇ ਗੁਰੂ ਦੇ ਚੇਹਤੇ ਮਸੰਦ ਸਾੜੇ ਜਾ ਸਕਦੇ ਹਨ ਉਥੇ ਔਰੇ ਗੈਰੇ ਦੀ ਕੀ ਵੁਕਤ ਹੋ ਸਕਦੀ ਹੈ ?ਦੂਜੇ ਸ੍ਰੀ ਦਸਮ ਗ੍ਰੰਥ ਤਾਂ ਕਿਸੇ ਕਵੀ ਤਕ ਜਾਣ ਦਾ ਸਵਾਲ ਹੀ ਨਹੀਂ ਜੋ ਖਾਸ ਸ੍ਰੀ ਦਸਮੇਸ਼ ਜੀ ਦੇ ਆਪਣੀ ਤਵੀਲ ਵਿਚ ਸੀ। ਦਿਲੀ ਜਾਕੇ ਤਾਂ ਹੀ ਮਨੀ ਸਿੰਘਨੇ ਕੀਤਾ ਜੋ ਉਸ ਵੇਲੇ ਆਪਦੇ ਪਾਸ ਸੀ, ਬਾਬਾ

Digitized by Panjab Digital Library | www.panjabdigilib.org

ਦੀਪਸਿੰਘ ਨੇ ੪ ਬੀੜਾਂ ਆਦਿ ਗ੍ਰੰਥ ਤੇ੪ ਦਸਮ ਗ੍ਰੰਥ ਦੀਆਂ ਤਾਂ ਹੀ ਲਿਖੀਆਂ ਜੇ ਉਹਨਾਂ ਦੇ ਪਾਸ ਸਨ। ਫੇਰ ਉਹਨਾਂ ਅੰਦਰ ਚੋਰਾਂ ਦਾ ਘੁਸਣਾ ਜਿਵੇਂ ਸਿੱਧ ਹੋ ਸਕਦਾ ਹੈ ਜੇਹੈਤਾਂ ਕੋਈ ਸਿੱਧਾ ਨਾਮ ਦਸੇ ਤੇ ਉਸ ਦਾ ਕ੍ਰਿਤ ਕਾਰਣ ਦਸੇ। ਉਤੋਂ ਦਿਸੇ ਬਾਰਾਤਾਲੀ ਵਿਚੋਂ ਦੇਖੋ ਤਾਂ ਝੱਲੇ ਦੀ ਮਾਰੀ ਵਾਲੀ ਗੱਲ ਦੇ ਕੀ ਅਰਥ ਹਨ ? ਜਿਹੜਾ ਕਾਲ-ਬਕਾਲ ਦਾ ਨਾਂ ਵਰਤਣਾ ਹੈ ਉਹ ਕਿਹੜੇ ਗੰਗਾ ਦੇ ਪਾਂਡੇ ਦੀ ਬਹੀ ਵਿਚੋਂ ਲਭਾ ਜੇ ? ਜਦ ਕਿ ਕਾਲ-ਬਿਕਾਲ ਦਸਮ ਗ੍ਰੰਥ ਅਤੇ ਆਦ ਗ੍ਰੰਥ ਸਾਹਿਬ ਵਿਚ ਅਨੇਕਾਂ ਥਾਈਂ ਮਿਲਦਾ ਹੈ।

ਕਾਲੁ ਬਿਕਾਲ ਕਹੇ ਕਹਿ ਬਪਰੇ,
ਜੀਵਤ ਮੂਆ ਮਨ ਮਾਰੀ।

ਪੰ: ੯੦੯ । ਮ: ੧

ਭਾ: ਜੀਵਨ ਤੇ ਮੌਤ ਉਸ ਨੂੰ ਕੀ ਆਖਦੇ ਨੇ ਜਿਸ ਨੇ ਜੀਵਤ ਹੀ ਆਪ ਨੂੰ ਮਾਰ ਲਿਆ ਹੈ–

ਕਾਲੁ ਬਿਕਾਲੁ ਭਏ ਦੇਵਾਨੇ।
ਸਬਦ ਸਹਜ ਰਸੁ ਅੰਤਰਿ ਮਾਨੇ।

ਪੰ: ੧੦੨੧ । ਮ: ੧

ਭਾ: ਮੌਤ ਤੇ ਜਨਮ ਉਹਨਾਂ ਲਈ ਕਮਲੇ ਹੋ ਗਏ ਹਨ।

ਜੋ ਸ਼ਬਦ ਰੂਪ ਰਸ ਨੂੰ ਅੰਦਰ ਮਾਣਦੇ ਹਨ, ਇਹਨਾਂ ਲੇਖਾਂ ਤੇ ਬਹਿਸ ਹੀ ਕਾਹਦੀ, ਜਿਥੇ ਇਲ ਨੂੰ ਕੁੱਕੜ ਹੀ ਕਿਹਾ ਜਾਂਦਾ ਹੋਵੇ ਅਤੇ ਰੁਖ ਦਾ ਅਰਥ ਟੁਕਰ ਹੀ ਕਰਦੇ ਹੋਣ । ਅਗੇ ਕਈ ਪੰਨੇ ਇਸੇ ਤਰ੍ਹਾਂ ਕਾਲੇ ਕਰੇ ਹੋਇ ਨੇ ਪੰਗਤੀਆਂ ਗੁਰਬਾਣੀ ਦੀਆਂ ਭਾਵ ਖਿਚੋ-ਤਾਣ, ਨਾ ਪਾਵੇ ਨਾ ਬਾਹੀ ਮੰਜੇ ਲਈ ਮੁੰਜ ਦਾ ਬਾਣ। ਜਿਵੇਂ ਪੰ: ੪੦ ਤੇ ਕਿਹਾ ਹੈ ਕਿ ਪ੍ਰੋ: ਮਹਿਬੂਬ ਦੀ ਪੁਸਤਕ (ਸਹਜੇ ਰਚਿਓ ਖਾਲਸਾ) ਦਾ ਬਿਪ ਸੰਸਾਰ ਛੇਵੀਂ ਕਿਤਾਬ ਵਾਲਾ ਭਾਗ ਵਿਸ਼ੇਸ਼ ਕਰਕੇ ਘੋਖਣ ਦੀ ਪਿਆਰੇ ਪਾਠਕ ਜੀ ਅਵੱਸ਼ ਕ੍ਰਿਪਾਲਤਾ ਕਰਨ ਤਾਂ ਕਿ ਤੁਹਾਡੇ ਦਿਲ ਦਿਮਾਗ ਤੇ ਗੁਰਮਤਿ ਦੀ ਨਿਰਮਲ ਵਿਚਾਰ ਰੋਸ਼ਨ ਹੋ ਜਾਣ। ਇਸ ਦੇ ਉਤਰ ਵਿਚ ਪਾਠਕਾਂ ਦਾ ਦਿਲ ਦਿਮਾਗ ਇਹੋ ਜਿਹਾ ਹੀ ਰੋਸ਼ਨ ਹੋਵੇਗਾ, ਜਿਹੋ ਜਿਹਾ ਸ੍ਰੀਮਾਨ ਜੀ ਦਾ ਰੌਸ਼ਨ ਹੋ ਗਿਆ ਹੈ, ਜਿਸ ਨੂੰ ਸ੍ਰੀ ਦਸਮੇਸ਼ ਜਿਹੇ ਸਾਗਰ ਵਿਚੋਂ ਨਿਕਲੇ ਹੀਰੇ ਮੋਤੀ ਜਿਨ੍ਹਾਂ ਦਾ ਸਿਰ ਦੇ ਕੇ ਵੀ ਮੁਲ ਨਹੀਂ ਚੁਕਾਇਆ ਜਾ ਸਕਦਾ ਇਹੋ ਜਿਹੇ ਵਿਰੋਧੀ ਲੇਖ ਪੜ੍ਹ ਕੇ ਰੋਸ਼ਨੀ ਤਾਂ ਕੀ ਪ੍ਰਾਪਤ ਹੋਣੀ ਹੈ ਸਗੋਂ ਸਿਰ ਜ਼ਰੂਰ ਫਿਰ ਜਾਏਗਾ।

ਨੋਟ ਨੰ: ੨–ਆਪਦਾ ਲੇਖ ਹੈ ਕਿ ਅਕਾਲ ਉਸਤਤਿ ਸ੍ਰੀ ਦਸਮੇਸ਼ ਜੀ ਕ੍ਰਿਤ ਹੋਣ ਬਾਰੇ ਕੋਈ ਦੋ ਰਾਵਾਂ ਨਹੀਂ, ਪਰੰਤੂ ਇਸ ਵਿਚ ਵੀ ਕਿਸੇ ਚਤੁਰ ਕਪਟੀ ਤੇ ਗੁਰਮਤਿ ਦੇ ਨਿਰਮਲ ਸਿਧਾਂਤਾਂ ਦੇ ਦੋਖੀ ਨੇ ੨ ਸਤੋਤ੍ਰ ੨੦੧ ਤੋਂ ੨੨੦ ਤਕ ਦੇਵੀ ਦੇ ਪਾ ਦਿਤੇ ਹਨ, ਜਿਨ੍ਹਾਂ ਦਾ **ਅਕਾਲ ਉਸਤਤਿ ਦੀ ਬਾਕੀ ਰਚਨਾ** ਨਾਲ ਦੂਰ ਦਾ ਵੀ ਸਬੰਧ ਨਹੀਂ। ਇਹ ਇਕ ਇਕੱਲਾ ਸਬੂਤ ਹੀ ਇਹ ਸਚ ਸਿਧ ਕਰਨ ਲਈ ਕਾਫੀ ਹੈ ਕਿ "ਦਸਮ ਗ੍ਰੰਥ ਕਿਵੇਂ ਸੰਦਿਗਤ (ਸ਼ੱਕੀ) ਬਾਣੀਆਂ ਨਾਲ ਭਰਪੂਰ ਹੈ ।

ਕੇਵਲ ਪੰਜ ਬਾਣੀਆਂ ਹੀ ਦਸ਼ਮੇਸ਼ ਜੀ ਦੀ ਆਪਣੀ ਰਚਨਾ ਹਨ : ਜਾਪ ਸਾਹਿਬ, ਅਕਾਲ ਉਸਤਤਿ, ਚੰਡੀ ਵਾਲੇ ਕਬਿਤਾਂ ਨੂੰ ਛਡਕੇ ੩੩ ਸਵੈਯੇ, ਸ਼ਬਦ ਹਜ਼ਾਰੇ ਅਤੇ ਜ਼ਫ਼ਰ ਨਾਮਹ।

ਇਹ ਹੈ ਸ੍ਰੀ ਮਾਨ ਯੋਗ ਜੀ ਦਾ ਅ... ਪੂਰੀ ਨਜੂਮਤਾ ਦਾ ਅਕਟ ਫੈਸਲਾ । ਹੁਣ ਪਿਆਰੇ ਪਾਠਕ ਜੀ ਤੁਸੀਂ ਆਪਣੇ ਦੂਜੀ ਦੇ ਹਿਸਾਬ ਨੂੰ ਹਥ ਚ ਲੈ ਕੇ ਕਰੋ ਜਮਾਂ ਖਰਚ । ਜਮਾਂ ਜਾਪ ਸਾਹਿਬ ਦੇ ਪੰ: ੧੦ ਜਮਾ ਅਕਾਲ ਉਸਤਤਿ ਦੇ ਪੰਨੇ ਕੁਲ ੨੮ ਵਿਚੋਂ ਚੋਰਾਂ ਦੇ ਲਿਖੇ ਚੰਡੀ ਉਸਤੋਤ੍ਰ ਦੇ ੨੦ ਛੰਦ ਨਿਕਾਲ ਕੇ ਬਾਕੀ ੨੪ ਤੇ ੩੩ ਸਵੈਯੇ ਦੇ ਪੰ: ੫ ਸ਼ਬਦ ਹਜ਼ਾਰੇ ਪੰ: ੧੨ ਜਫ਼ਰਨਾਮਹ ਪੰ: ੫ ਕੁਲ ਜਮਾ ਕਰਕੇ ਬਣੇ ੪੬। ਸ੍ਰੀ ਦਸਮ ਗ੍ਰੰਥ ਦੇ ਕੁਲ ਪੰਨੇ ਹਨ ੧੪੨੮ ਵਿਚੋਂ ਨਫੀ ਕਰ ਦਿਓ ੪੬ ਬਾਕੀ ਹਥ ਆਏ ੧੩੮੨ ਜਿਸ ਦਾ ਭਾਵ ਹੈ ਕਿ ੧੩੮੨ ਪੰਨੇ ਚੋਰਾਂ ਨੇ ਲਿਖੇ ਹੋਏ ਹਨ। ਹੁਣ ਇਥੇ ਪਾਠਕਾਂ ਨੇ ਫੈਸਲਾ ਕਰਨਾ ਹੈ ਕਿ ਮੈਂ ਸੰਗਤਾਂ ਦਾ ਕੂਕਰ ਮੂਰਖ ਹਾਂ ਜਾਂ–ਸ੍ਰੀਮਾਨ ਪ੍ਰਿੰਸੀਪਲ ਸਾਹਿਬ–ਮੈਂ ਤਾਂ ਉਂਜ ਵੀ ਅਨਪੜ੍ਹ ਹੋਇਆ ਜੇ ਮੂਰਖ ਕਹਿ ਦਿਓ ਤਾਂ ਕੋਈ ਫਰਕ ਨਹੀਂ ਪਰ–

ਅਨਭਵੀ ਬਾਣੀ ਗੁਰਮੁਖਾਂ ਜਾਣੀ,
ਘੁਲਦੇ ਰਹੇ ਕਈ ਅਕਲ ਦੇ ਕੋਟਿ।
ਅਨੇਕ ਫੁਲ ਭਵਰੇ ਨੇ ਸੁੰਘੇ,

Digitized by Panjab Digital Library | www.panjabdigilib.org

—ਪਰ ਚੰਬੇ ਵਲੋਂ ਪੈਂਦੀ ਢਿਡ ਅੰਦਰ ਖੋਟਿ।
ਅਦਵੈਤ ਵਾਦ ਦਾ ਵਾਦੀ ਕੋਈ,
ਦਵੈਤਵਾਦ ਦੇ ਗਾਹਕ ਅਖੋਟਿ।
ਈਸ਼ਰ ਸਿੰਘ ਇਕ ਅਲਫ ਦੇ ਬਾਝੋਂ
ਉਰਦੂ ਅਰਬੀ ਦੋਵੇਂ ਮਖੋਟਿ।

ਕੀ ਮੇਰੇ ਪਾਠਕ ਪਿਆਰੇ ਮੈਨੂੰ ਇਹ ਸਬਕ ਪੜਕੇ ਦਸਣਗੇ ਕਿ ੪੬ ਪੰਨਿਆਂ ਵਿਚ ੧੩੮੨ ਪੰਨੇ ਲਿਖਕੇ ਘਸੇੜ ਦਿਤੇ ਗਏ ਕਿ ਘਰ ਵਾਲਿਆਂ ਨੂੰ ਜਾਗ ਹੀ ਨਾਂ ਆਈ। ਸਿਉਣਾਂ ਖੋਲੀਆਂ ਹੋਣਗੀਆਂ, ਡੋਰਾਂ ਤੋੜੀਆਂ ਹੋਣਗੀਆਂ, ਜਿਲਦ ਪੁਟੀ ਹੋਵੇਗੀ,ਕਿੰਨੇ ਪ੍ਰਕਰਣ ਲਿਖੇ ਨੇ ਪੇਪਰ ਉਸੇ ਕਲਰ ਦੇ ਲਭੇ ਹੋਣਗੇ, ਕਲਮ ਤੇ ਸਿਆਹੀ ਵੀ ਨਾਲ ਜੁਟਾਉਣੀ ਜ਼ਰੂਰੀ ਸੀ। ਲਗਪਗ ਕਵਿਤਾ ਗੁੰਦਣੀ ਤੇ ਲੇਖ ਲਿਖਣੇ ਲਈ ਦੋ ਚਾਰ ਸਾਲ ਤਾਂ ਬਹੁਤੇ ਨਹੀਂ ਪਰ ਕੀ ਘਰ ਵਾਲੇ ਇਨਾਂ ਚਿਰ ਬਿਨਾਂ ਕੁਝ ਖਾਧੇ ਪੀਤੇ ਕਿਵੇਂ ਅਵੇਸਲੇ ਹੋਕੇ ਸੁਤੇ ਰਹੇ। ਜੇ ਭਲਾ ਮੰਨ ਹੀ ਲਵੋ ਕਿ ਇਕ ਜਿਲਦ ਨਵੀਂ ਹੀ ਤਿਆਰ ਕਰ ਲਈ ਗਈ ਪਰ ਦਸਮ ਗ੍ਰੰਥ ਦੇ ਉਤਾਰੇ ਤਾਂ ਹੋਰ ਵੀ ਕਈ ਸਰਧਾਲੂਆਂ ਪਾਸ ਪਏ ਸਨ ਫੇਰ ਉਹਨਾਂ ਵਿਚ ਚੋਰਾਂ ਦਾ ਗਰੋਹ ਕਿਵੇਂ ਜਾ ਧਸਿਆ ? ਅਕਸਰ ਅਗਿਆਨ ਦੀ ਵੀ ਤਾਂ ਕਿਤੇ ਹਦ ਹੁੰਦੀ ਹੈ-ਜਿਵੇਂ ਇਕ ਭੰਗੀ ਪੋਸਤੀ, ਅਫੀਮੀ ਅਮਲੀ ਸੀ ਉਸ ਦੇ ਘਰ ਆ ਗਿਆ ਸੀ ਕੋਈ ਪ੍ਰਾਹੁਣਾ-ਵਿਚਾਰੇ ਪਾਸ ਮੰਜੀ ਇਕ ਸੀ ਜੋ ਉਸ ਨੇ ਆਪਣੇ ਹੇਠ ਸਿਟੀ ਹੋਈ ਸੀ, ਗੁਆਂਢੀ ਦੇ ਘਰ ਜਾਕੇ ਉਸ ਦੀ ਨੂੰਹ ਨੂੰ ਕਿਹਾ ਕਿ ਧੀਏ ਮੈਨੂੰ ਇਕ ਮੰਜੀ ਚਾਹੀਦੀ ਏ। ਵੀਚਾਰੀ ਬਾਲੜੀ ਨੇ ਕਿਹਾ ਬਾਬਾ ਜੀ ਮੰਜੀ ਕੋਠੇ ਤੇ ਹੈ ਮੈਂ ਉਤੇ ਜਾਕੇ ਹੇਠਾਂ ਲਟਕਾ ਦਿੰਦੀ ਹਾਂ ਤੁਸੀਂ ਫੜਕੇ ਘਰ ਲੈ ਜਾਉ। ਇਹ ਕਹਿਕੇ ਬਾਲੀ ਕੋਠੇ ਤੇ ਚੜੀ ਤੇ ਮੰਜੀ ਕੰਧ ਨਾਲ ਲਟਕਾ ਦਿਤੀ, ਪਰ ਅਮਲੀ ਦੇ ਤਾਂ ਪਹਿਲਾਂ ਹੀ ਹੱਥਕੰਧ ਵਿਚ ਗਡੇ ਕੀਲਿਆ ਨੂੰਪੈ ਗਿਆ ਸੀ ਜੋ ਕਪੜੇ ਲਟਕਾਉਣ ਲਈ ਕਚੀਆਂ ਕੰਧਾਂ ਵਿਚ ਗੱਡੇ ਹੁੰਦੇ ਹੀ ਹਨ। ਕੀਲੇ ਫੜਕੇ ਅਮਲੀ ਦੀ ਟੇਰ ਲਗ ਗਈ ਸਾਰੀ ਰਾਤ ਕੀਲੇ ਫੜੀ ਖੜਾ ਸੀ ਸਵੇਰ ਹੋਈ ਘਰ ਪਰਾਹੁਣਾ ਉਡੀਕ ਕੇ ਉਸਦੀ ਮੰਜੀ ਤੇ ਸੌ ਗਿਆ, ਮੰਜਾ ਵੇਚਾਰਾ ਕੰਧ ਨਾਲ ਚਿਪਕਿਆ ਰਿਹਾ। ਇਹੋ ਜਿਹੀ ਹੀ ਕਾਰਵਾਈ ਹੋਈ ਕਿ ਸਾਲਾਂ ਦੇ ਸਾਲ ਲੰਘ ਗਏ ਦਸਮ ਗ੍ਰੰਥ ਦੇ ਘਰ ਵਾਲਿਆਂ ਨੂੰ ਅਮਲ ਦੀ ਟੇਰ ਵਿਚ ਹੀ ਐਨਾ ਸਮਾਂ ਬੀਤ ਗਿਆ, ਜੋ ਕੀਲੇ ਹੀ ਫੜੀਂ ਖੜੇ ਹੀ ਰਹੇ।

ਪੰ: ੩੩ ਨੰ: ੧—ਮਹਾਂ ਵਿਸ਼ਨੂੰ ਦੇ ਕੰਨ ਦੀ ਮੈਲ ਤੋਂ ਪੈਦਾ ਹੋਇ ਮੱਧ ਤੇ ਕੈਟਵ ਵਾਲਾ ਸਵਾਲ ਜੋ ਪੁਰਾਣਕ ਅਹਵਾਲਾ ਹੈ। ਇਸ ਤੇ ਉਟੰਗਣ ਕਰਕੇ, ਦਸਮ ਗ੍ਰੰਥ ਸਾਹਿਬ ਜਿਹੀ ਮੁਤਬੱਰਕ ਪੁਸਤਕ ਦਾ ਤੇ ਉਸਦੇ ਲਿਖਾਰੀ ਦਾ ਖਿਲਵਾੜ ਉਡਾਣਾ ਕੀ ਬੇ ਥੋਹਾ ਨਹੀਂ ? ਇਹ ਜੋ ਬੇਅੰਤ ਪ੍ਰਭੂ ਜਾਂ ਉਸਦੀ ਕੁਦਰਤ ਦੇ ਕੰਮ ਹਨ ਇਹਨਾਂ ਦਾ ਥਹੁ ਕੌਣ ਪਾ ਸਕਦਾ ਹੈ ? ਧਰਤੀ ਬਣੀ-ਬਨੌਣ ਵਾਲੇ ਨੇ ਬਣਾਈ-ਬੁਧੀ ਜੀਵੀ ਆਪੋ ਆਪਣੇ ਖਿਆਲ ਤੇ ਦਮਾਗ ਲੜੇਂਦੇ ਨੇ ਭਾਵੇਂ ਇਹ ਵਡੀ ਅਣੋਖੀ ਅਤੇ ਅਦਭੁਤ ਬੁਝਾਰਤ ਬਣੀ ਚਲੀ ਆ ਰਹੀ ਹੈ। ਵੱਖ-ਵੱਖ ਧਰਮਾਂ ਦੇ ਬੁਧੀਜੀਵੀ ਅਤੇ ਵਿਦਵਾਨਾਂ ਨੇ ਇਸ ਸਮੱਸਿਆ ਨੂੰ ਆਪੋ-ਆਪਣੇ ਢੰਗਨਾਲ ਕਲਪਣਾ ਤੇ ਬੁਧੀ ਅਨੁਸਾਰ ਸੁਲਝਾਉਣ ਦੇ ਜਤਨ ਭੀ ਕੀਤੇ ਹਨ, ਪਰ ਥਹੁ ਕਿਸੇ ਨੂੰ ਵੀ ਹਥ ਨਹੀਂ ਆਇਆ। ਭਾਵੇਂ-ਪੁਰਾਣ, ਕੁਰਾਨ ਤੇ ਬਾਈਬਲ ਵਿਚ-ਬਹੁਤ ਸਾਰੇ ਵਿਚਾਰ ਮਿਲਦੇ ਹਨ ਪਰ ਸਾਰੇ ਹੀ ਅਲਗ-ਅਲਗ ਤੇ ਜੁਦਾ ਜੁਦਾ ਹਨ, ਕੌਣ ਤੇ ਕਿਵੇਂ ਇਸ ਦਾ ਹਲ ਕਰੇ। ਅੰਤ ਸ਼ਰਧਾ ਤੇ ਹੀ ਢੇਰੀ ਢਾਉਣੀ ਪਏਗੀ। ਬਾਈਬਲ ਦਾ ਕਹਿਣਾ ਹੈ ਕਿ ਜਦੋਂ ਰੱਬ ਨੇ ਇਛਾ ਕੀਤੀ, ਸ੍ਰਿਸਟੀ ਰਚੀ ਗਈ ਅਤੇ ਸਾਰੀ ਸਿਰਠੀ ਰਚਨਾ ਛੇ ਦਿਨਾਂ ਵਿਚ ਕਰਕੇ ਸਤਵੇਂ ਦਿਨ ਅਰਾਮ ਕੀਤਾ ਜਿਸਨੂੰ ਐਤਵਾਰ ਕਿਹਾ ਹੈ। ਇਸਲਾਮ-ਧਰਮ ਰਬ ਦੀ ਰਜਾ ਨਾਲ ਹੋਈ ਮੰਨਦਾ ਹੈ ਉਹ ਕਾਰਣ ਕੋਈ ਨਹੀਂ ਦਸਦਾ। ਨਾਸਦੀਯ (ਸ਼ੁਕਤ ਰਿਗ ਬਾਣੀ) ਕਹਿੰਦੀ ਹੈ—

ਮਹਾ-ਵਿਉਮ ਚੋਂ ਇਸ ਸ੍ਰਿਸਟੀ ਨੂੰ ਵੇਖਣ ਹਾਰਾ—
ਉਹੀ ਜਾਣੇ ਇਸ ਨੂੰ ਉਹ ਵੀ ਨ ਜਾਣੇ।
—ਡਾ: ਦੇਵਰਾਜ ਚਾਨਣ।

ਗੁਰਬਾਣੀ ਦਾ ਕਥਨ ਹੈ—

ਸਾਚੇ ਤੇ ਪਵਨਾ ਭਇਆ
ਪਵਨੈ ਤੇ ਜਲ ਹੋਇ।
ਜਲ ਤੇ ਤ੍ਰਿ ਭਵਨ ਸਾਜਿਆ
ਘਟਿ ਘਟਿ ਜੋਤਿ ਸਮੋਇ।

Digitized by Panjab Digital Library | www.panjabdigilib.org

ਪੰ: ੧੯ । ਮ: ੧

ਭਾ: ਗੁਰਦਾਸ ਜੀ ਦਾ ਕਥਨ ਹੈ–

ਓ–ਓਅੰਕਾਰ ਆਕਾਰ ਕਰ
ਪਵਣ ਪਾਣੀ ਬੈਸੰਤਰ ਧਾਰੇ ।
ਅ–ਰੋਮ ਰੋਮ ਵਿਚ ਰੱਖਿਓਨ
ਕਰ ਬ੍ਰਹਮੰਡ ਕਰੋੜ ਪਸਾਰਾ ।

ਸ੍ਰੀ ਦਸਮੇਸ਼ ਜੀ ਦਾ ਨਿਜ ਵਿਚਾਰ ਹੈ–

ਜਬ ਉਦਕਰਖ ਕਰਾ ਕਰਤਾਰਾ ।
ਪ੍ਰਜਾ ਧਰਤ ਤਬ ਦੇਹ ਅਪਾਰਾ ।

ਪਰ–ਸੰਸਾਰ ਤੋਂ ਉਤਪਨ ਹੋਕੇ ਹਰ ਭੌਤਕ ਤਨ ਧਾਰੀ ਇਨਸਾਨ ਆਪਣੇ ਮੂਲ ਤਤ ਬਾਰੇ ਜਾਣ ਪਛਾਣ ਚਾਹੁੰਦਾ ਹੈ ਉਹ ਆਪੋ ਆਪਣੀ ਬੁਧੀ ਅਨੁਸਾਰ ਉਸਨੂੰ ਵਰਨਣ ਭੀ ਕਰਦਾ ਹੈ ਤੇ ਕਿਆਫੇ ਵੀ ਲਾਉਂਦਾ ਹੈ। ਉਡਾਰੀਆਂ ਵੀ ਮਾਰਦਾ ਹੈ, ਭਾਵੇਂ ਤੋੜ ਪੁਜੇ ਜਾ ਨਾਂ। ਜਿਸ ਦਾ ਫੈਸਲਾ ਸ੍ਰੀ ਦਸਮੇਸ਼ ਪਿਤਾ ਜੀ ਆਹ ਦਿੰਦੇ ਹਨ।

ਜੇਤੇ ਬਦਨ ਸ੍ਰਿਸਟਿ ਸਭ ਧਾਰੈ ।
ਆਪੁ ਆਪਨੀ ਬੂਝ ਉਚਾਰੈ ।
ਜਾ ਕਰਤਾ ਸਿਰਠੀ ਕਉ ਸਾਜੇ।
ਆਪੇ ਜਾਣੈ ਸੋਈ ।

ਪੰ: ੪ ।

ਕਿਉਂਕਿ ਤਾਕਿ ਗਤਿ ਮਿਤੀ
ਕਹੀ ਨਾ ਜਾਇ ।
ਦੂਸਰ ਹੋਇ ਤ ਸੋਝੀ ਪਾਇ ।

ਉਸ ਵੇਲੇ ਦਾ ਜੇ ਕੋਈ ਉਸਦਾ ਸਾਥੀ ਮੌਕੇ ਦਾ ਗਵਾਹ ਹੋਵੇ ਤਾਂ ਦਸੇ ਪਰ ਮੌਕੇ ਦਾ ਗਵਾਹ ਕੋਈ ਹੈ ਹੀ ਨਹੀਂ ਫਿਰ ਇਸ ਪ੍ਰਸਿਥਿਤੀ ਬਾਰੇ ਸਹੀ ਸਬੂਤ ਕਿਵੇਂ ਮਿਲੇ ? ਇਸ ਲਈ ਇਹ ਵਿਸ਼ਾ ਸਾਡੀ ਬਹਿਸ ਤੋਂ ਬਾਹਰ ਹੈ ਜਿਸ ਨੂੰ ਉਹੀ ਜਾਣ ਸਕਦਾ ਹੈ ਜੋ ਕਲਾ ਸ਼ੀਲ ਹੈ–

ਚੰਡੀ ਚਰਿਤ੍ਰ ਦੂਜਾ ੧੬੧ ਅੰਕ ਤੇ ਸਮਾਪਤ ਹੋ ਜਾਂਦਾ ਹੈ ਅੰਤ ਵਿਚ ਸ੍ਰੀ ਦਸਮੇਸ਼ ਜੀ ਮਹਾਰਾਜ ਦਾ ਧਿਆਨ ਕਰਦੇ ਹਨ ਅਤੇ ਕਹਿੰਦੇ ਹਨ ਕਿ ਜੋ ਵੀ ਉਸਦਾ ਧਿਆਨ ਧਰੇਗਾ ਉਸਨੂੰ ਭਗਵੰਤ ਰੂਪੀ ਫਲ ਦੀ ਪ੍ਰਾਪਤੀ ਹੋਵੇਗੀ। ਇਥੇ ਨਾਹੀਂ ਕਿਸੇ ਦੇਵੀ ਦੇਵ ਦਾ ਨਾਮ ਦਿਤਾ ਹੈ ਅਤੇ ਨਾ ਹੀ ਉਸਦੇ ਨਾਲ ਪ੍ਰਕਰਣ ਦਾ ਕੋਈ ਜੋੜ ਹੈ ਜੋ ਭਗਵਤ ਪੁਰਾਣ ਦਾ ਉਲੱਥਾ ਹੀ ਹੈ, ਹੋਰਨਾਂ ਤੇ ਗਿਲਾ ਕਰਨ ਦੀ ਬਜਾਇ ਆਪ ਨੂੰ ਹੀ ਸਮਝਣ ਦਾ ਸੰਦ੍ਰਵ ਕਰਨਾ ਉਚਿਤ ਹੈ।

ਅ–ਤੋਂ ਅਗੇ ਠਾਕਰਾਂ ਨਾਲ ਲੋਹਾ ਲਿਆ ਹੈ ਜੋ ਪੰ: ੧੮ ਤੇ ਲੇਖ ਦਿਤਾ ਹੈ (ਘਰਿ ਮਹਿ ਠਾਕੁਰੁ ਨਦਰਿ ਨਾ ਆਵੈ) ਜਾਂ (ਗੁਰ ਮਿਲ ਨਾਨਕ ਠਾਕੁਰ ਜਾਤਾ) ਜਦ ਕਿ ਸ੍ਰੀ ਦਸਮ ਗ੍ਰੰਥ ਸਮੂਹਕ ਵਿਚ ਸਿਲ ਆਦਿ ਕਿਸੇ ਵੀ ਮੂਰਤੀ ਪੂਜਾ ਦਾ ਮੰਡਨ ਨਹੀਂ, ਸਗੋਂ ਜਿਸ ਦਲੇਰੀ ਨਾਲ ਪਰਤੰਬਾ ਦਾ ਖੰਡਨ ਇਸ ਮਹਾਨ ਉਚ ਗ੍ਰੰਥ ਵਿਚ ਮਿਲਦਾ ਹੈ ਉਹ ਹੋਰ ਕਿਸੇ ਨੇ ਭੀ ਨਿਰ ਭੈ ਹੋਕੇ ਨਹੀਂ ਕੀਤਾ। ਨਾਂ ਹੀ ਕ੍ਰਿਸ਼ਨ ਨੂੰ ਰਬ ਜਾਂ ਰਬ ਦਾ ਸ਼ਰੀਕ ਕਰ ਕੇ ਦਸਿਆ ਹੈ ਸਗੋਂ ਐਨ ਸਪਸ਼ਟ ਕਰ ਦਿਤਾ ਹੋਇਆ ਹੈ।

ਦੋਹਰਾ–ਖੜਗਪਾਨ ਕੀ ਕ੍ਰਿਪਾ ਤੇ ਪੋਥੀ ਰਚੀ ਬਿਚਾਰ ॥

ਜੋ ਲੇਖਕ ਦੀ ਨਿਜੀ ਮੋਹਰ ਹੈ ਕੀ ਖੜਗਪਾਨ ਦੇਵੀ ਨੂੰ ਕਹੋਗੇ ਜਾਂ ਸ੍ਰੀ ਕ੍ਰਿਸ਼ਨ ਨੂੰ ? ਜਿਸਦਾ ਸਪਸ਼ਟ ਅਰਥ ਤਲਵਾਰ ਦੀ ਪਾਣ ਹੈ ਜਿਸਦਾ ਸਦਕਾ ਉਹ ਲੋਹੇ ਨੂੰ ਕਟਣ ਵਿਚ ਸਾਮਰਥ ਹੋ ਜਾਂਦੀ ਹੈ ਇਹੋ ਅਕਾਲ ਸ਼ਕਤੀ ਦੀ ਪ੍ਰਤੀਕ ਹੈ। ਜਿਥੇ ਤਕ ਇਤਿਹਾਸਕ ਸੰਜੋਗ ਹੈ ਉਹ ਲੇਖਕ ਨੂੰ ਪਾਤ੍ਰ ਦੀ ਯੋਗਤਾ-ਪ੍ਰਭਤਾ ਉਚਮਤਾ ਮੁਤਾਬਕ ਬਾ-ਇਜ਼ਤ ਲਿਖਣਾ ਅਖਲਾਕੀ ਫਰਜ਼ ਹੀ ਹੁੰਦਾ ਹੈ ਜੋ ਆਪ ਨੇ ਨਭਾਇਆ ਹੈ ਅਤੇ ਗੁਣ ਸੁਤੰਤਰ ਤੌਰਪਰ ਪ੍ਰਗਟ ਕੀਤੇ ਹਨ। ਨਾ ਕਿ ਸਾਡੇ ਵਾਂਗ ਅਵਗੁਣਾਂ ਦੀ ਗਠੜੀ ਬੰਨਦੇ, ਅਤੇ ਨਾ ਹੀ ਕਿਸੇ ਨਿਗੁਣੀ ਨਿੰਦਾ ਹੀ ਕਰਦੇ ਹਨ ਜੋ ਪਰਾਇਆ ਛਿਦ੍ ਲੈਕੇ ਆਪਣਾ ਹੰਕਾਰ ਜਤਾਉਂਦੇ ਹਨ, ਗੁਰਬਾਣੀ ਦਾ ਆਦੇਸ ਹੈ।

ਪਰਾਇਆ ਛਿਦ੍ ਅਟਕ ਲੈ ।
ਆਪਣਾ ਅਹੰਕਾਰੁ ਵਧਾਵੈ ।

ਪੰ: ੩੬੬ । ਮ: ੩ ।

ਐਸੇ ਬ੍ਰਾਹਮਣ ਡੂਬੇ ਭਾਈ ।
ਨਿਰਾਪਰਾਧ ਚਿਤਵਹਿ ਬੁਰਿਆਈ ।
ਨਿੰਦਾ ਕਹਿ ਕਰਿ ਪਚਹਿ ਘਨੇਰੇ ।
ਮਿਰਤਕ ਫਾਸ ਗਲੇ ਸਿਰਿ ਪੈਰੇ ।

ਇਸ ਦਾ ਭਾਵ ਇਹ ਨਹੀਂ ਕਿ ਇਹ ਅਪਰਾਧ ਬ੍ਰਹਮਣਾਂ ਲਈ ਹੀ ਅਸ਼ੁਭ ਹੈ। ਬੇੜੀ ਡੁਬਣ ਲਗਿਆਂ

Digitized by Panjab Digital Library | www.panjabdigilib.org

ਕਿਸੇ ਦੀ ਜਾਤਿ ਨਹੀਂ ਪ੍ਰਖ ਦੀ ਭਾਵੇਂ ਕੋਈ ਕਿਸੇ ਜਾਤੀ ਦਾ ਵੀ ਹੋਵੇ ਉਹ ਸਾਰਿਆਂ ਨੂੰ ਆਪਣੀ ਗੋਦ ਵਿਚ ਲੈਕੇ ਡੁਬਦੀ ਹੈ ਇਸੇ ਲਈ ਲਿਖਾਰੀਆਂ ਦੇ ਸਿਰਮੌਰ ਸ੍ਰੀ ਦਸਮੇਸ਼ ਪਾਤਸ਼ਾਹ ਨੇ ਜੋ ਵੀ ਇਤਿਹਾਸ ਲਿਖਿਆ ਉਸ ਇਤਿਹਾਸ ਦੇ ਪਾਤ੍ਰ ਦੀ ਸ਼ੁਭ ਜਾਂ ਅਸ਼ੁਭ ਕਾਰ ਕਰਦਗੀ ਜਾਂ ਕਰਨੀ ਨਾਮੇ ਤੇ ਲਕੀਰ ਨਹੀਂ ਖਿੱਚੀ ਸਗੋਂ ਪੂਰਨ ਸਤਿਕਾਰ ਦਿਤਾ ਹੈ। ਗਲਤ ਵਿਚਾਰਾਂ ਨੂੰ ਖੰਡਣੋਂ ਵੀ ਸੰਕੋਚ ਨਹੀਂ ਕੀਤਾ। ਕੀ-ਇਸੇ ਦਾ ਨਾਮ ਨਿਰਮਲ ਪੰਥ ਦਾ ਸਤਿਕਾਰ ਹੈ ਜੋ ਆਪਣੇ ਸਤਿਗੁਰ ਦੇਵ ਦੇ ਹੀ ਉਲਟ ਕੁਮੰਤ੍ਰ ਪੜਨੇ ਕਾਹਨੂੰ ਐਵੇਂ ਭ੍ਰਮ ਦੇ ਵਾ ਵਰੋਲੇ ਵਿਚ ਉਡੇ ਫਿਰਦੇ ਹੋ ਚੌਬੀਸ ਅਵਤਾਰ ਵਾਲੀ ਸਮਗਰੀ ਨੂੰ ਵਾਚੋ ਫੇਰ ਤੱਕੋ ਕਿਥੇ ਦਵੈਤਵਾਦ ਦੀ ਬੂ ਆਮ ਦੀ ਦੇਖੋ ਵੰਨਗੀ ਮਾਤ—

ਕਾਲ ਸਭਨ ਕਾ ਕਰਤ ਪਸਾਰਾ।
ਅੰਤ ਕਾਲ ਸੋਈ ਖਾਪਨ ਹਾਰਾ।
ਆਪਨ ਰੂਪ ਅਨੰਤਰ ਧਰ ਹੀ।
ਆਪਹਿ ਮਧਲੀਨ ਪੁਨ ਕਰਹੀ।੩੮।

ਪੰ: ੧੫੫-੫੮

(੨੬) ਕ੍ਰਿਸ਼ਨਾ-ਅਵਤਾਰ—ਖੰਡਨ ਪੰ: ੧੭ ਤੇ ਲੇਖ ਹੈ ਕਿ ਹੁਣ ਵਾਚੋਂ ਦਸਮ ਗ੍ਰੰਥ ਵਿਚਲੀ ਉਹ ਲਿਖਤ ਜੋ ਉਪ੍ਰੋਕਤ ਰਚਨਾ ਵਿਚ ਪ੍ਰਗਟਾਏ ਵਿਚਾਰਾਂ ਦੇ ਐਨ ਉਲਟ ਹੈ ਪਰ ਸ੍ਰੀ ਗੁਰੂ ਜੀ ਦੇ ਪਾਵਨ ਨਾਮ ਨਾਲ ਮੜਨ ਦਾ ਅਨਰਥ ਕੀਤਾ ਜਾ ਰਿਹਾ ਹੈ, ਅਤੇ ਉਹ ਵੀ ਉਹਨਾਂ ਦੇ ਸਿੱਖ ਹੋਣ ਦਾ ਦਮ ਭਰਨ ਵਾਲੇ ਵਿਦਵਾਨਾਂ ਵਲੋਂ-ਉਧਾਰਨ ਦਿਤੀ ਹੈ :—

ੳ—ਦੋਹਰਾ-ਰੇ ਮਨ ਭਜ ਤੂੰ ਸਾਰਦਾ (ਵਿਦਿਆ ਤੇ ਕਲਾ ਦੀ ਦੇਵੀ) ਅਨ ਗਨ ਗੁਣ ਹੈ ਜਾਹਿੰ। ਰਚੋ ਗ੍ਰੰਥ ਭਾਗਵਤ ਜੋ ਵਹਿ(ਸਾਰਦਾ) ਕ੍ਰਿਪਾ ਕਰਾਹਿ।

ਕ੍ਰਿਸ਼ਨਾ ਅਵਤਾਰ ਛੰਤ ੬।

ਸਮਾਧਾਨ—ਮੇਰਾ ਵੀਚਾਰ ਹੈ ਕਿ-ਸ੍ਰੀ ਮਾਨ ਜੀ ਨੇ ਇਸ ਪ੍ਰਕਰਣ ਨੂੰ ਸਮੂਹਕ ਨਹੀਂ ਤਕਿਆ, ਕਿਤੋਂ ੧ ਪੰਗਤੀ ਕੈਚ ਕਰ ਲਈ ਹੈ, ਸਰਬਤ ਪਠੇ-ਪਠਾਇ ਬਿਨਾਂ ਅਧੂਰੀ ਬਿਲਡਿੰਗ ਤੋਂ ਵਸੋ ਦਾ ਅਰਥ ਨਿਰਮੂਲ ਹੁੰਦਾ ਹੈ। ਬੁਧਤਾ ਦੀ ਪ੍ਰਗਤੀ ਦੇ ਸੋਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮੋਹਰ ਛਾਪ ਲਉਂਦੇ ਆਦਿ ਵਿਚ ਲਿਖਦੇ ਹਨ-

ੴ-ਵਾਹਿਗੁਰੂ ਜੀ ਕੀ ਫਤਹ-ਅਗੇ ਕ੍ਰਿਸ਼ਨਾ ਅਵਤਾਰ ਕਥਨ ਹੈ ਕਿ ਉਸਦਾ ਅਵਤਾਰ ਧਾਰਨ ਕਰਨ ਦਾ ਕੀ ਸੰਦ੍ਰਭ ਹੈ, ਸਮੂਹਕ ਪਾਪ ਦੇ ਭਾਰ ਨਾਲ ਪ੍ਰਿਥਵੀ ਡੋਲਿ ਜੋ ਭੈ ਭੀਤ ਹੋਈ ਦ੍ਰਸ਼ਨਾ ਪਾਸ ਪਹੁੰਚੀ, ਬ੍ਰਹਮਾ ਉਸ ਨੂੰ ਨਾਲ ਲੈਕੇ ਜਿਥੋਂ ਦੁਧ ਸਮੁੰਦਰ ਪਰ ਵਿਸ਼ਨੂ ਜੀ ਬਰਾਜਦੇ ਨੇ ਗਏ, ਵਿਸ਼ਨੂੰ ਨੇ ਅਕਾਲ ਪੁਰਖ ਦਾ ਧਿਆਨ ਕੀਤਾ। ਤੇ ਅਕਾਲ ਪੁਰਖ ਨੇ ਵਿਸ਼ਨੂੰ ਨੂੰ ਕ੍ਰਿਸ਼ਨਾ ਅਵਤਾਰ ਧਾਰਨ ਲਈ ਹੁਕਮ ਦਿਤਾ ਜੈ.ਜ਼ਾ ਕਿ ਦੋਹਰਾ ਹੈ :—

ਕਾਲ ਪੁਰਖ ਕੇ ਬਚਨ,
ਤੇ ਸੰਤਨ ਹੇਤ ਸਹਾਇ।
ਮਥਰਾ ਮੰਡਲ ਕੇ ਬਿਖੈ,
ਜਨਮੁ ਧਰਿਜੋ ਹਰਿ ਰਾਇ।੩।

ਪੰ: ੨੦੪।

ਇਸ ਤੋਂ ਅਗੇ ਕ੍ਰਿਸ਼ਨ ਜੀ ਦੇ ਇਤਿਹਾਸ ਨੂੰ ਛੂੰਹਦੇ ਹਨ ਅਤੇ ਸ੍ਰੀ ਭਗਵਤ ਪੁਰਾਣ ਦਾ ਵੇਰਵਾ ਦਿੰਦੇ ਹਨ ਕਿ ਜਿਵੇਂ ਵੀ ਭਗਵਤ ਪੁਰਾਣ ਵਿਚ ਕ੍ਰਿਸ਼ਨ ਦੇ ਕਿਤੇ ਚਰਿਤ੍ਰ ਲਿਖੇ ਹਨ ਉਹ ਮੈਂ ਸਾਰੇ ਹੀ ਕਹਿਕੇ ਦਸਮ ਗ੍ਰੰਥ ਵਿਚ ਸੁਣਾਏ ਹਨ। ਜੈਸਾ ਕਿ—

ਜੇ ਜੇ ਕ੍ਰਿਸ਼ਨ ਚਰਿਤ੍ਰ ਦਿਖਾਏ।
ਦਸਮ ਬੀਚ ਸਭ ਭਾਖ ਸੁਨਾਇ।
ਗਿਯਾਰਾ ਸਹਸ ਦਾਨੜੇ ਛੰਦਾ।
ਕਹੇ ਦਸਮ ਪੁਰ ਬੈਠ ਅਨੰਦਾ।

ਭਾਵ ਕ੍ਰਿਸ਼ਨ ਚਰਿਤ੍ਰ ਦੇ ੧੧੯੨ ਛੰਦ ਸ੍ਰੀ ਆਨੰਦ ਪੁਰ ਸਾ: ਬੈਠ ਕੇ ਉਚਾਰੇ ਹਨ।

ਦੋਹਰਾ—ਸਤ੍ਰਹ ਸੈ ਪਤਾਲ ਮਈ
ਸਾਵਨ ਸਦਿ ਥਿਤ ਦੀਪ।
ਨਗਰ ਪਾਵਟਾ ਸੁਭ ਕਰਨ
ਜਮਨਾ ਬਹੈ ਸਮੀਪ।੨੪੯੦।

ਪੰ: ੫੭੦

ਭਾਵ ੧੧੯੨ ਛੰਦਾਂ ਤੋਂ ਅਗੇ ੧੭ ਪੈਂਤਾਲੀ ਸੰ: ਤੇ ਸਾਵਣ ਦੇ ਚਾਨੇਣੇ ਪੱਖ ਵਿਚ ਪਾਂਉਟਾ ਸਾਹਿਬ, ਦੇ ਪਵਿੱਤਰ ਨਗਰ ਜਮਨਾਂ ਤੇ ਬੈਠ ਕੇ ਬਾਕੀ ਦਾ ਹਿੱਸਾ ਸੰਪੂਰਨ ਕੀਤਾ। ਕੀ ਸਸ਼ਪਟਤਾ ਅਜੇ ਅਧੂਰੀ ਹੈ-ਜਿਥੇਂ

Digitized by Panjab Digital Library | www.panjabdigilib.org

ਵਿਸ਼ਨੂੰ ਹੈ ਅਕਾਲ ਪੁਰਖ ਆਗਿਆ ਦਿੰਦਾ ਹੈ ਦੇਵੀ ਕਿਉਂ ਨਾ ਲਿਖ ਦਿਤਾ। ਅੰਕ ੪ ਤੇ ਸ੍ਰੀ ਦਸਮੇਸ਼ ਸੁਆਮੀ ਜੀ ਦਾ ਕੋਈ ਨਿਗ ਭਾਵ ਨਹੀਂ। ਉਹ ਸ੍ਰੀ ਬੇਦ ਬਿਆਸ ਜੀ ਦੇ ਆਪਣੇ ਵਲੋਂ ਭਾਗਵਤ ਪੁਰਾਣ ਦੀ ਰਚਨਾ ਕਰਨ ਸਮੇਂ ਜੋ ਲੇਖ ਲਿਖਦੇ ਹਨ ਉਹ ਸ੍ਰੀ ਦਸਮੇਸ਼ ਪ੍ਰਸਤੁਤ ਕਰ ਰਹੇ ਹਨ। ਜੋ ਕਹਿੰਦਾ ਹੈ ਰਚੋਂ ਗ੍ਰੰਥ ਇਹ ਭਾਗਤ ਤੇ ਜੋ ਵੈ ਕ੍ਰਿਪਾ ਕਰਾਹਿ ।੧।

ਇਸ ਤੋਂ ਅਗੇ ਕਿਤੇ ਵੀ ਗੁਰਦੇਵ ਜੀ ਦਾ ਆਪਣਾ ਮਨੋ ਵੇਗ ਨਹੀਂ ਜੇ ਹੈ ਤਾਂ ਆਪਦਾ ਪ੍ਰਸੰਗਕ ਕਾਵ ਤੇ ਵਸ਼ੇਸ਼ ਕਰਕੇ ਇਸ ਲੇਖ ਦੇ ਗੁੰਥਨ ਦਾ ਗੁਣ ਆਪ ਮੂੰਹ ਬੋਲਦੀ ਤਸਵੀਰ ਹੈ। ਅੰਤ ਵਿਚ ਆਪਣੀ ਨਿਜ ਚਾਹ ਤੇ ਸੌਕ ਪ੍ਰਗਟ ਕਰਦੇ ਹਨ ਅਤੇ-ਨਿਜੀ ਲਾਲਚ ਬਦਲੇ ਆਹ ਵਰ ਮੰਗਦੇ ਹਨ–

ਕ੍ਰਿਸ਼ਨ ਜੁਧੁ ਜੋ ਹਉ ਕਹਯੋ
ਅਤਿ ਹੀ ਸੰਗ ਸਨੇਹ।
ਜਿਹ ਲਾਲਚ ਇਹ ਮੈਂ ਰਚਉ
ਮੋਹਿ ਵਹੈ ਬਰ ਦੇਹਿ ।੧੮੯੯।

ਪੰ: ੪੯੫।

ਉਹ ਮੰਗ ਤੇ ਵਰ ਕੀ ਹੈ ?

ਹੇ ਰਵਿ ਹੇ ਸਸਿ ਹੇ ਕਰੁਨਾਨਿਧ
ਮੇਰੀ ਅਬੈ ਬਿਨਤੀ ਸੁਨਿ ਲੀਜੈ।
ਅਉਰ ਨ ਮਾਂਗਤ ਹਉ ਤੁਮ ਸੇ
ਕਛੁਚਾਹਤ ਹਉਚਿਤ ਮੈਂਸੋਇ ਕੀਜੈ।
ਸਸਤ੍ਰਨ ਸਿਉ ਅਤਿ ਹੀਰਣ ਵੀਤਰ
ਜੂਝ ਮਰੋ ਕਹਿ ਸਾਚ ਪਤੀਜੈ।
ਸੰਤ ਸਹਾਇ ਸਦਾਜਗ ਮਾਇ ਕ੍ਰਿਪਾ
ਕਰਿ ਸਯਾਮ ਇਹੈ ਬਰ ਦੀਗੈ ।੧੯੦੦

ਅਰਥ ਹੋ ਚੁਕੇ ਹਨ–

ਜੋਉ ਕਿਛੁ ਇੱਛ ਕਰੋ ਧਨ ਕੀ ਤਉ
ਚਲਿਯੋ ਧਨੁ ਦੇਸਨ ਦੇਸ ਤੇ ਆਵੈ।
ਅਉ ਸਬ ਰਿੱਧਰ ਸਿਧਨ ਪੈ ਹਮਰੋ
ਨਹੀਂ ਨੈਕੁ ਹੀਆ ਲਲਚਾਵੈ।
ਅਉਰ ਸੁਨੋ ਕਛੁ ਜੋਗ ਬਿਖੈ
ਕਹਿ ਕਉਨ ਇ ਤੋਤਪਕੈ ਤਨੁ ਤਾਵੈ।
ਜੂਝ ਮਰੋ ਰਨ ਮੈ ਤਜਿ ਕੈ ਤੁਮ ਤੇ
ਪ੍ਰਭ ਸਿਯਾਮ ਇਹੈ ਬਰੁ ਪਾਵੈ ।੧੯੦੧।

ਪੰ: ੪੯੪

ਭਾ:-ਜੇ ਮੈਨੂੰ ਧਨ ਦੀ ਇਛਿਆ ਹੋਵੇ ਤਾਂ ਦੇਸ਼ਾਂ ਬਦੇਸ਼ਾਂ ਤੋਂ ਤੁਰਕੇ ਆ ਸਕਦਾ ਹੈ ਹੋਰ ਜੇਹੜੀਆਂ ਰਿਧੀਆਂ ਸਿਧੀਆਂ ਨੇ ਉਹਨਾਂ ਦੇ ਮੇਰੇ ਹਿਰਦੇ ਵਿਚ ਜ਼ਰਾ ਵੀ ਲਾਲਚ ਨਹੀਂ। ਹੋਰ ਸੁਣੋ ਕੀ ਜੋਗ ਦੀ ਅਭਿਲਾਸ਼ਾ ਹੈ ਨਹੀਂ ਕੌਣ ਐਨਾਂ ਤਪਾਂ ਦੇ ਦੁਖ ਸਹੇੜੇ। ਫਿਰ ਹੋਰ ਕੀ ਚਾਹੀਦਾ ਹੈ ? **ਜੁਧ ਵਿਚ ਘੋਰ ਜੁਧ ਕਰਕੇ ਮੌਤ ਦਾ ਭੈ** ਤਯਾਗ ਕੇ ਹੇ **ਸਿਆਮ (ਮੇਰੇ ਅਕਾਲ ਪੁਰਖ) ਤੈਥੋਂ ਮੈਨੂੰ** ਇਸ ਵਰ ਦੀ ਪ੍ਰਾਪਤੀ ਹੋ ਜਾਵੇ। ਐ ਮੇਰੇ ਸੁਹਿਰਦ ਪਾਠਕ ਜਨੋ ਗੁਰਬਾਣੀ ਦਾ ਪਰਬੀਨ ਤੇ ਪਵਿਤ੍ਰ ਬਚਨ ਹੈ ਕਿ (ਰਣ ਦੇਖਿ ਸੁਰੇ ਚਿਤ ਉਲਾਸ) ਸੁਰਮਤਾਈ ਨਾਲ ਜੁਝ ਕੇ ਮੌਤ ਸਹੇੜਨੀ ਸੂਰਮੇ ਬਹਾਦੁਰਾਂ ਦਾ ਵਿਰਸਾ ਹੈ। ਇਹੋ ਜਿਹਾ ਕਿਹੜਾ ਸੂਰਮਾ ਚੋਰ ਜਾਂ ਸਾਕਤ ਕਵੀ ਹੋ ਸਕਤਾ ਹੈ ਜੋ ਬਹਾਦੁਰੀ ਨਾਲ ਮੈਦਾਨ ਵਿਚ ਲੜ ਕੇ ਮਰਨ ਵਾਲੀ ਮੌਤ ਮੰਗੇ ਸ੍ਰੀ ਦਸਮੇਸ਼ ਤੋਂ ਬਿਨਾ ਇਹੋ ਜਿਹਾ ਕਿਹੜਾ ਸੰਨਿਆਸੀ ਹੈ ਜੋ ਧਨ ਦੀ ਇੱਛਾ ਨਾਂ ਕਰਦਾ ਹੋਵੇ ? ਉਹ ਕੇਹੜਾ ਲਿਖਾਰੀ ਚੋਰ ਜੋਗੀ ਹੈ ਜੋ ਰਿਧੀ ਸਿਧੀਆਂ ਦੇ ਲਾਲਚ ਤੋਂ ਉਪਰਾਮ ਹੈ। ਫੇਰ ਐਥੇ ਸਿਆਮ ਕਿਹੜੇ ਚੋਰ ਜਾਂ ਕਵੀ ਦਾ ਨਾਂ ਹੋ ਸਕਦਾ ਹੈ। ਜਾਂ ਉਹ ਕੇਹੜਾ ਚਾਤ੍ਰ ਚੋਰ ਕਵੀ ਹੈ ਜੋ ਪ੍ਰਭੂ ਅਗੇ ਆਪਣੀ ਅਭਲਾਸ਼ਾ ਪ੍ਰਗਟ ਕਰ ਰਿਹਾ ਹੈ ਐਥੇ ਬਸ ਨਹੀਂ ਦੇਖੋ ਇਸ ਤੋਂ ਅਗਲਾ ਸਵੈਯਾ।

ਪੂਰ ਰਹਯੋ ਸਿਰਗੋ ਜਗ ਮੈ ਅਬ ਲਉ
ਹਰਿ ਕੋ ਜਸੁ ਲੋਕ ਸੁ ਗਾਵੈ।
ਸਿੱਧ ਮੁਨੀਸ਼ਵਰ ਈਸ੍ਵਰ ਬ੍ਰਹਮ ਅਜੌ
ਸਭ ਕੋ ਗੁਨ ਬਯਾਸ ਸੁਨਵੈ।
ਅਟਰ ਪਰਾਸੁਰ ਨਾਦਰ ਸਾਰਦ
ਸ੍ਰੀ ਸਚ ਸੇਸ ਅੰਤਹ ਪਾਵੈ।
ਤਾਕੋ ਕਬਿਤਨ ਮੇ ਕਬਿ ਸਿਯਾਮ ਕਹਿਯੋ
ਕਹ ਕੈ ਕਬਿ ਕਉਨ ਰਿਝਾਵੈ।

ਪੰ: ੧੯੦੨।

ਭਾਵ ਸਿੱਧ ਤੇ ਮੁਨੀ ਲੋਕ, ਸ਼ਿਵਜੀ, ਬ੍ਰਹਮਾ ਤੇ ਬੇਦ ਬਿਆਸ, **ਅਤਰੈ ਰਿਸ਼ੀ, ਪਰਾਸੁਰ ਰਿਸ਼ੀ, ਨਾਂਦਰ,** ਸਾਰਦਾ, ਇੰਦ੍ਰ, ਸੇਸ ਨਾਗ, ਇਹ ਸਾਰੇ ਹੇ ਪ੍ਰਭੂ ਤੇਰੇ ਗੁਣ

Digitized by Panjab Digital Library | www.panjabdigilib.org

ਤੁੱਲ ਨਹੀਂ ਤੇਜ ਬਿਚਾਰਤ ।
ਬਿਆਸ ਪਰਾਸਰ ਬ੍ਰਹਮ
ਭੇਦ ਨਹਿ ਭੇਦ ਉਚਾਰਤ ।
ਸਹਾਂਨ ਸਾਹ ਸਾਹਿਬ ਸ ਘਰਿ
ਅਤਿ ਪ੍ਰਤਾਪ ਸੁੰਦਰ ਸਬਲ ।
ਰਾਜਾ ਨਾ ਰਾਜ ਸਾਹਿਬ ਸਬਲ
ਅਮਿਤ ਤੇਜ ਅਛੈ ਅਛਲ ।੮।

ਪੰ: ੧੩੧

ਨਾਲ ਇਹ ਵੀ ਤਾਦੀਦ ਕਰਦੇ ਹਨ–

ਰਾਜਕ ਕੇ ਰਾਜਾ ਮਹਾ
ਰਾਜਨ ਕੇ ਮਹਾਰਾਜਾ ।
ਐਸੋ ਰਾਜ ਛੰਡਿ ਆਉਰ ਦੂਜਾ
ਕਉਨ ਧਿਆਈਐ ।੪੨।

ਪੰ: ੧੩੨ ।

ਤਾਂ ਗਾਉਂਦੇ ਹਨ

ਪਰ ਅੰਤ ਕੋਈ ਨਹੀਂ ਪਾ ਸਕਿਆ-ਕਿ ਇਹ ਚਾਰ ਪੰਜ ਛੰਦ ਕ੍ਰਿਸ਼ਨਾ ਅਵਤਾਰ ਦੇ ਚਲਦੇ ਸਮੂਹਕ ਪ੍ਰਸੰਗ ਦੇ ਅੰਤ ਵਿਚ ਚੋਰਾਂ ਦੇ ਪਿਛੋਂ ਸ੍ਰੀਦਸਮੇਸ਼ ਸਆਮੀ ਲਿਖ ਗਏ ਜਾਂ ਚੋਰਾਂ ਨੂੰ ਹੀ ਸੁਝ ਪਏ ? ਉਤ੍ਰ ਦਾ ਅਭਲਾਸ਼ੀ ਹਾਂ ? ਜਦ ਕਿ ਇਹ ਸਾਰੀ ਰਚਨਾ ਉਸ ਖੇਡ ਦੇ ਖਿਡਾਰੀ ਜਿਸਨੇ ਇਕ ਵਿਸ਼ਾਲ ਪ੍ਰਬਲ ਤੇ ਬਲੰਦ ਤੇ ਸੁਤੰਤ੍ਰ ਅਤੇ ਬੜੀ ਸੁੰਦਰ ਸੰਸਾਰ ਰੂਪੀ ਸਤਰੰਜ ਦੀ ਰਚਨਾ ਰਚਕੇ, ਆਪਣੀ ਜੋਤਿ ਦੇ ਪ੍ਰਕਾਸ਼ ਵਿਚ ਆਪਣੀ ਕਠ ਪੁਤਲੀਆਂ ਦਾ ਖੇਡ ਜਾਂ ਕਹ ਲੌ ਤਮਾਸਾ ਦੇਖ ਰਿਹਾ ਹੈ। ਜਦੋਂ ਕਿਸੇ ਬਚਿਤ੍ ਖੇਡ ਨੂੰ ਤਕਕੇ ਕੋਈ ਉਸਦੀ ਉਪਮਾ ਕਰਦਾ ਹੈ ਤਾਂ ਖੇਡ ਦਾ ਨਾਯਕ ਜਾਂ ਮਾਲਿਕ ਪ੍ਰਸੰਨਤਾ ਜਤਾਉਂਦੇ ਹਨ। ਤੁਸੀਂ ਰੇਡਿਓ ਪ੍ਰੋਗਰਾਮ ਦੀ ਸ਼ਲਾਘਾ ਲਿਖ ਕੇ ਪਤ੍ ਭੇਜੋ ਤਾਂ ਰੇਡਿਓ ਦੇ ਨਿਰਮਾਤਾ ਧਨਵਾਦ ਕਰਦੇ ਹਨ। ਫੇਰ ਜੇ ਅਸੀਂ ਪ੍ਰਮ ਪਿਤਾ ਦੇ ਬੇ ਹੱਦ ਕੌਤਕ ਭਰਪੂਰ ਉਸਦੀ ਖੇਡਦੀ ਪਿਆਰ ਭਰੀ ਸਲਾਂਘਾ ਕਰਾਂਗੇ ਤਾਂ ਉਹ ਘਟਿ ਘਟਿ ਕੇ ਪਟ-ਪਟ ਦੀ ਜਾਨਣ ਵਾਲਾ ਸਾਨੂੰ ਬੁਰਾ ਮੰਨੇਗਾ ? ਜਦ ਕਿ ਸ੍ਰੀ ਦਸਮੇਸ਼ ਪਿਤਾ ਜੀ ਕਿਤੇ ਉਸਦੀ ਪ੍ਰਸੰਸਾ ਕਰ ਰਹੇ ਹਨ, ਫੇਰ ਉਸਦਾ ਜਸ ਕਰਦੇ ਨੇ, ਕਿਤੇ ਉਸਦੀ ਉਪਮਾ ਵਡਿਆਈ ਤੇ ਉਚਤਾ ਦਸਦੇ ਹਨ, ਕਿਤੇ ਉਸਨੂੰ ਸਨਮੁਖ ਪ੍ਰਤੱਖ ਨੇਤ੍ਰਾਂ ਦੇ ਸਾਹਮਣੇ ਬੈਠਾ ਤਕ ਕੇ ਮੰਗਾਂ ਮੰਗਦੇ ਹਨ, ਕਿਤੇ ਉਸਦੀਆਂ ਦਿਤੀਆਂ ਬਖਸ਼ਸ਼ਾਂ ਦਾ ਸ਼ੁਕਰ ਕਰਦੇ ਹਨ। ਕਿਤੇ ਉਸਦੇ ਉਹ ਅਦਭੁਤ ਚਿਤ੍ ਬਿਆਨੇ ਹਨ ਜਿਨ੍ਹਾਂ ਨੂੰ ਪੜ ਕੇ ਕੌਤਕ ਜੀਵ ਹੈਰਾਨ ਹੋ ਜਾਂਦੇ ਹਨ, ਕਿਤੇ ਉਸਦੇ ਉਹ ਕੌਤਕ ਉਘੇੜੇ ਹਨ ਜੋ ਇਕ ਇਨਸਾਨੀ ਬੁਧੀ ਦੇ ਦਾਇਰੇ ਤੋਂ ਬਾਹਰ ਹੋਕੇ ਅਸੰਭਵ ਜਾਪਦੇ ਹਨ। ਅੰਤ ਕਹਿ ਦਿਤਾ ਹੈ ਕਿ ਹੇ ਸਮਰਥ ਪੁਰਖ ਤੇਰਾ ਨਾਪ ਤੋਲ ਲੈਣ ਵਾਲਾ ਤੈਥੋਂ ਬਿਨਾਂ ਦੂਜਾ ਕੋਈ ਨਹੀਂ ਹੈ

ਛਪੈ ਛੰਦ ਤ੍ਵ ਪ੍ਰਸਾਦਿ ।
ਚਕ੍ਰਤ ਚਾਰ ਚਕ੍ਰਵੈ
ਚਕ੍ਰਿਤ ਚਉਕ੍ਰੁਟ ਚਵੱਗਨ ।
ਕੋਟ ਸੂਰ ਸਮ ਤੇਜ
ਤੇਜ ਨਹੀਂ ਦੂਨ ਚਵੱਗਨ ।
ਕੋਟ ਚੰਦ ਚਕ ਪਰੈ

ਪ੍ਰਤਾਪ ਪਰਾਸਰ ਬ੍ਰਹਮ
ਭੇਦ ਨਹਿ ਭੇਦ ਉਚਾਰਤ ।
ਸਹਾਂਨ ਸਾਹ ਸਾਹਿਬ ਸ ਘਰਿ
ਅਤਿ ਪ੍ਰਤਾਪ ਸੁੰਦਰ ਸਬਲ ।
ਰਾਜਾ ਨਾ ਰਾਜ ਸਾਹਿਬ ਸਬਲ
ਅਮਿਤ ਤੇਜ ਅਛੈ ਅਛਲ ।੮।

ਪੰ: ੧੩੧

ਨਾਲ ਇਹ ਵੀ ਤਾਦੀਦ ਕਰਦੇ ਹਨ–

ਰਾਜਕ ਕੇ ਰਾਜਾ ਮਹਾ
ਰਾਜਨ ਕੇ ਮਹਾਰਾਜਾ ।
ਐਸੋ ਰਾਜ ਛੰਡਿ ਆਉਰ ਦੂਜਾ
ਕਉਨ ਧਿਆਈਐ ।੪੨।

ਪੰ: ੧੩੨ ।

੧ਓ ਸਤਿਗੁਰਪ੍ਰਸਾਦਿ ॥

(੩੫) ਅਵਤਾਰ ਬਾਦ–ਆਮ ਤੌਰ ਪਰ ਦੇਖਿਆ ਜਾਂਦਾ ਹੈ ਕਿ ਇਹਨਾਂ ਨਿਰਮਲ ਪੰਥ ਦੇ ਹਿਤਾਇਸ਼ੀਆਂ ਨੂੰ ਅਵਤਾਰ ਦਾ ਨਾਮ ਲਿਆ ਬੜੀ ਖਿੱਝ ਆਉਂਦੀ ਹੈ। ਇਹ ਅਵਤਾਰਾਂ ਨੂੰ ਕੁਦਰਤਿ ਦੀ ਦੇਣ ਨਹੀਂ ਮੰਨਦੇ-ਗੁਰਬਾਣੀ ਤੇ ਸਤਿਗੁਰ ਸ੍ਰੀ ਦਸਮੇਸ਼ ਨੇ ਅਵਤਾਰਾਂ ਨੂੰ ਨਹੀਂ ਨਿੰਦਿਆ ਸਗੋਂ ਉਹਨਾਂ ਦੇ ਉਸ ਪੱਖ ਨੂੰ ਲਿਆ ਹੈ ਜੋ ਜਿਨ੍ਹਾਂ ਨੇ ਪ੍ਰਮ ਸ਼ਕਤੀ ਕੋਲੋਂ ਸ਼ਕਤੀ ਪ੍ਰਾਪਤ ਕਰਕੇ ਹੁਕਮ ਦੀ ਪਾਲਣਾ ਤਾਂ ਕੀਤੀ ਪਰ ਨਾਲ ਆਪਣੀ ਮੈਂ ਨੂੰ ਕਾਬੂ ਵਿਚ ਨਾਂ ਰਖ ਸਕੇ, ਅਤੇ ਆਪ ਹੀ ਪ੍ਰਮ ਸ਼ਕਤੀ ਹੋਣ ਦਾ ਦਾਅਵਾ ਕਰਨ ਲਗ ਪਏ ਸੀ ਜਿਸ ਦਾ ਡੰਡ ਸ਼ੈਸਨ ਜੱਜ ਦਿੰਦਾ ਰਿਹਾ ਪਰ ਫੇਰ ਵੀ ਸਾਡੇ ਨਾਲੋਂ ਤਾਂ ਉਹ ਉਚੇ ਤੇ ਸੁਚੇ ਪ੍ਰਮਾਣਕ ਜੋਰਾ ਸ੍ਰੇਸ਼ਤਮ ਹੀ ਕਹ ਜਾਂਦੇ ਨੇ, ਪਰ ਉਹ ਵੀ ਮੂਰਖ ਨੇ ਜੋ ਉਹਨਾਂ ਨੂੰ ਇਕ ਪੱਥਰ ਆਦ ਕਿਸੀ ਵੀ ਬੋਧ ਪਦਾਰਥ ਦੀ ਮੂਰਤ ਦੀ ਤੁਲਨਾ ਕਰਦੇ ਨੇ, ਜਾਂ ਇਕ ਦੁਹਚਾਰਨ ਇਸਤ੍ਰੀ ਵਾਂਗ ਆਪਣੇ ਮਾਲਿਕ ਦੀ ਥਾਂ ਦਿਲ ਦੀ ਸੇਹਜਾ ਤੇ ਥਾਂ ਦਿੰਦੇ ਨੇ। ਭਾਵੇਂ ਜੀਵਨ ਸੁਮਾਰਗ ਭਾਗ ੭ ਸ੍ਰੀ ਦਸਮੇਸ਼ ਦੇ ਨਿਣੇ ਦੇ ਨਿਰਣੇ ਵਿਚ ਕਾਫੀ ਕੁਝ ਲਿਖਿਆ ਜਾ ਚੁਕਾ ਹੈ, ਪਰ ਮੈਂ ਆਸ ਕਰਦਾ ਹਾਂ ਕਿ ਸ਼ਾਇਦ ਹੋ ਸਕਦਾ ਹੈ। ਕਿ

Digitized by Panjab Digital Library | www.panjabdigilib.org

ਦੋਹਰ ਕੀਤੀ ਫਸਲ ਦੇ ਕੁਝ ਚੰਗੇ ਸਿਟੇ ਹਥ ਆ ਜਾਣ।
ਵੰਨਗੀ ਮਾਤ੍ਰ-ਦੇਖੋ ਅਗੇ

ਕਾਲ ਸਭਨ ਕਾ ਕਰਤ ਪਸਾਰਾ।
ਅੰਤਕਾਲ ਸੋਈ ਖਾਪਨ ਹਾਰਾ।
ਆਪਨ ਰੂਪ ਅਨੰਤਨ ਧਰ ਹੀ।
ਆਪਹਿ ਮਧਲੀਨ ਪੁਨ ਕਰ ਹੀ ।੩।

ਪੰ: ੧੫੫

ਭਾ: ਅਕਾਲ ਪੁਰਖ ਆਪ ਹੀ ਪ੍ਰਵਿਰਤੀ ਰੂਪ ਹੈ-ਆਪ ਹੀ ਨਿਰਵਿਰਤੀ ਕਰਦਾ ਹੈ, ਆਪਨੇ ਆਪ ਹੀ ਅਨੇਕਾਂ ਰੂਪ ਧਾਰਨ ਕਰ ਲੈਂਦਾ ਹੈ ਅਤੇ ਮੁੜ ਆਪਣੇ ਵਿਚ ਹੀ ਸਮੋ ਲੈਂਦਾ ਹੈ। ਪਰ ਉਹ ਹੈ ਬਹੁਤ ਹੀ ਬੜਾ ਬੇਅੰਤ, ਆਪਣੇ ਆਪ ਤੋਂ ੨੪ ਅਵਤਾਰ ਪ੍ਰਗਟ ਕਕਕੇ ਵੀ ਉਸਨੇ ਆਪਣਾ ਭੇਤ ਤਿਣਕੇ ਮਾਤ੍ਰ ਵੀ ਉਹਨਾਂ ਨੂੰ ਨਹੀਂ ਦਿਤਾ।

ਜੋ ਚਉਬੀਸ ਅਵਤਾਰ ਕਹਾਏ।
ਤਿਨਭੀਤੁਮ ਪ੍ਰਭੂਤਨਕਨ ਪਾਇ।
ਸਭ ਹੀ ਜਗ ਭਰਮੇ ਭਰਮਾਯੰ।
ਤਾਂਤੇ ਨਾਮੁ ਬਿਅੰਤ ਕਹਾਯੰ।੭।
ਰਹਾਅਨੰਤ ਅੰਤ ਨਹੀਂ ਪਾਯੋ।
ਯਾਤੇ ਨਾਮੁ ਨਹੀਂ ਕਹਾਯੋ।
ਜਗਮੋ ਰੂਪ ਸਭਨ ਕੇ ਧਰਤਾ।
ਯਾਤੇ ਬਖਾਨੀਯਤ ਹੈ ਕਰਤਾ ।੧੨।
ਬ੍ਰਹਮਾਦਕ ਸਭ ਹੀ ਪਚ ਹਰੇ।
ਬਿਸਨ ਮਹੇਸ੍ਵਰ ਕਉਨਬਿਚਾਰੇ।
ਚੰਦ ਸੂਰ ਜਿਨ ਕਰੇ ਬਿਚਾਰਾ।
ਤਾਤੇ ਜਨੀਯਤ ਹੈ ਕਰਤਾਰਾ ।੧੪।
ਜਗ ਆਪਨ ਆਪਨ ਉਰਝਨਾ।
ਪਾਰ ਬ੍ਰਹਮ ਕਾਹੂ ਨ ਪਛਾਨਾ।
ਇਕਮੜੀਅਮ ਕਬਰਨ ਵੇਜਾਂਹੀ।
ਦੁਹੂਅਨ ਮੈ ਪ੍ਰਮੇਸ੍ਵਰ ਨਾਹੀ ।੧੮।
ਜੋ ਜੋ ਰੰਗ ਏਕ ਕੇ ਜਾਚੇ।
ਤੇ ਤੇ ਲੋਕ ਲਾਜ ਤਜਿ ਨਾਚੇ।
ਆਦਿ ਪੁਰਖ ਜਿਨ ਨੇਕ ਪਛਾਨਾ।
ਤਿਨਹੀ ਪ੍ਰਮ ਤਤ ਕਹ ਜਾਨਾ ।੨੨।
ਪੇਟ ਹੇਤ ਨਰ ਏਕ ਡਿੰਭੁ ਦਖਾਈ।
ਭਿੰਡ ਕਰੇ ਬਿਨੁ ਪਈਯਤ ਨਾਂਹੀ।
ਜਿਨ ਨਰਏਕ ਪੁਰਖਕਹ ਧਿਆਯੇ।
ਤਿੰਨਕਰ ਡਿੰਭ ਨ ਕਿਸੀ ਦਿਖਾਯੋ ।੨੪।
ਜਿਨ ਪ੍ਰਭ ਵਹੈ ਠਹਰਾਯੋ।
ਤਿਨਕਰ ਡਿੰਭਨ ਕਿਸੂਦਿਖਾਯੋ।
ਸੀਸ ਦੀਯੇ ਉਨ ਸਿਰਰ ਨ ਦੀਨਾ।
ਤਾਤੇ ਭਯੋ ਤੇਜ ਬਿਖਯਾਤਾ।
ਸੋਈ ਭਵਾਨੀ ਨਾਮੁ ਕਹਾਈ।
ਜਿਨ ਸਿਗਰੀ ਯਹ ਸ੍ਰਿਸਟੀ ਉਪਾਇ ।੨੬।

ਹਾਂ ਜੀ ਇਹ ਹੈ ਕਿ ਸ੍ਰੀ ਦਸਮੇਸ਼ ਭਗਵਾਨ ਦੀ ਦੇਵੀ ਇਹ ਹੈ ਗੁਰੂ ਗੋਬਿੰਦ ਮ੍ਰਗਿੰਦ ਦੀ ਭਵਾਨੀ ਜੋ ਸ੍ਰੀ ਅਕਾਲ ਪੁਰਖ ਦੀ ਪ੍ਰਕਾਸ਼ ਮਈ ਬੜੀ ਤੇਜ ਰੋਸ਼ਨੀ ਅੱਗ ਲਾਟ ਤੇ ਸੂਰਜ ਵਾਂਗ ਚਮਕਣ ਵਾਲੀ ਜੋਤਿ ਨਹੀਂ ਸਗੋਂ ਇਸ ਤੋਂ ਵੀ ਚਵੱਗਨ ਉਹ ਜੋਤਿ ਜੋ ਸਬਾਈ ਵਰਤ ਰਹੀ ਹੈ।

ਰਾਮ ਨਾਮ ਹੈ ਜੋਤਿ ਸਬਾਈ
ਗੁਰਮੁਖਿ ਆਪੇ ਅਲਖੁ ਲਖੀਆ।

ਪੰ: ੯੩੬ ਮ: ੪।

ਪ੍ਰਗਟੀ ਜੋਤਿ ਮਿਟਿਆ ਅੰਧਿਆਰਾ।
ਰਾਮ ਰਤਨ ਪਾਇਆ ਕਰਤ ਬੀਚਾਰਾ।

ਪੰ: ੧੩੬੯ ਕਬੀਰ ਜੀ।

ਇਸੇ ਨੂੰ ਤਾਂ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਹੈ (ਏਕਾ ਮਈ ਜੁਗਤਿ ਬਿਆਸ) ਇਸੇ ਅਧਾਰ ਤੇ ਸ੍ਰੀ ਗੁਰੂ ਅਮਰ ਦਾਸ ਜੀ ਦਾ ਹੁਕਮ ਹੈ।

ਕੁਦਰਤਿ ਕਰਕੈ ਵਸਿਆ ਸੋਇ।
ਵਖਤੁ ਵੀਚਾਰੇ ਸੁ ਬੰਦਾ ਹੋਇ।
ਕੁਦਰਤਿ ਹੈ ਕੀਮਤਿ ਨਹੀਂ ਪਾਇ।
ਜਾਕੀਮਤਿਪਾਇ ਤਾਂ ਕਹੀਨ ਜਾਇ।

ਪੰ: ੮੪। ਮ: ੩

ਇਸੇ ਆਸ਼ੇ ਅਨੁਸਾਰ ਸ੍ਰੀ ਦਸਮੇਸ਼ ਜੀ ਐਉਂ ਕਹਿੰਦਾ ਹੈ—

ਪ੍ਰਿਥਨੈ ਓਅੰਕਾਰ ਤਿਨ ਕਹਾ।
ਸੋ ਧੁਨ ਪੂਰ ਜਗਤ ਮੋ ਰਹਾ।
ਤਾਤੇ ਜਗਤ ਭਯੋ ਬਿਸਥਾਰਾ।
ਪੁਰਖ ਪ੍ਰਕ੍ਰਿਤ ਜਬ ਦੁਹੂ ਬਿਚਾਰਾ ।੩੦।

Digitized by Panjab Digital Library | www.panjabdigilib.org

ਜਪੁਜੀ ਸਾਹਿਬ ਦੀ ਵੀ ਪਉੜੀ ਨੰ: ੩੦ ਹੈ ਅਤੇ ਇਥੇ ਸ੍ਰੀ ਦਸਮੇਸ਼ ਜੀ ਵੀ ਨੰ: ੩੦ ਹੀ ਦਿੰਦੇ ਹਨ ਭਾਵ ਦੋਹਾਂ ਦਾ ਇਕੋ ਹੀ ਹੈ। ਜਿਸਦਾ ਭਾਵ ਸਪਸ਼ਟ ਹੈ ਕਿ ਆਪ ਪਹਿਲੇ ਲੇਖ ਦੀ ਤਰਜਮਾਨੀ ਕਰ ਰਹੇ ਹਨ।

ਚੌਪਈ–ਬਲੀ ਅਬਲੀ ਦੋਊ ਉਪਜਾਏ।
ਊਚ ਨੀਚ ਕਰ ਭਿੰਨ ਦਿਖਾਏ।
ਬਪ ਧਰ ਕਲ ਬਲੀ ਬਲਵਾਨਾ।
ਆਪਹ ਰੂਪ ਧਰਤ ਭਯੋ ਨਾਨਾ ।੩੨।
ਭਿੰਨ ਭਿੰਨ ਜਿਮੁ ਦੇਹ ਧਰਾਏ।
ਤਿਮ ਤਿਮ ਕਰ ਅਵਤਾਰ ਕਹਾਏ।
ਪਰਮ ਰੂਪ ਜੋ ਏਕ ਕਹਾਯੋ।
ਅੰਤ ਸਭੋ ਤਿਹ ਮਧਿ ਮਿਲਾਯੋ ।੩੩।

ਐਉਂ ਸ੍ਰੀ ਸਮਦਰਸੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦ੍ਰਿਸ਼ਟੀ ਵਿਚ ਦੂਜਾ ਤਾਂ ਹੈ ਹੀ ਕੋਈ ਨਹੀਂ, ਅਵਤਾਰ ਉਸ ਤੋਂ ਵਖਰੇ ਕਿਵੇਂ ਹੋ ਸਕਦੇ ਹਨ। ਫੇਰ ਸੋਚੋ ਕਿ ਅਸੀਂ ਹੁਣ ਕਿਸ ਤੇ ਵਿਸਵਾਸ਼ ਕਰਨਾ ਹੈ ਅਤੇ ਕਿਸ ਤੋਂ ਤਰਕ ਖਾਣੀ ਹੈ :–

(ਜਿਧਰ ਦੇਖਤਾ ਹੂੰ ਉਧਰ ਤੂਹੀ ਤੂ ਹੈ)

ਵਗਦੇ ਪਾਣੀ ਜਗਦੇ ਜੁਗਨੂ
ਟਿਮ ਟਿਮ ਕਰਦੇ ਤਾਰੇ
ਨੈਣਾਂ ਨੂੰ ਖਿੱਚ ਪਾਉਂਦੇ ਰਹਿੰਦੇ
ਅਦਭੁਤ ਜਿਹੇ ਨਜ਼ਾਰੇ।
ਕੁਦਰਤ ਦਾ ਪਾਸਾਰ ਅਣੂਠਾ
ਸਾਗਰ ਧਰਤੀ ਅੰਬਰ।
ਨਵਰਾਹੀ ਨਸ਼ਿਆਈਆਂ ਸੋਚਾਂ
ਰੀਝਾਂ ਲੈਣ ਹੁਲਾਰੇ।
ਸਤਿਗੁਰੁ ਮੇਰਾ ਸਦਾ ਸਦਾ
ਨ ਆਵੈ ਨਾ ਜਾਇ।
ਉਹ ਅਬਿਨਾਸੀ ਪੁਰਖੁ ਹੈ
ਸਭ ਮਹਿ ਰਹਿਆ ਸਮਾਇ।

ਪੰ: ੭੫੯। ਮ: ੪।

ਜੋਤਿਕ ਜਗਤਿ ਕੇ ਜੀਵ ਬਖਾਨੋ।
ਏਕ ਜੋਤਿ ਸਭ ਹੀ ਮਹਿ ਜਾਨੋ।
ਕਾਲ ਰੂਪ ਭਗਵਾਨ ਭਨੈਬੋ।
ਤਾ ਮਹਿ ਲੀਨ ਜਗਤਿਸਭ ਹ੍ਵੈਬੋ।੪।
ਜੋ ਕਿਛੁ ਦਿਸਟ ਅਗੋਚਰ ਆਵਤ।
ਤਾਕਹੁ ਮਨ ਮਾਯਾ ਠਹਰਾਵਤ।
ਏਕਹ ਆਪ ਸਭਨ ਸੋ ਬਿਆਪਾ।
ਸਭ ਕੋਈ ਭਿੰਨ ਭਿੰਨ ਕਰ ਥਾਪਾ।੫।
ਸਭ ਹੀ ਮਹਿ ਰਸ ਰਹਿਯੋ ਅਲੇਖਾ।
ਮਾਗਤ ਭਿੰਨ ਭਿੰਨ ਤੇ ਲੇਖਾ।
ਜਿਨ ਨਰ ਏਕ ਵਹੈ ਠਹਿਰਾਯੋ।
ਤਿਨਹੀ ਪਰਮ ਤੱਤ ਕਹ ਪਾਯੋ ।੬।

ਚੌਪਈ–ਏਕਹ ਰੂਪ ਅਨੂਪ ਸਰੂਪਾ।
ਰੰਕ ਭਯੋ ਰਾਵ ਕਹੀ ਭੂਪਾ।
ਭਿੰਨ ਭਿੰਨ ਸਭਹ ਉਰਝਾਯੋ।
ਸਭ ਤੇ ਜੁਦੋ ਨ ਕਿਨਹੂੰ ਪਾਯੋ ।੭।
ਭਿੰਨ ਭਿੰਨ ਸਭਹੂੰ ਉਪਜਯੋ।
ਭਿੰਨ ਭਿੰਨ ਕਰ ਤਿਨੋ ਖਪਾਯੋ।
ਆਪ ਕਿਸੂ ਕੋ ਦੋਸ ਨ ਲੀਨਾ।
ਅਉਰਨ ਸਿਰ ਬੁਰਿਆਈ ਦੀਨਾ ।੮।

ਇਹ ਹੈ ਅਵਤਾਰ–ਵਿਸਥਾਰ ਦਾ ਕੁਝਕੁ ਮੰਗਲਾ-ਚਰਨ ਦੇ ਅੰਸ–ਅਗੇ ਹੈ ਕ੍ਰਿਸ਼ਨਾ ਅਵਤਾਰ ਦਾ ਇਤਿਹਾਸਕ ਪੱਖ ਅਤੇ ਉਸਦਾ ਅਨੁਵਾਦ ਜੋ ੨੫੬ ਪੰਨੇ ਤੋਂ ਅੰਕ ੧੫ ਤੋਂ ਆਰੰਭ ਹੋ ਕੇ ਪੰ: ੫੬੯ ਅੰਕ ੨੪੮੦ ਤਕ ਫੈਲਿਆ ਹੋਇਆ ਹੈ । ਅੰਕ ੨੪੮੦ ਤੋਂ ਅਗੇ ੯੨ ਤਕ ੧੨ ਛੰਦ ਗੁਰੂ ਜੀ ਦੇ ਆਪਣੇ ਵਲੋਂ ਅਕਾਲ ਪੁਰਖ ਦੇ ਚਰਨਾਂ ਵਿਚ ਕੀਤੀ ਅਰਦਾਸ ਦੇ ਹਨ। ਜੋ ਕ੍ਰਿਸ਼ਨ ਦਾ ਵੀ ਕ੍ਰਿਸ਼ਨ ਹੈ ਅਤੇ ਬ੍ਰਿਜ ਨਾਇਕ ਦਾ ਮਹਾਂ ਬ੍ਰਿਜ ਨਾਇਕ ਹੈ, ਜਿਸ ਤੋਂ ਬਲ ਪਾ ਕੇ ਕ੍ਰਿਸ਼ਨ, ਉਪ ਨਾਮ ਬਿਰਜ ਨਾਇਕ ਅਥਵਾ ਬਿਰਜ ਨਾਥ ਨੇ ਉਪਰੋਕਤ ਕੌਤਕ ਕੀਤੇ । ਪ੍ਰਸ਼ਨ–ਹੋ ਸਕਦਾ ਹੈ ਕਿ ਬਿਰਜ ਨਾਥ ਜਾਂ ਬਿਰਜ ਨਾਇਕ ਤਾਂ ਸਪਸ਼ਟ ਕ੍ਰਿਸ਼ਨ ਹੀ ਹੋ ਸਕਦਾ ਹੈ, ਕਿਉਂਕਿ ਉਸ ਦਾ ਨਾਮ ਕ੍ਰਿਸ਼ਨ ਸੀ ਅਤੇ ਬਿਰਜ ਦਾ ਵਾਸੀ ਤੇ ਬਰਿਜ ਦਾ ਰਾਜਾ ਭਾ: ਮੁਖੀ ਜੋ ਸੀ। ਉਤਰ ਵਿਚ–ਬਿਨੈ ਹੈ ਕਿ ਲੇਖ ਤੇ ਕਵਿਤਾਵਾਂ ਵਿਚ ਇਹੋ ਜਿਹੇ ਅਨੇਕਾਂ ਹੀ ਪ੍ਰਮਾਦ ਸੀਲ ਸ਼ਬਦ ਪਾਏ ਜਾਂਦੇ ਹਨ, ਦੂਜੇ ਲੇਖ ਦਾ ਲੇਖ ਕੁਝ ਹੋਰ ਦਿਸਦਾ ਹੈ ਪਰ ਨਿਸ਼ਾਨਾ ਹੋਰ ਹੁੰਦਾ ਹੈ। ਜੋ ਭੌਤਕ

Digitized by Panjab Digital Library | www.panjabdigilib.org

ਜਗਤ ਨੂੰ ਅਧਾਰ ਬਣਾਕੇ ਅਭੌਤਕ ਸੰਸਾਰ ਵਲ ਪ੍ਰੇਰਦਾ ਹੁੰਦਾ ਹੈ, ਸ੍ਰੀ ਦਸ਼ਮੇਸ਼ ਜੀ ਦਾ ਇਤਿਹਾਸਕ ਕ੍ਰਿਸ਼ਨ ਭੂਤ ਹੈ ਅਤੇ ਪ੍ਰਾਰਥਕ ਅਭੂਤ ਹੈ । ਜੈਸਾ ਕਿ ਇਕ ਕ੍ਰਿਸ਼ਨ ਉਹ ਹੈ ਜੋ ਇਕ ਅਵਤਾਰ ਦੇ ਰੂਪ ਵਿਚ ਦੇਵਕੀ ਦੇ ਉਦਰ ਤੋਂ ਜਨਮ ਲੈ ਕੇ ਦੇਵਤਿਆਂ ਦੀ ਪਧਤੀ ਵਿਚ ਸ਼ਾਮਲ ਹੈ । ਇਕ ਕ੍ਰਿਸ਼ਨ ਸਰਵ ਦੇਵ-ਦੇਵਾਂ ਦੀ ਪ੍ਰਮ ਆਤਮਾ ਹੈ, ਜਿਵੇਂ ਵਾਸ ਦੇਵ ਭੌਤਕ ਕ੍ਰਿਸ਼ਨ ਦਾ ਪਿਤਾ ਸੀ, ਇਕ ਵਾਸਦੇਵ ਸਰਬਤ ਤੇ ਸਮੂਹਕ ਖੰਡਾ ਵਰਹਮੰਡਾ ਦਾ ਪਿਤਾ ਹੈ, ਇਕ ਘੜੇ ਵਿਚ ਬੰਦਿਕ ਜਲ ਘੜੇ ਦਾ ਜਲ ਕਹਾਉਂਦਾ ਹੈ, ਪਰ ਉਸ ਪਾਣੀ ਤੋਂ ਬਿਨਾਂ ਘੜੇ ਦਾ ਵਜੂਦ ਵਿਚ ਆਉਣਾ ਸੰਭਵ ਨਹੀਂ ਜਿਵੇਂ ਘੜੇ ਵਿਚ ਪਾਣੀ ਦੋਨੋਂ ਹੀ ਸੂਰਤਾਂ ਵਿਚ ਓਤ ਪੋਤ ਹੈ ਅਤੇ ਫੇਰ ਵੀ ਜਿਸ ਸਾਗਰ ਤੋਂ ਘੜਾ ਭਰਿਆ ਗਿਆ ਉਸਦਾ ਤੇ ਜਲ ਦਾ ਆਪਣਾ ਵਜੂਦ ਕਾਇਮ ਹੈ ।

ਇਸੇ ਤਰ੍ਹਾਂ ਪ੍ਰਮ ਜੋਤ ਭੂਤ ਅਭੂਤ ਵਿਚ ਹੁੰਦਿਆਂ ਹੋਇਆਂ ਵੀ ਹਰ ਪ੍ਰਕਾਰ ਤੇ ਹਰ ਥਾਂ ਵਿਦਮਾਨ ਹੈ ਅਤੇ ਸਾਰੇ ਨਾਵਾਂ ਨਾਲ ਪਰਤੱਖ ਹੈ ।

ਏਕ ਕ੍ਰਿਸਨੰ ਸਰਬ ਦੇਵਾ
ਦੇਵ ਦੇਵਾ ਤ ਆਤਮਾ ।
ਆਤਮਾ ਬਾਸੁ ਦੇਵਸਿ
ਜੇ ਕੋ ਜਾਣੈ ਭੇਉ ।
ਨਾਨਕ ਤਾਕਾ ਦਾਸੁ ਹੈ
ਸੋਈ ਨਿਰੰਜਨ ਦੇਉ ।

ਪੰ: ੪੬੯।ਮ: ੨ ।

ਭਾ: ਕਿ ਪ੍ਰਮ ਆਤਮਾ ਹੀ ਦੇਵਤਾ ਪਨ ਦੀ ਰੂਹ ਹੈ, ਫੇਰ ਅਸੀਂ ਇਹ ਨਿੰਦਾ ਕਿਸਦੀ ਕਰਦੇ ਹੋਇ ? ਹਾਂ ਕੁਝ ਕਰਮਾਂ ਉਪਰ ਨਿਬੜਦਾ ਹੈ ਜਿਹੋ ਜਿਹਾ ਕੋਈ ਕਰਮ ਕਰਦਾ ਹੈ ਉਸਦੇ ਕਰਮ ਅਕਰਮ ਦੀ ਵਿਚਾਰ ਕਰਨ ਵੇਲੇ ਉਸਦੇ ਕਰਮਾਂ ਅਨੁਸਾਰ ਨਾਉ ਪਚਾਰਨਾ ਅਵਸ਼ਕ ਹੈ । ਜੇ ਕੋਈ ਗੁਨਾਹ ਕਰਦਾ ਹੈ ਤਾਂ ਲੇਖਕ ਨੂੰ ਗੁਨਾਹਗਾਰ ਲਿਖਣ ਦਾ ਹੱਕ ਹੈ, ਉਥੇ ਨਾ ਪੜੇ ਦੀ ਅੜੇ ਨਾ ਅਨ ਪੜੇ ਦੀ ਕੋਈ ਤਮੀਜ਼ ਦਾ ਸਵਾਲ ਹੈ, ਨਾ ਹੀ ਨੇਕ ਨੂੰ ਨੇਕ ਬਦ ਨੂੰ ਬਦਲਿਖਣਾ ਲੇਖਕ ਦਾ ਫਰਜ਼ ਹੈ ਅਤੇ ਦੋਨਾਂ ਸੂਰਤਾਂ ਦੇ ਮੁਤਾਬਕ ਉਹਨਾਂ ਦਾ ਸਤਿਕਾਰ ਰਖਣਾ ਹੀ ਪੈਂਦਾ ਹੈ ।

ਪੜਿਆ ਹੋਵੈ ਗੁਨਹਗਾਰੁ ਤਾ
ਓਮੀ ਸਾਧੁ ਨ ਮਾਰੀਐ ।
ਜੇਹਾ ਘਾਲੇ ਘਾਲਣਾ
ਤੇ ਵੇਹੋ ਨਾਉ ਪਚਾਰੀਐ ।
ਐਸੀ ਕਲਾ ਨ ਖੇਡੀਐ
ਜਿਤੁ ਦਰਗਹ ਗਇਆ ਹਾਰੀਐ ।

ਪੰ: ੪੬੯ । ਮ: ੧

ਉਪਰੋਕਤ ਲੇਖ ਦੇ ਲਿਖਾਰੀ ਕਿਵੇਂ **ਪਰਮੁਖ** ਤੇ ਸ੍ਰਵੋਤਮ ਪੁਰਖਾਂ ਦੇ ਇਤਿਹਾਸ ਨੂੰ ਨਿਰਾਦਰੀ ਸੀਲ ਕਰ ਸਕਦੇ ਸਨ ਅਤੇ ਸਬੰਧਤ ਥਾਂ ਉਹਨਾਂ ਦਾ ਨਾਮ ਲਿਖਣਾ ਕੋਈ ਗੁਨਾਹ ਭਰਪੂਰ ਨਹੀਂ । (ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ । ਪੰ: ੪੮੬ ।) ਕੀ ਪਾਠਕ ਜਨ ਇਸ ਦਾ ਅਰਥ ਰਾਮ ਚੰਦਰ ਜੋ ਅਜੁਧਿਆ ਦਾ ਰਾਜਾ ਸੀ ਉਹੋ ਕਰਨਗੇ ? ਜਦੋਂ ਅਸੀਂ ਇਸ ਭੇਤਨੂੰ ਪਾ ਲਵਾਂਗੇ ਤਾਂ ਸਾਡੇ ਭੇਦ ਅਭੇਦ ਸਾਰੇਹਰਨ ਹੋ ਜਾਣਗੇ । ਭਗਤ ਜੀ ਕਹਿੰਦੇ ਹਨ (ਸੰਤ ਤੁਝੀ ਤਨੁ ਸੰਗਤਿ ਪ੍ਰਾਨ) ਪੰ: ੪੮੬ । ਸ੍ਰੀ ਭਗਤ ਮਣੀ ਰਵਿਦਾਸ ਜੀ ਦਾ ਕਥਨ ਹੈ ਕਿ ਹੇ ਪ੍ਰਭੂ ਸੰਤ ਹੀ ਤੇਰਾ ਤਨ ਅਤੇ ਉਹਨਾਂ ਦੀ ਸੰਗਤ ਸਾਡੇ ਪ੍ਰਾਨ ਹਨ ਅਤੇ ੩੩ ਕਰੋੜ ਦੇਵਤਾ ਉਸ ਦੇ ਸੇਵਕ ਤੇ ਦਾਸ ਹਨ, ਕੀ ਉਹ ਸੰਤਾਂ ਦੀ ਪਧਤਿ ਤੋਂ ਬਾਹਰ ਕੀਤੇ ਜਾ ਸਕਦੇ ਹਨ, ਜੇ ਅਸੀਂ ਉਹਨਾਂ ਦਾ ਅਪਮਾਨ ਕਰਾਂਗੇ ਤਾਂ ਕੀ ਉਹਨਾਂ ਦੇ ਮਾਲਿਕ ਨੂੰ ਭਾਵਾਂਗੇ ਨਹੀਂ ।

ਪ੍ਰਭ ਦਾਸ ਕਾ ਦੁਖ ਨ
ਖਵਿ ਸਕੈ ਫੜਿ ਜੋਨੀ ਜੁਤੇ ।
ਮਥੇ ਵਾਲਿ ਪਛਾੜੀਅਨ
ਜਮ ਮਾਰਗਿ ਮੁਤੇ ।
ਦੁਖਿ ਲਗੈ ਬਿਲਲਾਣਿਆ
ਨਰਕਿ ਘੋਰਿ ਸੁਤੇ ।
ਕੰਠ ਲਾਇ ਦਾਸ ਰਖਿਅਨੁ
ਨਾਨਕ ਹਰਿ ਸਤੇ ।੨੦।

ਪੰ: ੫੨੩-੨੪

ਸਾਹਿਬੁ ਸੇਵਕੁ ਇਕੁ ਦ੍ਰਿਸਟਾਇਆ ।
ਗੁਰ ਪ੍ਰਸਾਦਿ ਨਾਨਕੁ ਸਚਿ ਸਮਾਇਆ ।੨੧।

ਆਖਰ ਇਸਦਾ ਕਬੀਰ ਜੀ ਹਲ ਦਸਦੇ ਹਨ-

Digitized by Panjab Digital Library | www.panjabdigilib.org

ਸਰਬ ਭੂਤ ਏਕੈ ਕਰਿ ਜਾਨਿਆ
ਚੂਕੇ ਬਾਦ ਬਿਬਾਦਾ।
ਕਹਿ ਕਬੀਰ ਮੈ ਪੂਰਾ ਪਾਇਆ
ਭਏ ਰਾਮ ਪਰਸਾਦਾ।

ਪੰ: ੪੮੩।

ਪਿਛੇ-ਦਸਿਆ ਜਾ ਚੁਕਾ ਹੈ ਕਿ ਪੰ: ੪੬੮ ਅੰਕ ੨੪੮੦ ਤਕ ਕ੍ਰਿਸਨਾ ਅਵਤਾਰ ਦਾ ਇਤਿਹਾਸ ਦਸਿਆ ਗਿਆ ਹੈ, ਇਸ ਤੋਂ ਅਗੇ ਭੂ ਮੰਡਲ ਤੋਂ ਉਪਰਾਮ ਅਭੂ ਇਕੋ ਇਕ ਨਿਰੋਲ ਅਕਾਲ ਪੁਰਖ ਸਾਰੇ ਵਿਸ਼ਵ ਦਾ ਮਾਲਕ ਪੂਰਨ ਬ੍ਰਿਜ ਨਾਯਕ ਦਾ ਅਜ਼ਹਾਰ ਹੈ। ਜਿਥੋਂ ਤਕ ਇਤਿਹਾਸ ਦਾ ਸੰਦਰਵ ਹੈ ਉਹ ਨਾਲੋ-ਨਾਲ ਥਾਂ ਪਰ ਥਾਂ ਸਪਸ਼ਟ ਕਰਦੇ ਰਹੇ ਹਨ। ਦੇਖੋ ਪ੨੫-੨੬ ਜਿਸ ਦੀ ਅੰਤਲੀ ਪੰਗਤੀ ਹੈ ਕਿ ਕ੍ਰਿਸ਼ਨ ਨੇ ੧੬੦੦੦ ਇਸਤ੍ਰੀ ਬਿਆਹੀ (ਸੋ ਕਬਿ ਸਿਆਮ ਪੁਰਾਤਨ ਤੇ ਸੁਨ ਭੇਦ ਕਹਯੋ ਸਭ ਸੰਤ ਸੁਨੈਕੇ) ਅੰ: ੨੧੪੫। ਭਾਵ–ਮੈਂ ਸਿਆਮ ਕਵੀ ਨੇ ਪੁਰਾਨਾਂ ਦੇ ਅਨੁਸਾਰ ਇਸ ਪ੍ਰਸੰਗ ਦਾ ਭੇਤ ਸਾਰੇ ਸਤ-ਸੰਗੀਆਂ ਨੂੰ ਸੁਨਾਣ ਲਈ ਕਿਹਾ ਹੈ। ਜਿਸ ਤੋਂ ਸਪਸਟ ਹੋ ਜਾਂਦਾ ਹੈ ਕਿ ਇਸ ਲੇਖ ਵਿਚ ਕੋਈ ਪ੍ਰਮਾਦਿ ਬਾਕੀ ਨਹੀਂ ਰਹ ਜਾਂਦਾ ਜੋ ਇਸ ਦਾ ਲਿਖਾਰੀ ਕੋਈ ਐਰਾ-ਗੈਰਾ ਛਜੂ-ਖੇਰਾ ਨਹੀਂ ਸਗੋਂ ਕੇਵਲ-ਤੇ ਕੇਵਲ ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਹੀ ਵਾਹਦ ਹੈ। ਲੇਖਕ ਦੇ ਸ੍ਰਵਣਾ ਤਕ ਜੋ ਵੀ ਸਮਗਰੀ ਕਿਸੇ ਪੁਰਸੋਤਮ ਦੀ ਪੁਜਦੀ ਹੈ ਉਹ ਉਸਨੂੰ ਬਾ ਸਾਕਾਰ, ਸਲੀਕੇ ਸ਼ਹਿਤ ਕਰਤਵ ਤੇ ਉਪਮਾ ਗੁਣ ਅਥਵਾ ਅਵਗੁਣ ਪੂਰਨ ਸੰਜੀਦਗੀ ਨਾਲ ਲਿਖਦਾ ਹੈ। ਜੋ ਪ੍ਰਭੂ ਜੋਤ ਲੇਖਕਾਂ ਦੇ ਸ੍ਰਵੋਤਮ ਲੇਖਕ ਸ੍ਰੀ ਦਸਮੇਸ਼ ਜੀ ਨੇ ਲਿਖੀ ਹੈ।

(੩੧) ਕ੍ਰਿਸਨਾਂ ਅਵਤਾਰ ਦੀ ਕਥਾ ਦਾ ਅੰਤਕਾ–ਕ੍ਰਿਸ਼ਨ ਜੀ ਦਾ ਤੇ ਗੋਪੀਆਂ ਦੀ ਪ੍ਰੇਮ ਕਥਾ ੨੪੭੮ ਅੰਕ ਤੇ ਪੰ: ੫੬੮ ਤੇ ਸਮਾਪਤ ਹੁੰਦੀ ਹੈ। ਉਪ੍ਰੰਤ ਸ੍ਰੀ ਕੇਸਵ ਜੀ ਸੰਗਤਾਂ ਨੂੰ ਨਿਜ ਉਪਦੇਸ ਕਰ ਰਹੇ ਹਨ ਅਤੇ ਕਹਿੰਦੇ ਹਨ ਕਿ ਪ੍ਰਭੂ ਦੀ ਰਹਿਮਤ ਹਾਸਲ ਕਰਨ ਲਈ ਸੰਤਾਂ ਦੇ ਵਿਚ ਕੀ ਬਡਾਈ ਹੁੰਦੀ ਹੈ। ਲਉ ਹੁਣ ਉਹ ਸੁਣੋ:–

ਚਉਪਈ–ਹਰਿ ਕੇ ਸੰਤ ਕੀ ਬਢੀ ਸੁਨਾਤੂ।
ਤਾਤੇ ਪ੍ਰਭ ਲੋਗਨ ਰਿਝਵਾਊ।
ਜੋ ਇਹ ਕਥਾ ਤਨਕ ਸੁਨ ਪਾਵੈ।
ਤਾਕੋ ਦੋਖ ਦੂਰ ਹੋਇ ਜਾਵੈ।

ਪੰ: ੨੪੮੦।

ਜਿਸਦਾ ਭਾਵ ਹੈ-ਕਿ ਜੇਹੜੀ ਮੈਂ ਹੁਣ ਸੰਤਾਂ ਦੀ ਵਿਡਤਣ ਵਿਚ ਲਿਖ ਰਿਹਾ ਹਾਂ ਇਸ ਦਾ ਇਹ ਗੁਣ ਹੋਵੇਗਾ ਇਕ ਤਾਂ ਪ੍ਰਭੂ ਦੇ ਪਿਆਰੇ ਇਸ ਨਾਲ ਰੀਝਣ (ਸੰਤੁਸ਼ਟ) ਹੋਣਗੇ, ਅਤੇ ਜੇ ਕੋਈ ਇਸ ਕਥਾ ਨੂੰ ਥੋੜੀ ਜਿਹੀ ਵੀ ਸੁਣ ਪਾਇਗਾ ਉਸਦੇ ਪੰਜੇ ਦੋਖੀ ਤੇ ਦਸੇ ਦੋਖਣਾਂ ਸਭ ਦੂਰ ਹੋ ਜਾਣਗੇ। ਕਿਉਂਕਿ ਇਸ ਅਗਲੇ ਅੰਕਾਂ ਵਿਚ ਆਪਨੇ ਪੂਰਨ ਗਿਆਨ ਦਾ ਤਤ ਸਮੋ ਦਤਾ ਹੈ। ਜਦੋਂ ਅਸੀਂ ਪ੍ਰਮਾਦ ਨਾਲ ਉਪ੍ਰੋਕਤ ਚੌਪਈ ਦੀਆਂ ਉਧਾਰਣਾਂ ਨੂੰ ਕ੍ਰਿਸ਼ਨ ਦੇ ਪ੍ਰਸੰਗ ਨਾਲ ਜੁਟਾ ਲੈਂਦੇ ਹਾਂ ਤਾਂ ਇਹ ਉਹੋ ਗਲਤੀ ਹੈ (ਜਿੱਥੇ ਬੈਠਾ ਮ੍ਰਿਤਕੋ ਇਲ ਬੈਠੀ ਆਏ) ਨੂੰ ਐਉਂ ਪੜ ਲੈਂਦੇ ਹਾਂ ਕਿ (ਜਿਥੇ ਬੈਠਾ ਮਿਰਤ ਕੋ ਇਲ ਬੈਠੀ ਆਇ। ਜੇ ਕੱਕੇ ਨੂੰ ਅਡ ਕਰਕੇ ਪੜਾਂਗੇ ਤਾਂ ਪਾਠ ਠੀਕ ਹੋ ਜਾਵੇਗਾਜੇ ਕੱਕੇਨੂੰਨਖੇੜਦਿਆਂਗੇ ਤਾਂਕੋਇਲਪਾਠ ਗਲਤ ਹੋ ਜਾਵੇਗਾ,ਇਸ ਤਰ੍ਹਾਂ ਜਦੋਂ ਅਸੀਂ ਅੰਕ ੨੪੮੦ ਨੂੰ ਕ੍ਰਿਸ਼ਨ ਕਥਾਂ ਨਾਲੋ ਸਬੰਧ ਤੋੜਕੇ ਇਸ ਤੋਂ ਅਗਲੇ ਪ੍ਰਸੰਗ ਨਾਲ ਜੋੜ ਲਵਾਂਗੇ ਤਾਂ ਇਹ ਪਾਠ ਸ਼ੁਧ ਹੋਵੇਗਾ, ਹੁਣ ਤਕੋ ਅਗਲੇ ਪ੍ਰਸੰਗ ਦੀ ਕੀ ਵਿਸ਼ੇਸਤਾ ਹੈ ਜਿਸਦੇ ਸੁਣ ਲੈਣ ਨਾਲ ਸਾਡੀਆਂ ਸਾਰੀਆਂ ਪ੍ਰਕ੍ਰਿਤੀਆਂ ਨਿਰਦੋਖ ਹੁੰਦੀਆਂ ਹਨ। ਉਸ ਬਾਰੇ ਆਪ ਦਸਦੇ ਹਨ-ਕਿ ਜਿਸ ਤਰਾਂ ਉਪ੍ਰੋਕਤ ਪ੍ਰਸੰਗ ਵਿਚ ਬ੍ਰਿਜ ਨਾਯਕ ਕ੍ਰਿਸ਼ਨ ਨੇ ਸੰਤਾਂ ਤੇ ਆਪਣੇ ਮਿਤਰਾਂ ਅਤੇ ਭਗਤਾਂ ਦੇ ਸਾਰੇ ਕਾਜ ਸਵਾਰ ਕੇ ਨੇਪਰੇ ਚਾੜੇ ਹਨ, ਐਨ ਇਸੇ ਤਰਾਂ ਜੋ ਸਾਰੇ ਜਗਤ ਖੰਡਾਂ ਬ੍ਰਹਮੰਡਾਂ ਦਾ ਤੇ ਕ੍ਰਿਸ਼ਨ ਦਾ ਵੀ ਕ੍ਰਿਸ਼ਨ ਤੇ ਬ੍ਰਿਜ ਨਾਇਕ ਹੈ ਉਹ ਵੀ (ਪੈਜ ਰਖਦਾ ਆਇਆ ਜੁਗੋ ਜੁਗ ਭਗਤਾਂ ਦੀ) ਕੰਠਿ ਲਾਇ ਦਾਸ ਰਖਿਆਨੁ ਨਾਨਕ ਹਰਿ ਸਤੇ। ਪੰ: ੫੨੪। ਮ: ੫।

ਦੇਖੋ ਅਗੇ ਗਿਆਨ ਗੋਸ਼ਟੀ

ਸਵੈਯਾ–ਜੈਸਾ ਤ੍ਰਿਨਾਵਰਾਂਤ ਅਉ ਅਘਕੋ
ਸੁ ਬਕਾ ਸੁਰਕੋ ਬਧ ਜਾ ਮੁਖ ਫਾਰਿਓ।
ਖੰਡ ਕੀਓ ਸਕਟਾਸੁਰ ਕੋ ਗਹ
ਕੇਸਨ ਤੇ ਜਿਹ ਕੰਸ ਪਛਾਰਿਓ।
ਸਿੰਧ ਜਗ ਹੂੰਕੋ ਸੈਨ ਮਥਿਓ ਅਰੁ

Digitized by Panjab Digital Library | www.panjabdigilib.org

ਸਤਰਹੁ ਕੋ ਜਿਹ ਮਾਨਹਿ ਟਾਰਿਓ ।
ਤਿਉ ਬ੍ਰਿਜਨਾਇਕ ਸਾਧਨਕੇ ਪੁਨਚਾਹਤ
ਹੈ ਸਭ ਪਾਪਨ ਟਾਰਿਓ ।੨੪੮੧।

ਭਾ: ਜਿਸ ਤਰਾਂ ਤ੍ਰਿਨਾ ਵਰਤ, ਔਰ ਅਘ ਤੇ ਬਕਾਸੁਰ ਦੈਤਾਂ ਨੂੰ ਕ੍ਰਿਸ਼ਨ ਨੇ ਮਾਰ ਮੁਕਾਇਆ ਬਕਾ ਸੁਰ ਨੂੰ ਮੂੰਹੋ ਫੜਕੇ ਪਾੜ ਹੀ ਸੁਟਿਆ ਸੀ ਅਤੇ ਸਕਟਾ ਸੁਰ ਨੂੰ ਖੰਡਿਆ ਸੀ ਅਤੇ ਕੰਸ ਨੂੰ ਕੇਸਾਂ ਤੋਂ ਫੜਕੇ ਧੋਬੀ ਦੇ ਕਪੜਾ ਫਟਕਾ ਕੇ ਮਾਰਨ ਵਾਂਗ ਮਹਲ ਨਾਲ ਪਟਕਾ ਕੇ ਮਾਰ ਦਿਤਾ ਸੀ । ਜਰਾ ਸਿੰਧ ਇਕ ਬਹੁਤ ਹੀ ਭਯੰਕਰ ਤੇ ਬਲੀ ਰਾਜਾ ਸੀ ਜਿਸ ਦੇ ਅਗੇ ਕੋਈ ਵੀ ਅੜਨ ਦੀ ਦਲੇਰੀ ਨਹੀਂ ਸੀ ਕਰਦਾ ਉਸ ਨੇ ਕ੍ਰਿਸ਼ਨ ਪਰ ੨੧ ਬਾਰ ਚੜਾਈ ਕੀਤੀ । ਅਤੇ ਉਸਦੀਆਂ ਫੌਜਾਂ ਨੂੰ ਮਾਰ ਮੁਕਾਇਆ ਜਾਂਦਾ ਰਿਹਾ । ਐਉਂ ਉਸਦੀ ਫੌਜਾਂ ਦਾ ਨਾਸ ਕਰਕੇ ਧਰਤੀ ਦਾ ਭਾਰ ਹੌਲਾ ਕਰਕੇ ਜਰਾ ਸਿੰਧ ਨੂੰ ਵੀ ਸਮੇਤ ਸੈਲਾਂ ਸੁਆਹ ਕਰ ਦਿਤਾ ਸੀ । ਅਤੇ ਜਿਸ ਤਰਾਂ ਸ੍ਰੀ ਕ੍ਰਿਸ਼ਨ ਨੇ ਹੰਕਾਰੀ ਦੁਸਮਨਾਂ ਦਾ ਮਾਨ ਤੋੜ ਕੇ ਚੂਰ-ਚੂਰ ਕਰ ਸੁਟਿਆ ਸੀ । ਨੋਟ-ਕ੍ਰਿਸ਼ਨ ਚਰਿਤ੍ਰ ਇਕ ਉਧਾਹਰਨ ਦੇ ਤੌਰ ਪਰ ਵਰਤਿਆ ਗਿਆ ਹੈ-ਇਹ ਉਧਾਰਨਾਂ ਦੇ ਕੇ ਸਪਸ਼ਟ ਕਰਦੇ ਹਨ ਕਿ ਐਨ ਇਸੇ ਤਰ੍ਹਾਂ ਓਹ ਜੋ ਸੂਰਜਾਂ ਦਾ ਸੂਰਜ ਹੈ ਚੰਦ੍ਰਮਾਂ ਦਾ ਚੰਦ੍ਰਮਾਂ ਹੈ ਅਤੇ ਬ੍ਰਿਜ ਨਾਇਕ ਦਾ ਵੀ ਬ੍ਰਿਜ ਨਾਇਕ ਹੈ । ਉਹ ਵੀ ਇਸੇ ਤਰਾਂ ਚਾਹੁੰਦਾ ਹੈ ਕਿ ਆਪਣੇ ਸਾਧਾਂ-ਸੰਤਾਂ ਦੇ ਸਭ ਪਾਪ ਦੂਰ ਕਰੇ । ਪਰ ਜੇ ਅਸੀਂ ਇਹੋ ਜਿਹੇ ਸਾਧ ਹੋ ਜਾਈਏ ਜਿਹੋ ਜਿਹੇ ਸਾਧਨ ਕ੍ਰਿਆ ਸ੍ਰੀ ਦਸਮੇਸ਼ ਜੀ ਐਉਂ ਦਸਦੇ ਹਨ ।

ਸਾਧ ਕ੍ਰਮ ਦੇਖੋ ਤੇ ਸਮਝੋ-ਜੇ ਬ੍ਰਿਜ ਨਾਇਕ ਕੇ ਰੁਚ ਸੋ ਕਬਿਸਯਾਮ ਭਨੈ ਫੁਨ ਗੀਤਨ ਗੈਹੈ ।

ਚਾਤੁਰਤਾ ਸੰਗ ਜੋ ਹਰਿ ਕੇ
ਜਸੁ ਬੀਚ ਕਬਿਤੱਨ ਕੇ ਸੁ ਬਨੈ ਹੈ ।
ਅਉਰਨ ਤੇ ਸੁਨ ਜੋ ਚਰਚਾ ਹਰਿ ਕੀ
ਹਰਿ ਕੇ ਮਨ ਭੀਤਰ ਦੈ ਹੈ ।
ਸੋ ਕਬਿ ਸਯਾਮ ਭਨੈ ਧਰਿਕੈ ਤਨ ਯਾ
ਭਵਭੀਤਰ ਫੇਰ ਨ ਐਹੈ ।੨੪੮੨।

ਅਰਥ-ਭਾਵ ਕਿ ਜੋ ਸਖਸ਼ ਸ੍ਰੀ ਪ੍ਰਮ ਪਿਤਾ ਪ੍ਰਮਾਤਮ ਦੇਵ ਦੇ ਨਾਮ ਸਿਮ੍ਰਤੀ ਵਾਲੇ ਲਗਨ ਦੇ ਨਾਲ ਜਸ ਦੀ ਕੀਰਤੀ (ਕੀਰਤਨ) ਗਾਉਂਦਾ ਹੈ, ਸਿਆਣਪ ਦੇ ਨਾਲ ਅਰਥ ਭਾਵ ਨੂੰ ਸਮਝਦਾ ਹੋਇਆ ਜੋ ਹਰਿ ਦਾ ਜਸ ਕਿਸੇ ਵੀ ਕਵਿਤਾ ਆਦਿ ਵਿਚ ਰਚਨਾਕਰਦਾ ਹੈ ਜਾਂ ਲੇਖ ਲਿਖਦਾ ਹੈ । ਜਿਹੜਾ ਲਿਖਣਾ ਨਹੀਂ ਜਾਣਦਾ ਉਹ ਹੋਰਾਂ ਤੋਂ ਸੁਣ ਕੇ ਹਰਿ ਨਾਮ ਦੀ ਚਰਚਾ ਆਪਣੇ ਮਨ ਦੇ ਵਿਚ ਵਸਾਉਂਦਾ ਹੈ । ਗੁਰਦੇਵ ਭਾਵ ਸਿਆਮ ਕਬਿ ਕਹਿ ਰਿਹਾ ਹੈ ਕਿ ਉਹ ਤਨ ਧਾਰਨ ਕਰਕੇ ਇਸ ਜਗਤ ਵਿਚ ਫੇਰ ਨਹੀਂ ਆਵੇਗਾ ਭਾ: (ਮੁਕਤਿ) ਹੋ ਜਾਵੇਗਾ । ਨੋਟ-ਇਥੇ ਅਜੀਂ ਮਨ ਦਾ ਕਾਂਟਾ ਇਸ ਤਲ ਦੇ ਬ੍ਰਿਜ ਨਾਥ ਵਲੋਂ ਮੋੜਕੇ ਬ੍ਰਿਜਨਾਥ ਦੋ ਬ੍ਰਿਜਨਾਥਨਾਲ ਜੋੜਕੇ ਅਗੇ ਚਲਣਾ ਹੈ । ਫੇਰ ਅਰਥ ਕਰਨ ਦੀ ਵੀ ਲੋੜ ਨਹੀਂ ਭਾਸੇਗੀ, ਸਮੂਹਕ ਲਿਖਣ ਨਾਲ ਲੇਖ ਦਾ ਭਾਰ ਵਧਦਾ ਹੈ ਇਸ ਲਈ ਸੰਕੋਚ ਨਾਲ ਅਗੇ ਪੜ੍ਹ ਲਵੋ ।

ਪ੍ਰੇਮ ਕੀਓ ਨ ਕੀਓ ਬਹਤੋ ਤਪ
ਕਸਟ ਸਹਿਓ ਤਨ ਕਉ ਅਤਿ ਤਾਸੋ।
ਕਾਂਸੀ ਮੈਂ ਜਾਇ ਪੜਿਓ ਅਤਿਹੀ ਬਹੁ
ਬੇਦਨ ਕੋ ਕਰਿ ਸਾਰ ਨ ਆਜੋ ।
ਦਾਨ ਦੀਏ ਬਸਿ ਹੈ ਗਯੋ ਸਯਾਮ
ਸਬੈ ਅਪਨੋ ਤਿਹ ਦਰਬ ਗਵਾਯੋ ।
ਅੰਤਰਿ ਕੀ ਰੁਚ ਕੈ ਹਰਿ ਸਿਉ ਜਿਹ
ਹੇਤ ਕੀਓ ਤਿਨਹੂ ਹਰਿ ਪਾਯੋ।੨੪੮੫।

ਭਾਵ—ਐਥੇ ਵੀ ਵਿਚਾਰ ਦੀ ਲੋੜ ਹੈ ਜੇ ਅਸੀਂ ਪੜ ਲਵਾਂਗੇ ਕਿ (ਪ੍ਰੇਮ ਕੀਓ ਨ ਕਓ ਬਹੁਤੋ ਤਪ) ਜੇ ਅਸੀਂ ਨੰਨੇ ਨੂੰ ਬਹੁਤੋ ਤਪ ਨਾਲ ਜੁਟਾ ਲੈਂਦੇ ਹਾਂ ਤਾਂ ਭਾਵ ਆਇਗਾ ਕਿ ਪ੍ਰੇਮ ਤਾਂ ਕੀਤਾ ਪਰ ਤਪ ਬਹੁਤਾ ਨਹੀਂ ਕੀਤਾ । ਇਸ ਲਈ ਇਹ ਪ੍ਰਮਾਦ ਹੋ ਜਾਇਗਾ ਇਸਨੂੰ ਪੜਨਾ ਹੈ-ਕਿ ਪ੍ਰੇਮ ਤਾਂ ਕੀਤਾ ਨਹੀਂ ਤਪ ਬਹੁਤਾ ਕੀਤਾ, ਉਸਨੇ ਐਵੇਂ ਸਰੀਰ ਨੂੰ ਕਸ਼ਟ ਹੀ ਦਿਤਾ ਹੈ । ਜਿਸ ਦਾ ਭਾਵ ਹੈ ਕਿ ਪ੍ਰੇਮ ਕਰਨ ਦੀ ਲੋੜ ਹੈ ਇਸ ਤੋਂ ਬਿਨਾਂ ਤਪ ਵਿਅਰਥ ਹੈ । ਕਾਂਸੀ ਵਿਚ ਜਾਕੇ ਪੜਦਾ ਤਾਂ ਬਹਿਤੇਰਾ ਰਿਹਾ ਪਰ ਵੇਦ ਦੇ ਭਾਵ ਨੂੰ ਨਾਂ ਸਮਝਿਆ (ਬਿਨ ਬੂਝੇ ਕੋ ਥਾਇ ਨ ਪਾਈ) ਪੰ: ੪੧੨ । ਆਦਿ ਗ੍ਰੰਥ ਸਾ: **ਜੇ ਕੋ ਕਹੇ ਦਾਨ ਦੇਕੇ ਮੈ ਪ੍ਰਭੂ,** ਨੂੰ ਪਾਲਿਆ ਹੈ ਉਸ ਦਾ ਧਨ ਹੀ ਗੁਆਚ ਗਿਆ ਜਾਣੋ । ਜਿਸ ਨੇ ਪ੍ਰੇਮ ਸਹਤ ਅੰਤਸ਼ਕ੍ਰਣ ਦੀ ਸੁਧੀ ਨਾਲ ਪ੍ਰਭੂ ਨੂੰ ਯਾਦ ਕੀਤਾ ਹੈ, ਪ੍ਰਭੂ

Digitized by Panjab Digital Library | www.panjabdigilib.org

ਦੀ ਪ੍ਰਾਪਤੀ ਉਸ ਨੂੰ ਹੋਈ ਹੈ। ੨੪੮੬ ਅੰਕ ਤੇ ਸਪਸ਼ਟ ਕਰਦੇ ਹਨ ਕਿ ਮੇਰਾ ਬ੍ਰਿਜ ਨਾਇਕ ਕਿਹੜਾ ਹੈ ਦੇਖੋ ਅਗੇ—

ਹਾਰ ਚਲੋ ਗਰਹ ਆਪਨੇ ਕਉ ਬਨ
ਮੋ ਬਹੁਤੋ ਤਿਨ ਧਿਆਨ ਲਗਾਏ।
ਸਿੱਧ ਸਮਾਧ ਅਗਾਧ ਕਥਾ ਮੁਨ
ਖੋਜ ਰਹੈ ਹਰਿ ਹਾਥ ਨ ਆਏ।
ਸਿਯਮ ਭਨੈ ਸਭੁ ਬੇਦ ਕਤੇਬਨ
ਸੰਤਨ ਕੇ ਮਤਯੋ ਠਹਰਾਏ।
ਭਾਖਤ ਹੈ ਕਬਿ ਸੰਤ ਸੁਨੋ ਜਿਹ ਪ੍ਰੇਮ
ਕੀਏ ਤਿੰਨ ਹੀ ਸ੍ਰੀ ਪਤਿ ਪਾਏ।੨੪੮੮।

ਪਾਠਕ ਪ੍ਰੇਮੀਉ ਵਿਚਾਰ ਕੇ ਦਸੋ ਕਿ ਸ੍ਰੀ ਪਤਿ ਚੰਡੀ ਨੂੰ ਕਹੋਗੇ ਜਾਂ ਕ੍ਰਿਸ਼ਨ ਨੂੰ ? ਸਪਸ਼ਟ ਹੈ ਕਿ ਸ੍ਰੀ ਪਤ ਕੁਦਰਤ ਤੇ ਪਤੀ ਪ੍ਰਮ ਪਿਤਾ ਨੂੰ ਹੀ ਕਹੋਗੇ। (ਸਾਚੁ ਕਹੋ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਉ ਤਿੰਨ ਹੀ ਪ੍ਰਭੂਪਾਇਓ।੬। ਆਪਣੀ ਨਿਤ ਨੇਮਕ ਸਵੈਯਾ ਦੀ ਬਾਣੀ ਤੇ ਇਸ ਬਾਣੀ ਦੇ ਲੇਖਕ ਵਿਚ ਕੀ ਅੰਤਰਾ ਦਸੋਗੇ ? (ਜੇ ਨਰ ਸ੍ਰੀ ਪਤਿ ਦੇ ਪ੍ਰਸ ਹੈ ਪਗ ਤੇ ਨਰ ਫੇਰ ਨ ਦੇਹ ਧਰੈਗੇ) ੮। ਜਿਤਨੀ ਵੀ ਸਮੱਗਰੀ, ਪ੍ਰਮਾਰਥ, ਗਿਆਨ ਤੇ ਸਰੇਸ਼ਟਾ ਅਤੇ ਗੁਰੂ ਪ੍ਰਤੀ ਸਿੱਖ ਲਈ ਸਿਖੀਆਂ ਨਿਤਨੇਮ ਦੇ ਸਵੈਯਾ ਵਿਚ ਹੈ, ਉਹ ਸਾਰੀ ਦੀ ਸਾਰੀ ਇਹਨਾਂ ਦਸਾਂ ਸਵੈਯਾ ਵਿਚ ਤਕ ਸਕਦੇ ਹਨ। ਜਾਂ ਤਾਂ ਇਹ ਮਨੋ ਕਿ ਜਿਸ ਲੇਖਕ ਨੇ ਸਵੈਯਾ ਲਿਖੇ ਉਸ ਨੇ ਇਹ ਸਵੈਯੇ ਵੀ ਲਿਖੇ ਜਾਂ ਫਿਰ ਨਿਤਨੇਮ ਦੇ ਸਵੈਯਾ ਵਲੋਂ ਵੀ ਸਿਰ ਫੇਰ ਜਾਉ। ਅਗੇ ਤਕੋ ਸਪਸ਼ਟਤਾ—

ਸਵੈਯਾ—ਛਤ੍ਰੀਕੋਪੂਤ ਹੌ ਬਾਮਣ ਕੋ ਨਹੀਂ
ਕੈ ਤਪੁ ਆਵਤ ਹੈ ਜੁ ਕਰੋ।
ਅਰ ਅਉਰ ਜੰਜਾਰ ਜਿਤੋਂ ਗਰਹ
ਕੋ ਤਹਿ ਤਿਆਗ ਕਹਾ ਚਿਤ ਤਾਂ ਮੈਂ ਧਰੇ।
ਅਬ ਰੀਝ ਕੈ ਦੇਹੁ ਵਹੈ ਹਮ ਕਉ।
ਜਉ ਹਉ ਬਿਨਤੀ ਕਰ ਜੋਰ ਕਰੋ।
ਜਬ ਆਉ ਕੀਅਉਧ ਨਿਲਾਨ ਬਨੈ
ਅਤਹੀ ਰਨ ਮੈ ਤਬ ਜੁਝ ਮਰੋ।

ਭਾ: ਕਿਆ ਇਸ ਵਿਚ ਸ਼ੱਕ ਹੈ ਕਿ ਸ੍ਰੀ ਦਸਮੇਸ਼ ਪਿਤਾ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਛੱਤਰੀ ਨਹੀਂ ਜੋ ਯਦ ਬੰਸੀ ਛੱਤਰੀ ਕੁਲ ਦੇ ਭੂਸ਼ਨ ਹਿੰਦੂ ਧਰਮ ਲਈ ਜੁਝੇ ਸਨ ਕਿ ਇਹ ਮੰਗ ਚੋਰਾਂ ਦੀ ਜਾਂ ਸਾਕਤਾਂ ਦੀ ਹੈ ਕਿ ਹੇ ਪ੍ਰਭੂ ਤੈਨੂੰ ਤਿਆਗ ਕੇ ਕੀ ਮੈਂ ਚਿਤ ਹੋਰ ਘਰੋਗੀ ਜੰਜਾਲ ਵਿਚ ਦੇਵਾਂ। ਅਤੇ ਕਹਿੰਦੇ ਹਨ ਕਿ ਹੇ ਪ੍ਰਭੂ ਹੁਣ ਪ੍ਰਸੰਨ ਹੋਕੇ ਮੈਨੂੰ ਇਹੁ ਵਰ ਦੇਹ ਕਿ ਧਰਮ ਜੁਧ ਕਰਕੇ ਜੁਝ ਪ੍ਰਾਣ ਦੇਵਾਂ, ਕੀ ਇਸ ਪ੍ਰੰਪਰਾ ਨੂੰ ਝੁਠਲਾ ਦਿਉਗੇ ਆਪਦੇ ਵਡੇਰੇ ਪੰਚਮ ਪਾਤਸ਼ਾਹ ਤੇ ਨੌਵੇਂ ਸਤਿਗੁਰੂ ਨੇ (ਸੀਸ ਦੀਆ ਪਰ ਸਿਰਰ ਨਾ ਦੀਆ) ਸ੍ਰੀ ਦਸਮੇਸ਼ ਲਈ ਉਪਰੀ ਕਥਾ ਸੀ ? ਕੀ ਇਸ ਤੋਂ ਅਗਲੀ ਚੋਰਾਂ ਤੇ ਸਾਕਤਾਂ ਦੀ ਹੈ ਜਿਸ ਵਿਚ ਆਹ ਸਪਟਸ਼ਤਾ ਦਾ ਰੰਗ ਭਰਿਆ ਹੈ ?

ਦੋਹਰਾ—ਸਤ੍ਰੁਹ ਸੈ ਪੈਤਾਲ ਮਹਿ
ਸਾਵਨ ਸਦਿ ਥਿਤ ਦੀਪ।
ਨਗਰ ਪਾਵਟਾ ਸ਼ੁਭ ਕਰਨ
ਜਮਨਾ ਬਹੈ ਸਮੀਪ।੨੪੯੦।
ਦਸਮ ਕਥਾ ਭਾਗੌਤ ਕੀ
ਭਾਖਾ ਕਰੀ ਬਨਾਇ।
ਅਵਰ ਬਾਸਨਾ ਨਾਹਿ ਪ੍ਰਭ
ਧਰਮ ਜੁੱਧ ਕੇ ਚਾਇ।੨੪੯੧।
ਸਵੈਯਾ—ਧੰਨ ਜੀਓ ਤਿਹ ਕੋ ਜਗ ਮੈ ਤੇ
ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੇ।
ਆਦਿ।੨੪੯੨।

(੩੨) ਨਰੰਤਰ-ਅਵਤਾਰ ਕਥਾ-ਥਾਂ-ਥਾਂ ਇਹ ਪ੍ਰਸ਼ਨ ਦਰਪੇਸ਼ ਕੀਤਾ ਗਿਆ ਹੈ-ਕਿ ਜੇ ਚੰਡੀ ਦੇ ਜੁਧ ਦੇ ਚਾਉ ਨਾਲ ਸਬੰਧ ਹੈ ਤਾਂ ਅਵਤਾਰ ਕਥਾ ਲਿਖਣ ਦਾ ਆਪਦਾ ਕੀ ਪ੍ਰਯੋਜਨ ਸੀ ? ਉਤ੍ਰ ਵਿਚ ਹਰ ਗਿਆਨ ਦੀ ਜੜ ਅਵਤਾਰਾਂ ਦੇ ਨਾਲ ਜੁੜੀ ਹੋਈ ਹੈ(ਪਹਿਲੋਂ ਦੇ ਜੜ ਅੰਦਰ ਹੋਵੇ ਤਾਂ ਉਪਰ ਹੋਵੈ ਛਾਉ) ਦੇ ਮਹਾਂ ਵਾਕ ਅਨਸਾਰ, ਪਹਿਲੋਂ ਬ੍ਰਹਮਾ ਉਪਜਿਆ ਤਾਂ ਉਸਨੇ ਵੇਦਾਂ ਦੀ ਰਚਨਾ ਕਰਕੇ ਗਿਆਨ ਦੀ ਪ੍ਰਸੁਥਿਤੀ ਕੀਤੀ ਜਿਸ ਤੋਂ ਜਗਤ ਵਿਚ ਪੁੰਨ ਪਾਪ ਦੀ ਥਿਉਰੀ ਪਰਚਲਤ ਹੋਈ। ਰਿਸ਼ੀ ਮੁਨੀ ਰਾਜੇ ਮਹਾਰਾਜੇ, ਅਵਤਾਰ ਪੈਗੰਬਰਾਂ ਦੇ ਜੀਵਨ ਬਾਚਣੇ ਹੀ ਧਰਮ-ਅਧਰਮ ਦੀ ਥਿਉਰੀ ਨੂੰ ਜਨਮ ਦਿੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਹਰੇਕ ਰਾਗ ਵਿਚ ਤੇ ਰਾਗ ਦੀ ਸਮਾਪਤੀ ਤੇ ਦੇਵਤੇ ਅਤੇ ਅਵਤਾਰਾਂ ਤੇ ਭਗਤਾਂ ਅਥਵਾ ਕਈ ਸਰਲ ਰਾਜਿਆਂ ਦਾ ਜ਼ਿਕਰ

Digitized by Panjab Digital Library | www.panjabdigilib.org

ਕਰਕੇ ਗਿਆਨ ਦੇਣ ਦਾ ਸ਼ੁਧ ਤੇ ਪਵਿਤ੍ਰ ਕਾਰਜ ਕੀਤਾ ਗਿਆ ਹੈ। ਸਭ ਤੋਂ ਪਹਿਲੇ ਬ੍ਰਹਮਾਂ ਜੀ ਵਜੂਦ ਵਿਚ ਆਏ ਉਸਦੇ ਜੀਵਨ ਕਾਲ ਦੀਆਂ ਕਈ ਘਟਨਾ ਹਨ ਜਦ ਕੇ ਉਸਨੂੰ ਗਰਬ, ਹੰਕਾਰ ਹੋ ਜਾਂਦਾ ਰਿਹਾ, ਜਿਵੇਂ ਲੇਖ ਹੈ ਵਿਸਥਾਰ ਪੂਰਵਕ ਭਾਵੇਂ ਮੈਂ ਸੰਕੋਚ ਕਰਨਾ ਚਾਹੁੰਦਾ ਹਾਂ ਪਰ ਪਾਠਕਾਂ ਦੀ ਐਉਂ ਤ੍ਰਿਪਤੀ ਤੇ ਤਸੱਲੀ ਨਹੀਂ ਹੋ ਸਕਦੀ। ਪਹਿਲਾਂ ਇਹੀ ਗੰਡ ਖੋਲ ਲੈ ਕਿ ਸ੍ਰੀ ਦਸਮੇਸ਼ ਜੀ ਜਾਂ ਸ਼੍ਰੀ ਦਸਮ ਗ੍ਰੰਥ ਸਾਹਿਬ ਅਵਤਾਰਾਂ ਦੇ ਨਾਮ ਜਪਣ ਦਾ ਪ੍ਰਚਾਰ ਕਰਦੇ ਹਨ ਦੇਖੋ ਅਰੰਭਕ ਲੇਖ ਹੈ ਅਤੇ ਨਾਲ ਅਵਤਾਰ ਧਾਰਣ ਦਾ ਕਾਰਣ ਵੀ ਹੈ।

ੴ ਵਾਹਿਗੁਰੂ ਜੀ ਕੀ ਫਤੇ।

ਪਾਤਸ਼ਾਹੀ ੧੦

ਅਥ ਚੌਬੀਸ ਅਉਤਾਰ।

ਚੌਪਈ–ਅਬ ਚਉਬੀਸ ਉਚਰੋਂ ਅਵਤਾਰ।
ਜਿਹ ਬਿਧ ਤਿੰਨ ਕਾ ਲਖਾ ਅਖਾਰਾ।
ਸੁਨੀਅਹੁ ਸੰਤ ਸਬੈ ਚਿਤ ਲਾਈ।
ਬਰਨਤ ਸਯਾਮ ਜਥਾ ਮਤ ਭਾਈ।੧।

ਚਉਪਈ–ਜਬ ਜਬ ਹੋਤ ਅਰਿਸਟਿ ਅਪਾਰਾ।
ਤਬ ਤਬ ਦੇਹ ਧਰਤ ਅਵਤਾਰਾ।
ਕਾਲ ਸਬਨ ਕੋ ਪੇਖ ਤਮਾਸਾ।
ਅੰਤਹ ਕਾਲ ਕਰਤ ਹੈ ਨਾਸਾ।੨।

ਚਉਪਈ–ਕਾਲ ਸਭਨ ਕਾ ਕਰਤ ਪਾਸਾਰਾ।
ਅੰਤ ਕਾਲ ਸੋਈ ਖਾਪਨ ਹਾਰਾ।
ਆਪਨ ਰੂਪ ਅਨੰਤਨ ਧਰਹੀ।
ਆਪਨ ਮਧ ਲੀਨ ਪੁਨ ਕਰਹੀ।੩।

ਨੋਟ-ਕਾਲ ਇਥੇ ਅਕਾਲ ਪੁਰਖ ਵਾਚਕ ਹੈ ਜੋ ਹੋਰਾਂ ਦਾ ਕਾਲ ਕਰਦਾ ਹੈ ਤੇ ਉਸਦਾ ਆਪਣਾ ਕਾਲ ਨਹੀਂ।

ਚਉਪਈ–ਇਨ ਮਹਿ ਸ੍ਰਿਸਟਿ ਸੁ ਦਸ ਅਵਤਾਰਾ।
ਜਿਨ ਮਹਿ ਰਮਿਆ ਰਾਮ ਹਮਾਰਾ।
ਅਨਤ ਚਤੁਰ ਦਸ ਗਨ ਅਵਤਾਰੂ।
ਕਹੋ ਜੋ ਤਿਨ ਤਿਨ ਕੀਏ ਅਖਾਰੂ।੪।

ਭਾ: ਕਿ ਇਹ ਕੁਲ ੨੪ ਅਵਤਾਰ ਹੋਇ ਨੇ ਜਿਨ੍ਹਾਂ ਵਿਚੋਂ ੧੦ ਸਰੇਸਠ ਪਹਿਲੀ ਸ਼ਰੇਣੀ ਦੇ ਹਨ ਅਤੇ ਉਹਨਾਂ ਵਿਚ ਸਾਡਾ ਰਾਮ ਵਿਆਪਕ ਹੈ। ਪਰ ਇਸ ਦੀ ਦੂਜੀ ਥਿਉਰੀ ਇਹ ਹੈ ਕਿ ਇਨ੍ਹਾਂ ਦਸਾਂ ਅਵਤਾਰਾਂ ਵਿਚ ਰਾਮ ਚੰਦਰ ਵੀ ਸ਼ਾਮਲਹੈ ਹਮਾਰਾ ਕਹਿਣ ਦਾ ਪ੍ਰਯੋਜਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਇਹ ਵੀ ਹੋ ਸਕਦਾ ਹੈ ਕਿ ਸ੍ਰੀ ਰਾਮ-ਚੰਦ ਇਹਨਾਂ ਦੇ ਖਾਨਦਾਨ ਸੋਢੀ ਬੰਸ ਦੇ ਚਮਕਦੇ ਭੂਸ਼ਨ ਹੋਏ ਹਨ।

ਇਹ ਪ੍ਰਮਾਣਕ ਅਸਲ ਟੀਚਾ ਰਮਤਾ ਰਾਮ ਹੀ ਹੈ–ਜੋ ਹਕੀਕੀ ਹੈ ਰਾਮਚੰਦਰ ਗੌਣ ਰੂਪ ਹੈ। ਦਸਾਂ ਤੋਂ ਬਿਨਾਂ ੧੪ ਹੋਰ ਹਨ ,ਜਿਨ੍ਹਾਂ ਨੂੰ ਦਸਾਂ ਨਾਲ ਮਿਲਾ ਕੇ ਕੁਲ ੨੪ ਹੁੰਦੇ ਹਨ। ਅਖਾੜਾ ਉਹਨਾਂ ਦਾ ਖੇਲ ਵਰਨਣ ਕਰਦਾ ਹਾਂ। ਜਦੋਂ ਅਵਤਾਰਾਂ ਨੂੰ ਇਸਤਰੀ ਪੁਰਸ਼ਾਂ ਦੇ ਵਲਗਣ ਵਿਚ ਲੈਂਦੇ ਹਨ ਤਾਂ ਪੁਰਸ਼ੋਤਮ ਮੰਨਦੇ ਹਨ ਜਦੋਂ ਅਕਾਲ ਪੁਰਖ ਦੇ ਵੇਹੜੇ ਦਰਸਾਉਂਦੇ ਨੇ ਤਾਂ ਉਸਦੇ ਸਾਹਮਣੇ ਕੀੜੇ ਜਾਂ ਮਕੌੜਿਆਂ ਦੀ ਤੁਲਨਾ ਦਿੰਦੇ ਨੇ ਕਿਉਂਕਿ ਕੌਣ ਨਹੀਂ ਜਾਣਦਾ ਕਿ ਹਰ ਫੋਟੋ ਦੇ ਕੁ ਰੁਖ ਹੁੰਦੇ ਨੇ ਇਕ ਰੰਗੀਨ ਤੇ ਇਕ ਸਪੇਦ। ਜਦੋਂ ਇਤਿਹਾਸ ਲਿਖਦੇ ਨੇ ਉਦੋਂ ਰੰਗੀਨ ਰੁਖ ਮੁਖ ਰਖਿਆ ਹੈ ਅਤੇ ਜਦੋਂ ਅਕਾਲ ਉਸਤਤਿ ਕਰਦੇ ਹਨ ਉਦੇ ਸਪੇਦ। ਰੁਖ ਦੇ ਮੁਤਾਬਕ ਸੰਦ੍ਰਵ ਦੀ ਤਾਰ ਪਾਠਕਾਂ ਦੇ ਆਪਣੇ ਗਿਆਨ ਨਾਲ ਸਬੰਧਤ ਹੈ-ਹੁਣ ਤਕੋ ਸੁਪੇਦੇ ਦਾ ਰੁਖ।

ਚਉਪਈ–ਕਾਲ ਆਪਨੋ ਨਾਮੁ ਛਪਾਈ।
ਅਵਰਨ ਕੇ ਸਿਹੀ ਦੈ ਬੁਰਿਆਈ।
ਆਪਨ ਰਹਿਤ ਨਿਰਾਲਮ ਜਗਤੇ।
ਜਾਨ ਲਏ ਜਾਨਾ ਮੈਂ ਤਬਤੇ।੫।

ਚਉਪਈ–ਆਪ ਰਚੇ ਆਪੇ ਕਲ ਘਾਏ।
ਅਵਰਨ ਕੈ ਦੈ ਮੂੰਡ ਹਤਾਏ।
ਆਪ ਨਿਰਾਲਮੁ ਰਹਾ ਨਾ ਪਾਯਾ।
ਤਾਂਤੇ ਨਾਮੁ ਬਿਅੰਤ ਕਹਾਯਾ।੬।

ਚਉਪਈ–ਜੋ ਚੌਬੀਸ ਅਵਤਾਰ ਕਹਾਏ।
ਤਿਨ ਭੀ ਤੁਮ ਪ੍ਰਭ ਤਨਕ ਨ ਪਾਏ।
ਸਭ ਹੀ ਜਗ ਭਰਮੇ ਭਵ ਗਯੰ।
ਤਾਂਤੇ ਨਾਮੁ ਬਿਅੰਤ ਕਹਾਯੰ।੭।

ਚਉਪਈ–ਸਭ ਹੀ ਛਲਤਨਆਪ ਛਲਾਯਾ।
ਤਾਂਤੇ ਛਲੀਆ ਆਪ ਕਹਾਯਾ।
ਸੰਤਨ ਦੁਖੀ ਨਿਰਖਿ ਅਕਲਾਵੈ।

Digitized by Panjab Digital Library | www.panjabdigilib.org

ਦੀਨ ਬੰਧੁ ਤਾਂਤੇ ਕਹਲਾਵੈਂ ।੮।
ਚਉਪਈ-ਅੰਤ ਕਰਤ ਸਭ ਜਗ ਕੋ ਕਾਲਾ ।
ਨਾਮੁ ਕਾਲ ਤਾਂਤੇ ਜਗ ਡਾਲਾ ।
ਸਮੇ ਸੰਤ ਪਰ ਹੋਤ ਸਹਾਈ ।
ਤਾਂਤੇ ਸੰਖਯਾ ਸੰਤ ਸੁਨਾਈ ।੯।
ਚਉਪਈ-ਨਿਰਖੁ ਦੀਨ ਪਰ ਹੋਤ ਦਿਆਰਾ ।
ਦੀਨ ਬੰਧ ਹਮ ਤਬੈ ਵਿਚਾਰਾ ।
ਸੰਤਾ ਪਰ ਕਰਣਾ ਰਸ ਢਰਈ ।
ਕਰੁਣਾ ਨਿਧ ਜਗਤਬੈ ਉਚਰਈ ।੧੦।
ਚਉਪਈ-ਸੰਕਟ ਹਰਤ ਸਧਵਨ ਸਦਾ ।
ਸੰਕਟ ਹਰਣ ਨਾਮੁ ਭਯੋ ਤਦਾ ।
ਦੁਖ ਦਾਹਤ ਸੰਤਨ ਕੇ ਆਯੋ ।
ਦੁਖ ਦਾਹਨ ਪ੍ਰਭੁ ਤਦਿਨ ਕਹਾਯੋ ।੧੧।
ਚਉਪਈ-ਰਹਾ ਅਨੰਤ ਅੰਤ ਨਹੀ ਪਾਯੋ ।
ਯਾਤੇ ਨਾਮ ਬਿਅੰਤ ਕਹਾਯੋ ।
ਜਗ ਮੋ ਰੂਪ ਸਭਨ ਕੇ ਧਰਤਾ ।
ਯਾਤੇ ਨਾਮ ਬਖਾਨੀਯਤ ਕਰਤਾ ।੧੨।
ਚਉਪਈ-ਕਿਨਹੂ ਕਹੂੰ ਨ ਤਾਹਿ ਲਖਾਯੋ ।
ਇਹ ਕਰਿ ਨਮੁ ਅਲਖ ਕਹਾਯੋ ।
ਜੋਨ ਜਗਤ ਮੋ ਕਬਹੂੰ ਨ ਆਯਾ ।
ਯਾਤੇ ਸਭੋ ਅਜੋਨਿ ਕਹਾਯਾ ।੧੩।
ਚਉਪਈ-ਬ੍ਰਹਮਾਦਿਕ ਸਭਹੀ ਪਚਹਾਰੇ ।
ਬਿਸਨ ਮਹੇਸ੍ਵਰ ਕਉਨ ਬਿਚਾਰੇ ।
ਚੰਦ ਸੂਰ ਜਿਨਿ ਕਰੇ ਬਿਚਾਰਾ ।
ਤਾਤੇ ਜਾਨੀਯਤ ਹੈ ਕਰਤਾਰਾ ।੧੪।
ਚਉਪਈ-ਸਦਾ ਅਭੇਖ ਅਭੇਖੀ ਰਹਈ ।
ਤਾਤੇ ਜਗਤ ਅਭੇਖੀ ਕਹਈ ।
ਅਲਖ ਰੂਪ ਕਿਨਹੂ ਨਹੀ ਜਾਨਾ ।
ਤਿਹ ਕਰ ਜਾਤ ਅਲੇਖ ਬਖਾਨਾ ।੧੫।
ਚਉਪਈ-ਰੂਪ ਅਨੂਪ ਸਰੂਪ ਅਪਾਰਾ ।
ਭੇਖ ਅਭੇਖ ਸਭਨ ਤੇ ਨਿਆਰਾ ।
ਦਾਇਕ ਸਭੋ ਅਜਾਕੀ ਸਭ ਤੇ ।
ਜਾਨ ਲਯੋ ਕਰਤਾ ਹਮ ਤਬਤੇ ।੧੬।
ਚਉਪਈ-ਲਗਨ ਸਗਨ ਤੇ ਰਹਤ ਨਿਰਾਲਮ ।
ਹੈਯਹ ਕਥਾ ਜਗਤ ਮੈ ਮਾਲਮ ।
ਜੰਤ੍ਰ ਮੰਤ੍ਰ ਤੰਤ੍ਰ ਨ ਰਝਾਯਾ ।
ਭੇਖ ਕਰਤ ਕਿਨਹੂੰ ਨਹਿ ਪਾਇਯਾ ।੧੭।
ਚਉਪਈ-ਜਗ ਆਪਨ ਆਪਨ ਉਰਝਾਨਾ ।
ਪਾਰਬ੍ਰਹਮ ਕਾਹੂ ਨ ਪਛਾਨਾ ।
ਇਕ ਮੜੀਅਨ ਕਬਰਨ ਵੈ ਜਾਹੀ ।
ਦੁਹੂੰਅਨ ਮੈਂ ਪਰਮੇਸ੍ਵਰ ਨਾਹੀ ।੧੮।
ਚਉਪਈ-ਏ ਦੋਊ ਮੋਹ ਬਾਦ ਮੋ ਪਚੇ ।
ਇਨਤੇ ਨਾਥ ਨਿਰਾਲੇ ਬਚੇ ।
ਜਾਤੇ ਛੁਟਿ ਗਯੋ ਭ੍ਰਮ ਉਰਕਾ ।
ਤਿਹ ਆਗੈ ਹਿੰਦੂ ਕਿਆ ਤੁਰਕਾ ।੧੯।
ਚਉਪਈ-ਇਕ ਤਸਬੀ ਇਕ ਮਾਲਾ ਧਰਹੀ ।
ਏਕ ਕੁਰਾਨ ਪੁਰਾਨ ਉਚਰਹੀ ।
ਕਰਤ ਵਿਰੁਧ ਗਏ ਮਰ ਮੂੜਾ ।
ਪ੍ਰਭ ਕੋ ਰੰਗ ਨ ਲਾਗਾ ਗੂੜਾ ।੨੦।
ਚਉਪਈ-ਜੋ ਜੋ ਰੰਗ ਏਕ ਕੇ ਰਾਚੇ ।
ਤੇ ਤੇ ਲੋਕ ਲਾਜ ਤਜਿ ਨਾਚੇ ।
ਆਦਿ ਪੁਰਖ ਜਿਨ ਏਕੁ ਪਛਾਨਾ ।
ਦੁਤੀਆ ਭਾਵ ਨ ਮਨ ਮਹਿ ਆਨਾ ।੨੧।
ਚਉਪਈ-ਜੋ ਜੇ ਭਾਵ ਦੁਤੀਆ ਮਹਿ ਰਾਚੇ ।
ਤੇ ਤੇ ਮੀਤ ਮਿਲਨ ਤੇ ਬਾਚੇ ।
ਏਕ ਪੁਰਖ ਜਿਨ ਨੈਕ ਪਛਾਨਾ ।
ਤਿਨਹੀ ਪਰਮ ਤਤ ਕਹੋ ਜਾਨਾ ।੨੨।
ਚਉਪਈ-ਜੋਗੀ ਸੰਨਿਆਸੀ ਹੈਂ ਜੇਤੇ ।
ਮੁੰਡੀਆ ਮੁਸਲਮਾਨ ਗਨ ਕੇਤੇ ।
ਭੇਖ ਧਰੇ ਲੂਟਤ ਸੰਸਾਰਾ ।
ਛਪਤ ਸਾਧ ਜਿਹ ਨਾਮੁ ਅਧਾਰਾ ।੨੩।
ਚਉਪਈ-ਪੇਟ ਹੇਤ ਨਰ ਡਿੰਭ ਦਿਖਾਹੀਂ ।
ਡਿੰਭ ਕਰੈ ਬਿਨੁ ਪਈਯਤ ਨਾਹੀ ।
ਜਿਨ ਨਰ ਏਕ ਪੁਰਖੁ ਕਹੋ ਧਿਆਯੋ ।
ਤਿਨ ਕਰ ਡਿੰਭ ਨ ਕਿਸੀ ਦਿਖਯੋ ।੨੪।
ਚਉਪਈ-ਡਿੰਭ ਕਰੇ ਬਿਨੁ ਹਾਥਿ ਨ ਆਵੈ ।
ਕੋਊ ਨ ਕਾਹੂ ਸੀਸ ਨਿਵਾਵੈ ।
ਜੋ ਇਹੁ ਪੇਟ ਨ ਕਾਹੂ ਹੋਤਾ ।
ਰਾਵ ਰੰਕ ਕਾਹੂ ਕੋ ਕਹਤਾ ।੨੫।
ਚਉਪਈ-ਜਿਨ ਪ੍ਰਭ ਏਕ ਵਹੈ ਠਹਰਾਯੋ ।

Digitized by Panjab Digital Library | www.panjabdigilib.org

ਤਿਨ ਕਰ ਡਿੰਡ ਨ ਕਿਸੂ ਦਿਖਾਯੋ।
ਸੀਸ ਦੀਯੋ ਉਨ ਸਿਰਰ ਨਾ ਦੀਨਾ।
ਰੰਚ ਸਮਾਨ ਦੇਹ ਕਰ ਚੀਨਾ।੨੬।

ਚਉਪਈ-ਕਾਨ ਛੇਦ ਜੋਗੀ ਕਹਵਾਯੋ।
ਅਤਿ ਪ੍ਰਪੰਚ ਕਰ ਬਨਹਿ ਸਿਧਾਯੋ।
ਏਕ ਨਾਮ ਕੋ ਤੱਤੁ ਨ ਲਯੋ।
ਬਨ ਕੋ ਭਯੋ ਨ ਗ੍ਰਿਹ ਕੋ ਭਯੋ।੨੭।

ਚਉਪਈ-ਕਹਾ ਲਗ ਕਬਿ ਕਥੈ ਬਿਚਾਰਾ।
ਰਸਨਾ ਏਕ ਨ ਪਇਯਤ ਪਾਰਾ।
ਜਿਹਬਾ ਕੋਟਿ ਕੋਟਿ ਕੋਊ ਧਰੈ।
ਗੁਣ ਸਮੁੰਦ੍ਰ ਤੂ ਪਾਰ ਨ ਪਰੈ।੨੮।

ਇਥੋਂ ਤਕ ਅਵਤਾਰ ਇਤਿਹਾਸ ਦਾ ਮੰਗਲਾ-ਚਰਨ ਅਤੇ ਭੂਮਕਾ ਹੈ ਭ੍ਰਮ ਭੇਖ ਦਾ ਖੰਡਨ ਹੈ ਅਤੇ ਸ਼ੁਭ ਗਿਆਨ ਦੀ ਵਿਚਾਰ ਅਤੇ ਇਕੋ ਇਕ ਪ੍ਰਮ ਹਸਤੀ ਦੀ ਹੋਂਦ ਤੇ ਜ਼ੋਰ ਦੇ ਕੇ ਦਸਣਾ ਹੈ ਕਿ (ਇਕਸ ਬਿਨ ਨਾਹੀ ਕਉ. ਦੂਜਾ) ਇਸ ਤੋਂ ਅਗੇਰੇ ਕਰਤਾ ਪੁਰਖ ਨੇ ਸ੍ਰਿਸ਼ਠੀ ਰਚੀ, ਉਹ ਕਿਵੇਂ ਰਚੀ ?

ਚਉਪਈ-ਪ੍ਰਿਥਮ ਕਾਲ ਸਭ ਜਗ ਕੋ ਤਾਤਾ।
ਤਾਤੇ ਭਯੋ ਤੇਜ ਬਖਯਾਤਾ।
ਸੋਈ ਭਵਾਨੀ ਨਾਮ ਕਹਾਈ।
ਜਿਨ ਸਿਗਰੀ ਯਹ ਸ੍ਰਿਸਟਿ ਉਪਾਈ।੨੯।

ਚਉਪਈ-ਪ੍ਰਿਥਮੈ ਓਅੰਕਾਰ ਤਿਨ ਕਹਾ।
ਸੋ ਧੁਨ ਪੂਰ ਜਗਤ ਮੋਹਰਾ।
ਤਾਤੇ ਜਗਤ ਭਯੋ ਬਿਸਥਾਰਾ।
ਪੁਰਖ ਪਰ ਕ੍ਰਿਤ ਜਬ ਦੁਹੂ ਬਿਚਾਰਾ।੩੦।

ਭਾ: ਆਦਿ ਕਾਲ ਸਾਰੇ ਜਗਤ ਦੇ ਪਿਤਾ ਨੇ ਜਿਸ ਤੋਂ ਬੜਾ ਪ੍ਰਚੰਡ ਤੇਜ ਪ੍ਰਗਟ ਹੋਇਆ ਜਿਸ ਨੂੰ ਭਵਾਨੀ ਕਿਹਾ ਜਾਂਦਾ ਹੈ, ਜਿਸ ਨੇ ਕਾਇਨਾਤ ਰਚੀ। ਆਦਿ ਸਮੇਂ ਓਅੰਕਾਰ ਦਾ ਸ਼ਬਦ ਉਚਾਰਨ ਹੋਇਆ ਜੋ ਸਾਰੇ ਜਗਤ ਵਿਚ ਗੂੰਜਿਆ, ਉਸ ਓਅੰਕਾਰ ਧੁਨ ਤੋਂ ਸਾਰੇ ਜਗਤ ਦਾ ਵਿਸਥਾਰ ਹੋ ਗਿਆ, ਜੋ ਓਅੰਕਾਰ ਪੁਰਖ ਰੂਪ ਪਿਤਾ ਅਤੇ ਪ੍ਰਕ੍ਰਿਤ (ਤੇਜ ਰੂਪ) ਕੁਦਰਤ ਮਾਤਾ-

ਚਉਪਈ-ਜਗਤ ਭਯੋ ਤਾਤੇ ਸਭ ਜਨੀਯਤ।
ਚਾਰ ਖਾਣਿ ਕਰ ਪ੍ਰਗਟ ਬਖਨੀਯਤ।
ਸਕਤਿ ਇਤੀ ਨਹੀ ਪ੍ਰਗਟ ਸੁਨਾਊਂ।੩੧।

ਚਉਪਈ-ਬਲੀ ਅਬਲੀ ਦੋਊ ਉਪਜਾਏ।
ਊਚ ਨੀਚ ਕਰਿ ਭਿੰਨ ਦਿਖਾਏ।
ਬਪ ਧਰਿ ਕਾਲ ਬਲੀ ਬਲਵਾਨਾ।
ਆਪਹ ਰੂਪ ਧਰਤ ਭਯੋ ਨਾ ਨਾ।੩੨।

ਚਉਪਈ-ਭਿੰਨ ਭਿੰਨ ਜਿਸੁ ਦੇਹ ਕਹਾਏ।
ਤਿਮੁ ਤਿਮੁ ਕਰਿ ਅਵਤਾਰ ਕਹਾਏ।
ਪਰਮ ਰੂਪ ਜੋ ਏਕ ਕਹਾਯੋ।
ਅੰਤ ਸਭੋ ਤਿਹ ਮਧਿ ਮਿਲਾਯੋ।੩੩।

ਚਉਪਈ-ਜਿਤਿਕ ਜਗਤ ਕੇ ਜੀਵ ਬਖਾਨੋ।
ਏਕ ਜੋਤ ਸਭ ਹੀ ਮਹਿ ਜਾਨੋ।
ਕਾਲ ਰੂਪ ਭਗਵਾਨ ਭਨੈਬੋ।
ਤਾਮੈ ਲੀਨ ਜਗਤਿ ਸਭ ਹ੍ਵੈਬੋ।੩੪।

ਚਉਪਈ-ਜੇ ਕਿਛੂ ਦਿਸਟ ਅਗੋਚਰ ਆਵਤ।
ਤਾਕਹੁ ਮਨ ਮਾਯਾ ਠਹਰਾਵਤ।
ਏਕਹਿ ਆਪ ਸਭ ਨਮੋ ਬਿਆਪਾ।
ਸਭ ਕੋਈ ਭਿੰਨ ਭਿੰਨ ਕਰਿ ਥਾਪਾ।੩੫।

ਚਉਪਈ-ਸਭ ਹੀ ਮਹੀ ਰਮ ਰਹਯੋ ਅਲੇਖਾ।
ਮਾਗਤ ਭਿੰਨ ਭਿੰਨ ਤੇ ਲੇਖਾ।
ਜਿਨ ਨਰ ਏਕ ਵਹੈ ਠਹਰਾਯੋ।
ਤਿਨ ਹੀ ਪਰਮ ਤੱਤੁ ਕਹ ਪਾਯੋ।੩੬।

ਚਉਪਈ-ਏਕ ਰੂਪ ਅਨੂਪ ਸਰੂਪਾ।
ਰੰਕ ਭਯੋ ਰਾਵਤ ਕਹੂੰ ਭੂਪਾ।
ਭਿੰਨ ਭਿੰਨ ਸਭ ਹਨ ਉਰਝਾਯੋ।
ਸਭ ਤੇ ਜੁਦੋ ਨ ਕਿਨਹੂੰ ਭੂਪਾ।੩੭।

ਚਉਪਈ-ਭਿੰਨ ਭਿੰਨ ਸਭਹੂ ਉਪਜਾਯੋ।
ਭਿੰਨ ਭਿੰਨ ਕਰਿ ਤਿਨੋ ਖਪਾਯੋ।
ਆਪ ਕਿਸੂ ਕੋ ਦੋਸ ਨ ਲੀਨਾ।
ਅਉਰਨ ਸਿਰਿ ਬੁਰਿਆਈ ਦੀਨਾ ੩੮।

ਪੰ: ੧੫੮

ਇਥੋਂ ਅਗੇ ਸੰਖਾ ਸੁਰ ਦੈਂਤ ਦੇ ਜੁਧ ਦਾ ਇਤਿਹਾਸ ਚਲਦਾ ਹੈ ਜੋ ਮੱਛ ਅਵਤਾਰ ਨਾਲ ਸਬੰਧਤ ਹੈ। ਉਪ੍ਰੰਤ ਕਛ ਅਵਤਾਰ ਥੋੜੇ ਵਿਚ ਦਿਤਾ ਹੈ, ਅਗੇ ਸਮੁੰਦਰ ਦਾ ਰਿੜਕਣਾ ਤੇ ਚੌਦਾਂ ਰਤਨ ਦਾ ਉਪਲ ਬਧ

Digitized by Panjab Digital Library | www.panjabdigilib.org

ਕਰਨਾ, ਮੋਹਨੀ ਰੂਪ ਧਾਰਨਾ ਤੇ ਬੈਰਾਹ ਅਵਤਾਰ ਲੈਣਾ ਅਤੇ ਨਰ ਸਿੰਘ ਰੂਪ ਹੋਕੇ ਹਰਨਾਕਸ਼ ਦਾ ਚੀਰਨਾ, ਬਾਵਨ (ਬਲਿ ਕੇ ਦੁਆਰ) ਦਸਣਾ, ਪ੍ਰਸਰਾਮ ਦਾ ਸਹੰਸਰ ਬਾਹੂ ਨਾਲ ਜੁਧ, ਛਤ੍ਰੀਆਂ ਤੋਂ ਰਾਜ ਖੋਹਕੈ ਬ੍ਰਹਮਣਾਂ ਵਿਚ ਵੰਡ ਦੇਣਾ ਹੈ। ਇਸ ਤੋਂ ਉਪ੍ਰੰਤ ਬ੍ਰਹਮਾ ਅਵਤਾਰ ਦੀ ਕਥਾ ਅਰੰਭ ਹੁੰਦੀ ਹੈ। ਅਤੇ ਹਰੇਕ ਅਵਤਾਰ ਦੀ ਕਥਾ ਦੇ ਆਦਿ (ਸ੍ਰੀ ਭਗਉਤੀ ਜੀ ਸਹਾਇ) ਨਰੰਤਰ ਦੇਖੀ ਜਾ ਸਕਦੀ ਹੈ। ਨਾਲ ਸੰਕੇਤ ਦਿਤਾ ਹੈ :-

ਚੌਪਈ-ਅਬ ਉਚਰੋ ਮੈਂ ਕਥਾ ਚਿਰਾਨੀ।
ਜਿਮ ਉਪਜਯੋ ਬ੍ਰਹਮਾਸੁਰ ਗਿਆਨੀ।
ਚਤੁਰਾਨਨ ਅਘ ਉਘਨ ਹਰਤਾ।
ਉਪਜਿਯੋ ਸਕਲ ਸ੍ਰਿਸਟਕੋ ਕਰਤਾ।੧।

ਚੌਪਾਈ-ਜਬ ਜਬ ਬੇਦ ਨਾਸ ਹੋਇ ਜਾਹੀ।
ਤਬ ਤਬ ਪੁਨ ਬ੍ਰਹਮਾ ਪ੍ਰਗਟਾਹੀ।

ਉਪ੍ਰੰਤ ਸ਼ਿਵ ਜੀ ਨੇ ਅਵਤਾਰ ਲੈਕੇ ਧਰਤੀ ਤੇ ਬਧੀ ਅਬਾਦੀ ਨੂੰ ਟਕਾਣੇ ਲਾਯਾ ਪਰ ਇਹਨਾਂ ਕਿਸੇ ਵੀ ਅਵਤਾਰ ਦਾ ਜੀਵਨ ਐਸਾ ਨਹੀਂ ਜੋ ਨਿਰਾਰਥ ਹੋਵੇ, ਹਰੇਕ ਵਿਚੋਂ ਗੂੜ ਗਿਆਨ ਦੀ ਸਿਖਿਆ ਮਿਲਦੀ ਹੈ। ਜੇ ਗਹੁ ਨਾਲ ਪੜੇ ਤਾਂ ਇਹਨਾਂ ਪੁਰਸੋਤਮਾ ਦੇ ਜੀਵਨ ਨਾਲ ਸਾਡਾ ਸਮਾਜ ਜੀਵਨ ਓਤ-ਪੋਤ ਹੀ ਦਿਸੇਗਾ-ਕਾਮ ਕ੍ਰੋਧ, ਲੋਭ-ਮੋਹ ਦੇ ਕਾਰਨਾਮੇ ਤੇ ਉਹਨਾਂ ਤੇ ਦੂਸਤ ਗੁਣ ਤੇ ਅਵਗੁਣ ਨਿਖਰ ਕੇ ਪ੍ਰਤਖ ਹੋਕੇ ਇਕ ਤਸਵੀਰ ਵਾਂਗ ਬਣ ਠਣਕੇ ਸਾਹਮਣੇ ਆ ਖਲੋਂਦੇ ਨੇ, ਅਹੰਕਾਰ ਨੂੰ ਤਾਂ ਐਉਂ ਲਿਆ ਹੈ ਜਿਵੇਂ ਕਪਾਹ ਦੀ ਫਸਲ ਵਿਚੋਂ ਡੀਲਾ ਚੁਣ ਚੁਣ ਕੇ ਜੜੋਂ ਪੁਟ ਸਿਟੀਦਾ ਏ। ਬਾਕੀ ਤੱਥ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਨਿਰਨੇ ਦੇ ਨਿਰਨੇ ਵਿਚ ਦੇਖੇ ਜਾ ਸਕਦੇ ਹਨ।

ਲਿਖਾਰੀਆਂ ਸਿਰਮੌਰ ਤੇ ਸਜਾਨ ਲਿਖਾਰੀ ਸ੍ਰੀ ਦਸਮੇਸ਼ ਫੱਕਰ ਤੇ ਸੁਲਤਾਨਾਂ ਦੇ ਸੁਲਤਾਨ ਨੇ ਬੜੇ ਥੋੜੇ ਵਿਚ ਸਮੁੰਦਰ ਨੂੰ ਬੋਤਲ ਵਿਚ ਬੰਦ ਕਰਦਿਆਂ ਅਵਤਾਰਾਂ ਦੇ ਦੋਵੇ ਪਹਿਲੂ ਨਿਖਾਰ ਕੇ ਦਿਖਾਇ ਹਨ, ਕਿ ਕਿਵੇਂ ਉਹਨਾਂ ਆਪਣੇ ਪ੍ਰਮ ਪਿਤਾ ਤੇ ਜਗਤ ਨਾਯਕ ਨਿਰੰਕਾਰ ਦੀ ਆਗਿਆ ਪਾਕੇ ਉਸਦੀ ਪਾਲਣਾ ਕਰਦੇ ਹੋਇ ਸੰਤਾਂ ਭਗਤਾਂ ਦੀ ਰਖਜਾ ਕਰੀ ਅਤੇ ਦੋਖੀ ਦੁਸ਼ਟਾਂ ਦਾ ਖੈ ਕੀਤਾ, ਸੰਸਾਰ ਨੂੰ ਸਫੈਦ ਚਾਦਰੇ ਵਾਂਗ ਧੋ ਸਾਫ ਕਰਕੇ ਸਾਰੇ ਦਾਗ ਧੋਕੇ, ਅਮਨ, ਸ਼ਾਨਤੀ ਦੇ ਰਾਹੇ ਪਾਇਆ। ਪਰ ਜਦੋਂ ਇਹ ਆਪਣਾ ਸਾਰਾ ਕੰਮ ਨਿਭਾ ਕੇ ਵੇਹਲੇ ਹੋਇ ਫੇਰ ਕਿਵੇਂ ਆਪ ਨੂੰ ਪ੍ਰਮੇਸ਼ਰ ਹੋਕੇ ਪ੍ਰਗਟ ਕਰਨ ਲਗੇ ਤੇ ਅਹੰਕਾਰ ਦੇ ਟਿੱਲੇ ਤੇ ਚੜ ਕੇ ਜਾ ਬੈਠੇ ਸੀ ਫੇਰ ਉਹਨਾਂ ਦਾ ਕੀ ਹਸ਼ਰ ਹੋਇਆ ਸੀ ? ਤਾਂਕੇ ਇਸ ਆਇਨੇ ਦਾ ਪ੍ਰਛਾਂਵਾਂ ਤਕ ਕੇ ਅਸੀਂ ਜਾਂ ਸਮਾਜ ਸਮੂਹਕ ਜੰਨ ਜੀਵਨ ਇਹਨਾਂ ਰੰਗੀਨ ਸਿਟਿਆਂ ਤੋਂ ਸਿਖਯਾ ਲੈ ਸਕੇ। ਕਿ ਜਦੋਂ ਇਹਨਾਂ ਕੁਕਰਮਾਂ ਦੇ ਕਰਨ ਵਾਲੇ ਅਵਤਾਰ ਜਾਂ ਦੇਵਤੇ ਵੀ ਨਹੀਂ ਬਚ ਸਕੇ ਤਾਂ ਫਿਰ ਸਾਡਾ ਕੀ ਹਸ਼ਰ ਹੋਵੇਗਾ, ਅਗੇ ਦੇਖੋ ੨੪ ਅਵਤਾਰਾਂ ਤੋਂ ਬਾਅਦ ਬ੍ਰਹਮਾ ਦਾ ਉਪ ਅਵਤਾਰ ਜਿਸ ਦੇ ਆਦਿ ਵਿਚ ਸ੍ਰੀ ਦਸਮੇਸ਼ ਜੀ ਦੀ ਜਨ ਸਮੂਹ ਲਈ ਨਿਜ ਸਿਖਿਆ ਹੈ। ਪੰ: ੬੧੧।

ੴ ਸਤਿਗੁਰ ਪ੍ਰਸਾਦਿ॥
ਅਥ ਬ੍ਰਹਮਾ ਅਵਤਾਰ ਕਥਨੰ।

ਤਮੋ ਛੰਦ-ਸਤਿਜੁਗ ਫਿਰ ਉਪਰਾਜ।
ਸਬ ਨਉ ਤਨੇ ਕਰ ਸਾਜ।
ਸਬ ਦੇਸ ਅਉਰ ਬਿਦੇਸ।
ਉਠ ਧਰਮ ਲਾਗੇ ਨਰੇਸ।੧।
ਕਲਿ ਕਾਲ ਕੋਪ ਕਰਾਲ।
ਜਗ ਜਾਰਿਆ ਤਿਹ ਜਵਾਲ।
ਬਿਨੁ ਤਾਸ ਔਰ ਨਾ ਕੋਇ।
ਸਬ ਜਾਪ ਜਾਪੈ ਸੋਇ।੨।
ਜੇ ਜਾਪ ਹੈ ਕਲਿ ਨਾਮ।
ਤਿਸ ਪੂਰਨ ਹੁਇ ਹੈ ਕਾਮ।
ਤਿਸ ਦੂਖ ਭੂਖ ਨ ਪਜਾਸ।
ਨਿਤ ਹਰਖ ਕਹੂੰ ਨ ਉਦਾਸ।੩।
ਬਿਨ ਏਕ ਦੂਸਰ ਨਾਹਿ।
ਸਭ ਰੰਗ ਰੂਪਨ ਮਾਹਿ।
ਜਿਹ ਜਾਪਿਆ ਤਿਹ ਜਾਪਾ।
ਤਿਨਕੇ ਸਹਾਈ ਆਪਾ।੪।
ਜੇ ਤਾਸ ਮਾਮ ਜਪੰਤ।
ਕਬਹੂ ਨ ਭਾਜ ਚਲੰਤ।
ਨਹਿ ਤ੍ਰਾਸ ਤਾਕੋ ਸਤ।
ਦਿਸ ਜੀਤ ਹੈ ਗਹਿ ਅਤ੍ਰ।੫।

Digitized by Panjab Digital Library | www.panjabdigilib.org

ਤਿਹ ਭਰੇ ਧਨ ਸੋ ਧਾਮ।
ਸਭ ਹੋਹ ਪੂਰਨ ਕਾਮ।
ਜੇ ਏਕ ਨਾਮ ਰਟੰਤ।
ਤੇ ਨ ਕਾਲ ਫਾਸ ਫ਼ਸੰਤ।੬।
ਜੇ ਜੀਵ ਜੰਤ ਅਨੇਕ।
ਤਿਨ ਮੋ ਰਹੇ ਰਮ ਏਕ।
ਬਿਨ ਏਕ ਦੂਸ਼ਰ ਨਾਹਿ।
ਜਗ ਜਾਨ ਲੈ ਜੀਅ ਮਾਹਿ।੭।
ਭਵ ਗੜਨ ਭੰਜਨ ਹਾਰ।
ਹੈ ਏਕ ਹੀ ਕਰਤਾਰ।
ਬਿਨ ਏਕ ਅਉਰ ਨ ਕੋਇ।
ਸਬ ਰੂਪ ਰੰਗੀ ਸੋਇ।੮।
ਕਈ ਇੰਦ੍ਰ ਪਾਨ ਪਹਾਰ।
ਕਈ ਬ੍ਰਹਮ ਬੇਦ ਉਚਾਰ।
ਕਈ ਬੈਠ ਦੁਆਰ ਮਹੇਸ।
ਕਈ ਸੇਸਨਾਗ ਅਸੇਸ।੯।
ਕਈ ਸੂਰ ਚੰਦ ਸ਼ਰੂਪ।
ਕਈ ਇੰਦ੍ਰ ਕੀ ਸਮ ਭੂਪ।
ਕਈ ਇੰਦ੍ਰ ਉਪਿੰਦ੍ਰ ਮੁਨਿੰਦ੍ਰ।
ਕਈ ਮੱਛ ਕੱਛ ਫਨਿੰਦ੍ਰ।੧੦।
ਕਈ ਕੋਟ੍ਰ ਕ੍ਰਿਸਨ ਅਵਤ੍ਰਾਰ।
ਕਈ ਰਾਮ ਬਾਰ ਬੁਹਾਰ।
ਕਈ ਮੱਛ ਕੱਛ ਅਨੇਕ।
ਅਵਲੋਕ ਦੁਆਰ ਬਿਸੇਖ।੧੧।
ਕਈ ਸੁਕ੍ਰ ਬ੍ਰਸਪਤ ਦੇਖ।
ਕਈ ਦੱਤ ਗੋਰਖ ਭੇਖ।
ਕਈ ਰਾਮ ਕ੍ਰਿਸਨ ਰਸੂਲ।
ਬਿਨ ਨਾਮ ਕੌਨ ਕਬੂਲ।੧੨।
ਬਿਨ ਏਕ ਆਸਰੈ ਨਾਮ।
ਨਹੀ ਔਰ ਕੌਨੈ ਕਾਮ।
ਜੇ ਮਾਨ ਹੈ ਗੁਰਦੇਵ।
ਤੇ ਜਾਨ ਹੈ ਅਨ੍ਭੇਵ।੧੩।
ਬਿਨ ਤਾਸ ਅਵਰ ਨ ਜਾਨ।
ਚਿਤ ਆਨ ਕਾਵ ਨ ਆਨ।
ਇਕ ਮਨਿਜੈ ਕਰਤਾਰ।
ਜਿਤ ਹੋਇ ਅੰਤ ਉਧਾਰ।੧੪।
ਬਿਨ ਤਾਸ ਜੋ ਨ ਉਧਾਰ।
ਜੀਅ ਦੇਖ ਯਾਰ ਬਿਚਾਰ।
ਜੋ ਜਾਪ ਹੈ ਕੋਈ ਔਰ।
ਤਬ ਛੂਟ ਹੈ ਵਹ ਠੌਰ।੧੫।
ਜਿਹ ਰਾਗ ਰੰਗ ਨ ਰੂਪ।
ਸੋ ਮਾਨੀਐ ਸਮ ਰੂਪ।
ਬਿਨ ਏਕ ਤਾ ਕਰ ਨਾਮ।
ਨਿਹ ਜਾਨ ਦੂਸ਼ਰ ਧਾਮ।੧੬।
ਜੋ ਲੋਕ ਅਲੋਕ ਬ੍ਰਨਾਇ।
ਫਿਰ ਲੇਤ ਆਪ ਮਿਲਾਇ।
ਜੋ ਚਹੈ ਦੇਹ ਉਧਾਰ।
ਸੋ ਭੁਜਨ ਏਕੰਕਾਰ।੧੭।
ਜਿਹ ਰਾਚਿਯੋ ਬ੍ਰਹਮੰਡ।
ਸਭ ਲੋਕ ਔ ਨਵਖੰਡ।
ਤਿਹ ਕਿਉ ਨ ਜਾਪ ਜਪੰਤ।
ਕਿਮ ਜਾਨ ਕ੍ਰੂਪ ਪਰੰਤ।੧੮।
ਜੜ ਜਾਪ ਤਾਕਰ ਜਾਪ।
ਜਿਨ ਲੋਕ ਚਉਦਹ ਥਾਪ।
ਤਿਸ ਜਾਪੀਐ ਨਿਤ ਨਾਮ।
ਸਭ ਹੋਹ ਪੂਰਨ ਕਾਮ।੧੯।

ਪੰ: ੬੧੨।

ਆਪਨੇ ਉਪ ਅਵਤਾਰਾਂ ਦਾ ਜੀਵ ਚਰਿਤ੍ਰ ਬਿਆਨ ਕਰਨ ਤੋਂ ਪਹਿਲੇ ਹੀ ਸੁਚੇਤ ਕਰ ਦਿਤਾ ਹੈ ਕਿ ਪਾਠਕ ਪੜ ਕੇ ਇਸ ਵਿਚੋਂ ਚੰਗੇ ਗੁਣ ਲੈਕੇ ਜੀਵਨ ਸਵੱਛ ਬਣਾਉਣ, ਅਤੇ ਉਹਨਾਂ ਦੇ ਨਾਮ ਦੀ ਸਿਮ੍ਰਤੀ ਨਹੀਂ ਕਰਨੀ। ਨਾਮ ਸਿਮ੍ਰਨ ਜਾਪ ਇਕ ਹੀ ਅਕਾਲ ਤੇ ਕਰਤਾ ਪੁਰਖ ਦਾ ਕਰਨਾ ਹੈ ਜਿਸ ਤੇ ਸਾਰੇ ਕੰਮ ਸੂਤ ਹੋਣੇ ਹਨ ਤੇ ਅਗੇ ਸਪਸ਼ਟ ਕੀਤਾ ਹੈ ਕਿ ਜਦੋਂ ਬ੍ਰਹਮਾਂ ਨੇ ਵੇਦਾਂ ਦੀ ਰਚਨਾ ਕਰ ਲਈ ਉਸ ਵੇਲੇ ਉਸ ਤੇ ਆ ਹੰਕਾਰ ਦਾ ਹਮਲਾ ਹੋਇਆ, ਅਤੇ ਆਪਨੇ ਸਿਰ ਵਾਲੀ ਉਪਰਲੀ ਸੱਤਾ ਨੂੰ ਭੁਲਕੇ ਆਪ ਜਿਹਾ ਕੋਈ ਹੋਰ ਦਿਸਣੋਂ ਹਟ ਗਿਆ। ਉਸ ਵੇਲੇ ਉਸਨੂੰ ਸੁਰਗ ਲੋਕ ਤੋਂ ਗਿਰਾ ਕੇ ਭੂਲੋਕ ਤੇ ਲਿਆ ਸੁਟਿਆ ਜਿਸ ਤੋਂ ਉਪ੍ਰੰਤ ਉਸ ਨੂੰ ਸੁਰਤ ਆਈ ਤੇ ਦਸ ਲਖ ਬਰਸ ਤਪ ਕੀਤਾ। ਇਸ ਤੋਂ

Digitized by Panjab Digital Library | www.panjabdigilib.org

ਪਾਠਕ ਟਪਲਾ ਖਾ ਕੇ ਪ੍ਰਮਾਦ ਵਸ ਹੋ ਜਾਂਦੇ ਹਨ ਜਿਥੇਂ ਉਹ ਦੇਵੀ ਦਾ ਜਾਪ ਸਮਝ ਬਹਿੰਦੇ ਨੇ, ਲੇਖ ਹੈ-ਕਿ ਜਦੋਂ ਬਹੁਤ ਕਾਲ ਤਪ ਕਰਦਿਆਂ ਬੈਤੀਤ ਹੋ ਗਿਆ ਤਾਂ ਬ੍ਰਹਮਾ ਨੇ ਪ੍ਰਮ ਜੋਤ ਅਗੇ ਬੇਨਤੀ ਕੀਤੀ :

ਦਸ ਲੱਖ ਬਰਖ ਪ੍ਰਮਾਨ।
ਕੀਅ ਦੇਵ ਸੇਵ ਮਹਾਨ।
ਕਿਮ ਹੋਇ ਮੋਹਿ ਉਧਾਰ।
ਅਸ ਦੇਹ ਦੇਵ ਬਿਚਾਰ ।੨੫।

ਪੰ: ੬੧੨।

ਦੇਵੋ ਵਾਚ ਨੂੰ ਕਹਿ ਦਿਤਾ ਜਾਂਦਾ ਹੈ ਕਿ ਇਹ ਦੇਵੀ ਵਾਚ ਹੀ ਲੇਖ ਹੈ ਪਰ ਨਹੀਂ ਇਹ ਉਸਨੂੰ ਅਕਾਸ ਬਾਣੀ ਰਾਹੀਂ ਕਿਹਾ ਗਿਆ ਕਿ-ਦੇਵ ਸ਼ਬਦ-ਪ੍ਰਮਾਤਮ ਦੇਵ ਹੈ।

ਮਨ ਚਿਤ ਕੈ ਕਚ ਸੇਵ।
ਤਬ ਰੀਝ ਹੈ ਗੁਰਦੇਵ।
ਤਬ ਹੋਇ ਨਾਥ ਸਨਾਥ।
ਜਗ ਨਾਥ ਦੀਨਾ ਨਾਥ ।੨੬।

ਮੇਰੇ ਪਾਠਕ ਵੀਰਾਂ ਨੂੰ ਜਿੱਥੇ ਦੇਵੋ ਵਾਚ ਪੜਨ ਦਾ ਸਮਾ ਮਿਲਿਆ ਹੈ। ਉਥੇ ਉਹਨਾਂ ਨੂੰ ਇਹ ਵੀ ਪੜ ਲੈਣਾਂ ਚਾਹੀਦਾ ਹੈ। ਗੁਰਦੇਵ ਤੇ ਜਗ ਨਾਥ ਦੀਨਾ ਨਾਥ ਕਿਸ ਨੂੰ ਕਹਿੰਦੇ ਨੇ ?

ਸੁਨ ਬੈਨ ਯੌ ਮੁਖ ਚਾਰ।
ਕੀਅ ਚੰਕ ਚਿੱਤ ਬਿਚਾਰ।
ਉਠ ਲਾਗਿਆ ਹਰਿ ਸੇਵ।
ਜਿਹ ਭਾਂਤ ਭਾਖਯੋ ਦੇਵ ।੨੭।

ਭਾ: ਇਸ ਤਰਾਂ ਅਕਾਸ਼ ਬਾਣੀ ਦੇ ਬਚਨ ਸੁਨਕੇ ਬ੍ਰਹਮਾ ਜੀ ਚੈਤੱਨ ਹੋਕੇ ਚਿੱਤ ਵਿਚ ਵਿਚਾਰ ਕਰਕੇ ਹਰਿ ਸੇਵਾ ਵਿਚ ਜੁਟ ਗਿਆ ਜਿਵੇਂ ਅਕਾਸ਼ ਬਾਣੀ ਦੇ ਬਚਨਾਂ ਵਿਚ ਕਿਹਾ ਗਿਆ ਸੀ।

ਪਰਿ ਪਾਇ ਚੰਡ ਪ੍ਰਚੰਡ।
ਜਿਹ ਮੰਡ ਦੁਸਟ ਅਖੰਡ।
ਜ੍ਵਾਲਾਛ ਲੋਚਨ ਧੂਮ।
ਹਨਿ ਜਾਸ ਡਾਰੇ ਭੂਮ ।੨੮।

ਭਾਵ-ਇਹ ਸੁਣਕੇ-ਚਰਨੀ ਲਗ ਕੇ (ਚੰਡ) ਕਾਲ ਰੂਪ ਭਗਵਾਨ ਜੋ ਸਭ ਨੂੰ ਚੰਡਨ ਹਾਰ ਹੈ (ਪ੍ਰਚੰਡ) ਜਿਸ ਦੀ ਸਕਤਿ ਜਵਾਲਾ ਸਮਾਨ ਪ੍ਰਚੰਡ ਹੈ, ਜਿਸ ਨੇ ਉਹ ਦੁਸਟ ਮਲ ਸੁਟੇ ਜੋ ਆਪ ਨੂੰ ਅਖੰਡ ਸਮਝਦੇ ਸਨ। ਮਸਾਲ ਦੇ ਤੌਰ ਪਰ ਜ੍ਵਾਲਾਛ, ਧੂਮਰ ਨੈਨ ਜਿਹੇ ਮਾਰ ਕੇ ਜਿਸਨੇ ਧਰਤੀ ਤੇ ਲਿਟਾ ਸੁਟੇ। ਨੋਟ-ਜੇ ਅਜੀਂ ਹੁਣ ਏਸ ਨੂੰ ਚੰਡੀ ਦੇਵੀ ਨਾਲ ਜੋੜ ਕੇ ਭਾਵ ਕਰਨ ਲਗ ਪਈਏ ਤਾਂ, ਸ੍ਰੀ ਦਸਮ ਗ੍ਰੰਥ ਦਾ ਕਸੂਰ ਤਾਂ ਨਹੀਂ।

ਤਿਸ ਜਾਪ ਹੋ ਜਬ ਜਾਪ।
ਤਬ ਹੋਇ ਪੂਰਨ ਸ੍ਰਾਪ।
ਉਠ ਲਾਗ ਕਾਲ ਜਪੰਨ।
ਹਠਿ ਤਿਆਗ ਆਵ ਸਰੰਨ ।੨੯।
ਜੇ ਜਾਤ ਤਾਸ ਸਰੰਨਿ।
ਤੇ ਹੈ ਧਰਾ ਮੈਂ ਧੰਨ।
ਤਿਨ ਕਉਨ ਕਉਨੈ ਤ੍ਰਾਸ।
ਸਭ ਹੋਤ ਕਾਰਜ ਰਾਸ ।੩੦।
ਦਸ ਲੱਛ ਬਰਖ ਪ੍ਰਮਾਨ।
ਰਹਯੋ ਠਾਢ ਏਕ ਪਗਾਨ।
ਚਿਤ ਲਾਇ ਕੀਨੀ ਸੇਵ।
ਤਬ ਰੀਝਗੇ ਗੁਰਦੇਵ ।੩੧।
ਜਬ ਭੇਦ ਦੇਵੀ ਦੀਨ।
ਤਬ ਸੇਵ ਬ੍ਰਹਮਾ ਕੀਨ।
ਜਬ ਸੇਵ ਕੀ ਚਿਤ ਲਾਇ।
ਤਬ ਰੀਝਗੇ ਹਰਿ ਰਾਇ ।੩੨।

ਇਥੇ ਵੀ ਦੇਵੀ ਸਬਦ ਪ੍ਰਮਾਦ ਰੂਪ ਹੋ ਜਾਂਦਾ ਹੈ-ਜਿਸਦਾ ਅਸਲ ਭਾਵ ਹੈ ਕਿ ਜਦੋਂ ਬ੍ਰਹਮਾਂ ਨੇ ਨਿਸ਼ਕਾਮ ਹੋਕੇ ਪਾਰਬ੍ਰਹਮ ਪ੍ਰਮੇਸਰ, ਸੁਆਮੀ ਦੀ ਤਨੋ ਮਨੋ ਪ੍ਰੇਮਾ ਭਗਤੀ ਕੀਤੀ ਕੇ ਪ੍ਰਭੂ ਪ੍ਰਾਪਤੀ ਲਈ ਰਾਹ ਦੀ ਮੰਗ ਕੀਤੀ ਤਾਂ ਕੁਦਰਤ ਵਲੋਂ ਉਸਨੂੰ ਅਕਾਸ਼ ਬਾਣੀ ਰਾਹੀਂ ਜੋ ਦਸਿਆ ਗਿਆ ਸੀ, ਬ੍ਰਹਮਾ ਨੇ ਉਸ ਤੇ ਅਮਲ ਕੀਤਾ, ਜਦੋਂ ਇਕ ਚਿਤ ਹੋਕੇ ਅਕਾਲ ਪੁਰਖ ਦਾ ਜਾਪ ਕੀਤਾ ਤਾਂ (ਰੀਝਗੇ ਹਰਿਰਾਇ)

ਹੁਣ ਇਥੇ ਹਰਿ ਰਾਇ, ਪ੍ਰਸੰਨ ਹੋਕੇ ਅਕਾਸ ਬਾਣੀ ਰਾਹੀਂ ਬ੍ਰਹਮਾ ਪ੍ਰਤੀ ਆਦੇਸ ਦੇ ਰਹੇ ਹਨ :-

ਤਬ ਭਯੰ ਸੁ ਐਸ ਉਚਾਰ।
ਹਉ ਆਹਿ ਗਰਬ ਪ੍ਰਹਾਰ।
ਮਮ ਗਰਬ ਕਹੂੰ ਨ ਛੋਰ।

Digitized by Panjab Digital Library | www.panjabdigilib.org

ਸਭ ਕੀਨ ਜੇਤ ਮਰੋਰ ।੩੩।
ਤੈ ਗਰਬ ਕੀਨ ਸੁ ਕਾਹਿ ।
ਨਹਿ ਮੋਹਿ ਭਾਵਤ ਤਾਹਿ ।
ਅਬ ਕਹੋ ਏਕ ਬਿਚਾਰ ।
ਜਿਮ ਹੋਇ ਤੋਹਿ ਉਧਾਰ ।੩੪।

ਆਹ ਸਿਖਿਆ ਸਿਖਣ ਵਾਲੀ ਹੈ ਕਿ ਜੋ ਪਹਿਲਾ ਅਕਾਸ ਬਾਣੀ ਹੋਈ ਉਹ ਕੁਦਰਤ ਵਲੋਂ ਉਸਨੂੰ ਸਪਸਟ ਰਾਹ ਦਸਣ ਲਈ ਹੋਈ ਜਦੋਂ ਠੀਕ ਰਾਹ ਤੇ ਬ੍ਰਹਮਾ ਗਡੀ ਦੀ ਲੀਹੈ ਪੈ ਗਿਆ ਤਾਂ ਪ੍ਰਸੰਨ ਹੋਕੇ ਪ੍ਰਮ ਪਿਤਾਮਾ ਉਸਨੂੰ ਅਗੇ ਲਈ ਤਾੜਨਾ ਕਰਦੇ ਹਨ ਕਿ ਤੈਂ ਗਰਬ ਕਿਉਂ ਕੀਤਾ ਸੀ ? ਮੈਂ ਗਰਬ ਦੇ ਨਾਸ ਕਰਨ ਵਾਲਾ ਹਾਂ, ਮੈਂ ਕਦੇ ਵੀ ਕਿਸੇ ਦੇ ਗਰਬ ਨੂੰ ਜਿਉਂਦਾ ਨਹੀਂ ਛਡਿਆ, ਭਾਵੇਂ ਕੋਈ ਕਿਡਾ ਵੀ ਬਲੀ ਹੈ ਸਭ ਮਰੋੜਕੇ ਆਪਣੇ ਕਾਬੂ ਕਰ ਲਏ ਹਨ, ਕੋਈ ਆਕੀ ਨਹੀਂ ਹੋ ਸਕਦਾ, ਫੇਰ ਤੈਂ ਗਰਬ ਕਿਉਂ ਕੀਤਾ ਜੇਹੜਾ ਮੈਨੂੰ ਕਦੇ ਵੀ ਨਹੀਂ ਭਾਉਂਦਾ । ਇਥੇ ਹਰ ਪਾਠਕ ਦੇ ਦਿਲ ਤੇ ਠੋਕਰ ਵਜੇਗੀ ਕਿ ਜਦ ਬ੍ਰਹਮਾਂ ਜਿਹੀ ਹਸਤੀ ਦਾ ਗਰਬ ਕਰਨ ਕਰਕੇ ਇਹ ਹਸ਼ਰ ਹੋ ਸਕਦਾ ਹੈ ਫੇਰ ਮੈਂ ਕੇਹੜੀ ਵਸਤੂ ਹੋਇਆ ਮੇਰਾ ਅਹੰਕਾਰ ਕੀ ਅਰਥ ਰਖਦਾ ਹੈ ? ਜਾਂ ਮੇਰਾ ਕੀ ਹਸ਼ਰ ਹੋ ਸਕਦਾ ਹੈ ? ਇਹ ਸਾਰੇ ਸ੍ਰੀ ਦਸਮ ਗ੍ਰੰਥ ਵਿਚ ਪੁਰਾਤਨ ਇਤਿਹਾਸ ਨੂੰ ਪ੍ਰਮਾਣਕ ਤੌਰ ਤੇ ਵਰਤਿਆ ਗਿਆ ਹੈ ਜੇ ਆਪਣੇ ਦੇਵੀ ਦੇਵਤਿਆਂ ਦਾ ਜਾਂ ਉਹਨਾਂ ਦੇ ਨਾਮ ਜਪਣ ਦਾ ਇਰਾਦਾ ਕੀਤਾ, ਹੁੰਦਾ ਤਾਂ ਕਿਤੇ ਵੀ (ਸ੍ਰੀ ਭਗਉਤੀ ਜੀ ਸਹਾਇ) ਆਦਿ ਸਬਦਾਂ ਦੀ ਵਰਤੋਂ ਨਾਂ ਕਰਦੇ ਸਗੋਂ ਬ੍ਰਹਮਾ ਜੀ ਸਹਾਇ ਲਿਖ ਦਿੰਦੇ ।

ਅਕਰਖ ਦੇਵ ਕਾਲਿਕਾ
ਅਨਿਰਖ ਸਬਦ ਉਚਰੋ ।
ਸੁ ਬੀਨ ਬੀਨ ਕੈ ਬਡੇ
ਪ੍ਰਬੀਨ ਅਛ੍ਰ ਕੋ ਧਰੋਂ ।੧।

ਇਥੇ ਪਾਠਕ ਜਨ ਅਉਜੜ ਪੈ ਜਾਂਦੇ ਨੇ (ਕਾਲਿਕਾ) ਨੂੰ ਕਾਲੀ ਦੇਵੀ ਮੰਨ ਬੈਠਿੰਦੇ ਨੇ ਜਦ ਕਿ ਸਪਸ਼ਟ ਹੈ ਕਿ ਮੈਂ ਯਾਦ (ਦੇਵ ਕਾਲਿਕ) ਸ੍ਰੀ ਅਕਾਲ ਦੇਵ ਨੂੰ ਯਾਦ ਕਰਦਾ ਹਾਂ ਕਿ ਉਸਦੀ ਕ੍ਰਿਪਾ ਸਦਕਾ ਇਹੋ ਜਿਹੇ ਸਬਦ ਉਚਰਾਂ ਜੋ ਆਮ ਕਿਸੇ ਤੇ ਨਿਰਖੇ ਨਾਂ ਜਾਣ ਅਤੇ ਚੁਣ-ਚੁਣ ਕੇ ਬਡੇ ਨੰਦ ਡੂੰਘੀ ਵਿਚਾਰ ਵਾਲੇ ਅਛ੍ਰ ਇਸ ਪ੍ਰਸੰਗ ਵਿਚ ਲਿਖਾਂ । ਇਸ ਤੋਂ ਅਗੇ-

ਬਿਚਾਰ ਆਦਿ ਈਸੁਰੀ
ਅਪਾਰ ਸਬਦੁ ਰਾਖੀਐ ।
ਚਿਤਾਰ ਕ੍ਰਿਪਾ ਕਾਲ ਕੀ
ਜੁ ਚਾਹੀਐ ਸੁ ਭਾਖੀਐ ।
ਸੰਕ ਚਿਤ ਆਨੀਐ
ਬਿਨਾਇ ਆਪ ਲੇਹਗੇ ।
ਸੁਕ੍ਰਿੱਤ ਕਾਬ ਕਿਤਕੀ
ਕਬੀਸ ਔਰ ਦੇਹਗੇ ।੨।
ਸਮਾਨ ਗੁੰਗ ਕੇ ਕਵ
ਸੁ ਦੇਸ ਕਾਬ ਭਾਖ ਹੈ ।
ਅਕਾਲ ਕਾਲ ਕੀ ਕ੍ਰਿਪਾ
ਬਨਾਇ ਗ੍ਰੰਥ ਰਾਖ ਹੈ ।
ਸੁਭਾਪਜ ਕਉਮਦੀ ਪੜੈ
ਗੁਨੀ ਅਸੇਖ ਰੀਝ ਹੈ ।੩।

ਭਾ: ਸਾਡੇ ਭੋਲੇ ਵੀਰ ਪਾਠਕ (ਆਦਿ ਈਸਰੀ) ਨੂੰ ਦੇਵੀ ਜਾਂ ਪਾਰਬਤੀ ਦੀ ਪ੍ਰਤੀਕ ਮੰਨ ਲੈਦੇ ਨੇ ਕਿਉਂ ਕਿ ਪੁਲਿੰਗ ਸਬਦਾਂ ਦਾ ਭਾਵ ਇਹੀ ਹੈ ਪ੍ਰੰਤੂ ਗੁਰਦੇਵ ਅਗੇ ਚਿਤਾਰ ਕ੍ਰਿਪਾ ਕਾਲ ਕੀ ਕਿਉਂ ਕਹਿੰਦੇ ? ਸਪਸ਼ਟ ਹੈ ਕਿ ਆਪ ਦਾ ਸੰਧਰਵ ਆਦਿ ਈਸਰ ਈਸ਼ਵਰੀ ਸ਼ਕਤੀ ਦਾ ਸੰਕੇਤ ਹੈ । ਕਿ ਮਨ ਸ਼ੰਕਾ ਨਾਂ ਕਰ ਈਸ਼ਵਰੀ ਸ਼ਕਤੀ ਦਾ ਵਿਚਾਰ ਅੰਦਰ ਰਖਕੇ ਬੇਅੰਤ ਸ਼ਬਦ ਲਿਖਦਾ ਜਾਹ, ਚਿੱਤ ਦੇ ਵਿਚ ਰਤਾ ਵੀ ਸੰਕਾ ਨ ਆਉਣ ਦੇਹ ਉਹ ਸਭ ਸ਼ੁਧ ਸੰਕੇਤ ਬਣਾ ਲੈਨਗੇ, ਅਤੇ ਸ਼ੁਧ ਤੇ ਸੋਹਣੀ ਕੀਰਤੀ ਵਾਲੀ ਕਵਤਾ ਬਖਸ਼ਸ਼ ਕਰਨਗੇ ।੨। ਮੈਂ ਤਾਂ ਗੁੰਗੇ ਦੇ ਸਮਾਨ ਹਾਂ ਪਰ ਬਹੁਜਨ ਦੀ ਦੇਸ ਭਾਖਯਾ ਵਿਚ ਲਿਖਣਾ ਅਰੰਭ ਕਰਦੇ ਹਾਂ । ਕਾਲ ਤੋਂ ਰਹਿਤ ਜੋ ਅਕਾਲ ਪੁਰਖ ਹੈ ਉਹ ਆਪੇ ਹੀ ਗ੍ਰੰਥ ਬਣਾ ਕੇ ਰੱਖ ਦੇਵੇਗਾ । ਜਿਸਨੂੰ ਪੜਕੇ ਸ਼ੰਕਰਾਚਾਰਜ ਦੇ ਬਣਾਏ ਹੋਏ (ਕੋਮਦੀ) ਆਦਿ ਗ੍ਰੰਥਾਂ ਨੂੰ ਪੜਨ ਵਾਲੇ ਬਹੁਤ ਰੀਝਣਗੇ ਤੇ ਉਹ ਐਉਂ ਪਸੰਦ ਕਰਨਗੇ ਕਿ ਜਿਵੇਂ ਉਹਨਾਂ ਦਾ ਆਪਣਾ ਹੀ ਲਿਖਿਆ ਹੁੰਦਾ ਹੈ ਕਿਉਂ ਕਿ ਉਹਨਾਂ ਦੀ ਭਾਖਯਾ ਨਾਲ ਮੇਲ ਖਾਂਦਾ ਹੈ । ਇਹ ਬਚਿਤ੍ਰ ਨਾਟਕ ਦੀ ਕਥਾ ਹੈ ਜੋ ਬੜੀ ਪਵਿਤ੍ਰ ਹੈ ਇਸਨੂੰ ਭਾਖਣਾ ਕਰ ਜੋ ਸਿਧੀ ਤੇ ਥਿਰਧੀ ਦੇਣ ਵਾਲੀ ਤੇ ਕਾਵ ਦੀ ਇਕ ਸਮੱਗਰੀ ਹੈ ਏਹ

Digitized by Panjab Digital Library | www.panjabdigilib.org

ਬੈਣ ਇਸ ਵਿਚ ਰਖ ਦੇਹ। ਇਸ ਲਈ ਜੋ ਇਹ ਪਵਿਤ੍ਰ ਮਹਾਂ ਨਿਰਮਲੀ, ਮਹਾ ਬਚਿਤ੍ਰ ਕਥਾ ਤੇ ਕਾਵ ਹੈ ਇਸ ਨੂੰ ਕਥਨਾ ਕਰ। ਇਸਦੇ ਵਿਚੋਂ ਪਵਿਤ੍ਰ ਸਬਦ ਹੀ ਨਿਕਲਣ ਕੋਈ ਆਪਣੀ ਵਲੋਂ ਚਪਲਤਾ ਨਹੀਂ ਕਰਨੀ ।੪। ਜੋ ਐਉਂ ਹੈ ਮੂਲ ਰੂਪ ਵਿਚ :-

ਬਚਿਤ੍ਰ ਕਾਬਯ ਕੀ ਕਥਾ
ਪਵਿਤ੍ਰ ਆਜ ਭਾਖੀਐ।
ਸੁ ਸਿੱਧ ਬ੍ਰਿੱਧ ਦਾਇਨੀ
ਸਮ੍ਰਿਧ ਬੈਣ ਰਾਖੀਐ।
ਪਵਿਤ੍ਰ ਨਿਰਮਲੀ ਮਹਾਂ
ਬਚਿਤ੍ਰ ਕਾਬਯ ਕੱਥੀਐ।
ਪਵਿਤ੍ਰ ਸਬਦ ਉਪਜੈ
ਚਰਿਤ੍ਰ ਕੋ ਨ ਕਿੱਜੀਐ ।੪।
ਸੋ ਸੇਵ ਕਾਲ ਦੇਵ
ਕੀ ਅਭੇਦ ਜਾਨ ਕੀਜੀਏ।
ਪ੍ਰਭਾਤ ਉੱਠ ਤਾਸ ਕੋ
ਮਹਾਤ ਨਾਮੁ ਲੀਜੀਏ।
ਅਸੰਖ ਦਾਨ ਦੇਹਗੇ
ਦੁਰੰਤ ਸਤ੍ਰ ਘਾਇ ਹੈ।
ਸੁ ਪਾਨ ਰਾਖ ਆਪਨੋ
ਅਜਾਨ ਕੋ ਬਚਾਇ ਹੈ ।੫।

ਭਾ: ਕਿ ਇਸ ਨੂੰ ਅਕਾਲ ਪੁਰਖ ਦੀ ਸਵੈ ਸਮਝ ਕੇ ਨਰਿਛੱਤ ਹੋਕੇ ਕਰ ਅਤੇ ਸਵੇਰੇ ਉਠਕੇ ਉਸਦਾ ਮਹਾਨ ਨਾਮ ਜਪਿਆ ਕਰ, ਉਹ ਤੈਨੂੰ ਅਸੰਖਾਂ ਹੀ ਦਾਨ ਦੇਣਗੇ, ਨਾਮੁ ਦੇ ਜਾਪ ਸਦਕਾ ਬੇਅੰਤ ਤੇਰੇ ਦੋਖੀਆਂ ਦਾ ਨਾਸ ਕਰ ਦੇਣਗੇ, ਅਤੇ ਤੇਰੇ ਸਿਰ ਪਰ ਆਪਣਾ ਹੱਥ ਰਖਕੇ ਤੈਨੂੰ ਅੰਜਾਣ ਸਮਝ ਕੇ ਬਚਾ ਲੈਣਗੇ।

ਨ ਸੰਤ ਬਾਰ ਬਾਕ ਹੈ
ਅਸੰਤ ਜੁਝ ਹੈ ਬਲੀ।
ਬਿਸੇਖ ਸੈਨ ਭਾਜ ਹੈ
ਸਿਤੰ ਸਰੇਣ ਨਿਰ ਦਲੀ।
ਕਿ ਆਨ ਆਪ ਹਾਥ ਦੈ
ਬਚਾਇ ਮੋਹ ਲਹੇਗੇ।
ਦੁਰੰਤ ਘਾਟ ਅਉਘਟੇ
ਕਿ ਦੇਖ ਨੈਨ ਦੇਹਗੇ ।੬।

ਪੰ: ੬੧੪।

ਭਾ: ਉਹ ਸੰਤਾਂ ਦਾ ਵਾਲ ਵਿੰਗਾ ਨਹੀਂ ਹੋਣ ਦਿੰਦਾ ਤੇ ਉਹ ਬਲੀ ਅਕਾਲ ਪੁਰਖ ਅਸੰਤਾਂ-ਭਾ: ਦੈਂਤਾਂ ਨਾਲ ਜੁਝਦਾ ਹੈ ਸਦਾ-ਜਿਸ ਦੇ ਅਗੇ ਬੜੀਆਂ ਤਾਕਤਾਂ ਵਾਲੀ ਸੈਨਾਵਾਂ ਉਸਦੇ ਚਿੱਟੇ ਚਮਕਦੇ ਬਾਣਾਂ ਅਗੇ ਭਜ ਜਾਂਦੀਆਂ ਨੇ। ਉਹ ਆ ਕੇ ਆਪਣਾ ਹਥ ਦੇ ਕੇ ਮੈਨੂੰ ਬਚਾ ਲਵੇਗਾ ਅਤੇ ਘਟ ਅਵਘਾਟ-ਔਖੇ ਰਾਹ ਦੇਖਣ ਹੀ ਨਾ ਦਏਗਾ।

(੩੩) ਉਪ੍ਰੋਕਤ ਲੇਖ ਦਾ ਨਿਚੋੜ-ਮੇਰੇ ਸੁਹਿਰਦ ਸੁਜਾਨਪਾਠਕੋ ਇਹ ਹੈ ੨੪ਅਵਤਾਰਾਂ ਦਾ ਸੰਗਮ ਜੋ ਚੁਟਕੀ - ਚੁਟਕੀ ਅਤੋਲੇ ਚੋਂ ਕਢ ਕੇ ਇਥੇ ਪੇਸ਼ ਕੀਤਾ ਗਿਆ ਹੈ। ਜਿੱਥੇ ਮੇਰੇ ਸਿਰ ਦੇ ਸਾਂਈ ਜੀ ਨਾਮ ਜਪਣ ਦਾ ਤੇ ਅਦਵੈਤਵਾਦ ਦਾ ਪੁਰਜ਼ੋਰ ਪੱਖ ਪੇਸ਼ ਕਰਕੇ ਉਪਦੇਸ਼ ਦੇ ਰਹੇ ਹਨ। ਜਿਸ ਵਿਚੋਂ ਪੜ੍ਹੇ ਲਿਖੇ ਸਾਡੇ ਮਾਨਯੋਗ ਵਿਦਵਾਨ ਗਰੇਜੂਏਟ ਭਰਾਵਾਂ ਨੂੰ ਕਸਤੂਰੀ ਦੇ ਨਾਪੇ ਵਿਚੋਂ ਹਿੰਗ ਦੀ ਬੂ ਆ ਰਹੀ ਹੈ ਜਿਸ ਬਾਰੇ ਸ਼ੇਮ ਸ਼ੇਮ ਸ਼ੇਮ ਤੋਂ ਬਿਨਾਂ ਹੋਰ ਕੀ ਕਿਹਾ ਜਾ ਸਕਦਾ ਹੈ। [ਆਪ ਨ ਵੰਞਾ ਸਹੁਰੇ ਹੋਰਾਂ ਮਤੀ ਦੇ[ਜੇ ਸਾਨੂੰ ਉਸ ਜਗਦੀਸ਼ ਦੀ ਉਪਮਾ ਆਪ ਨੂੰ ਨਹੀਂ ਭਾਉਂਦੀ ਤਾਂ ਹੋਰਾਂ ਨੂੰ ਤਾਂ ਖੂੰਡੇ ਖੂਹ ਪੈਣ ਦੀ ਸਲਾਹ ਨਾ ਦੇਈਏ। ਸਤਿਗੁਰ ਨਾਨਕ ਦੇਵ ਜੀ ਦਾ ਸੁਭ ਬਚਨ ਹੈ:-

ਕਿਰਤ ਪਿਆ ਅਧ ਊਰਧੀ
ਬਿਨੁ ਗਿਆਨ ਬੀਚਾਰਾ।
ਬਿਨ ਉਪਮਾ ਜਗਦੀਸ ਕੀ
ਬਿਨਸੈ ਨ ਅੰਧਿਆਰਾ ।੩।

ਪੰ: ੨੨੮। ਮ:੧

ਖੋਟੇ ਕੋ ਖਰਾ ਕਹੈ
ਖਰੇ ਸਾਰ ਨ ਜਾਣੈ।
ਅੰਧੇ ਕਾ ਨਾਉ ਪਾਰਖੂ
ਕਲੀ ਕਾਲ ਵਿਡਾਣੈ।

੩।੨੨੯।ਮ: ੧

ਮੀਠੇ ਕਉ ਕਉੜਾ ਕਹੈ
ਕੜੂਏ ਕਉ ਮੀਠਾ।
ਰਾਤੇ ਕੀ ਨਿੰਦਾ ਕਰਹਿ
ਐਸਾ ਕਲਿ ਮਹਿ ਡੀਠਾ ।੬।

Digitized by Panjab Digital Library | www.panjabdigilib.org

ਜਦ ਕਿ ਦੇਵੀ ਦੇਵ ਪੂਜਣ ਦਾ ਸ੍ਰੀ ਦਸਮ ਗ੍ਰੰਥ ਵਿਚ ਕਿਤੇ ਉੱਕਾ ਹੀ ਉਦੇਸ਼ ਨਹੀਂ। ਉਪਰੋਕਤ ਤੱਥਾਂ ਦੀ ਰੌਸ਼ਨੀ ਵਿਚ ਬਹਿਮੀ ਬਹਿਸ ਦਾ ਕੁਝ ਵੀ ਸੰਦਰਭ ਨਹੀਂ। ਪਾਣੀ ਰਿੜਕਿਆਂ ਨੈਨੂੰ ਹਥ ਨਹੀਂ ਜੇ ਆਉਂਦਾ, ਇਕ ਪੰਗਤੀ ਨੂੰ ਲੈ ਕੇ ਪਿਟ ਪਟੂਆ ਪਾਉਣਾ ਤਾਂ ਮਰਾਸਣ ਜਾਂ ਨੈਣ ਤੋਂ ਬਿਨਾਂ ਪਿਟਣ ਦੇ ਤੁਲ ਹੈ ਜਿਸ ਲਈ ਸਮੁਚੇ ਅਸੇਨ ਦੀ ਲੋੜ ਹੈ। ਉਂਜ-ਦੇਵੀ ਦੇਵਾ ਪਰਮ ਪਿਤਾ ਦੀ ਨੇੜੇ ਦੀ ਦੁਨੀਆਂ ਹੈ ਜੋ ਇਕ ਸ਼ੁਧ ਆਇਨਾ ਹੈ, ਭਾਵੇਂ ਸ਼ੀਸ਼ਾ ਇਕ ਅਣਜਿੰਦ ਭੌਤਕ ਪਦਾਰਥ ਹੀ ਹੈ, ਪਰ ਉਸ ਵਿਚ ਜਾਨਦਾਰ ਜਿੰਦਾਂ ਦੇ ਦਿਖਾਲਣ ਤੇ ਉਹਨਾਂ ਦੀ ਹਰਕਤ ਦਸਣ ਦੀ ਪੂਰੀ ਸਮਰੱਥਾ ਹੁੰਦੀ ਹੈ। ਤੁਸੀਂ ਆਪਣੀ ਸੂਰਤ ਵੀ ਉਸ ਵਿਚ ਦੇਖ ਸਕਦੇ ਹੋ, ਬਜ਼ਾਰ, ਗਲੀਆਂ, ਘਰ ਤੇ ਵੇਹੜੇ ਵੀ ਉਸ ਤੋਂ ਪੁਛੇ ਜਾ ਸਕਦੇ ਹਨ। ਪਰ ਵੁਕਤ ਇਸਦੀ ਏਨੀ ਹੀ ਹੁੰਦੀ ਹੈ ਕਿ ਇਕ ਰੋੜੀ ਵਗਾਹ ਮਾਰੋ ਤਾਂ ਉਸਦੇ ਟੁਕੜੇ ਟੁਕੜੇ ਪਏ ਦਿਸਣਗੇ ਅਤੇ ਫੇਰ ਇਕ ਹੀ ਟੁਕੜੇ ਵਿਚ ਤੁਸੀਂ ਆਪਣਾ ਆਪ ਦੇਖ ਸਕਦੇ ਹੋ, ਕੀ ਤੁਹਾਡੀ ਆਪਣੀ ਸੂਰਤ ਤਾਂ ਹੋਰ ਪੈਦਾ ਹੋ ਗਈਆਂ ?, ਨਹੀਂ ਇਹ ਕੁਦਰਤ ਦਾ ਆਪਣਾ ਚਮਤਕਾਰ ਹੈ ਅਤੇ ਇਹਨਾਂ ਦੇਵਤਿਆਂ ਦੇ ਜੀਵਨ ਦੀ ਪ੍ਰੈਕਟਸ ਕਰਕੇ ਅਸੀਂ ਖੁਦ ਦੇਵਤਾ ਬਣ ਸਕਦੇ ਹਾਂ ਗੁਰੂ ਜੀ ਦਾ ਬਚਨ ਹੈ-

ਇਕਸੁ ਤੇ ਸਭੁ ਦੂਜਾ ਹੂਆ।
ਏਕੋ ਵਰਤੈ ਅਵਰ ਨ ਦੂਆ।
ਦੂਜੇ ਤੇ ਜੇ ਏਕੋ ਜਾਣੈ।
ਗੁਰ ਕੈ ਸਬਦਿ ਹਰਿ ਦਰਿ ਨੀਸਾਣੈ।
ਪੰ: ੮੪੨।ਮ ੩।

ਦੇਵਤਿਆਂ ਸਚੀ ਭਗਤੀ ਕੀਤੀ ਉਹ ਦੇਵਤੇ ਬਣ ਗਏ ਜੇ ਅਸੀਂ ਉਹਨਾਂ ਦੇ ਕਰਤਵ ਤਕ ਕੇ ਉਹਨਾਂ ਦੀ ਰੀਸ ਕਰਾਂਗੇ ਤਾਂ ਅਸੀਂ ਦੇਵਤੇ ਕਹਾਉਣ ਦੇ ਹਕਦਾਰ ਹੋਵਾਂਗੇ-

ਮਾਨਸ ਤੇ ਦੇਵਤੇ ਭਏ
ਸਚੀ ਭਗਤਿ ਜਿਸੁ ਦੇਇ।
ਪੰ: ੮੫੦। ਮ: ੩

ਜਦੋਂ ਨੇਕ ਧੰਮ ਕਰਕੇ ਅਸੀਂ ਵੀ ਦੇਵਤਿਆ ਜਿਹੇ ਦਿਸਾਂਗੇ ਤਾਂ ਲੋਕ ਸਾਨੂੰ ਵੀ ਰਬ ਦਾ ਰੂਪ ਕਹਿਣ ਲਗ ਪੈਣਗੇ, ਚੰਗੇ ਤੇ ਨੇਕ ਪਵਿਤਰ ਕੰਮਾਂ ਵਿਚ ਜਾਂ ਕੰਮ ਕਰਨ ਵਾਲਿਆਂ ਵਿਚ ਸ਼ੀਸ਼ੇ ਵਾਂਗ ਸਾਹਮਣੇ ਖੜਾ ਰਬ ਦਿਸਣ ਲਗ ਪੈਂਦਾ ਹੈ। ਸ਼ੀਸ਼ੇ ਦੀ ਪ੍ਰਛਾਈਂ ਤਕਕੇ ਸ਼ੀਸੇ ਦੇ ਨਾਮ ਕੋਈ ਵੀ ਨਹੀਂ ਲੈਂਦਾ ਸਗੋਂ ਪ੍ਰਛਾਈ ਦਾ ਨਾਮ ਲਏਗਾ ਅਹ ਫਲਾਂ ਖੜਾ ਜਾਂ ਬੈਠਾ ਅਥਵਾ ਪਿਆ ਦਿਸਦਾ ਹੈ। ਇਸ ਲੋਈ ਹੀ ਸਤਿਗੁਰਾਂ ਨੇ ਫੁਰਮਾਇਆ ਹੈ।

ਬ੍ਰਹਮ ਮਹੇਸ ਸਿਧ ਮੁਨ ਇੰਦਰਾ
ਮੋਹਿ ਠਾਕਰ ਹੀ ਦਰਸਾਰੇ।
ਪੰ: ੧੩੪ ਮ: ੫।

ਦੋਇ ਦੋਇ ਲੋਚਨ ਪੇਖਾ ਹਉ
ਹਰਿ ਬਿਨ ਅਉਰੁ ਨ ਦੇਖਾ।
ਪੰ: ੬੫੫। ਕਬੀਰ ਜੀ

ਇਹੋ ਨਿਸਚਾ ਸ੍ਰੀ ਦਸਮੇਸ਼ ਭਗਵਾਨ ਦਾ ਹੈ-ਪਰ ਸਮੇਂ ਦੀ ਚਾਲ ਰਾਹੂ-ਕੇਤੂ ਤੇ ਸੰਨੀਚਰਦੇ ਆਸੇ ਹੇਠ ਚਲ ਰਹੀ ਹੈ ਜੋ ਧਰਮ ਪੁਸਤਕਾਂ ਤੋਂ ਵਿਰੁਧ ਹੈ, ਪੜੇ ਲਿਖੇ ਗੁਰੂ ਦੇ ਪੂਰਨ ਨਿਰਮਲ ਸਿੱਖ ਦਿਸਣ ਵਾਲੇ ਸਿੱਖ ਵੀ ਅਜ ਧਰਮ ਪੁਸਤਕਾਂ ਤੋਂ ਨਫਰੱਤ ਕਰ ਰਹੇ ਹਨ ਅਤੇ ਧਾਰਮਕ ਪੁਰਸ਼ਾਂ ਦੀ ਵੀ ਨਿਰਾਦਰੀ ਹੋ ਰਹੀ ਹੈ-

ਭੋਲੇ ਨਾਥ ਜੀ ਆਖਦੇ ਪੱਾਰਬਤੀ ਤਾਈਂ
ਸੁਣੋ ਪ੍ਰਯ ਜੀ ਜੋ ਵੇਲੇ ਆਉਣ ਵਾਲੇ ॥
ਡੁਸਕਦੇ ਦਿਸਣਕੇ ਧਰਮ ਦੇ ਧਾਰਨੀ ਜੋ
ਧਰਮ ਪੁਸਤਕਾਂ ਦੇ ਪੜਨ ਪੜਾਉਣ ਵਾਲੇ॥
ਬੋਧਕ ਗ੍ਰੰਥ ਦਾ ਕੋਈ ਨ ਗਾਹਕ ਹੋਸੀ
ਅਗੇ ਆਉਣਗੇ ਡਿਗਰੀਆਂ ਪਾਉਣ ਵਾਲੇ॥
ਦਾਨਸ਼ਵਰਾਂ ਦੇ ਸਿਰਾਂ ਤੇ ਰਾਜ ਕਰਸਨ
ਲੁਟ ਖੋਹ ਕਰ ਅੱਗੂਂ ਨਾਹਰੇ ਲੌਣ ਵਾਲੇ ॥

ਸ੍ਰੀ ਦਸਮੇਸ਼ ਪਾਤਸ਼ਾਹ ਜੀ ਭਵਿਖ ਬਾਣੀ ਵਿਚ ਕਹਿੰਦੇ ਹਨ-

ਫ਼ਫਤ ਸਾਚ ਨ ਕਤਹੂ ਪਾਯਾ।
ਝੂਠ ਹੀ ਸੰਗ ਸਬੋ ਚਿਤ ਲਾਯਾ।
ਭਿੰਨ ਭਿੰਨ ਗ੍ਰਹ ਗ੍ਰੰਥ ਮਤ ਹੋਈ।
ਸਾਸਤ੍ਰ ਸਿਮ੍ਰਿਤ ਛੁਐ ਨ ਕੋਈ ॥

ਜੋ ਭਵਿਖ ਬਾਣੀ ਸ੍ਰੀ ਦਸਮ ਗ੍ਰੰਥ ਕਲਕੀ

Digitized by Panjab Digital Library | www.panjabdigilib.org

ਅਵਤਾਰ ਦੇ ੪੦ ਸਫਿਆਂ ਤੇ ਫੈਲਿਆ ਹੋਇਆ ਹੈ। ਸ੍ਰੀ ਕਲਕੀ ਅਵਤਾਰ ਦਾ ਪੂਰਨ ਪ੍ਰਤਾਪ ਦਰਸਾਕੈ ਅੰਤ ਉਸਨੂੰ ਵੀ ਗਰਬ ਦੇ ਪੰਜੇ ਵਿਚ ਫਸਕੇ ਐਤੁੰ ਕਹਿੰਦੇ ਦਸਿਆ ਹੈ–

ਬਿਨ ਮੋਹ ਦੂਸਰ ਨ ਔਰ।
ਅਸ ਮਾਨਿਯੋ ਸਬ ਠਾਉਰ।
ਜਗ ਜੀਤ ਕੀਨ ਗੁਲਾਮ।
ਆਪ ਜਪਾਯੋ ਨਾਮ ।੫੮।

ਪੰ: ੬੧੦।

ਜਦ ਕਲਕੀ ਨੂੰ ਅਹੰਕਾਰ ਆ ਘੇਰਦਾ ਹੈ ਤਾਂ ਮਹਿੰਦੀ ਮੀਰ ਆ ਲਲਕਾਰਦਾ ਹੈ ਤੇ ਉਸਦਾ ਅੰਤ ਕਰ ਦਿੰਦਾ ਹੈ। ਜਦੋਂ ਮਹਿੰਦੀ ਮੀਰ ਐਸ੍ਵਰਜ ਦੇ ਸਿਖਰ ਪੁਜਦਾ ਹੈ ਤਾਂ ਉਸਨੂੰ ਵੀ ਅਹੰ ਾਰ ਆਪਣੇ ਚੁੰਗਲ ਵਿਚ ਲੈ ਲੈਂਦਾ ਹੈ ਲੇਖ ਹੈ–

ਮਹਿਦੀ ਭਰਿਯੋ ਜਬ ਗਰਬ।
ਜਗ ਜੀਤਯੋ ਜਬ ਸਰਬ।
ਸਿਰ ਅੱਤ੍ ਪੱਤ੍ ਫਿਰਾਇ।
ਜਗ ਜੇਰ ਕੀਨ ਬਨਾਇ ।੨।
ਬਿਨ ਆਪ ਜਾਨ ਨ ਔਰ।
ਸਭ ਰੂਪ ਅਉ ਸਭ ਠਉਰ।
ਜਿਨ ਏਕ ਦਿਸਟ ਨਾ ਆਨ।
ਤਸ ਲੀਨ ਕਾਲ ਨਿਦਾਨ।੩।

ਪੰ. ੬੧੦

ਜਦੋਂ ਮਹਿੰਦੀ ਮੀਰ ਇਕ ਪ੍ਰਮ ਪਿਤਾ ਦੀ ਸਕਤੀ ਨੂੰ ਅਖੋਂ ਉਹਲੇ ਕਰ ਦਿੰਦਾ ਹੈ ਤਾਂ ਉਸਦੇ ਅਹੰਕਾਰ ਦੇ ਅਫਰੇਵੇ ਨੂੰ ਉਤਾਰਨ ਲੱਈ ਅਹੰਕਾਰ ਦੇ ਨਾਸਕ ੧ਓ ਕਾਰ ਨੇ ਇਕ ਐਸਾ ਕੀੜਾ ਭੇਜਿਆ ਜਿਸਨੂੰ ਕੰਨ ਖਜੂਰਾ ਕਿਹਾ ਜਾਂਦਾ ਹੈ ਉਹ ਆਕੇ ਉਸਦੇ ਕੰਨ ਿਚ ਪ੍ਵੇਸ ਕਰ ਗਿਆ ਅਤੇ ਮਹਿੰਦੀ ਮੀਰ ਨੂੰ ਤੜਪਾ ਤੜਪਾ ਕੇ ਬੜੀ ਬੁਰੀ ਮੌਤੇ ਮਾਰ ਦਿਤਾ ਸੀ ਇਹ ਦ੍ਰਿਸਟਾਂਤ ਦੇਕੇ ਹੰਕਾਰ ਦੇ ਬੁਰੇ ਨਤੀਜੇ ਨੂੰ ਐਉਂ ਵਰਨਣ ਕਰਦੇ ਹਨ–

ਤਬ ਜਾਨ ਕਾਲ ਪ੍ਬੀਨ।
ਤਿਹ ਮਾਰਿਓ ਕਰਿ ਦੀਨ।
ਇਕ ਕੀਟ ਦੀਨ ਉਪਾਇ।
ਤਿਸ ਕਾਨ ਪੈਠੋ ਜਾਇ ।੧੦।
ਧਸਿ ਕੀਟ ਕਾਨ ਬੀਚ।
ਤਿਸ ਜੀਡਯੋ ਜਿਮ ਨੀਚ।
ਬਹੁ ਭਾਂਤ ਦੇ ਦੁਖ ਤਾਹਿ।
ਇਹ ਭਾਤ ਮਾਰਿਓ ਵਾਹਿ।

ਪੰ: ੬੧੧।

ਇਹ ਹੈ ਸ੍ਰੀ ਦਸਮੇਸ਼ ਜੀ ਮਹਾਰਾਜ ਦਾ ਨਿਰੰਤਰ ਉਪਦੇਸ ਤੇ ਲਿਖਣ ਦਾ ਪ੍ਰਸਤ੍ਾਵ ਜਿਸ ਨੂੰ ਕਿਹਾ ਜਾਂਦਾ ਹੈ ਕਿ ਇਹ ਲੇਖ ਸਾਰੇ ਅਨੁਭਾਵਕ ਹੀ ਹਨ। ਪ੍ਰਿਥੂ ਰਾਜ ਦਾ ਅਤੀ ਰੋਚਕ ਕਲਾ ਦਰਸਾਉਂਦਾ ਪ੍ਰਸੰਗ ਹੈ। ਇਹਨਾਂ ਸਾਰਿਆਂ ਦੀ ਜ਼ਾਣਕਾਰੀ ਲਈ ਦੇਖੋ ਸ੍ਰੀ ਦਸਮ ਗ੍ਰੰਥ ਸਾ: ਦੇ ਨਿਰਨੇ ਦੇ ਨਿਰਨੇ ਵਿਚ। ਇਕ ਬਹੁਤ ਧਰਮਾਤਮਾ ਅਤੇ ਭਗਤ ਪ੍ਮਾਤਮਾ ਨਿਆਇਕਾਰੀ [ਜੁਝਾਤ] ਰਾਜਾ ਅਗੇ [ਸਗਰ] ਤੇ ਬੈਨ ਰਾਜਾ, ਮਾਨਧਾਤਾ ਦਾ ਥੋੜੇ ਵਿਚ ਪ੍ਸੰਗ ਦਿਤੇ ਹਨ। ਉਪ੍ੰਤ ਦਿਲੀ ਦਾ ਮਹਾਰਾਜਾ [ਦਲੀਪ] ਜੋ ਵਡਾ ਪ੍ਤਾਪੀ ਅਤੇ ਮਹਾਨ ਧਨਸ ਧਾਰੀ, ਸੁਜਾਨ ਤੇ ਮਹਾਨ ਕਰਮਸੀਲ ਸੀ ਉਸਦੇ ਅਗੇ 'ਰਘੁ' ਦੀ ਸੋਭਾ ਸਮਾਨ ਹੋਰ ਕੋਈ ਮਸਾਲ ਹੀ ਨਹੀਂ–ਜੋ ਪੂਰਨ ਪ੍ਮ ਪੁਰਖ ਦਾ ਉਪਾਸਕ ਸੀ। ਪਰ ਸੰਕਾ ਵਾਦੀ ਕਿਸੇ ਨੂੰ ਵੀ ਨਹੀਂ ਬਖਸਿਆ ਕਰਦੇ ਜਿਸ ਬਾਰੇ ਲੇਖ ਹੈ–

ਨਿਤ ਉਠਿ ਕਰਤ ਦੇਵ ਕੀ ਪੂਜਾ।
ਫੂਲ ਗੁਲਾਬ ਕੇਵੜਾ ਕੂਜਾ।
ਚਰਨ ਕਮਲ ਨਿਤ ਸੀਸ ਲਗਾਵੈ।
ਪੂਰਨ ਨਿਤ ਚੰਡਕਾ ਆਵੈ।

ਪੰ: ੬੨੬।

ਜਿਸਦਾ ਸ਼ੁਧ ਭਾਵ ਹੈ-ਕਿ ਉਹ ਭਾਵ ਭਾਵਨੀ ਸਹਤ ਰੋਜ ਹੀ ਉਠਕੇ ਅੰਮ੍ਰਿਤ ਵੇਲੇ ਪ੍ਮ ਪਿਤਾ ਪ੍ਮਾਤਮ ਦੇਵ ਨੂੰ ਜੋ ਸਾਰੇ ਸੰਸਾਰ ਨੂੰ ਚੰਡਣ ਵਾਲਾ ਹੈ ਉਸ ਅਗੇ ਸਰਧਾ ਦੇ ਫੁਲ ਤੇ ਪ੍ਰੇਮ ਦੀ ਪੂਜਾ ਤੇ ਪਵਿਤ੍ ਗੁਣਾਂ ਦੀ ਖੁਸ਼ਬੂ ਅੰਤਹ ਕਰਨ ਦਾ ਮਿਠਾਸ ਕੂਜਾ ਪੇਸ਼ ਕਰਦਾ ਸ਼ੀ। ਜਿਸਨੂੰ ਚੰਡੀ ਦੇਵੀ ਜਾਂ ਮੂਰਤੀ ਪੂਜਾ ਨਾਲ ਜੁਟਾਇਆ ਜਾਂਦਾ ਹੈ, ਜਦ ਕਿ ਉਸ ਵੇਲੇ ਅਜੇ ਕਿਤੇ ਵੀ ਨਾਂ ਸ਼ਿਵ ਲਿੰਗ ਅਤੇ ਨਾਂ ਹੀ ਪ੍ਤਿੰਬਾ ਦਾ ਰਿਵਾਜ ਜਾਂ ਵਜੂਦ ਹੀ ਹੈ ਨਹੀਂ ਸੀ-ਇਹ ਸਤਜੁਗ ਦੇ ਵੇਲੇ ਦੀ ਵਾਰਤਾ ਹੈ ਜਦ ਅਜੇ ਦਵੈਤ ਬ੍ਰਾਦਿ ਨੇ ਜਨਮ ਹੀ ਨਹੀਂ ਲਿਆ। ਅਜ ਵੀ ਗੁਰੂ ਦਾ ਸਿਖ ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ

Digitized by Panjab Digital Library | www.panjabdigilib.org

ਨਾ ਹੋਵੇ ਕੀ ਪੂਜਾ ਪਾਠ ਆਪਣਾ ਨਿਤਨੇਮ ਨਹੀਂ ਕਰਦੇ ਇਹ ਕਹ ਦੇਣਾ ਕਿ ਪੂਜਾ ਪਾਠ ਫੁਲ ਜਾਂ ਮਿਸ਼ਰੀ ਤਾਂ ਦੇਵੀ ਦੀ ਮੂਰਤੀ ਨੂੰ ਹੀ ਆਪਨ ਕੀਤੀ ਜਾ ਸਕਦੀ ਹੈ ਕਿ ਇਹ ਅਣਰਥ ਨਹੀਂ ਉਸ ਰਾਜੇ ਦੇ ਧਰਮ ਰਾਜ ਦਾ ਸਰੂਪ ਤਕੋ ਅਗੇ।

ਧਰਮ ਰੀਤ ਸਭਠੌਰ ਚਲਾਈ।
ਜਤ੍ਰ ਤਤ੍ਰ ਸੁਖ ਬਸੀ ਲੁਗਾਈ।
ਭੂਖ ਨੰਗ ਕੋਈ ਕਹੂ ਨ ਦੇਖਾ।
ਉਚ ਨੀਚ ਸਬ ਧਨੀ ਬਖੇਖਾ।੧੬੮।
ਜਹ ਤਹਧਰਮ ਧ੍ਰਜਾਫਹਰਾਈ।
ਚੋਰ ਜਾਰ ਨਹ ਦੇਤ ਦਿਖਾਈ।
ਜਹਤਹ ਯਾਰਚੋਰ ਚੌਨ ਮਾਰਾ।
ਏਕ ਦੇਸ ਕਹੂ ਰਹੈ ਨ ਪਾਰਾ।੧੭੦।
ਸਾਧ ਓਰਕੋਈ ਦ੍ਰਿਸ਼ਟਨ ਪੇਖਾ।
ਐਸਾ ਰਾਜ ਰਘ ਰਾਜ ਬਸੇਖਾ।
ਚਾਰੋ ਦਿਸ ਚਕ੍ਰ ਫਹਰਾਵੈ।
ਪਾਪਨ ਕਾਟਿ ਮੂੰਡ ਫਿਰ ਆਵੈ।੧੭੧।

ਪੰ: ੬੨੬।

ਇਸ ਤੋਂ ਉਪ੍ਰੰਤ ਮਹਾਰਾਜਾ ਰਘੁ ਪਤੀ ਦਾ ਪੁਤ੍ਰ ਮਹਾਰਾਜਾ (ਅਜ) ਹੋਇ ਤੇ ਅਜ ਦਾ ਪੁਤਰ ਸੀ–ਮਹਾ ਰਾਜਾ ਦਸਰਥ। ਮਹਾਰਾਜਾ 'ਅਜ' ਦੇ ਪ੍ਰਤਾਪ ਦੀ ਵੰਨਗੀ ਮਾਤਰ ਐਉਂ ਹੈ–

ਅਹਿ ਰਾਜ ਰਾਜ ਮਹਾਨ।
ਦਸ ਚਾਰਿ ਚਾਰਿ ਨਿਦਾਨ।
ਸੁਖ ਸਿੰਧ ਸੀਲ ਸਮੁਦ੍ਰ।
ਜਿਨ ਜੀਤਿਆ ਰਣ ਰੁਦ੍ਰ।੯੩।
ਇਹ ਭਾਤ ਰਾਜ ਕਮਾਇ।
ਸਿਰ ਅਤ੍ਰ ਪਤ੍ਰ ਫਿਰਾਇ।
ਰਣ ਧੀਰ ਰਾਜ ਬਸੇਖ।
ਜਗ ਕੀਨ ਜਾਸ ਭਿਖੇਖ।੯੪।
ਜਗ ਜੀਤ ਚਾਰ ਦਿਵਾਨ।
ਆਜ ਰਾਜ ਰਾਜ ਮਹਾਨ।
ਨਿਰੁਪ ਦਾਨ ਸੀਲ ਪਹਾੜ।
ਦਸ ਚਾਰਿ ਚਾਰਿ ਉਦਾਰ।੯੫।

ਟੀਕੇ ਕਰਨ ਨਾਲ ਪੁਸਤਕ ਦਾ ਅਕਾਰ ਭਾਰੂ ਹੁੰਦਾ ਹੈ ਪਾਠਕ ਵਿਦਵਾਨ ਆਪੂੰ ਅਰਥ ਕਰ ਲੈਂਦੇ ਹਨ, ਪਰ ਇਸ ਅੰਕ ਦਾ ਭਾਵ ਅਰਥ ਇਹ ਹੈ ਕਿ ਪਿਛਲੇ ਸਤਵਾਦੀ ਰਾਜੇ ਮਹਾਰਾਜੇ ਕਿਉ ਹਰ ਦਿਲ ਪਿਆਰੇ ਹੁੰਦੇ ਸਨ। ਉਹਨਾਂ ਵਿਚ ਕੇਹੜੇ ਗੁਣ ਵਸ਼ੇਸ਼ਤਾ ਰਖਦੇ ਸਨ। ਸ੍ਰੀ ਰਾਮ ਚੰਦਰ ਦਾ ਰਾਜਾ ਤੇ ਦਸਰਥ ਪਿਤਾ ਸ੍ਰੀ ਅਹ ਰਾਜ ਭਾ: [ਅਜ] ਜੋ ਬੜਾ ਮਹਾਨ ਸੂਰਮਾ ਬਹਾਦੁਰ ਸੀ ਅਤੇ ੧੪ ਵਿਦਿਆ ਨਿਧਾਨ ਸੀ ਜੋ ਸੁਖਾਂ ਦਾ ਇਕ ਬਰਫੀਲਾ ਠੰਡਾ ਸਮੁੰਦ੍ਰ ਸੀ, ਪਰ ਜੁਧ ਵਿਚ ਸ਼ਿਵਜੀ ਵੀ ਉਸ ਅਗ ਅੜ ਨਹੀਂ ਸੀ ਸਕਿਆ। ਉਸ ਨੇ ਇਸ ਤਰ੍ਹਾਂ ਦਾ ਰਾਜ ਕੀਤਾ ਸੀ, ਅਤੇ ਸਿਰ ਤੇ ਪੂਰੀ ਸ਼ਾਨ ਨਾਲ ਪ੍ਰਤਾਪਵਾਨ ਛੱਤਰ ਝੁਲਾਇਆ ਅਰ ਜੁਧ ਦੇ ਵਿਚ ਡਟਕੇ ਜਮਕੇ ਲੜਨ ਦੀ ਵਡੀ ਸ਼ਕਤੀ ਰਖਦਾ ਸੀ, ਜਿਸ ਰਾਜੇ ਨੇ ਜਿੱਤ ਜਿਤ ਕੇ ਅਨੇਕਾਂ ਰਾਜਿਆਂ ਨੂੰ ਆਪਣੇ ਜੇਰ ਕਰ ਲਏ ਸਨ ਅਤੇ ਆਪਣਾ ਰਾਜ ਚੌਤ੍ਰਫੀ ਹੀ ਫੈਲਾ ਲਿਆ ਸੀ। ਇਹੋ ਜਿਹਾ ਸੀ ਰਾਜਾ [ਅਜ] ਮਹਾਨ ਜੋ ਦਾਨ ਪੁਨ ਕਰਨ ਵਿਚ ਵੀ ਪਹਾੜ ਜਿਹੀ ਹੈਸੀਯਤ ਰਖਦਾ ਸੀ।

ਅਗੇ ਦੇਖੋ ਮਹਾਨ ਨਿਰਪੱਖਤਾ ਦੀ ਸਿਖਰ ਕਿ ਜਿਹੜਾ ਰਾਜਾ ਅਜ ਬੇਅੰਤ ਗੁਣਾਂ ਅਪੰਨ ਅਤੇ ਸ੍ਰੀ ਦਸਮੇਸ਼ ਸੋਢੀ ਦਾ ਖਾਨਦਾਨੀ ਬਜ਼ੁਰਗ ਰਾਜਾ ਅਜ ਦੀ ਇਹ ਕਥਾ ਗੁਣਾਕ ਸਪੰਨ ਲਿਖ ਰਹੇ ਨੇ ਉਥੇ ਉਸਦੇ ਅਉਗੁਣਾਂ ਨੂੰ ਵੀ ਬੋਝੇ ਵਿਚ ਪਾਕੇ ਨਹੀਂ ਲੁਕਾਂਦੇ, ਨਾਂ ਹੀ ਢੱਕਣ ਥੱਲੇ ਰਖਦੇ ਹਨ, ਨਾਂ ਛਪਾਉਣ ਦਾ ਉਦਮ ਕਰਦੇ ਹਨ ਸਗੋਂ ਕਹਿੰਦੇ ਹਨ–

ਇਹ ਭਾਂਤਿ ਕੈ ਬਡਰਾਜ।
ਬਹੁ ਜੱਗ ਧਰਮ ਸਮਾਜ।
ਜਉ ਕਹੋ ਸਰਬ ਬਿਚਾਰ।
ਇਕ ਹੋਤ ਕਥਾ ਪਸਾਰ।੯੭।
ਤਿਹ ਤੇ ਸੁ ਥੋਰੀਐ ਬਾਤ।
ਸੁਨਿ ਲੇਹੁ ਭਾਖੋ ਭ੍ਰਾਤ।
ਬਹੁ ਜੱਗ ਧਰਮ ਸਮਾਜ।
ਇਹ ਭਾਂਤ ਕੈ ਅਜਿ ਰਾਜ।੯੮।
ਜਗ ਆਪਨੋ ਅਜਿ ਮਾਨ।
ਤਰ ਆਂਖ ਆਨ ਨ ਆਨ।
ਤਬ ਕਾਲ ਕੋਪ ਕ੍ਰਵਾਲ।
ਅਜਿ ਜਾਰੀਆ ਮਧਿ ਜਵਾਲ।੯੯।

Digitized by Panjab Digital Library | www.panjabdigilib.org

ਭਾਵ-ਕਿ ਜਦੋਂ ਰਾਜਾ ਅਜ ਸਾਰੇ ਰਾਜ-ਭਾਗ ਤੇ ਜੱਗ ਨੂੰ ਵਾਹਦ ਆਪਣਾ ਮਲਕੀਤੀ ਮੰਨ ਬੈਠਾ ਅਤੇ ਇਸ ਅਹੰਕਾਰ ਦੇ ਨਸ਼ੇ ਵਿਚ ਕਿਸੇ ਨੂੰ ਵੀ ਆਪਣੀ ਅੱਖ ਹਠ ਲਿਆਉਣ ਤੋਂ ਆਕੀ ਹੋ ਗਿਆ ਉਸ ਵੇਲੇ [ਮਹਾਂਕਾਲ] ਦੇ ਕ੍ਰੋਧ ਦੀ ਪ੍ਰਚੰਡ ਅਗਨ ਵਿਚ ਪੈਕੇ ਸੜ ਗਿਆ। ਜਿਸ ਤੋਂ ਦੇਵੇਂ ਸਿਖਿਆਵਾਂ ਪ੍ਰਾਪਤ ਹੁੰਦੀਆਂ ਹਨ-ਜਗਤ ਵਿਚ ਆਕੇ ਜੇ ਰਬ ਨੇ ਬਲ ਉਪਲਬੱਧ ਕੀਤਾ ਹੈ ਤਾਂ ਉਸਨੂੰ ਮੁਲਕ ਦੀ ਭਲਾਈ ਲਈ ਤੇ ਲੋਕ ਸੇਵਾ ਲਈ ਵਰਤੋਂ ਅਤੇ ਨੀਵੇਂ ਹੋਕੇ ਪ੍ਰਮਾਤਮਾ ਦੀ ਦਾਤ ਜਾਣ ਕੇ ਨਿਰਮਾਣ ਹੋਕੇ ਜੀਵਨ ਬੈਤੀਤ ਕਰੋ-ਅਹੰਕਾਰ ਦੇ ਘੋੜ ਦੀ ਕਬਾਬ ਤੇ ਉਕਾ ਹੀ ਪੈਰ ਨਾ ਰਖੋ। ਇਸੇ ਸੰਦ੍ਰਵ ਤੇ ਫੁਲ ਚੜਾਉਂਦੇ ਹੋਇ ਪੰ: ੬੩੫ ਤੇ ਜੋ ਰੁਦਰ ਦਾ ਅਵਤਾਰ ਸ਼੍ਰੀ ਮਹਾਂ ਰਿਸ਼ੀ ਸੰਨਿਆਸ ਮਤ ਦਾ ਬਾਨੀ ਬ੍ਰਹਮ ਜਤੀ ਸ੍ਰੀ ਦਿਤਾ ਤਰੈ ਆਦਿ ਦੇ ਜੋ ਇਤਿਹਾਸ ਸ੍ਰੀ ਬੇਦ ਬਿਆਸ ਨੇ ਪੁਰਾਨਾ ਦੇ ਸਿਰਲੇਖ ਹੇਠ ਸੰਪਾਦਕ ਕਰੇ ਹਨ, ਉਹਨਾਂ ਦਾ ਅਨਵਾਦ ਕਰਕੇ ਹਰਿ ਭਗਵੰਤ ਸ੍ਰੀ ਦਸਮੇਸ਼ ਜੀ ਮਹਾਰਾਜੇ ਨੇ ਅਨਵਾਦ ਕਰਕੇ ਸਮਾਜ ਤੇ ਇਕ ਨਾਂ ਉਤਾਰੇ ਜਾਣ ਵਾਲਾ ਉਪਕਾਰ ਕੀਤਾ ਹੈ ਜੋ ਦਾਸ ਨੇ ਨਿਰਨੇ ਦੇ ਨਿਰਨੇ ਵਿਚ ਕੁਝਕੁ ਖੁਲਾਸੇ ਨਾਲ ਦਿਤਾ ਹੈ। ਜੋ ਪਾਰਸ ਨਾਥ ਆਦਿ ਦੇਖੇ ਜਾ ਸਕਦੇ ਹਨ-

ਸਮੂਹਕ ਅਵਤਾਰ ਵਾਦ ਦਾ ਨਿਚੋੜ-ਸ੍ਰੀ ਦਸਮੇਸ਼ ਪਾਤਸ਼ਾਹ ਦੀ ਜ਼ਬਾਨੀ-

ਸਵੈਯਾ-ਕਲ ਕਾਲ ਕ੍ਰਵਾਲ ਕਰਾਲ ਲਸੈ।
ਜਗ ਜੰਗਮ ਥਾਵਰ ਸਰਬ ਕਸੈ।
ਜਗ ਕਾਲਹਿ ਜਾਵ ਬਿਸਾਲ ਰਚਾ।
ਜਿਹ ਬੀਚ ਫਸੇ ਬਿਨ ਕੋ ਨ ਬਚਾ ।੪੯੦

ਪੰ: ੬੬੮।

ਸਵੈਯਾ-ਦੇਸ ਬਦੇਸ ਨਿਰੇਸਨ ਜੀਤ
ਅਨੇਸ ਬਰੇ ਅਵਨੇਸ ਸੰਘਾਰੇ।
ਆਠੋਈ ਸਿੱਧ ਸਬੈ ਨਬ ਨਿੱਧੀ
ਸਮ੍ਰਿਧੱਨ ਸਰਬ ਭਰੇ ਗ੍ਰਿਹ ਸਾਰੇ।
ਚੰਦ੍ਰ ਮੁਖੀ ਬਨਿਤਾ ਬਹੁਤੈ ਘਰਿ
ਮਾਨ ਭਰੇ ਨਹੀਂ ਜਾਤ ਸੰਭਾਰੇ।
ਨਾਮ ਬਹੀਨੇ ਅਧੀਨ ਭਏ ਜਮ
ਅੰਤਕੋ ਨਾਗੇਹੀ ਪਾਇ ਸਿਧਾਰੇ ।੪੯੧।

ਰਾਵਨ ਕੇ ਮਹਿ ਰਾਵਨ ਕੇ ਮ ੍
ਕੇਵਨਕੇ ਚਲਤੇਨ ਚਲੀ ਗਉ।
ਭੇਜ ਦਲੀਪਤ ਕੌ ਰਵਿਕੈ ਨਹੀਂ
ਸਾਥਦਯੋ ਰਘਨਾਥ ਬਲੀਕਉ।
ਸੰਗਿ ਚਲੀ ਅਬਲੋ ਨਹੀਂ ਕਾਹੂ
ਕੇ ਸਾਚ ਕਹੌ ਅਘ ਅਉਘ ਦਲੀ ਸਉ।
ਚੇਤ ਰੇ ਚੇਤ ਅਚੇਤ ਮਹਾ ਪਸੁ
ਕਾਹੂ ਕੈ ਸੰਗ ਚਲੀ ਨ ਹਲੀ ।੪੯੨।

ਸਾਚਅੰ ਝੂਠ ਕਹੇ ਬਹੁਤੇ ਬਿਧ
ਕਾਮ ਕਰੋਧ ਅਨੇਕ ਕਮਾਏ।
ਭਾਜਨਿ ਲਾਜ ਬਚਾ ਧਨਕੇ ਡਰ
ਲੋਕ ਗਯੋ ਪਰਲੋਕ ਗਵਾਏ।
ਦੁਆ ਦਸਬਰਖ ਪੜਾਨ ਗੁੜਿਓ
ਜੜਰਾਜੀਵ ਲੋਚਨ ਨਾਹਿਨ ਪਾਏ।
ਲਾਜ ਬਹੀਨ ਅਦੀਨ ਗਹੇ ਜਮ
ਅੰਤਕੋ ਨਾਗੇਹੀ ਪਾਇ ਸਿਧਾਏ ।੪੯੩।

ਕਾਹੇ ਕਉ ਸਸਤ੍ਰ ਧਰੋ ਭਗਵੇ
ਮੁਨ ਤੇ ਸਬ ਪਾਵਕ ਬੀਚ ਜਲੈਗੀ।
ਕਿਯੋ ਇਮ ਰੀਤ ਚਲਾਵਤ ਹੋ
ਦਿਨ ਦੈਵਕ ਚਲੈ ਸਬਦਾਨ ਚਲੈਗੀ।
ਕਾਲ ਕਰਾਲ ਕੀ ਰੀਤ ਮਹਾ
ਇਹ ਕਾਹੂ ਜਗੇਸ ਛਲੀ ਨ ਛਲੈਗੀ।
ਸੁੰਦਰੀ ਦੇਹਿ ਤੁਮਰੀ ਮ ਾਂਮੁਨਿ
ਅੰਤਿ ਮਸਾਨ ਹੈਵ ਧੂਰ ਰਲ਼ੈਗੀ।
ਕਾਹੇ ਕੌ ਪੌਨ ਭਛੋ ਸੁਨਿ ਹੇ ਮੁਨਿ
ਪਉਨ ਭਏ ਕਥੁ ਹਾਥ ਨ ਐ ਹੈ।
ਕਾਹੇ ਕੋ ਬਸਤ੍ਰ ਕਰੋ ਭਗਵਾ ਇਨ
ਬਾਤਨ ਸੋ ਭਗਵਾਨ ਨ ਹੈਵ ਹੈ।
ਬੇਦ ਪੁਰਾਨ ਪ੍ਰਮਾਨ ਕੈ ਦੇਖਹੁ
ਤੇ ਸਬ ਹੀ ਬਸ ਕਾਲ ਸਭੈ ਹੈ।
ਜਾਰ ਅਨੰਗ ਨ ਨੰਗ ਕਹਾਵਤ
ਸੀਸਕੀ ਸੰਗਿਜਟਾਉ ਨਜੈ ਹੈ ।੪੯੫।

ਕੰਚਨ ਕੂਟ ਗਿਰਿਯੋ ਕਹੁ ਕਾਨੇ ਨ
ਸਾਤਓ ਸਾਗਰ ਕਯੋਂ ਨ ਸੁਕਾਨੇ।
ਪਸਮ ਭਾਨ ਉਦਯੋ ਕਹੁ ਕਾਹੇ ਨ

Digitized by Panjab Digital Library | www.panjabdigilib.org

ਗੰਗ ਬਹੀ ਉਲਟੀ ਅਨ ਮਾਨੋ।
ਅੰਤ ਬਸੰਤ ਤਪਯੋ ਰਵਿ ਕਾਹੇ ਨ
ਚੰਦ ਸਮਾਨ ਦਨੀਸ ਪ੍ਰਮਾਨੋ।
ਕਿਯੋਂ ਡਮ ਡੋਲ ਡੁਬੀ ਨ ਧਰਾ ਮੁਨਿ
ਰਾਜਨਿ ਪਾਤਿ ਨਿਤਯੋ ਜਗ ਜਾਨੋ ।੪੯੬।
ਅਤ੍ਰ ਪਰਾਸਰ ਨਾਰਦ ਸਾਰਦ
ਬਿਆਸ ਤੇ ਆਦਿ ਜਿਤੇ ਮੁਨ ਭਏ।
ਗਾਲਬ ਆਦਿ ਅਨੰਤ ਮੁਤੀਸ੍ਵਰ
ਬ੍ਰਹਮ ਹੂੰਤੇ ਨਹੀ ਜਾਤ ਗਨਾਏ।
ਅਗਸਤ, ਪੁਲਸਤ ਬਸਿਸਤ ਦੇ
ਆਦਿ ਨ ਜਾਨ ਪਰੇ ਕਿਹ ਦੇਸ ਸਿਧਾਏ।
ਮੰਤ੍ਰ ਚਲਾਇ ਮਹਾ ਮਤਿ
ਫੇਰ ਮਿਲੇ ਪਰ ਫੇਰ ਨ ਆਏ ।੪੯੭।

ਨੋਟ–ਜਿਹੜੇ ਫੇਰ ਨਾ ਮਿਲੇ ਨਾ ਫੇਰ ਨੂੜਕੇ ਆਏ ਉਹਨਾਂ ਦਾ ਦੂਜਾ ਪਾਠ ਕਰਨ ਦਾ ਕੀ ਲਾਭ ? ਜਿਸਦਾ ਸਪਸ਼ਟ ਭਾਵ ਹੈ ਕਿ ਉਪ੍ਰੋਕਤ ਗਿਣੇ ਅਨੇਕਾਂ ਪ੍ਰਮੁਖ ਹਸਤੀਆਂ ਜੋ ਆਪਣਾ ਪਾਟ ਅਦਾ ਕਰਕੇ ਵਾਪਸ ਆਪਣੇ ਆਪੇ ਵਿਚ ਜਾ ਲੀਨ ਹੋਈਆਂ ਉਹਨਾਂ ਦਾ ਨਾਮ ਜਪਣਾ ਦਵੈਤ ਵਾਦ ਹੈ ਜਿਸ ਤੋਂ ਗੁਰਦੇਵ ਵਰਜਦੇ ਹਨ ਤੇ ਅਨੇਕਾਂ ਪ੍ਰਮਾਣ ਦੇ ਤੱਥ ਦਰਸਾਕੇ ਸਪਸ਼ਟੀ ਕਰਣ ਕੀਤਾ ਹੈ ਅਤੇ ਦਿਖਾਵੇ ਦੇ ਸਾਰੇ ਅਡੰਬਰਾਂ ਦਾ ਥੋਥਾ ਪਣ ਪੇਸ਼ ਕਰਕੇ ਨਿਰੋਲ ਤੇ ਨਿਰੋਲ ਸਿਦਕ ਭਾਵਨੀ ਤੇ ਹਿਰਦੇ ਦੀ ਪਵਿਤ੍ਰਤਾ ਨੂੰ ਮੁਖ ਰਖਿਆ ਹੈ-ਅਤੇ ਇਕਾਂਕੀ ਵਲ ਪ੍ਰੇਰਤ ਕਰਦੇ ਹਨ ਜੈਸਾ ਕਿ–

ਬ੍ਰਹਮ ਨਰੰਧ੍ਰ ਕੋ ਫੇਰ ਮੁਨੀਸ
ਕੀ ਜੋਤਿ ਸੁਜੋਤਿ ਕੇਮਧ ਮਿਲਾਨੀ।
ਪ੍ਰੀਤ ਰਲੀ ਪ੍ਰਮੇਸਰ ਸੋ ਇਮ
ਬੇਦਨ ਸੰਗਿ ਮਿਲੈ ਜਿਮਬਾਨੀ।
ਪੁਨ ਕਥਾ ਮੁਨਿ ਨਦਨ ਕੀ
ਕਹਿੰਕੇ ਸੋ ਕਬਿ ਸਿਯਾਮ ਬਖਾਨੀ।
ਪੂਰਣ ਧਿਆਇ ਭਯੋ ਤਬ ਹੀ
ਜਯ ਸ੍ਰੀ ਜਗਨਾਥ ਭਵੇ ਸਭਵਾਨੀ ।ਪੰ:੬੬੯

ਸ੍ਰੀ ਦਸਮੇਸ਼ ਪਾਤਸ਼ਾਹ-ਇਤਿਹਾਸ ਕਲਾ ਦੇ ਕਾਰੀਗਰ ਪਹਿਲਾਂ ਮਹਾਂ ਮੁਨੀ ਦਿਪਾ ਤਰੈ ਦੀ ਬੁਧਤਾ, ਸ਼ੁਧਤਾ, ਅਰ ਤਪਤਾ ਆਦਿ ਬਿਆਨਦੇ ਹਨ ਫੇਰ ਉਸਦੇ ਜੀਵਨ ਦੇ ਉਦੇਸ ਦੀ ਲਕੀਰ ਖਿਚਦੇ ਹਨ ਉਪ੍ਰੰਤ ਗੁਰੂ ਧਾਰਨ ਕਰਕੇ ਗੁਰੂ ਦੀ ਪਦਵੀ ਨਾਲ ਜੁਟਾਉ ਤੇ ਜ਼ੋਰ ਦਿਤਾ ਹੈ ਅਤੇ ਗੁਰੂ ਤੋਂ ਸਿਖਿਆ ਦਾ ਮਾਧੁਅਕੀ ਹੈ। ਉਪ੍ਰੋਤਕ ਦਿਹ ਸਾਰਾ ਸੀਸਾ ਦਿਖਾਕੇ ਨਿਰਵਿਕਾਰਕ ਉਜਲ ਰਾਹ ਦਰਿਸਾਕੇ ਅੰਤ ਵਿਚ ਆਪਣੇ ਚਲ ਰਹੇ ਸੰਦ੍ਰਵ ਤੇ ਨਿਰੰਤਰ ਪੁਜਕੇ ਮਹਾਂ ਮੁਨੀ ਦਿਤਾ ਤਰੈ ਦਾ ਅੰਤ ਦਸਦੇ ਹਨ। ਕਿ ਰਸੀ ਜੀ ਦੀ ਆਤਮਾ ਦਸਮ ਦੁਆਰ ਭੰਨਕੇ ਪ੍ਰਮ ਜੋਤਿ ਦੇ ਵਿਚ ਜੋਤਿ ਜਾ ਮਿਲੀ ਜੋ ਉਸਨੇ ਪਰਮੇਸ੍ਵ ਨਾਲ ਪ੍ਰੀਤ ਕੀਤੀ ਸੀ ਉਹ ਐਉਂ ਸੀ ਜਿਵੇਂ ਬੇਦ ਨਾਲ ਬਾਣੀ ਓਤਪੋਤ ਹੁੰਦੀ ਹੈ ਅੰਤ ਵਿਚ ਇਹ ਕਠਾ ਅਤਰੈ ਮੁਨੀ ਦੇ ਪੁਤ੍ਰ ਦੀ ਕਹਕੇ ਮੈਂ ਸਿਆਮ ਕਵੀ ਨੇ ਉਚਾਰਨ ਕੀਤੀ ਹੈ ਹੁਣ-ਇਹ ਅਧਯਾ ਸਮਾਪਤ ਹੁੰਦਾ ਹੈ ਇਸ ਲਈ ਉਸ ਕ੍ਰਿਪਾ ਦੇ ਸਾਗਰ ਜਗਤ ਦੇ ਨਾਥ ਭਵੇਸ਼ ਭਾਵ ਭਵਾਨੀ ਦੇ ਮਾਲਕ ਭਾ: ਕੁਦਰਤ ਵਾਲੇ ਭਵਾਨ ਦੀ ਜੈ ਹੋਵੇ ਜਿਸ ਦੇ ਸਦਕਾ ਇਸ ਲੇਖ ਦੀ ਸਫਲ ਸਮਾਪਤੀ ਹੋਇ ਹੈ।

ਕੀ ਪਾਠਕ ਵੀਰੋ ਭੇਖ ਭ੍ਰਮਾ ਦੇ ਅਡੰਬਰਾਂ ਦੇ ਖੰਡਨ ਕਰਨ ਵਾਲਾ ਤੇ ੧ਓਕਾਰ ਦਾ ਸਰਲ ਮੰਡਲ ਕਰਨ ਵਾਲਾ ਕੋਈ ਚੋਰ ਕਵੀ ਹੋ ਸਕਦਾ ਹੈ ਜਾਂ ਸਾਕਤ ਜੇ ਆਪ ਦੇਵੀ ਪਾਰਬਤੀ ਨੂੰ ਭਵਾਨੀ ਕਹਿੰਦੇ ਹੁੰਦੇ ਤਾਂ ਜਗ ਨਾਥ ਦਾ ਨਾਲ ਨਾਮ ਨਥੀ ਕਿਉਂ ਹੁੰਦਾ ਜਿਵੇਂ ਕਿਹਾ ਜਾਂਦਾ ਹੈ ਔਰ ਹੈਰਾਨ ਕੁਲ ਅਚੰਬਾ ਕੰਮ ਕਿਵੇਂ ਹੋ ਗਿਆ ਉਤ੍ ਆਉਂਦਾ ਹੈ ਇਹ ਭਗਵਾਨ ਦੀ ਕੁਦਰਤ ਦਾ ਕਰਿਸ਼ਮਾ ਹੈ ਕੋਈ ਕਹਿੰਦਾ ਹੈ ਸੁਭਾਨ ਤੇਰੀ ਕੁਦਰਤ ਅਖੀਰ ਕੁਦਰਤ ਨੂੰ ਸਾਰੇ ਹੀ ਵਰਗ ਮੰਨਦੇ ਨੇ ਕੋਈ ਕਹਿੰਦਾ ਨੈ ਭਗਵਾਨ ਤੇਰੀ ਕਰਤ।

(੩੪) ਇਸ ਤੋਂ ਅਗੇ ਹੈ-ਪਾਰਸ ਨਾਥ ਜੋ ਸਿਵਜੀ ਦਾ ਹੀ ਉਪ ਅਵਤਾਰ ਸੀ ਜਿਸ ਨੂੰ ਮੁਕਤਸਰ ਖੁਲਾਸੇ ਲਈ ਨਿਰਣੇ ਦੇ ਨਿਰਣੇ ਵਿਚ ਦੇਖ ਸਕਦੇ ਹੋ ਉਂਜ ਇਸ ਦਾ ਸੰਦ੍ਰਵ ਆਦਿ ਗ੍ਰੰਥ ਸਾਹਿਬ ਦੀ ਇਸ ਬਾਣੀ ਦੀ ਤੁਲਨਾਤਮਕ ਹੈ ਜੋ ਭੱਟਾਂ ਦੇ ਸਵੈਯਾ ਦਾ ਸੰਦ੍ਰਵ ਦਰਸਾਉਂਦਾ ਹੈ ਜਿਵੇਂ ਕਿ–

ਸਤਜੁਗ ਤੈ ਮਾਨਿਓ ਛਲਿਓ
ਬਲ ਬਾਵਨ ਭਾਇਓ।
ਤਰੈਤੈ ਤੈ ਮਾਣਿਓ ਰਾਮ

Digitized by Panjab Digital Library | www.panjabdigilib.org

ਰਘੁਵੰਸ ਕਹਾਇਓ ।
ਦੁਆਪਰ ਕ੍ਰਿਸਨ ਮੁਰਾਰਿ
ਕੰਸ ਕਿਰਤਾਰਥ ਕੀਓ ।
ਉਗ੍ਰਸੈਣ ਕਉ ਰਾਜੁ ਅਭੈ
ਭਗਤਹ ਜਨ ਦੀਓ ।
ਕਲਿਜੁਗਿ ਪ੍ਰਮਾਣ ਨਾਨਕ
ਗੁਰੁ ਅੰਗਦ ਅਮਰੁ ਕਹਾਇਓ ।
ਸ੍ਰੀ ਗੁਗੁ ਰਾਜੁ ਅਬਿਚਲੁ
ਅਟਲੁ ਆਦਿ ਪੁਰਖਿ ਫੁਰਮਾਇਓ।੭।

ਪੰ: ੧੩੯੦।

ਸਾਰੇ ਅਵਤਾਰਾਂ ਤੇ ਵਡੇ ਵਡੇ ਬਰਾੜ ਰਾਜੇ ਮਹਾਂਰਾਜਿਆਂ ਦਾ ਡਰਾ ਦਿਖਾ ਕੇ ਉਪਰੰਤ ਲਿਖੇ ਹਨ, ਸ਼ਬਦ ਹਜ਼ਾਰੇ, ਅਗੇ ਪਰਸੁਤਿਤ ਹਨ ੩੩ ਸਵੈਯੇ (ਜਾਗਤ ਜੋਤਿ ਜਪੈ ਨਿਤ ਬਾਸਰ) ਪੰ: ੭੧੬। ਮੋ ਗ੍ਰਹਿ ਮੈ ਤਨ ਤੇ ਮਨ ਤੇ ਸਿਰ ਲਉ ਧਨ ਸਬਹੀ ਇਨਹੀ ਕੋ। ਪੰ: ੭੧੭ । ਅਗੇ ਹੈ ਸਸਤ੍ਰ ਨਾਮ ਮਾਲਾ ਜੋ ਜੰਗਾਂ ਜੁਧਾਂ ਦੇ ਹਥਿਆਰ ਜਿਸ ਦੀ ਜਾਣਕਾਰੀ ਤੋਂ ਬਿਨਾਂ ਸੂਰਮਤਾ ਤੇ ਬਹਾਦੁਰੀ ਕਾਹਦੀ ਜੇ ਉਸ ਨੂੰ ਆਪਣੇ ਹਥਿਆਰਾਂ ਦੀ ਜਾਣਕਾਰੀ ਨਹੀਂ । ਜਿਥੇ ਹਥਿਆਰ ਤੋਂ ਬਿਨਾਂ ਸੂਰਮਾਂ ਨਹੀਂ ਉਥੇ ਇਹ ਵੀ ਦਸਿਆ ਹੈ ਕਿ ਅਕਾਲ ਸ਼ਕਤੀ ਦੇ ਆਸਰੇ ਬਿਨਾਂ ਹਥਿਆਰ ਕੁਝ ਵੀ ਨਹੀਂ। ਉਥੇ ਕਹਿੰਦੇ ਹਨ ਕਿ ਸਾਰੇ ਹਥਿਆਰਾਂ ਦਾ ਆਸਰਾ ਟੇਕ ਰੂਪ ਤੂੰਹੀ ਤੂੰ ਹੈਂ ਜਿਵੇਂ–

ਮੇਰਾ ਤੀਰ ਤੁਹੀ ਸੈਥੀ ਤੁਹੀ
ਤੁਹੀ ਤਬਰ ਤਰਵਾਰ।
ਨਾਮ ਤਿਹਾਰੋ ਜੋ ਜਪੈ
ਭਏ ਸਿੰਧ ਭਵ ਪਾਰ ।੪।
ਕਾਲ ਤੁਹੀ ਕ ਲੀ ਤੁਹੀ
ਤੁਹੀ ਤੇਰਾ ਅਰੁ ਤੀਰ।
ਤੁਹੀ ਨਿਸਾਨੀ ਜੀਤ ਕੀ
ਆਜੁ ਤੁਹੀ ਜਗ ਬੀਰ ।੫।

ਪੰ: ੭੧੭

ਇਸ ਤੋਂ ਅਗੇ ਹੈ ਨਾਮ ਮਾਲਾ ਦਾ ਦੂਜਾ ਧਯਾਇ ਚੱਕ੍ਰ ਨਾਮ ਹੈ ਜਿਸ ਦੇ ਵਿਚ ਗੂੜ ਫਲਾਸਫੀ ਦੇ ਭੇਦ ਹਨ, ਜਿਸ ਦੇ ਗੂੜ ਗਿਆਨ ਨੂੰ ਭੌਤਕ ਮਾਦਾ ਤਨ ਕੀ ਵਰਨਣ ਕਰ ਸਕਦਾ ਹੈ, ਜੋ ਕੁਝ ਕੁ ਸੁਤੰਤਰ ਟੀਕੇ ਰਾਹੀਂ ਪੇਸ਼ ਕੀਤੇ ਜਾ ਸਕਦੇ ਹਨ ਅਤੇ ੮੦੮ ਪੰਨੇ ਤੇ ਜਾ ਕੇ ਇਸ ਪ੍ਰਕਣ ਦੀ ਸਮਾਪਤੀ ਕੀਤੀ ਹੈ, ਪਰ ਸਾਨੂੰ ਤਾਂ ਇਸ ਵਿਚ ਕੋਈ ਕ੍ਰਿਯਾ ਤਕਣ ਨੂੰ ਨਹੀਂ ਮਿਲੀ ਜਿਸਦੇ ਅਰਥ ਹੀ ਕੋਈ ਨਾ ਹੋਵੇ

ਪਾਰਸ ਨਾਥ–ਸ਼ਿਵ ਜੀ ਦਾ ਅਵਤਾਰ ਸੀ, ਜਦੋਂ ਉਸ ਤੇ ਹੰਕਾਰ ਦਾ ਦੂਜਾ ਡਉਰੂ ਆ ਖੜਕਿਆ ਤਾਂ ਪ੍ਰਮ ਪੁਰਖ ਨੇ ਨੇਤਰ ਟੇਢੇ ਕੀਤੇ ਤਾਂ ਉਸ ਨੂੰ ਭੂਤਲ ਤੇ ਆਕੇ ਜਨਮ ਲੈਣਾ ਪਿਆ ਜੋ ਪਾਰਸ ਨਾਥ ਦੇ ਰੂਪ ਵਿਚ ਪ੍ਰਗਟ ਹੋਇਆ ਸੀ । ਜਿਸ ਨੇ ਜੰਮ ਕੇ ਪ੍ਰਭੂ ਅਰਾਧਨਾ ਕੀਤੀ ਤਾਂ ਸ਼ਕਤੀ ਮਾਤਾ ਨੇ ਪ੍ਰਸੰਨ ਹੋ ਕੇ ਦਰਸ਼ਨ ਦਿਤੇ ਤੇ ਉਸ ਨੂੰ ਮਨ ਭਾਉਂਦਾ ਵਰ ਦਿਤਾ ਸੀ ਜਿਸ ਨੂੰ ਇਹ ਲੋਕ ਭਵਾਨੀ ਦਾ ਨਾਉਂ ਸੁਣ ਕੇ ਹਾਂ ਦੇਵੀ ਹਾਂ ਦੇਵ ਕਹਿ ਕੇ ਉਠ ਨਠਦੇ ਨੇ ਪਿਛਾ ਮੁੜ ਕੇ ਨਹੀਂ ਵੇਖਦੇ, ਕਿਉਂਕਿ ਪਾਠਾਂਤ੍ ਐਉਂ ਹੈ–

ਭੂਪਤ ਪਰਮ ਗਜਾਨ
ਜਬ ਪਾਯੋ।
ਬਨ ਬਚ ਕਰਮ ਕਠਨ ਕਰਤਾ
ਕੋ ਜੋ ਕਰਿ ਧਯਾਨ ਲਗਾਯੋ।

ਤਾਂ ਹੁਣ ਅਗੇ ਪੰਗਤੀ ਐਤ੍ਹਾਂ ਆ ਜਾਂਦੀ ਹੈ–

ਕਰ ਬਹੁ ਨਜਾਸ ਕਠਨ ਜਪੁ
ਸਾਧਜੋ ਦਰਸਨਿ ਦੀਯੋ ਭਵਾਨੀ।

ਹੁਣ ਐਥੇ ਇਹਨਾਂ ਦੇਵੀ ਭਗਤਾਂ ਨੂੰ, ਕਰਤਾ ਪੁਰਖ ਤਾਂ ਭੁਲ ਗਿਆ ਜਿਸਦਾ ਕਠਨ ਤਪ ਸੀ ਜਿਸਦੇ ਸਦਕਾ ਭਵਾਨੀ ਨੇ ਆ ਕੇ ਦਰਸ਼ਨ ਦਿਤੇ ਦੇਵੀ ਹੀ ਦਿਸਣ ਲਗ ਪਈ । ਇਹ ਵੀ ਨਹੀਂ ਵਿਚਾਰਨ ਦਾ ਜਤਨ ਕਰਦੇ ਕਿ ਕਰਤਾ ਪੁਰਖ ਦਾ ਸਨੇਹ ਕਰਨ ਨਾਲ ਪਾਰਬਤੀ ਕਿਧਰੋਂ ਪ੍ਰਸੰਨ ਹੋ ਕੇ ਆ ਢੁਕੀ : ਜੇ ਪਹਿਲੀਆਂ ਪੰਗਤੀਆਂ ਨਹੀਂ ਧਿਆਨ ਵਿਚ ਆਈਆਂ ਤਾਂ ਅਗਲੀਆਂ ਹੀ ਸਮਝ ਲੋ–

ਅਵਰ ਅਤੱਤ ਸਬੈ ਕਰ ਜਾਨੇ
ਏਕ ਤੱਤ ਠਹਰਾਨਾ।
ਅਨਭਵ ਜੋਤ ਅਨੂਪ ਪ੍ਰਕਾਸੀ
ਅਨਹਦ ਨਾਦ ਬਜਾਯੋ।
ਦੇਸ ਬਿਦੇਸ ਜੀਤ ਰਾਜਨ

Digitized by Panjab Digital Library | www.panjabdigilib.org

ਕਹੁ ਸੁਭਟ ਅਭੈ ਪਦ ਪਾਯੋ।

੧੭।੮੧। ਪੰ: ੬੭੭

ਭਾਵ--ਜਿਸ ਵੇਲੇ ਭਗਤੀ ਕਰਦਿਆਂ ਕਰਦਿਆਂ ਪਾਰਜ ਨਾਥ ਨੂੰ ਗਿਆਨ ਦਾ ਸੂਰਜ ਚੜ੍ਹ ਗਿਆ ਤਾਂ ਉਸ ਨੇ ਸਾਰੇ ਦੇਵੀ ਦੇਵਤੇ ਪਰਛਿਨ ਮਾਤ੍ਰ ਝਾਉਲਾ ਜਾਣ ਲਿਆ ਅਤੇ ਇਕੋ ਇਕ ਪ੍ਰਸਤੱਤ [ਪ੍ਰਮਾਤਮ ਦੇਵ] ਸਮਸਤ ਤੱਤ ਤੇ ਨਿਸ਼ਚਾ ਧਾਰ ਲਿਆ, ਜਦੋਂ ਇਸ ਅਸਲੀਅਤ ਦੇ ਭੇਦ ਨੂੰ ਸਮਝ ਲਿਆ ਤਾਂ ਅਨਭਵੀ ਜੋਤ [ਰੂਪ ਰੰਗ ਤੋਂ ਰਹਿਤ] ਬੇਅੰਤ ਸਨੱਖੀ ਦਾ ਪ੍ਰਕਾਸ਼ ਹੋਇਆ ਤੇ ਅਨਹਦ ਸ਼ਬਦ ਦੀ ਧੁਨ ਸੁਣਾਈ ਦਿਤੀ–

ਜਿਸ ਜੋਤਿ ਬਾਰੇ ਸ਼੍ਰੀ ਕਬੀਰ ਜੀ ਦਾ ਸਿਧਾਂਤ ਇਹ ਹੈ–

ਅਗਮ ਦਗਮ ਗੜਿ ਰਚਿਓ ਬਾਸ ।੩।
ਮਹਿ ਜੋਤਿ ਕਰੇ ਪ੍ਰਕਾਸ ।
ਬਿਜਲੀ ਚਮਕੈ ਹੋਇ ਅਨੰਦੁ ।
ਜਿਹ ਪਉੜੇ ਪ੍ਰਭ ਬਾਲ ਗੋਬਿੰਦ ।
ਊਹਾਂ ਸੂਰਜ ਨਾਹੀ ਚੰਦ ।
ਆਦਿ ਨਿਰੰਜਨੁ ਕਰੈ ਅਨੰਦ ।

ਭੈਰੋ ਕਬੀਰ ਜੀ

ਜੋਤ ਮੰਤ੍ਰਿ ਮਨਿ ਅਸਥਿਰੁ ਕਰੈ ।
ਕਹਿ ਕਬੀਰ ਸੋ ਪ੍ਰਾਨੀ ਤਰੈ ।੮।੭।

ਪੰ: ੧੧੬੨

ਜਹ ਝਿਲਿ ਮਿਲਿ ਕਾਰੁ ਦਿਸੰਤਾ ।
ਤਹ ਅਨਹਦ ਸਬਦ ਬਜੰਤਾ ।
ਜੋਤੀ ਜੋਤਿ ਸਮਾਨੀ ।
ਮੈ ਗੁਰ ਪਰਸਾਦੀ ਜਾਨੀ ।੨।
ਰਤਨ ਕਮਲ ਕੋਠਰੀ ।
ਚਮਕਾਰ ਬੀਜਲ ਤਹੀ ।
ਨੇਰੈ ਨਾਹੀ ਦੂਰਿ ।
ਨਿਜ ਆਤਮੈ ਰਹਿਆ ਭਰਪੂਰਿ।੩।
ਜਹ ਅਨਹਤ ਸੂਰ ਉਜਾਰਾ ।
ਤਹ ਦੀਪਕ ਜਲੈ ਛੰਛਾਰਾ ।
ਗੁਰ ਪਰਸਾਦੀ ਜਾਨਿਆ ।
ਜਨ ਨਾਮਾ ਸਹਜ ਸਮਾਨਿਆ ।

ਪੰ: ੬੫੬-੫੭।

ਭਾ: ਜਿਥੇ ਕੋਈ ਗਮ ਨਹੀਂ ਅਤੇ ਜਿਥੇ ਪੁਜਣਾ ਅਸੰਭਵ ਹੈ, ਉਹ ਹੈ ਦਸਵੀਂ ਦੀ ਵਸੋਂ ਦੀ ਕੋਠੜੀ ਜਿਸ ਨੂੰ ਕਹਿੰਦੇ ਨੇ ਦਸਵਾਂ ਦੁਆਰ ਜਿਸ ਦੇ ਵਿਚੋਂ ਇਕ ਚਿਤ ਹੋ ਕੇ ਚਿਤ ਨੂੰ ਧਿਆਨ ਵਿਚ ਪਰੋ ਕੇ ਗੂੜ ਤਪਸਿਆ ਕਰਨ ਉਪਰੰਤ ਲੁਕਮਚੋਲੀ ਖੇਡਦੀ ਜੋਤਿ ਪ੍ਰਗਟ ਹੁੰਦੀ ਹੈ ਜਿਸਦਾ ਕੇਂਦਰੀ ਅਰਥ ਐਉਂ ਹੈ। ਇਹ ਦਰਸ਼ਨ ਨੂਰੀ ਨੂਰ ਹੈ–ਜਿਸ ਦੀ ਕੋਈ ਭੌਤਕ ਰੋਸ਼ਨੀ ਨਹੀਂ ਇਹ ਸੂਰਜ ਚੰਦ ਤੋਂ ਵੀ ਪਰੇ ਨਿਰੰਜਨ ਦੀ ਨਿਰੰਜਨੀ ਜੋਤਿ ਹੈ, ਹਰਿ ਪੁੰਨ ਰੂਪ ਤੇ ਪਵਿਤ੍ਰ ਗੁਣ ਨੂੰ ਦੈਵੀ ਗੁਣ ਕਿਹਾ ਜਾਂਦਾ ਹੈ, ਜੇ ਇਸ ਨੂੰ ਜੁਆਨ ਪ੍ਰਮ ਪ੍ਰਮਾਤਮਾ ਦੀ ਮਹਾਨ ਪਵਿਤ੍ਰ ਜੋਤਿ ਨੂੰ ਦੈਵੀ ਨਹੀਂ ਕਹਾਂਗੇ ਤਾਂ ਹੋਰ ਕੀ ਕਹਾਂਗੇ ? ਅਤੇ ਕਬੀਰ ਜੀ ਇਸ ਜੋਤਿ ਪ੍ਰਕਾਸ਼ ਰੂਪ ਦੇਵੀ ਦੇ ਹੀ ਆਸਰਤ ਕਰੋੜਾਂ ਸੂਰਜ ਪ੍ਰਕਾਸ਼ ਹੁੰਦੇ ਦਸਦੇ ਹਨ ਅਤੇ ਕਰੋੜਾਂ ਮਹਾਂ ਦੇਵ ਸ਼ਿਵ ਜੀ ਤੇ ਕੈਲਾਸ਼ ਪ੍ਰਬਤ ਕਰੋੜਾਂ ਦੁਰਗਾ ਜਿਹੀਆਂ ਪਾਰਬਤੀਆਂ ਤਲੀਆਂ ਝਸਦੀਆਂ ਤੇ ਕਰੋੜਾਂ ਬ੍ਰਹਮ ਵੇਦਾਂ ਦਾ ਪਾਠ ਉਚਾਰਦੇ ਕਹਿੰਦੇ ਹਨ:–

ਕੋਟਿ ਸੂਰ ਜਾਕੈ ਪਰਗਾਸ ।
ਕੋਟਿ ਮਹਾ ਦੇਵ ਅਰੁ ਕਬਿਲਾਸ।
ਦੁਰਗਾ ਕੋਟਿ ਜਾਕੈ ਮਰਦਨੁ ਕਰੈ ।
ਬ੍ਰਹਮਾ ਕੋਟਿ ਬੇਦ ਉਚਰੈ ।੧।
ਜਉ ਜਾਚਉ ਤਉ ਕੇਵਲ ਰਾਮ।
ਆਨ ਦੇਵ ਸਿਉ ਨਾਹੀ ਕਾਮ ।

ਪੰ: ੧੧੬੨

ਤਕੋ ਅਗੇ ਸ੍ਰੀ ਗੁਰਦੇਵ ਗੁਰੂ ਨਾਨਕ ਪਾਤਸ਼ਾਹ ਇਸ ਜੋਤਿ ਰੂਪੀ ਦੇਵੀ ਪ੍ਰਕਾਸ਼ ਦਾ ਜਲਵਾ ਦਰਸਾਂਦੇ ਹਨ–ਅਤੇ ਜੋਤਿ ਦੇ ਦਰਸ਼ਨ ਕਰਨ ਦਾ ਢੰਗ ਤੇ ਤਰੀਕਾ ਵੀ ਦਸਦੇ ਹਨ :–

ਕਾਮੁ ਕ੍ਰੋਧੁ ਪਰਹਰੁ ਪਰ ਨਿੰਦਾ ।
ਲਬੁ ਲੋਭੁ ਤਜਿ ਹੋਹੁ ਨਿਚਿੰਦਾ ।
ਭ੍ਰਮ ਕਾ ਸੰਗਲੁ ਤੋੜਿ ਨਿਰਾਲਾ
ਹਰਿ ਅੰਤਰਿ ਹਰਿ ਸਜੁ ਪਾਇਆ ।੧।
ਨਿਸੀਦਾਮਨਿਜਿਉ ਚਮਕਿ ਚੰਦਾਇਣੁ ਦੇਖੈ।
ਅਹਿਨਿਸਿ ਜੋਤਿ ਨਿਰੰਤਰ ਪੇਖੈ ।
ਆਨੰਦ ਰੂਪੁ ਅਨੂਪ ਸਰੂਪਾ

Digitized by Panjab Digital Library | www.panjabdigilib.org

ਗੁਰਿ ਪੂਰੈ ਦੇਖਾਇਆ ।੨।

ਪੰ: ੧੦੪੧ । ਮ: ੧ ।

ਜਦੋਂ ਅਸੀਂ ਉਪ੍ਰੋਕਤ ਬ੍ਰਹਮ ਬੂਟੀ ਦੇ ਬਣੇ ਗੁਟਕੇ ਨੂੰ ਸੇਵਨ ਕਰ ਲਵਾਂਗੇ ਫੇਰ ਜੋਤਿ ਦਾ ਪ੍ਰਕਾਸ਼ ਤੇ ਗਿਆਨ ਆਪ ਤੋਂ ਆਪ ਹੋ ਜਾਇਗਾ ਨਾਲੇ ਬਹੁਤੀ ਤਾਂ ਵਿਚਾਰਨ ਵਾਲੀ ਇਹ ਇਕ ਦਲੀਲ ਹੈ ਕਿ ਜਦ ਪਾਰਸ ਨਾਥ ਸ਼ਿਵ ਜੀ ਦਾ ਹੀ ਅਵਤਾਰ ਸੀ ਤਾਂ ਕੀ ਉਸਨੇ ਆਪਨੀ ਪਤਨੀ ਪਾਰਬਤੀ ਦਾ ਧਿਆਨ ਕੀਤਾ ? ਕੀ ਪਾਰਬਤੀ ਨੇ ਪ੍ਰਸੰਨ ਹੋਕੇ ਆਪਣੇ ਪਤੀ ਮਹਾਂ ਦੇਵ ਦੇ ਰੂਪ ਵਿਚ ਪਾਰਸ ਨਾਥ ਨੂੰ ਵਰ ਦੇਕੇ ਮਾਲਾ ਮਾਲ ਕੀਤਾ? ਕੀ ਇਹ ਆਪਣੀ ਮੱਤ ਦਾ ਆਪੇ ਦਿਵਾਲਾ ਦੇਣ ਦੇ ਤੁਲ ਨਹੀਂ ? ਇਸ ਪ੍ਰਸੰਗ ਦੀ ਪੂਰਨ ਜਾਣਕਾਰੀ ਲਈ ਦੇਖੋ-ਦਸਮ ਗ੍ਰੰਥ ਸਾਹਿਬ ਦੇ ਨਿਰਨੇ ਦਾ ਨਿਰਨਾ ਜੋ ਬਿਬੇਕ ਅਬਬੇਕਾ ਦਾ ਲੰਮਾਂ ਪ੍ਰਸੰਗ ਹੈ ਜਿਸ ਬਾਰੇ ਗੁਰਬਾਣੀ ਦਾ ਸੰਕੇਤ ਹੈ-

ਜੇਤੇ ਰੇ ਤੀਰਥ ਨਾਏ ਅਹੰ ਬੁਧਿ
ਮੈਲੁ ਲਾਏ ਘਰ ਕੋ ਠਾਕੁਰੁ
ਇਕੁ ਤਿਲੁ ਨ ਮਾਨੈ ।੩।
ਕਦਿ ਪਾਵਉ ਸਾਧ ਸੰਗੁ
ਹਰਿ ਹਰਿ ਸਦਾ ਅਨੰਦੁ ਗਿਆਨ
ਅੰਜਨਿ ਮੇਰਾ ਮਨੁ ਇਸਨਾਨੈ ।੪।
ਸਗਲਆਸ੍ਰਮ ਕੀਨੇ ਮਨੂਆਨਹ
ਪਤੀਨੇ ਬਿਬੇਕਹੀਨ ਦੇਹੀਧੋਇ ।
ਕੋਈ ਪਾਈਐ ਰੇ ਪੁਰਖੁ
ਬਿਧਾਤਾ ਪਾਰਬ੍ਰਹਮ ਕੈ ਰੰਗਿ
ਰਾਤਾ ਮੇਰੇ ਮਨ ਕੀ
ਦੁਰਮਤਿ ਮਲੁ ਖੋਇ ।

ਭਾ: ਜਿਨੇ ਤੀਰਥ ਨਾਤੇ ਮਨ ਤੇ ਉਨੀ ਮੈਲ ਹੋਰ ਟਿਕ ਗਈ ਹਉਮੈ-ਅਹੰਕਾਰ ਦੀ, ਜਿਸ ਕਰਕੇ ਘਰ ਦੇ ਮਾਲਕ ਨੇ ਰਤਾ ਭਰ ਵੀ ਨਾ ਜਾਣੇ । ਇਹੋ ਜਿਹਾ ਸਤ-ਸੰਗ ਕਦੋਂ ਮਿਲੇਗਾ ਜਿਸ ਦੀ ਰੋਸਨੀ ਵਿਚ ਹਰ ਪਾਸੇ ਅਨੰਦ ਹੀ ਅਨੰਦ ਦਿਸ ਪਏ, ਉਹ ਹੈ ਗੁਰੂ ਦੇ ਗਿਆਨ ਦਾ ਸੁਰਮਾ ਜਿਸ ਨਾਲ ਮੇਰੇ ਮਨ ਦਾ ਸ਼ੁਧ ਇਸ਼ਨਾਨ ਹੋ ਸਕਦਾ ਹੈ ਹੋਰ ਤਾਂ ਚਾਰੇ ਆਸਰਮ ਕਰਕੇ ਤੱਕ ਲਏ ਪਰ ਮਨਦੀ ਤਸਲੀ ਨਾਂ ਹੋਈ, ਕਿਉਂਕਿ ਬਿਬੇਕ ਦੀ ਘਾਟ ਸੀ, ਬਿਬੇਕ ਤੋਂ ਬਿਨਾਂ ਕੋਈ ਭਾਵੇਂ ਕਿਨੀ ਮਲ-ਮਲਕੇ ਦੇਹ ਧੋਂਦਾ ਫਿਰੇ । ਜੇ ਕੋਈ ਪ੍ਰਮਦੇਵ ਤੋਂ ਵਰ ਸਾਇਆ ਹੋਇ ਮਾ ਪ੍ਰਮ-ਪੁਰਖ ਮਿਲ ਜਾਵ ਜੇ ਆਪ ਪਾਰਬ੍ਰਹਮ ਦੇ ਰੰਗ ਵਿਚ ਲਾਲੋ ਲਾਲ ਹੋਇਆ ਹੋਵੇ ਉਹ ਬਿਬੇਕ ਦੇ ਕੇ ਮੇਰੇ ਮਨ ਦੀ ਕਬੁਧੀ ਦੂਰ ਕਰ ਦੇਵੇ ਤਾਂ ਮੇਰੀ ਪ੍ਰਮਬੁਧੀ ਹੋ ਸਕਦੀਹੈ ਸੋ ਇਸ ਪ੍ਰਮ ਪੁਰਖ ਦੀ ਲਿਖੀ ਗਿਆਨ ਦਾ ਮੁਮੀਰਾ ਤੁਸੀਂ ਇਸ ਪਾਰਸ ਨਾਥ ਦੇ ਪ੍ਰਸੰਗ ਵਿਚ ਮਹਾਂ ਮੁਨੀ ਮਛਦਰ ਨਾਥ ਤੇ ਪਾਰਸ ਨਾਥ ਦੇ ਮੇਲ ਵਿਚ ਪੂਰਨ ਬਿਬੇਕ ਹਾਸਲ ਕਰ ਸਕਦੇ ਹੋ। ਜੋ ਕਾਲਜੀਏਟਾਂ ਦੇ ਸਮਝਣ ਵਾਲਾ ਵਿਸ਼ਾ ਨਹੀਂ ਸਗੋਂ ਬ੍ਰਹਮ ਬੇਤਾਵਾਂ ਦੀ ਮੁਹਾਰਨੀ ਹੈ । ਜੋ ਪਾਰਬ੍ਰਹਮ ਦੇ ਰੰਗ ਵਿਚ ਰੰਗੀਜਕੇ ਪਾਰਬ੍ਰਹਮ ਦੇ ਰੰਗ ਵਿਚ ਲਾਲੋ ਲਾਲ ਹੋਕੇ ਇਸ ਅੰਗੂਰੀ ਰੰਗ ਵਿਚ ਰੱਤ ਹੀ ਹੋ ਗਏ ਨੇ ।

ਕਾਲਜਾਂ ਦੀ ਵਿਦਿਆ ਸਾਨੂੰ ਮਾਯਕ ਤੇ ਆਰਥਕ ਅਮੀਰੀ ਦੇ ਸਕਦੀ ਹੈ, ਸਾਨੂੰ ਵਕੀਲ, ਜੱਜ, ਡੀ.ਸੀ,ਮੰਤ੍ਰੀ, ਪ੍ਰਧਾਨ, ਮੁਖ ਪ੍ਰਧਾਨ, ਉਪ ਪ੍ਰਧਾਨ ਤੋਂ ਬਿਨਾਂ ਵਪਾਰੀ, ਰਿਸਵਤ ਖੋਰ ਕਈ ਕੁਝ ਬਣਾ ਸਕਦੀ ਹੈ । ਪਰ ਆਤਮਕ ਅੰਮੀਰੀ ਤੇ ਆਤਮਕ ਪ੍ਰਕਾਸ਼ ਤਾਂ ਉਹਨਾਂ ਨੂੰ ਹੀ ਹੋਇਆ ਹੈ ਜਿਨ੍ਹਾਂ ਬੇਦ ਅਭਿਆਸ ਅਤੇ ਗੁਰਬਾਣੀ ਨੂੰ ਸਮਝਿਆ ਹੈ, ਜਾਂ ਸਾਧ ਸੰਗਤਿ ਦੇ ਟੂਲੀ ਰੰਗ ਵਿਚ ਚੁਭੇ ਲਾਏ ਨੇ ।

ਕਨਿਕ ਕਨਿਕ ਪਹਿਰੇ ਬਹੁ
ਕੰਗਨਾ ਕਾਪਰੁ ਭਾਂਤਿ ਬਨਾਵੈਗੋ ।
ਨਾਮ ਬਿਨਾਂ ਸਭਿ ਫੀਕ ਫੀਕਾਨੇ
ਜਨਮਿ ਮਰੈ ਫਿਰਿ ਆਵੈਗੋ ।
ਪਾਪ ਬਿਕਾਰ ਮਨੂਰ ਸਭਿ ਭਾਰੇ
ਬਿਖੁਦੁਤਰੁ ਤਰਿਓ ਨ ਜਾਵੈਗੋ ।

ਪੰ: ੧੩੦੮ । ਮ ੪ ।

ਦੂਜਾ ਰੁਖ ਕੀ ਹੈ? ਭਗਤ ਜਨਾ ਕਉ ਸਦਾ
ਨਿਵਿਰਹੀਐ ਜਨ ਨਿਵਹਿ ਤਾਂ ਫਲਗੁਨ ਪਾਵੈਗੋ ।
ਜੋ ਨਿੰਦਾ ਦੁਸ਼ਟ ਕਰਹਿ ਭਗਤਾ ਕੀ
ਹਰਨਾਖਸ ਜਿਉ ਪਚਿ ਜਾਵੈਗੋ ।੫।
ਬ੍ਰਹਮ ਕਮਲ ਪੁਤ੍ ਮੀਨ ਬਿਆਸਾ
ਤਪੁ ਤਾਪਨ ਪੂਜ ਕਰਾਵੈਗੋ ।
ਜੋ ਜੋ ਭਗਤੁ ਹੋਇ ਸੋ ਪੂਜਹੁ
ਭਰਮਨ ਭਰਮੁ ਚੁਕਾਵੈਗੋ ।

Digitized by Panjab Digital Library | www.panjabdigilib.org

ਪੰ: ੧੩੦੬ । ਮ: ੪ ।

ਇਸ ਦੇ ਆਹਲਣੇ ਦੇ ਤਿਣਕੇ ਤਾਂ ਗਿਣੇ ਜਾ ਸਕਦੇ ਨੇ ਪ੍ਰੰਤੂ ਸ੍ਰੀ ਮਾਨ ਪੰ: ਸਾ: ਦੇ ਇਸ ਪੁਸਤਕ ਦੇ ਉਟੰਕਣ ਗਿਣਨੇ ਅਸੰਭਵ ਹਨ, ਜਿਵੇਂ ਕਿ ਪੰ: ੩੭ਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਪੰ: ੬੯੩ ਵਲ ਨੂੰ ਵੀ ਤੀਰ ਮਾਰਿਆ ਹੈ, ਜਿਸ ਵਿਚ ਨਿਰਪ-ਪ੍ਰਾਰਸ ਨਾਥ ਤੇ ਜੋਗੀ ਮਛੰਦਰ ਨਾਥ ਦਾ ਅਲੌਕਕ ਤੇ ਗੂੜ ਮਹਾਂ ਬਿਬੇਕ ਗਿਆਨ ਦਾ ਵਰਨਣ ਹੈ ਜੋ ਕਬੀਰ ਜੀ ਦੇ ਇਸ ਸ਼ਬਦ ਦੀ ਤਰਜ-ਮਾਨੀ ਕਰਦਾ ਹੈ । ਪਹਿਲਾਂ ਇਸ ਨੂੰ ਪੜ ਲੌ ਫੇਰ ਉਸ ਪ੍ਰਕਰਣ ਦੀ ਅਖੀਰ ਤਕ ਅਧੈਨ ਕਰੋ ਜੈਸਾ ਕਿ ਐਹ ਹੈ :

ਕਿਉ ਲੀਜੈ ਗਢੁ ਬੰਕਾ ਭਾਈ ।
ਦੋਵਰ ਕੋਟ ਅਰ ਤੇਵਰ ਖਾਈ ।੧।ਰਹਾਉ ।
ਪਾਚ ਪਚੀਸ ਮੋਹ ਮਦ ਮਤਸਰ
ਆਛੀ ਪਰਬਲ ਮਾਇਆ ।
ਜਨ ਗਰੀਬ ਕੋ ਜੋਰੁ ਨ ਪਹੁਚੈ
ਕਹਾ ਕਰਉ ਰਘੁ ਰਾਇਆ ।੧।
ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ
ਕ੍ਰੋਧ ਪ੍ਰਧਾਨੁ ਮਹਾ ਬਡ ਦੁੰਦਰ
ਤਹ ਮਨੁ ਮਾਵਾਸੀ ਰਾਜਾ ।੨।
ਸਵਾਦ ਸਨਾਹ ਟੋਪੁ ਮਮਤਾ ਕੋ
ਕੁਬੁਧਿ ਕਮਾਨ ਚਢਾਈ ।
ਤਿਸਨਾ ਤੀਰਰਹੇ ਘਟ ਭੀਤਰਿ
ਇਉ ਗਢੁ ਲੀਓ ਨ ਜਾਈ ।੩।

ਪੰ: ੧੧੬੧ ।
[ਕਬੀਰ ਜੀ ।

ਇਸ ਦੀ ਤ੍ਰਜਮਾਨੀ ਵਸੇਖ ਤੇ ਵਸ਼ੇਖ ਢੰਗ ਨਾਲ ਦੇਖੋ ਸ੍ਰੀ ਦਸਮ ਗ੍ਰੰਥ ਸਾਹਿਬ ਪੰ: ੬੨੭ ਅੰਕ ੧੫੮ ਤੋਂ ਅਗੇ ਮਛਿੰਦ੍ ਬਾਚ । ਪਾਰਸ ਨਾਥ ਸੋ । ਪੰ: ੭੦੮ ਅੰਕ ੩੫੭ ਤਕ ਉਹ ਗੂੜ ਤੇ ਅਸਰਜ ਕੁੰਨ ਸਵੈਯੇ ਹਨ ਜਿਸ ਦੀ ਵਿਦਵਤਾ ਅਗੇ ਅਪਰ ਚੋਟੀ ਦੇ ਵਿਦਵਾਨ ਵੀ ਅਸ-ਚਰਜ ਹੋਕੇ ਰਹ ਜਾਂਦੇ ਨੇ, ਇਹਨਾਂ ੨੦੦ ਸਵੈਯਾਂ ਵਿਚ ਮੈਂ ੧ ਸਵੈਯਾ ਵੰਨਗੀ ਦੇ ਸੰਦੂਵ ਵਿਚ ਪਿਆਰੇ ਪਾਠਕਾਂ ਦੀ ਭੇਟ ਕਰਦਾ ਹਾਂ ।

ਅਨੂਪ ਰੂਪ ਭਾਨ ਸੋ
ਅਭੂਤ ਰੂਪ ਮਾਨੀਐ ।
ਸੰਜੋਗ ਨਾਮ ਸਤ੍ਰਹਾਸ ਬੀਰ ਤਾਸਜਾਨੀਐ ।

ਹਾਂ ਵੀਰ ਜੀਉ ਕਰੋ ਇਸਦੇ ਅਰਥ-ਜੋ ਐਉਂ ਹਨ ਕਿ ਇਕ ਬਹੁਤ ਹੀ ਸੁੰਦ੍ ਅਨੂਪ ਰੂਪ ਵਾਲਾ ਸੂਰਮਾ ਹੈ ਜਿਸਦਾ ਪ੍ਰਕਾਸ ਸੂਰਜ ਜਿਹਾ ਹੈ ਤੇ ਉਸਦਾ ਭੌਤਕ ਕੋਈ ਠਨ ਨਹੀਂ, ਸੰਜੋਗ ਜਿਹੇ ਸਸਤ੍ ਤੇ ਬੀਰਤਾ ਰਖਦਾ ਹੈ । ਕੀ ਸਮਝੇ ਉਹ ਕੌਣ ਹੈ ? ਦੇਖੋ ਅਗਲੀ ਪੰਗਤੀ :

ਸੁ ਸਾਂਤ ਨਾਮ ਸੂਰਮਾ ਸੁ
ਅਉਰ ਏਕ ਬੋਲੀਐ ।
ਪ੍ਰਤਾਪ ਜਾਸ ਕੋ ਸਦਾ
ਸੁ ਸਰਬ ਲੋਗ ਤੋਲੀਐ । ਪੰ: ੭੦੧ ।

ਭਾ. ਉਹ ਹੈ ਸਾਂਤੀ ਨਾਮ ਕਤਕੇ ਬਹਾਦੁਰ ਜਿਸ ਦੇ ਬਰਾਬਰ ਦਾ ਦਸੋ । ਦੂਜਾ ਕਿਸ ਦਾ ਨਾਮ ਲਿਆ ਜਾ ਸਕਦਾ, ਸਾਂਤ ਨਾਮ ਸੂਰਮੇ ਦਾ ਪ੍ਰਤਾਪ ਲੋਕਾਂ ਵਿਚ ਭਾਰੀ ਹੈ ਭਾ: ਸਾਂਤੀ ਜਿਹ ਸੂਰਮਾਂ ਤ੍ਰਿਲੋਕੀ ਵਿਚ ਕੋਈ ਨਹੀਂ । ਸਾਂਤੀ-ਸਭ ਨੂੰ ਵਸੀ ਕ੍ਰਣ ਮੰਤ੍ ਹੈ ।

(੩੫) ਚਰਿਤ੍ ਪਾਖਿਯਾਨੇ-ਖੰਡਨ ਦੇ ਪੰ: ੨੭ ਤੇ [ਓ] ਕੀ ਸ੍ਰੀ ਦਸਮੇਸ਼ ਜੀ ਆਪ ਜਗਤ ਮਾਤਾ 'ਪਾਰਬਤੀ ਦੀ' ਕਿਰਪਾ ਨਾਲ ਇਹ ਚਰਿਤ [ਪਾਖਿਆਨ] ਜਿਹਾ ਅਸਲੀਲ ਗ੍ਰੰਥ ਲਿਖਕੇ ਸੰਪੂਰਨ ਕਰ ਰਹੇ ਹਨ ? ਫੇਰ ਕੀ ਇਸ ਗ੍ਰੰਥ ਦੇ ਪੜਨ ਵਾਲੇ ਦੇ ਸਾਰੇ ਦੁਖ ਦੂਰ ਹੋ ਜਾਣਗੇ ਅਤੇ ਸਾਰੇ ਮਨ ਇਛੱਤ ਫਲ ਪ੍ਰਾਪਤ ਹੋਣਗੇ ?

ਸਮਾਧਾਨ-ਚੰਗਾ ਹੋਵੇ ਕਿ ਪਾਠਕ ਵੀਰ ਉਪ੍ਰੋਕਤ ਉਤਰ ਬਾਰੇ ਸ੍ਰੀ ਦਸਮ ਗ੍ਰੰਥ ਦਰਪਣ ਲੇ: ਗਿ: ਹਰਬੰਸ ਸਿੰਘ ਚੰਡੀਗੜ ਪੰ: ੩ ਤੇ ਭੂਮਕਾ ਵਿਚ ਦੇਖ ਲੈਣ ਜਿਸ ਵਿਚ ਭਾ: ਮਨੀ ਸਿੰਘ ਵਾਲੀ ਇਤਿਹਾਸਕ ਚਿਠੀ ਦਾ ਹਵਾਲਾ ਤੇ ਪੂਰ ਦਲੀਲ ਲੇਖ ਹੈ ਅਕੱਟ ਹੈ-ਅਗੇ ਪੰ੍ਹ ਤੇ ਇਸ ਦੀ ਪਰੋੜਦਾ ਕਰਦੇ ਹੋਇ ਗਿ: ਹਰਬੰਸ ਸਿੰਘ ਜੀ ਲਿਖਦੇ ਹਨ ਕਿ (ਤ੍ਰਿਆ ਚਰਿਤਰਾਂ)ਵਿਚ ਭੋਗਬਿਲਾਸ ਦੀ ਸਬਦਾਵਲੀ ਨੂੰ ਲਜਿਆ ਹੀਨ ਅਤੇ ਵਿਭਚਾਰਕ ਟੋਟਕੇ ਦਸਕੇ, ਸ੍ਰੀ ਦਸਮ ਗ੍ਰੰਥ ਸਾਹਿਬ ਬਾਰੇ ਨਫਰਤ ਫੈਲਾਉਣੀ ਇਕ ਘ੍ਰਿਣਤ ਕਰਮ ਹੈ । ਅਗੇ ਗਿ: ਭਾਗ ਸਿੰਘ ਨੂੰ ਸੰਬੋਧਨ ਕਰਕੇ ਲਿਖਦੇ ਹਨ ਕਿ ਗਿਆਨੀ ਜੀ ਜੇ ਆਪਨੇ ਹਿੰਦੂ ਅਤੇ ਮੁਸਲਮਾਨੀ ਮੱਤ ਦੇ ਧਾਰਮਕ ਗ੍ਰੰਥਾਂ ਦਾ ਅਧਐਨ ਕੀਤਾ ਹੁੰਦਾ ਤਾਂ ਆਪ ਸੋਚ ਸਮਝਕੇ ਉਟੰਕਣ

Digitized by Panjab Digital Library | www.panjabdigilib.org

ਕਰਦੇ ਕਿਉਂਕਿ ਉਨ੍ਹਾਂ ਨੇ ਗ੍ਰੰਥਾਂ ਵਿਚ ਚਰਿਤ੍ਰਾਂ ਨਾਲੋਂ ਵੀ ਵਧੇਰੇ ਅਸਲੀਲਤਾ ਵਾਲੇ ਇਸਤ੍ਰੀ ਚਰਿਤ੍ਰ ਹਨ। ਪਰ ਉਹਨਾਂ ਲੋਕਾਂ ਨੇ ਕਦੇ ਵੀ ਆਪਣੇ ਧਰਮ ਗ੍ਰੰਥਾਂ ਉਤੇ ਕਿੰਤੂ ਨਹੀਂ ਕੀਤਾ, ਜਦੋਂ ਕਿ ਹਜ਼ਾਰਾਂ ਸਾਲਾਂ ਤੋਂ ਉਹਨਾਂ ਨੂੰ ਧਾਰਮਕ ਮਹੱਤਤਾ ਪ੍ਰਾਪਤ ਹੈ। ਦਰਅਸਲ ਅਜਿਹੀਆਂ ਵਿਥਿਆਵਾਂ ਪ੍ਰਾਚੀਨ ਮਾਨਵ ਸਮਾਜ ਦੀ ਰੂਪ ਰੇਖਾ ਪੇਸ਼ ਕਰਦੀਆਂ ਹਨ। ਹੋਰ ਸਪਸ਼ਟਤਾ ਲਈ ਦੇਖੋ ਦਸਮ ਗ੍ਰੰਥ ਦਰਪਨ ਦਾ ਪੰ: ੧੫

ਪੰਨਾ ੮ ਤੇ ਗਿ: ਹਰਬੰਸ ਸਿੰਘ ਜੀ ਗੁਰਮਤਿ ਦੇ ਸਰੇਸ਼ਠ ਵਿਦਵਾਨ ਆਪਣੀ ਰਾਏ ਲਿਖਦੇ ਹਨ ਕਿ ਇਹ ਠੀਕ ਹੈ ਕਿ ਅੰਨੀ ਸ਼ਰਧਾ ਦੀ ਥਾਂ ਸਮਯੰਕ ਗਿਆਨ ਵਾਲੀ ਸ਼ਰਧਾ ਹੋਣੀ ਚਾਹੀਦੀ ਹੈ, ਪਰ ਅਜਿਹਾ ਵੀ ਨਹੀਂ ਹੋਣਾ ਚਾਹੀਦਾ ਕਿ ਗਿਆਨ ਨੂੰ ਲੋਹੇ ਦੀ ਤਲਵਾਰ ਬਣਾਕੇ ਸ਼ਰਧਾ ਦੇ ਟੋਟੇ-ਟੋਟੇ ਹੀ ਕਰ ਦਿਤੇ ਜਾਣ। ਜਿਹੜੀ ਗਲ ਅਸਲੀਅਤ ਹੈ ਪਰ ਮਨੁਖੀ ਸਮਝ ਤੋਂ ਪਰੇ ਹੈ, ਉਥੇ ਸਭਾਵਿ ਅੰਨ੍ਹੀ ਸ਼ਰਧਾ ਦੇ ਹੋਰ ਇਸ਼ਨਾਨ ਕੀ ਕਰ ਸਕਦਾ ਹੈ। ਭਗਤੀ ਅਤੇ ਧਰਮ ਦਾ ਧੁਰਾ ਸ਼ਰਧਾ ਹੈ ਅਤੇ ਇਹ ਪਹਿਲਾ ਡੰਡਾ ਹੈ, ਜਿ ਪਹਿਲੇ ਡੰਡੇ ਤੋਂ ਹੀ ਸਿੱਖ ਥਿੜਕ ਜਾਇ ਤਾਂ ਉਪਰਲੇ ਸਿਰੇ ਤੇ ਕਿਵੇਂ ਚੜਿਆ ਜਾ ਸਕਦਾ ਹੈ ਅਜ ਦੇ ਨਵੇਂ ਬਣੇ (ਲਿਟਰੇਰੀ) ਡਾਕਟਰ ਰੋਗ ਅਤੇ ਦਾਰੂ ਦੋਵੇਂ ਬੁਝ ਨਹੀਂ ਸਕਦੇ।

ਸ੍ਰੀ ਦਸਮੇਸ਼ ਪਾਤਸ਼ਾਹ ਕਿਤੇ ਵੀ ਦੇਵੀ ਪਾਰਬਤੀ ਜਾਂ ਕਿਸੇ ਕਲਪਤ ਅਥਵਾ ਮਿਥਿਹਾਸਕ ਦੇਵੀ ਅਗੇ ਕਥਨ ਕੋਈ ਸਹਾਇਤਾ ਦੀ ਮੰਗ ਨਹੀਂ ਕਰਦੇ, ਇਹ ਤਾਂ ਸਾਡੇ ਅੰਦਰ ਜਾਂ ਮਨਾਂ ਤੇ ਨਾਂ ਸਮਝੀ ਦੀ ਰਸੌਲੀ ਤੁਲ ਪਕੜ ਗਈ ਹੈ, ਜਿਸ ਦਾ ਬਿਨਾਂ ਅਪ੍ਰੇਸ਼ਨ ਇਲਾਜ ਅਸੰਭਵ ਹੈ। ਜਦੋਂ ਇਹੀ ਇਤਿਹਾਸਕ ਜਿਸਨੂੰ ਲੋਕਾਂ ਨੇ ਮਿਥਿਹਾਸ ਸ੍ਰੀ ਗੁਰੂ ਗ੍ਰੰਥ ਵਿਚ ਪੜਦੇ ਹਨ ਹਾਂ ਇਤਿਹਾਸ ਦ੍ਰਿੜ ਕਰਦੇ ਹਨ, ਅਤੇ ਉਹੀ ਲੇਖ ਜੇ ਕਿਸੇ ਰੂਪ ਵਿਚ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਤਕਦੇ ਨੇ ਤਾਂ ਮਿਥਿਹਾਸ ਹੋ ਨਿਬੜਦਾ ਏ। ਜੇ ਅਲੰਕਾਰਾਂ ਦੇ ਸਰੂਪ ਵਿਚ ਹਰ ਧਾਰਮਕ ਤੇ ਅਧਿਆਤਮਕ ਅਥਵਾ ਸਮਾਜਨ ਜਾਂ ਰਾਜ ਨੇਤਕ ਗ੍ਰੰਥਾਂ ਵਿਚ ਹਰੇਕ ਵਿਸ਼ੇ ਦੀ ਪ੍ਰੌੜਤਾ ਲਈ ਵਰਤਿਆ ਜਾਂਦਾ ਹੈ ਤੇ ਵਰਤਿਆ ਜਾਂਦਾ ਦੇਖੀਦਾ ਹੈ।

੧–ਮੋਹਨ ਘਰਿ ਆਵਹੁ ਕਰਉ ਜੋਦੜੀਆ।
ਪੰ: ੧੨੦੯। ਮ: ੫।

੨–ਮਿਲਉ ਗੁਪਾਲ ਨੀਸਾਨ ਬਜਾਇ।
ਪੰ: ੧੧੯੪।
[ਨਾਮ ਦੇਵੀ ਜੀ।

੩–ਹੀਨੜੀ ਜਾਤ ਮੇਰੀ ਜਦਿਮ ਰਾਇਆ।
ਪੰ. ੧੧੯੫।
[ਨਾਮ ਦੇਵ ਜੀ।

੪–ਪੀਤ ਬਸਨ ਕੁਦ ਦਸਨ ਪ੍ਰਿਅ ਸਹਿਤ
ਕੰਠਮਾਲ ਮੁਕਟ ਸੀਸ ਮੋਰਪੱਖ ਚਾਹਿ ਜੀਉ।
ਪੰ: ੧੪੦੨।

੫–ਕਵਲ ਨੈਨ ਮਧੁਰ ਬੈਨ ਕੋਟ ਸੈਨ ਸੰਗ ਸੋਭ ਕਹਤ ਮਾ ਜਸੋਧ ਜਿਸਹਿ ਦਹੀ ਭਾਤ ਖਾਹਿ ਜੀਉ ਜਰਮ ਕਰਮ ਮਛ ਕਛ ਹੋਇ ਬਰਾਹ ਜਮਨਾ ਕੇ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ।
ਪੰ: ੧੪੦੩।

੬–ਅਚੁਤ ਪਾਰ ਬ੍ਰਹਮ ਪਰਮੇਸੁਰ ਅੰਤਰਜਾਮੀ।
ਮਦ ਸੂਦਨ ਦਾਮੋਦਰ ਸੁਆਮੀ।
ਰਿਖੀ ਕੇਸ ਗੋਵਰ ਧਨ ਧਾਰੀ।
ਮੁਰਲੀ ਮਨੋਹਰ ਹਰਿ ਰੰਗਾ।੧।
ਮੋਹਨ ਮਾਧਵ ਕ੍ਰਿਸ਼ਨ ਮੁਰਾਰੇ ਆਦਿ
੭–ਧਰਣੀ ਧਰ ਈਸ ਨਰ ਸਿੰਘ ਨਾਰਾਇਣ।
ਦਾੜਾ ਅਗੇ ਪ੍ਰਿਥਨ ਧਾਰਾਇਣ ਬਾਵਨ
ਰੂਪ ਕੀਆ ਤੁਧੁ ਕਰਤੇ ਸਭ ਹੀ ਸੇਤੀ ਹੈ ਚੰਗਾ।
ਸ੍ਰੀ ਰਾਮ ਚੰਦ੍ ਜਿਸ ਰੂਪ ਨ ਰੇਖਿਆ।
ਬਨਵਾਲੀ ਚਕ੍ਰਪਾਣਿ ਦਰਸਿ ਅਨੂਪਿਆ।
੮–ਜਗੰਨਾਥਸਭਿ ਜੰਞਉਪਾਏ ਨਕਿ
ਖੀਨੀ ਸਭ ਨਾਥ ਹਾਰੇ।
ਪੰ: ੯੮੧।

੯–ਜਉ ਪਕਰ ਦਰੋਪਤੀ ਦੁਸਟਾਂ
ਆਨੀਹਰਿ ਹਰਿਲਾਜ ਨਿਵਾਰੇ।
ਪੰ: ੯੮੨।

੧੦–ਧਨਿ ਧੰਨਿ ਓ ਰਾਮ ਬੇਨੁ ਬਾਜੈ।
ਮਧੁਰ ਮਧੁਰਧੁਨ ਅਨਹਤਗਾਜੇ।੧।ਰਹਾਉ
ਧਨਿ ਧਨਿ ਮੇਘਾ ਰੋਮਾਵਲੀ।
ਧਨਿਧਨਿ ਕ੍ਰਿਸ਼ਨਓਢੈ ਕਾਂਬਲੀ।੧।

Digitized by Panjab Digital Library | www.panjabdigilib.org

ਧਨਿ ਧਨਿ ਤੂ ਮਾਤਾ ਦੇਵਕੀ ।
ਜਿਹ ਗ੍ਰਿਹਿ ਰਮੀਆ ਕਵਲਾ ਪਤੀ ।
ਧਨਿ ਧਨਿ ਬਨਖੰਡ ਬਿੰਦ੍ਰਾਬਨ ।
ਜਿਹ ਖੇਲੇ ਸ੍ਰੀ ਨਰਾਇਨਾ ।
੧੧–ਕਰ ਧਰੇ ਚਕ੍ਰ ਬੈਕੁੰਠ ਤੇ ਆਏ
ਰਾਜ ਹਸਤੀ ਦੇ ਪ੍ਰਾਨ ਉਧਾਰੀਅਲੇ ।
ਦੁਹਸਾਸਨ ਕੀਸਭਾ ਦਰੋਪਤੀ
ਅੰਬਰ ਲੇਤ ਉਬਾਰੀਅਲੇ ।੧।
ਗੌਤਮ ਨਾਰਿ ਅਸੰਲਿਆ ਤਾਰੀ
ਪਾਵਨ ਕੇਤਕ ਤਾਰੀਅਲੇ ।
ਪੰ: ੯੮੮ ।

ਨਾਮ ਦੇਵ ਜੀ ਹੈ ਜਿਸ੍ਦਾ ਨਾਮ ਸਤਿਕਾਰ ਸਹਿਤ ਸ੍ਰੀ ਗੁਰ ਆਦਿ ਗ੍ਰੰਥ ਸਾਹਿਬ ਦੀ ਪਵਿਤ੍ਰ ਬਾਣੀ ਵਿਚ ਸ਼ਰਧਾ ਤੇ ਸਤਕਾਰ ਨਾਲ ਨਹੀਂ ਲਿਆ ਗਿਆ ? ਫੇਰ ਇਹ ਉਪ੍ਰੋਕਤ ਇਤਿਹਾਸ ਆਇਆ ਕਿਥੋਂ-ਸ੍ਰੀ ਭਗਵਤ ਪੁਰਾਣ ਵਿਚੋਂ। ਫੇਰ ਜੇ ਇਹੋ ਭਗਵਤ ਪੁਰਾਣ ਵਿਚੋਂ ਉਹਨਾਂ ਹੀ ਅਵਤਾਰਾਂ ਦਾ ਜੀਵਨ ਸ੍ਰੀ ਦਸਮ ਗ੍ਰੰਥ ਵਿਚ ਖੁਲਾਸੇ ਨਾਲ ਪ੍ਰਗਟ ਕੀਤਾ ਗਿਆ ਤਾਂ ਹਾ-ਹਾ ਕਾਰ ਕਾਹਦੀ-ਜਦ ਕਿ

ਸਿਮ੍ਰਿਤ ਸਾਸਤ੍ਰ ਬੇਦ ਪੁਰਾਣ ।
ਪਾਰਬ੍ਰਹਮ ਕ਼ਾ ਕਰਹਿ ਵਖਿਆਣ ।
ਪੰ: ੮੬੭ ਮ: ੫ ।

ਫੇਰ ਉਪ੍ਰੋਕਤ ਗ੍ਰੰਥ ਅਨ ਸਤਕਾਰਤ ਕਿਉਂ-ਝੂਠਾ ਤਾਂ ਉਹ ਹੈ ਜੋ ਬੜਦਾ ਤਾਂ ਹੈ ਪਰ ਵੀਚਾਰ ਨਹੀਂ ਕਰਦਾ, ਸ਼ੁਣਦਾ ਹੈ ਪਰ ਮੰਨਦਾ ਨਹੀ।

ਨਿਸਿ ਦਿਨੁ ਸੁਨਿ ਕੈ ਪੁਰਾਨ
ਸਮਝਤ ਨਰ ਰੇ ਅਜਾਨ ।
ਕਾਲੁ ਤਉ ਪਹੁਚਿਓ ਆਨਿ
ਜੈ ਹੈ ਭਾਜਿ ਰੇ ।
ਪੰ: ੧੩੫੩ । ਮ: ੩ ।

ਬ੍ਰਹਮਾ ਬਿਸਨੁ ਮਹੇਸ ਉਪਾਇ
ਹੁਕਮਿ ਕਮਾਵਨ ਕਾਰੈ ।
ਪੰ: ੧੩੫੩ । ੯ ।

ਹੁਕ਼ਮ ਦੀ ਕਾ਼ਰ ਕਰਨ ਵਾਲੇ ਤੇ ਹੁਕਮ ਬਜਾਵਨ ਵਾਲੇ ਸਾਡੇ ਨਾਲੋਂ ਵੀ ਨਖਿਧ ਕਿਵੇਂ ਸਗੋਂ ਹੁਕਮੀ ਕਾਰ ਦੇ ਕਰਤਾ ਤਾਂ ਦਰਗਾਹੀ ਸ਼ਕਤੀ ਦੇ ਪ੍ਰਵਾਨਤ ਹੈ–

ਹੁਕਮ ਰਜਾਈ ਜੋ ਚਲਹਿ
ਦਰ ਗਹ ਸਾਚ ਕਬੂਲ ।

ਸ੍ਰੀ ਦਸਮੇਸ਼ ਜੀ ਗੁਰਦੇਵ ਨੇ ਜਿਥੇ ਪਾਰਬ੍ਰਹਮ ਨੂੰ ਸੰਬੋਧਨ ਕਰਦੇ ਹਨ ਉਥੇ ਦੇਵੀ ਦੇਵਤੇ ਉਸਦੇ ਅਗੇ ਬ ਵੁਕਤ ਟਹਿਲੂਏ ਰੂਪ ਵਿਚ ਉਲੇਖਦੇ ਹਨ, ਜਿਥੇ ਉਹਨਾਂ ਜਾਤੀ ਜੀਵਨ ਬਿਰਤਾਂਤ ਨਾਲ ਜੋੜਦੇ ਹਨ ਉਥੇ ਉਹਨਾਂ ਦਾ ਵਗਤੀਤਵ ਪੂਰਨ ਸ਼ਤਿਕਾਰ ਨਾਲ ਦਰਸਾਉਂਦੇ ਹਨ । ਚਰਿਤਰਾਂ ਦੇ ਆਰੰਭ ਵਿਚ ੧ਓ ਵਾਹਿਗੁਰੂ ਜੀ ਕੀ ਫਤਹਿ ਬੁਲਾਉਂਦੇ ਹਨ–ਸ੍ਰੀ ਭਗੌਤੀ ਏ ਨਮਹਿ ਲਿਖਕੇ ਭਗਵੰਤ ਨੂੰ ਸੀਸ ਨਿਵਾਉਂਦੇ ਹਨ, ਅਗੇ ਪਾਤਸ਼ਾਹੀ ੧੦ ਤੇ ਸ਼ੰਕੇ ਦੂਰ ਹੁੰਦੇ ਹਨ ਅਗੇ ਸਤੋਤ੍ ਪੜੋ–

ਤੂਹੀ ਖੜਗ ਧਾਰਾ ਤੂਹੀ ਬਾਢ ਬਾਰੀ ।
ਤੂਹੀ ਤੀਰ ਤਰਵਾਰ ਕਾਤੀ ਕਟਾਰੀ ।
ਹਸਬੀ ਜੁਨਬੀ ਮਗਰਬੀ ਤੂਹੀ ਹੈ ।
ਨਿਹਾਰੋ ਜਹਾਂ ਆਪ ਠਾਢੀ ਵਹੀ ਹੈ ।

ਆਦਿ ਸ੍ਰੀ ਦਸਮ ਗ੍ਰੰਥ ਦੇ ਨਿਰਣੇ ਦੇ ਨਿਰਣੇ ਵਿਚ ਦੇਖਿਆ ਜਾ ਸਕਦਾ ਹੈ ਅਤੇ ਸ੍ਰੀ ਦਸਮ ਗ੍ਰੰਥ ਦਰਪਣ ਤਕਣਾ ਵੀ ਜ਼ਰੂਰੀ ਹੈ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੋ ਆਹ ਕਥਨ ਹੈ ਕਿ–

ਪਰ ਤ੍ਰਿਆ ਰਾਵਣਿ ਜਾਹਿ
ਸੇਈ ਤਾ ਲਾਜੀ ਅਹਿ ।
ਨਿਤਾਪ੍ਰਤਿ ਹਿਰਹਿ ਪਰ ਦਰਬੁ
ਛਿਦ੍ ਕਤ ਢਾਕੀਅਹਿ ।
ਪੰ: ੧੩੬੨

ਜੋ ਮਹਾਂ ਪਾਪ ਹੈ ਫੇਰ ਇਹਦੀ ਸੋਝੀ ਨਵੀਨ ਖੂਨ ਤੇ ਕਿਵੇਂ ਫੈ ਕੀ ਜਾਇ ? ਜਿਸ ਤੋਂ ਮਾਤਾ ਪਿਤ੍ਰਾ ਆਪ ਹੀ ਅਨਜਾਣ ਹਨ, ਜੇ ਕੋਈ ਜਾਣਦਾ ਹੈ ਤਾਂ ਸਮਾਜਕ ਲੱਜਾ ਹਉਆ ਡਰਾਉਂਦਾ ਹੈ ਫੇਰ ਇਸ ਘੋਰ ਪਾਪ ਤੋਂ ਯੁਵਕਾਂ ਦੀ ਸਹਾਇਤਾ ਕੌਣ ਕਰੇ ਤਾਂ ਹੁਣ ਵੀ ਵਿਚਾਰਨ ਵਾਲੀ ਗਲ ਇਹ ਹੈ ਕਿ ਸਤਿਗੁਰੂ ਦੇ ਮਨੋਂ ਧਾਰਨ ਨਾਲ ਕੋਈ ਹੋਰ ਸਾਧਨ ਹੈ, ਜਿਹੜਾ ਇਸ ਮਰਜ ਦਾ ਇਲਾਜ ਕਰੇ । ਜਦ ਕਿ ਸਾਡੀ ਸਾਰੀਆਂ ਸਮਾਜਕ ਕ੍ਰਿਆਵਾਂ ਇਸ ਦੇ ਉਲਟ ਹੀ ਪ੍ਰਚਾਰ ਦਾ

Digitized by Panjab Digital Library | www.panjabdigilib.org

ਮਾਧਿਅਮ ਬਣਿਆ ਹੋਇਆ ਹੈ। ਜਿਸ ਨੂੰ ਪੂਰੇ ਸਤਿਗੁਰੂ ਗੁਰੂ ਗੋਬਿੰਦ ਸਿੰਘ ਨੇ ਲਜਿਆ ਦੇ ਸਾਰੇ ਟੰਕੇ ਤੋੜ ਕੇ ਤੇ ਪਰਦੇ ਲਾਹ ਕੇ ਕੌਮ ਵਿਚੋਂ ਇਸ ਮਹਾਂ ਪਾਪ ਨੂੰ ਨੰਗਾ ਕਰਕੇ ਉਸਦੇ ਸਾਰੇ ਪਰਦੇ ਫੋਲ ਕੇ ਅੰਦਰ ਦੇ ਨਤੀਜਿਆਂ ਦਾ ਸਬਕ ਦਿਤਾ ਹੈ ਤੇ ਇਸ ਕੁਟਲ ਗੰਢ ਨੂੰ ਖੋਲਿਆ ਤੇ ਫੋਲਿਆ ਹੈ ਸਾਨੂੰ ਮੱਤ ਤਦੇ ਆਏਗੀ ਜਦੋਂ ਅਸੀਂ ਇਸ ਕੁਟਲ ਗਠ ਨੂੰ ਫੋਲ ਕੇ ਸਭ ਕੁਝ ਆਪਣੀ ਅੱਖੀਂ ਤਕ ਲਵਾਂਗੇ।

ਤਬ ਇਹ ਮਤਿ ਜਉ ਸਭ ਮਹਿ ਪੇਖੈ
ਕੁਟਿਲ ਗਾਂਠਿ ਜਬ ਖੋਲੈ ਦੇਵ।
ਬਾਰੰਬਾਰ ਮਾਇਆ ਤੈ ਅਟਕੈ
ਲੈ ਨਤਜਾ ਮਨੁ ਤੋਲੈ ਦੇਵ।

ਪੰ: ੯੫੭--ਕਬੀਰ ਜੀ

ਭਾ: ਜਦੋਂ ਤਕੜੀ 'ਚ ਪਾ ਕੇ ਮਨ ਸਭ ਕੁਝ ਤੋਲ ਲਏਗਾ, ਤਾਂ ਹੀ ਇਸਦੀ ਤਸੱਲੀ ਹੋਵੇਗੀ।

(੩੬) ਕਿਰਪਾਲ ਨ ਭੀਜਤ ਲਾਂਡ ਕਟਾਏ--ਅਜੀਤ ਅਖਬਾਰ 'ਚ ਲੇਖ ਛਪਿਆ ਜਿਸ ਦਾ ਹਵਾਲਾ ਪਿਛੇ ਦਿਤਾ ਜਾ ਚੁਕਾ ਹੈ, ਉਸ ਦੇ ਅੰਤ ਵਿਚ ਇਹ ਵੀ ਉਟੰਕਣ ਆਇਆ ਸੀ (ਕਰਪਾਲ ਨ ਭੀਜਤ ਕਟਏ) ਭਾਵ ਵਿਚੋਂ ਦੋ ਅਖਰ ਹੀ ਕਟ ਦਿਤੇ। ਕੀ ਇਹ ਅਪਰਾਧ ਬਾਬਾ ਰਾਮ ਰਾਇ ਜੀ ਨਾਲੋਂ ਅਲਪ ਹੈ ਨਹੀਂ ਸਗੋਂ ਤੁਲ ਹੈ, ਕਿਉਂਕਿ ਬਾਬਾ ਰਾਮ ਰਾਇ ਜੀ ਨੂੰ ਇਹ ਖਿਆਲ ਤਕ ਨਹੀਂ ਸੀ ਕਿ ਮੇਰੇ ਇਹ ਦੋ ਤਿੰਨ ਅਖਰ ਬਦਲ ਦੇਣ ਨਾਲ ਪਿਤਾ ਗੁਰਦੇਵ ਬੁਰਾ ਮਹਿਸੂਸ ਕਰਨਗੇ। ਉਸਨੇ ਤਾਂ ਇਕ ਸਹਿਵਨ ਗਲ ਸਮਝਕੇ ਕੋਈ ਹਰਫ ਕਟਿਆ ਨਹੀਂ ਸਗੋਂ ਬਦਲੇ ਹੀ ਸਨ ਪਰ ਇਥੇ ਤਾਂ ਹੁਣ ਕੱਟਣ ਦਾ ਵੀ ਹੌਸਲਾ ਕੀਤਾ ਗਿਆ ਹੈ ਜਦ ਕਿ ਬਾਬਾ ਰਾਮ ਰਾਇ ਵਾਲੀ ਸਾਖੀ ਸਾਹਮਣੇ ਬਿਜਲੀ ਦੇ ਲਾਟੂ ਵਾਂਗ ਜਗਮਗ ਕਰਦੀ ਦਿਸ ਰਹੀ ਹੈ। ਜੇ ਅਸੀਂ ਸ੍ਰੀ ਗੁਰੂ ਅਰਜਨ ਦੇਵ ਦੀ ਪ੍ਰਵਾਨ ਕੀਤੀ ਸੰਤਾਂ ਭਗਤਾਂ ਦੀ ਬਾਣੀ ਵਿਚੋਂ ਵੀ ਇਕ ਲਗ ਮਾਤ੍ਰ ਨਹੀਂ ਬਦਲ ਸਕਦੇ ਤਾਂ ਸ੍ਰੀ ਸਤਿਗੁਰੂ ਗੁਰ ਗੋਬਿੰਦ ਰੂਪਸ੍ਰੀ ਦਸਮੇਸ਼ ਪਾਤਸ਼ਾਹ ਦੀ ਬਾਣੀ ਵਿਚੋਂ ਕਿਵੇਂ ਦੋ ਅਖਰ ਕਟੇ ਅਤੇ ਜਾਣ ਬੁਝ ਕੇ ਲਿਖ ਸਕਦੇ ਹਾਂ। ਕੀ ਇਹ ਗੁਰਬਾਣੀ ਸ੍ਰੀ ਦਸਮੇਸ਼ ਬਾਣੀ ਦੀ ਨਿਰਾਦਰੀ ਨਹੀਂ ਜਾਂ ਅਚਲਦਾ ਹੈ ਇਹ ਸ੍ਰੀ ਦਸਮੇਸ਼ ਜੀ ਦੀ ਮਾਨ ਹਾਨੀ ਨਹੀਂ ? ਜ਼ਦ ਕਿ ਅਖਬਾਰਾਂ ਰਸਾਲਿਆਂ ਵਿਚ ਅਨ ਓੜਕਾ ਗੰਦ ਮੰਦ ਭਰਿਆ ਹੋਇਆ ਨਿਤ ਛਪਦਾਹੈ ਜਿਸਨੂੰ ਲਖਾਂ ਹੀ ਯੁਵਕ ਯੁਵਤੀਆਂ ਚਾਈਂ ਚਾਈਂ ਪੜ੍ਹਦੇ ਤੇ ਪੜ੍ਹ ਕੇ ਰਸਾਤਲ ਦਾ ਟਿਕਟ ਲੈਂਦੇ ਤਕੀਂਦੇ ਨੇ। ਜਿਨ੍ਹਾਂ ਦਾ ਸਦਕਾ ਅਜ ਸਾਡੇ ਸਮਾਜ ਦੀ ਚੂਲ ਢਿਲੀ ਤੇ ਟੇਢੀ ਹੋ ਕੇ ਕਾਬੂ ਤੋਂ ਬਾਹਰ ਹੁੰਦੀ ਜਾ ਰਹੀ ਹੈ। ਮਸਾਲ ਦੇ ਤੌਰ ਪਰ ਵੰਨਗੀ ਮਾਤ੍ਰ ਦੇਖੋ ਟ੍ਰਿਬਿਊਨ ੮ ਜੁਲਾਈ ੧੯੮੯ ਲੇਖ ਕਥਾ ਕਹਾਣੀ।

ਯੁਵਕ--ਬਨੀਤਾ ਦਾ ਵਿਸ਼ਵ ਨਾਥ ਨਾਲ ਵਿਆਹ ਹੋ ਜਾਂਦਾ ਹੈ ਜਿਸ ਦਾ ਸੌਹਰਾ ਜੂਏ ਦਾ ਆਦੀ ਸੀ ਤਿੰਨ ਦਿਨ ਹੋ ਗਏ ਉਹ ਪੀ--ਪੂ ਕੇ ਆਪਣੀ ਪ੍ਰਮੁਖ ਖੇਡ ਵਿਚ ਮਸਤ ਅਤੇ ਘਰ ਤੋਂ ਗਾਇਬ ਸੀ। ਘਰ ਵਿਚ ਦੋਵੇਂ ਨਵ ਵਿਆਹੇ ਜੁਟ ਨੇ ਖੂਬ ਮੀਟ ਮਾਸ ਛਕਿਆ ਤੇ ਰਜ ਕੇ ਪੀਤੀ ਤੇ ਫੁਰਨਿਆਂ ਦੀ ਲੜੀ ਤੁਰ ਪਈ ਦੋਨਾਂ ਦੇ ਆਪੋ ਵਿਚ ਸਵਾਲ ਜੁਆਬ ਹੁੰਦੇ ਨੇ, ਵਿਸ਼ਵ ਨਾਥ ਪੁਛਦਾ ਹੈ ਕਿ ਤੂੰ ਅਜ ਤਕ ਕਿੰਨਿਆਂ ਮੁੰਡਿਆਂ ਨਾਲ ਪਿਆਰ ਕੀਤਾ ਹੈ ? ਉਧਰੋਂ ਵਨੀਤਾ ਪੁਛਦੀ ਹੈ ਕਿ ਤੁਸੀਂ ਦਸੋ ਕਿੰਨੀਆਂ ਕੁੜੀਆਂ ਨਾਲ ਪਿਆਰ ਕੀਤਾ ਹੈ। ਉਤਰ ਵਿਚ ਵਿਸ਼ਵ ਨਾਥ ਕਹਿੰਦਾ ਹੈ ਕਿ ਤਿੰਨਾਂ ਨਾਲ । ਇਸ ਕਹਾਣੀ ਨੂੰ ਇਥੇ ਬਹੁਤਾ ਤੁਲ ਵਿਚ ਲਿਖਣ ਦੀ ਲੋੜ ਨਹੀਂ। ਪਰ ਇਸ ਕਹਾਣੀ ਤੋਂ ਇਹ ਜ਼ਰੂਰ ਸਿਧ ਹੋ ਜਾਂਦਾ ਹੈ ਕਿ ਦੋ ਤਿੰਨ ਕੁੜੀਆਂ ਜਾਂ ਦੋ ਤਿੰਨ ਮੁੰਡਿਆਂ ਨਾਲ ਪਿਆਰ ਕਰਨ ਨਾਲ ਸਮਾਜ ਦਾ ਕੁਝ ਨਹੀਂ ਵਿਗੜਦਾ, ਇਹ ਕੋਈ ਥਿਵਚਾਰ ਨਹੀਂ ਸਗੋਂ ਪਿਆਰ ਹੈ।

ਅਗੇ ਚਲ ਕੇ ਵਿਸ਼ਵ ਨਾਥ ਪੁਛਦਾ ਹੈ ਕੀ ਤੇਰਾ ਰਿਸ਼ਤੇਦਾਰ ਨਾਲ ਵੀ ਕਿਸੇ ਨਾਲ ਕੋਈ ਸੰਪਰਕ ਨਹੀਂ ਹੋਇਆ। ਉਤਰ--ਨਹੀਂ, ਸਹੇਲੀਆਂ ਦੇ ਘਰ ਤਾਂ ਆਉਂਦੀ ਜਾਂਦੀ ਹੀ ਹੋਵੇਗੀ ? ਹਾਂ ਆਉਂਦੀ ਜਾਂਦੀ ਸੀ, ਕੀ ਫੇਰ ਉਹਨਾਂ ਦੇ ਭਰਾ ਨਹੀਂ ਸਨ। ਉਤਰ ਸਨ ਕਿਉਂ ਨਹੀਂ ਸਨ, ਕੀ ਫੇਰ ਤੇਰੇ ਨਾਲ ਗਲ ਬਾਤ ਨਹੀਂ ਸੀ ਹੁੰਦੀ ਉਹਨਾਂ ਦੀ। ਮੇਰੇ ਨਾਲ ਕਿਉਂ ਗਲ ਹੋਵੇਗੀ, ਕਿਉਂ ਦਾ ਸਵਾਲ ਏ ਅਜ ਕਲ ਤਾਂ ਸਭ ਚਲਦਾ ਹੈ, ਸਗੋਂ ਅਜ ਕਲ ਤਾਂ ਲੜਕੀਆਂ ਖੁਦ ਆਪਣੇ

Digitized by Panjab Digital Library | www.panjabdigilib.org

ਭਰਾਵਾਂ ਲਈ ਪ੍ਰੇਮਕਾਵਾਂ ਲਭਦੀਆਂ ਹਨ ਤਾਂ ਕਿ ਉਨ੍ਹਾਂ ਨੂੰ ਖੁਲ੍ਹ ਮਿਲ ਸਕੇ । ਉਤਰ--ਮੇਰੀਆਂ ਸਹੇਲੀਆਂ ਅਜਿਹੀਆਂ ਨਹੀਂ ਸਨ । ਤਾਂ ਕਦੀ ਤੇਰਾ ਕਿਸੇ ਨਾਲ ਸੰਪਰਕ ਨਹੀਂ ਰਿਹਾ? ਉਤਰ--ਨਹੀਂ, ਬੜੀ ਬਦਕਿਸਮਤ ਏਂ ਤੂੰ । ਉਤਰ--ਕਿਉਂ ?

ਪਿਆਰ ਵਿਚ ਕੀ ਅਨੰਦ ਹੁੰਦਾ ਹੈ ਇਹ ਤਾਂ ਕਰਨ ਵਾਲਾ ਹੀ ਜਾਣਦਾ ਹੈ ਜਾਂ ਫੇਰ ਉਹ ਜਿਸ ਨੂੰ ਪਿਆਰ ਕੀਤਾ ਗਿਆ ਹੋਵੇ ।

ਕੀ ਇਸ ਨੂੰ ਨੇਕ ਸਿਖਿਆ ਕਹੋਗੇ ? ਜੇ ਸਾਰੀ ਕਥਾ ਕਹਾਣੀ ਲਿਖੀ ਜਾਏ ਤਾਂ ਆਚਰਣਕ ਪੁਰਸ਼ ਤਾਂ ਚੁੱਪ ਹੀ ਹੋ ਕੇ ਰਹਿ ਜਾਣ ।

ਜਿਸ ਪ੍ਰਚਾਰ ਦਾ ਅਸਰ ਨਵੇਂ ਜਜ਼ਬਾਤੀ ਖ਼ੂਨ ਦੇ ਪੈਨਸਲੀਨ ਨਾਲੋਂ ਵੀ ਝਟਕੇ ਹੁੰਦਾ ਹੈ--ਇਕ ਹੋਰ ਕਥਾ ਵਿਚ ਕੁਆਰੀ ਲੜਕੀ ਨੂੰ ਹਸਪਤਾਲ ਵਿਚ ਜਾਕੇ ਪੁਤ੍ਰ ਜਨਮ ਲੈਂਦਾ ਹੈ, ਪ੍ਰਵਾਰ ਉਸਨੂੰ ਗੁਆ ਦੇਣਾ ਚਾਹੁੰਦਾ ਹੈ ਪਰ ਬੱਚੇ ਦੀ ਮਾਂ ਨੇ ਉਸਨੂੰ ਸੰਭਾਲਦਿਆਂ ਕਿਹਾ ਸੀ ਕਿ ਮੈਂ ਇਸ ਚੰਨ ਜਿਹੇ ਬਚੇ ਨੂੰ ਸੰਭਾਲਾਂਗੀ ਤੇ ਪਾਲਾਂਗੀ । ਇਹ ਕੋਈ ਹਰਾਮ ਦਾ ਨਹੀਂ ਜੋ ਮੇਰੀ ਮਰਜੀ ਤੋਂ ਬਿਨਾਂ ਥੋੜਾ ਹੀ ਆਇਆ ਏ, ਇਹ ਤਾਂ ਮੇਰਾ ਲਾਲ ਹੈ, ਪਰ ਉਹ ਪਿਆਰ ਕਰਨ ਵਾਲਾ ਸਜਨ ਕਿਸੇ ਗਲੋਂ ਲਰਾਜ ਹੋਕੇ ਕਿਧਰੇ ਗਾਇਬ ਹੋ ਜਾਂਦਾ ਹੈ ਹੁਣ ਬਚੇ ਦੇ ਬਾਪ ਦਾ ਨਾਂ ਕੀ ਲਿਖਾਇਆ ਜਾਵੇ ਜੋ ਗ੍ਰਹਸਥ ਸਿਖਿਆ ਦੀ ਅਨ-ਹੋਣ ਦੇ ਕਾਰਣ ਐਸਾ ਹੋ ਰਿਹਾ ਹੈ, ਬਿਨਾ ਭਲੇ ਬੁਰੇ ਕਰਤਵਾਂ ਦੇ ਨਤੀਜੇ ਦਸਿਆ ਅਲੜ ਅਵਸਥਾ ਕਿਵੇਂ ਪੱਕ ਸਕਦੀ ਹੈ, ਸੇਕ ਤੋਂ ਬਿਨਾਂ ਮਿਟੀ ਦੇ ਬਰਤਨ ਕਿਵੇਂ ਪਾਣੀ ਦੀ ਮਾਰ ਝੱਲ ਸਕਦੇ ਨੇ ?

ਸੰਨ ੧੯੪੭ ਤਕ ਹਿੰਦੋਸਤਾਨ ਵਿਚ ਬੇਸਵਾਵਾਂ ਦਾ ਕਾਫੀ ਦਬ-ਦਬਾ ਜੀ ਜਿਨ੍ਹਾਂ ਦਾ ਸਦਕਾ ਅਸੀਂ ਆਪ ਤੱਕੇ ਨੇ ਕਿ ਕਿਤਨੇ ਨਿਚਲੇ ਉਤਲੇ ਵਰਗਾਂ ਦੇ ਵਿਯਕਤੀ ਆਤਸ਼ਕ ਆਦਿ ਵਰਗੀਆਂ ਘਿਰਣਤ ਬੀਮਾਰੀਆਂ ਦੇ ਭੈੜੇ ਅਸਰ ਦੇ ਸ਼ਿਕਾਰ ਸਨ । ਜਦੋਂ ਦੀਆਂ ਉਹ ਵੇਸਵਾਵਾਂ ਪਾਕਸਤਾਨ ਤੁਰ ਗਈਆਂ ਨੇ, ਉਹ ਰੋਗ ਵੀ ਉਹਨਾਂ ਦੇ ਨਾਲ ਹੀ ਤੁਰ ਗਏ ਨੇ ਤੇ ਦੇਸ ਸੁਖੀ ਹੋ ਗਿਆ ਅਜ ਕੋਈ ਵੀ ਮਰੀਜ਼ ਆਤਸਕ ਦਾ ਪੀੜਤ ਨਹੀਂ ਦਿਸਦਾ । ਪਰ-ਜੇਹੜਾ ਅਜ ਦਾ ਮਾਹੌਲ ਸਾਡੀ ਨਵ-ਪੀੜੀ ਇਸ ਨਾਕਸ ਪ੍ਰਚਾਰ ਅਤੇ ਖੰਡ ਲਪੇਟੀ ਸੰਖੀਯੇ ਦੇ ਕੈਪਸੂਲ ਖਾ ਰਿਹਾ ਹੈ ਇਸ ਤੋਂ ਕਿਵੇਂ ਬਚਿਆ ਜਾ ਸਕਦਾ ਹੈ ? ਬੈਂਕਾਂ ਦੀ ਖਬਰ ਹੈ ਕਿ ਉਥੇ ਮੁਟਿਆਰਾਂ, ਵੇਸਵਾਂਵਾਂ ਦੀ ਲੈਨ ਵਿਚ ਤੁਰੀਆਂ ਜਾ ਰਹੀਆਂ ਹਨ ਜਿਸ ਕਾਫਲੇ ਦੀ ਤਾਅਦਾਦ ੭ ਸਤ ਲਖ ਲਿਖੀ ਹੈ, ਅਤੇ ੨ ਲਖ ਮਰਦ ਵੀ ਬੇਸਵਾਂਵਾਂ ਦਾ ਧੰਧਾ ਕਰਨ ਤੇ ਤੁਲ ਗਏ ਨੇ । ਜਿਸ ਸੰਦ੍ਰਵ ਵਿਚ ਉਥੇ ਦੇ ਡਾਕਟਰ (ਏਡਜ) ਦੀ ਮਰਜ ਦੇ ਖਤਰੇ ਨੂੰ ਭਾਂਫ ਕੇ ਕੰਬ ਰਹੇ ਹਨ ਤੇ ਜਿਹੜੇ ਬੰਧਕ, ਪ੍ਰਹੇਜ, ਸੰਜਮ ਸਾਡੇ ਪ੍ਰਮੁਖ ਪੁਰਸਾਂ ਨੇ ਨੀਯਮ ਬਧ ਕੀਤੇ ਸਨ ਉਹ ਸਭ ਦੇ ਸਭ ਸਮਾਜ ਦੀ ਭਲਾਈ ਲਈ ਹੀ ਯੋਜਤ ਕੀਤੇ ਸਨ, ਉਹਨਾਂ ਨੂੰ ਭੰਨ ਤੋੜਕੇ ਅਨੀਯਮ ਹੋਣਾ ਕੰਬਖਤੀ ਦੇ ਖਤਰੇ ਦੀ ਘੰਟੀ ਹੈ ਜੋ ਕਿਸੇ ਵੇਲੇ ਵੀ ਕੰਬਖਤੀ ਦਾ ਪਰਦਾ ਲਾਹੇਗੀ, ਜੋ ਅਜ ਦੂਜੇ ਦੇਸ ਵਿਚ ਹੋ ਰਿਹਾ ਹੈ ਉਹ ਕਲ ਆਪਣੇ ਨਾਲ ਵੀ ਵਾਪਰ ਸਕਦੀ ਹੈ, ਗੁਆਂਢੀ ਦੀ ਲਗੀ ਅੱਗ ਕੋਲੋਂ ਆਪਣਾ ਘਰ ਵੀ ਬਚਾਉਣਾ ਨਿਰੰਤ੍ਰ ਮੁਸ਼ਕਲ ਹੁੰਦਾ ਹੈ । ਜਿਹੜੇ ਸਾਡੀਆਂ ਹੀ ਵੋਟਾਂ ਲੈਕੇ ਦੇਸ ਦੀ ਵਾਗ ਡੋਰ ਹਥ ਲੈਂਦੇ ਨੇ ਉਹ ਵੀ ਇਸ ਸਿਖਿਯਾ ਤੇ ਨਰੰਤਰ ਕੋਰੇ ਹੋਣ ਕਰਕੇ ਵਧਾਇਕ ਹੋਣ ਉਪ੍ਰੰਤ ਵਧੀਕ ਆਸ਼ਕ ਪੁਣੇ ਦਾ ਰੁਖ ਫੜ ਲੈਂਦੇ ਨੇ ਭਾਂਵੇਂ ਵੋਟਾਂ ਵੇਲੇ ਉਹ ਆਪ ਨੂੰ ਹਰ ਪਹਿਲੂ ਤੋਂ ਦੁਧ-ਧੋਤੇ ਹੋਕੇ ਦਿਸਦੇ ਨੇ । ਕਵੀ ਸ਼ਰਨ ਜੀਤ ਸਿੰਘ ਜੀ ਠੀਕ ਹੀ ਲਿਖਦੇ ਨੇ–

ਝੂਠ ਅਤੇ ਫਰੇਬ ਦੀ ਲਾ ਐਨਕ
ਭ੍ਰਿਸਟਾਚਾਰਦਾ ਪਹਿਨਕੇ ਕੋਟਤੁਰ ਪਏ ।
ਕਿਤੇ ਫੁਲੀਆਂ ਤੇ ਕਿਤੇ ਪਤਾਸਿਆਂ ਦਾ
ਘਰੋਂ ਸੁੱਖਣ ਪ੍ਰਸਾਦ ਤੇ ਰੋਟ ਤੁਰ ਪਏ ।
ਮੂੰਹ ਵਿਚ ਲੈ ਤੀਲਾ ਗਲ ਵਿਚ ਪਾ ਪੱਲਾ
ਸਾਡੇ ਨੇਤਾਜੀ ਮੰਗਣ ਹੁਣ ਵੋਟ ਤੁਰ ਪਏ ।
ਕਹਿੰਦੇ ਚੋਣ ਮੈਦਾਨ ਹੈ ਭਖਣ ਲਗਾ
ਘੋਲ ਘੁਲਣਲਈ ਬੰਨਲੰਗੋਟ ਤੁਰ ਤਏ ।

ਮੋਢੇ ਧਰੀ ਕੰਬਲੀ ਤੇ ਦਰਵੇਸਾਂ ਵੀ ਸੂਰਤ ਤਕਕੇ ਸਿਕੇ ਵੀ ਤੋਲੇ ਗਏ ਤੇ ਵੋਟਾਂ ਵੀ ਪ੍ਰਾਪਤੀ ਹੋ ਗਈਆਂ ਤੇ ਵਤਨ ਮੁਖੀ ਦੇਸ ਕੌਮ ਦੀ ਨਯਾ ਦੇ ਮਲਾਹ ਵੀ ਥਾਪੇ ਗਏ ।

ਹੁਣ ਜਿਥੇ ਵੀ ਜਾਣਾ ਹੈ ਤਾਂ ਸਵਾਗਤੀ ਗੇਟਾਂ ਦੇ ਨਾਲ ਜਲਸੇ ਭੰ ੜੇ ਤੇ ਲੋਕ ਗੀਤ ਗੌਣ ਵਾਲੀਆਂ ਅਤੇ

Digitized by Panjab Digital Library | www.panjabdigilib.org

ਕੁੜੀਆਂ ਦਾ ਗਿਧਾ ਤੇ ਨਾਚ ਵੀ ਜਰੂਰੀ ਹੈ ਸੁੰਦਰ ਕੁੜੀਆਂ ਦੇ ਜੋਬਨ ਤੇ ਸੁੰਦਰਤਾ ਪ੍ਰਖਣ ਦਾ ਲੈਸੰਸ ਆਪਣੇ ਆਪ ਵਜੂਦ ਵਿਚ ਆ ਗਿਆ, ਕਿਤਨੀ ਹੈਰਾਨੀ ਜਨਕ ਗੱਲ ਹੈ ਇਹ ਕਿ ਨੌਜੁਆਨ ਕੁੜੀਆਂ ਨੂੰ ਨੰਗੀਆਂ ਕਰਕੇ ਉਹਨਾਂਦੇਜਿਸਮ ਨੂੰ ਪ੍ਰਖਣਦੇਬਹਾਨੇ ਕੋਝਾ ਤੇ ਘਿਰਣਤ ਕੰਮ ਕੀਤਾ ਜਾਂਦਾ ਹੈ ਇਹ। ਮਾਤਾ ਦਰੋਪਤੀ ਦੇ ਨਗਨ ਢਕਣ ਲਈ ਕੁਦਰਤ ਨੂੰ ਹਰਕਤ ਵਿਚ ਆਉਣਾ ਪਿਆ ਸੀ-ਪਰ ਐਥੇ ਸਰੇ ਆਮ ਭਰੀਮਹਫਲ ਵਿਚ ਚਿਟੇ 'ਸਰੀ' ਜਾਕੇ ਧੀਆਂ ਤੇ ਪੋਤੀਆਂ ਜਿਹੀ ਯੁਬਕਾ ਨੂੰ ਨੰਗੀਆਂ ਕਰਕੇ ਉਹਨਾਂ ਦੇ ਜਿਸਮ ਪਰਖਕੇ ਨੇਤ੍ਰ ਤੱਤੇ ਕੀਤੇ ਜਾਂਦੇ ਨੇ। ਬੇਸਵਾ ਨੂੰ ਤਾਂ ਸਿਧਾ ਲਾਲਚ ਦੇਕੇ ਉਸਦਾ ਨੰਗ ਤਕਿਆ ਜਾਂਦਾ ਹੈ ਪਰ ਇਹਨਾਂ ਲੜਕੀਆਂ ਨੂੰ ਟੇਢਾ ਲਾਲਚ-ਜਿਸ ਨੂੰ ਪੁਰਸਕਾਰ ਕਿਹਾ ਜਾਂਦਾ ਹੈ ਉਸਦੇ ਦੇਣ ਦੇ ਝਾਂਸੇ ਵਿਚ ਲੜਕੀਆਂਦੇ ਜਿਸਮਦਾ ਲਾਇਟਰੀ ਸਿਸਟਮ ਵਾਪਾਰ ਹੋ ਰਿਹਾ ਹੈ। ਪੁਰਸ਼ਕਾਰ ਤਾਂ ਇਕ ਜਾਂ ਦੋ ਨੂੰ ਹੀ ਦਿਤਾ ਜਾਇਗਾ ਪਰ ਇਸ ਲਾਲਚ ਨਾਲ ਕਿਨੀਆਂ ਯੁਬਤੀਆਂ ਆਕੇ ਆਪਣੇ ਜਿਸਮ ਦੀ ਪ੍ਰਦਰਸਨੀ ਕਰਦੀਆਂ ਹਨ। ਜਦ ਕਿ ਪੰਚਮ ਸਤਿਗੁਰ ਨਾਨਕ ਦਾ ਆਦੇਸ ਹੈ--

ਮਿਥਿਆ ਨੇਤ੍ਰ ਪੇਖਤ ਪਰਤ੍ਰਿਆ ਰੂਪਾਦ। ੫-੫।

ਜਦ ਕਿ ਗੁਰਬਾਣੀ ਤੋਂ ਬਿਨਾਂ ਇਸਤ੍ਰੀ ਰਾਗ ਸੁਣਨਾ ਵੀ ਰਹਿਤ ਨਾਮਿਆਂ ਵਿਚ ਬਿਵਰਜਤ ਹੈ। ਜਿਨ੍ਹਾਂ ਨੂੰ ਵਿਸ਼ਵ ਸੁੰਦਰੀ ਘੋਸਤ ਕੀਤਾ ਵੀ ਗਿਆ--ਉਸਨੂੰ ਇਹ ਮਾਣ ਨਹੀਂ ਹੋਵੇਗਾ ਕਿ ਮੇਰੇ ਜਿਹਾ ਜਗਤ ਵਿਚ ਹੋਰ ਕੋਈ ਜੋਬਨ ਵੰਤ ਨਹੀਂ,ਅੰਗਤ ਤਾਂ ਉਸਦਾ ਮਾੜਾ ਹੀ ਹੈ-ਜਦ ਕਿ ਗੁਰਬਾਣੀ ਦਾ ਫਰਮਾਨ ਹੈ।

ਜੋ ਜਾਨੈ ਮੈ ਜੋਬਨ ਵੰਤ।
ਸੋਹੋਵਤ ਬਿਸਟਾਕਾ ਜੰਤੁ ।੧।੯।
ਰਾਜੁ ਮਾਲੁ ਰੂਪੁ ਜੋਬਨ ਪੰਜੇ ਠਗ ।
ਏਕ ਠਗੀਜਗ ਠਗਿਆ ਕਿਨੈ ਨਰਖੀ ਲਜ ।

ਪੰ: ੧੨੮੮ । ਮ: ੧ ।

ਪਰ ਜੇ ਇਹ ਰਸਮ ਪੂਰੀ ਕਰੇ ਬਿਨਾਂ ਸਰਦਾ ਹੀ ਨਹੀਂ ਤਾਂ ਇਸ ਚੋਣ ਵਿਚ ਇਸਤ੍ਰੀਆਂ ਵੀ ਤਾਂ ਆ ਸਕਦੀਆਂ ਹਨ। ਇਸ ਪਾਸੇ ਕਿਸੇ ਪ੍ਰਿੰਸੀਪਲ ਜਾਂ ਪ੍ਰੋਫੈਸਰ ਅਥਵਾ ਡਾਕਟਰ ਨੂੰ ਕੋਈ ਨਿਰਮਲ ਫੁਰਦਾ, ਉਹਨਾਂ ਨੂੰ ਸ੍ਰੀ ਗ੍ਰੰਥ ਸਾਹਿਬ ਬਹੁਤਾ ਚੁਭਦਾ ਹੈ ਜਿਸ ਵਿਚ ਇਹਨਾਂ ਫੁਲਝੜੀਆਂ ਦੀ ਰੋਸਨੀ ਵਿਖਾਕੇ ਇਹਨਾਂ ਤੋਂ ਅੰਗ ਸਤ-ਦੇ ਦਸੇ ਹਨ ਤੇ ਇਸ ਸੇਕ ਤੋਂ ਬਚਨ ਦਾ ਆਦੇਸ ਹੀ ਨਹੀਂ ਦਿਤਾ ਸਗੋਂ ਪੂਰੀ-ਪੂਰੀ ਰੋਕ ਲਗਾਈ ਹੈ ਅਤੇ ਗਿਆਨ ਦੀ ਕੁੰਡੀ ਪਾਕੇ ਸਾਰੀਆਂ ਇੰਦ੍ਰੀਆਂ ਨੂੰ ਕਾਬੂ ਰਖਣ ਦਾ ਢੰਗ ਦਸਿਆ ਹੈ। ਜਿਨ੍ਹਾਂ ਨੇ ਇਸ ਗਿਆਨ ਨੂੰ ਸਮਝ ਲਿਆ ਉਹਨਾਂ ਦੀਆਂ ਇੰਦ੍ਰੀਆਂ ਖਿਚੋ ਤਾੜ ਛਡਕੇ ਪਿੰਜਰੇ ਵਿਚ ਪਾਏ ਤੋਤੇ ਵਾਂਗ ਬੇ-ਬਸ ਹੋਕੇ ਬੈਠ ਜਾਂਦੀਆਂ ਹਨ--

ਗੁਰਿ ਭਉਜਲੁ ਪਾਰਿ
ਲੰਘਾਇਆ ਜਿਤਾ ਪਾਵਾੜਾ।
ਗੁਰਮਤੀ ਸਭ ਰਸ
ਭੋਗਦਾ ਵਡਾ ਅਖਾੜਾ।
ਸਭਿ ਇੰਦ੍ਰੀਆਂ ਵਸਿ ਕਰੀ
ਦਿਤੀਓਨ ਸਤਵੰਤਾ ਸਾੜਾ।
ਜਿਤੁ ਲਾਈਅਨਿ ਤਿਤੈ
ਲਗਦੀਆਂ ਨਹ ਖਿੰਜੋ ਤਾੜਾ।

ਪੰ: ੧੦੬੭-੬੮ । ਮ: ੫ ।

ਧਾਵਉ ਦਿਸਾ ਅਨੇਕ
ਪ੍ਰੇਮ ਪ੍ਰਭ ਕਾਰਣ।
ਪੰਚ ਸਤਾਵਹਿ ਦੂਤ
ਕਵਨ ਬਿਧਿ ਮਾਰਣੇ।
ਭੀਖਣ ਬਾਣ ਚਲਾਇ
ਨਾਮੁ ਪ੍ਰਭ ਧਾਈਐ ।
ਹਰਿਹਾਂ ਮਹਾਂ ਬਿਖਾਦੀ ਘਾਤ
ਪੂਰਨ ਗੁਰੁ ਪਾਈਐ ।੧੬।ਪੰ: ੧੩੬੩।ਮ:੫

ਦੇਖੋ ਇਸ ਲਈ ਸ੍ਰੀ ਦਸਮ ਗ੍ਰੰਥ ਸਾਹਿਬ ਪੰ: ੮੩੮ ਚਰਿਤ੍ਰ ਨੂੰ ੨੧ ਨੂਪ ਕੁਆਰਿ ਨਿਰਨੇ ਦਾ ਨਿਰਨਾ ਪੰ: ੧੬੩। ਅਗੇ ਪੰ: ੨੩੪ ਤੇ ਸਲੀਖਾਂ ਤੇ ਯੂਨਫ। ਗੁਰ ਦੇਵ ਨੇ ਕਿਸ ਅਨੋਖੇ ਢੰਗ ਨਾਲ ਬਿਵਚਾਰ ਦਾ ਖਾਤਮਾ ਕੀਤਾ ਹੈ। ਸਿੰਗੀ ਜਿਹੇ ਰਿਸੀ ਕਾਮ ਦੇ ਜਾਲ ਵਿਚ ਅੜਦੇ ਦਿਖਾਏ ਹਨ ਅਤੇ ਯੂਨਫ ਕਿਵੈਂ ਸਲੀਖਾਂ ਨੂੰ ਕਾਮ ਦਾ ਵੇਗ ਰੋਕਣ ਲਈ ਗਿਆਨ ਕਵਾੜ ਲਾਉਣ ਲਈ ਸਮਝਾਉਂਦਾ ਹੈ। ਮੂਰਤੀ ਪੂਜਾ ਖੰਡਨ ਲਈ ਦੇਖੋ ਪੰ: ੧੧੬੮ ਚਰਿਤ੍ਰ ਨੰ: ੧੬੬। ਨਿਰਨੇ ਦਾ ਨਿਰਨਾ ਪੰ: ੨੩੮। ਪਾਖਿਆਨ ਚਰਿਤ੍ਰਾਂ ਵਿਚ ਇਹੋ ਜਿਹਾ ਕੋਈ ਵੀ ਚਰਿਤ੍ਰ ਨਹੀਂ ਜਿਸ ਵਿਚ ਆਧੁਨਕ ਕਿਸੇ ਕਿਸਮ ਦਾ

Digitized by Panjab Digital Library | www.panjabdigilib.org

ਕੋਈ ਸਿਖਯਾ ਨਾਂ ਹੋਵੇ ਜਾਂ ਭਲੇ ਬੁਰੇ ਸਿਟੇ ਨਾਂ ਯੋਜਤ ਹੋਣ । ਦੂਰ ਦ੍ਰਿਸ਼ਟੀ ਦੇ ਯੁਗ ਪੁਰਸ਼ ਸ੍ਰੀ ਦਸਮੇਸ਼ ਪਾਤਸ਼ਾਹ ਨੇ ਆਰ੍ਹੁਣ ਵਾਲੇ ਖਤਰਿਆਂ ਦੀ ਥਾਮ ਲਈ ਅਗਾਊ ਦਸਮ ਗ੍ਰੰਥ ਦੀ ਰਚਨਾ ਕਰਕੇ ਪਾਖਿਯਾਨ ਜਿਹੇ ਪ੍ਰਮਾਹ ਆਪਣੇ ਪਤਾ ਨਹੀਂ ਕਿਸ ਬੁਧੀ ਬਲ ਦਾ ਸਦਕਾ ਇਕਤ੍ਰ ਕਰਕੇ ਲਿਖ ਦਿਤੇ ਪਰ ਅਜ ਸਾਡੇ ਅਗੇ ਉਹ ਸਾਧਨ ਉਪਲਵਧ ਹੋਕੇ ਅਗੇ ਆ ਗਏ ਨੇ ਜਿਨ੍ਹਾਂ ਨੂੰ ਮਿਟੀ ਦੇ ਬੰਨ ਨੇ ਤਾਂ ਕੀ ਰੋਕ ਪਾਉਣੀ ਸੀ ਗੁਰਬਾਣੀ ਜਿਹੇ ਪੱਥਰ ਬੰਧ ਵੀ ਅਲੋਚਕਾਂ ਨੇ ਵੇ ਅਰਥ ਕਰ ਦਿਤੇ ਹਨ । ਬਿਨਾਂ ਕਿਸੇ ਦ੍ਰਿਸ਼ਟਾਂਤ ਤੋਂ ਕੋਈ ਵੀ ਸਿਖਯਾ ਕਾਰਗਰ ਨਹੀਂ ।

ਇਕ ਸਾਧੂ ਮਹਾਨ ਹਸਤੀ ਦੇ ਡੇਰੇ ਜਿਥੇ ਰਾਤ ਦਿਨ ਨਾਮ ਲੰਗਰ ਚਲ ਰਿਹਾ ਸੀ ਉਥੇ ਅੰਨ ਲੰਗ੍ਹ ਦੀ ਵੀ ਤੋਪ ਨਹੀਂ ਸੀ ਜਿਥੇ ਕੁਝ ਕੁਤੇ ਵੀ ਚੰਗੇ ਤਕੜੇ ਪਲ ਰਹੇ ਸੀ । ਉਸ ਦੇ ਸੇਵਕ ਇਕ ਡਾਕਰ ਨੇ ਰਾਇ ਦਿਤੀ ਕਿ ਮਹਾਂ ਪੁਰਸੋ ਜੇ ਹੁਕਮ ਦਿਉ ਤਾਂ ਇਹਨਾਂ ਕੁਤਿਆਂ ਨੂੰ ਛਾਂਟੀ ਕਰਨ ਲਈ ਮੌਤ ਪ੍ਰਸਾਦ ਛਕਾ ਦੇਈਏ ਕਿਉਂਕਿ ਬਹੁਤੇ ਕੁਤੇ ਠੀਕ ਨਹੀਂ ਇਹਨਾਂ ਦਾ ਬਿਗੜ ਜਾਣ ਦਾ ਖਤਰਾ ਹੁੰਦਾ ਹੈ । ਸੰਤਾ ਦਾ ਉਤ੍ਰ ਸੀ ਕਿ ਨਾਂ ਭਾਈ ਇਹ ਕੁਤੇ ਤਾਂ ਮੈਨੂੰ ਗਿਆਨ ਵਿਦ੍ਹਿਆ ਦਿੰਦੇ ਹਨ, ਇਹਨਾਂ ਨੂੰ ਦੇਖ ਕੇ ਮੈਨੂੰ ਉਪਦੇਸ ਮਿਲਦਾ ਹੈ ਕਿ ਚੰਗੇ ਕਮ ਕਰਿਆ ਕਰ ਨਹੀਂ ਤਾਂ ਸਾਡੇ ਵਰਗਾ ਕੁਤਾ ਹੋ ਜਾਇਗਾ ਸੋ ਇਹੋ ਕਾਰਣ ਹੈ ਇਹਨਾਂ ਨੂੰ ਲਿਖਣ ਦਾ ਕਿ ਇਹਨਾਂ ਦੇ ਚੰਗੇ ਨਤੀਜੇ ਤਕ ਕੇ ਅਸੀਂ ਵੀ ਚੰਗੇ ਕਰਮ ਕਰਿਆ ਕਰੀਯੇ ਅਤੇ ਬੁਰੇ ਕਰਤਵਾਂ ਨੂੰ ਤਕ ਕੇ ਉਹਨਾਂ ਦੇ ਕਰਨ ਤੋਂ ਤੋਬਾ ਕਰਕੇ ਕੰਨੀ ਹਥ ਲਾਈਏ । ਪਰ ਇਹਨਾਂ ਲਿਖਾਰੀਆਂ ਨੂੰ ਤਾਂ ਆਹ ਲੇਖ ਪੜਕੇ ਵੀ ਕੋਈ ਸ਼ਰਮ ਮਹਸੂਸ ਨਹੀਂ ਹੁੰਦੀ ।

ਯਾਰ ਕੰਡਕਰ, ਕੰਡਕਰ
ਯਾਰ ਕੰਡਟਰ ਤੇਰਾ ।

ਸੀਟੀ ਮਾਰ ਸੀਟੀ ਮਾਰ ਬਰੇਕ ਲਾਉਦਾ-ਡੁਲ ਡੁਲ ਪੈਂਦਾ ਰੂਪਤੇਰਾ ਨੀਅੱਗ ਕਾਲਜੇ ਲਾਉਦਾ-ਟ੍ਰਿਵਿਉਨ ੨ ਸਤੰਬਰ ੧੯੮੯ । ਦਸੋ ਇਹਨਾਂ ਗੀਤਾਂ ਬਿਨਾਂ ਕੀ ਰੁਕਿਆ ਪਿਆ ਏ ਪਰ ਇਹਨਾਂ ਨੂੰ ਪੁਰਸ਼ਕਾਰ ਮਿਲਦੇ ਨੇ ਧਾਰਮਕ ਪੱਖੀ ਲਿਖਾਰੀਆਂ ਨੂੰ ਕਿਸੇ ਪੁਰਸਕਾਰ ਤਾਂ ਕੀ ਦੇਣਾ ਹੈ ਉਹਨਾਂ ਨੂੰ ਤਾਂ ਕੋਈ ਉਸਦੀ ਪੁਸਤਕ ਦਾ ਖਰਚ ਵੀ ਦੇਣ ਨੂੰ ਤਿਆਰ ਨਹੀਂ । ਤਾਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਅਜ ਦੇ ਮਹੌਲ ਦੀ ਗੱਲ ਕਰਦੇ ਨੇ--

ਰੈਨਾਂ ਹੋਦੀਆਂ ਬੋਧੀਆਂ
ਪੁਰਸ ਹੋਏ ਸਈਆਦ ।
ਸੀਲੁ ਸੰਜਮੁ ਸੁਚ ਭੰਨੀ
ਖਾਣਾ ਖਾਜੁ ਅਹਾਜ ।
ਸਰਮੁ ਗਇਆ ਘਰਿ ਆਪਣੇ
ਪਤਿ ਉਠਿ ਚਲੀ ਨਾਲਿ ।
ਪੰ: ੧੨੪੩ । ਮ: ੧ ।

ਅਜ ਦੀ ਪੜੀ ਲਿਖੀ ਇਸਤ੍ਰੀ ਵੀ ਮੂਰਖਾਂ ਦੀ ਕਤਾਰ ਨਾਲ ਜਾ ਖੜੀ ਹੋਈ ਉਹ ਇਹੋ ਜਿਹੇ ਮਾਹੌਲ ਦੀ ਉਲਟੀ ਆਵਾਜ਼ ਚੁਕਨ ਦੀ ਥਾਂ ਬਣ ਠਣ ਕੇ ਓਪਰੇ ਸ਼ਿੰਗਾਰ ਵਿਚ ਮਸਤ ਹੋਕੇ ਅਸਲ ਸ਼ਿੰਗਾਰ ਨੂੰ ਗੁਆਕੇ ਕਾਮੁਕ ਰੁਚੀਆਂ ਦਾ ਪ੍ਰਹਾਰ ਹੋਕੇ ਰਹਿ ਗਈ ਹੈ । ਪੁਰਸ਼ ਸ਼ਿਕਾਰੀ ਰੁਚੀਆਂ ਦੇ ਅਧੀਨ ਹੋਕੇ ਸੀਲ ਸੰਜਮ ਭੰਨ ਤੋੜ ਕੇ ਨਾਂ ਖਾਣੇ ਵਾਲੇ ਖਾਣੇ ਦੇ ਅਹਾਰੀ ਹੋ ਗਏ ਨੇ । ਧਰਮ ਗ੍ਰੰਥ ਦੀ ਨਿੰਦਿਆਂ ਦਾ ਹੜ ਆ ਰਿਹਾ ਹੈ ਫਿਲਮ ਸਤਾਂ ਤੇ ਭੰਗੜੇ ਸਭਿਆਚਾਰ ਤੇ ਲੋਕ ਗੀਤਾਂ ਦੀ ਤੈਹ ਵਿਚ ਅਸਲੀਅਤਾਂ ਦੀ ਰਜਕੇ ਵਸੋਂ ਦੀ ਅਬਾਦੀ ਵਧ ਰਹੀ ਹੈ ਸ੍ਰੀ ਦਸਮੇਸ਼ ਪਿਤਾ ਦਾ ਬਚਨ ਹੈ ਕਿ ਐਸਾ ਸਮ ਆ ਜਾਏਗਾ--

ਪੜਿ ਹੈ ਕੋਈ ਨ ਭੂਲ ਪੁਰਾਨਾ ।
ਕਉਨ ਪਕਰਹੈ ਪਾਨ ਕੁਰਾਨ ।
ਬੇਦ ਕਤੇਬ ਜਵਨ ਕਰਿ ਲਹਿ ਹੈ ।
ਤਾਕਹ ਗੌਬਰਾਗਨ ਮੋ ਦਹਿ ਹੈ ।੧੩।
ਪੰ: ੫੭੨ ।

ਸਿਮ੍ਰਿਤਿ ਸਾਸਤ ਨਾ
ਸੋਧਮੀ ਮਨ ਮੁਖ ਵਿਗੁਤੇ ।
ਪੰ: ੧੦੯੩ । ਮ: ੩ ।

ਜੋ ਸਮੇਂ ਮੁਤਾਬਕ ਠੀਕ ਹੀ ਢੁਕਦੇ ਨੇ, ਜਦ ਕਿ ਸ੍ਰੀ ਦਸਮੇਸ਼ ਜਿਹੀ ਅਨਭਈ ਪਵਿਤ੍ਰ ਮੁਖੜੇ ਚੋ ਨਿਕਲਿਆ ਪਰਾ ਕ੍ਰਿਤਕ ਗਿਆਨ ਚੁਬ ਰਿਹਾ ਹੈ ਜਿਸ ਬਾਰੇ ਆਵਾਜ਼ ਬੁਲੰਦ ਹੋ ਰਹੀ ਹੈ ਕਿ ਇਸ ਤੋਂ ਬਿਨਾਂ ਕੇਹੜਾ ਕੰਮ ਰੁਕਿਆ ਹੋਇਆ ਏ । ਵਿਚੋਂ ਅੱਖਰ ਕੱਟਣ

Digitized by Panjab Digital Library | www.panjabdigilib.org

ਦਾ ਵੀ ਹੌਸਲਾ ਦਲੇਰੀ ਕੀਤੀ ਜਾ ਰਹੀ ਹੈ ਸ਼ਬਦ ਦੇ ਮਜਮੂਨ ਨੂੰ ਉਕਾ ਹੀ ਓਲਹੇ ਕਰਕੇ ਇਕ ਨੁਕਤਾ ਉਛਾਲਿਆ ਜਾ ਰਿਹਾ ਹੈ-ਪੜੋ ਪ੍ਰੀਤ ਨਾਲ ਪੂਰਾ ਫਿਕਰਾ ਜਿਸ ਵਿਚ ਭਟਕ ਕੇ ਕੁਰਾਹੇ ਪਏ ਹਿੰਦੂ ਤੇ ਮੁਸਲਮਾਨ ਦੋਨਾਂ ਦੀ ਗ਼ਮ ਪਾਣੀ ਵਿਚ ਨਿਮ ਦੇ ਕੌੜੇ ਪਤੇ ਪਾਕੇ ਪਾਕ ਸਾਫ ਕਰਨਲਈ ਟਿਕੋਰ ਕੀਤੀ ਗਈ ਹੈ।

ਕ੍ਰਿਸ਼ਨ ਅਉ ਬਿਸਨ ਜਪੇ
ਤੋਹਿ ਕੋਟਿਕ ਰਾਮ ਤਹੀਮ
ਭਲੀ ਬਿਧਿ ਧਿਆਯੋ।
ਬ੍ਰਹਮ ਜਪਿਓ ਅਰੁ ਸਭ
ਥਪਿਓ ਤਿਹਤੇ ਤੁਹਿਕੋ
ਕਿਨਹੂੰ ਨ ਬਚਾਯੋ।
ਕੋਟ ਤਪਸਾ ਦਿਨ ਕੋਟਿਕ ਕਾਹੂ
ਨ ਕੌਡੀ ਕੋ ਕਾਮ ਕਢਾਯੋ।
ਕਾਮਕਾ ਮੰਤ੍ਰ ਕਸੀਰੇ ਕੋ
ਕਾਮ ਨਾ ਕਾਲ ਕੋ ਘਾਉ
ਕਿਨਹੂੰ ਨ ਬਚਾਯੋ ।੯੭।
ਕਾਹੇਕੋ ਕੂਰ ਕਰੇਤਪਸਾ ਇਨਕੀ
ਕੌਉ ਕੌਡੀਕੇ ਕਾਮ ਨ ਐ ਹੈ।
ਤੋਹਿ ਬਚਾਇ ਸਕੈ ਕਹੁ ਕੈਸੇ ਕੈ
ਆਪਨ ਘਾਵ ਬਚਾਇਨ ਐ ਹੈ।
ਕੋਪ ਕਰਾਲ ਕੀ ਪਾਵਕ
ਕੁੰਡ ਮੈਂ ਆਪ ਟੰਗਿਓ
ਤਿਮ ਤੋਹਿ ਟੰਗੈ ਹੈ।
ਚੇਤ ਰੇ ਚੇਤ ਅਜੋ ਜੀਅ
ਮਹ ਜੜ ਕਾਲ ਕ੍ਰਿਪਾ
ਬਿਣੁ ਕਾਮ ਨ ਐ ਹੈ ।੯੮।
ਤਾਹਿ ਪਛਾਕਤ ਹੈ ਨ ਮਹਾਂ
ਪਸੁ ਜਾਕੋ ਪ੍ਰਤਾਪੁ
ਤਿਹੂੰ ਪੁਰ ਮਾਹੀ।
ਪੂਜਤ ਹੈ ਪਰਮੇਸਰ ਕੈ ਜਿਹਕੈ
ਪਰਸੈ ਪਰਲੋਕ ਪਰਾਹੀ।
ਪਾਪ ਕਰੋ ਪਰਮਾਰਥ ਕੈ ਜਿਹ
ਪਾਪਨਤੇ ਅਭਿ ਪਾਪ ਲਜਾਈ।
ਪਾਇ ਪਰੋ ਪਰਮੇਸ਼ਰ ਕੈ ਜੜ
ਪਾਹਰ ਮੈਂ ਪਰਮੇਸਰ ਨਹੀਂ ।੯੯।
ਮੌਨ ਭਜੇ ਨਹੀਂ ਮਾਨ ਤੇਜ ਨਹੀਂ
ਭੇਖ ਸਜੇ ਨਹੀਂ ਮੂੰਡ ਮੁਡਾਏ।
ਕੰਠ ਨ ਕੰਠੀ ਕਠੋਰ ਧਰੈ ਨਹੀਂ
ਸੀਸ ਜਟਾਨ ਕੇ ਜੂਟ ਸੁਹਾਏ।
ਸਾਚੁ ਕਹੌ ਸੁਨਿ ਲੈ ਚਿਤ ਦੈ ਬਿਨੁ
ਦੀਨਦਿਆਲ ਕੀਸਾਮ ਸਿਧਾਰੇ।
ਪ੍ਰੀਤ ਕਰੇ ਪ੍ਰਭੂ ਪਾਯਤ ਹੈ ਕ੍ਰਿਪਾਲ
ਨ ਭੀਜਤ ਲਾਂਡ ਰਟਾਏ ।੧੦੦।

ਪੰ: ੪੬।

ਭਾ: ਕਿ ਐ ਮੂਰਖ ਇਨਸਾਨ ਤੈਂ ਕ੍ਰਿਸ਼ਨ ਬਿਸ਼ਨ ਜਾਂ ਰਾਮ ਅਥਵਾ ਰਹੀਮ ਬੜੀ ਤਰ੍ਹਾਂ ਧਿਆਇਆ ਹੈ ਤੇ ਜਾਪਿਆ ਹੈ, ਬ੍ਰਹਮਾ ਦਾ ਵੀ ਜਾਪ ਕੀਤਾ ਹੈ ਅਤੇ ਕਈ ਤਰ੍ਹਾਂ ਪੂਜਾ ਵੀ ਕੀਤੀ ਹੈ, ਪਰ ਤੈਨੂੰ ਕਾਲ ਤੇ ਤਾਂ ਕਿਸੇ ਵੀ ਨਾ ਬਚਾਇਆ । ਕੋਟਾਂ ਹੀ ਢੰਗਾਂ ਨਾਲ ਕੋਟਾਂ ਹੀ ਦਿਨ ਇਹਨਾਂ ਦੀ ਤਪਸਿਆ ਕੀਤੀ ਪਰ ਤੇਰਾ ਕੰਮ ਤਾਂ ਕਿਸੇ ਕੌਡੀ ਜਿਤਨਾ ਵੀ ਨਹੀਂ ਦਿਤਾ। ਜਿਹੜਾ ਕਾਮਨਾ ਲੈ ਕੇ ਤੂੰ ਮੰਤਰਾਂ ਦਾ ਜਾਪ ਕਰਦਾ ਰਿਹਾ ਉਹ ਤਾਂ ਇਕ ਧੇਲੇ ਜਿੰਨਾ ਵੀ ਕੰਮ ਨਾ ਆਇਆ, ਕਿਉਂਕਿ ਉਹ ਤੈਨੂੰ ਕਾਲ ਦੀ ਚੋਟ ਤੋਂ ਤਾਂ ਨਾ ਬਚਾ ਸਕੇ। ਫੇਰ ਤੂੰ ਕਾਹਦੇ ਲਈ ਇਹਨਾਂ ਦਾ ਤਪ ਸਾਧਦਾ ਫਿਰਦਾ ਹੈਂ ਜਦ ਇਹ ਤੇਰੇ ਕੌਡੀ ਦੇ ਬਰਾਬਰ ਵੀ ਕੰਮ ਨਹੀਂ ਆ ਸਕਦੇ। ਪਰ ਤੂੰ ਦਸ ਇਹ ਤੈਨੂੰ ਬਚਾ ਵੀ ਕਿਵੇਂ ਸਕਦੇ ਹਨ, ਜਦ ਇਹ ਕਾਲ ਤੋਂ ਆਪ ਹੀ ਨਹੀਂ ਬਚ ਸਕੇ। ਜਦ ਉਹ ਆਪ ਕਾਲ ਦੇ ਕਰੋਧ ਦੇ ਅਗਨ ਕੁੰਡ ਵਿਚ ਆਪ ਹੀ ਟੰਗੇ ਗਏ ਹਨ, ਉਸੇ ਤਰ੍ਹਾਂ ਨਾਲ ਤੈਨੂੰ ਵੀ ਟੰਗ ਦੇਣਗੇ। ਇਸ ਲਈ ਸ੍ਰੀ ਦਸਮੇਸ਼ ਪਾਤਸ਼ਾਹ ਸਲਾਹ ਦਿੰਦੇ ਹਨ ਕਿ ਭਾਈ ਅਜੇ ਵੀ ਸਮਾ ਹੈ ਸੱਚੇ ਜੀਅ ਵਿਚ ਅਜੇ ਉਸਦੀ ਚੇਤਨਾ ਕਰ ਲੈ ਐ ਮੂਰਖ ਯਾਦ ਰੱਖ ਉਸ ਅਕਾਲ ਪੁਰਖ ਦੀ ਮੇਹਰ ਤੋਂ ਬਿਨਾਂ ਕਿਸੇ ਨੇ ਕੰਮ ਨਹੀਂ ਆਉਣਾ। ਐ ਮਹਾਂ ਪਸ਼ੂ ਇਨਸਾਨ ਤੂੰ ਉਸ ਨੂੰ ਕਿਉਂ ਨਹੀਂ ਪਛਾਣਦਾ। ਜਿਸਦਾ ਪ੍ਰਤਾਪ ਸਾਰੀ ਤ੍ਰਿਲੋਕੀ ਵਿਚ ਛਾਇਆ ਹੋਇਆ ਹੈ। ਕੀ ਤੂੰ ਇਹਨਾਂ ਨੂੰ ਉਹ ਪ੍ਰਮੇਸ਼ਰ ਜਾਣ ਕੇ ਪੂਜ ਰਿਹਾ ਹੈਂ ਜਿਸ ਦੇ ਮਿਲਣ ਨਾਲ ਪਰਲੋਕ ਵਿਚ ਪੂਜ ਜਾਈਦਾ ਹੈ।

Digitized by Panjab Digital Library | www.panjabdigilib.org

ਜਿਹ ਤੂੰ ਇਸੇ ਪ੍ਰਮਾਰਥ ਅਧੀਨ ਇਹਨਾਂ ਨੂੰ ਪੂਜ ਰਿਹਾ ਹੈ ਤਾਂ ਇਹ ਉਹ ਵਡੇ ਤੋਂ ਵਡਾ ਪਾਪ ਹੈ ਜਿਸਦੇ ਅਗੇ ਸਾਰੇ ਪਾਪ ਸ਼ਰਮਸਾਰ ਹੁੰਦੇ, ਭਾਵ ਸਾਰੇ ਪਾਪਾਂ ਤੋਂ ਇਹ ਪਾਪ ਵਿਸੇਸ਼ ਹੈ ਜਿਹੜਾ ਇਹਨਾਂ ਦੇਵੀ ਦੇਵਤੇ ਤੇ ਅਵਤਾਰਾਂ ਨੂੰ ਰਬ ਦੀ ਥਾਂ ਰਖ ਕੇ ਪੂਜਣਾ ਹੈ। ਜੇ ਤੂੰ ਚਰਨੀ ਲਗਣਾ ਹੈ ਤਾਂ ਉਸ ਪ੍ਰਮੇਸ਼ਰ ਦੀ ਸ਼ਰਣ ਲੈ ਐ ਮੂਰਖ ਇਹਨਾਂ ਪਥਰਾਂ ਵਿਚ ਪ੍ਰਮੇਸ਼ਰ ਘੁਸ ਕੇ ਨਹੀਂ ਬੈਠਾ ਹੋਇਆ। ਅੰਤਰ ਧਿਆਨ ਹੋ ਕੇ ਤਾਂ ਕਦੇ ਭਜਨ ਨਹੀਂ ਕੀਤਾ ਅਤੇ ਅਹੰਕਾਰ ਛਡਿਆ ਨਹੀਂ ਪ੍ਰਭੂ ਦੇ ਭੇਖ ਵਿਚ ਤਾਂ ਭਿਜਿਆ ਨਹੀਂ, ਸਿਰ ਮੁਨਾ ਦਿਤਾ ਹੈ : ਹਿਰਦੇ ਦੇ ਕਠੋਰ ਨੇ ਗਲੇ ਵਿਚ ਪ੍ਰਭੂ ਦੀ ਮਾਲਾ ਤਾਂ ਪਹਿਨੀ ਨਹੀਂ ਸਿਰ ਪਰ ਜਟਾਂ ਦਾ ਐਡਾ ਵਡਾ ਜੂੜਾ ਸਜਾ ਲਿਆ ਹੈ। ਮੈਂ ਸਚ ਕਹਿੰਦਾ ਹਾਂ, ਤੂੰ ਚਿਤ ਦੇਕੇ ਮੇਰੀ ਸਿਖਿਆ ਸੁਣ ਲੈ, ਬਿਨਾਂ ਦੀਨਾ ਦੇ ਦਿਆਲ ਪ੍ਰਮ ਕਿਰਪਾਲੂ ਦੀ ਸ਼ਰਣ ਲਿਆਂ ਕਿਸੇ ਵੀ ਦਿਖਾਵੇ ਤੇ ਲੋਕ ਰੀਤੀ ਅਡੰਬਰ ਨੇ ਕੰਮ ਨਹੀਂ ਆਉਣਾ ਤੇਰੀ ਸੁੰਨਤ ਕਰਾ ਲੈਣ ਨਾਲ ਉਸ ਤੇ ਕੋਈ ਅਸਰ ਨਹੀਂ ਹੁੰਦਾ, ਤੇਰੇ ਉਹਨਾਂ ਪ੍ਰੇਮ ਦਾ ਹੀ ਭੁਖਾ ਹੈ।

(੩੭) ਕੀ ਲਾਂਡ ਸ਼ਬਦ ਇਤਨਾ ਹੀ ਗੰਦਾ ਜਾਂ ਬੁਰਾ ਹੈ–ਜਿਸ ਤੋਂ ਸਾਡੇ ਸਮਾਜ ਵਿਚ ਏਨੀ ਨਫਰਤ ਪਾਈ ਜਾਂਦੀ ਹੈ ? ਨਹੀਂ ਸਮਾਜ ਜੇ ਬੁਰੇ ਤੇ ਬੁਰੇ ਸ਼ਬਦ ਨੂੰ ਅਪਣਾ ਲਏ ਤਾਂ ਉਹੀ ਪਵਿਤਰ ਮੰਨਿਆ ਜਾਣ ਲਗਦਾ ਹੈ। ਜਦੋਂ ਸਮਾਜ ਨੇ ਆਪਣੇ ਹੀ ਹਿਸੇ ਨੂੰ ਕਟਕੇ ਅਛੂਤ ਦੀ ਪਦਵੀ ਦੇ ਦਿਤੀ ਹਰ ਕਿਸੇ ਨੂੰ ਉਸਦੇ ਨਾਲ ਲਗਣ ਤੋਂ ਨਫਰਤ ਹੋ ਗਈ ਅਤੇ ਨਾਲ ਛੂਹਣ ਨਾਲ ਭਿੱਟ ਚੰਬੜ ਜਾਂਦੀ ਸੀ ਇਥੋਂ ਤੀਕ ਧਰਮੰਦਰ ਵੀ ਇਸ ਅਛੂਤ ਦੀ ਮਰਜ਼ ਨਾਲ ਮਰੀਜ਼ ਹੋਣ ਲਗੇ ਅਤੇ ਨਾਮਦੇਵ ਜਿਹੀ ਪਵਿਤ੍ਰ ਹਸਤੀ ਨੂੰ ਵੀ ਧੱਕੇ ਮਾਰਨੋਂ ਸੰਕੋਚ ਨਹੀਂ ਸੀ ਕੀਤਾ ਗਿਆ। ਪਰ ਗੁਰਮਤਿ ਦੇ ਪ੍ਰਕਾਸ਼ ਹੋ ਜਾਣ ਤੇ ਧੀਰੇ ਧੀਰੇ ਇਸ ਮਰਜ਼ ਨੇ ਮੋੜਾ ਖਾਧਾ ਜੋ ਤੰਦਰੁਸਤੀ ਦੇ ਰਾਹ ਪੈ ਕੇ ਅਜ ਕਲ ਭਾਵੇਂ ਸਭੇ ਅਛਾ ਤਾਂ ਨਾ ਹੀ ਪਰ ਰੁਪੈ ਵਿਚੋਂ ਬਾਰਾਂ ਆਨੇ ਆਰਾਮ ਜ਼ਰੂਰ ਆ ਗਿਆ ਹੈ। ਜਿਵੇਂ ਇਸਤਰੀ ਨੂੰ ਕਿਸੇ ਵੇਲੇ ਮੂੰਹ ਨੰਗਾ ਕਰਕੇ ਤੁਰਨ ਦੀ ਆਗਿਆ ਨਹੀਂ ਸੀ, ਘਰੋਂ ਬਿਨਾਂ ਦਹਿਲੀਜ਼ ਤੋਂ ਬਾਹਰ ਪੈਰ ਨਹੀਂ ਸੀ ਰਖ ਸਕਦੀ, ਜਦ ਕਿ ਮਰਦ ਇਕ ਲੰਗੋਟੀ ਬੰਨ੍ਹ ਕੇ ਚਾਰੇ ਚਿਤ ਨੰਗਾ ਧੜੰਗਾ ਜਿਧਰ ਚਾਹੇ ਤੁਰ ਫਿਰ ਸਕਦਾ ਸੀ। ਗੁਨਾਹਗਾਰ ਲੋਕ ਤਾਂ ਇਸ ਲਈ ਮੂੰਹ ਲੁਕੋਕੇ ਤੁਰਦੇ ਸਨ ਤਾਂ ਕਿ ਕੋਈ ਸਿਆਣ ਨਾ ਲਏ ਤਾਂਕਿ ਲੁਕ ਛਿਪ ਕੇ ਮੂੰਹ ਲਪੇਟ ਕੇ ਸਮਾਜ ਨੂੰ ਧੋਖਾ ਦਿਤਾ ਜਾ ਸਕਦਾ ਹੈ। ਚੋਰ, ਯਾਰ, ਜੁਆਰੀਆ, ਡਾਕੂ ਤੇ ਕਾਤਲ ਦਾ ਇਹ ਵਿਰਸਾ ਸੀ।

ਪਰ ਇਸਤਰੀ ਤਾਂ ਇਹਨਾਂ ਬਦਕਾਰ ਧਾਂਦਲੂਆਂ ਨਾਲੋਂ ਉਚੀ ਸੁਚੀ ਤੇ ਸਰੇਸ਼ਟ ਹੁੰਦੀ ਹੈ ਜਿਸ ਵਿਚ ਪੁਰਸ਼ਾਂ ਨਾਲੋਂ ੬੫ ਪ੍ਰਤੀਸ਼ਤ ਵਾਧਾ ਜੇ, ਜੇਕਰ ਸਚ ਪੁਛੋ ਤਾਂ ਇਸਤਰੀ ਕੁਦਰਤ ਦੀ ਛੋਟੀ ਭੈਣ ਹੀ ਹੈ। ਜਿਥੇ ਕੁਦਰਤ ਨੂੰ ਮਹਾਨ ਚੰਡਕਾ ਤੇ ਦੇਵੀ ਦਾ ਦਰਜਾ ਹਾਸਲ ਹੈ ਤਾਂ ਇਸਤਰੀ ਵੀ ਸ਼ੁਭ ਗੁਣਾਂ ਸਪੰਨ ਮਹਾਨ ਦੇਵੀ ਹੀ ਹੈ। ਫਰਕ ਹੈ ਤਾਂ ਇਹ ਕਿ ਇਸਤਰੀ ਦੇ ਚੋਲੇ ਨੂੰ ਜੈਂਪਰ ਕਹਿ ਦੇਈ ਦਾ ਏ ਅਤੇ ਮਰਦ ਦੇ ਚੋਲੇ ਨੂੰ ਚੋਲਾ ਹੀ ਕਹਿ ਦੇਈਦਾ ਏ, ਜਿਥੇ ਇਸਤਰੀ ਮਰਦ ਲਈ ਇਕ ਉਤਮ ਸੁਗਾਤ ਹੈ ਉਥੇ ਘਰ ਦੀ ਮਾਲਕਾਂ ਤੇ ਭੰਡਾਰੇ ਦੀ ਮਾਲਕਾ ਵੀ ਹੈ। ਉਹਨਾਂ ਘਰਾਂ ਦਾ ਸਰਵੇ ਕਰਕੇ ਤਕੋ, ਜਿਨ੍ਹਾਂ ਘਰਾਂ ਵਿਚ ਇਸਤਰੀ ਦੀ ਜ਼ਾਤ ਦੀ ਹੋਂਦ ਨਹੀਂ ਹੈ, ਪੱਕੀਆਂ ਇਟਾਂ ਦੇ ਚੂਨੇ ਰਾਜ ਮਹਲ ਵੀ ਸੂਰਾਂ ਦੇ ਖੁੱਡੇ ਜਾਂ ਤਿਤਰਾਂ, ਭੇਡਾਂ, ਬਕਰੀਆਂ ਦੇ ਬਾੜੇ ਦਾ ਦ੍ਰਿਸ਼ ਪੇਸ਼ ਕਰਦੇ ਦਿਸਣਗੇ। ਜਦੋਂ ਸ੍ਰੀ ਬਾਬੇ ਨਾਨਕ ਗੁਰੂ ਨੇ ਧਿਆਨ ਧਰ ਕੇ ਪ੍ਰਿਥਵੀ ਸੜਦੀ ਤਕੀ ਉਥੇ ਇਸਤਰੀ ਮਾਤਾ ਵਲ ਵੀ ਪਿਆਰ ਦੀ ਤਕਣੀ ਪਾਈ ਤੇ ਜਿਸ ਪ੍ਰਚਾਰ ਦਾ ਸਦਕਾ ਉਹੋ ਮੂੰਹ ਚੋਮ ਇਸਤਰੀ ਅਜ ਸਕੂਲਾਂ, ਕਾਲਜਾਂ, ਦਫਤਰਾਂ ਤਕ ਹੀ ਨਹੀਂ ਸਗੋਂ ਧਾਰਮਕ, ਸਮਾਜਕ, ਰਾਜਨੈਤਿਕ ਤੌਰ ਤੇ ਸਾਰੀਆਂ ਸਟੇਜਾਂ ਤੇ ਗਰਜਦੀ ਦਿਸਦੀ ਹੈ ਅਤੇ ਹਕੂਮਤ ਦੀ ਵਾਗ ਡੋਰ ਨੂੰ ਵੀ ਸੰਭਾਲਨ ਦੇ ਸਮਰਥ ਤੇ। ਅਗੇ ਪਤੀ ਦਾ ਨਾਮ ਮੂੰਹੋਂ ਨਹੀਂ ਸੀ ਕਢ ਸਕਦੀ, ਹੁਣ ਲਿਖਣੋਂ ਵੀ ਨਹੀਂ ਸੰਗਦਾ। ਘਘਰੇ ਉਹਨਾਂ ਦਾ ਪੜਾ ਹੀ ਨਹੀਂ ਕਿਧਰ ਨੂੰ ਤੁਰ ਗਏ। ਜਿਨ੍ਹਾਂ ਪਾਬੰਧੀਆਂ ਦੇ ਤੋੜਨ ਤੋਂ ਕੰਬਦੀ ਸੀ ਉਹ ਸ੍ਰੀ ਗੁਰਦੇਵ ਦੇ ਉਪਦੇਸ਼ ਤੇ ਪਰਚਾਰ ਨੇ ਸਭ

Digitized by Panjab Digital Library | www.panjabdigilib.org

ਤੋੜ ਤਾੜ ਕੇ ਔਹ ਵਗਾਹ ਮਾਰੀਆਂ। ਜਿਵੇਂ ਉਪਰੋਕਤ ਸਮਾਜਕ ਮਕੜੀ ਜਾਲ ਪਹਿਲੇ ਸਰੂਪ ਵਿਚ ਨਿਖਾਰ ਦਿਤਾ ਸੀ, ਹੁਣ ਦਸਵੇਂ ਸਰੂਪ ਵਿਚ ਲਿੰਕਨ ਭੁਲੇਖੇ ਵੀ ਪਾਰ-ਤਾਰ ਕੀਤੇ ਹਨ। ਅਤੇ ਦਸਿਆ ਹੈ ਕਿ ਇਸ਼ਕ ਹਕੀਕੀ ਦੀ ਮੰਜ਼ਲ ਤੈ ਕਰਨ ਸਮੇਂ ਇਸ਼ਕ ਮਜ਼ਾਜੀ ਦੀ ਵਰਤੋਂ ਕਰਨ ਵਿਚ ਰੋਕ ਦਾ ਕੋਈ ਵਧਾਨ ਨਹੀਂ ਹੈ। ਜੋ-ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਕੁਝ ਸੰਕੋਚ ਸਹਤ ਹੈ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਸਮੂਹਕ ਹੈ ਜਿਵੇਂ ਕਿ–

ਜਬ ਮੁਖਿ ਪ੍ਰੀਤਮ ਸਾਜਨ ਲਾਗਾ
ਸੂਖ ਸਹਿਜੇ ਮੇਰਾ ਧੰਨ ਸੋਹਾਗਾ।
ਪੰ: ੩੯੪। ਮ: ੫।
ਮਾਕੀ ਰਕਤੁ ਪਿਤਾ ਬਿਦੁ ਧਾਤਾ
ਮੁਰਤਿ ਸੁਰਤਿ ਕਰਿ ਅਪਾਰਾ।
ਪੰ: ੧੦੨੨। ਮ: ੧।

ਜੀਵਨ ਦਾ ਉਪਜ ਕਾਰਜ ਹੋਰ ਕੇਹੜਾ ਹੈ-ਜਿਥੋਂ ਸਾਨੂੰ ਸੂਰਤਿ ਤੇ ਮੂਰਤਿ ਪ੍ਰਾਪਤਿ ਹੋਈ ਉਹ ਮੰਦਾ ਕਿਵੇਂ ? ਸਗੋਂ ਹਰੇਕ ਇਸਤ੍ਰੀ ਪੁਰਸ ਦੀ ਇਹ ਇਕ ਦਿਲੀ ਲਾਲਸਾ ਹੈ–

ਮਨੂ ਲਾਲਹ ਦੀਜੈ ਭੋਗ ਕਰੀਜੈ
ਹਭ ਖੁਸੀਆ ਰੰਗ ਮਾਣੇ।
ਪੰ: ੪੫੫। ਮ: ੫।
ਮਾਤਾ ਪਿਤਾ ਸੰਜੋਗ ਉਪਾਇ
ਰਕਤੁ ਬਿੰਦੁ ਮਿਲ ਪਿੰਡ ਕਰੇ।
ਪੰ ੧੦੧੩। ਮ: ੧।
ਰਕਤੁ ਬਿੰਦੁ ਕਰਿ ਨਿੰਮਿਆ
ਅਗਨ ਉਦਰ ਮਝਾਰ।
ਪੰ: ੭੦੬। ੫।
ਕਾਮਣ ਰੰਗ ਤਾਂ ਚੜੈ ਜਾ
ਪਿਰ ਕੈ ਅੰਕਿ ਸਮਾਇ।੩੧।
ਪੰ: ੭੫੬। ੩।

ਇਸਤ੍ਰੀ ਪੁਰਸ਼ ਦਾ ਮੇਲ ਪ੍ਰਭੂ ਰਜ਼ਾ ਨਾਲ ਸਬੰਧਤ ਹੈ ਇਸਤ੍ਰੀ ਪੁਰਸ਼ ਦਾ ਸੁਮੇਲ ਕੁਦ੍ਰਤੀ ਦੇਣ ਹੈ-ਬਾਬਾ ਫਰੀਦ ਜੀ ਕਹਿੰਦੇ ਹਨ (ਸਿਆਲੇ ਸੋਹੰਦੀਆਂ ਪਿਰ ਗਲਿ ਬਾਹੜੀਆ) ਪੰ: ੪੮੮। ਇਹ ਸਾਰੀਆਂ ਉਦਾਹਰਣਾਂ ਉਹ ਹਨ ਜੋ ਜੀਵਨ ਦੀਆਂ ਕੜੀਆ ਹਨ ਤੇ ਜਿਨ੍ਹਾਂ ਨੂੰ ਹਰ ਕੋਈ ਸੋਖਾ ਪ੍ਰਤੀਤ ਕਰ ਸਕਦਾ ਹੈ ਇਹ ਦਸਕੇ ਅਗੇ ਇਸ ਹਕੀਕੀ ਪਤੀ ਪ੍ਰਮਾਤਮਾ ਦੇ ਮੇਲ ਚ ਪ੍ਰਵੇਸ਼ ਕਰਨਾ ਹੈ। ਅਤੇ ਇਤਨੀ ਲਗਨ ਪੈਦਾ ਕਰਨੀ ਹੈ ਜਿਤਨੀ ਇਕ ਕਾਮੀ ਪੁਰਸ਼ ਕਾਮ ਤੇ ਲਭਾਇ ਮਾਨ ਹੁੰਦਾ ਹੈ ਜਾਂ ਇਕ ਵਿਸ਼ਈ ਪੁਰਸ਼ ਪਰ ਇਸਤ੍ਰੀ ਤੇ ਲੁਭਤ ਹੋ ਜਾਂਦਾ ਹੈ। ਜਿਉ ਕਾਮੀ ਕਾਮਿ ਲੁਭਾਵੈ ਪੰ: ੬੨੬। ਮ: ੫। ਅਥਵਾ (ਜਿਉ ਬਿਖਈ ਹੈਰ ਪਰ ਨਾਰੀ) ਪੰ: ੩੧੪ ਮ: ੫। ਇਸਤ੍ਰੀ ਦਾ ਪ੍ਰੇਮ ਜੀਵ ਰੂਪੀ ਇਸਤ੍ਰੀ ਨੂੰ ਆਹਣੇ ਪਤੀ ਪ੍ਰਮੇਸਰ ਨਾਲ ਨਿਭਾਉਣਾ ਹੈ,ਅਤੇ ਨਿਰੰਤਰ ਨਿਭਾਉ ਦੇ ਰਹਿਣਾ ਹੈ ਜਿਸਤਰਾਂ ਜਿਵੇਂ (ਕਾਹੂ ਬਿਹਾਵੈ ਲਪਾਟ ਸੰਗ ਨਾਰੀ) ਭਾਵ ਐਉਂ ਸਾਰੀ ਅਥਵਾ ਆਪਣੇ ਪ੍ਰੇਮੀ ਮਿਤ੍ਰ ਪਰਮਾਤਮਾ ਨਾਲ ਲਿਪਟੇ ਰਹਿਣਾ ਹੈ। ਫੇਰ ਅਗੇ ਹੋਰ ਦਸਿਆ ਹੈ ਕਿ ਜੇ ਪਤੀ ਪਤਨੀ ਨਾਲ ਕਿਸੇ ਗਲੋਂ ਨਿਰਾਜ ਹੈ ਤਾਂ ਉਹ ਆਪਣੀ ਪਤਨੀ ਨਾਲ ਕਤਨ ਪ੍ਰੇਮ ਨਹੀਂ ਕਰੇਗਾ ਇਸ ਲਈ ਇਸਤ੍ਰੀ ਦੀ ਇਹ ਤੀਬਰ ਇੱਛਾ ਹੁੰਦੀ ਹੈ ਉਹ ਆਪਣੇ ਪਤੀ ਦੇ ਬਵਰਜਿਤ ਕੋਈ ਐਸਾ ਕੰਮ ਨਾਂ ਕਰੇ ਜੋ ਪਤੀ ਦੀ ਇਛਾ ਜਾਂ ਉਸਦੀ ਹਦਾਇਤ ਦੇ ਉਲਟ ਹੈ ਕਿ ਅਸੀਂ ਇਦਾਂ ਧਿਆਨ ਦਿਤਾ ਹੈ। ਕਿ ਸਾਡੇ ਪਤੀ ਪ੍ਰਮੇਸ਼ਰ ਦੇ ਸਾਡੇ ਲਈ ਕੇਹੜੇ ਕੰਮ ਪਸੰਦ ਹਨ, ਜਦੋਂ ਤਕ ਅਸੀਂ ਆਪਣੀ ਮੈ: ਮਨ ਦੀ ਮਰਜ਼ੀ ਅਥਵਾ ਮਾਨ ਦੀ ਮੌਜ ਵਾਲੇ ਕੰਮ ਤਿਆਗਦਾ ਨਹੀਂ ਦਿੰਦੇ ਗੁਰਦੇਵ ਦਾ ਫਰਮਾਨ ਹੈ

ਮੈ ਕਾਮਣਿ ਮੇਰਾ ਕੰਤੁ ਕਰਤਾਰੁ
ਜੇਹਾ ਕਰਾਏਤੇਹਾ ਕਰੀ ਸਿੰਗਾਰੁ।੧।
ਜਾਂ ਤਿਸ ਭਾਵੈ ਤਾਂ ਕਰੇ ਭੋਗੁ।
ਤਨੁ ਮਨੁ ਸਾਚੇ ਸਾਹਿਬ ਜੋਗੁ।
ਪੰ. ੧੧੨੮। ਮ: ੩।
ਫਰੀਦਾ ਪਾੜਿ ਪਟੋਲਾ ਧਜ
ਕਰੀ ਕੰਬਲੜੀ ਪਹਿਰੇ।
ਜਿਨੀ ਵੇਸੀ ਸਹੁ ਮਿਲੈ
ਸੋਈ ਵੇਸ ਕਰੇਉ।੧੦੩।
ਪੰ: ੧੩੮੩।

ਬਾਬਾ ਫਰੀਦ ਜੀ ਆਪਣੇ ਮਨ ਪ੍ਰਤੀ ਉਪਦੇਸ ਕਰਦੇ ਹਨ ਕਿ ਬੇਸ਼ਕ ਰੇਸ਼ਮੀ ਸੁੰਦਰ ਬਸਤ੍ਰ ਪਾੜੇ ਲੀਰ-

Digitized by Panjab Digital Library | www.panjabdigilib.org

ਲੀਰ ਕਰ ਦੇਹ, ਪਰ ਜੇਹੜਾ ਵੇਸ ਪਤੀ ਦੇ ਮਿਲਾਪ ਲਈ ਢੁਕਵਾਂ ਹੋਵੇ ਉਹੀ ਪਹਿਨ ਲੈ ਕਿਉਂਕਿ ਉਸਦੇ ਵਿਛੋੜੇ ਦਾ ਦੁਖ ਬੜਾ ਡਾਢਾ ਹੁੰਦਾਏ। ਆਪ ਕਹਿੰਦੇ ਹਨ–

ਅਜੁ ਨ ਸੁਤੀ ਕੰਤ ਸਿਉ
ਅੰਗ ਮੁੜੇ ਮੁੜਿ ਜਾਇ।
ਜਾਇ ਪੁਛਹੁ ਡੋਹਾਗਣ
ਤੁਮਕਿਉ ਰੈਣਿ ਵਿਹਾਇ।੩੦,

ਪੰ: ੧੩੬੯।

ਸਾਨੂੰ-ਉਹ ਵੀ ਉਧਾਰਨਾ ਮਿਲਦੀਆਂ ਹਨ ਜੋ ਕਾਮੁਕ ਤੇ ਭੋਗ ਆਦਿ ਦੀ ਸ਼ੁਧ ਵਰਤੋਂ ਵਲ ਪ੍ਰੇਰਦੀਆਂ ਹਨ, ਸਮੂਹਕ ਤਸਵੀਰਾਂ ਦੇ ਦੋ ਰੁਖ ਹੁੰਦੇ ਹਨ ਹੁਣ ਤਕੋ ਦੂਸਰਾ ਰੁਖ–

ਦੇਇ ਕਿਵਾੜ ਅਨਿਕ ਪੜਦੇ
ਮਹਿ ਪਰ ਦਾਰਾ ਸੰਗਿ ਫਾਕੈ।
ਚਿਤ੍ਰ ਗੁਪਤੁ ਜਬ ਲੇਖਾ ਮਾਗਹਿ
ਤਬਕਉਣੁ ਪੜਦਾਤੇਹਾ ਚਾਕੈ।
ਬਿਸਾਰਿ ਹਰਿਜੀਉ ਬਿਖੈਭੋਗਹਿ
ਤਪਤ ਥਮ ਗਲਿ ਲਾਇ।

ਪੰ: ੧੦੦੧। ਮ: ੫।

ਖੁਲਾਸੇ ਨਾਲ ਤਕੋ ਜੀਵਨ ਸੁਮਾਅ ਭਾ: ੨ ਦੰਪਤੀ ਜੀਵਨ ਪੰ: ੨੦-੨੫ ਕੀ ਕਿਸੇ ਇਤਰਾਜ ਕੀਤਾ ਕਿਸੇ ਕਿ ਇਹ ਸ਼ਬਦ ਸੰਗਤ ਵਿਚ ਨਹੀਂ ਪੜਨੇ। ਜਾਂ ਇਹ ਭੋਗ ਬਲਾਸ ਦੀ ਉਤੇਜਨਾ ਕਰਦੇ ਹਨ। ਇਸੇ ਤਰਾਂ ਇਨ੍ਹਾਂ ਨੂੰ ਸ੍ਰੀ ਦਸਮੇਸ਼ ਪਾਤਸ਼ਾਹ ਨੇ ਬੜੇ ਖੁਲੇ ਤੇ ਸਹੁਜ ਪੜਦੇ ਚੀਰਕੇ ਪੂਰਨ ਰੰਗਦਾਰ ਕਲਰ ਵਿਚ ਸਪਸ਼ਟ ਕੀਤਾ ਹੈ ਯੋਗ ਤੇ ਅਯੋਗ ਅਤੇ ਉਹਨਾਂ ਦੇ ਭਰਪੂਰ ਸਿਟੇ ਨਿਤਾਰ ਕੇ ਦਸੇ ਹਨ।

ਹੁਣ ਤਕੋ ਲੰਗੋਟੀ ਦੀ ਉਪਜ ਕਿਵੇਂ ਹੋਈ-ਸ੍ਰਿਸ਼ਟ ਵਜੂਦ ਵਿਚ ਆਈ ਕਿਵੇਂ ਆਈ ? ਇਹ ਜਾਣੇ ਇਸ ਨੂੰ ਬਨਾਉਣ ਵਾਲਾ ਪਰ ਨਰ ਤੇ ਮਾਦਾ ਇਹ ੨ ਸੂਰਤਾਂ ਜਰੂਰ ਕਿਵੇਂ ਨਾਂ ਕਿਵੇਂ ਵਜੂਦ ਵਿਚ ਆਈਆਂ ਹੋਣਗੀਆਂ। ਤੇ ਅਗੋਂ ਉਹਨਾਂ ਦੇ ਪੁੱਤਰ ਪੋਤਰੇ ਹੋਕੇ ਹੀ ਇਸ ਤਰੂਂ ਤੇ ਅਬਾਦੀ ਫੈਲੀ ਹੋਵੇਗੀ ਇਹ ਵੀ ਦਲੀਲ ਸਚ ਹੋ ਸਕਦੀ ਹੈ ਕਿ ਉਸ ਵੇਲੇ, ਬਰਤਨ ਕਪੜਾ ਜਾਂ ਹੋਰ ਭੌਤਕ ਪਦਾਰਥ ਅਜੇ ਕੋਈ ਨਹੀਂ ਹੋਵੇਗਾ। ਹਾਂ ਹੋ ਸਕਦਾ ਹੈ ਫਲਦਾਰ ਬਿਰਛ ਆਦਿ ਹੋਣ ਜੇ ਠਾਹਰ ਦਾ ਤੇ ਖੁਰਾਕ ਦਾ ਸਾਧਨ ਸਨ। ਇਸ ਲਈ ਠੀਕ ਹੈ ਕਿ ਉਸ ਵੇਲੇ ਨੀਂਗ ਨੰਗੇ ਇਸਤ੍ਰੀ ਪੁਰਸ਼ ਰਹਿੰਦੇ ਹੋਣਗੇ।

ਇਤਿਹਾਸ ਚ ਲਿਖਿਆ ਮਿਲਦਾ ਹੈ ਕਿ ਰੁਖਾਂ ਦੀ ਛਾਲ ਨਾਲ ਨੰਗੇਜ ਢਕਿਆ ਜਾਂਦਾ ਸੀ ਜੋ ਅਸੰਭਵ ਵੀ ਹੈ ਕਿਉਂਕਿ ਉਸ ਵੇਲੇ ਰੁਖ ਕੱਟ-ਵਢ ਕੇ ਕੁਝ ਕਰਨ ਲਈ ਹਥਿਆਰ ਵੀ ਕਿੱਥੇ ਹਨ, ਉਜ ਦਰਖਤ ਦੀ ਛਾਲ ਸੁਕਕੇ ਬੜੀ ਸਖਤ ਹੋ ਜਾਂਦੀ ਹੈ ਹਾਂ ਘਾ ਫੂਸ ਪੱਤੇ ਸੁਕੇ ਆਦਿ ਦਾ ਪਹਿਲੋਂ ਪਹਿਲ ਤਨੀਆ ਤੇ ਲੰਗੋਟ ਜਰੂਰ ਵਜੂਦ ਵਿਚ ਆਇਆ। ਹੋ ਸਕਦਾ ਹੈ ਜਾਨਵਰਾਂ ਦੀ ਖਲ ਇਸ ਲਈ ਵਰਤੀ ਗਈ ਹੋਵੇਗੀ ਇਸਤ੍ਰੀ ਲਈ ਤਿਰਕੌਨ ਤੋਂ ਤਨੀਆਂ ਸ਼ਬਦ ਵਜੂਦ ਵਿਚ ਆਇਆ ਜੋ ਅਜ ਤਕ ਕਿਸੇ ਨਾਂ ਕਿਸੇ ਰੂਪ ਵਿਚ ਸਾਡੇ ਸਾਹਮਣੇ ਹੈ, ਬਚਿਆਂ ਦੀ ਅਜੇ ਵੀ ਵਰਤੋਂ ਵਿਚ ਕੀਤਾ ਜਾਂਦਾ ਹੈ ਜੋ ਆਪ ਡਿਠਾ ਹੈ, ਅਤੇ ਆਦਿ ਵਾਸੀਆਂ ਵਿਚ ਵੀ ਵਰਤਿਆ ਜਾਂਦਾ ਹੈ। ਅਤੇ ਇਸੇ ਤਰਾਂ ਪੁਰਸ਼ਾਂ ਲਈ ਲੰਗੋਟੀ ਜੋ ਲਾਂਡ ਸ਼ਬਦ ਤੋਂ ਹੀ ਵਜੂਦ ਵਿਚ ਆਇਆ ਹੈ ਜੋ ਨਿਰੰਤਰ ਅਜ ਤਕ ਵਰਤਿਆ ਜਾ ਰਿਹਾ ਹੈ ਭਾਵੇਂ ਕੁਝ ਅਰਸੇ ਤੋਂ ਕਛਹਿਰੇ ਕੱਛੇ, ਨੀਕਰਾਂ ਤੇ ਪਜਾਮੇ ਪੈਂਟ ਦਾ ਰਿਵਾਜ ਹੋ ਗਿਆ ਪਰ ਤਾਂ ਹੀ ਸਾਧੂ ਭਗਵਾਨ ਤੇ ਮੇਹਨਤ ਕਸ਼ ਲੋਕ ਅਜੇ ਪੂਰਨ ਲੰਗੋਟ ਜਾਂ ਲੰਗੋਟੀ ਦੀ ਵਰਤੋਂ ਕਰਦੇ ਹਨ। ਭਾਵੇਂ ਇਹ ਤਨੀਆਂ ਤੇ ਲੰਗੋਟੀ ਪੂਰਨ ਪਰਦੇ ਦਾ ਕੰਮ ਨਹੀਂ ਸਾਰਦੇ ਤਾਂਵੀ ਇਸ ਕਰਕੇ ਇਹ ਜਾਇਜ਼ ਹੈ ਕਿ ਇਸ ਨੂੰ ਸਮਾਜ ਨੇ ਆਪਣਾ ਲਿਆ ਹੈ, ਮਹਾਤਮਾ ਗਾਂਧੀ ਦੀ ਲੰਗੋਟੀ ਵੀ ਪ੍ਰਸਿਧ ਹੈ ਤਨੀਏ ਦੀ ਤਿਰਕੋਣੀ ਸਕਲ ਸੇਹਤ ਵਿਭਾਗ ਦੀਆਂ ਗਡੀਆਂ ਪਰ ਤੇ ਪ੍ਰਵਾਰ ਯੋਜਨ ਵਿਭਾਗ ਦੇ ਸੈਨ ਬੋਡਾਂ ਤੇ ਨਰੰਤਰ ਤਕੇ ਜਾਂਦੇ ਨੇ। ਜੋ ਬਿਭਚਾਰ ਦੀ ਰੋਕ ਥਾਮ ਲਈ ਘੋੜੇ ਤੀ ਲਗਾਮ ਵਾਂਗ ਜਾਣਿਆ ਜਾਂਦਾ ਹੈ।

ਕਿਹਾ ਜਾਂਦਾ ਹੈ ਕਿ ਕੋਈ ਸਮੁੰਦਰੀ ਇਲਾਕੇ ਤੇ ਮੱਛੀ ਮਾਸ ਤੇ ਚਾਵਲ ਛਕਣ ਵਾਲਾ ਵਿਯਕਤੀ ਸੈਲਾਨੀ ਦੇ ਰੂਪ ਵਿਚ ਆਇਆ ਸੀ ਜਦੋਂ ਉਹ ਯਾਤਰਾ ਕਰਕੇ ਵਾਪਸ ਪਰਤਿਆ ਤਾਂ ਉਸ ਦਾ ਭਾਈਚਾਰਾ ਉਸ ਤੋਂ ਇਧਰ ਦੇ ਸਭਿਆਚਾਰ ਨੂੰ ਜਾਨਣ ਲਈ ਉਸ ਤੋਂ ਜਾਣਕਾਰੀ ਪੁਛਣ ਲਗੇ ਕਿ ਤੂੰ ਇਸ ਮੁਲਕ ਵਿਚ ਕੀ ਕੀ ਵੇਖ

Digitized by Panjab Digital Library | www.panjabdigilib.org

ਕੇ ਆਇਆ ਹੈ, ਤਾਂ ਉਸਦਾ ਉਤਰ ਸੀ–

ਅੰਨ ਕੇ ਸਾਥ ਅੰਨ ਕੋ ਖਾਤੇ
ਜਿਸ ਕੋ ਕਹਿਤੇ ਦਾਲ ਰੋਟੀ।
ਲਾਂਡ ਕੋ ਲਗਾਮ ਦੇਤੇ ਉਸ
ਕੋ ਕਹਿਤੇ ਹੈਂ ਲੰਗੋਟੀ।
ਕੰਨ ਪਾੜਾ ਇਕ ਜੋਗੀ ਹੋਇਆ
ਉਸਕੀ ਥਾਂ ਥਾਂ ਚਰਚਾ ਹੋਤੀ।
ਜਿਸਲਈ ਹੀਰ ਝਨਾ ਵਿਚਡੁਬੀ
ਉਸਕੋ ਸਾਰੀ ਲੁਕਾਈ ਰੋਤੀ।

ਐਉਂ ਜਦ ਲੰਗੋਟੀ ਕਹਿਣ ਵਿਚ ਕੋਈ ਗਰੇਜ ਨਹੀਂ ਤਾਂ ਫਿਰ ਇਸ ਦੇ ਨਾਤੇ ਬਣੀ ਜੋ ਇਸੇ ਅੰਗ ਦੀ ਪ੍ਰਤੀਕ ਹੈ ਤਾਂ ਫੇਰ ਇਸ ਨਾਮ ਦਾ ਪੂਰਵ ਨਾਮ ਲੈਣ ਵਿਚ ਰੋਕ ਕਾਹਦੀ। ਜੇ ਸਚ ਦੀ ਪ੍ਰਚੋਲ ਕੀਤੀ ਜਾਵੇ ਤਾਂ ਲਿੰਗ ਉਪਲਿੰਗ ਕਿਸ ਮਹੱਤਵ ਅਵਸਥਾ ਦਾ ਨਾਮ ਹੈ।

ਨਉ ਦਰਵਾਜੇ ਕਾਇਆ ਕੋਟੁ
ਹੈ ਦਸਵੇਂ ਗੁਪਤੁ ਰਖੀਜੈ।
ਪੰ: ੬੫੪। ਮ:੨।

ਸਾਡਾ ਤਨ[ਸਰੀਰ]ਕਾਇ ਮਾਂ ਦਾਕੋਟ[ਕਿਲਾ] ਹੈ ਇਸ ਦੇ ਦਸ ਮੁਖ ਦਰਵਾਜੇ ੧੦ਇੰਦਰੇ ਹਨ ਜਿਨ੍ਹਾਂ ਵਿਚੋਂ ਇਕ ਦਸਵਾਂ ਦਰ ਗੁਪਤ ਹੈਜਿਸਦੀ ਤਲਾਸ਼ ਵਿਚ ਅਨੇਕਾਂ ਮਹਾਂ ਪੁਰਸ਼ ਜਿੰਦੜੀਆਂ ਰੋਲ ਤੇ ਖਪਾ ਰਹੇ ਹਨ। ਪਰ ਨੌ ਗੋਲਕਾ ਸਾਡੀ ਵਰਤੋਂ ਵਿਚ ਸਾਰੇ ਸਰੀਰਕ ਵਿਹਾਰ ਚਲਾ ਰਹੀਆਂ ਹਨ, ਹੱਥ ਨਾਂ ਹੋਣ ਤੇ ਸਾਡਾ ਕੀ ਹਸ਼ਰ ਹੈ ਜੇ ਪੈਰ ਨਾਂ ਹੋਣ ਤਾਂ ਸਾਰਾ ਹੀ ਕੰਮ ਰੁਕੇਗਾ, ਨੇਤ੍ਰ ਤੇ ਸ੍ਰਵਣ ਸਭ ਆਪੋ ਆਪਣਾ ਕੰਮ ਕਰ ਰਹੇ ਸਨ। ਪਰ ਸਭ ਤੋਂ ਵੱਧ ਮਹੱਤਵਪੂਰਣ, ਲਿੰਗ ਤੇ ਉਪਲਿੰਗ ਹਨ। ਹੋਰ ਵੀ ਸਾਰੀਆਂ ਗੋਲਕਾਂ ਦੀ ਹਰਕਤ ਰੁਕ ਜਾਣ ਪਰ ਵੀ ਜੀਵਨ ਕਾਇਮ ਰਹ ਸਕਦਾ ਹੈ ਪਰ ਇਹ ੨ ਇੰਦਰੇ ਲਿੰਗ ਤੇ ਉਪਲਿੰਗ ਅਥਵਾ ਗੁਦਾ ਦੇ ਰੁਕ ਜਾਣ ਤੇ ਮਲ ਮੂਤਰ ਬੰਦ ਹੋ ਜਾਣ ਕਾਰਣ ਜੀਵਨ ੬ ਘੰਟੇ ਵੀ ਪੂਰੇ ਨਹੀਂ ਕਰ ਸਕਦਾ। ਜਬਾਨ ਦੀ ਕਦਰ ਗੁੰਗੇ ਨੂੰ ਹੁੰਦੀਏ, ਨੇਤ੍ਰਾਂ ਦਾ ਮੁਲ ਅੰਧੇ ਤੋਂ ਪੈ ਸਕਦਾ ਹੈ, ਪਰ ਲਿੰਗ ਉਪ ਲਿੰਗ ਬਾਰੇ ਪੁਛ ਕਿਸੇ ਹੀਜੜੇ ਤੋਂ। ਲਿੰਗ ਤੋਂ ਹੀਣ ਮਰਦ ਨੂੰ ਮਰਦ ਨਹੀਂ ਸਗੋਂ ਨਮਰਦ ਕਿਹਾ ਜਾਂਦਾ ਹੈ ਇਹ ਲਿੰਗ ਤੇ ਉਪਲਿੰਗ ਹੀ ਜਗਤ ਦਾ ਬੀਜ ਰੂਪ ਹਨ ਪੁਛੋ ਕਿਸੇ ਨਿਪੁਤੇ ਜੋੜੇ ਦੀ ਸਿਸਕਾਂ ਦਾ ਕਾਰਣ ? ਦੇਖੋ ਪੜਕੇ ਟ੍ਰਿਬਿਊਨ ਦੇ ਵਿਚ ਨਾਮੀ ਚਕਿਤਸਾ, ਡਾਕਟਰ ਬੀ: ਸਿਮ੍ਰਨ ਕੌਰ ਦਾ ਲਖ, ਜੋ ਜਣੇਪੇ ਤੇ ਹਮਲ ਦੇ, ਬਚੇ ਦਾਨੀ ਦੇ ਅਤੇ ਸੰਭੋਗ ਬਾਰੇ ਜਾਣਕਾਰੀ ਦਿੰਦੀ ਹੈ ਜੇ ਉਹ ਇਸ ਨੂੰ ਬੁਰਾ ਸਮਝਕੇ ਸੰਕੋਚ ਕਰ ਜਾਏ ਤਾਂ ਇਹ ਜਾਣ-ਕਾਰੀ ਤੋਂ ਵਾਂਝੇ ਹੀ ਰਹਾਂਗੇ।

ਇਸੇ ਤਰਾਂ ਸ੍ਰੀ ਦਸਮੇਸ਼ ਜੀ ਆਪਣੇ ਉਦੇਸ ਵਿਚ ਉਣਤਾਈ ਤੇ ਆਪਣੇ ਲਾਡਲੇ ਸਿਖਾਂ ਦਾ ਕੋਈ ਕੋਣਾਂ ਸੁਨਾਂ ਨਹੀਂ ਸੀ ਦੇਖਣਾ ਚਾਹੁੰਦੇ ਜਿਸ ਲਈ [ਦੇਹੀ ਨਗਰੀ ਨਉ ਦਰਵਾਜੇ ਸਿਰ, ਸਿਰ ਕਰਣੈ ਹਾਰੇ ਸਾਜੇ] ਪੰ: ੧੧੨੩। ਕਬੀਰ ਜੀ ਅਨੁਸਾਰ ਨਾਉਂ ਹੀ ਗੋਲਕਾਂ ਦਾ ਪੂਰਾ ਗਿਆਨ ਚਾਹੀਦਾ ਹੈ। ਸਾਂਤੀ ਦੇ ਪੁੰਜ ਬ੍ਰਹਮ ਗਿਆਨ ਦੇ ਸਿਖਰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਪਦੇਸ ਹੈ–

ਦਸ ਅਉਰਾਤ ਰਖਹੁ ਬਦ ਰਾਹੀ॥
ਪੰਚ ਮਰਦ ਸਿਦਕਿ ਲੇ ਬਾਦਹੁ
ਖੈਰਿ ਸਬੂਰੀ ਕਬੂਲ ਪਰਾ॥
ਪੰ: ੧੦੮੩। ਮ: ੫।

ਜੇ ਦਸ ਇੰਦ੍ਰੀਆਂ ਨੂੰ ਖੋਟੇ ਰਾਹ ਤੋਂ ਰੋਕ ਕੇ ਰਖੋ ਅਤੇ ਪੰਜੇ ਕਾਮਾਦਕ ਨੂੰ ਸਿਦਕ ਦੇ ਬਲ ਨਾਲ ਕਾਬੂ ਕਰੋ ਤਾਂ ਹੀ ਤੁਹਾਡੀ ਸੁਖ ਹੈ ਤੇ ਤਾਂ ਹੀ ਗੁਰੂ ਦੇ ਦਰ ਤੇ ਕਬੂਲ ਪਵੋਗੇ। ਕਿਉਂਕਿ–

ਮਨੂਆ ਡੋਲੈ ਦੂਤ ਸੰਗਤਿ ਮਿਲਿ
ਸੋ ਪਾਇ ਜੋ ਕਿਛੁ ਕੀਨਾ ਹੈ॥
ਪੰ: ੧੦੨੮। ਮ: ੧।

ਇਹਨਾਂ ਦੂਤਾਂ ਤੇ ਦੁਸਮਨਾਂ ਦੀ ਸੰਗਤਿ ਕਰਕੇ ਹੀ ਮਨ ਦਾ ਸੰਘਾਸਨ ਡੋਲਦਾ ਹੈ, ਜੋ ਇਹਨਾਂ ਦਾ ਪ੍ਰੇਰਿਆ ਬਦ ਰਾਹ ਵਲ ਪੈ ਤੁਰਦਾ ਹੈ ਅੰਤ ਜੋ ਕਰਮ ਇਹਨਾਂ ਦੇ ਵਸਿ ਹੋਕੇ ਕਰਦਾ ਹੈ ਉਸਦਾ ਫਲ ਆਤਮਾ ਨੂੰ ਅਵਸ਼ ਭੁਗਤਣਾ ਪੈਂਦਾ ਹੈ, ਜਿਸ ਸਤਗੁਰ ਸੰਤ ਪਾਸਕੁਝ ਗਿਆਨ ਚਰਚਾ ਕਰਨੀ ਪਏਗੀ [ਕਥੀਐ ਸੰਤ ਸੰਗ ਪ੍ਰਭ ਗਿਆਨ ਪੂਰਨ ਪਰਮ ਜੋਤਿ ਪਰਮੇਸੁਰ ਸਿਮ੍ਰਤ ਪਾਈਐ ਮਾਨੁ] ਪੰ: ੧੩੦੦ ਮ: ੫। ਦੇ ਮਹਾਂ ਬਚਨ ਅਨੁਸਾਰ ਸਾਨੂੰ ਮਨ ਨੂੰ ਨਾਲ ਲੈਕੇ ਸਤਿਗੁਰ ਦੀ ਹਜ਼ੂਰੀ ਚ ਹਾਜਰ ਹੋਣਾ ਪਏਗਾ ਜਦੋਂ ਅਸੀਂ ਉਸ ਤੋਂ ਗਿਆਨ ਦੀ ਪ੍ਰਾਪਤੀ ਲਈ ਬੇਨਤੀ

Digitized by Panjab Digital Library | www.panjabdigilib.org

ਕਰਾਂਗੇ ਤਾਂ ਸਾਨੂੰ ਬ੍ਰਹਮ ਗਿਆਨ ਦੇਣ ਵਾਲੇ, ਸਾਰੇ ਇੰਦ੍ਰਿਆਂ ਦਾ ਨਾਮ ਲੈਕੇ ਉਹਨਾਂ ਦੇ ਕਰਤਵ ਸਿਧੀ ਅਥਵਾ ਉਹਨਾਂ ਦੇ ਸਿਟੇ ਦਸਣੇ ਹੋਣਗੇ । ਮਸਾਲ ਦੇ ਤੌਰ ਪਰ--

[੧] ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇਕੇ
ਕਿਆ ਤੁਧੁ ਕਰਮ ਕਮਾਇਆ॥

[੨] ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨੁ ਅਵਰੁ ਨ ਦੇਖਹੁ ਕੋਈ॥

[੩] ਏ ਸਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥

[੪] 'ਨਉ ਦੁਆਰੇ ਪਰਗਟੁ ਕੀਏ ਭਾਵ ਨੌ ਗੋਲਕਾਂ'
ਨੌ ਦੁਆਰੇ ਭਾ: ਨੌ ਇੰਦਰੇ ਪ੍ਰਗਟ ਹਨ ਇਹਨਾਂ ਨੌਆਂ ਦਾ ਗਿਆਨ ਦੇਣ ਲਈ ਪਹਿਲਾਂ ਨੌਆਂ ਦਾ ਨਾਮ ਲੈਣਾ ਪਏਗਾ ਭਾਵੇਂ ਕੁਝ ਵੀ ਕਹ ਲੌ ਜੇ ਲਾਂਡ ਕਹ ਦਿਤਾ ਤਾਂ ਕੀ ਜੇ ਲਿੰਗ ਕਹ ਦਿਓ ਤਾਂਕੀ ? ਜੇ ਸ਼ਿਵ ਲਿੰਗ ਕਹ ਦੇਓ ਤਾਂ ਇਸੇ ਅਗੇ ਸਿਰ ਨਿਵਾਦੇ ਨੇ, ਪੂਜਾ ਹੁੰਦੀ ਹੈ, ਕੋਈ ਕਿਸੇ ਨੂੰ ਇਤਰਾਜ਼ ਕਰਨ ਦੀ ਹਿੰਮਤ ਨਹੀਂ । ਮਹੰਮਦੀ ਲੋਕ ਇਸੇ ਦੀ ਕਟ ਨੂੰ ਸੁੰਨਤਕ ਕਹਿੰਦੇ ਹਨ; ਸੁੰਨਤ ਵੇਲੇ ਕੀ ਮਾਤਾ ਕੀ ਭੈਣਾਂ ਸਾਰੇ ਰਿਸਤੇਦਾਰ ਜਸ਼ਨ ਮਨਾਂਦੇ ਹਨ, ਜੋ ਨਾਂ ਕਟਾਇ ਤਾਂ ਉਹ ਸਮਾਜਕ ਦੋਸ਼ੀ ਹੈ । ਜਿਸ ਤੇ ਸ੍ਰੀ ਦਸਮੇਸ਼ ਜੀ ਵਾਂਗ ਹੀ ਕਬੀਰ ਜੀ ਨੇ ਵਿਅੰਗ ਕਸਿਆ ਹੈ ਅਤੇਕਹਿੰਦੇ ਨੇ—

ਸਕਤਿ ਸਨੇਹੁ ਕਰਿ ਸੁੰਨਤਿ
ਕਰੀਐ ਮੈਨ ਬਦਉਗਾ ਭਾਈ ।
ਜਉਰੇ ਖੁਦਾਇ ਮੋਹਿ ਤੁਰਕ
ਕਰੈਗਾ ਆਪਨਹੀ ਕਟਿ ਜਾਈ ।੨।
ਸੁੰਨਤਿ ਕੀਏ ਤੁਰਕੁ ਜੇ ਹੋਇਗਾ
ਅਉਰਤ ਕਾ ਕਿਆ ਕਰੀਐ ।
ਅਰਧ ਸਰੀਰੀ ਨਾਰਿ ਨ ਛੋਡੈ
ਤਾਤੇ ਹਿੰਦੂ ਹੀ ਰਹੀਐ ।੩।
ਪੰ: ੪੭੨ ।

ਹਿੰਦੂਆਂ 'ਚ ਧਰਮ ਮੰਦਰ ਕਹਿੰਦੇ ਹੀ ਉਸਨੂੰ ਹਨ ਜਿਸ ਵਿਚ ਸ਼ਿਵਲਿੰਗ ਹੋਵੇ ਨਾਮਦੇਵ ਜੀ ਦਾ ਕਥਨ ਹੈ (ਦੇਵਲ ਮਧੇ ਲੀਗੁ ਆਛੈ) ਅਛਾ ਲਗਦਾ ਹੈ ਜੇ ਕਰ ਸ਼ਿਵਲਿੰਗ ਦੀ ਉਥਾਨਕਾ ਜਾਨਣਾ ਚਾਹੋ ਤਾਂ ਦੇਖੋ ਇਸੇ ਕਲਮ ਦੇ ਲੇਖ ਖਿਆਲੀ ਪਲਾਉ ਨਾਮਕ ਪੁਸਤਕ ਜਾਂ ਸ੍ਰੀ ਬਾਲਮੀਕੀ ਰਾਮਾਇਣ ਤਕੋ ਗਹੁ ਨਾਲ ਸਾਡਾ ਹਥ ਵੀ ਸਾਡਾ ਇਕ ਅੰਗ ਹੈ ਜੇ ਇਸਨੂੰ ਹੱਥ ਕਹਿ ਲੌ ਤਾਂ ਕੀ ਜੇ ਦਸਤ ਕਹਿ ਲਉ ਤਾਂ ਕੀ ਫਰਕ ਪਿਆ ਜਾਂ ਕਰ ਕਹਿਣ ਨਾਲ ਕੀ ਕੁਝ ਵਿਗੜਦਾ ਹੈ, ਹਿੰਦੂ ਰਾਮ ਕਹਿੰਦਾ ਹੈ, ਮੁਸਲਮਾਨ ਖੁਦਾ ਕਹਿਣ ਤੇ ਡਰਦਾ ਹੈ ਤੇ ਮੋਮਨ ਰਾਮ ਕਹਿਣ ਤੋਂ ਝਿਜਕਦਾ ਹੈ ਸਤਿਗੁਰਾਂ ਨੇ ਮੈਦਾਨ ਹੀ ਪੱਧਰ ਕਰ ਦਿਤਾ ਹੈ ।

ਕਰਤਾ ਕਰੀਮ ਸੋਈ ਰਾਜ਼ਕ
ਰਹੀਮ ਓਈ ਦੂਸਰੋ ਨ
ਭੇਦ ਕੋਈ ਭੂਲ ਭ੍ਰਮ ਮਾਨਬੋ ।
ਪੰ: ੧੯ । ਪੰ: ੧੦ ।

ਬ੍ਰਹਮ ਗਿਆਨ ਸੂਰਜ ਅਗੇ ਦ੍ਰਿਸ਼ਟ ਬਿਕਾਰੀ ਤੇ ਭ੍ਰਮ ਦੋਵੇ ਐਉਂ ਹਰਨ ਹੋ ਜਾਂਦੇ ਨੇ ਜਿਵੇਂ ਸੂਰਜ ਅਗੇ ਰਾਤ ਦਾ ਹਨੇਰਾ ਖਲੋ ਨਹੀਂ ਸਕਦਾ ।

ਮਹਾਂ ਬਚਨ ਹੈ—

ਦ੍ਰਿਸਟਿ ਬਿਕਾਰੀ ਦੁਰਮਤਿ
ਭਾਗੀ ਐਸਾ ਬ੍ਰਹਮ ਗਿਆਨ ॥
ਪੰ: ੧੩੨੮ । ਮ: ੧ ।

ਦ੍ਰਿਸਟ ਬਿਕਾਰੀ ਨੂੰ ਦਬੌਣ ਲਈ ਸਾਡੇ ਸੁਘੜ ਤੇ ਸੁਜਾਨ ਬੁਧੀਜੀਵੀ ਪੁਰਸੋਤਮਾਂ ਵਲੋਂ ਇਹਨਾਂ ਸ਼ਬਦਾਂ ਦੀ ਆਮ ਬਰਤੋਂ ਤੇ ਇਸ ਲਈ ਬੈਣ ਲਗਾਇਆ ਗਿਆ ਹੈ ਤਾਂਕੇ ਅਲ੍ਹੜ ਬੁਧੀ ਤੇ ਉਤੇਜਨਾ ਭਾਰੂ ਨਾਂ ਹੋ ਸਕੇ ਪਰ ਬ੍ਰਹਮਗਿਆਨ ਨੇ ਤਾਂ ਉਤੇਜਨਾ ਦੀ ਮਿਟੀ ਹੀ ਸਮੇਟ ਦੇਣੀ ਹੈ ਤਾਂ ਫੇਰ ਇਹ ਹਥਿਆਰ ਬ੍ਰਹਮ ਗਿਆਨ ਵਲ ਕਿਉਂ ਵਰਤਿਆ ਜਾਏ ।

ਆਪੇ ਪੁਰਖੁ ਆਪੇ ਹੀ ਨਾਰੀ ।
ਆਪੇ ਪਾਸਾ ਆਪੇ ਸਾਰੀ ।
ਆਪੇ ਪਿੜ ਬਾਧੀ ਜਗੁ ਖੇਲੇ
ਆਪੇ ਕੀਮਤ ਪਾਈ ਹੇ ।੫।
ਪੰ: ੧੦੨੦ ।੧।

ਫੇਰ ਇਹ ਇੰਦ੍ਰੀਆਂ ਕਿਸ ਤੋਂ ਬਣੀਆਂ, ਜੇ ਪ੍ਰਭੂ ਦੀ ਯੋਜਨਾ ਬਧਿ ਵਸਤੂਹੈ ਅਤੇ ਕਾਮਵਾਸਨਾਂ ਯੋਜਤ ਕੀਤੀ ਤਾਂ ਕਿਉਂ, ਕੀ ਇਹ ਬੇ ਲੋੜੀ ਵਸਤੂ ਹੈ ?

ਇੰਦ੍ਰੀ ਧਾਤ ਸਬਲ ਕਹੀਅਤ ਹੈ ਇੰਦ੍ਰੀ ਕਿਸ ਤੇ ਹੋਈ ? ਜਿਸ ਦਾ ਉਤ੍ਰ ਹੈ—

Digitized by Panjab Digital Library | www.panjabdigilib.org

ਸਭ ਅੰਤਰਜਾਮੀ ਬ੍ਰਹਮ ਹੈ
ਬ੍ਰਹਮੁ ਵਸੈ ਸਭ ਥਾਇ।
ਮੰਦਾ ਕਿਸ ਨੂੰ ਆਲੀਐ
ਸਬਦ ਵੇਖਹੁ ਲਿਵ ਲਾਇ।
ਪੰ: ੭੫੭। ਮ:੧।

ਜਦੋਂ ਅਸੀਂ ਇਸ ਸਬਦ ਦੀ ਪ੍ਰਭਾਸ਼ਾ ਸਮਝ ਗਏ ਫੇਰ(ਕਿਆ ਨਾਂਗੇ ਕਿਆ ਬਾਂਧੇ ਚਾਮ)ਗਉੜੀ ਕਬੀਰ ਜੀ ਅਨੁਸਾਰ ਕੀ ਅਸੀਂ ਸਾਰੇ ਹੀ ਅਠ ਦਸ ਵਰੇ ਤਕ ਨੰਗਮ ਨੰਗੇ ਨਹੀਂ ਫਿਰੀ ਤੁਰੀ ਜਾਂਦੇ ?

ਗੁਰਬਾਣੀ ਦਾ ਮਹਾਂ ਬਚਨ ਹੈ–

ਆਵਹਿ ਨੰਗੇ ਜਾਂਹਿ
ਨੰਗੇ ਵਿਚੇ ਰਰਹਿ ਵਿਥਾਰ।

ਜਦੋਂ ਤ੍ਰੈਗੁਣੀਜਗਤ ਦੀ ਸੁਰਤਿ ਆਈ ਤਾਂ ਨੌਆਂ ਘਰਾਂ ਵਿਚ ਭੁਲਕੇ ਰੁਲ ਗਏ ਜਦੋਂ ਕਾਮਲ ਗੁਰੂ ਦਾ ਮੇਲ ਹੋ ਗਿਆ ਤਾਂ ਬੁਧ ਬਦਲੀ ਤੇ ਸੁਧ ਆਈ ਫੇਰ ਚੌਥੇ ਪਦ ਤੇ ਦਸਵੇਂ ਦੁਆਰ ਦੀ ਸੋਝੀ ਹੋਈ ਤਾਂ ਹੁਣ ਜਾਪਿਆ ਕਿ ਇਹ ਨੌਂ ਦਰ ਤਾਂ ਐਵੇਂ ਭੁਲ ਭਲੀਆਂ ਹੀ ਹਨ। ਅਸਲ ਤਤ ਸਰੂਪ ਵਸਤੂ ਤਾਂ ਦਸਮੇ ਦਰ ਦੇ ਖੁਲਣ ਨਾਲ ਹੀ ਪ੍ਰਾਪਤਿ ਹੋਣੀ ਹੈ--

ਨਉ ਘਰ ਦੇਖ ਜੁ ਕਾਮਨਿ
ਭੂਲੀ ਬਸਤਅਨੂਪ ਨ ਪਾਈ।
ਕਹਤੁ ਕਬੀਰ ਨਵੈ ਘਰ
ਮੂਸੇ ਦਸਵੈ ਤਤੁ ਸਮਾਈ
।੩।੨੨।੭੩। ਗਉੜੀ।

ਰਜ ਗੁਣ ਤਮ ਗੁਣ ਸਤ ਗੁਣ,
ਕਹੀਐ ਇਹ ਤੇਰੀ ਸਭ
ਮਾਇਆ। ਚਉਥੇ ਪਦ ਕਉ
ਜੋਨਰ ਚੀਨੈ ਤਿਨੀ ਪਰਮ ਪਦੁ ਪਾਇਆ।
ਪੰ: ੧੧੨੩। ਮ: ੫।

ਜਦੋਂ ਚੌਥੀ ਮੰਜਲ ਤੇ ਪੁਜ ਗਏ-ਤਾਂ ਦਿਸੇਗਾ ਕਿ ਇਸਤਰੀ ਕੌਣ ਹੈ, ਅਤੇ ਭੋਗਣ ਵਾਲਾ ਕੌਣ ਹੈ। ਇਹ ਸਭੋ ਕੁਝ ਮਨ ਦ ਵਿਕਾਰ ਹਨ ਜਿਸ ਨੂੰ ਗੁਰੂ ਦੇ ਸ਼ਬਦ ਦੁਆਰਾ ਸਮਝਾਉਣਾ ਹੈ, ਜਿਸਦੀ ਸਮਝ ਵਿਚ ਆ ਗਿਆ ਉਹਨਾਂ ਦੇ ਭ੍ਰਮ ਦਾ ਸਾਇਆ ਕਾਫੂਰ ਹੋ ਗਿਆ। ਗੁਰੂ ਜੀ ਕਹਿੰਦੇ ਹਨ--

ਨਾਨਕ ਮਨੁ ਸਮਝਾਈਐ
ਗੁਰੂ ਕੈ ਸਬਦਿ ਸਾਲਾਹ।
ਰਾਮ ਨਾਮ ਰੰਗਿ ਰਤਿਆ
ਭਾਰੁ ਨ ਭਰਮੁ ਪਿਨਾਹ।੪।੨੩।
ਆਪੇ ਰਸੀਆ ਆਪਿ ਜਸੁ
ਆਪੇ ਰਾਵਣ ਹਾਰੁ।
ਆਪੇ ਹੋਵੈ ਚੋਲੜਾ
ਆਪੇ ਸੇਜ ਭਤਾਰੁ।੧।
ਪੰ: ੨੩। ਮ ੧।

(੩੮) ਤੀਜੀ ਮੰਜ਼ਲ ਦੇ ਉਤੇ ਚੌਬਾਰਾ :-

[ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਸਣ ਸਚੁ ਨਾਮੁ]

ਪੰ: ੧੧੬੮।੧। ਅਖਾਂ ਨਾਲ ਉਸ ਪ੍ਰਮ ਸ਼ਕਤੀ ਮਾਨ ਦੀ ਕੁਦਰਤਿ ਨੂੰ ਤਕਣਾਂ ਤੇ ਕੰਨਾਂ ਨਾਲ ਉਸਦੀ ਅਨੂਪਮ ਉਪਮਾ ਵਿਚ ਬੋਲੀ ਜਾਂਦੀ ਬਾਣੀ ਨੂੰ ਸੁਨਣਾ ਤੇ ਮੁਖ ਨਾਲ ਉਸ ਸਚੇ ਦੇ ਨਾਮ ਨੂੰ ਕਥਨ ਕਰਨਾ ਭਾ:ਸਿਮਰਨਾ। ਇਹ ਹਨ ਭਗਤੀ ਦੇ ਪਹਿਲੇ ਅਰੰਭਕ ਅੰਗ, ਅਗੇ ਇਹਨਾਂ ਨਾਲ ਸਾਨੂੰ ਭਗਤੀ ਦੇ ਸ਼ੁਭ ਵਿਚਾਰ ਲਈ ਸਤ–ਸੰਗ-ਗ੍ਰੰਥਾਂ ਦੀ ਵਿਚਾਰ ਤੇ ਗੁਰੂ ਦੇ ਗਿਆਨ ਨੂੰ ਪਾਕੇ ਸਫਲਤਾ ਪ੍ਰਾਪਤ ਕਰ ਸਕਦੇ ਹਾਂ। ਇਸੇ ਤਰ੍ਹਾਂ-ਸਾਨੂੰ ਤੀਜੀ ਮੰਜ਼ਲ ਦੇ ਉਪਰਲੇ ਚੌਬਾਰੇ ਤੇ ਪੁਜਣ ਲਈ ਵੀ ਕੁਝ ਨੀਯਮ ਹਨ। ਜਦੋਂ ਕੇ ਅਸੀਂ ਕਾਲਜਾਂ ਦੀ ਵਿਦਿਆ ਪੜ੍ਹਕੇ ਕੁਝ ਪੁਸਤਕਾਂ ਵਾਚ ਕੇ ਲੇਖ ਲਿਖਣੇ ਅਰੰਭ ਦਿੰਦੇ ਹਾਂ ਕਿ ਵੇਦ ਨਹੀਂ ਪੜ੍ਹਨੇ ਸ਼ਾਸਤ੍ਰ ਨਹੀਂ ਤਕਣੇ, ਪੁਰਾਣਾ ਆਦਕ ਦੀ ਉਧਾਰਨ ਨਹੀਂ ਵਰਤਣੀ ਇਹ ਕੱਚੀ ਬਾਣੀ ਹੈ। ਕਚੀ ਬਾਣੀ ਉਹ ਹੈ-ਜਿਸ ਵਿਚ ਦਵੈਤਵਾਦ ਅਤੇ ਨਿਗੁਰੇ ਲੋਕਾਂ ਦੀ ਉਚਾਰੀ ਹੋਈ ਹੈ ਜੋ ਨਿਗੁਰੇ ਕਿਸੇ ਪੂਰਨ ਗੁਰੂ ਦੀ ਸੋਭਾ ਤੋਂ ਖਾਲੀ ਹਨ, ਜਿਸ-ਸਦਕਾ ਅਸੀਂ ਹਰਿ ਦੇ ਭਗਤਾਂ ਨੂੰ ਵੀ ਨਿੰਦ ਜਾਂਦੇ ਹਾਂ।

ਹਰਿ ਕੀ ਭਗਤਿ ਕਰਹਿ ਤਿਨ
ਨਿੰਦਹਿ ਨਿਗੁਰੇ ਪੜ੍ਹ ਸਮਾਨ।
ਪੰ: ੧੧੩੯। ਮ: ੫।

ਸ਼ਾਸਤ੍ਰ ਬੇਦ ਦੀ ਬਿਧਿ ਨੂੰ ਜਾਨਣਾ ਹੈ ਐਵੇਂ ਵੇਲਣਾ, ਘੋਟਣਾ ਹਥ ਲੈਕੇ ਪਿੱਛੇ ਨਹੀਂ ਪੈ ਜਾਣਾ, ਮਿਥਿਹਾਸ ਦਾ ਘੋੜਾ ਨਹੀਂ ਦੱਬੀ ਰਖਣਾ।

ਸਾਸਤ੍ਰ ਬੇਦ ਕੀ ਬਿਧਿ ਨਹੀਂ

Digitized by Panjab Digital Library | www.panjabdigilib.org

ਜਾਣਹਿ ਬਿਆਪੇ ਮਨਕੈ ਮਾਨ ।
ਪੰ: ੧੨੫੩ । ਮ: ੫ ।

ਆਉ ਬਿਧਿ ਦੇ ਵੀ ਦਰਸ਼ਨ ਕਰੀਏ-

ਰਜ ਗੁਣ ਤਮ ਗੁਣ ਸਤ ਗੁਣ
ਕਹੀਐ ਇਹ ਤੇਰੀ ਸਭ ਮਾਇਆ ।

ਭਾ: ਹਰੇਕ ਮਨੁਖ ਕੀ ਇਸਤ੍ਰੀ ਤਿਨਾਂ ਦੇ ਵਿਚ ਹੀ ਵਿਚਰਦਾ ਹੈ ਜੋ ਬਚਪਨ ਤੋਂ ਹੀ ਇਸ ਜੀਵ ਨੂੰ ਆਪ ਨੂੰ ਵਡਪ ਦੀ ਲਪੇਟ ਵਿਚ ਲੈ ਲੈਂਦਾ ਹੈ ਇਹ ਰਜਗੁਣ ਦੇ ਬਲਦਾ ਯੋਜਤ ਹੋ ਜਾਣਾ ਹੈ-ਫੇਰ-ਇਹ ਆਪ ਤੋਂ ਦੂਜਿਆਂ ਨੂੰ ਛੋਟੇ ਜਾਣ ਕੇ ਅਤੇ ਨੀਵੇਂ ਸਮਝਦਾ ਹੋਇਆ ਈਰਖਾ, ਸਾੜਾ ਤੇ ਨਫਰਤ ਨਾਲ ਕ੍ਰੋਧ ਤੇ ਹੰਕਾਰ ਦੇ ਵਸਿ ਪੈ ਜਾਂਦਾ ਹੈ-ਉਹ ਤਮੋਗੁਣੀ ਅਵਸਥਾ ਲੈ ਲੈਂਦਾ ਹੈ ਫੇਰ ਜਦੋਂ ਉਸਨੂੰ ਚੌਥੇ ਪਦਵੀ ਅਜੇ ਸ੍ਵਹ ਹੀ ਮਿਲਦੀ ਹੈ-ਤਾਂ ਉਸਦੀ ਪ੍ਰਾਪਤੀ ਲਈ ਪੁਨ ਦਾਨ ਕਰਮ ਧਰਮ ਜਾਂ ਵੈਰਾਗੀ ਹੋਕੇ ਗ੍ਰਹਸਥ ਤਿਆਗ ਭਯਾ ਬਨਬਾਸੀ ਹੋ ਜਾਂਦਾ ਹੈ ਉਸ ਵੇਲੇ ਉਹ ਸਤ ਬਾਣੀ ਦਿਸਾ ਵਲ ਵਧਦਾ ਹੈ-ਪਰ ਗੁਰਮਤਿ ਸਾਨੂੰ ਸਾਰੇ ਇੰਦਰੇ ਤੇ ਆਪਣੇ ਕਰਤਵ ਦੀ ਸਵੈ ਪੂਰਤੀ ਕਰਦੇ ਹੋਇਆਂ ਸਹਿਜ ਅਵਸਥਾ ਚੌਥੀ ਮੰਜ਼ਲ ਤਿੰਨ ਗੁਣਾਂ ਤੋਂ ਉਪਰਲੇ ਚੌਬਾਰੇ ਦੇ ਦਰ ਖਲੌਂਦੀ ਹੈ ਅਤੇ ਦਸਦੀ ਹੈ, ਉਹ ਹੈ

ਚਉਥੇ ਪਦ ਕਉ ਜੋ ਨਰੁ ਚੀਨੈ
ਤਿਨ ਹੀ ਪਰਮ ਪਦੁ ਪਾਇਆ ।੨।

ਜੇਕਰ ਕਿਸੇ ਸੁਭਾਗ ਕਰਕੇ ਪ੍ਰਮ ਪਦ ਤੀਜੀ ਮੰਜ਼ਲ ਦੇ ਚੌਬਾਰੇ ਤੇ ਪੁਜ ਜਾਂਦੇ ਹਾਂ ਤਾਂ ਕੀ ਨਿਚਲੀਆਂ ਤਿੰਨੇ ਮੰਜ਼ਲਾਂ ਨੂੰ ਢਾਹ ਢੇਰੀ ਕਰ ਦਿਆਂਗੇ, ਫੇਰ ਤੁਹਾਡੀ ਚੌਥੀ ਮੰਜ਼ਲ ਨਿਚਲੀਆਂ ਤਿੰਨਾਂ ਮੰਜ਼ਲਾਂ ਤੋਂ ਬਿਨਾਂ ਖਲੋ ਸਕਦੀਆਂ ਹਨ । ਉਤ੍ਰ ਨਹੀਂ ਵਿਚ ਆਇਗਾ । ਅਸੀਂ ਤਿੰਨਾਂ ਮੰਜਲਾਂ ਨੂੰ ਤੋੜਨਾ ਵੀ ਨਹੀਂ, ਉਹਨਾਂ ਵਿਚ ਵਸਣਾ ਵੀ ਨਹੀਂ ਸਗੋਂ ਉਹਨਾਂ ਤੋਂ ਕੰਮ ਲੈਣਾ ਹੈ । ਪਹਿਲਾਂ ਅਸੀਂ ਪਹਿਲੀ ਮੰਜਲ ਵਿਚ ਦਾਖਲ ਹੋਵਾਂਗੇ ਪਰ ਉਸ ਨਾਲ ਜੁੜ ਨਹੀਂ ਜਾਣਾ । ਉਸ ਦੇ ਅੰਦਰ ਦਾਖਲ ਹੋਣਾ ਹੈ ਉਸ ਦੇ ਅੰਦਰ ਜੀਨਾ ਹੋਵੇਗਾ ਜਿਸ ਨੂੰ ਗਿਆਨ ਦੇ ਚਾਨਣ ਪ੍ਰਕਾਸ ਨਾਲ ਤਕਕੇ ਮਲਕੜੇ-ਮਲਕੜੇ ਉਸ ਜੀ ਨੇ ਦੀਆਂ ਪਉੜੀਆਂ ਉਤੇ ਪੈਰ ਟਿਕਾਉ ਦੇ ਹੋਇ ਦੂਜੀ ਮੰਜਲ ਲਭੇਗੀ, ਉਸ ਦੇ ਅੰਦਰ ਇਕ ਹੋਰ ਜ਼ੀਨਾ ਆ ਜਾਇਗਾ, ਇਸੇ ਤਰਾਂ ਤਿਨਾਂ ਮੰਜਲਾਂ ਦੀ ਗਹਿਰਾਈ ਤੇ ਉਚਾਈ ਅਤੇ ਇਸ ਦੇ ਚਾਰੇ ਕੋਣੇ ਤਕ ਕੇ ਇਹਨਾਂ ਦੇ ਜ਼ਿਰਿਆ ਚੌਥੇ ਚੋਬਾਰੇ ਤੇ ਪੁਜ ਜਾਵਾਂਗੇ । ਨਿਚਲੀਆਂ ਮੰਜਲਾਂ ਵੇਖਣੀਆਂ ਹਨ ਵਿਚੀ ਲਘਣਾ ਹੈ । ਗੁਜਰਨਾ ਨੂੰ ਪਰ ਉਹਨਾਂ ਵਿਚ ਰਿਹਾਇਸ ਨਹੀਂ ਜਮਾਉਣੀ, ਉਹਨਾਂ ਨਾਲ ਦਿਲੀ ਨਹੀਂ ਜਟਾਲੈਣਾਂ, ਅਤੇ ਉਹਨਾਂ ਤੇ ਉਪਰਲੇ ਚੌਬਾਰੇ ਵਿਚ ਆਸਣ ਜਮਾ ਲੈਣੇ ਹਨ, ਪਰ ਨੀਚੇ ਉਤਰਨ ਤੇ ਉਪਰ ਪੁਜਣ ਲਈ ਕੰਮ ਇਹਨਾਂ ਨਿਚਲੀਆਂ ਮੰਜਲਾਂ ਨਹੀਂ ਦੇਣਾ ਹੈ । ਕੀ ਛੇ ਕਰਮ ਦਾਨ ਦੇਣਾ, ਲੰਗਰ ਲਾਉਣੇ ਜਾ ਲਵਾਣੇ, ਇਸਨਾਨ ਕਰਨੇ ਜਾਂ ਕਰਵਾਉਣੇ ਛੱਡ ਦਿਆਂਗੇ ? ਇਹ ਸਭ ਕੁਝ ਕਰਦਿਆਂ ਆਹ ਛੱਡਣ ਵਾਲੀਆਂ ਵਸਤਾਂ ਤਿਆਗਣੀਆਂ ਹਨ ।

ਉਸਤਤਿਨਿੰਦਾ ਦੋਊਬਿਬਰਜਿਤ
ਤਜਹੁ ਮਾਨੁ ਅਭਿਮਾਨਾ ।
ਲੋਹਾ ਕਚੰਨੁ ਸਮ ਕਰਿ
ਜਾਨਹਿ ਤੇ ਮੂਰਤਿ ਭਗਵਾਨਾ ।੧।
ਤੇਰਾ ਜਨੁ ਏਕੁ ਆਧੂ ਕੋਈ ।
ਕਾਮੁ ਕ੍ਰੋਧ ਲੋਭ ਮੋਹੁ ਬਿਬ੍ਰਜਿਤ
ਹਰਿ ਪਦੁ ਚੀਨੈ ਸੋਈ ।੨।
ਤੀਰਥ ਬਰਤ ਨੇਮ ਸੁਚਿ
ਸੰਜਮ ਸਦਾ ਰਹੈ ਨਿਹਕਾਮਾ ।
ਤ੍ਰਿਸਨਾ ਅਰੁ ਮਾਇਆ ਭ੍ਰਮੁ
ਚੂਕਾ ਚਿਤਵਤ ਆਤਮ ਰਾਮਾ ।੩।
ਜਿਹਮੰਦਿਰਿ ਦੀਪਕੁ ਪ੍ਰਗਾਸਿਆ
ਅੰਧਕਾਰੁ ਤਹ ਨਾਸਾ ।
ਨਿਰਭਉ ਪੂਰਿਰਹੇ ਭ੍ਰਮ ਭਾਗਾ ।
ਕਹਿ ਕਬੀਰ ਜਨ ਦਾਸਾ ।੪। ਪੰ: ੧੧੨੩

ਕਿਸੇ ਮਹਾਂ ਪੁਰਸ਼ ਨੇ ਇੰਦਰੇ ਤਨ ਨਾਲੋਂ ਲਾਹ ਕੇ ਨਹੀਂ ਵਗਾਹ ਮਾਰੇ ਨਾਂ ਹੀ ਕਿਤੇ ਇੰਦ੍ਰਿਆਂ ਦੀ ਬਰਤੋਂ ਬਿਵਰਜਤ ਹੈ ਸਗੋਂ ਲੋੜ ਹੈ ਇੰਦ੍ਰਿਆਂ ਨੂੰ ਸਹੀ ਸੇਧ ਤੇ ਤੋਰਨ ਦੀ ।

ਦੇਇ ਕਿਵਾੜ ਅਨਿਕ ਪੜਦੇ
ਮਹਿ ਪਰਿ ਦਾਰਾ ਸੰਗ ਫਾਕੈ ।
ਚਿਤ੍ ਗੁਪਤੁ ਜਬ ਲੇਖਾ ਮਾਗਹਿ

Digitized by Panjab Digital Library | www.panjabdigilib.org

ਤਬ ਕਉਨ ਪੜਦਾਂ ਤੇਰਾ ਢਾਕੈ।

ਪੰ: ੬੧੬। ਮ: ੫।

ਦੇਖੋ ਇਸਦਾ ਖੁਲਾਸਾ ਦ੍ਰਿਸ਼ਟਾਂਤ ਸਹਿਤ)ਸਲੀਖਾਂ ਤੇ ਯੂਸਫ) ਨਿਰਨੇ ਦਾ ਨਿਰਨਾ ਪੰ: ੨੩੪ ਚਰਿਤ੍ ਪਖਿਯਾਨੇ ਲਿਖਣ ਦਾ ਕਾਰਣ ਅਤੇ ਸੰਦ੍ਰਵ ਪੰ: ੧੭੮। ਜਿਨ੍ਹਾਂ ਵਿਚ ਸੰਕੇਤ ਦਿਤੇ ਹਨ ਕਿ ਜਦੋਂ ਤਕ ਅਸੀਂ ਨਿਚਲੀਆਂ ਤਿੰਨਾਂ ਮੰਜਲਾਂ ਦੇ ਵਿਚ ਹੀ ਵਸਦੇ ਰਵਾਂਗੇ ਉਦੋਂ ਤਕ ਸਾਡਾ ਮਨ ਇੰਦ੍ਰਿਆਂ ਨੂੰ ਟਿਕਾਉਣ ਲਈ ਸਾਮਰਥ ਨਹੀਂ ਹੋ ਸਕਦਾ, ਜਦੋਂ ਤਕ ਇੰਦ੍ਰਿਆਂ ਦੇ ਵਸੀਕਰਣ ਵਿਚ ਹੈ ਉਦੋਂ ਤਕ ਤ੍ਰਿਗੁਣੀ ਸੰਸਾਰ ਦੇ ਹੀ ਵਾਸੀ ਰਹਾਂਗੇ।

ਇੰਦ੍ਰੀ ਦਸੇ ਫੁਨਿ ਧਾਵਤ ਤਰੈ
ਗੁਣੀਆ ਖਿਨ ਨ ਟਿਕਾਵੈਗੋ।

ਪੰ: ੧੩੧੦।

ਸਾਡੇ ਸਰਵੋਤਮ ਮਹਾਨ ਸੁਘੜ ਸ੍ਰੀ ਦਸਮੇਸ਼ ਪਿਤਾ ਨੇ ਆਪਣੇ ਦੁਲਾਰੇ ਸਿੰਘਾਂ ਤੇ ਸਹਿਜਧਾਰੀ ਸ਼ਰਧਾਲੂਆਂ ਲਈ ਬੜੇ ਹੀ ਗੂੜੇ ਤੇ ਸੁਚਜੇ ਢੰਗ ਨਾਲ ਇੰਦ੍ਰੀਆਂ ਦੇ ਲਾਭ ਤੇ ਦੋਸ਼ ਦਸਕੇ ਇਹਨਾਂ ਨੂੰ ਦਮਨ ਕਰਨ ਦਾ ਉਹ ਫਲਾਸਫਾਨਾਂ ਗੂੜ ਮੰਤ੍ ਦਿਤਾ ਹੈ। ਜੋ ਸ੍ਰੀ ਦਸਮੇਸ਼ ਜੀ ਦੀ ਸਰਬਗਤ ਤੇ ਅਨਭਵੀ ਗਿਆਨ ਦਾ ਇਕ ਚਮਤਕਾਰੀ ਸੂਰਜ ਪ੍ਰਗਟ ਕਰਦਾ ਹੈ। ਜਿਵੇਂ ਸ੍ਰੀ ਗੁਰੂ ਰਾਮ ਦਾਸ ਜੀ ਇਹਨਾਂ ਦਸਾਂ ਇੰਦ੍ਰਿਆਂ ਨੂੰ ਚੋਰ ਕਹਿਕੇ, ਇਹਨਾਂ ਦੇ ਦਾਉ ਘਾਉ ਤੋਂ ਚੌਕੰਨੇ ਕਰਦੇ ਕਹਿੰਦੇ ਹਨ–ਕਿ ਸਾਰਾ ਤਨ (ਸਰੀਰ) ਇਕ ਘਰ ਹੈ ਜਿਸ ਦੇ ੧੦ ਇੰਦਰੇ ਦਸ ਦਰਵਾਜੇ। ਹਨ ਤੁਸਾਂ ਚੈਤਨ ਹੋਕੇ ਦਰਾਂ ਤੇ ਪੈਹਰੇਦਾਰ ਹੋਕੇ ਚੌਕੰਨੇ ਰਹਿਣਾਂ ਪਤਾ ਨਹੀਂ ਪੰਜ ਜੋ ਚੋਰਾਂ ਦਾ ਕਾਫਲਾ ਹੈ ਉਹ ਕਿਸ ਵੇਲੇ ਇਹਨਾਂ ਦਰਾਂ ਵਿਚ ਦਾਖਲ ਹੋਕੇ ਤੁਹਾਡਾ ਘਰ ਲੁਟ ਕੇ ਲੈ ਜਾਣ। ਬਚਨ ਹੈ–

ਏਕ ਗਿਰਹੁ ਦਸ ਦੁਆਰ ਹੈ ਜਾਕੇ
ਅਹਿਨਿਸਿ ਤਸਕਰ ਪੰਚ ਚੋਰ ਲਗੀਆ।
ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ
ਮਨਮੁਖ ਅੰਧੁਲੇ ਖਬਰਿ ਨ ,ਪਈਆ।
ਕੰਚਨ ਕੋਟੁ ਬਹੁ ਮਾਣਕਿ ਭਰਿਆ
ਜਾਗੇ ਗਿਆਨ ਤਤਿ ਲਿਵ ਲਈਆ।
ਤਸਕਰ ਹੇਰੂ ਆਇ ਲੁਕਾਨੇ ਗੁਰ ਕੈ
ਸਬਦਿ ਪਕੜਿ ਬਧਿ ਪਈਆ।੩।

ਪੰ: ੮੩੩। ਮ: ੪।

ਦਸਾਂ ਇੰ ਦ੍ਰਆਂ ੨੫ ਪ੍ਰਕ੍ਰਤੀਆਂ ਅਤੇ ਪੰਜਾਂ ਚੋਰਾਂ ਨੂੰ ਕਾਬੂ ਕਰਨ ਵਾਲੀ ਤੇ ਬਬੇਕ ਅਬਬੇਕਾ ਦਾ ਪੂਰਨ ਪ੍ਰੀਚਯ ਦੇਣ ਵਾਲੀ ਬਾਣੀ ਪੜੇ ਪੁਰਨ ਸਤਗੁਰਾਂ ਦਾ ਪੂਰਾ ਗਿਆ। ਸ੍ਰੀ ਦਸਮ ਗ੍ਰੰਥ ਪੰ: ੬੯੮ ਤੋਂ ੭੧੬ ਤਕ ਆਪ ਦਸਦੇ ਹਨ ਕਿ–

ਆਦਿ ਪੁਰਖ ਜਬ ਸੰਭਾਰਾ।
ਆਪ ਰੂਪ ਮੈ ਆਪ ਨਿਹਾਰਾ।
ਓਅੰਕਾਰ ਕਹ ਇਕਦਾ ਕਹਾ।
ਭੂਮਿ ਅਕਾਸ ਸਕਲ ਬਨਿ ਰਹਾ।੧੦੮।
ਤੇਰੇ ਜੋਰ ਦਾਹਿਨ ਦਿਸ ਤੇ ਸਤਿ ਉਪਜਾਵਾ।
ਬਾਮ ਪਰਸ ਤੇ ਝੂਠ ਬਨਾਵਾ।
ਉਪਜਤ ਹੀ ਉਠਿ ਜੁਝੇ ਜੁਝਾਰਾ।
ਤਬ ਤੇ ਕਰਤ ਜਗਤ ਮੈ ਰਾਹਾ।੧੦੯।
ਸਹੰਸ ਬਰਖ ਜੋ ਆਯੂ ਬਢਾਵੈ।
ਸਹੰਸ ਬਰਖ ਜੋ ਆਯੂ ਬਢਾਵੈ।
ਰਸਨਾ ਸਹਸ ਸਦਾ ਲੌ ਪਾਵੈ।
ਸਹੰਸ ਜੁਗਨ ਲੌ ਕਰੇ ਬਿਚਾਰਾ।
ਤਦਪਿ ਨ ਪਾਵਤ ਪਾਰ ਤੁਹਾਰਮਾ।੧੧੦।੩੩੭।
ਤੇਰੇ ਜੋਰ ਗੁੰਗਾ ਕਹਤਾ।
ਬਿਆਸ ਪਰਾਸਰ ਅਉ ਰਿਖਿ ਘਨੇ।
ਸਿੰਗੀ ਰਿਖਿ ਬਕਦਾਲਭ ਭਨੇ।
ਸਹੰਸ ਮੁਖਨ ਕਾ ਬ੍ਰਹਮਾ ਦੇਖਾ।
ਤਉਨ ਤੁਮਰਾ ਅੰਤੁ ਬਿਸੇਖਾ।੧੧੧।੩੩੮।

ਤੇਰਾ ਜੋਰੁ ॥ ਦੋਹਰਾ ॥

ਸਿੰਧ ਸੁਭਟ ਸਾਵੰਤ ਸਭ ਮੁਨਿ ਗੰਧਰਬ ਮਹੰਤ।
ਕੋਟ ਕਲਪ ਕਲਪਾਤ ਭੇ ਲਹਜੋ ਨ ਤੇਰੋ ਅੰਤ।

੧੧੨।੩੩੯। ਪੰ: ੭੦੭-੮

ਤੇਰਾ ਜੋਰ।

ਸਬੇ ਝੂਠ ਮਾਨੋ ਜਿਤੇ ਜੰਤ੍ ਮੰਤ੍।
ਸਬੈ ਫੋਕਟੰ ਧਰਮ ਹੈ ਭ੍ਰਮ ਤੰਤ੍।
ਬਿਨਾ ਏਕ ਆਸੰ ਨਿਰਾਸੰ ਸਬੈ ਹੈ।
ਬਿਨਾ ਏਕਨਾਮੰ ਨ ਕਾਮੰ ਕਬੈ ਹੈ।੧੧੬।੩੪੩।

ਤੇਰਾ ਜੋਰ।

Digitized by Panjab Digital Library | www.panjabdigilib.org

ਕਰੇ ਮੰਤ੍ ਜੇਤ੍ ਜੁ ਪੈ ਸਿਧ ਹੋਈ।
ਦਰੰ ਦ੍ਵਾਰ ਭਿੱਛਜਾ ਭ੍ਰਮੈ ਨਾਹਿ ਕੋਈ।
ਧਰੇ ਏਕ ਆਸਾ ਨਿਰਾਸੋ ਰਮਾਨੈ।
ਬਿਨਾ ਏਕ ਕਰਮੰ ਸਭੈ ਭਰਮ ਜਾਨੈ।੧੧੭।੩੪੪

ਭਾ: ਲਿਖਾਰੀ ਕਹਿੰਦਾ ਹੈ, ਹੇ ਪਰਵਦਗਾਰ ਮੈਂ ਤਾਂ ਗੂੰਗਾ ਹਾਂ ਪਰ ਤੇਰੇ ਜ਼ੋਰ ਦਾ ਸਦਕਾ ਮੈਂ ਆਹ ਕੁਝ ਕਹਿੰਦਾ ਹਾਂ ਕਿ ਜਿਹੜੇ ਸ੍ਰੀ ਬਿਆਸ ਜੀ ਤੇ ਪ੍ਰਾਸ਼ਰ ਆਦਿ ਸਮੂਹਕ ਰਿਸ਼ੀ ਜਿਵੇਂ ਕਿ ਸਿਰਮੌਰ ਸਿਰਿੰਗੀ, ਆਦਿ ਮਹਾਨ ਲੇਖਕ ਕਹਿੰਦੇ ਹਨ ਅਤੇ ਹਜ਼ਾਰ ਮੁਖਾਂ ਵਾਲਾ ਬ੍ਰਹਮਾਂ ਵੀ ਤਕਿਆ ਹੈ ਪਰ ਉਹ ਤੇਰੇ ਬੇਅੰਤ ਅੰਤ ਨੂੰ ਨਹੀਂ ਪਾ ਸਕੇ ਜੋ, ਉਹਨਾਂ ਦੀ ਸੂਝ ਤੋਂ ਬਹੁਤਾ ਹੈ। ਵਡੇ ਵਡੇ ਸੂਝ ਦੇ ਸਮੁੰਦਰ ਸਾਰੇ ਮੁਨੀ, ਰਾਵੀਏ ਜਾਂ ਸੰਤ ਮਹੰਤ ਅਥਵਾ ਜੋਧੇ ਕਰੋੜਾਂ ਯੁਗਾਂ ਦੀਆਂ ਚੌਕੜੀਆਂ ਵਿਚ ਜਿਹੜੇ ਖੋਜ ਕਰਦੇ ਰਹੇ, ਉਹ ਕੋਈ ਵੀ ਤੇਰਾ ਅੰਤ ਨਾ ਲੈ ਸਕਿਆ। ਜਿਹੜੇ ਜੰਤ੍ਰਾਂ ਮੰਤ੍ਰਾਂ ਦੇ ਲਾਰੇ ਹਨ। ਉਹਨਾਂ ਸਭਨਾਂ ਨੂੰ ਝੂਠ ਸਮਝੋ ਜੋ ਭਰਮ ਜਾਲ ਤੇ ਥੋਥੇ ਹਨ, ਇਕ ਅਕਾਲ ਦੀ ਆਸ ਤੋਂ ਬਿਨਾਂ ਸਭ ਨਿਰਾਸ਼ ਰਹਿੰਦੇ ਹਨ ਅਤੇ ਇਕ ਤੋਂ ਬਿਨਾਂ ਹੋਰ ਕਿਸੇ ਦਾ ਨਾਮ ਜਪਿਆ ਕਸੇ ਕੰਮ ਨਹੀਂ ਕਦੇ ਵੀ। ਜੇਕਰ ਕੋਈ ਜੰਤ੍ਰਾਂ ਮੰਤ੍ਰਾਂ ਨਾਲ ਕੋਈ ਕਿਸੇ ਦੀ ਕਿਸਮਤ ਬਦਲ ਸਕਦਾ ਹੁੰਦਾ ਤਾਂ ਉਹ ਆਪ ਕਿਉਂ ਹਥ ਟਡ ਕੇ ਦਰ ਦਰ ਮੰਗਦਾ ਫਿਰਦਾ ਜੋ ਆਪ ਮੰਗਤਾ ਹੈ, ਉਹ ਤੁਹਾ ਨੂੰ ਕਿਥੋਂ ਕੁਝ ਦੇ ਸਕਦਾ ਹੈ। ਜਿਹੜਾ ਇਕ ਤੇ ਆਸ ਰਖਦਾ ਹੈ ਉਹ ਨਿਰਾਸ਼ਾ ਨਹੀਂ ਰਹਿੰਦਾ, ਇਸ ਲਈ ਇਕ ਨਾਮ ਤੋਂ ਬਿਨਾਂ ਹੋਰ ਸਾਰੇ ਕਰਮ ਭਰਮ ਹੀ ਜਾਨਣੇ ਚਾਹੀਦੇ ਹਨ।

(੩੯) ਬੁਧੀ ਜੀਵੀ ਤੇ ਵਿਦਵਾਨਾ ਦੀ ਖੋਜ ਤੇ ਸਪਸ਼ਟਤਾ-

ਗੁਰੂ ਉਚਾਰੀ ਜੇਤਕ ਬਾਨੀ।
ਨਾਹ ਮਨਾਈ ਕਿਤੇ ਭਵਾਨੀ।
ਮੰਗਲਚਾਰ ਉਚਾਰਿਓ ਜਹਾਂ।
ਪੁਰੰਖ ਅਕਾਲ ਪਿਖਯੋ ਤਹਾਂ।
ਕੈ ਸਸਤ੍ ਕੋ ਰੂਪ ਅਕਾਲ।
ਮਸਝ ਬਰਨਿਓ ਇਸ਼ਟ ਬਿਸਾਲ।
ਦੇਵੀ ਇਸ਼ਟ ਨਾ ਮਾਨੀ ਕਹੀ।
ਖਾਈ ਸੋਂਹ ਨ ਕੜਾਹੀ ਦਈ।
ਤਾਂਤੇ ਇਸ਼ਟ ਨ ਗੁਰ ਕਾ ਦੇਵੀ।
ਸਾਬਤ ਹੋਤ ਨਹੀ ਬਿਧਿ ਕੇਵੀ।
ਚੰਡੀ ਚਰਿਤ੍ ਚੰਡੀ ਬਾਰ।
ਜੋਊ ਗੁਰੂ ਨੇ ਕਰੀ ਉਚਾਰ।
ਸੋ ਜੈਸੇ ਔਰਨ ਕੇ ਜੰਗ।
ਵਰਨੇ ਗੁਰੂ ਅਨੇਕੈ ਢੰਗ।
ਤੈਸੇ ਦੇਵੀ ਕੇ ਜੰਗ ਵਰਨੇ।
ਸਿਖਨ ਮਾਹਿ ਬੀਰ ਰਸ ਭਰਨੇ।
ਹੋਤ ਜੁਧ ਬਹੁ ਭਾਂਤ ਉਚਾਰੇ।
ਜਿਨ ਕੋ ਪੜ ਸੁਨ ਸਿੰਘ ਅਪਾਰੇ।
ਜੋਧੇ ਭਏ ਤੁਰਕ ਗਨ ਮਾਰੇ।
ਰਾਜ ਤੇਜ ਅਪਨੇ ਬਿਸਥਾਰੇ।੧੦। ਨਿਵਾਸ ੨੬।

—ਪੰਥ ਪ੍ਰਕਾਸ਼—ਗਿਆਨੀ ਗਿਆਨ ਸਿੰਘ

(ੳ) ਗੁਰੂ ਗੋਬਿੰਦ ਸਿੰਘ ਜੀ ਦੀ ਨਿਜ ਲਿਖਤ ਜਿਸ ਬੀੜ ਵਿਚ ਮੌਜੂਦ ਹੈ, ਉਸਦਾ ਪ੍ਰਚਲਤ ਨਾਮ ਦਸਮ ਗ੍ਰੰਥ ਹੈ, ਇਹ ਇਕ ਵਿਸ਼ਾਲ ਗ੍ਰੰਥ ਹੈ। ਸਿਖ ਜਗਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ ਗ੍ਰੰਥ ਤੋਂ ਉਪਰੰਤ ਸਭ ਤੋਂ ਵਧੇਰੇ ਸਤਿਕਾਰ ਇਸ ਗ੍ਰੰਥ ਨੂੰ ਪ੍ਰਾਪਤ ਹੈ। ਵਲੋਂ ਸ੍ਰੀਮਾਨ ਡਾ: ਦਲਬੀਰ ਸਿੰਘ, ਡੇਹਰਾਦੂਨ ਪੁਸਤਕ—ਤੂਕ ਤਤਕਰਾ।

(ਅ) ਸ੍ਰੀ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਨੇ ਸੰ: ੧੬੯੮ ਈ: ਵਿਚ ਮੁਕੰਮਲ ਕਰ ਲਿਆ ਸੀ। ਇਸ ਤਰਾਂ ਕੋਈ ਤੇਰਾਂ ਕੁ ਸਾਲ ਦੇ ਅਰਸੇ ਵਿਚ ਇਹ ਲਿਖਤਾਂ ਪੂਰਨ ਹੋਈਆਂ ਜਾਪਦੀਆਂ ਹਨ।

—ਸ੍ਰੀ ਕੇਸਰ ਸਿੰਘ ਛਿੱਬਰ

(ੲ) ਸ਼ੰਕੇ ਤੇ ਉਹਨਾਂ ਦਾ ਇਤਿਹਾਸ(ਭਾਈ ਮਨੀ ਸਿੰਘ) ਜੀ ਦੀ ਤਿਆਰ ਕੀਤੀ ਹੋਈ ਬੀੜ ਉਹਨਾਂ ਦੇ ਅਕਾਲ ਚਲਾਣੇ ਸੰ: ੧੭੦੭ ਈ: ਤੋਂ ਪਿਛੋਂ ਪੰਥ ਦੀ ਰਾਇ ਵਾਸਤੇ ਦਮਦਮਾ ਸਾਹਿਬ ਭੇਜੀ ਗਈ। ਵਿਚਾਰ ਇਸ ਗਲ ਉਪਰ ਸੀ ਕਿ ਕੀ ਇਹ ਬੀੜ ਇਸੇ ਤਰ੍ਹਾਂ ਬਣੀ ਰਹਵੇ ਯਾ ਇਸਦੇ ਭਾਗ ਕਰਕੇ ਜੁਦੀਆਂ ਪੋਥੀਆਂ ਬਣਾਈਆ ਜਾਣ। ਜੁਦਾ ਪੋਥੀਆਂ ਦੀ ਰਾਇ ਰਖਣ ਵਾਲਿਆਂ ਵਿਚ ਵੀ ਫੇਰ ਮਤਭੇਦ ਸੀ। ਕੁਛ ਤਾਂ ਇਹ ਚਾਹੁੰਦੇ ਸਨ ਕਿ ਕੇਵਲ ਚਰਿਤਰ ਅਤੇ ਜਫਰਨਾਮਹ

Digitized by Panjab Digital Library | www.panjabdigilib.org

ਵਿਚ ਆਈਆਂ ਯਾਰਾਂ ਹਕਾਇਤਾਂ ਅਲਗ ਕਰ ਦਿਤੀਆਂ ਜਾਣ। ਕਈਆਂ ਦੀ ਇਛਾ ਸੀ ਕਿ ਦੋ ਬੀੜਾਂ ਕਰ ਦਿਤੀਆਂ ਜਾਣ। ਇਕ ਵਿਚ ਕੇਵਲ ਸ੍ਰੀ ਮੁਖਵਾਕ ਬਾਣੀ ਹੋਵੇ ਤੇ ਦੂਜੀ ਵਿਚ ਬਾਕੀ ਦਾ ਹਿਸਾ। ਪਰੰਤੂ ਕੋਈ ਯੋਗ ਹੱਲ ਨਾ ਮਿਲਿਆ। ਮਹਿਤਾਬ ਸਿੰਘ-ਮੀਰਾਂ ਕੋਟੀਆ, ਮੱਸੇ ਰੰਘੜ ਦਾ, ਬਧ ਕਰਨ ਲਈ ਅੰਮ੍ਰਿਤਸਰ ਨੂੰ ਜਾਂਦੇ ਹੋਏ ਰਸਤੇ ਵਿਚ ਦਮਦਮਾ ਸਾਹਿਬ ਠਹਿਰੇ, ਉਹਨਾਂ ਸਾਹਮਣੇ ਵੀ ਇਹ ਸਮੱਸ਼ਿਆ ਪੇਸ਼ ਕੀਤੀ, ਜੋ ਉਹਨਾਂ ਇਹ ਸੁਝਾਉ ਦਿਤਾ ਜੋ ਇਕ ਬਚਿਤ੍ ਇਤਿਹਾਸਕ ਘਟਨਾ ਨਾਲ ਸਬੰਧਿਤ ਹੈ। ਸਵਾਲ ਇਹ ਸੀ ਕਿ ਸਮਗ੍ ਬੀੜ ਇਨ-ਬਿਨ ਰਹੇ ਜਾਂ ਕੁਝ ਤਬ ਦੀਲੀ ਕੀਤੀ ਜਾਏ। ਮਤਾਬ ਸਿੰਘ ਮੀਰਾਂ ਕੋਟੀਏ ਨੇ ਇਸ ਦਾ ਹਲ ਬਚਿਤਰ ਦਸਿਆ ਤੇ ਕਿਹਾ ਸੀ। ਜੇ ਮੈਂ ਮੱਸੇ ਰੰਘੜ ਦਾ ਸਿਰ ਵਢ ਦਿਆਂ ਤਾਂ ਇਹ ਬੀੜ ਇਨ-ਬਿਨ ਰਵੇ। ਮੀਰਾਂ ਕੋਟੀਏ ਦਾ ਇਹ ਸੰਕੇਤਕ ਦਸਣਾ ਸੀ ਕਿ ਬੀੜ ਨੂੰ ਭੰਗ ਕਰਨਾ ਮਰਿਆਦਾ ਵਿਰੁਧ ਹੈ, ਐਸਾ ਮਰਿਆਦਾ ਵਿਰੁਧ ਹੈ ਜੈਸਾ ਕਿ ਮਸੇ ਰੰਘੜ ਦਾ ਹਰਿਮੰਦਰ ਵਿਚ ਦੁਰਾਚਾਰ ਕਰਨਾ ਹੈ।

ਨੋਟ--ਪਾਠਕ ਜਨ ਹੁਣ ਐਨ ਸਮਝ ਗਏ ਹੋਣਗੇ ਕਿ ਅਸੀਂ ਇਸ ਮਹਾਨ ਗ੍ਰੰਥ ਬਾਰੇ ਦ੍ਰਿੜ ਬਣਦੇ ਸੁਝਾ ਤੇ ਉਟੰਕਣ ਪੇਸ਼ ਕਰਕੇ ਗੁਰੂ ਅਗੇ ਕਿਹੜਾ ਮੂੰਹ ਲੈਕੇ ਪੇਸ਼ ਹੋਵਾਂਗੇ। [ਭੂਮਕਾ ਤੁਕ ਤਤਕਰਾ

ਭੂਮਕਾ 11 ਫਿਰ ਸਿੰਘ ਸਭਾ ਲਹਿਰ ਚਲਣ ਤੋਂ ਕੁਝ ਸਾਲ ਪਿਛੋਂ ਦਸਮ ਗ੍ਰੰਥ ਦੀ ਸੁਧਾਈ ਕਰਨ ਦਾ ਸਵਾਲ ਉਠਿਆ ਸੰ: ੧੯੬੫ ਵਿਚ ਅੰਮ੍ਰਿਤਸਰ ਵਿਖੇ ਇਕ ਸੋਧਕ ਕਮੇਟੀ ਨੇ ਇਸ ਕਾਰਜ ਨੂੰ ਆਪਣੇ ਜਿੰਮੇ ਲਿਆ। ਇਸ ਦਾ ਪਤਾ (ਖਾਲਸਾ ਧਰਮ ਪ੍ਰਚਾਰ ਸਮਾਚਾਰ ਪੱਤਰ) ਵਿਚ ਛਪੇ ਇਕ ਸੰਪਾਦਕੀ ਨੋਟ ਤੋਂ ਮਿਲਦਾ ਹੈ-ਜਿਸ ਦੇ ਅੱਖਰ ਇਹ ਹਨ-ਸ੍ਰੀ ਅੰਮ੍ਰਿਤਸਰ ਸਰੋਮਣੀ ਕਮੇਟੀ ਤੇ ਸ਼ਰੋਮਣੀ ਅਕਾਲੀ ਦਲ ਵਲੋਂ, ਇਕ ਸੋਧਕ ਕਮੇਟੀ ਬਣਾਈ ਗਈ ਸੀ ਜਿਸ ਨੇ ਆਪਣੇ ਜ਼ਿਮੇ ਲੈਕੇ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਬੀੜ ਮੁਕੰਮਲ ਕਰਨ ਲਈ ਬੀੜਾ ਉਠਾਕੇ ਇਹ ਨਿਹਾਯਤ ਮੁਸ਼ਕਲ ਤੇ ਗੁਰੂ ਘਰ ਦੀ ਪਵਿਤ੍ ਗੁਰਬਾਣੀ ਦਾ ਬੰਡਲ ਆਪਣੇ ਮੋਢਿਆਂ ਤੇ ਲਿਆ ਸੀ। ਸਾਵਣ ਦੀ ਪਹਿਲੀ ਸੋਮਵਾਰ ਵਾਲੇ ਦਿਨ ੧੯੬੫ ਨੂੰ ਇਹ ਕੰਮ ਅਰੰਭ ਹੋ ਗਿਆ ਸੀ ਅਤੇ ਸ੍ਰੀ ਅਕਾਲ ਬੁੰਗੇ ਸਾਹਿਬ ਵਿਚ ਕੀਤਾ ਗਿਆ ਸੀ ਅਤੇ ਇਸ ਕਾਰਜਦੇ ਖਰਚ ਲਈ ਭਾਈਮੰਨਾਸਿੰਘ ਜੀ ਹਕੀਮ "ਮੰਤ੍ਰੀ' ਗੁਰੂ ਗ੍ਰੰਥ ਸੁਧਾਰਕ ਸਭਾ ਅੰਮ੍ਰਿਤਸਰ ਵਲੋਂ ੨੦੦ ਰੁਪਿਆ ਭੇਟ ਕੀਤਾ ਗਿਆ ਸੀ। ਪੰਥ ਵਿਚ ਸਮਾਨਤ ਹਸਤੀ ਭਾਈ ਸਰਦੂਲ ਸਿੰਘ ਸਾ: ਜੀ ਗਿਆਨੀ ਨੇ ਇਹ ਸੋਧਣ ਦੀ ਸੇਵਾ ਆਪਣੇ ਜ਼ਿਮੇ ਲਈ ਸੀ, ਜੋ ਪਹਿਲੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰਮਤ ਦੇ ਗ੍ਰੰਥ ਸੋਧਣ ਵਿਚ ਪ੍ਰਵਾਨ ਤੇ ਪ੍ਰਵੀਨ ਸਨ।

ਡਾ: ਬਲਬੀਰ ਸਿੰਘ ਅਨੁਸਾਰ ਖਾਲਸਾ ਪ੍: ਪ੍: ਅੰਕ ੧੧ਜਿਲਦ ੨ ਜੁਲਾਈ ੧੩ ਸੰ: ੧੯੬੫ ਈ: ਪੰ: ੫ ਤੇ ਐਉਂ ਸੋਧਕ ਕਮੇਟੀ ਦੀ ਕਾਰਵਾਈ ਪੇਸ਼ ਕੀਤੀ ਸੀ ਜੋ ਐਉਂ ਹੈ-ਸੋਧਕ ਸਭਾ-ਸੋਮਾਵਤੀ ਅਮਾਵਸ ਦੇ ਦਿਨ, ਤੀਸਰੇ ਪਹਿਰ-ਭਾਈ ਮੰਨਾ ਸਿੰਘ ਜੀ ਹਕੀਮ ਦੇ, ਅਸਥਾਨ ਤੋਂ ਪੰਜ ਪਾਲਕੀਆਂ ਦੇ ਵਿਚ ਦਸਮ ਗ੍ਰੰਥ ਸਾਹਿਬ ਜੀ ਨੇ ੩੦ ਅਸਵਾਰੇ ਅਸਥਾਪਨ ਕਰਾਕੇ ਸਬਦ ਕੀਰਤਨ ਕਰਦੇ ਬਾਜੇ ਸਹਿਤ (ਤਖਤ ਅਕਾਲ ਬੁੰਗੇ) ਸਾਹਿਬ ਪਹੁੰਚੇ, ਦੂਸਰੀ ਮੰਜਲ ਤੇ ਸਾਰੇ ਅਸਵਾਰੇ ਸਾਹਿਬ ਸਥਾਪਨ ਕਰਾਕੇ ਕੜਾਹ ਪ੍ਰਸਾਦਿ ਵਰਤਾਇਆ, ਅਰਦਾਸਾ ਸੋਧਕੇ ਜਲਸਾ ਬਰਖਾਸਤ ਹੋਇਆ। ੨੩ ਜੁਲਾਈ ਨੂੰ ਤੀਸਰੇ ਪਹਰ ਦੀਵਾਨ ਲਗਾ : ਸਾਰੇ ਗੁਰੂ ਗ੍ਰੰਥ ਸਹਿਬਾਂ ਦੀ ਫੈਹਰਿਸਤ ਤਿਆਰ ਹੋਈ, ਪੱਤ੍ਰਆਂ ਦੇ ਅੰਗ ਲਿਖੇ ਗਏ। ਅਰ ਜੋ-ਜੋ ਗ੍ਰੰਥੀ ਉਹਨਾਂ ਦੇ ਤਾਬਿਆ ਨਿਯਤ ਹੋਏ ਉਨ੍ਹਾਂ ਦੇ ਨਾਉਂ ਬੀ ਲਿਖੇ ਗਏ-ਅਰਦਾਸ ਸੋਧਕੇ ਜਲਸਾ ਬ੍ਰਖਾਸਤ ਹੋਇਆ। ੨੪ ਨੂੰ ਵੀਦੀਵਾਨ ਲਗਾ।

ੴ ਸਤਿਗੁਰ ਪ੍ਰਸਾਦਿ ਜਾਪ ਸ੍ਰੀ ਮੁਖ
ਪਾਤਸਾਹੀ ੧੦ ਛਪੈ ਛੰਦ ਤ੍ਵਪ੍ਰਸਾਦਿ।
ਚੱਕ੍ ਚਿਹਨ ਅਰ ਬਰਨ ਜਾਤਿ ।
ਅਰ ਪਾਤਿ ਨਹਿਨ ਜਿਹ ॥

ਇਸ ਤੁਕ ਵਿਚ ਹੀ ਸਾਰਾ ਸਮਾ ਪੂਰਨ ਹੋਇਆ, ਅਰ ਬਹਸ ਹੁੰਦੀ ਰਹੀ। ਅਗੇ ਖਾ: ਧ੍: ਪ੍: ਅੰਕ ੧੩ ਜੁਲਾਈ ੨੧ ਸੰ: ੧੯੬੫ ਵਰਖ ੨ ਸਫਾ ੬ ਤੋਂ ਦਸਮ ਗ੍ਰੰਥ ਸੁਧਾਈ ਦਾ ਕੰਮ ਸੰ: ੧੯੯੧ ਈ: ਤਕ ਜਾਰੀ ਰਿਹਾ ਅੰਤ ਸਾਰੀ ਖੋਜ ਦਾ ਸਿਟਾ ਇਕ ਰੀਪੋਰਟ ਵਿਚ ਪ੍ਰਕਾਸ਼ਤ ਕੀਤਾ ਗਿਆ ਹੈ ਇਸ ਰੀਪੋਰਟ ਦੀ ਕਾਪੀ ਅੰਮ੍ਰਿਤਸਰ

Digitized by Panjab Digital Library | www.panjabdigilib.org

ਵਿਚ ਸਰੁਖਸ਼ਤ ਪਈ ਦਸੀ ਜਾਂਦੀ ਹੈ, ਜੇ ਨੀਲਾ ਤਾਰਾ ਫੌਜੀ ਐਕਸ਼ਨ ਸਮੇਂ ਅਗਨ ਬੁਤਦ ਨ ਹੋਈ ਹੋਵੇ।

ਇਸ ਰੀਪੋਰਟ ਦੇ ਅਧਾਰ ਉਤੇ ਕਈ ਖੋਜੀ ਲੇਖਕਾਂ ਨੇ ਪਬਲਕ ਸਾਹਮਣ ਇਹ ਸਿਟਾ ਪੇਸ਼ ਕੀਤਾ ਹੈ ਕਿ ਦਸਮ ਗ੍ਰੰਥ ਵਿਚ ਆਈ ਸਾਰੀ ਬਾਣੀ (ਗੁਰੂ ਗੋਬਿੰਦ ਸਿੰਘ) ਜੀ ਦੀ ਨਿਜੀ ਰਚਨਾ ਹੈ। ਇਸ ਕਮੇਟੀ ਦੀ ਰਿਪੋਰਟ ਪਿਛੋਂ ਦਸਮ ਗ੍ਰੰਥ ਛਾਪੇ ਦਾ ਪੁਸ਼ਾਕਾ ਪਹਿਨਕੇ ਪਬਲਕ ਦੇ ਸਾਹਮਣੇ ਆਏ, ਉਨ੍ਹਾਂ ਉਪਰ ਪ੍ਰਕਾਸ਼ਕਾਂ ਵਲੋਂ ਸੁਧਾਈ ਦਾ ਜੋ ਦਾਅਵਾ ਕੀਤਾ ਗਿਆ ਉਹ ਇਸ ਰੀਪੋਰਟ ਦੇ ਅਧਾਰ ਤੇ ਹੈ। ਚੁਨਾਚਿ ਸੰ: ੧੯੦੦ ਈ: ਵਿਚ ਜੋ ਇਕ ਬੀੜ ਛਪੀ ਉਸਦੇ ਸਰਵਰਕ ਉਪਰ ਇਹ ਲਿਖਿਆ ਸੀ :—

੧ਓ ਸਤਿਗੁਰੂ ਪ੍ਰਸਾਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਮ ਪਾਤਸਾਹੀ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਅੰਮ੍ਰਿਤਸਰ ਜੀ ਤਥਾ 'ਤਖਤ' ਅਕਾਲ ਬੁੰਗੇ ਸਾਹਿਬ ਜੀ ਵਿਖੇ ਬੈਠਕੇ ਸੋਧਕ ਕਮੇਟੀ ਵਲੋਂ ਬਹੁਤ ਸਾਰੇ, ਗੁਣੀ-ਗਿਆਨੀ ਅਤੇ ੩੨ ਪ੍ਰਾਚੀਨ ਅਸਵਾਰੇ ਖੋਲ੍ਹਕੇ ਬਹੁਤ ਮੇਹਨਤ ਨਾਲ ਸੁਧਾਇਆ ਗਿਆ ਹੈ-ਅਰ ਸਭ ਗੁਰੂ ਗ੍ਰੰਥ ਸਾਹਿਬਾਂ ਨਾਲੋਂ (ਜੋ ਛਪ ਚੁਕੇ ਹਨ ਸੁਧ ਹੈ) ਰਾਇ ਸਾਹਿਬ ਮੁਨਸੀ ਗੁਲਾਬ ਸਿੰਘ ਐਂਡ ਸਨਜ ਨੇ ਬੜੀ ਕੋਸ਼ਸ਼ ਨਾਲ ਸੁਧਵਾਕੇ ਆਪਣੇ ਮੁਫੀਦ ਆਲਮ ਪ੍ਰੈਸ ਲਾਹੌਰ ਵਿਖੇ ਛਾਪਿਆ—ਸੰ: ਨਾਨਕ ਸ਼ਾਹੀ ੪੩੧।

ਇਕ ਹੋਰ ਛਪੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸੁਧਾਈ ਅੰਮ੍ਰਿਤਸਰ ਤਥਾ, ਅਕਾਲ ਤਖਤ ਸਾਹਿਬ ਜੀ ਵਿਖੇ ਬੈਠਕੇ ਸੋਧਕ ਕਮੇਟੀ ਵਲੋਂ, ਬਹੁਤ ਸਾਰੇ ਸੋਧਕੇ ਅਤੇ ੩੨ ਪ੍ਰਾਚੀਨ (ਦਸਮ ਗ੍ਰੰਥ) ਖੋਲ ਕੇ ਸੰ: ੧੯੫੨ ਵਿਖੇ, ਬਹੁਤ ਮੇਹਨਤ ਨਾਲ ਸੋਧਕੇ ਛਾਪੇ ਗਏ, ਸ੍ਰੀ ਦਸਮ ਗ੍ਰੰਥ ਸਾਹਿਬ ਜੀ ਨਾਲ ਲਗ ਕੰਨਾ ਮਾਤਰਾਂ ਤਕ ਕੀਤੀ ਗਈ ਹੈ।

ਗੁਰੂ ਪੰਥ ਦੇ ਸੇਵਕ ਇਸ ਲੇਖ ਦੇ ਲੇਖਕ ਪਾਸ ਵੀ ਇਕ ਸਰੂਪ ਮੌਜੂਦ ਹੈ-ਜਿਸਦੇ ਸਿਰ ਵਰਕ ਤੇ ਸਪਸ਼ਟ ਹੈ-੧ਓ ਸਤਿਗੁਰ ਪ੍ਰਸਾਦਿ। ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ-ਇਨ੍ਹਾਂ ਦੀ ਸੁਧਾਈ ਉਸ ਬੀੜ ਨਾਲ ਕੀਤੀ ਗਈ ਹੈ ਜੋਕਿ ਸੰ: ੧੯੫੨ ਬਿਕ੍ਰਮੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਵਿਖੇ ਸੋਧਕ ਕਮੇਟੀ ਨੇ ਸੋਧੀ ਸੀ। ਸੰਮਤ ੨੦੧੩ ਬਿ: ਪ੍ਰਕਾਸ਼ਕ ਪ੍ਰੀਤਮ ਬੁਕ ਸ਼ਟਾਲ ੩੬੪ ਲਾਜਪਤ ਰਾਇ ਮਾਰਕੀਟ ਦਿਲ੍ਹੀ।

(੪) ਡਾਕਟਰ-ਬਲਬੀਰ ਸਿੰਘ ਦੀ ਨਿਜੀ ਰਾਇ—ਇਹ ਰਚਨਾ ਭਾਂਵੇਂ-ਕਈਆਂ ਦੇ ਖਿਆਲ ਵਿਚ ਸਾਰੀ 'ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਨਹੀਂ ਕਹੀ ਜਾਂਦੀ, ਪਰ ਐਸੇ ਸਬੂਤ ਮਿਲ ਰਹੇ ਹਨ ਜੋ ਹੁਣ ਸਮੱਗ੍ਰ ਗ੍ਰੰਥ ਨੂੰ ਗੁਰੂ ਸਾਹਿਬ ਜੀ ਦੀ ਰਚਨਾ ਮੰਨ ਲੈਣ ਵਲ ਪ੍ਰੇਰਦੇ ਹਨ। (ਪੰਡਿਤ ਤਾਰਾ ਸਿੰਘ ਨਿਰੋਤਮ) ਅਤੇ ਗਿਆਨੀ ਗਿਆਨ ਸਿੰਘ ਜੀ ਦੀਆਂ ਲਿਖਤਾਂ ਵਿਚੋਂ ਵੀ ਇਹ ਗਲ ਭਲੀ ਪ੍ਰਕਾਰ ਸਿੱਧ ਹੁੰਦੀ ਹੈ। ਜਦੋਂ-ਮੀਰਾਂ ਕੋਟੀਆਂ ਸਰਦਾਰ ਮਹਿਤਾਬ ਸਿੰਘ, ਮੱਸੇ ਰੰਘੜ ਦਾ ਸਿਰ ਵਢੇਜਾਣ ਦਾ ਅਨੌਖਾ ਜਿਹ ਪ੍ਰਚਾ, ਦੇਕੇ ਆਪ ਮੱਸੇ ਰੰਘੜ ਦੀ ਮੂਰਤ ਮਨ ਵਿਚ ਧਾਰਕੇ, ਭਾਈ ਸੁਖਾ ਸਿੰਘ ਮੀਰ ਕੋਟੀਏ ਸਮੇਤ ਸ੍ਰੀ ਅੰਮ੍ਰਿਤਸਰ ਵਲ ਨੂੰ ਤੁਰ ਪਏ। ਉਸ ਦਾ ਦਿਤਾ ਸੁਝਾਉ ਸੰਗਤਾਂ ਦੇ ਸਿਰ ਵਿਚ ਚੱਕ੍ਰ ਦਾ ਰੂਪ ਧਾਰਕੇ ਘੁਮ ਰਿਹਾ ਸੀ, ਅਤੇ ਉਹਨਾਂ ਜਰਨੈਲਾਂ ਦੀ ਵਾਪਸੀ ਨੂੰ ਘੜੀਆਂ ਗਿਣ ਗਿਣ ਕੇ ਉਡੀਕ ਰਿਹਾ ਸੀ, ਅਤੇ ਨੀਝ ਲਾਕੇ ਉਹਨਾਂ ਦੀ ਵਾਟ ਤਕੀ ਜਾ ਰਹੀ ਸੀ। ਜੋ ਉਹਨਾਂ ਦਾ ਮੰਤਵ ਉਸ ਵੇਲੇ ਸਾਕਾਰ ਹੋ ਗਿਆ ਜਦੋਂ ਦੁਸ਼ਟ ਮੱਸੇ ਰੰਗੜ ਦਾ ਸਿਰ ਵਢਿਆ ਗਿਆ ਤੇ ਸਿੰਘ ਸਾਹਿਬ ਵਢੇ ਹੋਇ ਸਿਰ ਨੂੰ ਹਦਵਾਣੇ ਵਾਂਗ ਨੇਜੇ ਤੇ ਟੰਗ ਕੇ ਲੈਕੇ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਜੂਹ ਤੋਂ ਬਾਹਰ ਹੋ ਗਏ ਸੀ। ਤਾਂ ਹੁਣ ਕੋਈ ਸੰਕੇ ਵਾਲੀ ਗੱਲ ਬਾਕੀ ਨਹੀਂ ਸੀ ਰਹੀ। ਬੀੜ ਅਖੰਡ ਰਖੀ ਗਈ। ਪਰ ਜਦੋਂ ੧੯੬੫ ਦੇ ਲਗਪਗ ਆਰੀਆ ਸਮਾਜ ਵਜੂਦ ਵਿਚ ਆ ਗਿਆ, ਉਸਦਾ ਪ੍ਰਭਾਉ ਸਿੰਘ ਸਭਾ ਤੇ ਪੈਣਾ ਅਵਸ਼ਕ ਸੀ, ਕਿਉਂਕਿ ਆਰਿਆ ਸਮਾਜ ਦਾ ਕੰਮ ਚਲਾਉਣ ਵਾਲੇ ਹੀ ਆਗੂ ਸਿੰਘ ਸਭਾ ਦੀ ਸਤਾ ਪਰ ਛਾ ਗਏ, ਜੋ ਆਰੀਆ ਸਮਾਜ ਦੇ ਨੇਤਾ ਰਹ ਚੁਕੇ ਸਨ। ਉਹ ਭਾਵੇਂ ਸਿੰਘ ਸਭਾ ਵਿਚ ਆ ਗਏ ਪਰ ਪ੍ਰਛਾਈ ਤਾਂ ਉਥੇ ਛੱਡਕੇ ਨਹੀਂ ਆਏ, ਜਿਨ੍ਹਾਂ ਦਾ ਅਸਲ ਨੁਕਤਾ ਸੀ (ਸਾਰੇ ਪੁਰਾਤਨ ਸਾਹਿਤ) ਨੂੰ ਤਲਾਂਜਲੀ ਦੇਣਾ। ਇਹ ਹਨ ਉਪ੍ਰੋਤਕ ਤੱਥ ਇਤਿਹਾਸ ਦੀ ਮੂੰਹ ਬੋਲਦੀ ਪਿਕਚਰ ਜੋ ਹੜਤਾਲ ਫੇਰਿਆਂ ਵੀ ਮਿਟ ਨਹੀਂ ਸਕਦੀ, ਗੁਲਾਬ ਫੁਲ ਦੀ ਸੁਗੰਧੀ ਵਾਂਗ ਦਬਾਇਆ ਨਹੀਂ ਜਾ ਸਕਦਾ। ਹੁਣ

Digitized by Panjab Digital Library | www.panjabdigilib.org

ਉਟੰਕਣ ਦਾਤਾਵਾਂ ਵਲੋਂ ਵੀ ਆਪਣੇ ਪੱਖ ਦੀ ਇਤਿ-ਹਾਸਕ ਤਸਵੀਰ ਪਬਲਿਕ ਦੇ ਸਾਹਮਣੇ ਪੇਸ਼ ਕਰਨੀ ਚਾਹੀਦੀ ਹੈ, ਜਾਂ ਫੇਰ ਅਗੋਂ ਲਈ ਕੰਨ ਦੋਹੀਂ ਹਥੀਂ ਫੜ ਕੇ ਜ਼ੋਰ ਲਾਕੇ ਖਿਚਣ ਤੇ ਤੋਬਾ ਕਰ ਲੈਣ।

ਖੰਡਨ ਦੇ ਘੁਨਡੀਆਂ ਦੀ ਉਪਜ–ਕਿਵੇਂ ਹੋਈ ੧੯੫੯ ਵਿਚ ਇਕ ਪੁਸਤਕ ਅੰਗਰੇਜ਼ੀ ਜਬਾਨ ਵਿਚ ਛਪੀ, ਜਿਸ ਨੇ ਮੰਨਿਆ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਸਾਰੀ ਬੀੜ ਗੁਰੂ ਦੀ ਲਿਖਤ ਹੈ। ਇਸ ਤੋਂ ਉਪਰੰਤ ੧੯੬੬ ਡਾ: ਰਤਨ ਸਿੰਘ ਜਗੀ ਇਸ ਦੇ ਖੰਡਨ ਵਿਚ (ਦਸਮ ਗ੍ਰੰਥ ਦਾ ਕਰ ਤ੍ਰਿਤਵ) ਲਿਖ ਦਿੰਦੇ ਹਨ, ਜਿਸ ਦੇ ਉਤਰ ਵਿਚ ੧੯੬੮ ਵਿਚ (ਦਸਮ ਗ੍ਰੰਥ ਦਰਸ਼ਨ) ਲੇ: ਸ੍ਰੀ ਪਿਆਰਾ ਸਿੰਘ ਪਦਮ ਨੇ ਲਿਖਕੇ-ਉਸ ਦਾ ਮੂੰਹ ਮੋੜ ਦਿਤਾ ਸੀ ਪਰ ਰਤਨ ਸਿੰਘ ਜੱਗੀ ਦੇ ਲੇਖ ਦਾ ਘੋਲ ਪਬਲਕ ਦੇ ਬਾਟੇ ਵਿਚੋਂ ਨਹੀਂ ਸੀ ਡੁਲਿਆ, ਉਸ ਨੂੰ ਜਿਸ ਨੇ ਪੀਤਾ ਉਸੀ ਤੇ ਧਤੂਰੇ ਜਿਹਾ ਅਸਰ ਕਰ ਗਿਆ, ਅਤੇ ਇਹ ਜ਼ਹਰ ਡੀ. ਡੀ. ਟੀ. ਵਾਂਗ ਦਿਨੋਂ ਦਿਨ ਫੈਲਦਾ ਹੀ ਚਲਾ ਗਿਆ। ੨ ਸਾਲਾਂ ਵਿਚ ਤਾਂ ਹਵਾ ਸਾਰੇ ਬ੍ਰਹਮੰਡ ਦਾ ਚਕਰ ਪੂਰਾ ਕਰ ਲੈਂਦੀ ਹੈ ਜਿਸ ਹਵਾ ਦੇ ਬੁਲੇ ਦੇ ਲਗਦਿਆਂ ਹੀ ਇਕ ਕਮਿਉਨਿਸ਼ਟ ਰਸਾਲਾ ਇਸਦੀ ਲਪੇਟ ਵਿਚ ਆ ਗਿਆ, ਜਿਸ ਤੋਂ ਪ੍ਰਭਾਵਤ ਹੋਣੋਂ ਨਾਂ ਰਹਕੇ ਸ੍ਰ: ਸ਼ਮਸ਼ੇਰ ਅਸ਼ੋਕ ਜਿਹੇ ਵਿਦਵਾਨ ਤੇ ਗੁਰੂ ਦੇ ਸਿਖ ਵੀ ਨਾਂ ਬਚ ਸਕੇ। ਅਸ਼ੋਕ ਜੀ ਦੀ ਪਚਕਾਰੀ ਚਲੀ ਬਸ ਫੇਰ ਕੀ ਸੀ, ਕੇਹੜੀ ਨੂੰਹ ਕਿਸੇ ਦੀ ਧੀ ਨਾਲੋਂ ਨਿਕੀ ਕਹਾਉਂਦੀ ਹੈ, ਕੇਹੜਾ ਬੋਟਰ ਲਗੀ ਲੈਨ ਤੋਂ ਬਾਹਰ ਹੋਕੇ ਖਲੋਂਦਾ ਹੈ ਚਲ ਸੋ ਚਲ, ਜਿਸਨੇ ਕਦੇ ਸੁਪਨੇ ਵਿਚ ਵੀ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਦਰਸ਼ਨ ਨਹੀਂ ਕੀਤੇ ਉਹ ਵੀ ਲੇਖ ਲਿਖਣ ਲਈ ਝੱਲਾ ਹੋ ਉਠਿਆ ਸੀ।

ਜਿਵੇਂ ੨੪ ਹਾੜ ਸੰ: ੨੦੪੬ ਅਸੀਂ ਅਖਬਾਰ ਵਿਚ ਬਾਣੀ ਦਸਮ ਗਰੰਥ ਦੇ ਸਿਰਲੇਖ ਹੇਠ ਡਾ: ਹਰਚੰਦ ਸਿਘ ਕਈ ਹਵਾਲੇ ਦੇਕੇ ਭਾ: ਮਨੀ ਸਿੰਘ ਜੀ ਸ਼ਹੀਦ ਦੀ ਲਿਖਤ ਸਿਧ ਕਰਦਾ ਹੈ। ਉਤੱਰ ਵਿਚ ਕੀ ਭਾਈ ਮਨੀ ਸਿੰਘ ਸਾਕਤ ਕਵੀ ਸੀ, ਜਾਂ ਭਾਈ ਮਨੀ ਸਿੰਘ ਨੇ ਕੋਈ ਹੋਰ ਵੀ ਗਰੰਥ ਇਹੋ ਜਿਹੀ ਕਵਤਾ ਵਿਚ ਲਿਖਿਆ ? ਕੀ ਭਾਈ ਮਨੀ ਸਿੰਘ ਜਿਹੇ ਸੂਝਵਾਨ ਗੁਰੂ ਘਰ ਦੇ ਪੂਰਨ ਬਿਸ਼ਵਾਸੀ ਸ਼ਰਧਾਲੂ ਸਿਖ ਆਪ ਲਿਖ ਕੇ ਸ੍ਰੀ ਦਸਮੇਸ਼ ਦੇ ਨਾਮ ਪਾ: ੧੦ ਲਿਖ ਸਕਦਾ ਸੀ ? ਅਗੇ ਹੋਰ ਲਿਖਦਾ ਹੈ-ਕਿ ਭਾਈ ਸੁਖਾ ਸਿੰਘ ਗਰੰਥੀ ਪਟਨਾ ਸਾਹਿਬ ਵਾਲਿਆ ਨੇ ਉਪ੍ਰੋਕਤ ਬੀੜ ਵਿਚ ਕੁਝ ਹੋਰ ਰਚਨਾਵਾਂ ਦਾ ਵਾਧਾ ਕਰ ਦਿਤਾ, ਅਤੇ ਦੇਵੀ ਪੂਜਾ ਦਸਮੇਸ਼ ਜੀ ਨੂੰ ਕਰਦੇ ਹੋਇ ਦਰਸਾਕੇ ੨੦ ਵੀਹ ਦੀਰਘ ਛੰਦ ਵੀ ਦਸ਼ਮੇਸ਼ ਬਾਣੀ ਅਕਾਲ ਉਸਤਤਿ ਵਿਚ ਸਮਿਲਤ ਕਰ ਦਿਤੇ। ਅਜ ਕਲ ਇਹ ਬੀੜ ਗੁਰਦੁਵਾਰਾ ਮੋਤੀ ਬਾਗ ਪਟਿਆਲਾ ਵਿਖੇ ਸਾਂਭੀ ਹੋਈ ਹੈ, ਕਿਸੇ ਸਿੰਘ ਨ ਇਹ ਬੀੜ ਪਟਿਆਲਾ ਦੇ ਮਹਾਰਾਜਾ ਮਹਿੰਦ੍ਰ ਸਿੰਘ ਨੂੰ ਸੰ: ੧੯੬੨-੬੭ ਵਿਚ ਭੇਟ ਕੀਤੀ ਸੀ। ਕਾਗਜ਼ ਤੇ ਲਿਖਤ ਆਦਿ ਗਲਾਂ ਬੀੜ ਦੇ ੧੬੦ ਵਰੇ ਪੁਰਾਣੀ ਹੋਣ ਦੀ ਗਵਾਹੀ ਭਰਦੀਆਂ ਹਨ। ਸੰਗਰੂਰ ਵਾਲੀ ਬੀੜ ਦੇ ਨਾਂ ਨਾਲ ਜਾਣੀ ਜਾਣ ਵਾਲੀ ਬੀੜ ਇਸ ਸਮੇਂ ਗੁਰਦੁਆਰਾ ਦੀਵਾਨ ਖਾਨਾ ਸੰਗਰੂਰ ਵਿਖੇ ਸਥਾਪਤ ਹੈ, ਇਹ ਬੀੜ ਜੀਂਦੇ ਦੇ ਰਾਜਾ ਸਰੂਪ ਸਿੰਘ ੧੮੩੭-੬੪ ਇਕ ਪਠਾਣ ਨੇ ਦਿਲੀ ਸੰ: ੧੮੫੭ ਵਿਚ ਭੇਟ ਕੀਤੀ ਸੀ ਮਾਹਰਾਂ ਦੀ ਰਾਇ ਅਨੁਸਾਰ ਇਹ ਬੀੜ ੧੬੦ ਵਰੇ ਪੁਰਾਣੀ ਹੈ। ਪਟਨਾ ਸਾਹਿਬ ਦੇ ਮੁਖ ਗੁਰਦੁਆਰੇ ਜਨਮ ਅਸਥਾਨ ਦੇ ਤੋਸ਼ੇ ਖਾਨੇ ਵਿਚ ਦਸਮ ਗਰੰਥ ਦੀਆਂ ਕਈ ਬੀੜਾਂ ਸੁਰਖਯਤ ਪਈਆਂ ਹਨ। ਇਨ੍ਹਾਂ ਵਿਚ ਪਟਨੇ ਵਾਲੀ ਬੀੜ ਦੇ ਨਾਂ ਨਾਲ ਜਾਣੀ ਜਾਂਦੀ ਬੀੜ ਦੇ ੭੧੩ ਪੱਤਰੇ ਹਨ ਅਤੇ ਰਵਾਇਤੀ ਫਾਰਮੂਲੇ ਅਨੁਸਾਰ ੧੬੦ ਵਰ੍ਹੇ ਪੁਰਾਣੀ ਕਹੀ ਜਾ ਸਕਦੀ ਹੈ।

ਉਪ੍ਰੋਕਤ ਲੇਖ ਦਾ ਸਮਾਧਾਨ-ਉਦੋਂ ਤਕ ਐਉ ਹੁੰਦਾ ਹੀ ਰਹਿੰਦਾ ਹੈ ਜਦੋਂ ਤਕ ਕਿਸੇ ਮਕਾਨ ਦੀ ਉਸਾਰੀ ਕਰਕੇ ਮੁਕੰਮਲ ਤੌਰ ਪਰ ਪ੍ਰਜੇ ਗਾਸ਼ੀਲ ਨਹੀਂ ਹੋ ਜਾਂਦੀ। ਜਦੋਂ ਤਕ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਆਪਣੇ ਮਹੱਤਵ ਅਨਥਾਨ ਤੇ ਬ੍ਰਾਜਮਾਨ ਨਹੀਂ ਸਨ ਹੋਈ, ਉਦੋਂ ਤਕ ਕਈ ਘਾਟੇ ਬਧੇ ਤੇ ਤਬਦੀਲੀਆਂ ਹੋਈਆਂ, ਅੰਤ ਗੁਰੂ ਸਾਹਿਬਾਂ ਨੂੰ ਬੈਨ ਹੀ ਲੌਣਾ ਪਿਆ ਸੀ। ਉਂਜ ਵੀ ਆਪੋ-ਆਪਣੀ ਸ਼ਤਧਾ ਭਾਵਨੀ ਅਨੁਸਾਰ, ਘਟ-ਵਧ ਬਾਣੀਆਂ ਲਿਖ ਕੇ ਕੋਲ ਰਖੀਆਂ ਜਾਂ ਸਕਦੀਆਂ ਹਨ। ਇਸ ਲਈ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦੇ ਵੀ ਕਈ ਸਰੂਪ ਵਜੂਦ ਵਿਚ ਆ ਗਏ ਸਨ। ਜਦੋਂ ਸ੍ਰੀ ਦਸਮੇਸ਼ ਪਿਤਾ ਜੀ ਨੇ ਦਮਦਮਾ

Digitized by Panjab Digital Library | www.panjabdigilib.org

ਸਾਹਿਬ ਵਾਲੀ ਬੀੜ ਲਿਖਕੇ ੧੪੩੩ ਪੰਨੇ ਤੇ ਆਪਣੀ ਮੋਹਰ ਲਾਕੇ ਅਗੋਂ ਲਈ ਰੋਕ ਲਾ ਦਿਤੀ ਤਦ ਤੋਂ ਹੀ ਟਿਕਾਉ ਆਇਆ ਸੀ। ਇਸੇ ਤਰ੍ਹਾਂ ਕਿਸੇ ਦੇ ਬਾਣੀਆ ਕਿਸੇ ਚਾਰ ਕਿਸੇ ਨੇ ਛੇ ਬਾਣੀਆਂ ਲਿਖਕੇ ਰੱਖ ਲਈਆਂ ਕਿਸੇ ਪਾਸ ਲਿਖਣ ਲਈ ਸਮਾ ਘੱਟ ਸੀ, ਕਿਸੇ ਪਾਸ ਵਧ ਸੀ ਜਿਸ ਨੂੰ ਜੋ ਬਾਣੀ ਚਾਹ ਅਨੁਸਾਰ ਪਸੰਦ ਸੀ ਲਿਖ ਲਈ। ਅਗੇ-ਉਹਨਾਂ ਦੀ ਸੰਤਾਨ ਜੋ ਨਾਂ ਪੜ ਸਕੇ ਨਾਂ ਸਮਝ ਸਕੇ ਉਹਨਾਂ ਕਿਸੇ ਨਾਂ ਕਿਸੇ ਅਸਥਾਨ ਦੇ ਸਪੁਰਦ ਕਰ ਦਿਤੀ। ਜਿਹੜੀ ਬੀੜ ਸ੍ਰੀ ਦਸਮੇਸ਼ ਜੀ ਮਹਾਰਾਜ ਦੇ ਪਾਸ ਅਵਚਲ ਨਗਰ ਹਜ਼ੂਰ ਸਾਹਿਬ ਨਾਲ ਸੀ ਉਸ ਵਿਚ ਰਤਨ ਵਾਧਾ ਘਾਟਾ ਹੋਣਦੀ ਸੰਭਾਵਨਾ ਨਹੀਂ। ਅਰ ਜਦੋਂ ਸ਼ਰੋਮਣੀ ਕਮੇਟੀ ਤੇ ਸ਼ਰੋਮਣੀ ਅਕਾਲੀ ਦਲ ਤੇ ਅਕਾਲ ਤਖਤ ਸਾਹਿਬ ਦੇ ਮਾਨਯੋਗ ਸਿੰਘ ਸਾਹਿਬਾਂਨ ਜਥੇਦਾਰੀ ਵਲੋਂ ਸੋਧ ਕਮੇਟੀ ਦੀ ਸੇਵਾ ਲੈਕੇ ੩੨ ਅਸ ਵਾਰਿਆਂ ਦੀ ਪੁਛ ਪ੍ਰਤਾਲ ਕਰਕੇ ਤਸਲੀ ਪ੍ਰਗਟਾਈ ਗਈ ਜਿਸ ਤੋਂ ਉਪ੍ਰੰਤ ਇਹ ਬਾਦ ਬਿਵਾਦ ਹਮੇਸ਼ਾ ਲਈ ਸਮਾਪਤ ਹੋ ਜਾਂਦਾ ਹੈ। ਜੇ ਕਹੋ ਹਜ਼ੂਰ ਸਾਹਿਬ ਸ੍ਰੀ ਦਸਮ ਗਰੰਥ ਦਾ ਸਰੂਪ ਹੈ ਹੀ ਨਹੀਂ ਸੀ, ਉਹ ਨਿਰਨੇ ਦੇ ਨਿਰਨੇ ਵਿਚ ਭਲੀ ਪ੍ਰਕਾਰ ਸਿੱਧ ਕੀਤਾ ਜਾ ਚੁਕਾ ਹੈ ਅਤੇ ਗੁਰ ਬਲਾਸ ਪੰ: ੧੦ ਲੇ: ਭਾ: ਕੋਇਰ ਸਿੰਘ ਪੰ: ੨੮੪ ਤੇ ਦੇਖਿਆ ਜਾ ਸਕਦਾ ਹੈ। ਲੇਖ ਹੈ ਅਤੇ ਅੰਤ ਸਮੇ ਗੁਰ ਸਿਖਾਂ ਦੇ ਪ੍ਰਸੰਨ ਦਾ ਉਤਰ ਹੈ–

ਗੁਰਿਆਈ ਕਾ ਨਹਿ ਅਬਕਾਲ।
ਤਿਲਕ ਨ ਦੇਵਹਗੇ ਕਿਸ ਭਾਲ ।੯੬।
ਸਰਬਸੁ ਸੰਗਤਿ ਖਾਲਸ ਮਾਨ।
ਸ੍ਰੀ ਅਸਕੇਤ ਗੋਦ ਮਹਿ ਜਾਨ।
ਲੜ ਪਕੜਾਇ ਸਬਦ ਕਾ ਰੂਪ।
ਜੋ ਮਾਨੇ ਸੋ ਸਿੰਘ ਅਨੂਪ ।੯੭।
ਦਰਸ਼ਨ ਗੁਰਕਾ ਹੈ ਸਵਧਾਨ।
ਸ੍ਰੀ ਗਰੰਥ ਜੀ ਸਾਹਿਬ ਮਾਨ।
ਲੈ ਆਵੋ ਤਾਕੋ ਯਾ ਥਾਨਾ।
ਲੈ ਆਏ ਗੁਰ ਦਸਮ ਸੁਜਾਨਾ ।੯੮।

ਭਾ: ਸਿੰਘ, ਆਦਿ ਗਰੰਥ ਸਾਹਿਬ ਦੀ ਥਾਂ ਸ੍ਰੀ ਦਸਸ ਗਰੰਥ ਲੈ ਲਿਆ, ਜੇ ਉਸ ਵੇਲੇ ਉਹਨਾਂ ਕੋਲ ਮੌਜੂਦ ਸੀ ਤਾਂ ਹੀ ਲੈ ਆਏ ਸਨ ਠਾਂ ਇਥੇ ਪ੍ਰਮਾਦ ਕਾਹਦਾ ? ਦਾਸ ਸ੍ਰੀ ਮਾਨ ਡਾ: ਹਰਚੰਦ੍ ਸਿੰਘ ਜੀ ਪਾਸੋਂ ਉਤਰ ਚਾਹੁੰਦਾ ਹੈ ਕਿ ਉਪ੍ਰੋਕਤ ਛੰਦ ਆਦਿ ਬਾਣੀ ਪਟਨਾ ਸਾਹਿਬ ਵਾਲੀ ਬੀੜ ਵਿਚੋਂ ਖਿਸਕ ਕੇ ਹਜ਼ੂਰ ਸਾਹਿਬ ਵਾਲੀ ਬੀੜ ਵਿਚ ਕਿਵੇਂ ਜਾ ਪੁਜੇ ? ਸਾਨੂੰ ੧੯੦ ਵਰ੍ਹੇ ਜਾਂ ੧੬੦ ਵਰ੍ਹੇ ਨਵੀਂ ਪੁਰਾਣੀ ਨਾਲ ਕੋਈ ਵਿਤਕਰਾ ਤੇ ਫਰਕ ਨਹੀਂ। ਡਾ: ਹਰਚੰਦ ਜਿਹੜਾ ਗਿ: ਭਾਗ ਸਿੰਘ ਦੇ ਦਸਮ ਗਰੰਥ ਨਿਰਣੇ ਦਾ ਹਵਾਲਾ ਦਿੰਦੇ ਹਨ ਉਹ ਗਿ: ਹਰਬੰਸ ਸਿੰਘ ਜੀ ਲਿਖਿਆ-ਦਸਮ ਗਰੰਥ ਦਰਪਣ ਦੇ ਕੇ ਦਰਸ਼ਨ ਕਰ ਲੈਣ ਤਾਂ ਕਿ ਸਪਸ਼ਟ ਹੋ ਜਾਇ ਕਿ ਗਿ: ਭਾਗ ਸਿੰਘ ਜੀ ਕੀ ਸਨ ? ਤਾਂਕੇ ਉਹਨਾਂ ਦੀ ਬਿਦਵਤਾ ਦਾ ਦੰਡ ਨਾਪ ਕਰ ਸਕੇ।

ਇਕ-ਡਾ: ਜਗਦੀਸ ਸਿੰਘ ਦਾ ਵੀ ਹਵਾਲਾ ਡਾ: ਹਰਚੰਦ ਸਿੰਘ ਨੇ ਦਿਤਾ ਹੈ ਸ੍ਰੀ ਮਾਨ ਡਾ: ਜਗਜੀਤ ਸਿੰਘ ਨੇ ੨ ਪੁਸਤਕਾਂ ਲਿਖੀਆਂ ਹਨ ਇਕ ਹੈ (ਭਾਈ ਗੁਰਦਾਸ-ਅਲੋਚਨਾਤਮਿਕ) ਇਕ ਅਧਿਐਨ। ਇਹਨਾਂ ਦੋਹਾਂ ਪੁਸਤਕਾਂ ਵਿਚ ਕਿਤੇ ਵੀ ੧ਓ-ਜਾਂ ਸਤਿਗੁਰ ਪ੍ਰਸਾਦਿ ਅਥਵਾ ਸ੍ਰੀ ਵਾਹਿਗੁਰੂ ਜੀ ਕੀ ਫਤਹ, ਜਾਂ ਆਪਣੇ ਇਸ਼ਟ ਦੇਵ ਦਾ ਕੋਈ ਜ਼ਿਕਰ ਤਕ ਨਹੀਂ। ਜਿਸ ਪਰ ਮੇਰਾ ਪ੍ਰਸ਼ਨ ਸੀ ਕਿ ਡਾਕਟਰ ਸਾਹਿਬ ਕੀ ੧ਓ ਆਦਿ ਵਿਚ ਲਿਖਣਾ ਲੇਖਕ ਦਾ ਫਰਜ ਨਹੀਂ। ਇਹ ਧਾਰਮਕ ਪੁਸਤਕਾਂ ਤੇ ਲਿਖਿਦਾਏ। ਇਹ ਡਾਕਟਰ ਸਾ: ਦਾ ਉਤਰ ਸੀ। ਕੀ ਭਾਈ ਗੁਰਦਾਸ ਜੀ ਦੀਆਂ ਲਿਖੀਆਂ ਵਾਂਗ ਧਾਰਮਕ ਨਹੀਂ ਜੇਹਾ ਸਵਾਲ ਸੀ ਜਿਸਦਾ ਉਤਰ ਨਿਰੁਤ੍ਰੀ ਵਿਚ ਹੀ ਮਿਲਿਆ, ਜਿਸਦਾ ਭਾਵ ਸਪਸ਼ਟ ਹੈ ਕਿ ਡਿਗਰੀਆਂ ਹਾਸਲ ਕਰਨੀਆ ਇਕ ਕੰਮ ਹੈ-ਪਰ ਬ੍ਰਹਮ ਵਿਦਿਆ ਪ੍ਰਾਪਤੀ ਸਵੈ ਧਰਮ ਹੈ ਜਿਸ ਦਾ ਡਿਗਰੀਆਂ ਨਾਲ ਕੋਈ ਸਬੰਧ ਨਹੀਂ। ਇਕ ਅਨੋਖੀ ਅੱਖ ਦਾ ਚਮਤਕਾਰੀ ਕਵੀ ਆਪਣੀ ਬੇਵੱਸੀ ਜ਼ਾਹਰ ਕਰਦਾ ਹੈ–

ਕਰਤਾਰ ਕੀ ਸੁਗੰਧ ਹੈ
ਨਾਨਕ ਕੀ ਕਸਮ ਹੈ।
ਜਿਤਨੀ ਕੀ ਹੋ ਗੋਬਿੰਦ ਕੀ
ਤਾਰੀਫ ਵੋਹ ਕਮ ਹੈ।
ਹਰ ਚੰਦ ਮਿਰੇ ਹਾਥੋਂ ਮੇਂ
ਪੁਰ ਜ਼ੋਰ ਕਲਮ ਹੈ।
ਸਤਿਗੁਰ ਕੇ ਲਿਖੂੰ ਵਸਫ

Digitized by Panjab Digital Library | www.panjabdigilib.org

ਕਹਾਂ ਤਾਂਬਿ ਬਰਮ ਹੈ।
ਏਕ ਆਂਖਸੇ ਕਿਆ ਬੁਲ ਬੁਲਾ
ਕੂਲ ਬਹਿਰ ਕੋ ਦੇਖੇ।
ਸਾਹਲ ਕੋ ਮੰਝਧਾਰ ਕੋ
ਯਾ ਲਹਿਰ ਕੋ ਦੇਖੇ।

ਕਿਸੇ ਵੀ ਗੁਰਦੇਵ ਨੇ ਗਰੈਜੂਏਟੀ ਨਹੀਂ ਕੀਤੀ ਭਾਈ ਗੁਰਦਾਸ ਜੀ ਨੇ ਕੋਈ ਕਾਲਜੀਏਟੀ ਨਹੀਂ ਕੀਤੀ। ਉਹਨਾਂ ਦੇ ਅੰਦਰ ਬ੍ਰਹਮ ਪ੍ਰਕਾਰ ਸੀ ਸੰਜਮ ਸੀ, ਸੀਲਤਾ ਦੇਵੀ ਦਾ ਨਿਵਾਸ ਤੇ ਸਾਦਗੀ ਦੇ ਮੁਜੱਸਮ ਸਨ, ਹਉਮੈਂ ਦੀ ਗੜ੍ਹੀ ਤੋਂ ਉਪਰ ਸਨ ਜਦਕਿ ਗਰੇਜੂਏਟਾਂ ਤੇ ਆਪਣੀ ਵਿਦਿਆ ਦੇ ਮਾਨ ਦਾ ਢੇਰ ਹੁੰਦਾ ਏ, ਸਾਧਾਰਨ ਪੁਰਸ਼ ਉਹਨਾਂ ਨੂੰ ਟਿਡੀ ਜਾਂ ਪਤੰਗਾ ਦਿਸਦਾ ਏ, ਕਾਫੀ ਹਦ ਤਕ ਫੈਸ਼ਨ ਦਾ ਸਾਇਆ ਹੁੰਦਾ ਏ। ਜਿਸ ਲਈ ਬ੍ਰਹਮ ਗਿਆਨੀ ਦੀ ਤੁਲਨਾਤਮਕ ਸੀਲ ਨਹੀਂ ਹੁੰਦੇ, ਜੇ ਕਰ ਉਸ ਚੌਰਾਹੇ ਤਕ ਪੁਜੇ ਹੋਇ ਹੁੰਦੇ ਤਾਂ ਸ਼੍ਰੀ ਗੁਰਦੇਵ ਜੀ ਨੇ ਜਿੱਥੇ, ਕਈ ਅਸਟਪਦੀਆਂ ਵਿਚ ਸਾਧ ਦੀ ਉਪਮਾ ਲਿਖੀ ਹੈ ਸਤ ਦੀ ਉਪਮਾ ਲਿਖੀ, ਬ੍ਰਹਮ ਗਿਆਨੀ ਦੀ ਉਪਮਾ ਲਿਖੀ ਭਜਨ ਬੰਦਗੀ ਕਰਨ ਵਾਲੀਆਂ ਲਈ ਲਿਖੀ ਪਰ ਕਾਲਜੀਏਟ ਜਾਂ ਡਿਗ੍ਰੀਆਂ ਦੇ ਮਾਲਕ ਅਥਵਾ ਗਰੇਜੂ ਏਟਾਂ ਵਾਸਤੇ ਵੀ ਇਕ ਅਧ ਲਿਖ ਹੀ ਦਿੰਦੇ, ਪਰ ਨਹੀਂ ਲਿਖੀ। ਇਹ ਠੀਕ ਹੈ-ਗਰੇਜੂਏਟਾਂ ਟਿੱਪਣੀਆਂ ਦੇ ਸਕਦੇ ਨੇ, ਇਤਿਹਾਸ ਲਿਖ ਸਕਦੇ ਨੇ, ਸਿਆਸਤਕੀ ਬਿਆਨ ਬਾਜੀ ਕਰ ਸਕਦੇ ਨੇ, ਲੈਕਚਰ ਦੇ ਸਕਦੇ ਨੇ ਉਹਨਾਂ ਅਗੇ ਸਾਰਾ ਸੰਸਾਰ ਦੇ ਲੋਕ ਵਿਦਿਆਰਥੀ ਹੈਨ ਗਿਆਨ ਦੇ ਵੀਚਾਰ ਦੇ ਸਕਦ ਨੇ ਪਰ ਅਮਲ ਤੇ ਬ੍ਰਹਮ ਗਿਆਨ ਦੀ ਜੰਮਣ ਘੁਟੀ ਤਾਂ ਸੰਤਾਂ ਕੋਲ ਹੀ ਰਿਜਰਵ ਹੈ। ਜਿਹੜੇ ਕਰਨੀ ਦੇ ਸੁਖਸਮ ਅਤੇ ਰਾਹ ਦੇ ਪਕੇ ਹੁੰਦੇ ਨੇ।

ਹਰਿ ਹਰਿ ਜਨ ਦੋਇ ਏਕ ਹੈ।
ਬਿਬ ਬਿਚਾਰ ਕਛੁ ਨਾਹਿ।੬।

ਜਦ ਅਸੀਂ ਹਰਿ-ਆਸੇ ਤਕ ਨਹੀਂ ਪੁਜ ਸਕਦੇ ਤਾਂ ਅਸੀਂ ਦਸਵੇਂ ਸ੍ਰੀ ਗੁਰੂ ਗੋਬਿੰਦ ਦੇ ਆਂਸੇ ਨੂੰ ਕਿਵੇਂ ਤੋਲ ਮਿਣ ਸਕਦੇ ਹਾਂ ? ਦੂਜੀ ਗਲ ਇਹ ਵੀ ਹੈ।

ਜਹ ਕਰਣੀ ਤਹ ਪੂਰੀ ਮਤਿ।
ਕਰਣੀ ਬਾਝਹੁ ਘਟੇ ਘਟ।
ਪੰ ੨੫। ਮ: ੧।

ਜਿਸ ਕੰਮ ਦੀ ਕਿਸ ਨ ਮਾਹਰੀਯਤ ਹਾਸਲ ਕੀਤੀ ਹੈ ਉਹ ਉਸੇ ਕੰਮ ਵਿਚ ਕਾਮਿਆਬ ਹੋ ਸਕਦਾ ਹੈ-ਜੇ।

ਮੰਤ੍ਰੀ ਹੋਇ ਅਠੂਹਿਆ
ਨਾਗੀ ਲਗੈ ਜਾਇ।
ਆਪਣ ਹਥੀ ਆਪਣੈ
ਦੇ ਕੂਚਾ ਆਪੇ ਲਾਇ।
ਹੁਕਮੁ ਪਾਇਆ ਧੁਰਿ ਖਸਮ
ਕਾ ਅਤੀ ਹੂ ਧਕਾ ਖਾਇ।
ਗੁਰਮੁਖ ਸਿਉ ਮਨਮੁਖ
ਅੜੇ ਡੁਬੈ ਹਕਿ ਨਿਆਇ।
ਪੰ: ੧੪੮ ਮ: ੨।

ਦੇਖੋ (ਗੁਰ ਸਿਖ ਦਰਸ਼ਨ) ਪੰ: ੧੪-ਲੇਖਕ-ਸ੍ਰੀ ਮਾਨ ਮਹਾਂ ਪੁਰਸ਼ ਸੰਤ ਜੋਤੀ ਸਿੰਘ ਜੀ ਨਵੰਬਰ ੧੯੮੯ ਚ ਆਪ ਲਿਖਦੇ ਹਨ ਕਿ ਗੁਰਬਾਣੀ ਦੀ ਸਤਿਸੰਗ, ਅਰਥਾਂਤ ਗੁਰਬਾਣੀ ਦਵਾਰਾ ਬ੍ਰਹਮ ਗਿਆਨ ਦੇ ਕੇਉੜੇ-ਕਸਤੂਰੀ ਦੀ ਫੁਰਾਹ ਨੂੰ ਪ੍ਰਾਪਤ ਕਰਨਾ ਇਕ ਬਹੁਤ ਉਚੀ ਸਤਿਸੰਗ ਹੈ, ਇਸ ਨਾਲ ਮਨ ਹੌਲੀ ਹੌਲੀ ਸਮਝ ਤੇ ਗਿਆਨ ਚਾਨਣਾ ਪ੍ਰਾਪਤ ਹੁੰਦਾ ਹੈ, ਜੋ ਮੈਂ ਕੀ ਸਾਂ ਤੇ ਕਿਸੇ ਜਿੱਲ੍ਹਣ ਵਿਚ ਆਣ ਫਸਿਆ ਹਾਂ। ਕਿਵੇਂ ਉਭਰਾਂ ਤੇ ਕੀਧੀ ਓਟ ਲਵਾਂ। ਪ੍ਰੰਤੂ ਸਮਾਂ ਕਲਿਜੁਗ ਦਾ ਹੈ ਬਹੁਤੇ ਲਿਖਾਰੀਆਂ ਪੁਸਤਕਾਂ ਅਰ ਅਖਬਾਰਾਂ ਵਾਲਿਆਂ ਨੂੰ ਲੋਭ-ਲਾਲਚ, ਸਤਾ ਰਿਹਾ ਹੈ, ਇਸ ਲਈ ਉਹ ਮੂਰਖ ਤੇ ਇੰਜਾਣੇ (ਲਖੀ ਨ ਜਾਇ ਪਾਰਬ੍ਰਹਮ ਕੀ ਲੀਲਾ) ਅਨੁਸਾਰ ਸਤਿਗੁਰਾਂ ਨੇ ਗੁਰਬਾਣੀ ਅੰਦਰ ਸੰਸਾਰ ਨੂੰ ਕਰਮ ਭੂਮੀ ਜਾਂ ਖੇਡ ਦਾ ਮੈਦਾਨ ਦਸਿਆ ਹੈ। ਇਸ ਮੈਦਾਨ-ਅੰਦਰ ਪੁਰਸ਼ਾਂ ਨੂੰ ਅਜ ਦਿਨ ਰਾਤ ਗੰਦੇ ਮੰਦੇ ਇਸ਼ਕ-ਮੁਸ਼ਕ ਦੇ ਵਿਸ਼ੇ ਵਿਕਾਰਾਂ ਦੀ ਭਿੱਤੀ ਦੇਣ ਵਾਲੇ ਜ਼ਹਿਰੀਲੇ ਲੇਖਾਂ ਦਵਾਰਾ ਭਗਤ ਵਾਸੀਆਂ ਨੂੰ, ਇਸੇ ਗੰਦੇ ਤੇ ਡੂੰਘੇ ਖੂਹ ਵਿਚ ਸੁਟਣ ਅਤੇ ਤਰੱਕ-ਤਰੱਕ ਨਰਕਾਂ ਦੇ ਵਸਨੀਕ ਬਣਨ ਦੀ ਗੁੜਤੀ ਦੇਂਦੇ ਰਹਿੰਦੇ ਹਨ। ਕਈ ਸੋਸਾਇਟੀ, ਕੋਈ ਜੱਥਾ ਕੋਈ ਗੌਰ ਮਿੰਟ ਦੇ ਅਫਸਰ ਇਨ੍ਹਾਂ ਨੂੰ ਲਗਾਮ ਨਹੀਂ ਪਾਂਦੇ, ਕਿਉਂਕਿ ਉਹ ਅੰਦਰੋਂ ਆਪ ਵੀ ਇਸੇ ਪ੍ਰੋਗਰਾਮਾਂ ਦੇ ਸ਼ੁਕੀਨ ਹੁੰਦੇ ਨੇ।

(੪੧) ਅਹਵਾਲਾ ਚੌਣਵੀਂ ਬਾਣੀ–ਦਸਮ

Digitized by Panjab Digital Library | www.panjabdigilib.org

ਗਰੰਥ ਸੰਪਾਦਕ ਲਾਲ ਸਿੰਘ ਐਮ. ਏ. ਭਾਸ਼ਾ ਵਿਭਾਗ ਪਟਿਆਲਾ । ਪੰ: ੩੦-ਇਹ ਸਿਲਸਲਾ ਪਹਿਲੇ ਜਾਮੇ ਤੋਂ ਲੈਕੇ ਦਸਮੇ ਜਾਮੇ ਤਕ ਇਕਸਾਰ ਚਲਦਾ ਰਿਹਾ ਇਸ ਸਵਾ ਦੋ ਸੌ ਸਾਲ ਦੇ ਲੰਮੇ ਸਮੇਂ ਵਿਚ ਮਹਾਨ ਗਰੰਥ ਮਨੁਖਤਾ ਦੇ ਉਧਾਰ ਲਈ ਤਿਆਰ ਹੋਇ । ਇਹ ਆਦਿ ਗਰੰਥ ਤੇ ਦਸਮ ਗਰੰਥ ਦੇ ਨਾਵਾਂ ਨਾਲ ਪ੍ਰਸਿੱਧ ਹਨ ਅਤੇ ਗਰਮਤਿ ਸਾਹਿਬ ਦਾ ਅਮੁਲ ਅਤੁਲ ਤੇ ਜੁਗ-ਜੁੱਗ ਅਟੱਲ ਭੰਡਾਰ ਹਨ, ਵੰਡਦੇ ਰਹੇ ਹਨ, ਜੋ ਪ੍ਰਾਣੀ ਮਾਤਰ ਨੂੰ ਸਤ ਸੰਤੋਖ ਵਿਚਾਰ ਤੇ ਨਾਮ ਦੀ ਅਤੁਟ ਦਾਤ ਵੰਡਦੇ ਆਏ ਹਨ, ਵੰਡਦੇ ਰਹੇ ਹਨ ਅਤੇ ਵੰਡਦੇ ਰਹਿਣਗ । ਇਹਨਾਂ ਦੋਹਾਂ ਗਰੰਥਾਂ ਦੀ ਸੰਪੂਰਨਤਾ ਵਿਚ ਗਰੂ ਗਬਿੰਦ ਸਿੰਘ ਜੀ ਦੇ ਜੀਵਨ ਕਾਲ ਦੀ ਅਮਿਟ ਛਾਪ ਹੈ । ਇਉਂ ਗਰਮਤਿ ਸਾਹਿਤ ਦੇ ਥਾਲ ਪ੍ਰੋਸਣ ਵਿਚ ਇਨ੍ਹਾਂ ਦੇ ਨੂਰੀ ਹਥ ਦੀ ਅਮਰ ਦੇਣ ਹੈ, ਐਉਂ ਜੇ ਆਦਿ ਸ੍ਰੀ ਗਰੂ ਗਰੰਥ ਸਾਹਿਬ ਜੇ ਗਰਬਾਣੀ ਹੈ ਯਾਂ ਸ੍ਰੀ ਗਰੂ ਗਰੰਥ ਵੀ ਗਰ ਬਾਣੀ ਹੈ । ਜਿਸ ਬਾਰੇ ਭਾਈ ਗਰਦਾਸ ਜੀ ਦਾ ਕਥਨ ਹੈ--

ਜੈਸੇ ਤੋ ਸਕਲ ਨਿਧਿ ਪੂਰਨ
ਸਮੁੰਦਰ ਵਿਖੇ ਹੰਸ ਮਰਜੀਵ
ਨਿਸਚੇ ਪਰਸਾਦਿ ਪਾਵਈ ।
ਤੈਸੇ ਗੁਰਬਾਣੀ ਵਿਖੇ ਸਕਲ
ਪਦਾਰਥ ਹੈ ਜੋਈ ਜੋਈ ਖੋਜੈ
ਸੋਈ ਸੋਈ ਨਿਪਜਾਵਈ ।

ਅਗੇ ਹੋਰ ਤਕੋ ਪੰ: ੩੩ ਤੇ-ਦਸ ਗਰੰਥ ਦਾ ਸਾਹਿਤ ਸਿਰਲੇਖ ਸ੍ਰੀ ਗੁਰੂ ਗੋਬਿੰਦ ਸਿੰਘ-ਦਸਮ ਗ੍ਰੰਥ ਦਾ ਸਾਹਿਤ ਨਿਰੋਲ ਗੁਰੂ ਗੋਬਿੰਦ ਸਿੰਘ ਜੀ ਦੀ ਦੇਣ ਹੈ । ਉਂਜ ਵੀ ਕਿਸੇ ਕਵੀ ਦੀ ਲਿਖੀ ਰਚਨਾ, ਸ੍ਰੀ ਦਸਮੇਸ਼ ਦੇ ਬਰਾਬਰ ਨਹੀਂ ਤੁਲਦੀ, ਉਹ ਅਲੰਕਾਰ ਉਹ ਰਵਾਨਗੀ ਉਹ ਸੰਖੇਪ ਵਿਚ ਵਿਸ਼ੇਸ਼ ਪ੍ਰਗਟਾਅ ਦਾ ਪ੍ਰਕਾਸ਼ ਕਿਤੇ ਵੀ ਨਹੀਂ ਮਿਲਦਾ । ਜਿਵੇਂ ਕਿ "ਸੈਨਾ ਪਤੀ ਗੁਰੂ ਦਰਬਾਰ ਦੇ ਕਵੀਆਂ ਵਿਚੋਂ ਇਕ ਸੀ, ਜਿਸ ਨੂੰ ਸ਼ਰੋਮਣੀ ਕਵੀ ਕਿਹਾ ਜਾਂਦਾ ਸੀ, ਉਹਦੀ ਕਵਿਤਾ ਸਤਿਗੁਰੂ ਦੀ ਮਹਿਮਾਂ ਤੁਾਂ ਬਿਆਨ ਕਰਦੀ ਹੈ, ਪਰ ਉਹ ਗੁਲਦਸਤੇ ਨਹੀਂ, ਜਿਵੇਂ—

ਨਿਰੰਕਾਰ ਆਕਾਰ ਕਰ
ਮਨਸਾ ਮਨਿ ਬੀਚਾਰ।
ਮੁਕਤ ਕਰਨ ਸਸਾਰ ਕੋ
ਪ੍ਰਗਟ ਭਏ ਕਰਤਾਰ।
ਕਰਨ ਕਰਾਵਨਹਾਰ ਪ੍ਰਭ
ਸਾਮਰਥ ਸਿੰਘ ਗੋਬਿੰਦ।
ਕਲਾਧਾਰ ਪ੍ਰਗਟ ਭਯੋ
ਚਹੁ ਦਿਸ ਭਯੋ ਆਨੰਦ।

ਜਦੋਂ ਗੁਰਦੇਵ ਆਪਣੇ ਗੁਰਦੇਵ ਭਾ: ਅਕਾਲੀ ਜੋਤਿ ਦਾ ਪ੍ਰੀਚੇ ਦਿੰਦੇ ਹਨ ਤਾਂ ਉਹਨਾਂ ਦੇ ਮੁਖਾਰਬਿੰਦ ਤੋਂ ਨਿਕਲੇ ਸੁਭ ਫੁਲਝੜੀ ਦੇ ਫੁਲ ਐਉਂ ਕਿਰਦੇ ਹਨ :—

ਜਿਮੀ ਜਮਾਨ ਕੇ ਬਿਖੈ
ਸਮਸਤ ਏਕ ਜੋਤ ਹੈ।
ਨ ਘਾਟ ਹੈ ਨਾ ਬਾਢ ਹੈ
ਨਾ ਘਾਟ ਬਾਢ ਹੋਤ ਹੈ।
ਨਾ ਹਾਨ ਹੈ ਨਾ ਬਾਨ
ਹੈ ਸਮਾਨ ਰੂਖ ਜਾਨੀਐ।
ਮਕੀਨ ਔ ਮਕਾਨ
ਅਪ੍ਰਮਾਨ ਤੇਜ ਮਾਨੀਐ।

[ਅਕਾਲ ਉਸਤਤਿ

ਅਗੇ ਤਕੋ ਪੰ: ੬੨ ਤੇ ਰਾਇ ਰੈਕਟਰ ਸਾਹਿਬ ਆਪਣੀ ਰਾਇ ਪੇਸ਼ ਕਰਦੇ ਹਨ-ਕਿ ਇਉਂ ਦਸਮ ਗ੍ਰੰਥ ਗੁਰਮਤਿ ਸਾਹਿਤ ਦਾ ਅਮੁਲ ਤੇ ਅਤੁਲ ਭੰਡਾਰ ਹੈ ਸਭ ਵੰਨਗੀਆਂ ਦਾ ਸਾਹਿਤ ਇਸ ਵਿਚ ਸਮੋਇਆ ਗਿਆ ਹੈ । ਇਸ ਵਿਚ ਅੰਮ੍ਰਿਤ ਦੀਆਂ ਧਾਰਾਂ ਹਨ, ਅਕਾਲ ਪੁਰਖ ਦੀ ਉਸਤਤਿ ਹੈ ਜਗਤ ਤਮਾਸ਼ੇ ਦਾ ਝਲਕਾਰਾ ਹੈ, ਪ੍ਰਭੂ ਭਗਤੀ ਦੀ ਅਨੂਠੀ ਅਰਾਧਨਾ ਹੈ, ਇਤਿਹਾਸਕ ਤੇ ਮਿਥਿਹਾਸਕ ਗਿਆਨ ਦਾ ਚਾਨਣ ਹੈ, ਧਰਮ ਯੁਧ ਲਈ ਚਾਉ ਉਤਪਨ ਕਰਨ ਦੀ ਪ੍ਰੇਰਨਾ ਹੈ ਅਤੇ ਸਦਾ ਚੜਦੀ ਕਲਾ ਵਿਚ ਰਹਿਣ ਦੀ ਅਮਰ ਧੁਨ ਦਸਮ ਗਰੰਥ ਗੁਰੂ ਗੋਬਿੰਦ ਸਿੰਘ ਜੀ ਦੀ ਸਜੀ ਕਲਾ ਸੰਪੂਰਨ ਸਖਸੀਅਤ ਦਾ ਨਾਉ ਵਿਰਸਾ ਹੈ । ਜਿਸ ਤੋਂ ਪ੍ਰਾਣੀ ਮਾਤਰ ਸਦਾ ਸੁਖ-ਸਹਜ ਤੇ ਸਵੈਮਾਨ ਭਰਪੂਰ ਜੀਵਨ ਜਾਂਚ ਅਤੇ ਧਰਮ ਪਰਾਇਣ ਸ਼ਹਾਦਤ ਲਈ ਪ੍ਰੇਰਨਾ ਲੈਂਦੇ ਰਹਿਣਗੇ । ਇਹ ਕਾਰਣ ਸੀ ਕਿ ਭਾਈ ਨੰਦ ਲਾਲ ਜੀ ਕਥਾਂ ਕਰਦੇ ਕਹਿੰਦ

Digitized by Panjab Digital Library | www.panjabdigilib.org

ਹਨ-ਕਿ ਸਾਹਿਬੇ ਗੁਨਦੇਵ 'ਸ੍ਰੀ ਦਸਮੇਸ਼ ਜੀ' ਜਿਧਰ ਜਰਾ ਨਜ਼ਰ ਭਵਾਂਦੇ ਸਨ-ਉਧਰ ਹੀ ਮੁਰਦੇ ਜ਼ਿੰਦਾ ਹੋ ਉਠ ਤੁਰਦੇ ਸਨ, ਅਤੇ ਉਹਨਾਂ ਦੀ ਕਲੀ ਵਰਗੇ ਖਿੜੇ ਮੁਖੜੇ ਨਿਮੀ ਮੁਸਕਾਨ ਜਿੰਦਗੀ ਬਖਸ਼ਦੀ ਸੀ :-

ਤਮਾਮੀ ਮੁਰਦਰਾਂ ਰਾਅਜ਼
ਤਬਸਮ ਜਿੰਦਗੀ ਮੇਂ ਸਾਜ਼ਦ।
ਚੁਰੇਜ਼ਦ ਆਕੇ ਹੈਵਾਂ ਅਜ਼
ਦਹਾਂ ਆ ਗੁੰਚਾ ਪੰਦੇ ਮਨ।

ਆਪਦੇ-ਆਖਰੀ ਸ਼ਬਦ ਹਨਕਿ ਗੁਰਮਤਿ ਸਾਹਿਤ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਦੇਣ ਇਸ ਸਾਹਿਤ ਨੂੰ ਸੰਪੂਰਨਤਾ ਦੇਣ ਵਾਲੀ ਹੈ। ਜਿਸ ਰੰਗੀਨ ਤਸਵੀਰ ਦੀ ਰੂਪ ਰੇਖਾ ਗੁਰੂ ਨਾਨਕ ਸਨ, ਜਿਸਦਾ 'ਮਧਲਾ, ਰੂਪ ਗੁਰੂ ਅਰਜਨ ਦੇਵ ਜੀ ਸਨ, ਉਸਦੀ ਸੰਪੂਰਨਤਾ ਸ੍ਰੀ ਦਸਮੇਸ਼ ਜੀ ਸਨ। ਇਸ ਅਨੂਪਮ ਤਸਵੀਰਨੂੰ ਗੁਰੂ ਜਾਮਿਆਂ ਨਾਲੋਂ ਨਖੇੜਿਆ ਨਹੀਂ ਜਾ ਸਕਦਾ। ਕਿਉਂਕਿ ਅਜੇਹਾ ਕਰਨ ਨਾਲ ਅਸੀਂ ਗੁਰੂ ਬਚਨਾਂ ਦੀ ਉਲੰਘਣਾ ਕਰਕੇ ਆਪਣੀ ਅਲਪੱਗਤਾ ਦਾ ਫਖਾਵਾ ਕਰਾਂਗੇ। ਸ੍ਰੀ ਦਸਮੇਸ਼ ਜੀ ਦਾ ਆਦੇਸ਼ ਹੈ :-

ਭਿੰਨ ਭਿੰਨ ਸਭਹੂੰ ਕਰ ਜਾਨਾ।
ਏਕ ਰੂਪ ਕਿਨਹੂੰ ਪਹਿਚਾਨਾ।
ਜਿਨ ਜਾਨਾ ਤਿਨ ਹੀ ਸਿਧ ਪਾਈ।
ਬਿਨ ਸਮਝੇ ਸਿਧ ਹਾਥ ਨ ਆਈ।
ਪਾ: ੧੦।

ਬੇਦ ਕਤੇਬ ਪੜੇ ਬਹੁਤੇ ਦਿਨ ਭੇਦ
ਕਿਛੂ ਤਿਨ ਕੋ ਨਹਿ ਪਾਯੋ ।੨੬।
੩੩ ਸਵੈਯੇ।

ਹੋਰ ਦੇਖੋ-ਦਸਮ ਗਰੰਥ ਤੁਕ ਤਤਕਰਾ-ਵਲੋਂ ਸ੍ਰੀ ਗੁਰੂ ਗਰੰਥ ਸਾਹਿਬ ਖੋਜ ਵਿਭਾਗ-ਪੰਜਾਬੀ ਯੂਨੀਵਰਸਟੀ (ਪਟਿਆਲਾ) ਪੰ: ੬ ਤੇ ਸ: ਭਗਵੰਤ ਸਿੰਘ ਹਰੀ ਜੀ ਨਾਭਾ (ਭੂਮਕਾ) ਲਿਖਤ ਡਾ: ਬਲਬੀਰ ਸਿੰਘ-ਹੁਣ ਵਕਤ ਆ ਰਿਹਾ ਹੈ-ਕਿ ਦਸਮ ਗਰੰਥ ਦੇ ਸਾਹਿਤ ਦਾ ਪ੍ਰਭਾਵ ਫਿਰ ਮਹਿਸੂਸ ਕੀਤਾ ਜਾਵੇ। ਜਿਸ ਉਦੇਸ਼ ਨੂੰ ਲੈਕੇ ਗੁਰੂ ਜੀ ਨੇ ਸਾਹਿਤ ਰਚਨਾ ਕੀਤੀ ਸੀ-ਉਸ ਨੂੰ ਮੁੜ ਸੁਰਜੀਤ ਕੀਤਾ ਜਾਇ। ਗੁਰ ਜੀ ਦੀ ਆਸ਼ਾ ਸੀ ਕਿ ਗਿਰੀ ਹੋਈ ਮਨੁਖ ਸੇਣੀ ਨੂੰ ਉਚਾ ਕਰਨ ਲਈ ਬਲਵਾਨ ਸਾਹਿਤ ਦੀ ਲੋੜ ਹੈ, ਉਨ੍ਹਾਂ ਸਾਹਿਤ ਵੀ ਰਚਿਆ ਤੇ ਉਸ ਰਚਨਾ ਦਾ ਅਸਰ ਵੀ ਪ੍ਰਤੱਖ ਕਰਕੇ ਵੇਖਾ ਦਿਤਾ। ਅਸੀਂ ਜਿਸ ਵੇਲੇ ਦਮਾਗੀ ਬਹਿਸ ਵਿਚ ਪੈ ਜਾਂਦੇ ਹਾਂ ਤਾਂ ਸਾਰ ਵਸਤ ਤੋਂ ਉਖੜ ਜਾਂਦੇ ਹਾਂ, ਸਾਨੂੰ ਕੁੱਛ ਸਬਕ ਪੱਛਮੀਆਂ ਕੋਲੋਂ ਲੈਣਾ ਚਾਹੀਦਾ ਏ। ਇੰਗਲੈਂਡ ਵਿਚ ਵੀ, ਸ਼ੈਕਸਪੀਅਰ ਦੀ ਹਸਤੀ ਬਾਰੇ ਸ਼ੰਕੇ ਹਨ, ਪਰ ਇਸ ਦੇ ਬਾਵਜੂਦ ਸੈਕਸਪੀਅਰ ਦੀ ਰਚਨਾ ਦਾ ਪ੍ਰਭਾਵ ਵੈਸਾ ਹੀ ਹੈ। ਅਸੀਂ-ਜਿਸ ਵੇਲੇ ਧਰਮ ਪੁਸਤਕਾਂ ਸਬੰਧੀ ਨਿਜੀ ਸੰਦੇਹ ਪ੍ਰਗਟ ਕਰਦੇ ਹਾਂ ਤਾਂ ਸਤਕਾਰ ਦਾ ਸਾਂਗ ਵਾਯੂ ਮੰਡਲ ਵਿਗਾੜ ਲੈਂਦੇ ਹਾਂ, ਜ਼ਰੂਰੀ ਹੈ ਦਸਮ ਗਰੰਥ ਦੇ ਉਦੇਸ ਨੂੰ ਸਮਝਣ ਦੀ ਤੇ ਉਸ ਮੰਤਵ ਨੂੰ ਪ੍ਰਾਪਤ ਕਰਨ ਲਈ ਹੰਬਲਾ ਮਾਰਨ ਦੀ, ਜਿਸ ਦਾ ਇਖਲਾਕੀ ਟੀਚਾ ਇਸ ਸਾਹਿਤ ਨੇ ਸਾਡੇ ਸਾਹਮਣੇ ਰਖਿਆ। ਅਸਾਂ ਉਸ ਖਾਰਸ਼ ਤੋਂ ਵੀ ਉਚਾ ਉਠਣਾ ਹੈ ਜੋ (ਪੁਰਾਣਾ) ਦਾ ਨਾਮ ਜਾਂ ਕੁਛ ਕਥਾ ਕਹਾਣੀਆਂ ਸੁਨਣ ਨਾਲ ਸਾਡੇ ਜਿਸਮ ਉਤੇ ਖੁਰਕ ਪੈਦਾ ਕਰ ਦਿੰਦਾ ਹੈ ਤੇ ਜੋ ਰੋਗ ਬਾਹਰਲੀ ਛੂਤ ਤੋਂ ਅਸਾਂ ਆਪਣੇ ਅੰਦਰ ਵਾੜਿਆ ਹੈ। ਗੁਰ ਨਾਨਕ ਸਾਹਿਬ ਨੇ ਸਾਨੂੰ ਇਹ ਸਿਖਿਆ ਦਿਤੀ ਹੈ।

ਦਸ ਅਠਾਰ ਮੇਂ ਅਪਰੰਪਰ ਚੀਨੇ
ਕਹੈ ਨਾਨਕ ਇਵ ਏਕ ਤਾਰੇ॥
ਸ੍ਰੀ ਰਾਗ ਮ: ੧।

ਜਿਸਦਾ ਕੇਂਦਰੀ ਭਾਵ ਹੈ-ਕਿ ਸਾਨੂੰ ਪੂਰੀ ਤਰਾ ਨਾਲ ਇਤਿਹਾਸ ਤੋਂ ਮਿਥਿਹਾਸ ਤੋਂ ਨਫਰਤ ਨਹੀਂ ਕਰਨੀ ਚਾਹੀਦੀ, ਸਗੋਂ ਉਸ ਨੂੰ ਵਿਚਾਰਨਾ ਹੈ, ਵਿਚੋਂ ਆਪਣੀ ਨਿਜੀ ਮਨ ਨੂੰ ਸਮਝ ਕੇ ਮਾਰਨਾ ਹੈ। ਬਚਨ ਹੈ-

ਓ-ਸਾਸਤ੍ਰ ਬੇਦ ਦੀ ਬਿਧਿ ਨਹੀ
ਜਾਣਹਿ ਬਿਆਪੇ ਮਨ ਕੈ ਮਾਨ।
ਪੰ: ੧੨੦੩। ਮ: ੫।

ਅ-ਬੇਦ ਸਾਸਤ੍ਰ ਕਉ ਤਰਕਨਿ
ਲਾਗਾ ਤਤੁ ਜੋਗੁ ਨ ਪਛਾਨੈ।
ਪੰ: ੩੮੧। ਮ: ੫।

ੲ-- ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ।
ਸੂਖਮ ਮਹਿ ਜਾਨੈ ਅਸਥੂਲ।ਪੰ: ੨੭੪।

ਸ--ਜਿਨਿ ਬੂਝਿਆ ਤਿਸੁ ਆਇਆ ਸਵਾਦ।
ਪੰ: ੨੮੫।

Digitized by Panjab Digital Library | www.panjabdigilib.org

ਹ--ਗੁਣ ਗੋਬਿੰਦ ਨਾਮੁ ਧੁਨਿ ਬਾਣੀ
ਸਿਮ੍ਰਿਤਿ ਸਾਸਤ੍ਰ ਬੇਦ ਵਖਾਣੀ।
ਪੰ: ੨੯੬।

ਅਸਾਂ ਵੇਦਾਂ ਸ਼ਾਸਤਾਂ ਦੀ ਬਜਾਏ ਤਰਕਬਤ੍ਰਕ ਤੋਂ ਸਗੋਂ ਉਸਦੇ ਮੂਲ ਨੂੰ ਬੁਝਣਾ ਹੈ, ਅਤੇ ਜੱਰਰੇ-ਜੱਰਰੇ ਵਿਚ ਵਡੇ ਤੋਂ ਵਡੇ ਪ੍ਰਮਤਤ ਨੂੰ ਜਾਨਣਾ ਹੈ-ਜਿਨ੍ਹਾਂ ਨੇ ਇਸ ਬ੍ਰਹਾਰਤ ਨੂੰ ਬੁਝ ਲਿਆ ਉਹ ਰਸ ਦੀ ਪ੍ਰਾਪਤੀ ਕਰ ਗਏ ਅਤੇ ਉਹਨਾਂ ਨੂੰ ਉਸ ਵਿਚੋਂ ਵੀ ਗੁਣ ਤੇ ਨਾਮ ਦੀ ਧੁਨੀ ਪ੍ਰਗਟ ਹੁੰਦੀ ਦਿਸੀ। ਬਚਨ ਹੈ ਕਿ ਇਸ ਤਰ੍ਹਾਂ ਦੀ ਬਿਰਤੀ ਵਾਲੇ ਮਹਾਂ ਪੁਰਸ਼ ਜੁਗਾਂ ਜੁਗਾਂਤ੍ਰਾਂ ਤੋਂ ਵੇਦਾਂ ਦਾ ਸਹਾਰਾ ਲੈਕੇ ਗਾਉਂਦੇ ਰਹੇ :

ਗਾਵਨਿ ਪੰਡਿਤ ਪੜਨਿ ਰਖੀਸਰ
ਜੁਗੁ ਜੁਗੁ ਵੇਦਾ ਨਾਲੇ।੨੭।

ਗੁਰਮਤਿਦੇ ਨਿਰੋਲ ਤੇ ਪਵਿਤ੍ਰ ਨੁਚੜਵੇਂ ਗਿਆਨ ਤੋਂ ਪਹਿਲਾਂ ਪਾਪ-ਪੁੰਨ ਦੀਆਂ ਕਹਾਣੀਆਂ ਵੇਦਾਂ ਸ਼ਾਸਤ੍ਰਾਂ ਦੇ ਹੀ ਅਧਾਰਤ ਸਨ ਜੋ ਪਾਪ-ਪੁੰਨ ਦੇ ਵਿਚਾਰ ਦਸਦੀਆਂ ਸਨ। ਭਾਂਵੇਂ ਉਸ ਵਿਚ ਖਾਮੀ ਹੈ ਸੀ ਕਿ ਨਾਲ ਉਤਮ-ਮਧਮ ਤੇ ਜਾਤਾਂ ਜਿਨਸਾਂ ਦਾ ਖਲਵਾਰ ਵੀ ਨਾਲ ਹੁੰਦਾ ਸੀ, ਜਿਸ ਤੋਂ ਸੋਚ ਵਾਲੇ ਗੁਰਮੁਖ ਹੰਸ ਵਾਂਗ ਗਿਆਨ ਦੀ ਚੁੰਜ ਘੁਮਾਕੇ ਨਿਤਾਰਾ ਕਰ ਲੈਂਦੇ ਸਨ।

ਕਥਾ ਕਹਾਣੀ ਬੇਦੀ ਆਣੀ
ਪਾਪੁ ਪੁੰਨੁ ਬੀਚਾਰੁ।
ਦੇ ਦੇ ਲੈਣਾ ਲੈ ਲੈ ਦੇਣਾ
ਨਰਕਿ ਸੁਰਗਿ ਅਵਤਾਰ।
ਪੰ: ੧੨੪੩। ਮ ੧।

ਪਰ ਅਸੀਂ ਅਜੇ ਵੀ ਠੱਬਲ ਠੱਰੇ ਦੇ ਚੱਕਰ ਵਿਚ ਭਟਕ ਰਹੇ ਹਾਂ ਜਦ ਕਿ ਅੰਮ੍ਰਿਤ ਬਾਣੀ ਤਤ ਸਾਰ ਲੈ ਕੇ ਸਾਡੇ ਬੂਹੇ 'ਚ ਪੁਜ ਗਈ ਹੈ ਜਿਸ ਲਈ ਸਾਨੂੰ ਵੀ ਸੁਰਤਿਆਂ ਕੋਲੋਂ ਜਾ ਕੇ ਸੁਰਤਿ ਪ੍ਰਾਪਤ ਕਰਨ ਦੀ ਲੋੜ ਹੈ-

ਅੰਮ੍ਰਿਤ ਬਾਣੀ ਤਤੁ ਵਖਾਣੀ
ਗਿਆਨ ਧਿਆਨ ਵਿਚਿ ਆਈ।
ਗੁਰਮੁਖਿ ਆਖੀ ਗੁਰਮੁਖ ਜਾਤੀ
ਸੁਰਤੀ ਕਰਮਿ ਧਿਆਈ।

ਪਰ ਸਾਡੀ ਅਵਸਥਾ ਰਾਹੋਂ ਖੁਝੇ ਜਿਹੀ ਹੈ-ਜੋ ਅਣਜਾਣੇ ਰਾਹ ਤੋਂ ਭੁਲੇ ਫਿਰਦੇ ਹਾਂ--

ਪੰਥਾ ਪਰੇਮ ਨ ਜਾਣਈ
ਭੂਲੀ ਫਿਰੈ ਗਵਾਰ।
ਪੰ: ੧੪੨੫। ਮ: ੫।

(੪੨) ਆਓ ਸ੍ਰੀ ਦਸਮੇਸ਼ ਅੰਮ੍ਰਿਤ ਬਾਣੀ ਨੂੰ ਸੁਰਤਿ ਲਾਕੇ ਤਕੀਏ-

ਜੋ ਮਨ ਮਾਰਹਿ ਆਪਣਾ ਸੋ
ਪੁਰਖ ਬੈਰਾਗੀ ਰਾਮ।
ਪੰ: ੫੬੯।

ਹਉਮੈ ਭਗਤਿ ਕਰੇ ਸਭੁ ਕੋਇ
ਨਾ ਮਨੁ ਭੀਜੈ ਨ ਸੁਖ ਹੋਇ।
ਪੰ: ੧੨੭੮ ਮ: ੧।

ਭਾਈ ਰੇ ਇਸ ਮਨ ਕਉ ਸਮਝਾਇ।

ਇਹ ਹੈ ਆਦਿ ਗ੍ਰੰਥ ਦੀ ਬਾਣੀ ਦਾ ਆਦੇਸ਼। ਹੁਣ ਲੌ ਅਗੇ ਸ੍ਰੀ ਦਸਮੇਸ਼ ਬਾਣੀ ਦਾ ਉਪਦੇਸ਼-ਕੀ ਉਪਰੋਕਤ ਬਾਣੀ ਦੇ ਪੂਰਨ ਖਲਾਸਾ ਕਰਨ ਵਿਚ ਕੋਈ ਸੰਦੇਹ ਹੈ ? ਸ੍ਰੀ ਗੁਰਦੇਵ ਜੀ ਪਾਰਸ ਨਾਥ ਨੂੰ ਇਸ ਪਾਟ ਦੇ ਨਾਯਕ ਕਾਇਮ ਕਰਦੇ ਹਨ, ਇਕ ਜੋਗੀ ਮਛੰਦਰ ਨਾਥ ਨੂੰ ਗੁਰੂ ਦੇ ਰੂਪ ਵਿਚ ਉਦੇਸ਼ ਦਾਤਾ ਬਣਾਉਂਦੇ ਹਨ। ਪਾਰਸ ਨਾਥ ੧੨੫੦੦੦ ਰਾਜੇ ਨੂੰ ਜਿਤ ਕੇ ਸਰਬ ਭੂ ਮੰਡਲ ਤੇ ਰਾਜ ਕਾਇਮ ਕਰ ਲੈਂਦਾ ਹੈ ਅਤੇ ਮਛੰਦਰ ਨਾਥ ਅਗੇ ਕਹਿ ਰਿਹਾ ਹੈ, ਐ ਨਾਥ ਮੈਨੂੰ ਦਸ ਉਹ ਕਿਹੜਾ ਰਾਜਾ ਮਹਾਰਾਜਾ ਬਾਕੀ ਹੈ ਜਿਸ ਨੂੰ ਮੈਂ ਜਿਤ ਨਹੀਂ ਸਕਿਆ, ਅਤੇ ਜਿਹੜਾ ਮੇਰੇ ਭੈ ਅਗੇ ਭੈ ਭੀਤ ਨਹੀਂ, ਉਹ ਕੇਹੜੀ ਥਾਂ ਹੈ ਜੋ ਮੇਰੇ ਡਰ ਤੋਂ ਕੰਬ ਨਹੀਂ ਰਹੀ। ਦੇਸ਼ ਦਿਸ਼ਾਂਤਰਾਂ ਦੇ ਰਾਜੇ ਮੈਂ ਜਿਤ ਲਏ ਜੋ ਮੇਰੇ ਗੁਲਾਮ ਹੋ ਗਏ ਹਨ ਅਤੇ ਬੇਅੰਤ ਲੋਕ ਮੈਂ ਰਾਜ ਕਾਜ ਦੇ ਕੰਮ ਵਿਚ ਲਗਾਏ ਹੋਏ ਨੇ। ਅਨੇਕਾਂ ਤੀਰਥਾਂ ਦੇ ਇਸ਼ਨਾਨ ਤੇ ਨਾ ਗਿਣੇ ਜਾਣ ਵਾਲੇ ਪੁੰਨ ਮੈਂ ਕੀਤੇ ਹਨ, ਅਨੇਕਾਂ ਛਤਰੀਆਂ ਨੂੰ ਛੈ ਕਰਕੇ ਉਹਨਾਂ ਤੇ ਰਾਜ ਮੈਂ ਕਰ ਰਿਹਾਂ ਹਾਂ। ਉਹ ਦਸੋ ਤਿੰਨਾਂ ਲੋਕ ਦੇ ਸਮਾਜ ਵਿਚ ਕੋਣ ਹੈ ਜਿਥੇ ਮੈਂ ਪਿਛੇ ਹਟਿਆ ਹੋਵਾਂ। ਰੰਗਾ ਰੰਗ ਦੇ ਅਨੇਕਾਂ ਘੋੜ ਮੇਰੇ ਪਾਸ ਨੇ, ਬਾਜ ਮੇਧ ਤੇ ਰਾਜਸੂ ਅਨੇਕਾਂ ਜਗ ਮੈਂ ਕੀਤੇ ਹਨ। ਕੋਈ ਇਹੋ ਜਿਹਾ ਥਾਂ ਬਾਕੀ ਨਹੀਂ ਜੋ ਮੇਰੇ ਪਰਤਾਪ ਤੋਂ

Digitized by Panjab Digital Library | www.panjabdigilib.org

ਅਨਜਾਣ ਹੋਵੇ, ਜਗਤ ਕਰਤਾ ਮੈਨੂੰ ਸਾਰੇ ਮੰਨਦੇ ਹਨ। ਜਿਨ੍ਹਾਂ ਦੇ ਸਿਰ ਤੇ ਅੱਤਰ ਛਤਰ ਹਨ ਉਹ ਸੂਰਮੇ ਮੈਨੂੰ ਸੇਂਵਦੇ ਹਨ, ਜਿਹੜੇ ਕਿਸੇ ਦੀ ਈਨ ਨਹੀਂ ਸੀ ਭਰਦੇ ਉਹ ਮੈਨੂੰ ਦੰਡ ਭਾਵ ਕਰ। ਦਿੰਦੇ ਹਨ ਸੋ ਹੋਰ ਇਹੋ ਜਿਹਾ ਪ੍ਰਤਾਪਵਾਨ ਕੌਣ ਹੈ ਜੋ ਮੇਰੀ ਬਰਾਬਰੀ ਕਰ ਸਕੇ। ਸੋ ਇਹ ਸਾਰੀ ਵਾਰਤਾ ਸੁਣ ਕੇ ਮਛੰਦਰ ਨਾਥ ਜੋਗੀ ਕਹਿੰਦਾ ਹੈ—ਜੋ ਮੂਲ ਰੂਪ ਵਿਚ ਐਉਂ ਹੈ—

ਮਛੰਦਰ ਬਾਚ। ਪਾਰਸ ਨਾਥ ਸੋ।

ਸਵੈਯਾ ॥

ਕਹਾ ਭਯੋ ਜੋ ਸਭ ਹੀ ਜਗ ਜੀਤ
ਸੁ ਲੋਗਨ ਕੋ ਬਹੁ ਤ੍ਰਾਸ ਦਿਖਾਯੋ।
ਅਉਰ ਕਹਾ ਜੁ ਪੈ ਦੇਸ ਬਦੇਸਨ
ਮਾਹਿ ਭਲੇ ਜਗਗਾਹਿ ਬਧਾਯੋ।
ਜੋ ਮਨ ਜੀਤਤ ਹੈ ਸਭ ਦੇਸ
ਵਹੈ ਤੁਮਰੈ ਨ੍ਰਿਪ ਹਾਥਿ ਨ ਆਯੋ।
ਲਾਜ ਗਈ ਕਛੁ ਕਾਜ ਸਰਯੋ
ਨਹੀਂ ਲੋਕ ਗਯੋ ਪਰਲੋਕ ਨ ਪਾਯੋ।੧੫੯।

ਪੰ: ੬੮੮

ਭੂਮ ਕੋ ਕਉਨ ਗੁਮਾਨ ਹੈ ਭੂਪਤ
ਸੋ ਨਹੀਂ ਕਾਹੂ ਕੇ 'ਸੰਗ ਚਲੈ ਹੈ।
ਹੈ ਛਲ ਵੰਤ ਬਡੀ ਬਸੁਧਾ ਯਹਿ
ਕਾਹੂਕੀ ਹੈ ਨਹ ਕਾਹੂ ਕੀ ਹੁਐ ਹੈ।
ਭਉਨ ਭੰਡਾਰ ਸਬੈ ਬਰਨਾਰੁ ਸੁ
ਅੰਤਿ ਤੁਝੈ ਕੋਊ ਸਾਥ ਨ ਦੈ ਹੈ।
ਆਨ ਕੀ ਬਾਤ ਚਲਾਤ ਹੋ ਕਾਹੇ
ਕਉ ਸੰਗ ਕੀ ਦੇਹ ਨ ਸੰਗ ਸਿਧੈ ਹੈ।੧੬੦।
ਰਾਜ ਕੇ ਸਾਜ ਕੋ ਕਉਨ ਗੁਮਾਨ
ਨਿਦਾਨ ਜੁ ਆਪਨ ਸੰਗ ਨ ਜੈ ਹੈ।
ਭਉਨ ਭੰਡਾਰ ਭਰੇ ਘਰ ਬਾਰ ਸੁ
ਏਕ ਹੀ ਬਾਰ ਬਿਗਾਨ ਕਹੈ ਹੈ।
ਪੁਤ੍ਰ ਕਲਤ੍ਰ ਸੁ ਮਿੱਤ੍ਰ ਸਖਾ ਕੋਈ
ਅੰਤਿ ਸਮੈ ਤੁਹਿ ਸਾਥ ਨ ਦੈ ਹੈ।
ਚੇਤ ਰੇ ਚੇਤ ਅਚੇਤ ਮਹਾ ਪਸੁ ਸੰਗ
ਬੀਯੋ ਸੋ ਭੀ ਸੰਗ ਨ ਜੈ ਹੈ।੧੬੧।

ਕਉਨ ਭਰੋਸ ਭਟਾਨ ਕੋ ਭੂਪਤ ਭਾਰ
ਭਰੇ ਜਿਨ ਭਾਰ ਸਹੈਗੇ।
ਭਾਜ ਹੈ ਭੀਰ ਭਯਾਨਕ ਹੂਐ ਕਰ
ਭਾਰਥ ਸੋ ਨਹੀ ਭੇਰ ਚਹੈਗੇ।
ਏਕ ਉਪਚਾਰ ਨ ਚਾਲ ਹੈ ਰਾਜਨ
ਮਿਤ੍ਰ ਸਭੈ ਮ੍ਰਿਤ ਨੀਰ ਬਹੈਗੇ।
ਪੁਤ੍ਰ ਕਲਤ੍ਰ ਸਭੈ ਤੁਮਰੇ ਨ੍ਰਿਪ
ਛੂਟਤ ਪ੍ਰਾਨ ਸਮਾਨ ਕਹੈ ਗੇ।੧੬੨।

ਪਾਰਸ ਨਾਥ—ਮਛੰਦਰ ਨਾਥ ਨੂੰ ਫਿਰ ਕਹਿੰਦਾ ਹੈ ਮੈਨੂੰ ਉਸਦਾ ਥਹੁ ਪਤਾ ਦਸੋ ਉਹ ਕਿਹੜਾ ਸੂਰਮਾ ਹੈ ਜਿਸ ਨੂੰ ਕੋਈ ਜਿਤ ਨਹੀਂ ਸਕਿਆ। ਮੈਂ ਉਸਨੂੰ ਹੁਣੇ ਜਾਕੇ ਜਿਤਾਂਗਾ, ਤਦ ਹੀ ਮੈਨੂੰ ਬਾਦਸ਼ਾਹ ਕਹਿਣਾ ਜਦੋਂ ਮੈਂ ਉਸ ਨੂੰ ਜਿਤ ਲਵਾਂਗਾ। ਇਸ ਤੋਂ ਅਗੇ ਬਬੇਕ ਭਾ: (ਗਿਆਨ) ਦਾ ਪਰਤਾਪ ਦਰਸਾਇਆ ਹੈ ਕਰੋਧ ਦਾ ਬਲ ਦਸਿਆ ਹੈ, ਬਬੇਕ ਤੇ ਅਬਬੇਕ ਦਾ ਸਰੂਪ ਪ੍ਰਗਟ ਕੀਤਾ ਹੈ। ਇਸ ਤੋਂ ਅਗੇ ਕਾਮ ਦਾ ਬਲ ਪ੍ਰਗਟਾਇਆ ਹੈ, ਕਲਹ ਕਲੇਸ਼ ਦਾ ਨੁਕਸਾਨ ਤੇ ਉਸਦੀ ਮਾਰ ਦਿਖਾਈ ਹੈ ਅਤੇ ਵੈਰ ਦਾ ਭਾਵ ਦਸਿਆ ਹੈ ਤੇ ਉਸਦੇ ਕਰਤਵ ਦਿਖਾਏ ਹਨ। ਕਰੋਧ ਦਾ ਖੜਕਾ ਦੜਕਾ ਦਸਿਆ ਹੈ ਜੋ ਅਤੀ ਦੀਰਘ ਪ੍ਰਸੰਗ ਹਨ। ਜਿਨ੍ਹਾਂ ਵਿਚ ਬਿਬੇਕ ਤੇ ਅਬਬੇਕ ਦੀ ਸੈਨਾਂ ਦਾ ਵਰਨਣ ਹੈ, ਉਸ ਦੇ ਬਾਹਨ ਦਰਸਾਏ ਹਨ ਅਤੇ ਉਹਨਾਂ ਦੇ ਸ਼ਸਤਰ ਦਸੇ ਹਨ, ਫੇਰ ਉਹਨਾਂ ਦੀ ਚਾਲ ਤੇ ਰੂਪ ਦਿਖਾਏ ਹਨ ਅਤੇ ਅਗੇ ਉਹਨਾਂ ਦੇ ਕਰਤਵ ਦਰਸਾਏ ਹਨ।

ਜਿਸ ਦਾ ਅੰਤ ਵਿਚ ਫੈਸਲਾ ਦਿਤਾ ਹੈ ਕਿ ਇਹਨਾਂ ਦੇ ਅਗੇ ਹੋ ਕੇ ਅੜਕੇ ਟਾਕਰਾ ਕਰ ਸਕਦਾ ਹੈ ਤਾਂ ਉਹ ਹੈ ਇਕ (ਬਿਬੇਕ) ਜਿਸ ਦੇ ਸਾਥੀ ਹਨ ਤਾਂ ਬਹੁਤੇ ਪਰ ਦਾਸ ਵਲੋਂ ਇਕ ਸਵੈਯਾ ਹਾਜ਼ਰ ਹੈ—

ਸੋ ਸੱਤੁ ਨਾਮ ਏਕ ਕੋ
ਸੰਤੋਖ ਅਉਰ ਬੋਲੀਐ।
ਸੁ ਤਪੁ ਨਾਮ ਤੀਸਰੋ
ਦਸੰਤਰ ਜਾਸ ਛੋਲੀਐ।
ਸੁ ਜਾਪ ਨਾਮ ਏਕ ਕੋ
ਪ੍ਰਤਾਪ ਆਜ ਤਾਸ ਕੋ।

Digitized by Panjab Digital Library | www.panjabdigilib.org

ਅਨੇਕ ਜੁੱਧ ਜੀਤ ਕੈ
ਬਰਿਯੋ ਜਿਨੈ ਨਿਰਾਸ ਕੋ ।੩੧।
ਪੰ ੭੦੧

ਭਾਵ ਬਿਬੇਕ ਦਾ ਸਾਥੀ 'ਸੱਤੁ' ਹੈ ਦੂਜਾ ਸੰਤੋਖ ਕਿਹਾ ਜਾਂਦਾ ਹੈ, ਤੀਜੇ ਦਾ ਨਾਮ ਤਪ ਹੈ ਜਿਸ ਨੇ ਸਾਰੀਆਂ ਦਿਸ਼ਾਵਾਂ ਛੁਹੀਆਂ ਹੋਈਆਂ ਨੇ, ਚੌਥਾ ਹੈ ਇਕ ਓਅੰਕਾਰ ਦਾ ਜਾਪ, ਜਿਸਦਾ ਪ੍ਰਤਾਪ ਅਜ ਸਾਰੇ ਜਗਤ ਨੂੰ ਪ੍ਰਭਾਵਤ ਕਰ ਰਿਹਾ ਹੈ। ਇਹ ਚਾਰੋ ਸੂਰਮੇਂ ਉਹ ਹਨ ਜਿਨ੍ਹਾਂ ਨੇ ਅਨੇਕਾਂ ਮਹਿਮਾਂ ਫਤਹ ਕਰਕੇ ਨਿਰਾਸ਼ਾ ਨੂੰ ਮਿਟਾ ਕੇ ਆਸ ਨੂੰ ਪ੍ਰਾਪਤ ਕੀਤਾ ਹੈ।

ਦਿਲ ਚਾਹੁੰਦਾ ਹੈ ਕਿ ਲਿਖਣ ਤੋਂ ਪਿੱਛੇ ਨਾ ਹਟਾਂ ਪਰ ਮਜ਼ਬੂਰੀ ਲੇਖ ਦੇ ਵਾਧੇ ਦੀ ਰੋਕ ਬਣੀ ਹੋਈ ਹੈ। ੧੬੭ ਅੰਕ ਤੇ ਅਗੇ ਪਾਰਸ ਨਾਥ ਦਾ ਪ੍ਰਸ਼ਨ ਹੈ ਕਿ ਜੋਗੀ ਜਨੋ ਮੈਨੂੰ ਇਹ ਦਸੋ ਕਿ ਬਬੇਕ ਅਤੇ ਅਬਬੇਕ ਦੋਨੋਂ ਹੈਨ ਤਾਂ ਸਕੇ ਭਾਈ-ਦੋਨੋਂ ਰਾਜੇ ਹਨ, ਦੋਨੋਂ ਵਡੇ ਜੋਧੇ ਵੀ ਹਨ, ਸੂਰਮੇ ਬਹਾਦੁਰ ਹਨ, ਦੋਨਾਂ ਪਾਸ ਸੈਨਾਂ ਵੀ ਬਰਾਬਰ ਦੀ ਹੈ, ਆਪ ਵੀ ਵਡੇ ਧਨੁਸ਼ਧਾਰੀ ਨੇ ਇਕੋ ਜਾਤਿ ਦੇ ਹਨ; ਇਕੋ ਮਾਂ ਤੇ ਪਿਤਾ ਦੇ ਪੁਤ੍ਰ ਹਨ ਫੇਰ ਇਹਨਾਂ ਦੇ ਰਸਤੇ ਅੱਡ ਕਿਵੇਂ ਹੋਇ ? ਜਿਸਦੇ ਉਤ੍ਰ ਵਿਚ ਮੁਨੀ ਰਾਜ ਦਸਦੇ ਨੇ।

ਛਪਯ-ਅਸਿਤ ਬਰਣ ਅਬਿਬੇਕ
ਅਸਿਤ ਬਾਜੀ ਰਥ ਸੋਭਤ।
ਅਸਿਤ ਬਸਤਰ ਤਿਹ ਅੰਗ
ਨਿਰਖ ਨਾਰੀ ਨਰ ਲੋਭਤ।
ਅਸਿਤ ਸਾਰਥੀ ਅਗ੍ਰ
ਅਸਿਤ ਆਭਰਣ ਰਥੋ ਤਮ।
ਅਸਿਤ ਧਨਖ ਕਰ
ਅਸਿਤ ਧੁਜਾ ਜਾਨਕ ਪੁਰਖੋਤਮ।
ਇਹ ਛਬ ਨਰੇਸ ਅਬਿਬੇਕ ਨ੍ਰਿਪ
ਜਗਤ ਜਯੰ ਕਰ ਮਾਨੀਯੈ।
ਅਨ ਜਿੱਤ ਜਾਸ ਕਹ ਤਜੋ
ਕਿਸਨ ਰੂਪ ਤਿਹ ਜਾਨੀਯੈ।੧੬੯।
ਪੰ: ੬੮੯।

ਇਸ ਬਿਬੇਕ ਤੇ ਅਬਿਬੇਕ ਵਾਲੇ ਕਥਨ ਨੂੰ ਕੜਾਬੀ ਵਿਦਿਆਰਥੀ ਵੀ ਤਾਂ ਨਹੀਂ ਜਾਣਦੇ। (ਬਿਨ ਸਮਝੇ ਕਿਛੁ ਹਾਥ ਨ ਆਏ) ਪਾ: ੧੦ ਇਕ ਸਵੈਯ ਹੋਰ ਪਾਠਕ ਪਿਆਰਿਆਂ ਦੇ ਦਰਪੇਸ਼ ਕਰਦਾ ਹਾਂ।

ਕਰਤ ਨਿਰਤ ਸੁੰਦਰੀ
ਬਜਤ ਬੀਨਾ ਧੁੰਨ ਮੰਗਲ।
ਉਪਜਤ ਰਾਗ ਸੰਭੂਹ
ਬਜਤ ਬੈਗਰੀ ਬੰਗਲ।
ਭੈਰਵ ਰਾਗ ਬਸੰਤ ਦੀਪ
ਹੰਡੋਲ ਮਹਾ ਸੁਰ।
ਉਘਟਤ ਤਾਨ ਤਰੰਗ ਸੁਨਤ
ਰੀਝਤ ਧੁਨ ਸੁਰ ਨਰ।
ਇਹ ਛਬ ਪ੍ਰਭਾਵ ਰਿਤ ਰਾਜ
ਨ੍ਰਿਪ ਜਦਿ ਨਰੇਸ ਕਰਿ ਧਾਇ ਹੈ।
ਬਿਨ ਇਕ ਬਿਬੇਕ ਤਾਕੇ ਨ੍ਰਿਪਤ
ਅਉਰ ਸਾਮਹੇ ਕੌ ਜਾਇ ਹੈ।੧੭੧।
ਪੰ: ੬੮੬

ਉਪਰੋਕਤ ੨ ਅੰਕਾਂ ਦੇ ਅਰਥ ਜਿਹੜਾ ਪਾਠਕ ਕਰਕੇ ਦਸੇ ਉਹ ਦਸਮ ਗਰੰਥ ਸਾਹਿਬ ਦੇ ਗਿਆਨ ਚੋਂ ਕੁਝ ਹਾਸਿਲ ਕਰ ਸਕਦਾ ਹੈ। ਹੁਣ ਤੁਸੀਂ ਆਪਣੇ ਕੀਤੇ ਅਰਥ ਇਹਨਾਂ ਨਾਲ ਮੇਲੋ ਕਿ ਠੀਕ ਢੁਕਦੇ ਨੇ ਜਦੋਂ ਕਾਮ ਦੇ ਬੇਗ ਦੀ ਚੜ੍ਹਾਈ ਕਿਸੇ ਵੀ ਇਸਤਰੀ ਜਾਂ ਪੁਰਸ਼ ਤੇ ਹੁੰਦੀ ਹੈ ਜਿਸ ਨੂੰ ਰਿਤੁ ਦਾਨ ਕਰਕੇ ਮੰਨਿਆਂ ਜਾਂਦਾ ਹੈ। ਜਦੋਂ ਕਾਮ ਰਾਜਾ ਆਪਣਾ ਲੌ ਲਸ਼ਕਰ ਲੈ ਕੇ ਕਿਸੇ ਤੇ ਚੜਾਈ ਕਰਦਾ ਹੈ, ਤਾਂ ਇਸ ਦੇ ਵਾਵਰੋਲੀ ਦਾ ਸਰੂਰ ਤਾਂ ਇਉਂ ਫਤੂਰ ਮਚਾ ਦਿੰਦਾ ਹੈ, ਜਿਸ ਅਗੇ ਇਨਸਾਨੀ ਮਨ ਮਸਤੀ ਵਿਚ ਐਉਂ ਪਰਤੀਤ ਕਰਨ ਲਗਦਾ ਹੈ ਜਿਵੇਂ ਉਸ ਦੇ ਅਗੇ ਸੁੰਦਰੀਆਂ ਨਚ ਰਹੀਆਂ ਹੋਣ ਅਤੇ ਬੀਣਾ ਬਜਦੀਆਂ ਅਤੇ ਹਰ ਪਾਸੇ ਮੰਗਲ ਮਈ ਧੁਨਾਂ ਸੁਣਾਈ ਦਿੰਦੀਆਂ ਹੋਣ ਅਤੇ ਸਾਰੇ ਰਾਗਾਂ ਦੀਆਂ ਬੈਰਾੜੀ, ਬੰਗਾਲੀ, ਬੰਗਸੀ, ਭੈਰਵੀ, ਬਸੰਤ, ਹੰਡੋਲ, ਦੀਪਕ ਆਦਿ ਦੀਆਂ ਧੁਨਾਂ ਅਲੌਕਕ ਸੁਰਾਂ ਨਿਕਲ ਕੇ ਅਨੇਕ ਹੀ ਤ੍ਰੰਗ ਇਨਸਾਨ ਦੇ ਮਨ ਵਿਚ ਬਹਿ ਤੁਰਦੇ ਨੇ। ਜਿਹਨਾਂ ਦੇ ਸੁਨਾਟੇ ਅਗੇ ਨਰ ਤਾਂ ਕੀ ਦੇਵਤੇ ਵੀ ਰੀਝਣ ਤੋਂ ਨਹੀਂ ਰਹਿੰਦੇ। ਇਸ ਸਮੇਂ ਰਿਤੂ ਰਾਜਾ ਦੇ ਹਮਲੇ ਸਮੇਂ ਬਿਬੇਕ ਤੋਂ ਬਿਨਾਂ ਹੋਰ ਕੋਈ ਵੀ ਇਸਦਾ ਅਗਾ

Digitized by Panjab Digital Library | www.panjabdigilib.org

ਨਹੀਂ ਰੋਕ ਸਕਦਾ। ਭਾਵ ਕਿ ਕਾਮ ਦੇ ਵੇਗ ਨੂੰ ਠੱਲਣਾ ਉਤਨਾ ਹੀ ਮੁਸ਼ਕਲ ਹੈ ਜਿਤਨਾ ਅਨੇਕ ਸੂਰਮੇ ਦੁਸ਼ਮਨਾਂ ਦੀ ਸੈਨਾਂ ਦਾ ਸਾਹਮਣਾ ਕਰਨਾ ਹੁੰਦਾ ਹੈ। ਜਿਸ ਬਾਰੇ ਸ੍ਰੀ ਕਬੀਰ ਜੀ ਐਉਂ ਕਹਿੰਦੇ ਹਨ। ਕਿ ਉਸ ਵੇਲੇ ਗਿਆਨ ਦਾ ਹੀ ਗੋਲਾ ਠੱਲ ਪਾ ਸਕਦਾ ਹੈ—

ਪ੍ਰੇਮ ਪਲੀਤਾ ਸੁਰਤਿ ਹਵਾਈ,
ਗੋਲਾ ਗਿਆਨ ਚਲਾਇਆ।
ਬ੍ਰਹਮ ਅਗਨਿਸਹਿਜੇ ਪਰਜ਼ਾਲੀ
ਏਕਹ ਚੋਟ ਸਿਝਾਇਆ ।੪।

ਭੈਰੋ।

ਏਸੇ-ਤਰ੍ਹਾਂ ੧੯੬ ਅੰਕ ਤੇ ਤਕੋ ਅਮਿਤ ਰੂਪ ਅਮਿਤੋਜ ਬਿਕਟ ਬਾਨੈਤ ਅਮਿਟ ਭਟ, ਸੂਰਮੇ (ਭਰਮ) ਤੇ ਹੈ—ਅਗਨਿ ਦੀ ਚੜ੍ਹਾਈ, ਸੁਖ ਅਨੰਦ ਦੀ ਪੁਰ ਜ਼ੋਰ ਚੜ੍ਹਾਈ ੧੯੮ ਤੇ ਝੂਠ ਤੇ ਮਿਥਿਆ ਪਦਾਰਥ, ਚਿੰਤਾ, ਲੋਭ, ਕ੍ਰੋਧ ਹੰਕਾਰ, ਦ੍ਰੋਹ ਦੀ ਸੈਨਾਂ ਦੀ ਚੜ੍ਹਾਈ ਅਤੇ ਉਹਨਾਂ ਦਾ ਪ੍ਰਾਣੀ ਮਾਤ੍ਰ ਤੇ ਅਸਰ ਅਤੇ ਉਹਨਾਂ ਦਾ ਸਰੂਪ ਦਿਖਾਕੇ ਗੁਰੂ ਦੀ ਮਤਿ ਦੀ ਕੰਨੀ ਫੜਕੇ ਅਤੇ ਗੁਰੂ ਦਰਸਾਏ ਗਿਆਨ ਦੇ ਰਾਹ ਪੈਕੇ ਬਿਬੇਕ ਦਾ ਆਸਰਾ ਲੈਣ ਦੀ ਪ੍ਰੇਰਨਾ ਦਿਤੀ ਹੈ—ਸਹਸਕ੍ਰਿਤੀ ਸਲੋਕਾਂ ਨੂੰ ਪੜ੍ਹਕੇ ਫੇਰ ਇਸ ਪ੍ਰਕ੍ਰਣ ਦਾ ਅਧੈਨ ਕਰਨ ਤੇ ਉਪਲਵਧ ਹੋਵੇਗਾ ਕਿ ਸਾਰਾ ਪ੍ਰਕਰਣ ਸਹਸਕ੍ਰਿਤੀ ਸਲੋਕਾਂ ਦਾ ਸਮੂਹਕ ਤੇ ਮਹਤਪੂਰਵਕ ਖੁਲਾਸਾ ਹੈ।

(੪੩)ਖੰਡਨ ਦਾ ਖੰਡਨ ਲਿਖਣਦਾ ਮਨੋਰਥ

ਪੰਜਾਬੀ ਅਖੌਤ ਹੈ ਕਿ ਬਸੰਤ ਰੁਤ ਦੇ ਹੋਇ ਅਨ੍ਹੇਂ ਨੂੰ ਹਰ ਪਾਸੇ ਹਰਿਆਵਲ ਹੀ ਹਰਿਆਵਲ ਦਿਸਦੀ ਹੈ, ਕਾਮੀ ਪੁਰਸ਼ਾਂ ਨੂੰ ਹਰ ਪਾਸੇ ਗੰਧਲ ਚੌਥ ਦਿਖਾਈ ਦਿੰਦੀ ਹੈ। ਇਸੇ ਤਰ੍ਹਾਂ ਸ੍ਰੀ ਦਸਮ ਗ੍ਰੰਥ ਦੇ ਵਿਰੋਧੀਆਂ ਨੂੰ ਹਰੇਕ ਪੰਗਤੀ ਕਿਸੇ ਸਾਕਤ ਕਵੀ ਤੇ ਚੋਰਾਂ ਦਾ ਲਿਖਿਆ ਅਸਲੀਲ ਸਾਹਿਤ ਵਖਾਈ ਦਿੰਦਾ ਹੈ ਜਿਸ ਨੂੰ ਨਿਰਾ ਅਰਥ ਹੀਨ ਕਹਿੰਦੇ ਨੇ ਅਤੇ ਇਸ ਨੂੰ ਖ਼ਤਮ ਕਰਨ ਦੀ ਨੇਕ ਸਲਾਹ ਦਿੰਦੇ ਨੇ। ਜੋਪੰਥ ਲਈ ਇਕ ਵਾਰਨਿੰਗ ਹੈ—ਕਿ ਜਿਸ ਬਿੰਬ ਪ੍ਰਤੀ ਬਿੰਬ ਅਮੋਲਕ ਹੀਰੇ ਮੋਤੀਆਂ ਦੇ ਮਹਾਂ ਵਿਸ਼ਾਲ ਸਾਗਰ, ਗਿਆਨ ਦਾ ਅਮੁਕ ਭੰਡਾਰ, ਸ੍ਰੀ ਦਸਮੇਸ ਗੁਰਦੇਵ ਦੀ ਅਮਿਟ ਯਾਦ ਹੈ ਜਿਸ ਨੂੰ ਅਸੀਂ ਸਿਰਾਂ ਦੀ ਬਾਜੀ ਤੇ ਖ਼ੂਨ ਦੇ ਕਤ੍ਰੇ ਸਿੰਚ ਕੇ ਸੰਭਾਲਣਾ ਸੀ, ਉਸ ਦੀ ਅਜ ਸਾਡੀਆਂ ਇਹਨਾਂ ਫੁਟ ਮਾਣੀਆਂ ਅਖਾਂ ਦ ਸਾਹਮਣੇ ਕਿਤਨੀ ਬੁਰਾ ਤਰ੍ਹਾਂ ਮਾਨਹਾਨੀ ਹੋ ਰਹੀ ਹੈ। ਅਸੀਂ ਗੁਰੂ ਦੇ ਪੰਥ ਦੇ ਅੰਗ ਕੁਹਾਂਦੇ ਹੋਈਏ, ਅਤੇ ਹਰ ਵਿਰੋਧੀ ਧੜਾ ਆਪ ਨੂੰ ਨਿਰਮਲ ਪੰਥੀ ਕਹਕੇ—ਸਾਡੀ ਉਸਾਰੂ ਟਕਸਾਲ ਨੂੰ ਬਖੇਰਨ ਲਈ ਇਕ ਤੋਂ ਇਕ ਅਗੇ ਹੱਕੇ, ਨੇਬਲ ਜੇਤੂ ਬਣਿਆ ਫਿਰੇ। ਹੈਫ ਹੈ ਸਾਡੀ ਇਸ ਗੁਰ ਸਿਖੀ ਦੀ ਵਫਾਦਾਰੀ ਨੂੰ ਸਿਰ-ਕਢ ਲਿਖਾਰੀ ਸ੍: ਸਮਸ਼ੇਰ ਸਿੰਘ ਅਸ਼ੋਕ ਇਸ ਤੇ ਸੰਕਾ ਪ੍ਰਗਟ ਕਰਦਾ ਹੈ, ਉਪ੍ਰੰਤ ਭਾਈ ਭਾਗ ਸਿੰਘ ਅੰਬਾਲਾ ਚੰਡੀਗੜ੍ਹ ਘਟੀਆ ਤੋਂ ਘਟੀਆ ਸ਼ਬਦਵਲੀ ਵਿਚ ਦਸਮ ਗ੍ਰੰਥ ਨਿਰਣੇ ਲਿਖ ਮਾਰਦਾ ਹੈ। ਜਿਸ ਦੇ ਮੁਖਾਲਫ, ਪੰਥ ਵਲੋਂ 'ਅਜੀਤ' ਵਿਚ ਇਕ ਲੇਖ ਛਪਿਆ ਸੀ ਕਿ ਭਾ: ਭਾਗ ਸਿੰਘ ਨੂੰ ਕਿਸੇ ਸਿਖ ਸਟੇਜ ਤੇ ਥਾਂ ਨਾ ਦਿਤਾ ਜਾਵ ਕਿਉਂਕਿ ਇਸਨੇ ਦਸਮ ਗ੍ਰੰਥ ਦੀ ਮਾਨਹਾਨੀ ਕੀਤ। ਹੈ ਜਿਸ ਖਾਲਸੇ ਦੇ ਨਿਤ ਨੇਮ ਦੀ ਬਾਣੀ ਹੈ। ਜੋ ਦਾ ਮਤਲਬ ਸਾਫ ਸਬਦਾਂ ਵਿਚ ਇਹੋ ਨਿਕਲੇਗਾ ਕਿ ਸ੍ਰੀ ਦਸਮ ਗ੍ਰੰਥ ਨਿਤਨੇਮ ਦੀ ਬਾਣੀ ਨੂੰ ਛੱਡਕੇ ਬਾਕੀ ਨਿਤਨੇਮ ਦੀ ਬਾਣੀ ਰਖਣ ਦਾ ਕਾਗਜ਼ਾਂ ਦਾ ਡਬਾ ਹੀ ਹੈ ਜਾਂ ਸੂਟਕੇਸ ਜਾਂ ਨਿਤਨੇਮ ਦੀ ਬਾਣੀ ਦਾ ਬਾਣੀ ਕੇਸ। ਉਪ੍ਰੰਤ-ਉਸਨੇ ਮਾਫੀ ਜਾ ਮੰਗੀ ਮਾਫ ਕਰ ਦਿਤਾ ਪਰ ਉਹ ਪੁਸਤਕ ਜਿਸ ਵਿਚ ਘਟੀਆ ਤੋਂ ਘਟੀਆ ਸਬਦਾਵਲੀ ਦਾ ਗਠੜਾ ਲਪੇਟ ਕੇ ਰਖਿਆ ਹੋਇਆਏ, ਜਿਸ ਵਿਚ ਨਿਰੀ ਜ਼ਹਿਰ ਦੀ ਸਪਲਾਈ ਕੀਤੀ ਹੋਈ ਹੈ ਉਸ ਤੇ ਕੋਈ ਰੋਕ ਨਹੀਂ। ਉਹ ਅਜੇ ਤਕ ਪੰਥਕ ਦਿਵਾਨਾਂ ਦੇ ਸਟਾਲਾਂ ਤੇ ਵਿਕ ਰਹੀ ਹੈ-ਕਿਤਨੀ ਖੁਲੀ-ਖੁਲ ਹੈ ਇਹ। ਇਕ ਜਜ ਦੀ ਮਾਨਹਾਨੀ ਕਾਰਣ ਤੇ ਇਕ ਐਮ.ਐਲ.ਏ. ਤੇ ਕੇਸ ਬਣ ਸਕਦਾ ਹੈ ਪਰ ਗੁਰਦੇਵ ਦੀ ਮਾਨਹਾਨੀ ਵਾਲੀ ਪੁਸਤਕ ਆਪਣੇ ਹਥੀਂ ਵੰਡੀ ਜਾ ਰਹੀ ਹੈ। ਕੋਈ ਅਖਬਾਰ ਵਿਚ ਕੁਝ ਲਿਖ ਦੇਵੇ ਕੋਈ ਹਰਜ ਨਹੀਂ ਹੁੰਦਾ। ਇਹੋ ਕਾਰਣ ਹੈ ਕਿ ਵਿਰੋਧੀ ਲਿਖਾਰੀਆਂ ਨੂੰ ਹੱਲਾ ਛੇਰ। ਮਿਲੀ ਹੈ-ਜੋ ਸਾਡੀ ਯੋਗਤਾ ਤੇ ਖੜਕਵੀ ਚੋਟ ਹੈ।

ਹੁਕਮਨਾਮਾ—੧ਓ—ਦਫਤਰ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਜੀ— ਨੰ: ੩੫੭੪੮ ਮਿਤੀ ੫. ੭. ੭੭

ਸਿਖ ਧਰਮ ਦੇ ਕੁਝ ਕੁ ਬੁਨਿਆਦੀ ਅਸੂਲ ਹਨ, ਜਿਨ੍ਹਾਂ ਵਿਚ ਅਰਦਾਸ ਅਤੇ ਚੌਪਈ (ਹਮਰੀ ਕਰੋ ਹਾਥ ਦੇ

Digitized by Panjab Digital Library | www.panjabdigilib.org

ਰੱਛਾ) ਭੀ ਹਨ ਜੋ ਸਿਖ ਧਰਮ ਦੇ ਥੰਮ ਰੂਪ ਹਨ ਜਿਨ੍ਹਾਂ ਦਾ ਸਮੁੱਚੇ ਤੌਰ ਤੇ ਸਾਰੇ ਸਿਖ ਜਗਤ ਨਾਲ ਸਬੰਧ ਹੈ। ਸਮੂਹ ਸਿਖ ਪੰਥ ਦੀ ਨੁਮਾਇੰਦਾ ਜਮਾਤ ਸ੍ਰੋ: ਗੁ: ਪ੍ਰਬੰਧਕ ਕਮੇਟੀ ਸਿਖ ਜਗਤ ਦੇ ਇਤਿਹਾਸਕ ਅਤੇ ਪੰਥ ਦੇ ਪ੍ਰਸਿਧ ਵਿਦਵਾਨਾਂ ਦੇ ਸਮੁਚੇ ਫੈਸਲੇ ਤੋਂ ਬਿਨਾਂ ਗਿਆਨੀ ਭਾਗ ਸਿੰਘ ਅੰਬਾਲਾ ਛਾਉਣੀ ਨੇ ਇਕ ਦਸਮ ਗ੍ਰੰਥ ਨਿਰਣੈ ਪੁਸਤਕ ਲਿਖਕੇ ਵਿਅਕਤੀ ਗਤ ਕਿੰਤੂ ਕਰਕੇ ਸਿਖ ਪੰਥ ਦੇ ਬੁਨਿਆਦੀ ਅਸੂਲਾਂ ਤੇ ਭਾਰੀ ਸੱਟ ਮਾਰਕੇ ਘੋਰ ਪਾਪ ਕੀਤਾ ਹੈ। ਇਸ ਲਈ ਮੈਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਹੈਸੀਅਤ ਵਿਚ ਦੇਸ ਅਤੇ ਪ੍ਰਦੇਸ ਦੀਆਂ ਸਮੂਹ ਸਿਖ ਸੰਗਤਾਂ ਨੂੰ ਸੂਚਿਤ ਕਰਦਾ ਹਾਂ ਕਿ ਜਦ ਤੀਕ ਗਿਆਨੀ ਭਾਗ ਸਿੰਘ ਸ੍ਰੀ ਅਕਾਲ ਤਖਤ ਸਾਹਿਬ ਆਪ ਹਾਜਰ ਹੋਕੇ ਇਸ ਕੀਤੇ ਘੋਰ ਪਾਪ ਦੀ ਪ੍ਰਾਸਚਿਤ ਵਜੋਂ ਮੁਆਫੀ ਨਹੀਂ ਮੰਗਦਾ, ਸਿਖ ਸੰਗਤਾਂ ਉਸ ਨੂੰ ਮੂੰਹ ਨਾ ਲਾਉਣ ਅਤੇ ਦੀਵਾਨਾਂ, ਗੁਰਪੁਰਬਾਂ ਆਦਿ ਸਮਾਗਮਾਂ ਵਿਖੇ ਕਿਸੇ ਸੂਰਤ ਵਿਚ ਵੀ ਬੋਲਣ ਦੀ ਆਗਿਆ ਨਾਂ ਦੇਣ । ਸਿਖ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਤੇ ਸਖਤੀ ਨਾਲ ਅਮਲ ਕਰਨ ।

(ਸਹੀ) ਸਾਧੂ ਸਿੰਘ ਜਥੇਦਾਰ

[ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਜੀ

ਇਹ ਠੀਕ ਹੈ-ਪੰਥ ਵਲੋਂ ਗਿ: ਭਾਗ ਸਿੰਘ ਨੂੰ ਦੰਡ ਦੇ ਤੌਰ ਪਰ ਸੇਕਿਆ ਗਿਆ, ਅਤੇ ਉਸ ਕੋਲੋਂ ਮੁਆਫੀ ਵੀ ਮੰਗਾਈ ਗਈ, ਪੰਥ ਬਖਸ਼ਣਹਾਰ ਹੈ- ਬਖਸ਼ ਵੀ ਦਿਤਾ ਗਿਆ ਪਰ ਬੁਨਿਆਦੀ ਤੌਰ ਪਰ ਜਿਸ ਦੋਸ਼ ਵਿਚ ਇਹ ਸਭੋ ਕੁਝ ਹੋਇਆ ਉਹ ਤਾਂ ਬਦਸਤੂਰ ਪਲੇਗ ਦੇ ਵਾਂਗ ਜਿਰੰਮਾਂ ਦਾ ਹੜ ਜਿਉਂ ਦਾ ਤਿਉਂ ਵਗਦਾ ਹੀ ਗਿਆ। ਜੋ ਵੀ ਕੋਈ ਉਸ ਨੂੰ ਪੜ ਲੈਂਦਾ ਹੈ ਉਹ ਤਾਂ ਉਸਦੇ ਪ੍ਰਭਾਵ ਦੀ ਲਪੇਟ ਤੋਂ ਬਾਹਰ ਨਹੀਂ ਰਹ ਸਕਦਾ। ਅਤੇ-ਉਸਦੇ ਮੂੰਹ ਵਿਚ ਵੀ ਕੁਝ ਹੋਰ ਲਿਖਣ ਦਾ ਚਾਉ ਉਪਜ ਪੈਂਦਾ ਹੈ।

(੪੪) ਸ੍ਰੀ ਦਸਮ ਗ੍ਰੰਥ ਵਿਚ ਪੌਰਾਣਕ ਸਾਖੀਆਂ-ਸੁਚੱਜੇ ਤੇ ਵਿਦਵਾਨ ਲਿਖਾਰੀ (ਗਿ: ਹਰਬੰਸ ਸਿੰਘ) ਜੀ ਨੇ ਸ੍ਰੀ ਦਸਮ ਗ੍ਰੰਥ ਦਰਪਣ ਦੇ ਪੰਨਾ ੫੧ ਤੇ ਬੜਾ ਹੀ ਸੁੰਦਰ ਲੇਖ ਦਿਤਾ ਹੈ। ਉਹ ਕਹਿੰਦੇ ਨੇ ਕਿ ਦਸਮ ਗ੍ਰੰਥ ਵਿਚ ਕਈ ਹਿੰਦੂ ਪੌਰਾਣਿਕ ਸਾਖੀਆਂ ਦਾ ਜ਼ਿਕਰ ਕੀਤਾ ਹੋਇਆ ਮਿਲਦਾ ਹੈ, ਜਿਸ ਨੂੰ ਪੜਕੇ ਕਈ ਗੁਰਮਤਿ ਪਾਠਕ ਡੋਲ ਜਾਂਦੇ ਹਨ, ਪਰ ਉਹ ਇਹ ਨਹੀਂ ਸਮਝਦੇ ਕਿ ਸਿਖ ਧਰਮ ਭਾਰਤ ਵਿਚ ਹੀ ਜੰਮਿਆ ਪਲਿਆ ਤੇ ਪ੍ਰਫੁਲੱਤ ਹੋਇਆ। ਸਿਖੀ ਦੀ ਵਿਲਖਣਤਾ ਦਰਸਾਉਣ ਲਈ ਇਹ ਜਰੂਰੀ ਸੀ ਕਿ ਪੁਰਾਤਨ ਹਿੰਦੂ ਰਵਾਇਤਾਂ ਅਤੇ ਮਿਥਿਹਾਸਕ ਕਹਾਣੀਆਂ ਸੰਗ੍ਰਹ ਕਰਕੇ ਲੋਕਾਂ ਨੂੰ ਚੁਣਾਉਤੀ ਦਿਤੀ ਜਾਂਦੀ ਆਦਿ ਸ੍ਰੀ ਗ੍ਰੰਥ ਸਾਹਿਬ **ਵਿਚ ਪੌਰਾਣਕ ਸਾਖੀਆਂ ਦੇ ਕਈ ਸੰਕੇਤ ਹਨ** ਪਰ **ਸਾਖੀਆਂ ਦਾ ਵਿਸਥਾਰ** ਪ੍ਰਾਪਤ ਕਰਨ ਲਈ ਹੁਣ ਵੀ ਹਿੰਦੂ ਗ੍ਰੰਥਾਂ ਦੀ ਲੋੜ ਪੈਂਦੀ ਹੈ ਸੋ ਸਾਨੂੰ ਤਾਂ ਸ੍ਰੀ ਦਸਮੇਸ਼ ਪਿਤਾ ਜੀ ਦਾ ਕ੍ਰਿਤਗਯ ਹੋਣਾ ਚਾਹੀਦਾ ਹੈ ਕਿ ਜਿਨ੍ਹਾਂ ਨੇ ਗੁਰੂ ਸਿਖ ਦੀ ਸੂਝ ਬੂਝ ਲਈ ਪ੍ਰਾਚੀਨ ਵਿਦਿਆ ਦਾ ਭੰਡਾਰ 'ਸ੍ਰੀ ਦਸਮ ਗ੍ਰੰਥ' ਦੇ ਰੂਪ ਵਿਚ ਸੁਰਖਿਅਤ ਕਰ ਦਿੱਤਾ। ਅਸਲੀਅਤ ਇਹ ਹੈ ਕਿ ਉਕਤ ਗ੍ਰੰਥ ਵਿਚ ਵੱਖ-ਵੱਖ ਵਿਚਾਰਾਂ ਵਾਲੀ ਸਮਗਰੀ ਇਸ ਗਲ ਦੀ ਪ੍ਰਤੀਕ ਨਹੀਂ ਕਿ ਗੁਰੂ ਗੋਬਿੰਦ ਸਿੰਘ ਜੀ ਪੁਰਾਤਨ ਮਤ ਮਤਾਂਤਰਾਂ ਦੇ ਅਨੁਇਆਈ ਸਨ। ਸਗੋਂ ਆਪ ਦੀ ਬਚਿਤ੍ਰ ਕਲਾ ਇਸ ਆਦੇਸ਼ ਤੇ ਉਦੇਸ਼ ਦੀ ਲਖਾਇਕ ਹੈ।

ਜਾਗਤ ਜੋਤਿ ਜਪੈ ਨਿਸ ਬਾਸਰੁ
ਏਕ ਬਿਨਾ ਮਨ ਨੈਕ ਨ ਮਾਨੈ।

ਆਦਿ ਗ੍ਰੰਥ ਸਾਹਿਬ ਦੀ ਬਾਣੀ ਵੀ ਇਹੋ ਦਸਦੀ ਹੈ :

ਪੂਰਨ ਪਰਮ ਜੋਤਿ ਪਰਮੇਸੁਰ
ਸਿਮਰਤ ਪਾਈਐ ਮਾਨ ।
ਪੰ: ੧੩੦੦ ।ਮ:੫

ਗਿ: ਹਰਬੰਸ ਸਿੰਘ ਜੀ ਪੰ: ੫੨ ਤੇ ਲਿਖਦੇ ਹਨ ਕਿ ਸਾਹਿਤਕ ਪੱਖ ਤੋਂ ਸ੍ਰੀ ਦਸਮ ਗ੍ਰੰਥ ਨੂੰ ਪ੍ਰਖਣ ਦੀ ਕਸਵਟੀ ਇਸਦੀ ਆਪਣੀ ਕਾਵਿ-ਸ਼ੈਲੀ ਤੇ ਸ਼ਬਦਾਵਲੀ ਹੈ। ਭਾਂਵੇ-ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਰਚਨਾਂ ਵਿਚ ਆਪਣਾ ਨਾਮ ਨਹੀਂ ਵਰਤਿਆ । ਪਰ-(ਖਾਲਸਾ ਮੇਰੋ ਰੂਪ ਹੈ ਖਾਸ ਖਾਲਸੇ ਮੈਂ ਹਉ ਕਰਉ ਨਿਵਾਸ) ਵਾਲੇ ਨਿਸਚੇ ਨੂੰ ਹਿਰਦੇ ਵਿਚ ਧਾਰਨ ਕਰੀਏਤਾਂ **ਸ੍ਰੀ ਦਸਮੇਸ਼ ਬਾਣੀ ਦੀ ਅਨੁਭਵਤਾ ਸੁਤੇ ਹੀ ਆਜਾਂਦੀ ਹੈ, ਸਚ ਜਾਣੇ ਸੰਕਿਆਂ ਨਾਲ ਬੁੱਧੀ** ਮਲੀਣ ਹੋ ਜਾਂਦੀ ਹੈ- ਇਸਨੂੰ ਹੱਛਾ ਕਰਨ ਦੀ-ਬਿਧੀ ਗੁਰਦੇਵ ਜੀ ਦਸਦੇ ਹਨ

Digitized by Panjab Digital Library | www.panjabdigilib.org

ਸਹਸੈ ਜੀਉ ਮਲੀਣ ਹੈ
ਕਿਤੁ ਸੰਜਮਿ ਧੋਤਾ ਜਾਇ।
ਉੱਤਰ–ਮੰਨ ਧੋਵਹੁ ਸਬਦਿ ਲਾਗਹੁ
ਹਰਿ ਸਿਉ ਰਹੋ ਸਮਾਇ।

ਆਨੰਦ ਸਾ: ।

ਖੰਡਨ ਦੇ ਪੰ: ੨੭ ਤੇ ਸਿੰਘ ਸਾਹਿਬਾਨ ਦਾ ਫੈਸਲਾ–ਚਰਿਤ੍ਰ ਪਾਖਜਾਨੇ ਬਾਰੇ ਲਿਖਿਆ ਹੈ ਕਿ–ਸਵਰਗੀ ਸ੍: ਸੰਤੋਖ ਸਿੰਘ ਚੰਡੀਗੜ੍ਹ ਨੇ੬-੭-੭੩ ਨੂੰ ਇੱਕ ਪੱਤਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਅੰਮ੍ਰਿਤਸਰ ਨੂੰ ਹੇਠ ਲਿਖੀਆਂ ਪੁਛਾਂ ਦਾ ਉੱਤਰ ਦੇਣ ਹਿਤ ਲਿਖਿਆ :–

(੧) ਅਰਦਾਸ ਉਪ੍ਰੰਤ (ਰਾਜ ਕਰੇਗਾ ਖਾਲਸਾ) ਪੜ੍ਹਨ ਬਾਰੇ।

(੨) ਕੀ 'ਦਸਮ ਗ੍ਰੰਥ' ਵਿਚ ਅੰਕਤ ਚਰਿਤ੍ਰ, ਪਾਖਜਾਨ ਸ੍ਰੀ ਦਸ਼ਮੇਸ਼ ਬਾਣੀ ਹੈ ? ਸ਼੍ਰੋ: ਗੁ: ਪ੍ਰ: ਕਮੇਟੀ ਦੀ ਧਾਰਮਕ ਸਲਾਹਕਾਰ ਕਮੇਟੀ (ਸਿੰਘ ਸਾਹਿਬਾਨ) ਨੇ ਉਪ੍ਰੋਕਤ ਪੁਛਾਂਦੇ, ਜੋ ਉੱਤਰ ਬਖਸ਼ੇ ਉਹ ਸ੍: ਗੁਰਬਖਸ਼ ਸਿੰਘ ਜੀ ਮੀਤ ਸਕੱਤਰ, ਧਰਮ ਪ੍ਰਚਾਰ ਕਮੇਟੀ ਦੇ ਪੱਤਰ ਨੰ: ੩੬੬੭੨, ਮਿਤੀ ੩.੮.੧੯੭੩, ਅਨੁਸਾਰ ਇਸ ਪ੍ਰਕਾਰ ਸਨ :–

ਸ੍ਰੀ ਮਾਨ ਜੀ, ਆਪ ਜੀ ਦੀ ਪਤ੍ਰਿਕਾ ਮਿਤੀ ੬.੭.੭੩ ਦੇ ਸਬੰਧ ਵਿਚ ਸਿੰਘ ਸਾਹਿਬਾਨ ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ-ਅੰਮ੍ਰਿਤਸਰ ਦੀ ਰਾਇ ਹੇਠ ਲਿਖੇ ਅਨੁਸਾਰ ਆਪ ਜੀ ਨੂੰ ਭੇਜੀ ਜਾਂਦੀ ਹੈ :–

(੧) 'ਰਾਜ ਕਰੇਗਾ ਖਾਲਸਾ' ਜੋ ਸ੍ਰੀ ਅਕਾਲ ਤਖਤ ਸਾਹਿਬ ਤੇ ਹੋਰ ਗੁਰਦੁਆਰਿਆਂ ਵਿੱਚ ਪੜ੍ਹਿਆ ਜਾਂਦਾ ਹੈ, ਇਹ ਗੁਰਮਤਿ ਦੇ ਅਨਕੂਲ ਹੈ ਕਿਉਂਕਿ ਇਹ ਦੋਹਰੇ ਪੜ੍ਹਨੇ ਪੰਥਕ ਫੈਸਲਾ ਹੈ, ਇਸ ਫੈਸਲੇ ਤੇ ਸੰਕਾ ਨਹੀਂ ਕਰਨੀ ਚਾਹੀਦੀ।

(੨) ਚਰਿਤ੍ਰ ਪਾਖਜਾਨ ਜੋ ਦਸਮ ਗ੍ਰੰਥ ਵਿੱਚ ਅੰਕਿਤ ਹਨ, ਇਹ ਦਸਮੇਸ਼ ਬਾਣੀ ਨਹੀਂ। ਇਹ ਪੁਰਾਤਨ ਹਿੰਦੂ ਮਿਥਿਹਾਸਕ ਸਾਖੀਆਂ ਦਾ ਉਤਾਰਾ ਹੈ।

ਸ਼ੁਭ ਚਿੰਤਕ–
(ਸਹੀ)-ਗੁਰਬਖਸ਼ ਸਿੰਘ
ਮੀਤ ਸਕੱਤਰ ਧਰਮ ਪ੍ਰਚਾਰ ਕਮੇਟੀ
ਸ਼੍ਰੋਮਣੀ ਗੁ: ਪ੍ਰ: ਕਮੇਟੀ
(ਅੰਮ੍ਰਿਤਸਰ)

ਨੋਟ–ਉਪ੍ਰੋਕਤ ਫੈਸਲਾ ਦੇਣ ਵਾਲੇ ਸਨ–ਸਿੰਘ ਸਾਹਿਬ ਸਾਧੂ ਸਿੰਘ ਜੀ ਭੌਰਾ ਜਥੇਦਾਰ ਅਕਾਲ ਤਖਤ ਸਾਹਿਬ ਅਤੇ ਸਿੰਘ ਸਾਹਿਬਾਨ–ਗਿ: ਚੇਤ ਸਿੰਘ ਜੀ ਹੈਡ ਗ੍ਰੰਥੀ, ਗਿ: ਕਿਰਪਾਲ ਸਿੰਘ ਜੀ, ਗਿਆਨੀ ਸੋਹਣ ਸਿੰਘ ਜੀ ਆਦਿ ਗ੍ਰੰਥੀ ਸ੍ਰੀ ਦਰਬਾਰ ਸਾਹਿਬ, (ਅੰਮ੍ਰਿਤਸਰ)

ਜਿਸ ਦਾ ਭਾ: ਸਪਸ਼ਟ ਹੈ ਕਿ ਸਾਡੇ ਮਾਨਯੋਗ ਸਿਰੋਮਣੀ ਆਗੂਆਂ ਕੋਲ ਵੀ ਸ੍ਰੀ ਦਸਮ ਗ੍ਰੰਥ ਵਿਚਾਰਨ ਲਈ ਸਮਾ ਨਹੀਂ-ਨਹੀਂ ਤਾਂ ਇਹ ਕਦੇ ਨਾ ਲਿਖਦੇ-ਕਿ ਇਹ ਸ੍ਰੀ ਦਸਮੇਸ਼ ਕ੍ਰਿਤ ਨਹੀਂ। ਇਹੋ ਕਾਰਣ ਹੈ ਕਿ ਸੰਕਾਵਾਦੀ ਲਿਖਾਰੀਆਂ ਦਾ ਰਾਹ ਪੱਧਰਾ ਹੋ ਗਿਆ ਹੈ ਜੋ ਪੰਜ-ਬਾਣੀਆਂ ਅੰਮ੍ਰਿਤ ਵਾਲੀਆਂ ਛਡਕੇ ਬਾਕੀ ਇਹਨਾਂ ਦੇ ਕਾਗਜ਼ਾਂ ਦੇ ਡੱਬੇ ਤੇ ਜੋ ਚਾਹੋ ਲਿਖਦੇ ਜਾਉ ਕੋਈ ਹਰਜ-ਮਰਜ਼ ਦੀ ਗਲ ਨਹੀਂ। ਇਕ ਬਿਬੇਕੀ ਸਜਨ ਇਸ਼ਨਾਨ ਕਰਦਾ ਹੈ ਇਸ ਲਈ ਕਿ ਇਸ਼ਨਾਨ ਕਰਕੇ ਨਾਮ ਜਪਣਾ ਤੇ ਦਾਨ ਕਰਨਾ ਵੀ ਜ਼ਰੂਰੀ ਹੈ ਕਿਉਂਕਿ ਨਾਮ ਦਾਨ ਇਸ਼ਨਾਨ, ਇਹਨਾਂ ਤਿੰਨਾਂ ਦਾ ਗੁਰਮਤ ਤੇ ਸੰਧਰਬ ਨਾਲ ਸਨੇਹ ਤੇ ਸਬੰਧ ਹੈ। ਪਰ ਦੂਜੇ ਪਾਸੇ ਅਬਬੇਕੀ ਪੁਰਸ਼ ਇਸ਼ਨਾਨ ਤਾਂ ਕਰਦਾ ਹੈ ਪਰ ਦੇਹ ਧੋਣ ਲਈ(ਬਿਬੇਕ ਹੀਣ ਦੇਹੀ ਧੋਇ)ਗੁਰਬਾਣੀ ਦਾ ਅਖਾਨ ਹੈ।

ਇਕ ਸ਼ਰਾਬੀ-ਨਸ਼ਾ ਕਰਕੇ ਘਰ ਆ ਗਿਆ ਪਰ ਉਸ ਨੂੰ ਹੁਣ ਇਹ ਵੀ ਚੇਤੇ ਆ ਗਿਆ ਕਿ ਸ੍ਰੀ ਮਤੀ ਜੀ ਦਾ ਕ੍ਰੋਧ ਝੱਲਣਾ ਪਏਗਾ। ਕਿਉਂਕਿ ਉਹ ਸਦਾ ਹੀ ਉਸ ਨੂੰ ਨਸ਼ੇ ਤੋਂ ਰੋਕਦੀ ਸੀ ਕਿ ਬਚਿਆਂ ਦਾ ਖਰਚ ਮੈਂ ਕਿਥੋਂ ਪੂਰੀ ਕਰਾਂ ਜਦ ਤੁਸੀਂ ਜੋ ਕੁਝ ਮਿਲਦਾ ਹੈ ਉਹ ਠੇਕੇ ਤੇ ਜਮਾ ਕਰਾ ਆਉਦ ਹੋ। ਇਸ ਲਈ ਪਤੀਨੇ ਕੁਝ ਬਹਾਨਾ ਬਨੌਣ ਲਈ ਨਸ਼ੇ ਦੀ ਲੋਰ ਵਿਚ ਉਹ ਇਕ ਟਰੰਕ ਗੋਡਿਆਂ ਪਰ ਧਰਕੇ ਬਹ ਗਿਆ, ਜਦੋਂ ਘਰ ਵਾਲੀ ਨੇ ਪੁਛਿਆ ਜੀ ਤੁਸੀਂ ਆਹ ਕੀ ਕਰਦੇ ਹੋ ਤੇ ਬਚਿਆਂ ਦੇ ਖਾਣ ਪੀਣ ਲਈ ਕੀ ਲੈ ਕੇ ਆਏ ਹੋ, ਤਾਂ ਅਗੋਂ ਉਤਰ ਮਿਲਿਆ ਕਿ ਚੁਪ ਰਹੋ ਮੈਂ ਪੁਸਤਕ ਪੜਦਾ ਹਾਂ। ਘਰ ਵਾਲੀ ਨੂੰ ਹੋਰ ਕ੍ਰੋਧ ਚੜ ਗਿਆ ਤੇ ਖਪਦੀ ਨਾਲ ਬੋਲੀ ਕਿ ਇਹ ਪੁਸਤਕ ਹੈ ਜਿਸ ਟਰੰਕ ਨੂੰ ਗੋਡਿਆਂ ਚ ਰਖੀ

Digitized by Panjab Digital Library | www.panjabdigilib.org

ਬੈਠਾਂ ਏ। ਸੋ ਇਸੇ ਤਰ੍ਹਾਂ ਅਸੀਂ ਆਪ ਤਾਂ ਸੱਕਿਆਂ ਦੇ ਨਸ਼ੇ ਨਾਲ ਭਰਪੂਰ ਹਾਂ ਸੋਫੀਆਂ ਨੂੰ ਧੋਖਾ ਕਿਵੇਂ ਦਿਤਾ ਜਾਵੇ ? ਜਿਸ ਦਾ ਵਿਸਥਾਰ ਰੂਪ ਵਿਚ ਗਿ: ਹਰਬੰਸ ਸਿੰਘ ਜੀ ਗਿ: ਭਾਗ ਸਿੰਘ ਦੇ ਉਤ੍ਰ ਵਿਚ ਸਮਾਧਾਨ ਕਰਦੇ ਐਉਂ ਲਿਖਦੇ ਹਨ। ਪੰ ੨ ਤੇ–

ਗਿ: ਭਾਗ ਸਿੰਘ ਨੇ 'ਸ਼ਸਤ੍ਰ ਨਾਮ ਮਾਲਾ' ਦਾ ਖੰਡਨ ਕਰਦੇ ਹੋਇ ਪੁਰਾਣ ਪਦ ਦੇ ਅਰਥ ਅਤੇ ਉਸ ਅਰਥ ਦੀ ਪ੍ਰੌੜਤਾ ਵਿਚ ਇਕ ਸਲੋਕ ਦੇ ਅਰਥ ਵੀ ਦਿਤੇ ਹਨ ਜੋ ਐਉਂ ਹਨ :–

(ੳ) ਦੂਜੀਆਂ ਭਾਸਾਵਾਂ ਵਿਚ ਪੁਰਾਣ ਨੂੰ ਇਤਿਹਾਸ ਅਥਵਾ ਤਾਰੀਖ ਜਾਂ ਹਿਸ਼ਟਰੀ ਵੀ ਕਿਹਾ ਜਾਂਦਾ ਹੈ।

(ਅ) ਸਲੋਕ ਦੇ ਅਰਥ ਭਾਵ ਸ੍ਰਿਸਟੀ ਸਾਜਨਾ ਪ੍ਰਲੇ: ਦੇਵਤਿਆਂ ਅਤੇ ਪਿਤਰਾਂ ਦੀ ਬੰਸਾਵਲੀ ਮਨਵੰਤਰਾਂ (ਮਨੂੰ ਦੇ ਰਾਜ ਸਮੇਂ ਦੀ ਗਿਆਤ) ਅਤੇ ਵੰਸਾਂ ਤੇ ਚਰਿਤ੍ਰਾਂ (ਕਾਰਨਾਮਿਆਂ) ਦਾ ਜਿਸ ਗ੍ਰੰਥ ਵਿਚ ਵਰਣਣ ਹੋਵੇ ਉਸ ਨੂੰ ਪੁਰਾਣ ਕਿਹਾ ਜਾਂਦਾ ਹੈ।

ਉਤ੍ਰ–ਆਪਨੇ ਸਲੋਕ ਦੇ ਰਚਤਾ ਅਤੇ ਗ੍ਰੰਥ ਜਿਸ ਵਿਚੋਂ ਸਲੋਕ ਲਿਆ ਗਿਆ ਹੈ ਦਾ ਨਾਮ ਨਹੀਂ ਦਿਤਾ। ਜੇ ਕਰ ਆਪ ਪੁਰਾਣ ਸਬਦ ਦੀ ਉਕਤ ਪ੍ਰਭਾਸ਼ਾ ਠੀਕ ਸਮਝਦੇ ਹਨ।

ਤਾਂ ਫਿਰ ਪੁਰਾਣ ਮਿਥਿਹਾਸ ਕਿਵੇਂ ਹੋਇ ? ਸਗੋਂ ਯਥਾਰਤ ਇਤਿਹਾਸ ਹੋਇਆ। ਇਸ ਪ੍ਰਕਾਰ ਆਪ ਦੇ ਕੀਤੇ ਅਰਥ ਆਪਣੇ ਭਾਵ ਤੋਂ ਹੀ ਉਲਟ ਜਾਂਦੇ ਹਨ। ਵਿਸ਼ਨੂੰ ਪੁਰਾਣ ਦੇ ਕਰਤਾ ਨੇ ਪੁਰਾਣਾਂ ਦੇ ਭੇਦ ਹੇਠ ਲਿਖੇ ਇਕ ਸਲੋਕ ਵਿਚ ਇਉਂ ਦਿਤੇ ਹਨ।

ਆਖੇਯਾਨੈ ਸਚਾਪਿ ਉਪਾਖਯਾਨੈ
ਗਾਥਾ ਭਿ: ਕਲਪ ਸੁਧਿ ਭਿ:।
ਪੁਰਾਣ ਸੰਹਿਤਾ ਚਕ੍ਰ
ਪੁਰਾਣਾਰਥ ਵਿਸ਼ਾਰਦਾ।

--ਵਿਸ਼ਨੂੰ ਪੁਰਾਣ ਅਧਿਆਇ ੩ ਅੰਸੂ ੬ ਪੰ: ੧੫।

ਅਰਥਾਤ ਪੁਰਾਤਨ ਅਰਥਾਂ ਦੇ ਪੰਡਿਤ ਬਿਆਸ ਜੀ ਨੇ ਆਖਿਆਨ (ਅਖੀਂ ਦੇਖੇ ਹੋਇ ਅਰਥਾਂ ਦਾ ਕਹਿਣਾ) ਤਥਾ ਉਪਾਖਿਯਾਨ (ਕੰਨਾਂ ਨਾਲ ਸੁਣੇ ਹੋਇ ਅਰਥਾਂ ਦਾ ਕਹਣਾ) ਗਾਥਾਂ ਪਿਤਾ ਪਿਤਾਮਹਿ ਆਦਿ ਤਥਾ ਦੇਸ ਉਪਦੇਸ ਆਦਿ ਦੇ ਸਬੰਧ ਵਿਚ ਪ੍ਰਚਲਤ ਗੀਤ ਅਤੇ ਕਲਪ ਸੁੱਧੀ (ਕਲਪ ਸਬੰਧੀ ਨਿਰਨੇ, ਯਗਵਿਧੀ ਨਿਰੂਪਣ-ਸੂਤ੍ਰਾਦੇ ਸੰਗ੍ਰਹਿ ਦਾ ਨਾਮਤ੍ਰਲਪ ਹੈ) ਇਹ ਪੁਰਾਣ ਦੇ ਸਹੀ ਅਰਥ ਹਨ।

ਇਹਨਾਂ ਪ੍ਰਮਾਣੀਕ ਅਰਥਾਂ ਦੀ ਖੋਜ ਕਸਵਟੀ ਤੇ ਜੇ ਚਰਿਤਰੋ ਪਾਖਆਨ ਦੇ ਵਿਰੋਧੀ ਲੇਖਕਾਂ ਨੂੰ ਪਰਖਿਆ ਜਾਏ ਤਾਂ ਦਸਮ ਗ੍ਰੰਥ ਦੀਆਂ ਰਚਨਾਵਾਂ ਦੇ ਖੰਡਨ ਦਾ ਮੂਲ ਕਾਰਣ-ਉਹਨਾਂ ਵਲੋਂ ਅਰਥ ਭੇਦ ਦੀ ਬੇਸਮਝੀ ਹੀ ਪਾਠਕਾਂ ਦੇ ਸਾਹਮਣੇ ਆਜਾਵੇਗੀ। ਸ਼ਸ਼ਤਰ ਨਾਮ ਮਾਲਾ।

ਸਾਹਿਬ-ਏ-ਕਮਾਲ ਦਸ਼ਮੇਸ ਗੁਰੂ ਜੀ ਦੀ ਮੌਲਿਕ ਰਚਨਾ ਹੈ ਜਿਸ ਦਾ ਮੁਲਾਕਣ ਬੀਰ ਰਸੀ ਸਾਹਿਤ ਦੇ ਵਿਗਿਆਨੀ ਹੀ ਕਰਸਕਦੇ ਹਨ। ਇਹ ਕਥਾਕਾਰਾਂ ਦੀ ਸੂਝ-ਬੂਝ ਦਾ ਵਿਸ਼ਾ ਨਹੀਂ। ਹਜੂਰ ਨੇ ਪੁਰਾਣਕ ਪ੍ਰਚਲਤ ਰਹੁ-ਰੀਤੀ ਅਨੁਸਾਰ ਸਸਤ੍ਰਾਂ ਦੇ ਨਾਮ ਸਮਝਾਉਣ ਹਿਤ ਜੋ ਸ਼ਬਦਾਵਲੀ ਵਰਤੀ ਹੈ ਉਹ ਆਪ ਜੀ ਦੀ ਸ੍ਰਿਸ਼ਟ ਬੁਧੀ ਦਾ ਕੇਵਲ ਚਮਤਕਾਰ ਹੀ ਨਹੀਂ ਆਖਯਾਨ ਅਤੇ ਉਪਾਖਯਾਨ ਰੂਪ ਵਿਸਥਾਰ ਵੀ ਹੈ।

'ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨਿ-ਦੇ ਗੁਰਵਾਕ ਅਨੁਸਾਰ ਲਿਖਤੀ ਸਾਹਿਤ ਮਨੁੱਖੀ ਆਚਰਣ ਨੂੰ ਤਬਦੀਲ ਕਰਨ ਵਿਚ ਕਿਨਾਂਕੁ ਹਿਸਾ ਪਾ ਸਕਦਾ ਹੈ। ਇਸ ਤੱਥ ਤੋਂ ਗੁਰੂ ਸਾਹਿਬ ਅਨਜਾਣ ਨਹੀਂ ਸਨ, ਕਿਉਂ-ਕਿ ਸਾਹਿਤ ਸਮਾਜ ਦਾ ਇਕ ਅਨਿਖੜਵਾਂ ਅੰਗ ਹੈ। ਸਾਰੇ ਭੇਖ ਜਿਵੇਂ ਕਿ ਉਦਾਸੀਨ, ਨਿਰਮਲੇ, ਨਿਹੰਗ ਸਿੰਘ, ਨਾਮਧਾਰੀ।

ਪਾਵਨ ਤਖਤਾਂ ਦੇ ਜਥੇਦਾਰ ਸ੍ਰੀ ਹਰਿ ਮੰਦਰ ਸਾਹਿਬ ਅੰਮ੍ਰਿਤਸਰ ਦੇ ਹੈਡ ਗ੍ਰੰਥੀ ਭਾਈ ਸਾਹਿਬ (ਭਾ: ਮਨੀ ਸਿੰਘ) ਜੀ ਤੋਂ ਲੈਕੇ ਸ੍ਰੀ ਦਸਮ ਗ੍ਰੰਥ ਸਾਹਿਬ ਨੂੰ ਗੁਰੂ-ਕ੍ਰਿਤ ਮੰਨਦੇ ਆਏ ਹਨ।

ਪੰ: ੬ ਤੇ ਗਿ: ਹਰਬੰਸ ਸਿੰਘ ਲਿਖਦੇ ਹਨ ਕਿ ਤ੍ਰਿਆ ਚਰਿਤ੍ਰਾਂ ਵਿਚ ਭੋਗ-ਬਿਲਾਸ ਦੀ ਸਬਦਾਵਲੀ ਨੂੰ ਲਜਿਆਹੀਣ, ਅਤੇ ਬਿਭਚਾਰਕ ਟੋਟਕੇ ਦਸਤੇ ਦਸਮ ਗ੍ਰੰਥ ਬਾਰੇ, ਨਫਰਤ ਫਲਾਉਣੀ ਇਕ ਘ੍ਰਿਣਤ ਕਰਮ ਹੈ। ਜੇ ਕਿਤੇ ਆਪਣੇ ਹਿੰਦੂ ਅਤੇ ਮੁਸਲਮਾਨੀ ਮੱਤ ਦੇ ਧਾਰਮਕ

Digitized by Panjab Digital Library | www.panjabdigilib.org

ਗ੍ਰੰਥਾਂ ਦਾ ਅਧਿਐਨ ਕੀਤਾ ਹੁੰਦਾ ਤਾਂ ਆਪ ਸੋਚ ਸਮਝਕੇ ਉਟੰਕਣ ਕਰਦੇ, ਕਿਉਂਕਿ ਉਨ੍ਹਾਂ ਗ੍ਰੰਥਾਂ ਵਿਚ ਚਰਿਤ੍ਰਾਂ ਨਾਲੋਂ ਵੀ ਵਧੇਰੇ ਅਸਲੀਲਤਾ ਇਸਤ੍ਰੀ ਚਰਿਤ੍ਰ ਹਨ ਪਰ-ਉਨ੍ਹਾਂ ਲੋਕਾਂ ਨੇ ਕਦੇ ਵੀ ਆਪਣੇ ਧਰਮ ਗ੍ਰੰਥਾਂ ਉਤੇ ਕਿੰਤੂ ਨਹੀਂ ਕੀਤਾ।

ਜਦੋਂ ਕਿ ਹਜ਼ਾਰਹਾ ਸਾਲਾਂ ਤੋਂ-ਉਹਨਾਂ ਨੂੰ ਧਾਰਮਕ ਮਹੱਤਤਾ ਪ੍ਰਾਪਤ ਹੈ। ਦਰ ਅਸਲ ਅਜੇਹੀਆਂ ਵਿਥਿਆਵਾਂ ਪ੍ਰਾਚੀਨ ਮਾਨਵ ਸਮਾਜ ਦੀ ਰੂਪ ਰੇਖਾ ਪੇਸ਼ ਕਰਕੇ ਸਾਡੇ ਮਾਨਯੋਗ ਧਾਰਮਕ ਯੁਗ ਪੁਰਸ਼ ਨੇ ਔਣ ਵਾਲੇ ਸਮਾਜ ਨੂੰ ਉਹਨਾਂ ਕੋਤਾਹੀਆਂ ਤੋਂ ਵਰਜਣ ਲਈ ਬੀਤ ਚੁਕੇ ਦੇ ਸੁਭ ਤੇ ਅਸ਼ੁਭ ਨਤੀਜੇ ਕਢਕੇ ਸੁਚੇਤ ਕਰਨ ਲਈ ਪੂਰਨੇ ਪਾ ਜਾਂਦੇ ਰਹੇ ਹਨ। ਮੋਮਨ ਤੇ ਇਸਾਈ ਸਾਰੇ ਜਾਣਦੇ ਹਨ ਜੋ ਜੀਵ ਮਰਨ ਉਪ੍ਰੰਤ ਕਰਨੀ ਦਾ ਫਲ ਭੁਗਤਣ ਲਈ ਜੰਮਦਾ ਮਰਦਾ ਰਹਿੰਦਾ ਹੈ, ਪਰ ਉਹ ਬਦਸਤੂਰ ਇਸ ਆਦੇਸ ਤੇ ਪਹਿਰਾ ਦੇ ਰਹੇ ਨੇ ਕਿ ਜਦੋਂ ਸੰਸਾਰ ਦਾ ਅੰਤ ਹੋਵੇਗਾ ਤਾਂ ਸਾਡਾ ਰਸੂਲ ਜਾਂ ਯਸੂ ਆਏਆ ਸਭ ਮੁਰਦੋਂਕੋ ਕਬਰੋ ਮੇ ਸੇ ਨਿਕਾਲ ਕਰ ਜਿੰਦਾ ਕਰੇਗਾ।

ਅਤੇ ਆਪਣੇ ਸਾਥ ਜ਼ਿਨਤ ਮੇ ਲੇ ਜਾਇਗਾ। ਭਾਵੇਂ ਉਹਨਾਂ ਕਬਰਾਂ ਦੀ ਮਿਟੀ ਵੀ ਕਿਸੇ ਭਠੇ ਦੀਆਂ ਇਟਾਂ ਬਣਕੇ ਸੜ ਚੁਕੀ ਹੋਵੇ। ਸਾਡੇ ਬਜ਼ੁਰਗ ਇਟਾਂ ਦੇ ਭੱਠਿਆਂ ਦੇ ਠੇਕੇਦਾਰ ਸਨ, ਅਸਾਂ ਵੀ ਉਹਨਾਂ ਦੇ ਨਾਲ ਇਹ ਸਾਰਾ ਮੁਅਜਜ਼ਾ ਅਖੀਂ ਡਿਠਾ। ਖੈੜ-ਤਲਾਅ ਦੇ ਕਿਨਾਰੇ ਤੇ ਭੱਠੇ ਦਾ ਨਿਸ਼ਾਨ ਅਜੇ ਤਕ ਐਨ ਮਉਜੂਦ ਹੈ- ਜੋ ਮੁਸਲਮਾਨ ਰਾਜਪੂਤਾਂ ਦੀ ਮਲਕੀਅਤ ਸੀ। ਉਸਦੇ ਨਾਲ ਹੀ ਉਹਨਾਂ ਦਾ ਤਕੀਆ ਤੇ ਕਬਰਸਤਾਨ ਸੀ ਜਿਸ ਵਿਚੋਂ ਮਿਟੀ ਲੈਕੇ ਇਟਾਂ ਬਣਦੀਆਂ ਜਾਂਦੀਆਂ ਸਨ, ਪਤਾ ਨਹੀਂ ਕਿਤਨੀਆਂ ਕਬਰਾਂ ੬-੬ ਫੁਟ ਡੂੰਘਿਆਂ ਟੋਇਆਂ ਵਿਚੋਂ ਗੁਮ ਹੋਈਆਂ, ਉਹ ਕਿਥੋਂ ਉਠਣਗੀਆਂ ਤੇ ਕਿਵੇ ਉਠਣਗੀਆਂ ਜਿਨ੍ਹਾਂ ਦੀ ਮਿਟੀ ਵੀ ਸੜ ਕੇ ਗੁਰੂ ਭਾਣਾਂ ਮੰਨਕੇ ਕਿਸੇ ਦੇ ਕੁਏ ਤੇ ਕਿਸੇ ਦੀ ਕੰਧ ਵਿਚ ਜਾ ਕੇ-ਸੁਭਾਇਮਾਨ ਹੋ ਗਈ।

ਪਰ ਅਫਰੀਨ ਹੈ ਇਸ ਕੌਮ ਦੇ ਉਹ ਆਪਣੇ ਧਾਰਮਕ ਜਜ਼ਬੇ ਦੇ ਜੋ ਆਪਣੇ ਧਾਰਮਕ ਗ੍ਰੰਥ ਤੇ ਉਕਾ ਹੀ ਕਿੰਤੂ ਨਹੀਂ ਕਰਦੇ। ਆਹ ਮਉਜੂਦਾ ਸਮੇਂ ਦੀ ਗੱਲ ਹੈ ਕਿ-ਰਸੋਈ ਲਿਖਾਰੀ ਜੋ ਅਮਰੀਕਾ ਦਾ ਨਾਗਰਕ ਹੈ-ਉਸਨੇ ਕੁਰਾਨ ਸਰੀਫ ਤੇ ਉਟੰਕਣ ਕਰਦਿਆਂ ਪੁਸਤਕ ਲਿਖੀ ਹੈ।

ਹਾਲਾਂ ਕਿ ਮੋਮਨ ਬਾਦਸ਼ਾਹਿਤ ਤੋਂ ਬਾਹਰਲੇ ਇਲਾਕੇ ਤੇ ਮੋਮਨ ਫਿਰਕੇ ਤੋਂ ਗੈਰ ਸੀ, ਪਰ ਈਰਾਨ ਦੇ ਮੁਖੀ ਖਮੀਨੀ ਨੇ ਉਸਦਾ ਨੱਕ ਵਿਚ ਦਮ ਲੈ ਆਂਦਾ ਸੀ, ਕਈ ਲਖ ਰੁਪਿਆ ਉਸਦੇ ਕਤਲ ਦਾ ਇਨਾਮ ਰਖਿਆ ਗਿਆ ਸੀ ਆਖਰ ਪੁਸਤਕ ਜਬਤ ਕਰਕੇ ਤੇ ਅਧੀਨ ਕਰ ਕੇ ਹੀ ਛਡਿਆ ਸੀ ਜਦ ਕਿ-ਸਾਡੇ ਆਪਣੇ ਦੇਸ ਵਾਸੀ, ਆਪਣੇ ਹੀ ਨਿਰਮਲ ਫਿਰਕੇ ਦੇ ਮੁਦਈ ਆਪਣੇ ਮਹੱਤਵ ਪੂਰਕ ਵਿਰਸੇ ਦੇ ਧਰਮ ਗ੍ਰੰਥ ਤੇ ਪਾਣੀ ਪੀ-ਪੀ ਕੇ ਕੋਸਣ ਦੀ ਦਲੇਰੀ ਕਰ ਰਹੇ ਹਨ, ਅਤੇ ਆਗੂਆਂ ਨੂੰ ਕੋਈ ਚਿੰਤਾ ਹੈ ਹੀ ਨਹੀਂ ਨਿਤਨੇਮ ਦੀ ਬਾਣੀ ਹੀ ਬਹੁਤੇਰੀ ਹੈ ਬਾਕੀ ਦੀ ਕੀ ਲੋੜ ਹੈ ?

ਜਿਸ ਤੋਂ ਵਿਰੋਧ ਜਨਕ ਲੇਖਕਾਂ ਨੂੰ ਪੂਰੀ ਖੁਲ੍ਹ ਪ੍ਰਾਪਤ ਹੈ—ਬਸ ਨਿਤਨੇਮ ਦੀ ਬਾਣੀ ਦਾ ਸਤਕਾਰ ਕਰੋ ਬਾਕੀ ਮਿਥਿਹਾਸ ਹੈ ਉਸ ਦੀ ਕੀ ਲੋੜ ਹੈ-ਇਸ ਤੋਂ ਬਿਨਾਂ ਕਿਹੜਾ ਕੰਮ ਰੁਕਦਾ ਹੈ ? ਜੇ ਅਜ ਇਹਨਾਂ ਅਲੋਚਕ ਗੁਰਮੁਖਾਂ ਦਾ ਹਮਲਾ ਸ੍ਰੀ ਦਸਮ ਗ੍ਰੰਥ ਸਾਹਿਬ ਤੇ ਕਾਮਿ-ਯਾਬ ਹੋ ਜਾਂਦਾ ਹੈ ਤਾਂ ਕਲ ਭਾਈ ਗੁਰਦਾਸ ਜੀ ਦੀਆਂ ਬਹੁਪਖੀ ਤੇ ਸਮੂਹਕ ਸਮਾਜ ਸੋਧ ਤੇ ਗੁਰਮਤ ਦੀ ਚਾਬੀ ਤੇ ਵੀ ਜਾ ਹਥ ਟਿਕੇਗਾ, ਕਿਉਂਕਿ ਉਸ ਵਿਚ ਵੀ ਬੇ-ਅੰਤ ਮਿਥਿਹਾਸ ਉਪਲਬਧ ਹੁੰਦਾ ਹੈ। ਭਾ: ਗੁਰਦਾਸ ਜੀ ਗੁਰਸਿਖਾਂ ਦੇ ਬੇਦ ਬਿਆਸ ਨੇ ਵੀ ਇਹ ਭੁਲਾਂ ਤੇ ਗਲਤੀਆਂ ਕੀਤੀਆਂ ਹਨ, ਉਹ ਵੀ ਕ੍ਰਿਸ਼ਨ ਭਗਵਾਨ ਨੂੰ ਭਗਵਾਨ ਕਹਿੰਦੇ ਹਨ।

ਹਸ ਬੋਲੇ ਭਗਵਾਨ ਜੀ ਸੁਣਿ
ਹੋ ਰਾਜਾ ਹੋਇ ਸਨਮੁਖਾ।
ਭਾਉ ਜਿਵੇਹਾ ਬਿਦਰ ਦੇ ਹੋਰੀ
ਦੇ ਚਿਤਿ ਚਾਉ ਨ ਚੁਖਾ।੭।੧੦।
ਗੋਬਿੰਦ ਭਾਉ ਭਗਤਿ ਦਾ ਭੁਖਾ
ਅੰਦਰਿ ਸਭਾ ਦੁਸਾਸਣੈ
ਮਥਵਾਲ ਦਰੋਪਤੀ ਆਂਦੀ।
ਦੂਤਾਂ ਨੂੰ ਫੁਰਮਾਇਆ
ਨੰਗੀ ਕਰੋਹ ਪੰਚਾਲੀ ਬਾਂਦੀ।

Digitized by Panjab Digital Library | www.panjabdigilib.org

ਪੰਜੇ ਪਾਂਡੇ ਵੇਖਦੇ ਅਉਘਟਿ
ਰੁਧੀ ਨਾਰਿ ਜਿਨ੍ਹਾਂ ਦੀ।
ਅਖੀ ਮੀਟਿ ਧਿਆਨੁ ਧਰਿ ਹਾਹਾ
ਕ੍ਰਿਸ਼ਨ ਕਰੈ ਬਿਲਲਾਂਦੀ।
ਕਪੜ ਕੋਟ ਉ.ਸਾਰਿਓਨੁ ਥਕੇ
ਦੂਤ ਨ ਪਾਰਿ ਵਸਾਂਦੀ ।੮।੭੦।
ਬਿਪ ਸੁਦਾਮਾ ਦਾਲਿਦੀ
ਬਾਲ ਸਖਾਈ ਮਿਤ੍ ਸਦਾਏ।
ਲਾਗੂ ਹੋਈ ਬਾਮ੍ਹਣੀ ਮਿਲਿ
ਜਗਦੀਸ ਦਲਿਦਰ ਗਵਾਏ।
ਚਲਿਆ ਗਿਣਦਾ ਸਟੀਆਂ
ਕਿਉ ਕਰਿ ਜਾਈਐ ਕਉਣੁ ਮਿਲਾਏ
ਭਗਤ ਜਨਾ ਦਾ ਕਰੇ ਕਰਾਇਆ ।੧੧।੭੦।

ਕੀ ਇਥੇ ਕ੍ਰਿਸ਼ਨ ਜਗਦੀਸ਼ ਦੀ ਪਦਵੀ ਤੇ ਸ਼ਸ਼ੋਬਤ ਨਹੀਂ ਦਸਿਆ, ਜੋ ਭਗਤਾਂ ਦੇ ਕਰਾਇ ਕੰਮ ਕਰਦਾ ਹੈ ?

ਕੀ ਇਸ ਵਿਚ ਕ੍ਰਿਸ਼ਨ ਦੀ ਉਪਮਾ ਨਹੀਂ ?

ਕੀ ਇਹ ਇਤਿਹਾਸ ਦੀ ਝਲਕੀ ਮਿਥਿਹਾਸ ਵਿਚੋਂ ਤਾਂ ਨਹੀਂ ਆਈ ?

ਆਈ ਪਾਪਣਿ ਪੂਤਨਾ ਦੁਹੀ
ਥਣੀ ਵਿਹੁ ਲਾਈ ਵਹੇਲੀ।
ਆਇ ਬੈਠੀ ਪਰਵਾਰ ਵਿਚਿ
ਨੇਹੁ ਲਾਇ ਨਵਹਾਣ ਨਵੇਲੀ।
ਕੁਛੜਿ ਲਏ ਗੋਬਿੰਦ ਰਾਇ
ਕਰਿ ਚੇਟਕ ਚਤੁਰੰਗ ਮਹੇਲੀ ।੨੨।੭੦।

ਜੇ ਗਹੁ ਨਾਲ ਪੜ੍ਹੇ ਤਾਂ ਭਾਗਵਤ ਪੁਰਾਣ ਦਾ ਸਮੂਹਕ ਨਿਚੋੜ ਤੇ ੨੪ ਅਵਤਾਰਾਂ ਦੇ ਜੀਵਨ ਦਾ ਇਤਿਹਾਸ ਜੋ ਵੀ ਆਦਿ ਗੁਰੂ ਗਰੰਥ ਸਾਹਿਬ ਅੰਦਰ ਆਉਂਦਾ ਹੈ। ਉਹ ਸਾਰਾ ਹੀ ਭਾਈ ਗੁਰਦਾਸ ਜੀ ਦੀ ਸੁਨਹਿਰੀ ਰਚਨਾ ਵਿਚ ਮੌਜੂਦ ਹੈ ਇਹਨਾਂ ਦਾ ਹੀ ਸਮੂਹਕ ਖੁਲਾਸਾ ਦਸਮ ਗਰੰਥ ਸਾਹਿਬ ਵਿਚ ਮਿਲਦਾ ਹੈ। ਇਸ ਲਈ ਫੇਰ ਤਾਂ ਤਿੰਨਾਂ ਤੋਂ ਬਿਨਾਂ ਹੀ ਰੇੜਾ ਰੇੜਨਾ ਪਏਗਾ। ਕਿਉਂਕਿ ਕੇਂਦਰੀ ਭਾਵ ਇਹਨਾਂ ਤਿੰਨਾਂ ਬਾਣੀਆਂ ਦੇ ਇਕੋ ਹੀ ਹਨ–

ਦੂਜੇ ਭਾਈ ਗੁਰਦਾਸ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ਼ਹਿਨਸ਼ਾਹ ਦੇ ਪੈਰ ਚਿੰਨਾਂ ਤੇ ਤੁਰਦੇ ਹੋਏ ਵੀ ਇਹ ਲਿਖਦੇ ਹਨ–

ਜਗੇ ਸਿੰਘ ਬਲਵੰਤ ਬੀਰ
ਸਭ ਦੁਸਟ ਖਪਾਏ।
ਦੀਨ ਮਹੰਮਦੀ ਉਠ
ਗਏ ਹਿੰਦਕ ਠਹਰਾਇ।
ਤਹ ਕਲਮਾ ਕੋਇ ਨ ਪੜ੍ਹ
ਸਕੈ ਨਹੀਂ ਜ਼ਿਕਰ ਅਲਾਇ।
ਨਿਮਾਜ਼ ਦਰੂਦ ਨ ਫਾਇਤਾ
ਨਹਿ ਲਾਂਡ ਕਟਾਏ ।

ਇਹਨਾਂ ਸਰੀਕ ਅੰਗਾਂ ਦੇ ਨਾਮ ਤੇ ਘਿਰਣਾ ਕਰਨਾ ਜਾਂ ਮਨਹੂਸ ਮੰਨਣਾ ਸ਼ਰਾਰਤੀ ਗੁੰਡਾ ਗਰਦੀ ਦਾ ਵਿਹਾਰ ਹੈ। ਬ੍ਰਹਮ ਵਿਚਾਰ ਵਿਚ ਤਾਂ ਸਗੋਂ ਇਹਨਾਂ ਦਾ ਸਤਿਕਾਰ ਹੈ, ਕਿਹੜੀ ਗੂੜ ਵਿਚਾਰ ਹੈ ਜੋ ਬ੍ਰਹਮ ਵੇਤਾ ਜਾਂ ਗੁਰਬਾਣੀ ਅਥਵਾ ਵੇਦ ਸ਼ਾਸਤ੍ ਵਿਚ ਇਸਤ੍ਰੀ ਤੇ ਪੁਰਸ਼, ਪਤੀ ਤੇ ਪਤਨੀ ਦੇ ਰੂਪ ਵਿੰਚ ਸਮਝਾਉਣ ਦਾ ਜਤਨ ਨਹੀਂ ਕੀਤਾ।

ਕਨਿਕ ਮੰਦਰ ਪਾਟ ਸੇਜ ਸਖੀ
ਮੋਹਿ ਨਾਹਿ ਇਨ ਸਿਉ ਤਾਤ ।੧।
ਮੁਕਤ ਲਾਲ ਅਨਿਕ ਭੋਗ ਬਿਨੁ
ਨਾਮ ਨਾਨਕ ਹਾਤ ।
ਰੂਖੇ ਭੋਜਨ ਭੂਮਿ ਸੈਨ ਸਖੀ
ਪ੍ਰਿਅ ਸੰਗਿ ਸੂਖ ਬਿਹਾਤ ।੨।
ਪੰ: ੧੩੦੬ । ਪਸਚਮ ਨਾਨਕ

ਮਿਤਰ ਪਿਆਰੇ ਨੂੰ ਹਾਲੁ
ਮੁਰੀਦਾਂ ਦਾ ਕਹਣਾ ।
ਤੁਧੁ ਬਿਨੁ ਰੋਗੁ ਰਜਾਇਆ ਦਾ ਓਢਣ
ਨਾਗ ਨਿਵਾਸਾ ਦੇ ਰਹਣਾ।
ਸੂਲ ਸੁਰਾਹੀ ਖੰਜਰੁ ਪਿਆਲਾ
ਬਿੰਗ ਕਸਾਈਆ ਦਾ ਸਹਣਾ।
ਯਾਰੜੇ ਦਾ ਸਾਨੂੰ ਸਥਰੁ ਚੰਗਾ
ਭੱਠੁ ਖੇੜਿਆ ਦਾ ਰਹਣਾ ।੧।
ਪੰ: ੭੧੧ । ਦਸਮ ਨਾਨਕ

ਜਿਸ ਨੂੰ ਭਾਗ ਸਿੰਘ ਜਿਹੇ ਵਿਦਵਾਨ ਹੀਰ ਦਾ ਨਾਂ ਲੈਂਦੇ ਹਨ–

Digitized by Panjab Digital Library | www.panjabdigilib.org

ਗਲਿ ਵਿਚਿ ਲੀਤਾ ਕ੍ਰਿਸਨ ਜੀ
ਅਵਗੁਣ ਕੀਤਾ ਹਰਿ ਨ ਚਿਤਾਰੇ।
ਕਰਿ ਕਿਰਪਾ ਸੰਤੋਖਿਆ ਪਤਿ
ਉਧਾਰਣੁ ਬਿਰਦੁ ਬੀਚਾਰੇ।
ਭਲੇ ਭਲੇ ਕਰਿ ਮੰਨੀਅਨਿ
ਬੁਰਿਆਂ ਦੇ ਹਰਿ ਕਾਜ ਸਵਾਰੇ।
ਪਾਪ ਕਰੇਦੇ ਪਤਿਤ ਉਧਾਰੇ।੨੩।੧੦

ਓ–ਕਹਿ ਕਬੀਰ ਕੋਊ ਸੰਗ ਨ ਸਾਥ।
ਜਲ ਥਲ ਰਾਖਨ ਹੈ ਰਘੁ ਨਾਥ।
ਪੰ: ੧੧੬੨

ਰਘੁਨਾਥ ਤੇ ਬ੍ਰਿਜ ਨਾਯਕ ਵਿਚ ਅੰਤਰਾ ਲਭੋ ਕੀ ਹੈ ?

ਅ–ਰਘੁ ਬੰਸਿ ਤਿਲਕੁ ਸੁੰਦਰੁ ਦਸਰਥ
ਘਰਿ ਮੁਨ ਬੰਛਹਿ ਜਾਕੀ ਸਰਣੰ।
ਪੰ: ੧੪੦੧

ੲ–ਅਨ ਦਿਨੁ ਨਾਮੁ ਜਪਹੁ ਬਨਵਾਰੀ।
ਸਭ ਆਸਾ ਮਨਸਾ ਪੂਰੈ ਥਾਰੀ।
ਪੰ: ੧੦੭੦ ਮ: ੪

ਸ–ਮੁਕੰਦ ਮਨੋਹਰ ਲਖਮੀ ਨਾਰਾਇਣ।
ਦਰੋਪਤੀ ਲਜਾ ਨਿਵਾਰਿ ਉਧਾਰਣ।
ਕਮਲਾ ਕੰਤ ਕਰਹਿ ਕੰਤੂਹਲ
ਅਨਦ ਬਿਨੋਦੀ ਨਿਹ ਸੰਗਾ।੬।
ਪੰ: ੧੦੮੨। ਮ: ੫

ਹ–ਬਨ ਮਾਲਾ ਬਿਭੂਖਨ ਕਮਲ ਨੈ।
ਸੁੰਦਰ ਕੁੰਡਲ ਮੁਕਟ ਬੈਨ।
ਸੰਖ ਚਕਰ ਗਦਾ ਹੈ ਧਾਰੀ
ਮਹਾ ਸਾਰਥੀ ਸਤ ਸੰਗਾ।੧।

ਕੰਨਾਂ ਵਿਚ ਮੁੰਦਰਾਂ ਕੁੰਡਲ ਤੇ ਮੁਕਟ ਪਾਕੇ ਬੀਣ ਬਜਾਉਣੀ, ਰਥ ਦਾ ਚਾਲਕ ਮਹਾਂ ਸਾਰਥੀ ਕਿਸ ਨੂੰ ਕਹੋਗੇ। ਅਕਾਲ ਪੁਰਖ ਦਾ ਤਾਂ ਚਿਹਨ ਚੱਕਰ ਹੀ ਕੋਈ ਨਹੀਂ ਫੇਰ ਗਦਾਧਾਰੀ ਤੇ ਚਕ੍ਰਧਾਰੀ ਕੌਣ ਹੋਇਆ ?

ਏਕੋ ਏਕੁ ਰਵਿਆ ਸਭ ਠਾਈ।
ਤਿਸੁ ਬਿਨੁ ਦੂਜਾ ਕੋਈ ਨਾਹੀ।
ਆਦਿ ਮਧਿ ਅੰਤਿ ਪ੍ਰਭੁ ਰਵਿਆ
ਤ੍ਰਿਸਨ ਬੁਝੀ ਭਰਮੰਗਨਾ।

ਇਹ ਜਾਣਦਾ ਹੈ ਜਦੋਂ ਇਹ ਜਾਣ ਲਿਆ ਤਾਂ ਤ੍ਰਿਸ਼ਨਾ ਤੇ ਭ੍ਰਮ ਦੋਵੇਂ ਕਾਫੂਰ ਹੋ ਜਾਣਗੇ। ਸ੍ਰੀ ਦਸਮੇਸ਼ ਜੀ ਬਾਦਿਸ਼ਾਹਿ ਦਰਵੇਸ਼ ਜੀ ਨੌਂ ਅਵਤਾਰਾਂ ਦੀ ਪੂਜਾ ਕਰਦੇ ਹਨ ਨਾ ਕਿਸੇ ਨੂੰ (ਮੰਦਾ ਆਖਿ ਨ ਚਲੇ ਨਾਨਕ) ਉਹਨਾਂ ਦੇ ਕਰਤਵ ਪ੍ਰਗਟ ਕਰ ਕੇ ਅੰਤ ਦਰਸਾ ਕੇ ਸਾਨੂੰ ਗਿਆਨ ਦੀ ਗੁੜਤੀ ਤੇ ਆਚਾਰ ਦੀ ਪੜੀ ਤੇ ਵੀਚਾਰ ਦੀ ਸਿਖਲਾਈ ਦੇ ਰਹੇ ਹਨ।

ਆਪੇ ਸੁਰਿ ਨਰ ਗਣ ਗੰਧਰਬਾ
ਆਪੇ ਖਟ ਦਰਸਨ ਕੀ ਬਾਣੀ।
ਆਪੇ ਸਿਵ ਸੰਕਰ ਮਹੇਸਾ
ਆਪੇ ਗੁਰਮੁਖਿ ਅਕਥ ਕਹਾਣੀ।
ਆਪੇ ਜੋਗੀ ਆਪੇ ਭੁਗੀ
ਆਪੇ ਸੰਨਿਆਸੀ ਫਿਰੇ ਬਿਬਾਣੀ।
ਪੰ: ੫੫੩। ਮ: ੧ ਮਰਦਾਨਾ

(੪੫) ਅਪੀਲ ਤੇ ਸਨਿਮ੍ਰ ਬੇਨਤੀ–ਗੁਰ ਸੰਗਤਿ ਤੇ ਪੰਥ ਦੇ ਦਾਸ ਅਤੇ ਸਮਾਜ ਦੇ ਸ਼ੁਭ ਚਿੰਤਕ ਵਲੋਂ ਮਾਨਯੋਗ ਪੰਥ ਅਤੇ ਬੁਧੀਜੀਵੀ ਜਗਤ ਅਥਵਾ ਸਰੇਸ਼ਟ ਕਰਨੀ ਦੇ ਮਾਲਿਕ ਸੰਤ ਮੰਡਲ ਅਗੇ ਪੁਰ ਜ਼ੋਰ ਅਪੀਲ ਹੈ ਕਿ ਇਸ ਮਹਾਨ ਮਹਤਵ ਪੂਰਨ ਤੇ ਗਿਆਨ ਦਾਤਾ ਸ੍ਰੀ ਦਸਮ ਗ੍ਰੰਥ ਸਾਹਿਬ ਤੋਂ ਕੰਨ ਮਰੋੜ ਕੇ ਮੁਖ ਨਾ ਭਵਾਇਆ ਜਾਏ। ਜਿਥੇ ਅਸੀਂ ਪ੍ਰਧਾਨ ਦਾ ਆਦਰ ਕਰਦੇ ਹਾਂ।

ਉਥੇ ਉਪ ਪ੍ਰਧਾਨ ਦੀ ਨਿਰਾਦਰੀ ਕਰਕੇ (ਇਕ ਭਉ ਲਥੀ ਨ੍ਹਾਤਿਆਂ ਦੁਇ ਭਉ ਚੜੀ ਸੁ ਹੋਰ) ਵਾਲਾ ਕੰਮ ਕਰ ਰਹੇ ਹਾਂ। ਸੇਵਕ ਵਲੋਂ ਇਹ ਕੁਝ ਤੱਤ ਇਕਤਰ ਕਰਨ ਦੀ ਡਿਉਟੀ ਸ੍ਰੀ ਦਸਮੇਸ਼ ਬਾਪੂ ਨੇ ਆਪ ਸਿਰ ਤੇ ਹਥ ਧਰ ਕੇ ਲਈ ਹੈ, ਇਸ ਲਈ ਬੜੀ ਲੋੜ ਹੈ।

ਇਹਨਾਂ ਨੂੰ ਵਿਚਾਰਨ ਦੀ। ਸ੍ਰੀ ਦਸਮ ਗ੍ਰੰਥ ਦੇ ਖੰਡਨ ਦੇ ਖੰਡਨ ਨੂੰ ਪੜ੍ਹੋ। ਫੇਰ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਨਿਰਨੇ ਨੂੰ ਦੇਖੋ ਅਤੇ ਸ੍ਰੀ ਦਸਮ ਗ੍ਰੰਥ ਦਰਪਣ ਵਿਚਾਰ ਨੂੰ ਪੜੋ ਫੇਰ ਆਪਣੇ ਸ਼ੁਭ ਤੇ ਪਵਿਤਰ ਖੋਜ ਦੇ ਅਧਾਰ ਤੇ ਆਪਣੇ ਵਿਚਾਰ ਲਿਖ ਕੇ ਭੇਜੋ ਤਾਂਕਿ ਉਹ ਪੰਥ ਦੀ ਸੇਵਾ ਵਿਚ ਘਲੇ ਜਾ ਸਕਣ ਅਤੇ

Digitized by Panjab Digital Library | www.panjabdigilib.org

ਮੈਂ ਵੀ ਉਹਨਾਂ ਤੋਂ ਕੁਝ ਲਾਭ ਲੈ ਸਕਾਂ।

ਕਿਸੇ ਨੌਜੁਆਨ ਵਿਦਵਾਨ—ਸ਼ਾਂਤੀ ਸਪਨ ਬ੍ਰਹਮ ਰਿਸ਼ੀ ਨੂੰ ਕਮਰ ਕਸਾ ਕਰਕੇ ਇਸ ਸੇਵਾ ਲਈ ਅਗੇ ਆਉਣਾ ਚਾਹੀਦਾ ਹੈ, ਇਹ ਗੁਰੂ ਦੀ ਸਫਲ ਸੇਵਾ ਹੈ ਗੁਰਬਾਣੀ ਦੀ ਪਵਿਤਰ ਸੇਵਾ ਹੈ, ਸ੍ਰੀ ਦਸਮੇਸ਼ ਜੀ ਦੀ ਦੇਹ ਦੀ ਸੇਵਾ ਹੈ। ਬਹੁਤੀ ਜ਼ਿੰਮੇਵਾਰੀ ਸ਼ਰੋਮਣੀ ਕਮੇਟੀ ਤੇ ਸ਼ਰੋਮਣੀ ਅਕਾਲੀ ਦਲ ਦੀ ਬਣਦੀ ਹੈ, ਜੋ ਬਾਣੀ ਦੀ ਸੁਰਖਿਅਤ ਲਈ ਵਧ ਤੋਂ ਵਧ ਧਿਆ'ਨ ਹੀ ਨ ਦੇਵੇ ਸਗੋਂ ਅਮਲੀ ਕੰਮ ਵੀ ਕਰੇ।

ਉਹ ਕੀ ਹੈ ? ਇਹ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਜਿਹੜੇ ਸਬਦਾਰਥ ਲਿਖੇ ਗਏ ਹਨ ਉਹ ਸਗੋਂ ਹੋਰ ਭ੍ਰਮ ਤੇ ਸੰਕੇ ਦੇ ਕਾਰਣ ਬਣ ਰਹੇ ਹਨ। ਜਿਥੇ ਦੇਵ ਲਿਖਿਆ ਹੈ ਉਹਨਾਂ ਉਥੇ ਵੀ ਦੇਵੀ ਅਰਥ ਕਰ ਦਿਤਾ ਹੋਇਆ ਹੈ-ਜਦੋਂ ਤਕ ਪੂਰੀ ਪੰਗਤੀ ਦਾ ਅਰਥ ਨਾਂ ਹੋਵੇ ਕੇਂਦਰੀ ਭਾਵ ਨਾਂ ਦਸਿਆ ਜਾਵੇ, ਬਾਣੀ ਲਿਖਣ ਦਾ ਕਾਰਣ ਨਾਂ ਸਮਝ ਵਿਚ ਆਵੇ ਉਦੋਂ ਤਕ ਇਹ ਸਭ ਟੀਕੇ ਅਧੂਰੇ ਹੀ ਹਨ। ਅਧੂਰੀ ਕੋਈ ਵਸਤ ਕੰਮ ਨਹੀਂ ਦਿੰਦੀ, ਅਧੂਰਾ ਸੀਤਾ ਕਮੀਜ਼ ਕਿਸੇ ਵੀ ਅਰਥ ਨਹੀਂ, ਪਜਾਮੇ ਦਾ ਇਕ ਪਾਸਾ ਸੀ ਲੈਂ ਇਕ ਐਵੇਂ ਰਹਿਣ ਦਿਉ ਨੰਗ ਨਹੀਂ ਢਕੇਗਾ।

ਇਹੋ ਕਾਰਣ ਹੈ ਜੋ ਅਜ ਤਰ੍ਹਾਂ-ਤਰ੍ਹਾਂ ਦੇ ਲੇਖ ਤੇ ਸ਼ੰਕੇ ਵਜੂਦ ਵਿਚ ਆ ਰਹੇ ਹਨ। ਚੰਗਾ ਹੋਵੇ ਜੇ ਕਿਤਿਓਂ ਪੰਡਿਤ ਨਰੈਣ ਸਿੰਘ ਵਾਲਾ ਟੀਕਾ ਪ੍ਰਾਪਤ ਕਰਕੇ ਨਾਲ ਉਸਦੀ ਮਦਦ ਲਈ ਜਾਵੇ-ਗੁਰ ਪੰਥ ਦੇ ਸੇਵਕ ਵਲੋਂ ਬੜੀ ਕੋਸ਼ਸ਼ ਰਹੀ ਕਿ ਕਿਵੇਂ ਉਹ ਟੀਕਾ ਹਾਸਲ ਹੋ ਸਕੇ ਪਰ ਕਿਤੋਂ ਵੀ ਇਹ ਸਫਲਤਾ ਨਹੀਂ ਮਿਲੀ।

ਉਸ ਵਿਚ ਵਾਧਾ ਇਹ ਹੈ ਕਿ ਜਿਸ ਵੇਲੇ ਸ੍ਰੀ ਦਸਮੇਸ਼ ਜੀ ਮਹਾਰਾਜ ਨੇ ਖਾਲਸੇ ਨੂੰ ਬਾਣੀ ਬੋਧ ਲਈ ਨਿਪੁਨ ਕੰਰਨ ਵਾਸਤੇ ਇਰਾਦਾ ਕੀਤਾ ਸੀ ਤਾਂ ਭਾਈ ਮਨੀ ਸਿੰਘ ਜਿਹੇ ਸਮੇਂ ਦੇ ਬੁਧੀਜੀਵ ਸਿਖਾਂ ਨੂੰ ਟੀਕਾ ਆਪ ਕਥਾ ਦੇ ਰੂਪ ਵਿਚ ਅਰਥ ਭਾਵ ਕਰਕੇ ਸਮਝਾਇਆ ਸੀ. ਜਿਨ੍ਹਾਂਦੇ ਰਾਹੀਂ ਅਗੇ ਤੋਂ ਅਗੇ ਕਥਾ ਕਰਨ ਦਾ ਅਭ੍ਯਾਸ ਚਲਿਆ ਅਤੇ ਸੀਨਾ-ਬਸੀਨਾਂ ਅਗੇ ਤੁਰਿਆ ਸੀ। ਉਸੇ ਹੀ ਸੀਨਾਂ ਬਸੀਨਾਂ ਕਾਫਲੇ ਦਾ ਗਿ: ਨਰਾਇਣ ਸਿੰਘ ਪ'ਧੀ ਸੀ ਜਿਸਨੇ, ਵੇਦਾਂ ਤੇ ਪੁਰਾਣਾਂ ਦਾ ਵੀ ਅਧੈਨ ਕੀਤਾ ਸੀ ਜਿਸ ਲਈ ਹਰ ਪੰਗਤੀ ਦੀ ਉਲਝਣ ਖੋਲਣ ਲਈ ਸਾਮਰਥ ਸਨ।

ਪਰ ਇਹਨਾਂ ਕਟੜ ਪੰਥੀ ਕਾਲਜੀਏਟ ਵਿਦਵਾਨਾਂ ਨੂੰ ਮਿਥਿਹਾਸ ਤੋਂ-ਬਹੁਤਾ ਸੇਕ ਔਂਦਾ ਹੈ ਜਿਸ ਲਈ ਇਹਨਾਂ ਵਲੋਂ ਸ੍ਰੀ ਦਸਮ ਗ੍ਰੰਥ ਸਾਹਿਬ ਵਾਂਗ ਵਿਰੋਧਤਾ ਕਰਕੇ ਅਜਕਲ ਉਸ ਮਹਾਨ ਵਿਅਕਤੀ ਦੀ ਕੀਤੀ ਨਿਰ-ਇਛੱਤ ਸੇਵਾ ਖੁਡੇ ਲਾਇਨ ਲਾ ਦਿਤੀ ਜੋ ਅਜਕਲ ਛਪਣੋਂ ਹੀ ਬੰਦ ਹਨ। ਜੇ ਕਿਸੇ ਸਾਧੂ ਸੰਤ ਮਹਾਂ ਪੁਰਸ਼ ਦੇ ਡੇਰੇ ਹੋਵੇ ਤਾਂ ਪਤਾ ਦੇਕੇ ਇਹ ਉਪਕਾਰ ਕੀਤਾ ਜਾਵੇ, ਭੇਟਾ ਦਿਤੀ ਜਾਵੇਗੀ। ਜੇ ਉਦਾਂ ਨਾਂ ਦੇਣਾ ਚਾਹੁਣ ਤਾਂ ਕੁਝ ਚਿਰ ਲਈ ਹੀ ਮਿਲ ਜਾਣ ਤਾਂ ੧੦੧ ਰੁਪਿਆ ਦਰਸ਼ਨੀ ਭੇਟ ਵੀ ਦਿਤੀ ਜਾ ਸਕਦੀ ਹੈ। ਨਾਂ

ਪਰ—ਦਾਸ ਤਾਂ ਤਥ ਨਿਚੋੜਨ ਦਾ ਕੰਮ ਹੀ ਕਰ ਸਕੇਗਾ ਕਿਉਂਕਿ ਉਮਰ ਤੇ ਸੇਹਤ, ਨਿਗਾਹ ਕੋਈ ਵੀ ਪੂਰਾ ਕੰਮ ਨਹੀਂ ਕਰਦੇ। ਉਦਾਂ ਵੀ ਅਰੰਭਿਆ ਕਾਜ ਸਪੂਰਨ ਹੋਣ ਦੀ ਆਸ ਨਹੀਂ, ਕਿਉਂਕਿ ਰਸੇ ਦੀ ਅਖੀਰਲੀ ਗੰਡ ਨੂੰ ਹਥ ਪੈ ਚੁਕਾ ਹੈ-ਭੀਤ ਉਪਰ ਕਿਥੇ ਤਕ ਤੁਰਨਾ ਹੈ ਅੰਤ ਉਸਦਾ ਤਾਂ ਓੜਕ ਔਣਾ ਹੀ ਹੈ। ਮੈਂ ਫਿਰ ਅਪੀਲ ਕਰਦਾ ਹਾਂ-ਕਿ ਸ਼ਰੋਮਣੀ ਪੰਥ ਨੂੰ-ਇਨ੍ਹਾਂ ਤਥਾਂ ਤੇ ਵਿਚਾਰ ਕਰਕੇ ਕਿਸੇ ਖਾਸ ਟੀਚੇ ਤੇ ਪੁਜਣ ਲਈ ਐਲਾਨ ਕਰਨਾ ਚਾਹੀਦਾ ਹੈ ਤਾਂਕੇ ਚਿਕੜ ਦਾ ਬੰਨ-ਬੰਨ ਕੇ ਪੱਥਰ ਦਾ ਬੰਨ ਮਾਰਿਆ ਜਾਵੇ। ਤਾਂ ਕਿ ਭ੍ਰਮ ਵਿਚ ਪੈਕੇ ਸੁਕ ਰਹੀਆਂ ਰੂਹਾਂ-ਮਹਾਨ ਸੰਤ ਸਤਿਗੁਰ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦੀ ਸੰਗਤਿ ਕਰਕੇ ਹਰੇ ਭਰੇ ਜਾਣ।

ਭਰਮਿ ਸੂਕੇ ਬਹੁ ਉਭਿ ਸੁਕ ਕਹੀਅਹਿ
ਮਿਲਿ ਸਾਧੂ ਸੰਗਿ ਹਰੀਜੈ।
ਪੰ: ੧੩੨੬। ਮ: ੪।

ਮੈਂ ਸਿਫਾਰਸ਼ ਕਰਦਾ ਹਾਂ ਕਿ ਗਿ: ਹਰਬੰਸ ਸਿੰਘ ਚੰਡੀਗੜ ਜਿਹੇ ਸੁਚਜੇ ਵਿਦਵਾਨਾਂ ਤੋਂ ਇਹ ਸੇਵਾ ਲਈ ਜਾ ਸਕਦੀ ਹੈ-ਜਿਹੜੇ ਤਥਾਂ ਨੂੰ ਮਰੋੜਕੇ ਘੁਟਕੇ ਅਸਲ ਭਾ'ਵ ਦਾ ਰੂਪ ਨਾਂ ਵਿਗਾੜਨ। ਭਾਵੇਂ ਭਾ: ਰਣਧੀਰ ਸਿੰਘ ਬ੍ਰਹਮ ਗਿਆਨੀ ਤੇ ਨਿਰੋਲ ਸਰਧਾ ਦੇ ਪੁਤਲੇ ਵਲੋਂ ਕਾਫੀ ਮੇਹਨਤ ਕਰਕੇ ਸਬਦਾਰਥ ਤਿ ਮਾਰ ਕੀਤਾ ਗਿਆ ਹੈ.

Digitized by Panjab Digital Library | www.panjabdigilib.org

ਅਤੇ (ਚੌਣਵੀਂ ਬਾਣੀ ਦਸਮ ਗ੍ਰੰਥ) ਗੁਰੂ ਗੋਬਿੰਦ ਸਿੰਘ ਫਾਉਂਡੇਸ਼ਨ ਚੰਡੀਗੜ ਤੇ ਸ੍ਰੀ ਮਾਨ ਲਾਲ ਸਿੰਘ ਐਮ. ਏ. ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵਲੋਂ ਸੰਪਾਦਤ ਬੜੀ ਸੁੰਦਰਤਾ ਨਾਲ ਪ੍ਰਕਾਸ਼ਤ ਕੀਤਾ ਗਿਆ ਹੈ, ਪਰ ਇਹ ਸ਼ੰਕਾ ਵਾਦੀਆਂ ਦਾ ਘਰ ਪੂਰਨ ਨਹੀਂ ਕਰਦੇ। ਬਾਣੀਆਂ ਦਾ ਘਾਟਾ-ਵਾਧਾ ਤੇ ਪੰਨਿਆਂ ਦਾ ਅੰਤਰਾ-ਪੂਰਨ ਭਾਵ ਪੂਰਨ ਪੰਗਤੀ ਤੇ ਸ਼ਬਦ ਤੇ ਕੇਂਦਰੀ ਭਾਵ ਸਮੂਹਕ ਪਲੇ ਪਾਇ ਬਿਨਾ ਪੂਰਾ ਅਰਥ ਚਾਰਾ ਤਸਲੀ ਨਹੀਂ ਕਰਾਉਂਦਾ ਸਗੋਂ-ਉਖੜੇ ਵਲ ਨੂੰ ਧੂੰਦਾ ਹੈ

ਹਮਰੋ ਸਹਾਉ ਸਦਾ ਸਦ ਭੂਲਨ
ਤੁਮਰੋ ਬਿਰਦ ਪਤਿਤ ਉਧਾਰਨ।
ਕਰੁਣਾ ਮੈ ਕ੍ਰਿਪਾਲ ਕ੍ਰਿਪਾ ਨਿਧਿ
ਜੀਵਨ ਪਦ ਨਾਨਕ ਹਰਿ ਦਰਸਨ।

ਪੰ: ੮੨੮। ਮ: ੫।

ਦਾਸ ਧੰਨਵਾਦ ਕਰਦਾ ਹੈ-ਉਹਨਾਂ ਮਹਾਂ ਪੁਰਸ਼ਾਂ ਦਾ ਜਿਨ੍ਹਾਂਦੀ ਪਰੇਰਨਾ ਨਾਲ ਮੇਰੇ ਜਿਹੇ ਸਾਧਾਰਨ ਤੇ ਅਨਪੜ੍ਹ ਕੂਕਰ ਨੂੰ, ਇਹ ਕੁਝ ਤੱਥ ਲਿਖਣ ਤੇ ਮਜਬੂਰ ਕੀਤਾ। ਪਰ ਸ਼ੁਕਰਗੁਜ਼ਾਰ ਹਾਂ ਬਿਰਧਪਾਲ ਸ੍ਰੀ ਦਸਮ ਜੋਤਿ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ, ਜੋ ਹਰ ਅੜੇ ਤੇ ਰੋਕ ਵੇਲੇ ਮੈਨੂੰ ਆਪਣੀ ਜੋਨਿ ਬਖਸ਼ਦੇ ਰਾਹੇ ਪਾਉਂਦੇ ਰਹੇ, ਅਤੇ ਸਮੇਂ ਅਨੁਸਾਰ ਇਹਨਾਂ ਤਥਾਂ ਦਾ ਸੁਝਾ ਬਖਸਦੇ ਰਹੇ ਕਈ ਵਾਰ-ਰਾਹ ਰੁਕ ਜਾਂਦਾ ਤਾਂ ਉਦਾਸੀਨਤਾ ਦੀ ਗੋਦ ਵਿਚ ਲੇਟਣਾ ਪੈਣਾ ਪਰ ਉਠਣ ਤੇ ਸਾਹਮਣੇ ਸਪਸ਼ਟ ਰੋਡ ਵਗਦੀ ਦਿਸਣੀ ਤੇ ਕਲਮ ਲੈਕੇ ਗੁਰੂ ਯਾਦ ਸਦਕਾ ਐਨ ਅੱਡੇ ਤੇ ਠੁਕ ਸਿਰ ਆਪਨੂੰ ਪੁਜਿਆ ਵੇਖਦਾ ਸੀ। ਸੋ ਆਸ ਰਖਦਾ ਹਾਂ ਇਹ ਕੰਮ ਅਜ ਦੇ ਸਮੇਂ ਲਈ ਢੁਕਵਾਂ ਹੈ ਕਿ-ਸ੍ਰੀ ਦਸਮ ਗ੍ਰੰਥ ਸਾਹਿਬ ਸਟੀਕ ਵਜੂਦ ਵਿਚ ਲਿਆਂਦਾ ਜਾਵੇ, ਜੋ ਗੁਰੂ ਜੀ ਮਹਾਰਾਜ ਕਿਸੇ ਸੇਵਕ ਤੋਂ ਜਰੂਰ ਨੇਪਰੇ ਚੜਾ ਲੈਣਗੇ। ਲੋੜ ਹੈ ਪੁਰਸ਼ਾਰਥ ਕਰਕੇ ਭਰੋਸੇ ਸੰਯੁਕਤ ਹੋਕੇ ਉਦਮ ਕਰਨ ਦੀ, ਕੰਮ ਜਿਹ ਦਾ ਹੈ ਉਸ ਨੇ ਆਪ ਹੀ ਕਰਵਾ ਲੈਣਾ ਜੇ।

ਜਿਸਕਾ ਕਾਰਜ ਤਿਨਹੀ ਕੀਆ
ਮਾਣਸੁ ਕਿਆ ਵੇਚਾਰਾ ਰਾਮ॥

ਪੰ: ੭੮੪। ਮ: ੫

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹ ॥

ਗੁਰੂ ਪੰਥ ਦਾ ਦਾਸ–
ਗਿ: ਈਸ਼ਰ ਸਿੰਘ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਆਪੀ ਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡੀਠੋ ਚਾਉ ॥



ਤੈਂ ਹੀ ਦੁਰਗਾ ਸਾਜ ਕੈ ਦੈਤਾਂ ਦਾ ਨਾਸ ਕਰਾਇਆ

ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ ॥
ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ ॥
ਸ: ੧੧੦੩ ॥ ਕਬੀਰ ਜੀ ॥

ਸਲੋਕ ॥ ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥
ਨਾਨਕ ਗੁਰਮੁਖਿ ਸੋ ਬੂਝੈ ਜਾਕੈ ਭਾਗੁ ਮਥੋਰ ॥ ੧ ॥ ਸ: ੨੫੧ ॥

ਪਤਾ ।—ਭਾਈ ਬੂਟਾ ਸਿੰਘ ਪ੍ਰਤਾਪ ਸਿੰਘ ਬਜ਼ਾਰ ਮਾਈ ਸੇਵਾਂ,
ਅੰਮ੍ਰਿਤਸਰ ।

Digitized by Panjab Digital Library | www.panjabdigilib.org

ਇਸੇ ਲੇਖਕ ਦੀਆਂ ਹੋਰ ਪੁਸਤਕਾਂ

ਭਾਗ ੧ : ਗੁਰਸਿਖ ਜੀਵਨ

ਭਾਗ ੨ : ਦੰਪਤੀ ਜੀਵਨ

ਭਾਗ ੩ : ਸਮਾਜਕ ਜੀਵਨ

ਭਾਗ ੪ : ਧਾਰਮਿਕ ਜੀਵਨ

ਭਾਗ ੫ ਹਿੰਦੂ ਸਿਖ ਸਮੇਲਨ

ਭਾਗ ੬ : ਗੁਰਬਾਣੀ ਦੀ ਅਲੋਚਨਾ ਦੇ ਉਤਰ ਵਿਚ

ਭਾਗ ੭ : ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ

ਨਵੀਂ ਐਡੀਸ਼ਨ 1987

ਪਹਿਲੀ ਵਾਰ 1000

ਕੀਮਤ 45/-

ਪ੍ਰਕਾਸ਼ਕ :

ਗਿਆਨੀ ਈਸ਼ਰ ਸਿੰਘ ਜੀ ਰਾਮਗੜੀਆ ਫਰਨੀਚਰ ਹਾਉਸ ਰੋਪੜ

Digitized by Panjab Digital Library | www.panjabdigilib.org

ਸਮਰਪਣ

ਉਹਨਾਂ ਪਾਠਕਾਂ ਦੀ ਸੇਵਾ ਵਿਚ, ਜੋ ਸ੍ਰੀ ਦਸਮੇਸ਼ ਜੀ ਨੂੰ ਆਪਣਾ ਵਾਹਦ ਗੁਰੂ ਹੀ ਨਹੀਂ ਸਗੋਂ ਖਾਲਸੇ ਦਾ ਸਿਰਜਨ ਗੁਰੂ ਮੰਨਦੇ ਹਨ ਤੇ ਆਪਣੇ ਸਤਿਗੁਰੂ ਵਲੋਂ ਭਾਈ ਦਇਆਲਾ ਜੀ ਵਾਂਗ ਨਾਂ ਮੂੰਹ ਫੇਰਦੇ ਹਨ ਤੇ ਨਾਂ ਉਹਨਾਂ ਦੀ ਸ਼ਾਨ ਤੋਂ ਉਲਟ ਵਿਰੋਧੀ ਸ਼ਬਦ ਮੂੰਹ ਵਿਚੋਂ ਬਾਹਰ ਕਢਦੇ ਹਨ । ਫਪਲਾ ਗੀਰ ਅਸਰਦਾਇਕ ਲੇਖਕਾਂ ਦੇ ਲੇਖਾਂ ਦਾ ਮੱਠਾ ਖਾਕੇ ਉਲਟ ਹੋ ਜਾਣ ਦੀ ਥਾਂ ਇਸ ਮਹਾਂ ਵਾਕ ਤੇ ਪਹਿਰਾ ਦਿੰਦੇ ਹਨ ।

ਗੁਰ ਕੀ ਨਿੰਦਾ ਸੁਨੈ ਨ ਕਾਨ ॥
ਭੇਟ ਕੀਚੈ ਸੰਗ ਕਿਰਪਾਨ ॥

ਅਕਾਲ ਪੁਰਖ ਦੀ ਉਪਮਾ ਵਿਚ ਉਚਰੀ ਹੋਈ ਬਾਣੀ ਸਦਾ ਹੀ ਸਫਲ ਤੇ ਸਤਿਕਾਰ ਦੀ ਪਾਤਰ ਹੈ । ਨਾਮ ਬਾਣੀ ਦੇ ਪ੍ਰੇਮੀ ਸ਼ਰਧਾਲੂਆਂ ਨੂੰ ਕਿਸੇ ਸੰਕੇ ਦੀ ਉਪਜ ਤੋਂ ਪਹਿਲਾਂ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਨਿਰਨੇ ਦਾ ਨਿਰਨਾ ਅਵੱਸ਼ ਪੜ੍ਹ ਲੈਣਾ ਚਾਹੀਦਾ ਹੈ । ਸਤਿਗੁਰਾਂ ਦਾ ਆਦੇਸ਼ ਹੈ :-

ਸਫਲ ਸੁ ਬਾਣੀ ਜਿਤੁ ਨਾਮੁ ਵਖਾਣੀ ॥
ਗੁਰ ਪ੍ਰਸਾਦਿ ਕਿਨੈ ਵਿਰਲੈ ਜਾਣੀ ॥
[ਪੰ: ੧੦੩ ॥ ਮ: ੫ ॥

ਸ੍ਰੀ ਦਸਮ ਗ੍ਰੰਥ ਸਾਹਿਬ ਜੀ, ਰਾਮ ਨਾਮ ਦਾ ਮਹਾਨ ਉਜਲਾ ਤੇ ਸਿਖਰ ਦੁਪਹਿਰ ਦਾ ਸੂਰਜ ਹੈ, ਜਿਸ ਦਾ ਕੋਈ ਸਾਨੀ ਨਹੀਂ ।

-ਈਸ਼ਰ ਸਿੰਘ

Digitized by Panjab Digital Library | www.panjabdigilib.org

ਤਤਕਰਾ

੧	ਮੰਗਲਾ ਚਰਣ-	
੨	ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੀ ਉਚਤਾ	੧
੩	ਸ੍ਰੀ ਦਸਮ ਗ੍ਰੰਥ ਦੇ ਨਿਰਣੇ ਦੇ ਮਤਾਬਕ	੨
੪	ਸ਼ਮਸ਼ੇਰ ਸਿੰਘ ਜੀ ਅਸ਼ੋਕ	੬
੫	ਅਕਾਲ ਉਸਤਤ	੯
੬	ਰਚਨਾਂ ਕਿਵੇਂ ਹੋਈ	੧੧
੭	ਬਚਿਤ੍ਰ ਨਾਟਕ ਬਾਰੇ ਵੀਚਾਰ	੧੩
੮	ਰਹੀ ਸਾਕਤ ਮਤ ਦੀ ਗਲ	੧੫
੯	ਬਚਿਤ੍ਰ ਨਾਟਕ ਤੇ ਟੋਕਾ ਟਾਕੀ	੨੩
੧੦	ਦੁਸ਼ਟ ਦਮਨ	੩੦
੧੧	ਅਥ ਕਬਿ ਜਨਮ ਕਲਨੰ	੩੩
੧੨	ਪ੍ਰਸ਼ਨਾਂ ਦੇ ਉਤਰ	੩੫
੧੩	ਹੋਰ ਸਬੂਤ ਗੁਰੂ ਦਵਾਰਾ ਹੇਮਕੁੰਟ	੩੬, ੪੨
੧੪	ਭੂਮਕਾ	੪੩
੧੫	ਚੰਡੀ ਚਰਿਤ੍ਰ	੪੫
੧੬	ਵਾਰ ਸ੍ਰੀ ਭਗਉਤੀ ਜੀ ਕੀ	੪੯
੧੭	ਗਿਅ-ਨ ਪ੍ਰਬੋਧ	੫੧
੧੮	ਅਥ ਚੌਬੀਸ ਅਵਤਾਰ ਸਾਰਥ	੫੫
੧੯	ਅਵਤਾਰਾਂ ਦੇ ਕਰਤਵ ੧ ਮੱਛ ਅਵਤਾਰ	੫੯
੨੦	ਮੋਹਣੀ ਅਵਤਾਰ	੬੦
੨੧	ਕ੍ਰਿਸ਼ਨਾ ਅਵਤਾਰ	੬੭
੨੨	ਸੱਤ ਅਵਤਾਰ ਬ੍ਰਹਮਾਂ ਦੇ ਉਪ ਅਵਤਾਰ	੭੮
੨੩	ਪ੍ਰਿਥੂ ਰਾਜ	੮੨
੨੪	ਸਿਵਜੀ ਦੇ ਅਵਤਾਰ ਦਿਤਾ ਤ੍ਰੈ ਜੀ	੮੫
੨੫	ਪਾਰਸ ਨਾਥ	੯੦
੨੬	ਸਸਤ੍ਰ ਨਾਮ ਮਾਲਾ	੯੮
੨੭	ਪਖਿਜਾਨ ਚਰਿਤ੍ਰ	੧੦੪
੨੮	ਠੂਪ ਕੁਅਰ	੧੧੧
੨੯	ਬ੍ਰਹਮ ਜੋਗ ਤੇ ਗਿਆਨ ਜੋਗ	੧੧੫
੩੦	ਜਰੀ ਜੀਜੇ ਜੁਗ ਚਾਰ ਤਿਹਾਰੀ	੧੨੧
੩੧	ਸ੍ਰਿੰਗੀ ਤੇ ਗੋਤਮ ਰਿਸ਼ੀ	੧੨੪
੩੨	ਸੁੰਦ ਉਪ ਸੁੰਦ	੧੨੫
੩੩	ਰਾਜਾ ਨਲ ਤੇ ਰਾਣੀ ਦਮਜੰਤੀ	੧੩੦
੩੪	ਜਲੀਖਾਂ ਤੇ ਜੂਸਫ	੧੩੩
੩੫	ਰਾਜਾ ਭਰਥਰੀ	੧੩੫
੩੬	ਰਣ ਖੰਭ ਕਲਾ	੧੩੬
੩੭	ਸਿਧ ਪਾਲ	੧੪੨
੩੮	ਸਕਤ ਸ਼ਕਤਿ ਸਕਤਾ	੧੪੫
੩੯	ਜਫਰ ਨਾਮਹ	੧੪੯
	ਸ਼ਿਵ ਜੀ ਦੇ ਅਵਤਾਰ-ਦਿਤਾ ਤ੍ਰੈ ਜੀ	੧੪੯
੪੦	ਵਿਜੈ ਸਿੰਘ ਤੇ ਮੀਰ ਮੰਨੂੰ	੧੫੨
੪੧	ਨੁਸਰਤ ਬੇਗਮ	੧੫੨
੪੨	ਸ੍ਰੀ ਦਸਮ ਗ੍ਰੰਥ ਸਾਹਿਬ ਪ੍ਰਚੋਲ	੧੫੩
੪੩	ਪਾਰਸ ਨਾਥ	੧੫੮
੪੪	ਸਸਤ੍ਰ ਨਾਮ ਮਾਲਾ	੧੭੧
	ਸਸਤ੍ਰ ਨਾਮ ਮਾਲਾ	੧੭੨
੪੫	ਪਖਯਾਨ ਚਰਿਤ੍ਰਾਂ ਬਾਰੇ	੧੭੯
੪੬	ਪਕਜਾਨ ਚਰਿਤ੍ਰ ੨੧ ਨੂਪ ਕੁਅਰਿ	੧੯੩
੪੭	ਪਖਯਾਨ ਚਰਿਤ੍ਰ ਨੰ: ੮੧ ਬ੍ਰਹਮ	
੪੮	ਗਿਆਨ ਤੇ ਰਾਜ ਜੋਗ	੨੦੦
੪੯	ਜੋਰੀ ਜੀਯੇ ਜੁਗ ਚਾਰ ਤਿਹਾਰੀ	੨੧੧
੫੦	ਸ੍ਰਿੰਗੀ ਤੇ ਗੋਤਮ ਰਿਸ਼ੀ	੨੧੯
੫੧	ਜਲੀਖਾਂ ਤੇ ਯੂਸਫ	੨੩੪
੫੨	ਰਾਜਾ ਭਰਥਰੀ	੨੩੬
੫੩	ਰਨਖੰਭ ਕਲਾ	੨੩੮
੫੪	ਸਿਧਪਾਲ	੨੫੧
੫੫	ਸਕਜਤ-ਸਕਤਿ ਸ਼ਖਤਾ	੨੫੫
੫੬	ਜ਼ਫਰ ਨਾਮਾ (ਭਾਵ ਵਿਜੈ ਪਤ੍ਰ)	੨੬੨
੫੭	ਗਿਆਨੀ ਈਸ਼ਰ ਸਿੰਘ 'ਨਾਰਾ' ਦੀ ਮੋਹਰ ਛਾਪ	੨੬੫
੫੮	ਉਦਾਹਰਣ ਸ: ਬਿਜੈ ਸਿੰਘ	੨੬੭
੫੯	ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੀ ਪੜਚੋਲ ਦਸਮ ਗ੍ਰੰਥ ਦੀ ਰਾਸ਼ਟਰੀ ਮਹਾਨਤਾ	੨੭੩
੬੦	ਜੀਵਨ ਸੁਮਾਰਗ ਗ੍ਰੰਥ ਦੀ ਸੂਚੀ	੨੮੧
੬੧	ਦਸਮ ਗ੍ਰੰਥ ਸਾਹਿਬ ਦਾ ਹਿੰਦੀ ਵਿਚ ਅਨੁਵਾਦ	੨੮੨

Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾਗ ੭ ॥ ਅਧਜ ੨ ॥ ਅਲੋਚਨਾਤਮਕ ॥ ਪ੍ਰਕਰਣ ਨੰ: ੧ ॥ ੧੬ ॥ ੧੨੩ ॥

ਮੰਗਲਾਚਰਨ

ਪਉਣ ਪਾਣੀ ਅਗਨੀ ਇਕ ਵਾਸਾ ॥ ਆਪੇ ਕੀਤੋ ਖੇਲੁ ਤਮਾਸਾ ॥
ਬਲਦੀ ਜਲਿ ਨਿਵਰੈ ਕਿਰਪਾਤੇ ਆਪੇ ਜਲ ਨਿਧਿ ਪਾਇਦਾ ॥੪॥ਮਹਲਾ ੧॥ਸ: ੧੦੩੩

ਕਹਾ ਲਗ ਕਰੋਂ ਬਪਿਜਾਨ, ਹੌ ਮੂੜ ਸਤਿਅਜਾਨ ॥ ਤੁਅ ਜਸ ਅਗਾਹ ਸਮੁੰਦ ਨਿਤ ਨੇਮ ਰਵਤ ਫਨਿੰਦ ॥ ੧੦੮ ॥ ਨਿਤ ਰਟਤ ਨਾਮ ਅਪਾਰ ਭਦਜਪਿ ਨ ਪਾਵਤਪਾਰ ॥ ਸਿਵ ਬਿਸਨ ਔ ਮੁਖ ਚਾਰਿ, ਨਿਤ ਭਜਤ ਮਾਇ ਮੁਰਾਰਿ ॥ ੧੦੯ ॥ ਸੁਕ ਬਿਆਸ ਨਾਰਦ ਦੇਵ, ਸਭ ਕਰਤ ਹਰਿ ਕੀ ਸੇਵ ॥ ਸ!ਸ ਸੂਰ ਉਡਰਾਨ ਜੇਤ ਸਭ ਰਟਤ ਮਾਇਆ ਨੇਤ ॥੧੧੦॥ ਸ੍ਰੀ ਸ੍ਰਬ ਲੋਹ ਪ੍ਰਕਾਸ਼ ਗ੍ਰੰਥ ਸਾਹਿਬ ਪੰ: ਦ: ਸ੍ਰੀ ਦਸਮੇਸ਼ ਜੀ

ਅਰਥ ਭਾਵ ॥

ਕਿਥੋਂ ਤਕ ਮੈ ਕਰਾਂ ਬਿਆਨ ਤੇਰਾ ॥ ਮੂੜ ਮਤ ਹਾਂ ਮੈ ਅਜਾਨ ਸਾਂਈ ॥
ਜਸ ਆਪਦਾ ਅਥਾਹ ਸਮੁੰਦ ਹੈਜੀ ॥ ਨਿਤ ਜਪੇ ਜਿਸਨੂੰ ਸੇਸ ਸੁਜਾਨ ਸਾਂਈ ॥
ਬੇਅੰਤ ਜਾਪ ਕਰਦਾ ਰਹੇ ਨਿਤਾਪ੍ਰਤੀ ॥ ਪਾਵੇ ਅੰਤ ਨਾਂ ਫੇਰ ਸ਼ੁਮਾਰ ਸਾਂਈ ॥
ਬ੍ਰਹਮਾ ਬਿਸਨ ਸਿਵਜੀ ਦੇਵਤੇ ਜੋ ॥ ਨਿਤਾ ਪ੍ਰਤ ਜਪਦੇ ਤੇਰਾ ਨਾਮ ਸ਼ਾਂਈ ॥
ਬੇਦ ਬਿਆਸ ਸੁਕਦੇਵ ਤੇ ਨਾਰਦ ॥ ਕਰਦੇ ਸਭਿ ਹੀ ਹਰਿ ਦੀ ਸੇਵ ਸ਼ਾਂਈ ॥
ਸੂਰਜ ਚੰਦ ਸਮੇਤ ਤਾਰਿਆਂ ਦੇ ॥ ਰਟਦੇ ਸਭ ਹੀ ਮਾਤ ਸਮਾਨ ਸਾਂਈ ॥ ੧੧੦ ॥

ਸਹੰਸ ਮੁਖੀ ਦੋਹਰਾ–ਸ਼ਹਨ ਸ਼ਾਹ ਸ਼ਹਪਤਿ ਸਗਲ, ਸੰਸਯ ਸਿਹਰ ਸਿਰਾਇ ॥
ਸੱਜ਼ਨ ਸਾਧ ਸੰਸਾ ਨਹੀਂ, ਸੀਤਲ ਸਤ ਸੁਖਦਾਇ ॥ ੮੦ ॥

ਇੰਦ੍ਰਗ ਦੋਹਰਾ – ਈਸਰ ਈਸ ਇਮਾਨ ਇਕ, ਇਮ ਨਾਇਕ ਇਮਨਾਇ ॥
ਇਕ ਇਕ ਈਕਾਨ ਇਸ, ਇੰਦ੍ ਲਾ ਇੰਤਹਾਇ ॥ ੮੧ ॥

ਝੂਰਨ ਦੋਹਰਾ – ਝੂਰਨ ਝੇਰ ਝੰਕਤ ਝਪਟ, ਝਿਮ ਝਿਮ ਝੂਨਕਾਰ ॥
ਝੀਨ ਸ਼ਬਦ ਝਾਜਨ ਝਰਨ, ਝਗਰ ਝੂਠ ਝਿੰਕਾਰ ॥੮੨॥ ਸ੍ਰੀ: ਦਮਮੇਸ ਜੀ

ਭਾਵ ਅਰਥ–ਸ਼ਾਹ ਸ਼ਾਹਾਂ ਦਾ ਸਾਰੇ ਸੰਸਾਰ ਦਾ ਤੂੰ, ਕਰੇਂ ਜਾਦੂ ਸੰਸੇ ਸਿਰੋਂ ਦੂਰ ਸਾਂਈ ॥
ਈਸ ਈਸਰ ਤੇ ਇਕ ਇਮਾਨ ਜੋਗਾ, ਦਾਤਾ ਸੁਖਾਂ ਦਾ ਠੰਢਾ ਠਰੂਰ ਸਾਂਈ ॥ ੮੦ ॥
ਈਸ ਇਕ ਈਮਾਨ ਦਾ ਇਮਾਨ ਹੈਂ ਤੂੰ, ਸ਼ੁਕ੍ਰ ਸ਼ੁਕ੍ਰੀਆਂ ਦਾ ਬੀਰਾਂ ਗਰੂਰ ਸਾਂਈ ॥
ਇਕੋ ਇਕ ਹੈ ਤੂੰ ਵਡਾ ਸਭ ਤੋਂ, ਆਵੇ ਥਾਹ ਨਾਹੀਂ ਹੈਂ ਭਰਪੂਰ ਸਾਂਈ ॥ ੮੧ ॥
ਝੂਰਨ ਤੇ ਝੋਰੇ ਨੂੰ ਝਪਟ ਕੇ ਝੰਬ ਦੇਵੇਂ, ਛਿਨਕ ਵਿਚ ਕਰੇਂ ਸਭ ਦੂਰ ਸਾਂਈ ॥
ਨਿਕਲੇ ਸਬਦ ਮਿਠੇ ਮੁਖ ਤੋਂ ਮੇਰੇ ਰਸ ਭਰੇ,ਕੋਂਵਲ ਪਤਲੇ ਸੁਧਰ ਸਰੂਰ ਸਾਂਈ ॥ ੮੨ ॥

Digitized by Panjab Digital Library | www.panjabdigilib.org

ਮੂਲ ਫੋਟਕ ਦੋਹਰਾ-
ਟੋਟ ਟੂਟ ਟੰਦਾ ਚਰਨ ਟੀਕਾ ਸਗਲ ਸੰਸਾਰ ॥ ਟਕ ਟਕ ਟਕ ਨਿਰਖੈ ਤੁਮਹਿ ਏਕ ਟਿਕਨ ਕਰਤਾਰ ॥੮੩॥
ਠੌਰ ਠੌਰ ਠਾਕੁਰ ਠਟਿਯੋ ਬਿਨ ਠਾਕੁਰ ਨਹਿ ਠਾਟ॥ਠਾਕ ਠੋਕ ਸੌ ਦੂਰ ਪਰ ਨਹਿ ਬਾਗਾ ਨਹਿ ਠਾਟ॥੮੪॥

ਨਿਡਰ ਦੋਹਰਾ-
ਡਾਗਰ ਡੀਗਰ ਹੈ ਅਧਕ ਤੁਮ ਨਿਡਰ,ਡਰ ਡਾਰ॥ਬਾਰ ਬਾਰ ਡੰਤਉਤ ਤੁਮ, ਤੁਹ ਜਸ ਡੰਕ ਅਪਾਰ॥੮੫॥

ਢੀਠ ਦੋਹਰਾ-
ਢੋਰ ਢੀਮ ਢਾਡੀ ਢਿਮਕ ਹੋਂ ਤਜ ਢਾਕ ਪਲਾਸ॥ਢੇਰ ਢੀਠ ਢਲਕਤ ਫਿਰਤ ਢਹਿ ਢਹਿ ਪਰਨ ਉਦਾਸ॥੮੬॥
ਪਾਤਸ਼ਾਹੀ ੧੦ ॥

ਅਰਥ-ਤੇਰੀ ਤਕਣੀ ਤੋਂ ਟੰਟੇ ਸਭ ਦੂਰ ਹੁੰਦੇ, ਮੁਖੀ ਤੂੰ ਹੈ ਸਾਰੇ ਜਹੂਰ ਸਾਂਈ ॥
ਥਾਂ ਥਾਂ ਤੇ ਤੂੰ ਸਮਾ ਰਹਿਆ ਹੈ, ਇਥੇ ਤੇਰੇ ਬਿਨਾਂ ਨਾ ਹੋਰ ਕਰਨਹਾਰ ਸਾਂਈ ॥ ੮੩ ॥
ਜਗਾਹ ਜਗਾਹ ਤੇ ਮਾਲਕ ਵਿਆਪ ਰਿਹਾ ਬਿਨ੍ਹਾਂ ਮਾਲਕ ਨਾ ਪਸਰ ਪਸੂਰ ਸਾਂਈ ॥
ਰੋਕ ਟੋਕ ਤੇਰੇ ਨਾ ਨਿਕਟ ਆਵੇ, ਨਾ ਰੰਗ ਬ੍ਰੰਗਾ ਪਾਵੇ ਸੂਟ ਸਾਂਈ ॥ ੮੪ ॥
ਮੈਂ ਹਾਂ ਬੜਾ ਗੱਪੀ ਡੀਂਗਾਂ ਬਹੁਤ ਮਾਰਾਂ, ਆਪ ਨਿਡਰ ਹੋ ਕਰੋ ਡਰ ਦੂਰ ਸਾਂਈ ॥
ਬਾਰ ਬਾਰ ਬਾਰ ਹੈ ਬੰਦਨਾਂ ਤੇਰੇ ਅਗੇ, ਤੇਰਾ ਜਸ ਹੈ ਬਹੁਤ ਵਿਸਥਾਰ ਸਾਂਈ ॥ ੮੫ ॥
ਮੈਂ ਹੁਾਂ ਰੋੜਾ ਡੰਗਰ ਢਡ ਵਜਾਉਣ ਵਾਲਾ, ਜਿਵੇਂ ਰੁਖ ਢਕ ਪਲਾਸ ਸਾਂਈ ॥
ਨਾਲੇ ਢੀਠ ਬਹੁਤਾ ਭਟਕਾਂ ਬੇ ਮੈਨੇਂ, ਡਿਗ ਡਿਗ ਕੇ ਹੋਇਆ ਉਦਾਸ ਸਾਂਈ ॥ ੮੬ ॥
ਸ੍ਰੀ ਸ੍ਰਬ ਲੋ: ਪ੍ਰ: ਗ੍ਰੰ: ਸ: ਸ: ੨੪ ॥

ਬੈਂਤ- ਅਰਥ ਕਢੇ ਭਾਵੇਂ ਬੜੇ ਵੀਚਾਰ ਕਰਕੇ ਹਰੀ ਈਸਰ ਹੈ ਬੜਾ ਨਾਦਾਨ ਮਿਤ੍ਰੋ ॥
ਭੁਲ ਹੋਵੇ ਤਾਂ ਤੁਸਾਂ ਪ੍ਰਖ ਲੈਣਾ ਤੁਸੀਂ ਆਪ ਹੋ ਬੜੇ ਸੁਜਾਨ ਮਿਤ੍ਰੋ ॥
ਬਾਣੀ ਗੁਰੂ ਜੀ ਦੀ ਆਸ਼ਾ ਵਿਸ਼ਾਲ ਉਚਾ ਹੋਛੀ ਬੁਧ ਨ ਸਕੇ ਪਹਚਾਨ ਮਿਤ੍ਰੋ ॥
ਕਰੇ ਮੇਹਰ ਸਤਿਗੁਰ ਬਖਸੇ ਮੱਤ ਮੈਨੂੰ ਅਤੇ ਸਮ੍ਰਥਾ ਦੇ ਕਰੇ ਅਸਾਨ ਮਿਤ੍ਰੋ ॥

ਸ੍ਰੀ ਦਸਮ ਗ੍ਰੰਥ ਸਾਹਿਬ ਦੀ ਬਾਣੀ ਦੀ ਵਿਸ਼ੇਸ਼ਤਾ

੨. ਇਹ ਕਿ ਜਿੱਥੇ ਇਹ ਰੂਹਾਨੀਅਤ ਦਾ ਮੰਬਾ ਹੈ-ਉਥੇ ਸਮਾਜਕ ਪੱਖੋਂ, ਅਥਾਹ ਸਮੁੰਦ੍ ਵੀ ਹੈ, ਧਰਮ ਤੇ ਧਾਰਮਕ ਪੱਖੋਂ ਹਿਮਾਲੀਆ ਦੀ ਟੀਸੀ ਨੂੰ ਛੂੰਹਦਾ ਹੈ। ਇਤਿਹਾਸ ਦੇ ਪੱਖੋਂ ਸਭ ਦਾ ਸਿਰਮੌਰ ਹੈ ਜਿਸਦਾ ਕੋਈ ਸਾਨੀ ਨਹੀਂ। ਜਿਸ ਵਿਚ ਸਾਰੀ ਦੀ ਸਾਰੀ ਬਾਣੀ ਸ੍ਰੀ ਮੁਖ ਵਾਕ ਤੇ ਸ੍ਰੀ ਕਮਾਲੇ ਗੁਰੂ ਗੋਬਿੰਦ ਸਿੰਘ ਜੀ ਦੇ ਹਿਰਦੇ ਦੀ ਅਨੁਭਵਤਾ ਉਜਾਗਰ ਕਰਦੀ ਹੈ-ਅਤੇ ਸ੍ਰੀ ਦਸ਼ਮੇਸ਼ ਜੀ ਦੀ ਅਨੁਭਵੀ ਲੇਖਣ ਦਾ ਕੋਈ ਹੋਰ ਕਲਮ ਟਾਕਰਾ ਨਹੀਂ ਕਰ ਸਕਦੀ, ਨਾ ਹੀ ਉਹਨਾਂ ਦੀ ਉਪਮਾ ਦ੍ਰਿਸ਼ਟਾਂਤਾਂ ਦੀ ਲੜੀ ਦਾ ਸਾਹਮਣਾ ਹੋ ਸਕਦਾ ਹੈ। ਜਦੋਂ ਆਪ ਇਹ ਬਾਣੀ ਲਿਖਾ ਰਹੇ ਸਨ, ਅਕਾਲ ਉਸਤਤ ਪੰ: ੧੬ ਤੇ ਨਿਰਾਜ ਛੰਦ ॥ **ਚਲੇ ਹਰੀ ਥਲੇ ਹਰੀ ॥ ਉਰੇ ਹਰੀ ਬਨੇ ਹਰੀ ॥** ਲਿਖਾਉਂਦੇ ਹੋਏ ੧-੫੧ ਤੋਂ ਅੱਗੇ ੧੭-੬੭ ਤੇ ਪਹੁੰਚੇ ਤੇ ਲਿਖਾ ਰਹੇ ਸਨ।

ਜਤਸ ਤੁਹੀ ॥ ਬ੍ਰਤਸ ਤੁਹੀ ॥ ਗਤਸ ਤੁਹੀ ॥ ਮਤਸ ਤੁਹੀ ॥ ੧੮-੬੮ ਤੇ ਜਾਕੇ ਐਉਂ ਇਕ ਚਿਤ ਹੋ ਗਏ ਸਨ ਜਿਵੇਂ ਪਹਿਲੇ ਸਰੂਪ ਵਿਚ ਮੋਦੀਖਾਨੇ ਤਿਕੜੀ ਦੀ ਤੇਰ੍ਹਵੀਂ ਧਾਰਨ ਤੇ (ਤੇਰਾਂ ਤੇਰਾਂ)

Digitized by Panjab Digital Library | www.panjabdigilib.org

ਵਿਚ ਟਿਕ ਗਏ ਸਨ ਓਸੇ ਤਰ੍ਹਾਂ ਐਥੇਂ (ਤੂੰਹੀ ਤੂੰਹੀ) ਤੇ ਮਗਨ ਹੋਕੇ ੧੬੦੦ ਸੋਲਾਂ ਸੌ ਵਾਰੀ ਤੂੰਹੀ ਦੀ ਵਰਤੋਂ ਹੀ ਕੀਤੀ। ਜਦੋਂ ਧੁਨ ਤੋਂ ਉਪਰਾਮ ਹੋਏ ਤਾਂ ਗ੍ਰੰਥ ਦੇ ਆਕਾਰ ਵਲ ਤੱਕਿਆ ਤਾਂ ਸੋਲਾਂ ਸੌ ਤੋਂ ੧੬ ਸ਼ਬਦ ਤੂੰਹੀ ਦੇ ਰਖ ਲਏ। ਜਿਸਦਾ ਸੰਪ੍ਰਦਾਈ ਬੁਧੀਵਾਨਾਂ ਦਾ ਇਹ ਅੰਤਰਾ ਹੈ ਕਿ-ਚਾਰਾਂ ਜੁਗਾਂ ਵਿਚ ਤੂੰਹੀ ਤੂੰ ਹੈ ਜੋ ੮ ਵਾਰ ਹੋ ਜਾਂਦਾ ਹੈ, ਚਾਰੇ ਖਾਣੀਆਂ ਤੇ ਚਾਰੇ ਬਾਣੀਆਂ, ਚਾਰੇ ਦਿਸ਼ਾਵਾਂ, ਤੇ ਚਾਰੇ ਮੁਕਤੀਆਂ ਚਾਰੇ ਪਦਾਰਥਾਂ ਅਥਵਾ ਚਾਰੇ ਚੱਕਾਂ ਵਿਚ (ਤੂੰਹੀਂ ਤੂੰ ਹੈ)।

ਇਸੇ ਤਰ੍ਹਾਂ ਜਾਪ ਸਾਹਿਬ ਲਿਖਦੇ ਹਨ

ਨਮੋ ਸਰਬ ਗਿਆਨੰ ॥ ਨਮੋ ਪਰਮ ਤਾਨੰ ॥ ਨਮੋ ਸਰਬ ਮੰਤ੍ਰ ॥ ਨਮੋ ਸਰਬ ਜੰਤ੍ਰ ॥ ੭੦ ॥
ਨਮੋ ਜੀਵ ਜੀਵੰ ॥ ਨਮੋ ਬੀਜ ਬੀਜੰ ॥ ਅਖਿੱਜੇ ਅਭਿੱਜੇ ॥ ਨਮਸਤੰ ਪ੍ਰਸਿਸਿਜੇ ॥ ੭੨ ॥

ਐ ਮੇਰੇ ਮਾਲਕ ਤੂੰ ਪੂਰਾ ਤੇ ਮੁਕੰਮਲ ਗਿਆਨ ਸਰੂਪ ਹੈਂ ਜਿਥੇ ਅਗਿਆਨ ਦੀ ਰਾਈ ਜਿੰਨੀ ਭੀ ਵਸਾਈ ਨਹੀਂ ਹੈ ਅਤੇ ਨਾ ਹੀ ਤੇਰੇ ਜੋਰ ਅਗੇ ਕਿਸੇ ਦਾ ਕੋਈ ਤਾਣ ਚਲ ਸਕਦਾ ਹੈ ਅਥਵਾ ਕੋਈ ਮੰਤ੍ਰ ਜੰਤ੍ਰ ਜਾਂ ਤੰਤ੍ਰ ਹੀ ਕਾਰਗਰ ਹੋ ਸਕਦਾ ਹੈ, ਨਾ ਹੀ ਤੈਨੂੰ ਕਿਸੇ ਦੀ ਸਲਾਹ ਮਸ਼ਵਰਾ ਅਥਵਾ ਰਾਇ ਲੈਣ ਦੀ ਲੋੜ ਹੈ। ਫੇਰ ਤੂੰ ਸਾਰੇ ਜੀਵਾਂ ਦਾ ਜੀਵਨ ਅਥਵਾ ਨੂਰ ਭੀ ਤੂੰ ਹੈ ਅਤੇ ਜੋਤਿ ਭੀ ਫੇਰ ਸਾਰੇ ਬੀਜ ਭੀ ਤੇਰੀ ਸ਼ਕਤੀ ਦੁਆਰਾ ਹੀ ਉਤਪੰਨ ਹੋ ਸਕਦੇ ਹਨ। ਫੇਰ ਤੂੰ ਖਿਝ ਕੇ ਕੋਪਵਾਨ ਭੀ ਨਹੀਂ ਹੁੰਦਾ ਸਗੋਂ ਪ੍ਰਸਿਜ ਕੇ ਰਹਿਮਤਾਂ ਹੀ ਕਰੀ ਜਾਂਦਾ ਹੈ।

ਅਗੇ ਹੋਰ-ਅਨਭਉ ਪ੍ਰਕਾਸ ॥ ਨਿਸ ਦਿਨ ਅਨਾਸ ॥ ਆਜਾਨ ਬਾਹੁ ॥ ਸਾਹਾ ਨ ਸਾਹੁ ॥ ੮੮ ॥
ਰਾਜਾ ਨ ਰਾਜ ॥ ਭਾਨਾਨ ਭਾਨ ॥ ਦੇਵਾਂ ਨ ਦੇਵ ॥ ਉਪਮਾ ਮਹਾਨ ॥

ਹੇ ਵਾਹਿਗੁਰੂ ਤੂੰ ਸੁਤੇ ਪ੍ਰਕਾਸ਼ ਹੈਂ, ਜਿਸਦਾ ਕੋਈ ਕਰਤਾ ਨਹੀਂ ਹੈ ਅਤੇ ਰਾਤ ਜਾਂ ਦਿਨ ਚਤੇਰਾ ਕਦੇ ਭੀ ਅਭਾਵ ਨਹੀਂ ਤੇ ਤੇਰੀਆਂ ਲੰਮੀਆਂ ਬਾਹਾਂ ਵਿਚ ਇਕ ਸੰਸਾਰ ਹੀ ਨਹੀਂ ਸਗੋਂ ਕੁਲ ਰਚਨਾ ਸਮਾ ਰਹੀ ਹੈ। ਵਡੇ ਤੋਂ ਵਡੇ ਬਾਦਸ਼ਾਹ ਦਾ ਬਾਦਸ਼ਾਹ ਹੈ ਅਥਵਾ ਰਾਜਿਆਂ ਦਾ ਰਾਜਾ ਅਤੇ ਸੂਰਜਾਂ ਦਾ ਸੂਰਜ ਸਭਿ ਦੇਵਾਂ ਦਾ ਦੇਵ ਹੈ। ਤੇਰੀ ਵਡਿਆਈ ਕਹਿਣ ਕਥਨ ਤੋਂ ਬਾਹਰ ਹੈ ਜਿਸਦਾ ਨਾ ਉਰ ਵਾਰ ਹੈ ਅਤੇ ਨਾ ਪਾਰ ਹੈ।

ਕਿ ਸਰਬ੍ਰਤ ਮਾਨੀਜੈ ॥ ਕਿ ਸਰਬਤ੍ਰ ਦਾਨੀਜੈ ॥ ਕਿ ਸਰਬਤ੍ਰ ਗਉਨੈ ॥ ਕਿ ਸਰਬਤ੍ਰ ਭਉਨੈ ॥੧੧੧॥

ਤੈਨੂੰ ਸਾਰੇ ਦੇ ਸਾਰੇ ਹੀ ਮੰਨਦੇ ਹਨ ਅਤੇ ਤੂੰ ਸਭ ਦੇ ਹੀ ਮਨਾਂ ਨੂੰ ਭਾਉਂਦਾ ਹੈ। ਜੇ ਕਿਸੇ ਨੇ ਉਸਤਿਤ ਪ੍ਰਭੂ ਦੀ ਵਡਿਆਈ ਦਾ ਬਲ ਸਿਖਣਾ ਹੋਵੇ ਤਾਂ ਉਸਨੂੰ ਚਾਹੀਦਾ ਹੈ ਕਿ ਸ੍ਰੀ ਦਸ਼ਮੇਸ਼ ਜੀ ਦੀ ਰਚਨਾ-ਗੁਰਬਾਣੀ ਦਾ ਚਿਤ ਧਰਕੇ ਪਾਠ ਤੇ ਅਧਿਅਨ ਕਰੇ ਫੇਰ ਉਹ ਜਿਸ ਨੂੰ ਕਿਹਾ ਹੈ-(ਦੁਕਾਲ ਪ੍ਰਣਾਸੀ ਦਇਆਲ ਸਰੂਪੇ ॥ ਸਦਾ ਅੰਗ ਸੰਗੇ ਅਭੰਗ ਬਿਭੂਤੇ) ਉਹ ਸਾਰੇ ਦੁਖਾਂ ਦਾ ਨਾਸ ਕਰਨ ਵਾਲਾ ਅਤੇ ਦਇਆਲਤਾ ਦੀ ਮੂਰਤਿ ਜੋ ਹਰ ਸਮੇਂ ਹਰ ਜੀਵ ਦੇ ਅੰਗ ਸੰਗ ਹੈ ਅਤੇ ਤੇਰੀ ਬਖਸਸ ਕਦੇ ਨਿਖੁੱਟਦੀ ਤੇ ਮੁੱਕਦੀ ਨਹੀਂ। ਐਉਂ ਸ੍ਰੀ ਦਸ਼ਮੇਸ਼ ਜੀ ਦੀ ਬਾਣੀ ਵਿਚੋਂ ਰੱਬੀ ਨੂਰ ਤੇ ਬਖਸ਼ਿਸ਼ਾਂ ਭਰਪੂਰ ਵਰਸਦੀਆਂ ਦਿੱਸਦੀਆਂ ਹਨ। ਜੇ ਕੋਈ ਚਾਹੇ ਕਿ ਮੈ ਨਿਰਗੁਣ ਸਰੂਪ ਤੇ ਸਰਗੁਣ ਸਰੂਪ ਜਾਣਦਾ ਹਾਂ ਤਾਂ ਇਸ ਦਸ਼ਮੇਸ਼ ਬਾਣੀ ਨੂੰ ਚਿਤ ਦੇ ਕੇ ਪੜੇ। ਅਰ ਜਾਪ ਸਾਹਿਬ ਦੀ ਬਾਣੀ ਸਾਡੇ ਨਿਤਨੇਮ ਦਾ ਦੂਜਾ ਅੰਗ ਹੈ-ਜੇ ਅੰਮ੍ਰਿਤ ਸੰਚਾਰ ਦੇ ਜਨਮ ਤੋਂ ਲੈਕੇ ਸ੍ਰੀ ਦਸ਼ਮੇਸ਼ ਜੀ ਦੀ ਰਚਤ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਸਰੂਪ ਹੀ ਨਾ ਹੁੰਦਾ ਤਾਂ ਇਹ ਵੀ ਨਿਤਨੇਮ ਵਿਚ ਸ਼ਾਮਲ ਕਿਵੇਂ ਕੀਤੀ ਜਾ ਸਕਦੀ ਸੀ ? ਪਰ ਬਾਣੀ ਖੋਜਣ ਦੀ ਲੋੜ ਹੈ (ਗੁਹਜ ਰਤਨ ਵਿਚਿ ਲੁਕ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤ) ਪੰ: ੩੦੯ ॥

Digitized by Panjab Digital Library | www.panjabdigilib.org

ਜੈਸੇ ਤੋ ਸਕਲ ਨਿਧ ਪੂਰਨ ਸਮੁੰਦਰ ਵਿਖੈ ਹੰਸ ਮਰ ਜੀਵਾ ਨਿਹਚੇ ਪ੍ਰਸਾਦ ਪਾਵਈ ॥
ਜੈਸੇ ਪਰਬਤ ਮਣੀ ਮਾਣਕ ਪਾਰਸ ਸਿਧ ਖਨਵਾਰਾ ਖਨ ਜਗ ਮਾਹਿ ਪ੍ਰਗਟਾਵਈ ॥
ਜੈਸੇ ਬਨ ਬਿਖੈ ਮਲਯਾਗਰ ਸੋਧਾ ਕਪੂਰ ਸੋਧ ਕੈ ਸਬਾਸੀ ਸੁਬਾਸਹ ਬਸਾਵਈ ॥
ਤੈਸੇ ਗੁਰਬਾਣੀ ਮਾਹਿ ਸਕਲ ਪਦਾਰਥ ਹੈ ਜੋਈ ਜੋਈ ਖੋਜੈ ਸੋਈ ਸੋਈ ਨਿਪਜਾਵਈ ॥

[ਭਾਈ ਗੁਰਦਾਸ ਜੀ

ਖੋਜਤ ਖੋਜਤ ਬਹੁ ਪਰਕਾਰੇ ਸਰਬ ਅਰਥ ਬੀਚਾਰੇ ॥ ਪੰ: ੭੧੪ ॥

ਦਸਮ ਗ੍ਰੰਥ ਦੇ ਨਿਰਣੈ ਦੇ ਮੁਤਾਬਕ

੪. ਗਿ: ਭਾਗ ਸਿੰਘ ਜੀ ਗੁ: ਸਿੰਘ ਸਭਾ ਅੰਬਾਲਾ ਛਾਉਣੀ ਤੇ ਫੇਰ ਆਏ ਚੰਡੀਗੜ੍ਹ ਜੋ ਗੁਰੂ-ਦਵਾਰਿਆਂ ਵਿਚ ਗੁਰਬਾਣੀ ਦੀ ਕਥਾ ਦੇ ਪ੍ਰਚਾਰਕ ਹਨ। ਆਪ ਨੇ ਹੋਰ ਕੋਈ ਗ੍ਰੰਥ ਲਿਖਣ ਦਾ ਤਾਂ ਕੋਈ ਉਪਰਾਲਾ ਨਹੀਂ ਕੀਤਾ ਇਸ ਲਈ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਅਲੋਚਨਾ ਸੁਝ ਪਈ ਜਿਸ ਦੇ ਸਿਟੇ ਵਜੋਂ (ਦਸਮ ਗ੍ਰੰਥ ਨਿਰਣੇ) ਲਿਖ ਮਾਰਿਆ। ਜਿਸ ਦੇ ਸਫਾ ੨੭ ਤੋਂ ਮੁਖ ਲੇਖ ਅਰੰਭ ਕਰਦੇ ਹਨ ਅਤੇ ਲਿਖਦੇ ਹਨ ਕਿ ਦਸਮ ਗ੍ਰੰਥ ਦਾ ਮੁੱਢ ਬੱਝਦਿਆਂ ਹੀ, ਇਸ ਸਬੰਧੀ ਸਿੱਖ ਪੰਥ ਦੇ ਵੱਖੋ ਵੱਖ ਵਿਦਵਾਨਾਂ ਵਲੋਂ ਇਸ ਦੀ ਵਿਰੋਧਤਾ ਅਰੰਭ ਹੋ ਗਈ। ਜਿਸ ਦੇ ਕਾਰਣ ਪੱਖ ਵਾਦੀ ਅਤੇ ਨਿਰਪੱਖ ਸਜਣਾਂ ਦੇ ਵਿਚਾਰ ਪੇਸ਼ ਕਰਦੇ ਕਹਿੰਦੇ ਹਨ ਕਿ ਕੁਝ ਅਣਜਾਣ ਸੱਜਣ ਜੋ ਸ਼ਰਧਾਲੂ ਹੋਣ ਦੇ ਨਾਤੇ ਪੁਜਾਰੀ ਜਾਂ ਸੰਤ ਸ਼ਰੇਣੀ ਅਥਵਾ ਲਿਖਾਰੀਆਂ ਦੀ ਪੱਖ ਪੂਰਦੇ ਹਨ। ਅਤੇ ਆਪ ਗਿ: ਭਾਗ ਸਿੰਘ ਜੀ ਸ੍ਰੀ ਦਸਮ ਗ੍ਰੰਥ ਨੂੰ ਕਿਸੇ ਸਿਆਮ ਕਵੀ ਦੀ ਰਚਨਾ ਸਿਧ ਕਰਨ ਦੀ ਪ੍ਰੋੜਤਾ ਕਰਦੇ ਹਨ ਤੇ ਲੋਕਾਂ ਨੂੰ ਅਣਜਾਣ ਲਿਖ ਕੇ ਆਪ ਨੂੰ ਪੂਰਨ ਗਿਆਨਵਾਨ ਤੇ ਸਿਆਣਾ ਸਿੱਧ ਕਰਦੇ ਹਨ।

ਮੈਨੂੰ ਤਾਂ ਗਿ: ਭਾਗ ਸਿੰਘ ਨਾਲ ਐਨਾ ਵਾਸਤਾ ਨਹੀਂ ਪਿਆ–ਪਰ ਮੈਂ ਗਿ: ਹਰਬੰਸ ਸਿੰਘ ਜੀ ਚੰਡੀਗੜ੍ਹ ਦਾ ਲਿਖਿਆ ਸ੍ਰੀ ਦਸਮ ਗ੍ਰੰਥ ਦਰਪਣ ਪੜ੍ਹਿਆ ਹੈ। ਜਿਸ ਵਿਚ ਗਿ: ਭਾਗ ਸਿੰਘ ਜੀ ਬਾਰੇ ਬੜੀ ਚੰਗੀ ਖੋਲ ਕੇ ਤਾਰੀਫ ਲਿਖੀ ਹੋਈ ਹੈ। ਇਸ ਲਈ ਪਾਠਕ ਜਨ–ਸ੍ਰੀ ਦਸਮ ਗ੍ਰੰਥ ਦਰਪਣ ਦਾ ਪਰਬੰਧ ਕਰਕੇ ਪੜ੍ਹਨ ਦੀ ਖੇਚਲ ਜ਼ਰੂਰ ਕਰ ਲੈਣ।

ਅਗੇ ਚਲ ਕੇ ਕੌਮ ਦੇ ਗਿਆਨੀ ਤੇ ਵੀਚਾਰਵਾਨ ਬੁਧੀਜੀਵੀ ਸਜਣਾਂ ਤੇ ਸ਼ੋਕ ਪ੍ਰਗਟ ਕਰਦੇ ਹਨ ਕਿ ਇਹ ਸਭ ਲੋਕ ਜੋ ਸ਼ਰਧਾਲੂ ਹਨ ਦਸਮ ਗ੍ਰੰਥ ਨੂੰ ਪੜ੍ਹ ਕੇ ਮਨ ਮਤ ਕਰ ਰਹੇ ਹਨ ਅਤੇ ਦਸਮ ਗ੍ਰੰਥ ਦੀ ਰਟ ਲਾਉਣ ਵਾਲੇ ਅਣਜਾਣ ਲੋਕ ਹਨ ਜਿਨ੍ਹਾਂ ਨੇ ਆਪ ਪੜ੍ਹਿਆ ਤਾਂ ਕੀ ਸੁਣਿਆ ਭੀ ਨਹੀਂ ਹੋਵੇਗਾ ਅਰਥ ਕਰਨਾ ਤਾਂ ਬੜੇ ਦੂਰ ਦੀ ਗਲ ਹੈ। ਅਗੇ ਚਲ ਚਲਕੇ ਸਫਾ ੨੮ ਪਰ ਗਿਆਨੀ ਜੀ ਸਿਰੀ ਸ਼ਮਸ਼ੇਰ ਸਿੰਘ ਜੀ ਅਸ਼ੋਕ ਦਾ ਨਾਮ ਵਰਤਦੇ ਹਨ, ਅਸਲ ਗੱਲ ਇਹ ਹੈ ਕਿ ਗਿ: ਭਾਗ ਸਿੰਘ ਨੇ ਕਿਤੇ ਅਸ਼ੋਕ ਜੀ ਦੀ ਕ੍ਰਿਤ ਪੜ੍ਹ ਲਈ ਹੋਵੇਗੀ ਉਸਨੂੰ ਹੋਰ ਨਮਕ ਮਸਾਲਾ ਤੇ ਗੰਡੇ ਪਾਕੇ ਵਿਸਥਾਰ ਦੇ ਦਿਤਾ। ਗਿ: ਭਾਗ ਸਿੰਘ ਜੀ ਨੇ ਹੋਰ ਭੀ ਬਹੁਤ ਕੁਝ ਲਿਖਿਆ ਹੈ–ਪਰ ਉਸ ਦੇ ਸਾਰੇ ਲੇਖਾਂ ਦੀ ਅਹਿਮੀਅਤ ਮੁਕ ਜਾਂਦੀ ਹੈ, ਜਦੋਂ ਸਾਡੇ ਮਾਨ ਯੋਗ ਪਵਿੱਤ੍ਰ ਅਸਥਾਨ ਖਾਲਸਾ ਪੰਥ ਦਾ ਹਰਿ ਦਵਾਰ, ਸਿਖ ਸਟੇਟ ਸ੍ਰੀ ਅਕਾਲ ਤਖਤ ਦੇ ਪੰਜਾਂ ਪਿਆਰਿਆਂ ਵਲੋਂ ਸ੍ਰੀ ਅਕਾਲ ਤਖਤ ਤੋਂ ਇਹ ਹੁਕਮ ਨਾਮਾ ਜਾਰੀ ਕਰ ਦਿਤਾ ਗਿਆ, ਕਿ ਗਿ: ਭਾਗ ਸਿੰਘ ਨੂੰ ਕਿਸੇ ਪੰਥਕ ਸਟੇਜ ਤੇ ਥਾਂ ਨਾ ਦਿਤੀ ਜ਼ਾਵੇ। ਕਿਉਂਕਿ ਇਸ ਨੇ ਸ੍ਰੀ ਦਸਮ ਗ੍ਰੰਥ ਨਿਰਣੇ ਦੇ ਨਾਮ ਦੀ ਪੁਸਤਕ ਲਿਖ ਕੇ ਗੁਰਬਾਣੀ ਦਾ ਘੋਰ ਅਪਮਾਨ ਕੀਤਾ ਹੈ। ਜਿਸਨੂੰ ਗਿ: ਭਾਗ ਸਿੰਘ ਨੇ ਸ੍ਰੀ ਅੰਮ੍ਰਿਤਸਰ ਜੀ ਅਕਾਲ ਤਖਤ ਸਾਹਿਬ ਪੂਜ ਕੇ ਪੰਥ ਕੋਲੋਂ ਮਾਫੀ

Digitized by Panjab Digital Library | www.panjabdigilib.org

ਮੰਗੀ ਸੀ ਅਤੇ ਆਪਣੀ ਭੁਲ ਬਖਸ਼ਵਾਈ ਸੀ। ੬ ਮਾਰਚ ੧੯੮੦ ਈ: ਦੀ ਅਖਬਾਰ ਵਿਚ ਛਾਪੀ ਗਈ ਸੀ, ਅਰ ਇਹ ਸ੍ਰੀ ਦਸਮ ਗ੍ਰੰਥ ਸਾ: ਦੀ ਦਸ਼ਮੇਸ਼ ਕ੍ਰਿਤ ਬਾਣੀ ਹੋਣ ਦਾ ਠੋਸ ਤੇ ਪੱਕਾ ਸਬੂਤ ਹੈ ਅਤੇ ਗਿ: ਭਾਗ ਸਿੰਘ ਜੀ ਦੇ ਰਚਿਤ ਗ੍ਰੰਥ ਨਿਰਣੇ ਦਾ ਨਿਰਮੂਲ ਤੇ ਖਿਆਲੀ ਪਲਾਉ ਜਾਂ ਫੋਕੀ ਦਲੀਲ ਬਾਜੀ ਸਿਧ ਕਰਦਾ ਹੈ।

ਅੱਗੇ ਚੱਲਕੇ ਸਫਾ ੩੦ ਤੇ ੩੧ ਤੇ ਕੁਝ ਹਸਤੀਆਂ ਦੇ ਨਾਮ ਆਪਣੇ ਨਾਲ ਸਹਿਮਤ ਹੋਏ ਸਜਣਾਂ ਦੇ ਨਾਮ ਲਿਖੇ ਹਨ, ਜਿੰਨ੍ਹਾਂ ਨੇ ਆਪ ਵਿਚਾਰਨ ਦੀ ਤਾਂ ਖੇਚਲ ਨਹੀਂ ਕੀਤੀ ਪਰ ਗਿ: ਭਾਗ ਸਿੰਘ ਦੀ ਦਲੀਲ ਦੇ ਹੀ ਕਾਇਲ ਹੋ ਗਏ ਤੇ ਗਿਆਨੀ ਜੀ ਦੀ ਹਾਂ ਵਿਚ ਹਾਂ ਮਿਲਾ ਕੇ ਪ੍ਰਸੰਸਾ ਦੇ ਕੋਟ ਉਸਾਰ ਦਿੱਤੇ। ਇਹਨਾਂ ਪ੍ਰਚਾਰਕ ਸਜਣਾਂ ਨੂੰ ਮਾਇਆ ਕੱਠੀ ਕਰਨ ਦਾ ਚੰਗਾ ਵਲ ਆਉਂਦਾ ਹੁੰਦਾ ਹੈ ਇਸ ਲਈ ਇਸ ਕਿਤਾਬ ਦੇ ਛਪਾਉਣ ਲਈ ਬਾਹਰੋਂ ਬਾਹਰ ਕਈ ਸੱਜਣਾਂ ਦੀ ਮਾਇਆ ਸਫਲੀ ਕਰ ਦਿੱਤੀ। ਜਿਸ ਬਾਰੇ ਗਿ: ਹਰਬੰਸ ਸਿੰਘ ਜੀ ਨੇ ਸਾਰਾ ਪਾਜ ਹਟਾ ਕੇ ਐਨ ਖੋਲਕੇ ਦੱਸਿਆ ਹੈ।

੫. ਸ੍ਰੀ ਸਰਬ ਲੋਹ ਗ੍ਰੰਥ ਸਾਹਿਬ ਭੀ ਦਸਮ ਗ੍ਰੰਥ ਸਾਹਿਬ ਦਾ ਹੀ ਭਾਗ ਹੈ–ਜਿਸ ਦਾ ਆਪਸ ਵਿਚ ਮਜ਼ਮੂਨ ਤੇ ਸ਼ੈਲੀ ਬੋਲੀ ਛੰਦਾ ਬੰਦੀ ਆਦਿ ਮਿਲਦੇ ਜੁਲਦੇ ਹੀ ਹਨ ਤੇ ਆਪਸ ਵਿਚ ਐਨ ਸੁਮੇਲ ਖਾਂਦੇ ਹਨ ਅਤੇ ਪੰਥ ਅਕਾਲੀ ਬੁਢਾ ਦਲ ਪੰਜਵਾਂ ਤਖਤ ਚਕ੍ਰਵਰਤੀ। ਹਿੰਦੁਸਤਾਨ (ਪੰਜਾਬ) ਜਥੇਦਾਰ ਸਾ: ਬਾਬਾ ਸੰਤਾ ਸਿੰਘ ਜੀ ਛਿਆਨਵੇਂ ਕ੍ਰੋੜੀ ਜੀ ਦੀ ਆਗਿਆ ਨਾਲ ਛਾਪਿਆ ਗਿਆ ਹੈ। ਪੂਰੀ ਜਾਣਕਾਰੀ ਲਈ ਉਹ ਗ੍ਰੰਥ ਸਾ: ਸਾਰਾ ਹੀ ਪੜ੍ਹਣਾ ਚਾਹੀਦਾ ਹੈ, ਪਰ ਉਸਦਾ ਵਿਸਥਾਰ ਤੇ ਆਕਾਰ ਬਹੁਤ ਵਡਾ ਹੈ ਜੋ ਮੇਰੇ ਜਿਹੇ ਅਨਪੜ੍ਹਾਂ ਲਈ ਪੜ੍ਹਨਾ ਅਸੰਭਵ ਹੈ। ਪਰ ਫੇਰ ਭੀ ਉਸ ਵਿਚੋਂ ਕੁਝ ਅੰਸ ਪਾਠਕਾਂ ਦੇ ਸਾਹਮਣੇ ਪੇਸ਼ ਹਨ।

ਭੂਮਕਾ ਦੇ ਅੰਕ (ਚਚੇ) ਪਰ ਇਉਂ ਲਿਖਿਆ ਹੈ। (ਅਸਲ ਦੀ ਨਕਲ)

੬–ਇਨ੍ਹਾਂ ਦੋਹਾਂ ਗ੍ਰੰਥਾਂ ਦਿਆਂ ਛੰਦਾਂ ਨੂੰ ਵਿਚਾਰਿਆ, ਰਸ, ਰੀਤ, ਯਮਕ, ਲਘ, ਅਨਪ੍ਰਾਸ ਤੋਂ ਪਤਾ ਲਗਦਾ ਹੈ ਕਿ ਇਹ ਇਕੋ ਹੀ ਲਿਖਾਰੀ ਦੀ ਕਲਮ ਦੇ ਲਿਖੇ ਹੋਏ ਹਨ ਅਤੇ ਲਗਭਗ ਇਥੇ ਉਹ ਸਾਰੇ ਨਾਮ ਆ ਗਏ ਹਨ ਜਿਨ੍ਹਾਂ ਨੂੰ ਆਪ ਜੀ ਨੇ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਵਰਤਿਆ ਹੈ। ਇਨ੍ਹਾਂ ਸਾਰਿਆਂ ਹੀ ਵਾਕਾਂ ਤੋਂ ਬਹੁਤ ਪ੍ਰਬਲ ਗਿਆਨ ਹੁੰਦਾ ਹੈ ਕਿ ਇਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਰਚਨਾ ਹੈ। ਅਗੇ ਬਹੁਤ ਸਾਰੇ ਸਬੂਤ ਪੇਸ਼ ਕੀਤੇ ਹਨ ਜੋ ਕੌਮ ਦੇ ਵਿਦਵਾਨ-ਇਤਿਹਾਸ ਦੇ ਖੋਜੀ ਤੇ ਲਿਖਾਰੀ ਜੋ ਦਸਮ ਗ੍ਰੰਥ ਦੇ ਹਾਮੀ ਤੇ ਪ੍ਰਸੰਸਕ ਹਨ।

(੧) ਸ੍ਰੀ ਮਾਨ ਗਿ: ਗਜਾਨ ਸਿੰਘ ਜੀ ਰਚੇਤਾ (ਪੰਥ ਪ੍ਰਕਾਸ਼) (੨) ਬਾਬਾ ਸੁਮੇਰ ਸਿੰਘ ਜੀ (ਗੁਰਮਤ ਪ੍ਰੇਮ ਪ੍ਰਕਾਸ਼)। ੩–ਹੈਡ ਗ੍ਰੰਥੀ ਅਕਾਲੀ ਹਜੂਰਾ ਸਿੰਘ ਜੀ ਨਿਹੰਗ ਸ੍ਰੀ ਹਜੂਰ ਸਾਹਿਬ (ਨਦੇੜ ਦੱਖਣ)। (੪) ਸ੍ਰੀ ਮਾਨ ਅਕਾਲੀ ਕੌਰ ਸਿੰਘ ਨਿਹੰਗ ਸੰਸਥਾਪਕ ਗੁਰੂ ਨਾਨਕ ਆਸ਼ਰਮ ਚਕਾਰ (ਕਸ਼ਮੀਰ)। (੫) ਸ੍ਰੀ ਮਾਨ ਨਿਹੰਗ ਸੰਪੂਰਨ ਸਿੰਘ ਜੀ (ਧੌਲਾ ਤਪ)। (੬) ਸ੍ਵਾਮੀ ਸੁਤੀਖਛਣ ਮੁਨਿ ਜੀ ਸ੍ਰੀ ਸਾਧ ਬੇਲਾ (ਸਿੰਧ)। (੭) ਸ੍ਰੀ ਮਾਨ ਗਿਆਨੀ ਬਿਸ਼ਨ ਸਿੰਘ ਜੀ ਗ੍ਰੰਥੀ ਖਾਲਸਾ ਕਾਲਜ (ਅੰਮ੍ਰਿਤਸਰ)। (੮) ਸ੍ਰੀ ਮਾਨ ਭਾਈ ਮਨੀ ਰਾਮ ਸਿੰਘ ਜੀ ਗਿਆਨੀ ਕੁਲਾ (ਅੰਮ੍ਰਿਤਸਰ)। (੯) ਸ੍ਰੀ ਮਾਨ ਤੇਜਾ ਸਿੰਘ ਜੀ ਕਰਤਾ ਨਿਰਮਲ ਇਤਿਹਾਸ। (੧੦) ਸ: ਸਾਵਨ ਸਿੰਘ ਜੀ ਗੁਰਪੁਰ ਨਿਵਾਸੀ (ਲਾਹੌਰ)। (੧੧) ਸ੍ਵਾਮੀ ਸ੍ਰੀਰਾਮ ਦਾਸ ਜੀ ਉਦਾਸੀਨ (ਚੱਕਰਵਰਤੀ)। (੧੨) ਭਾ: ਭਾਗ ਮਲ ਜੀ (ਸਰਗੋਧਾ)। (੧੩) ਪ੍ਰਿੰਸੀਪਲ ਜੋਧ ਸ਼ਿੰਘ ਜੀ ਖਾਲਸਾ ਕਾਲਜ (ਅੰਮ੍ਰਿਤਸਰ)।

Digitized by Panjab Digital Library | www.panjabdigilib.org

ਇਹਨਾਂ ਤੋਂ ਬਿਨਾਂ–ਸ੍ਰੀਮਾਨ ਮਹਾਰਾਜਾ ਹਘਬੀਰ ਸਿੰਘ ਜੀ (ਜੀਂਦ), ਸ੍ਰੀ ਮਾਨ ਮਿਤ ਸਿੰਘ ਜੀ ਨਿਹੰਗ, ਸ੍ਰੀ ਮਾਨ ਭਾਈ ਸੇਵਾ ਸਿੰਘ ਜੀ ਲਿਖਾਰੀ (ਸ੍ਰੀ ਹਜ਼ੂਰ ਸਾਹਿਬ), ਜੋ ਅਰਬੀ ਫਾਰਸੀ ਅਤੇ ਗੁਰਬਾਣੀ ਦੇ ਬਹੁਤ ਹੀ ਡੂੰਘੇ ਵਿਦਵਾਨ ਸਨ। ਭਾਈ ਰਾਮ ਸਿੰਘ ਜੀ ਗੁਰਸਰੀਆ, ਭਾ: ਦਲ ਸਿੰਘ (ਦਮਦਮੀਆ) ਲਿਖਾਰੀ ਨਿਰੰਜਨ ਸਿੰਘ ਆਦ ਇਸ ਤੋਂ ਬਿਨਾਂ ਹਜ਼ਾਰਾਂ ਵਿਦਵਾਨ ਨਾਮਧਾਰੀ ਸੰਪ੍ਰਦਾਇ ਅਤੇ ਉਸ ਦੇ ਬਾਨੀ ਅਤੇ ਨਿਹੰਗ ਜਥੇਬੰਦੀ, ਨਿਰਮਲੇ ਸਾਧੂ ਸਮਾਜ, ਆਦਿ ਇਹੋ ਜਿਹੇ ਕਿੰਨੇ ਹੀ ਹੋਰ ਮਹਾਂ ਪੁਰਸ਼ ਦਸਮ ਗ੍ਰੰਥ ਨੂੰ ਦਸਮੇਸ਼ ਕ੍ਰਿਤ ਮੰਨਣ ਦੇ ਹਕ ਵਿਚ ਹਨ ਤੇ ਪੂਰੇ ਪੂਰੇ ਸਹੀ ਤੇ ਢੁਕਵੇਂ ਸਬੂਤ ਮਿਲਦੇ ਹਨ। ਜਿਵੇਂ ਕਿ–

ਦੋਹਿਰਾ–ਸਗਲ ਦ੍ਵਾਰ ਕੋ ਛਾਡ ਕੈ ਗਹਯੋ ਤੁਹਾਰੋ ਦ੍ਵਾਰ ॥
ਬਾਹ ਗਹੇ ਕੀ ਲਜ ਅਸ ਗੋਬਿੰਦ ਦਾਸ ਤੁਹਾਰ ॥ ੬੬੪ ॥ ਭਗੌਤੀ ਸਤੋਤ੍ ॥

ਪੁਨਾ–ਸਦਾ ਦਾਹਿਨੇ ਦਾਸ ਕਉ ਦਾਨ ਦੀਜੈ ॥ ਗੁਰੂ ਸਾਹ ਗੋਬਿੰਦ ਕੀ ਰੱਛ ਕੀਜੈ ॥

ਹੇ ਮੇਰੇ ਪ੍ਰਵਰਦਗਾਰ ਮੈਂ ਸਾਰੇ ਦਰਾਂ ਨੂੰ ਤਜਾਗਕੇ ਤੇਰਾ ਦਰ ਮਲਿਆ ਹੈ–ਆਪ ਦੀ ਬਾਂਹ ਫੜੀ ਹੈ। ਮੈ ਆਪਦੇ ਦਾਸ ਗੋਬਿੰਦ ਸਿੰਘ ਦੀ ਲਾਜ ਰੱਖਣੀ ਅਤੇ ਸਦਾ ਮੇਰੇ ਅੰਗ ਸੰਗ ਹੋਣ ਦਾ ਦਾਨ ਬਖਸ਼ੋ ਹੇ ਮੇਰੇ ਗੁਰੂ ਸ਼ਹਿਨਸ਼ਾਹ ਮੈਂ ਗੋਬਿੰਦ ਸਿੰਘ ਦੀ ਰੱਛਾ ਕਰਨੀ। ਇਸ ਤੋਂ ਐਨ ਸਾਫ ਹੀ ਸਿਧ ਹੁੰਦਾ ਹੈ ਕਿ ਇਹ ਲਿਖਤ ਕਦੇ ਭੀ ਸ਼ੰਕਾ ਨਹੀਂ ਰਹਿਣ ਦਿੰਦੀ ਜੋ ਇਹ ਲਿਖਤ ਸ੍ਰੀ ਦਸ਼ਮੇਸ਼ ਜੀ ਦੀ ਨਹੀਂ ਹੈ।

ਸਫਾ ੪੦ ਪਰ ਗਿ: ਭਾਗ ਸਿੰਘ ਜੀ **ਸ੍ਰੀ ਦਸਮ ਗ੍ਰੰਥ ਸਾ: ਦੀ ਵਿਰੋਧਤਾ** ਦੇ ਸਿਰਲੇਖ ਹੇਠ ਲਿਖਦੇ ਹਨ ਕਿ ਸੰਮਤ ੧੭੬੧ ਪੋਹ ਦੀ ੫-੬ ਵਿਚਲੀ ਰਾਤ ਨੂੰ ਅਨੰਦਪੁਰ ਸਾਹਿਬ ਛੱਡਣ ਸਮੇਂ ਇਕ ਬਹੁਤ ਵਜਨੀ ਗ੍ਰੰਥ (ਵਿਦਿਆ ਧਰ) ਅਥਵਾ ਵਿਦਿਆ ਸਾਗਰ, ਜਿਸ ਵਿਚ ਅਨੇਕਾਂ ਕਵੀਆਂ ਵਲੋਂ ਕੀਤੇ ਰਾਮਾਇਣ ਅਤੇ ਮਾਰਕੰਡਾ ਸ੍ਰੀ ਮਦ ਭਾਗਵਤ ਆਦਿਕ ਪੁਰਾਣ ਦੇ ਟੀਕੇ ਅਤੇ ਹੋਰ ਕਈ ਫੁਟਕਲ ਰਚਨਾਵਾਂ ਲਿਖਾਰੀਆਂ ਤੇ ਕਈ ਨਾਮ ਦੇ ਕੇ ਲਿਖਿਆ ਹੋਇਆ ਸੀ–ਉਥੇ ਹੀ ਰਹਿ ਗਿਆ ਜੋ ਬੈਰੀਆਂ ਹਥੋਂ ਅਗਨ ਭੇਟ ਜਾ ਦਰਿਆ ਬੁਰਦ ਕੀਤਾ ਗਿਆ।

ਆਉ ਵੀਚਾਰੀਏ ਕਿ ਇਸ ਵਿਰੋਧਤਾ ਦਾ ਕੀ ਗੁਣ ਹੈ ?

ਇਹ ਐਨ ਠੀਕ ਹੈ–ਅਤੇ ਗਿ: ਭਾਗ ਸਿੰਘ ਜੀ ਭੀ ਮੰਨਦੇ ਹਨ ਕਿ ਜੋ ਗ੍ਰੰਥ-ਕਵੀਆਂ ਕ੍ਰਿਤ ਸੀ ਉਹ ਨਾਂ ਤਾਂ ਅਗਨ ਭੇਟ ਹੋ ਗਿਆ ਜਾਂ ਨਦੀ ਦੀ ਗੋਦ ਵਿਚ ਸਮਾ ਗਿਆ। ਜਿਸ ਦਾ ਭਾਵ ਹੈ-ਕਿ ਉਹ ਸਾਡੀਆਂ ਨਿਗਾਹਾਂ ਵਿਚੋਂ ਅਲੋਪ ਹੋ ਗਿਆ ਜੋ ਕਿਸੇ ਦੇ ਹੱਥ ਆਇਆ ਸਾਬਤ ਨਹੀਂ ਹੁੰਦਾ ਫੇਰ ਗਿਆਨੀ ਜੀ ਦੱਸਣ ਦੀ ਕਿਰਪਾ ਭੀ ਕਰਨ ਕਿ ਸ੍ਰੀ ਦਸਮ ਗ੍ਰੰਥ ਦੀ ਕਵੀ ਕ੍ਰਿਤ ਬਾਣੀ ਉਸ ਗ੍ਰੰਥ ਦਾ ਹਿੱਸਾ ਕਿਥੋਂ ਆਇਆ ? ਜਿਸ ਤੋਂ ਇਹ ਦਲੀਲ ਕੁਝ ਪੂਰਵਕ ਨਹੀਂ। ਫੇਰ ਇਹ ਕਹਿਣਾ ਕਿ ਉਹਨਾਂ ਕਵੀਆਂ ਦੀ ਕ੍ਰਿਤ ਬੜੀ ਗੰਦੀ, ਅਤੇ ਦੁਰਗਾ ਦੇ ਪੁਜਾਰੀਆਂ ਦੀ ਸ਼ਰਾਰਤ ਹੈ ਅਥਵਾ ਨਾਸਤਕ ਫਿਰਕਾ ਸਾਕਤ ਮਤ ਦੇ ਗੁਰੂ (ਮਹਾਂ ਕਾਲ) ਦਾ ਪ੍ਰਚਾਰ ਹੈ, ਇਹ ਗਲ ਕਿਥੋਂ ਤੀਕ ਠੀਕ ਹੈ ?

ਪਹਿਲੀ ਗੱਲ ਤਾਂ ਇਹ ਹੈ, ਅਸੀਂ ਸ੍ਰੀ ਗੁਰੂ ਨਾਨਕ ਜੋਤ ਸ੍ਰੀ ਦਸਮੇਸ ਜੀ ਦੇ ਹੀ ਸਿੱਖ ਹਾਂ ਤਾਂ ਫੇਰ ਸਾਡਾ ਕੀ ਹੱਕ ਹੈ, ਕਿ ਜੋ ਕਵੀ ਸਾਡੇ ਗੁਰਦੇਵ ਨੇ, ਹਜ਼ਾਰਾਂ ਰੁਪੈ ਹਰ ਮਹੀਨੇ ਦੇ ਖਰਚ ਕਰਕੇ ਅਤੇ ਅਨੇਕਾਂ ਹੋਰ ਸਹੂਲਤਾਂ ਦੇਕੇ, ਉਹਨਾਂ ਨੂੰ ਵਿਸ਼ੇ ਵੰਡਕੇ, ਵੇਦ ਤੇ ਪੁਰਾਣ ਮੁਹਈਆ ਕਰਕੇ ਅਤੇ ਅਨੇਕਾਂ ਤਰ੍ਹਾਂ ਦੇ ਆਦੇਸ਼ ਦੇਕੇ ਅਤੇ ਮਣਾਂ ਮੂੰਹ ਕਾਗਜਾਂ ਦਾ ਪ੍ਰਬੰਧ ਕਰਕੇ ਲਿਖਣ ਲਾਇਆ ਸੀ ਕਿ ਉਹ ਦੇਵੀ ਦਾ ਪ੍ਰਚਾਰ ਜਾਂ ਨਾਸਤਕਦਾ ਦਾ ਮਾਹੌਲ ਪੈਦਾ ਕਰਨ ਲਈ ਹੀ ਲਾਇਆ ਸੀ ? ਕੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤ੍ਰੈ ਕਾਲ ਦਰਸੀ ਹੁੰਦੇ ਹੋਏ ਜੋ ਬਿਨਾਂ ਹੀ ਪੜ੍ਹੇ ਬੰਦ ਪੁਸਤਕਾਂ ਦੇ ਤਰਜਮੇ ਕਰ ਸਕਦੇ

Digitized by Panjab Digital Library | www.panjabdigilib.org

ਸਨ ਨਹੀਂ ਜਾਣ ਸਕੇ ਕਿ ਮੇਰੇ ਪਾਲਤੂ ਕਵੀਆਂ ਦਾ ਸਿਧਾਂਤ ਤੇ ਵੀਚਾਰ ਕੀ ਹੈ? ਜਦ ਉਹ ਮਸੰਦਾਂ ਦੀ ਸੁਧਾਈ ਕਰ ਸਕਦੇ ਸਨ ਤਾਂ ਕੀ ਕਵੀ ਜਨ ਉਨਾਂ ਦੀ ਤੱਕਣੀ ਪ੍ਰਖਣੀ ਜਾਂ ਵਸ ਤੋਂ ਬਾਹਰ ਸਨ ਜੋ ਜੀ ਆਇਆ ਲਿਖਦੇ ਗਏ। ਕੀ ਅਸੀਂ ਐਉਂ ਲਿਖ ਲਿਖ ਕੇ, ਆਪਣੇ ਪ੍ਰਮ ਪੂਜਯ ਪਿਤਾ ਸਤਿਗੁਰ ਜੀ ਦੀ ਪ੍ਰਿਤੰਬਾ ਤੇ ਸਖਸ਼ੀਅਤ ਨੂੰ ਘੱਟੇ ਵਿਚ ਨਹੀਂ ਮਿਲਾ ਰਹੇ ? ਅਤੇ ਆਪਣੀ ਦਲੀਲ ਅਥਵਾ ਬੁਧਮਤਾ ਦੇ ਸਾਹਮਣੇ, ਅਣਜਾਣ ਤੇ ਨਾਂ ਅਹਿਲ ਸਾਬਤ ਨਹੀਂ ਕਰ ਰਹੇ, ਆਪ ਬੋਧ ਤੇ ਗੁਰੂ ਨੂੰ ਅਬੋਧ ਕਹਿਣਾ ਇਸ ਤੋਂ ਉਪਰ ਕੋਈ ਹੋਰ ਅਪ੍ਰਾਧ ਹੋ ਨਹੀਂ ਸਕਦਾ। ਭਾਵੇਂ ਉਹਨਾਂ ਆਪ ਲਿਖੀ ਜਾਂ ਆਪ ਉਚਰੀ ਅਤੇ ਭਾਈ ਗੁਰਦਾਸ ਜੀ ਤੋਂ ਲਿਖਵਾਈ ਪਰ ਸਾਨੂੰ ਸਤਿਕਾਰ ਕਰਨਾਂ ਬਣਦਾ ਹੈ ਜਾਂ ਆਲੋਚਨਾਂ, ਅਥਵਾ ਵਿਰੋਧਤਾ।

ਅਗੇ ਚਲਕੇ ਭਾਈ ਭਾਗ ਸਿੰਘ ਜੀ ਲਿਖਦੇ ਹਨ ਕਿ ਇਹ ਭੀ ਦੱਸਿਆ ਜਾਂਦਾ ਹੈ ਕਿ ਸੁਰਖਜਤ ਥਾਵਾਂ ਉਤੇ ਅਤੇ ਸਿੱਖ ਘਰਾਣਿਆਂ ਕਵੀਆਂ ਤੇ ਸ਼ਰਧਾਲੂਆਂ ਕੋਲ ਉਪ੍ਰੋਕਤ ਗ੍ਰੰਥ ਵਿਚਲੀਆਂ ਥੋੜੀਆਂ ਬਹੁਤੀਆਂ ਜੋ ਲਿਖਤਾਂ ਪਈਆਂ ਸਨ ਉਨ੍ਹਾਂ ਦੀ ਢੂੰਡ ਭਾਲ ਕਰਨ ਵਾਲੇ ਉਦਮੀਆਂ ਨੇ ਕੁਝ ਨਾ ਕੁਝ ਪ੍ਰਾਪਤ ਕਰਕੇ ਨਵੇਂ ਸਿਰਿਉਂ ਵੱਖਰੇ ਵੱਖਰੇ ਸਿਰਲੇਖਾਂ ਹੇਠ ਸੈਂਚੀਆਂ ਦਾ ਰੂਪ ਦਿੱਤਾ ਤੇ ਨਾਲ ਹੀ ਕੁਝ ਸਵਾਰਥੀਆਂ ਨੇ, ਸਵਾਰਥ ਵਸਿ ਇਸ ਸਮੇਂ ਤੋਂ ਲਾਭ ਪ੍ਰਾਪਤੀ ਹਿਤ ਕਈ ਰਚਨਾਵਾਂ ਆਪਣੇ ਵਲੋਂ ਰਚਕੇ ਦਸ਼ਮੇਸ਼ ਰਚਨਾਵਾਂ ਦਰਸਾਉਣ ਹਿਤ ਸ੍ਰੀ ਮੁਖ ਵਾਕ ਪਾਤਸ਼ਾਹੀ ੧੦ ਲਿਖ ਦਿੱਤਾ। ਉਤ ਵਿਚ

ਇਹ ਕਿ ਕੀ ਜਿਸ ਸ਼ਰਧਾਲੂ ਘਰਾਣੇ ਜਾਂ ਗੁਰਸਿਖ ਕੋਲ ਸ੍ਰੀ ਦਸ਼ਮੇਸ਼ ਜੀ ਦੀ ਸ਼ੁਭ ਰਚਨਾ ਪੁਜੀ ਸੀ ਤਾਂ ਉਹ ਕਿੰਨਾ ਇਤਬਾਰੀ ਤੇ ਸ਼ਰਧਾਵਾਨ ਹੋਵੇਗਾ ? ਐਰੇ ਗੈਰੇ ਨਥੂ ਖੇਰੇ ਕੋਲ ਇਹ ਵਸਤ ਰੱਖੀ ਹੀ ਨਹੀਂ ਸੀ ਜਾ ਸਕਦੀ। ਫੇਰ ਇਹੋ ਜਿਹਾ ਕਿਹੜਾ ਗੁਰੂ ਨਾਨਕ ਦੇ ਦਰ ਦਾ ਸਿਖ ਹੋ ਸਕਦਾ ਹੈ ਕਿ ਜੋ ਕਿਸੇ ਨੂੰ ਉਸ ਵਿਚ ਮਿਲਾਵਟ ਕਰਨ ਦੀ ਆਗਿਆ ਦੇਵੇ ਜਾਂ ਸਹਿਣ ਕਰ ਸਕੇ ? ਭਲਾ ਮੰਨ ਹੀ ਲਓ ਤਾਂ ਇਹ ਕਿਸ ਦੀ ਹਿੰਮਤ ਹੈ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਟਾਕਰੇ ਨਾਲ ਸ਼ਬਦਾਵਲੀ ਮੇਲ ਦੇਵੇ, ਜੇ ਕਰ ਮੇਲ ਭੀ ਦੇਵੇ ਤਾਂ ਉਹ ਅਲੰਕਾਰ ਤੇ ਉਹ ਫਲਸਫਾ ਜੇ ਕਰ ਭਾਈ ਭਾਗ ਸਿੰਘ ਜਾਂ ਜੋਸ਼ ਸਾਹਿਬ ਦੋ ਚਾਰ ਛੰਦ ਮੇਲ ਕੇ ਦੱਸ ਦੇਣ ਤਾਂ ਅਸੀਂ ਮੰਨ ਲੈਣ ਨੂੰ ਤਿਆਰ ਹਾਂ। ੧੪੨੮ ਸਫੇ ਦਾ ਗ੍ਰੰਥ ਉਸ ਦੇ ਵਿਚ ਬਿਨਾਂ ਹੀ ਕਿਸੇ ਨਿਸ਼ਾਨੇ ਅਥਵਾ ਮੇਲ ਤੋਂ ਜੋ ਜੀ ਆਇਆ ਲਿਖ ਕੇ ਘੁਸੇੜ ਦੇਣਾ ਕੋਈ ਸਾਧਾਰਨ ਵਾਰਤਾ ਨਹੀਂ ਜੋ ਨਹੀਂ ਹੋ ਸਕਦੀ।

੮. ਸਫਾ ੨੫ ਪਰ ਗਿ: ਭਾਗ ਸਿੰਘ ਜੀ ਲਿਖਦੇ ਹਨ-**ਕਿ ਦਸਮ ਗ੍ਰੰਥ ਦਸਵੇਂ ਗੁਰੂ ਜੀ ਦਾ ਗ੍ਰੰਥ ਨਹੀਂ**-ਨਾਲ ਇਕ ਗਿ: ਗਿਆਨ ਸਿੰਘ ਜੀ ਦੇ ਲਿਖੇ ਗ੍ਰੰਥ ਪੰਥ ਪ੍ਰਕਾਸ਼, ਨਵਾਸ ੩੬ ਅੰਕ ੧੯ ਦੇ ਇਕ ਛੰਦ ਦਾ ਹਵਾਲਾ ਦਿੱਤਾ ਹੈ ਪਰ ਉਸਦਾ ਭਾਵ ਕਦਾਚਿੱਤ ਭੀ ਇਹ ਨਹੀਂ ਜੋ ਸ੍ਰੀ ਦਸਮ ਗ੍ਰੰਥ ਦਸਮੇਸ਼ ਜੀ ਦਾ ਗ੍ਰੰਥ ਨਹੀਂ -ਉਸ ਦਾ ਭਾਵ ਤਾਂ ਸਾਫ ਹੈ-ਕਿ ਦਸਮ ਗ੍ਰੰਥ ਸਾਹਿਬ ਨੂੰ ਗੁਰਗੱਦੀ ਨਹੀਂ ਦੇਣੀ ਅਤੇ ਸਫੇ ਵੀ ਇਸੇ ਲਈ ੫ ਘੱਟ ਰੱਖੇ ਹਨ-ਕਿ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਰਾਬਰੀ ਨਹੀਂ ਕਰਨੀ, ਕਿਉਂਕਿ ਉਹ ਸਾਡੇ ਨਾਲੋਂ ਵਡੇ ਸਨ। ਜੋ ਪੰਗਤੀਆਂ ਆਹ ਹਨ ਪੜ ਲਓ।

ਇਹ ਸੁਣ ਦਸਮੇਸ ਗੁਰੂ ਉਚਾਰੀ ॥ ਗੁਰੂ ਅਰਜੁਨ ਬਡ ਭਏ ਉਪਕਾਰੀ ॥
ਤਿਨ ਕੀ ਨਹਿ ਬਰਾਬਰੀ ਚਹੀਏ ॥ ਨਾ ਹਮ ਕਰੇਂ ਨਾ ਤੁਮ ਫਿਰ ਕਹੀਏ ॥

ਸਗੋਂ ਇਹ ਲੇਖ ਸਿਧ ਕਰਦਾ ਹੈ, ਕਿ ਜਦੋਂ ਸ੍ਰੀ ਦਸਮੇਸ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨ ਕੇ ਗੁਰ ਗੱਦੀ ਦਾ ਤਿਲਕ ਕਰਕੇ ਮੱਥਾ ਟੇਕਿਆ ਸੀ-ਤਾਂ ਸੰਗਤਾਂ ਇਹ ਪ੍ਰਸ਼ਨ ਕੀਤਾ ਸੀ ਜੋ ਪੰਥ ਪ੍ਰਕਾਸ਼ ਵਿਚ ਐਉਂ ਹੈ।

Digitized by Panjab Digital Library | www.panjabdigilib.org

ਜੋ ਅਬ ਗ੍ਰੰਥ ਦਸਮ ਗੁਰ ਕੇਰਾ ॥ ਕਹਿਲਾਵਤ ਮੱਧ ਪੰਥ ਵਡੇਰਾ ॥
ਗੁਰ ਕੇ ਸਮ ਬੀੜ ਨਹਿ ਤਾਕੀ ॥ ਭਈ ਬਾਣੀਆ ਰਹੀ ਇਕਾਕੀ ॥
ਇਨ ਕੈ ਠੌਰ ਪੋਥੀਆਂ ਮਾਹਿ ॥ ਬਾਣੀ ਰਚੀ ਦਸਮ ਗੁਰ ਵਾਹਿ ॥
ਬਲਕਿ ਇਕ ਬਿਰ ਸਿੰਘਨ ਬਖਯਾਤ ਗੁਰ ਢਿਗ ਬਿਨੇ ਕਰੀ ਇਸ ਭਾਂਤ ॥
ਹੇ ਸਤਿਗੁਰ ਜੋ ਤੁਮਰੀ ਬਾਨੀ ॥ ਚਹੀਏ ਇਕ ਥਾਂ ਬਨਾਨੀ ॥
ਆਦਿ ਗ੍ਰੰਥ ਸਾਹਿਬ ਸਮ ਗ੍ਰੰਥ ॥ ਇਹ ਭੀ ਬਨ ਹੈ ਮਾਨੈ ਪੰਥ ॥

ਹੁਣ ਐਥੇ-ਗਿ: ਭਾਗ ਸਿੰਘ ਜਾਂ ਅਸ਼ੋਕ ਆਦਿ ਦੇ ਪ੍ਰਸ਼ਨਾਂ ਦਾ ਮੁਕੰਮਲ ਉਤ੍ਰ ਮਿਲ ਜਾਂਦਾ ਹੈ। ਜਿਸ ਦਾ ਭਾਵ ਹੈ ਕਿ ਕੁਝ ਸਿੰਘਾਂ ਨੇ ਮਿਲਕੇ ਵੀਚਾਰ ਕੀਤਾ, ਜੋ ਗ੍ਰੰਥ ਸ੍ਰੀ ਦਸਮੇਸ ਜੀ ਦੀ ਲਿਖੀ ਬਾਣੀ ਵਾਲਾ ਹੈ, ਉਹ ਪੰਥ ਵਿਚ ਵੱਡਾ ਉੱਚਾ ਦਰਜਾ ਰੱਖਦਾ ਹੈ। ਪਰ ਉਸ ਦੀ ਅਜੇ ਤਕ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਂਗ ਬੀੜ ਨਹੀਂ ਬਣਾਈ ਗਈ, ਬਾਣੀਆਂ ਦੀਆ ਸੰਚੀਆ ਜੁਦਾ ਜੁਦਾ ਪਈਆਂ ਹਨ ਜੋ ਪੋਥੀਆਂ ਦੇ ਰੂਪ ਵਿਚ ਹਨ। ਪਰ ਦਸਮ ਗੁਰੂ ਦੀ ਬਾਣੀ ਬੜਾ ਉੱਚਾ ਦਰਜਾ ਰੱਖਦੀ ਹੈ, ਜੋ ਵਾਹ ਵਾਹ (ਵਡਿਆਈ ਜੋਗ ਹੈ) ਸਗੋਂ ਇਕ ਵੇਰ ਸਿੰਘਾਂ ਨੇ ਮਿਲਕੇ ਇਕੱਤ੍ਰ ਹੋ ਕੇ ਗੁਰੂ ਜੀ ਅੱਗੇ ਏਸ ਤਰ੍ਹਾਂ ਬੇਨਤੀ ਕੀਤੀ ਸੀ। ਕਿ ਹੇ ਸਤਿਗੁਰੂ ਜੀਓ, ਜੋ ਬਾਣੀ ਤੁਹਾਡੀ ਦਸਮ ਗ੍ਰੰਥ ਦੇ ਰੂਪ ਵਿਚ ਰਚੀ ਹੋਈ ਹੈ ਇਸਨੂੰ ਇਕੱਤ੍ਰ ਕਰਨਾ ਚਾਹੀਦਾ ਹੈ ਅਤੇ ਇਸ ਨੂੰ ਭੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਂਗ ਹੀ ਪੰਥ ਨੂੰ ਮੰਨਣ ਲਈ ਆਗਿਆ ਦਿੱਤੀ ਜਾਵੇ।

ਜੇਕਰ ਦਰਿਆ ਬੁਰਦ ਜਾਂ ਅਗਨ ਭੇਟ ਹੋ ਗਈ ਹੁੰਦੀ ਤਾਂ ਫੇਰ ਉਥੇ ਕਿਥੋਂ ਆਮੌਜੂਦ ਹੋਈ। ਜੇ ਗੁਰੂ ਸਾਹਿਬ ਦੇ ਪਾਸ ਸੀ ਤਾਂ ਕਿਸੇ ਦੀ ਕੀ ਮਜਾਲ ਜੋ ਉਸ ਵਿਚ ਰਲਾ ਰਲਾ ਸਕਦਾ ਅਤੇ ਇਹ ਭੀ ਜਾਹਰ ਹੈ ਕਿ ਗੁਰੂ ਦੇ ਸਿੰਘ ਸ਼੍ਰੀ ਦਸਮ ਗ੍ਰੰਥ ਸਾਹਿਬ ਦੇ ਦਰਸ਼ਨਾਂ ਲਈ ਤੀਬਰ ਇੱਛਾ ਰੱਖਦੇ ਸਨ। ਅਤੇ ਦਸਮੇਸ ਜੀ ਸਤਕਾਰ ਵਜੋਂ ਬੜੇ ਗੁਰੂਆਂ ਦੀ ਬਰਾਬਰੀ ਕਰਨਾ ਨਹੀਂ ਸੀ ਚਾਹੁੰਦੇ, ਇਸ ਲਈ ਮੰਨਣਾ ਪਵੇਗਾ ਕਿ ਸ੍ਰੀ ਦਸਮ ਗ੍ਰੰਥ ਦੀ ਬਾਣੀ ਦੀ ਪਵਿੱਤ੍ਰਤਾ ਤੇ ਸਤਿਕਾਰ ਵਜੋਂ ਸਾਡੇ ਪੂਜਣ ਜੋਗ ਹੀ ਹੈ, ਪਰ ਗੁਰੂ ਉਹੀ ਹੋ ਸਕਦਾ ਹੈ ਜਿਸ ਨੂੰ ਪਦਵੀ ਪ੍ਰਾਪਤ ਹੋਵੇ, ਅੱਜ ਤਾਂ ਆਪੇ ਗੁਰੂ ਬਣ ਜਾਣ ਦਾ ਭੀ ਰਿਵਾਜ ਪ੍ਰਚਲਤ ਨਹੀਂ ਸਗੋਂ ਜ਼ੋਰਾਂ ਤੇ ਹੈ। ਉਪ੍ਰੋਕਤ ਇਹ ਲੇਖ ਐਨ ਸ਼ਿੱਧ ਕਰਦਾ ਹੈ-ਕਿ ਸ੍ਰੀ ਦਸਮੇਸ ਜੀ ਦੀ ਰਚਿਤ ਅਤੇ ਉਹਨਾਂ ਦੇ ਸਮੇਂ ਵਿਚ ਹਜ਼ੂਰ ਸਾਹਿਬ ਉਹਨਾਂ ਦੇ ਕੋਲ ਸੀ।

ਗੁਰਬਾਣੀ ਪਾਠ ਦਰਸ਼ਨ

੯. ਜੋ ਕਿ ਸ੍ਰੀ ਮਾਨ ਪੰਥ ਰਤਨ ਵਿਦਜਾ ਮਾਰ ਤੰਡ, ਸੰਤ ਗਜਾਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੇ ਉਤ੍ਰਾਧਿਕਾਰੀ ਸਫਾ ੨੦੦ ਪਰ (ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਪਾਠ ਮਰਿਆਦਾ ਲਿਖਦੇ ਹਨ ਅਤੇ ਉਸੇ ਤਰ੍ਹਾਂ ਮਧ ਵਿਚ ਦੇਗ ਬਣਾਕੇ ਭੋਗ ਲੁਆਉਣ ਦੀ ਸਲਾਹ ਦਿੰਦੇ ਹਨ ਅਤੇ ਪਾਠ ਦਾ ਮਧ **ਸ੍ਰੀ ਸ਼ਸਤ੍ਰ ਨਾਮ ਮਾਲਾ** ਦੇ ਅਰੰਭ ਤੇ ਲਿਖਿਆ ਹੈ ਅਤੇ ਭੋਗ (੧) ਪਹਿਲੀਆਂ ੨ ਹਕਾਇਤਾਂ ੧੧ਵੀਂ ੧੨ਵੀਂ ਭੋਗ ਸਮੇਂ ਪੜ੍ਹਨੀਆਂ ਦੱਸਦੇ ਹਨ। ਲਿਖਣ ਦਾ ਭਾਵ-ਕਿ ਸਾਨੂੰ ਗੁਰਬਾਣੀ ਜਾਣ ਕੇ ਆਦਿ ਗੁਰੂ ਗ੍ਰੰਥ ਸਾਹਿਬ ਵਾਂਗ ਹੀ ਸਤਿਕਾਰ ਕਰਨਾ ਚਾਹੀਦਾ ਹੈ। ਜੇ ਕਰ ਕਹੋ ਕਿ ਇਸ ਵਿਚ ਇਤਿਹਾਸ ਹੈ ਤਾਂ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਭੀ ਬਹੁਤ ਸਾਰਾ ਇਤਿਹਾਸ ਪਰੋਇਆ ਪਿਆ ਹੈ। ਇਤਿਹਾਸਕ ਟੂਕਾਂ ਦੇ ਕੇ ਹੀ ਗਿਆਨ ਤੇ ਬਬੇਕ ਦਾ ਰਾਹ ਲੱਭਦਾ ਏ। ਅੱਗੇ ਜਾਕੇ ਦੱਸਣ ਦਾ ਯਤਨ ਕਰਾਂਗੇ ਕਿ ਕਿਵੇਂ ਗੁਰੂ ਸਾਹਿਬ ਨੇ ਇਤਿਹਾਸਕ ਠੋਕਰਾਂ ਮਾਰ ਮਾਰ ਕੇ ਇਸ ਮੂਰਖ ਮਨ ਨੂੰ ਸਮਝਾਇਆ ਹੈ, ਰਮਾਇਣ ਭੀ ਇਤਿਹਾਸ ਹੀ ਹੈ ਉਸਦੇ ਸ਼ਰਧਾਲੂ ਲੋਕ ਉਸਨੂੰ ਕਿਵੇਂ ਮੰਨਦੇ ਹਨ ?

Digitized by Panjab Digital Library | www.panjabdigilib.org

ਗੁਰੂ ਗੋਬਿੰਦ ਸਿੰਘ ਜੀ ਦੇ ਇਤਿਹਾਸ ਲਿਖਣ ਢੰਗ ਅਤੇ ਉਸਦੇ ਵਿਚੋਂ ਨਿਕਲੀ ਮਿਸਾਲ ਅਜਬ ਹੀ ਰੰਗ ਦੱਸਦੀ ਹੈ ਜਿੰਨ੍ਹਾਂ ਨੂੰ ਅੱਗੇ ਚੱਲਕੇ ਸਮੇਂ ਅਨੁਸਾਰ ਪਾਠਕਾਂ ਦੀ ਸੇਵਾ ਵਿਚ ਰਖਾਂਗੇ। ੧੦. ਅੱਗੇ ਚੱਲਕੇ ਸਫਾ ੩੯ ਪਰ ਐਨੇ ਘਟੀਆ ਸ਼ਬਦ ਦਸਮ ਗ੍ਰੰਥ ਲਈ ਵਰਤੇ ਗਏ ਹਨ ਜੋ ਸਾਡੇ ਕੋਲੋਂ ਨਹੀਂ ਲਿਖੇ ਜਾਂਦੇ ਐਨਾਂ ਘਟੀਆ ਸ਼ਬਦ ਤਾਂ ਕੋਈ ਕਾਫਰ ਭੀ ਨਹੀਂ ਲਿਖ ਸਕਦਾ। ਉਹ ਕਹਿੰਦਾ ਹੈ-ਕਿ ਪ੍ਰਮਾਣਕ ਬੀੜ ਸ੍ਰੀ ਦਸਮ ਗ੍ਰੰਥ ਦੀ ਇਕ ਭੀ ਨਹੀਂ ਜਦ ਕਿ ਅਸਲ ਬੀੜ ਸ੍ਰੀ ਦਸ਼ਮੇਸ਼ ਜੀ ਦੇ ਪਾਸ ਸੀ ਬਾਕੀ ਬੀੜਾ ਜਿਸ ਨੂੰ ਕਿਸੇ ਭਾਂਤ ਕਰਕੇ ਮੌਕਾ ਮਿਲ ਗਿਆ ਉਸ ਨੇ ਕਿਸੇ ਨੇ ਕਿਤੋਂ ਕਿਤੇ ਤੱਕ ਕਿਸੇ ਨੇ ਕਿਤੇ ਹੋਰ ਕਿਤੇ ਤਕ ਉਤਾਰਾ ਕਰ ਲਿਆ। ਜਿਸ ਵਿਚ ਲਿਖਣ ਵੇਲੇ ਕਈ ਭੁਤ ਭੀ ਆ ਗਏ ਪਰ ਜਿਥੋਂ ਤੀਕ ਹੋ ਸਕਿਆ ਸ਼੍ਰੋਮਣੀ ਕਮੇਟੀ ਵਲੋਂ ਸੋਧ ਕਰਨ ਉਪ੍ਰੰਤ ਬੀੜ ਤਿਆਰ ਕਰਕੇ ਛਾਪੀ ਗਈ ਇਸ ਨੂੰ ਨਾਂ ਪ੍ਰਮਾਣਕ ਕਹਿਣਾ ਭੁਲ ਹੀ ਨਹੀਂ ਸਗੋਂ ਬਹੁਤ ਬੜੀ ਨਾ ਬਖਸ਼ੇ ਜਾਣ ਵਾਲੀ ਗਲਤੀ ਹੈ।

ਪਹਿਲੀ ਗੱਲ ਇਹ ਕਿ ਗਿ ਭਾਗ ਸਿੰਘ ਜੀ ਤਿੰਨ ਚਾਰ ਪੁਰਾਤਨ ਲਿਖਤੀ ਬੀੜਾਂ ਦਾ ਹਵਾਲਾ ਦੇਕੇ ਸਫਾ ੩੮ ਪਰ ਲਿਖਦੇ ਹਨ, ਕਿ ਭਾਈ ਮਨੀ ਸਿੰਘ ਜੀ ਵਾਲੀ ਲਿਖੀ ਸ੍ਰੀ ਦਸਮ ਗ੍ਰੰਥ ਸਾ: ਦੀ ਬੀੜ ਜੋ ਸੰ: ੧੭੭੦ ਵਿਚ ਲਿਖੀ ਗਈ ਸੀ ਉਸ ਦੇ ੨੪੯੨ ਛਦ ਹਨ ਪਰ ਇਸ ਬੀੜ ਦੇ ੨੪੩੭ ਹਨ। ਅਵਲ ਤਾਂ ਗਿਆਨੀ ਜੀ ਨੇ ਇਹ ਹਵਾਲਾ ਨਹੀਂ ਦਿੱਤਾ, ਕਿ ਆਪ ਭਾਈ ਮਨੀ ਸਿੰਘ ਜੀ ਸ਼ਹੀਦ ਵਾਲੀ ਬੀੜ ਦੇ ਟਾਕਰੇ ਕਿਹੜੀ ਬੀੜ ਲਈ ਬੈਠੇ ਹਨ; ਜੇ ਇਹ ਫਰਕ ਹੋਵੇ ਭੀ ਤਾਂ ਉਸ ਸਮੇਂ ਪ੍ਰੈਸ ਤਾਂ ਹੈ ਹੀ ਨਹੀਂ ਸਨ, ਤੇ ਨਾ ਹੀ ਬਲਾਕਾਂ ਰਾਹੀਂ ਛਪਾਈ ਦਾ ਕੋਈ ਪ੍ਰਬੰਧ ਸੀ, ਕਲਮ ਨਾਲ ਲਿਖਣਾ ਹਰ ਕਿਸੇ ਦਾ ਕੰਮ ਨਹੀਂ, ਫੇਰ ਉਸ ਬਦ ਅਮਨੀ ਦੇ ਸਮੇਂ ਵਿਚ ਜਦ ਕਿ ਇਹ ਨਹੀਂ ਸੀ ਪਤਾ ਕਿ ਮੈਂ ਕਛਹਿਰੇ ਵਿਚ ਇਕ ਪੈਰ ਤਾਂ ਪਾ ਲਿਆ ਕਿ ਦਜਾ ਪਾ ਸਕਾਂਗਾ ਜਾਂ ਨਹੀਂ ਇਸ ਲਈ ਸ਼ਹਿਨਸ਼ਾਹ ਸਤਿਗੁਰੂ ਨੇ ਸਿੱਖ ਤੇ ਪਾਬੰਦੀ ਲਾਈ ਸੀ ਕਿ ਗਿੱਲੇ ਕਛਹਿਰੇ ਵਿਚੋਂ ਦੂਜਾ ਪੈਰ ਤਾਂ ਕੱਢੋ ਜਦ ਇਕ ਪੈਰ ਵਿਚ ਪਹਿਲਾਂ ਪੈ ਸਕੇ ਤਦ ਕਛਹਿਰੇ ਵਿਚ ਦੂਜਾ ਪੈਰ ਪਾਇਆ ਜਾਵੇ। ਕਾਹਲ ਵਿਚ ਕਈ ਸ਼ਬਦ ਲਿਖਣੋਂ ਰਹਿ ਭੀ ਸਕਦੇ ਹਨ ਅਤੇ ਕੋਈ ਗਲਤੀ ਭੀ ਕੀਤੀ ਜਾ ਸਕਦੀ ਹੈ ਅਤੇ ਕੁਛ ਪੱਤਰੇ ਅੱਗੇ ਪਿੱਛੇ ਭੀ ਹੋ ਸਕਦੇ ਹਨ। ਭੁਲ ਨਾਲ ਇਕ ਦੀ ਥਾਂ ੨ ਪੱਤ੍ਰੇ ਥਲੇ ਜਾ ਸਕਦੇ ਹਨ ਇਹ ਤਾਂ ਉਹੀ ਜਾਣਦੇ ਹਨ ਜਿਨ੍ਹਾਂ ਮਹਾਂ ਪੁਰਸ਼ਾਂ ਨੇ ਇਹ ਸੇਵਾ ਕੀਤੀ ਹੈ। ਹੱਥੀਂ ਲਿਖਣ ਵਿਚ ਕਈ ਫਰਕ ਆ ਸਕਦੇ ਹਨ ਜੇ ਕੋਈ ਪੱਤ੍ਰਾ ਰਹਿ ਗਇਆ ਤਾਂ ਦੋਬਾਰਾ ਲਿਖਣਾ ਪੈ ਗਿਆ। ਕੋਈ ਭੁਲ ਹੋ ਗਈ ਤਾਂ ਹੜਤਾਲ ਫੇਰਨੀ ਪੈ ਗਈ, ਕਦੇ ਕਾਨੀ ਦੀ ਕਲਮ ਟੁਟ ਗਈ ਜਾਂ ਫਿੱਸ ਗਈ ਕਦੇ ਮੁਸ ਗਈ ਐਉਂ ਕਈ ਅੰਤ੍ਰੇ ਪੈ ਸਕਦੇ ਹਨ। ਨਾਲੇ ਭਾਈ ਮਨੀ ਸਿੰਘ ਜੀ ਸ਼ਹੀਦ ਜਿਹੇ ਮਹਾਨ ਹਸਤੀ ਜਿੰਨ੍ਹਾਂ ਨੂੰ ਇਕ ਇਕ ਸ਼ਬਦ ਦਾ ਪਤਾ ਹੋਵੇ ਕਿ ਇਹ ਕਿਸ ਗੁਰੂ ਦਾ ਉਚਾਰਨ ਕੀਤਾ ਹੋਇਆ ਹੈ, ਜਿਸ ਸਾਰੇ ਆਦਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਮਹਲੇ ਚੜ੍ਹਾਏ ਹੋਣ ਉਹ ਧੋਖਾ ਕਿਵੇਂ ਖਾ ਸਕਦੇ ਹਨ।

ਪਰ ਜੇ ਮੰਨ ਭੀ ਲਿਆ ਜਾਵੇ-ਕਿ ਕੋਈ ਸ਼ਬਦ ਕਿਸੇ ਨੇ ਮਿਲਾ ਹੀ ਦਿੱਤਾ ਹੈ ਤਾਂ ਸਾਰੀ ਗੁਰਬਾਣੀ ਨਾਂ ਪ੍ਰਮਾਣਕ ਕਿਉਂ ? ਜੇ ਗੰਗਾ ਵਿਚ ਆਕੇ ਕਿਸੇ ਨਾਲੀ ਜਾਂ ਨਾਲੇ ਦਾ ਪਾਣੀ ਪੈ ਹੀ ਗਿਆ ਹੈ ਤਾਂ ਹਰਿ ਮੰਦਰ ਦੀਆਂ ਪੌੜੀਆਂ ਤਾਂ ਚੁਕ ਕੇ ਬਾਹਰ ਨਹੀਂ ਸੁਟ ਦੇਣੀਆਂ-ਨਾ ਨ੍ਹਾਉਣ ਤੋਂ ਕਿਸੇ ਹੱਟ ਜਾਣਾ ਹੈ, ਫੇਰ ਗੁਰਬਾਣੀ ਨਾ ਪ੍ਰਮਾਣਕ ਕਿਉਂ ? ਜਿਵੇਂ ਗੰਗਾ ਤੀਰਥ ਤੋਂ ਬੇ ਤੀਰਥ ਨਹੀਂ ਬਣੀ ਇਸ ਤਰ੍ਹਾਂ ਗੁਰਬਾਣੀ ਭੀ ਗੁਰਬਾਣੀ ਹੀ ਰਹੇਗੀ, ਬੇਬਾਣੀ ਨਹੀਂ ਹੋ ਸਕਦੀ ਅਤੇ ਆਪ ਨੇ ੩੩ ਸ੍ਰਯੀਆ ਬਾਰੇ ਕਿਹਾ ਹੈ ਕਿ ਇਹ ਦਸਮੇਸ਼ ਜੀ ਦੀ ਰੁਹਾਨੀਅਤ ਦਮਕਾਂ ਮਾਰਦੀ ਦਿਸਦੀ ਹੈ ਅਤੇ ਸਾਖਸ਼ਾਤ ਦਸਮੇਸ਼ ਜੀ ਬੋਲਦੇ ਦਿਸਦੇ ਹਨ। ਹੁਣ ਅਸੀਂ ਇਸ ਲੇਖ ਨੂੰ ਸਮਾਪਤ ਕਰਦੇ ਹਾਂ ਕਿਉਂਕਿ ਗਿ: ਭਾਗ ਸਿੰਘ ਜੀ ਦੇ ਕਈ ਸ਼ੰਕੇ ਦੂਰ ਕੀਤੇ ਜਾ ਚੁਕੇ ਹਨ, ਜੋ ਬਾਕੀ ਰਹਿ ਜਾਏ ਹਨ ਉਹ ਸਮੇਂ ਹੋਰ ਸਾਫ

Digitized by Panjab Digital Library | www.panjabdigilib.org

ਹੋ ਜਾਣਗੇ ਅਤੇ ਦਸਮੇਸ਼ ਨਿਰਨੇ ਗ੍ਰੰਥ ਨੂੰ ਕੋਈ ਸਜਣ ਪੜ੍ਹਣ ਦੀ ਬੰਹੁਤਾ ਵੀਚਾਰ ਨਾ ਕਰੇ ਕਿਉਂਕਿ ਪੰਥ ਵਲੋਂ ਇਸ ਨੂੰ ਦੱਸਿਆ ਗਿਆ ਹੈ। ਜਿਸ ਕਰਕੇ ਇਸ ਤੇ ਬਹਿਸ ਭੀ ਮੁਕ ਜਾਂਦੀ ਹੈ। ਨਾਲੇ ਇਸ ਤੋਂ ਪਹਿਲੇ ਨਵੰਬਰ ੧੯੬੬ ਵਿਚ ਸ ਸਮਸ਼ੇਰ ਸਿੰਘ ਅਸ਼ੋਕ ਵਲੋਂ (ਦਸਮੇਸ਼ ਗ੍ਰੰਥ ਬਾਰੇ) ਪੁਸਤਕ ਛਾਪੀ ਗਈ ਸੀ।

ਭਾਈ ਦੇਸਾ ਸਿੰਘ ਵਾਲਾ ਰਹਿਤਨਾਮਾ ਭੀ ਦਸਮ ਗ੍ਰੰਥ ਸਾਹਿਬ ਜੀ ਦੀ ਹੋਂਦ ਨੂੰ ਪੁਰਾਣੀ ਸਿਧ ਕਰਦਾ ਹੈ – ਜੋ ਐਉਂ ਲਿਖਿਆ ਹੈ।

ਦੁਹੂ ਗ੍ਰੰਥ ਮੇ ਬਾਨੀ ਜੋਈ। ਚੁਨ ਚੁਨ ਕੰਠ ਕਰੇ ਨਿਤ ਸੋਈ॥

ਭਾਈ ਸਾਹਿਬ ਨੇ ਨਿਤਨੇਮ ਰਹਿਤਵਾਨ ਸਿੰਘ ਲਈ ਦੋਨਾਂ ਗ੍ਰੰਥਾਂ ਦੀ ਬਾਣੀ ਦਾ ਤਾਂ ਹੀ ਆਦੇਸ ਦਿਤਾ ਹੈ ਜੇ ਉਸ ਵੇਲੇ ਦੋਵੇਂ ਮੌਜੂਦ ਥੇ, ਨਹੀਂ ਤਾਂ ਇਹ ਹਵਾਲਾ ਆ ਹੀ ਨਹੀਂ ਸਕਦਾ ਤੇ ਨਾ ਹੀ ਟਾਕਰੇ ਵਿਚ ਹੋਰ ਕਿਸੇ ਗ੍ਰੰਥ ਦਾ ਹਵਾਲਾ ਦਿਤਾ ਜਾ ਸਕਦਾ ਹੈ।

੧੦॥ ੭॥ ੨॥ ੧॥ ੧੬॥ ੧੨੩॥

੧ ਓ ਸਤਿਗੁਰ ਪ੍ਰਸਾਦਿ॥

ਜੀਵਨ ਸੁਮਾਰਗ ਭਾਗ ੭॥ ਅਧਜ ੨॥ ਅਲੋਚਨਾਤਮਕ॥ ਪ੍ਰਕਰਣ ਨੰ: ੨॥ ੧॥ ੭॥ ੧੨੪॥

ਸ੍ਰੀ ਦਸਮ ਗ੍ਰੰਥ ਸਾਹਿਬ ਦੇ ਨਿਰਨੇ ਦਾ ਨਿਰਨਾ

ਸਮਸ਼ੇਰ ਸਿੰਘ ਜੀ ਅਸ਼ੋਕ

੧–ਅਸ਼ੋਕ ਜੀ ਇਕ ਮੰਨੇ ਪ੍ਰਮੰਨੇ ਲਿਖਾਰੀ ਸਨ, ਜਿਨ੍ਹਾਂ ਨੇ ਚਾਲੀ ਪੰਤਾਲੀ ਪੁਸਤਕਾਂ ਨੂੰ ਜਨਮ ਦਿਤਾ ਹੋਵੇਗਾ ਸੁਰਤੀ ਦਾ ਜੋਤ ਤੇ ਇਤਿਹਾਸ ਦੀ ਖੋਜ ਉਹਨਾਂ ਅਸਲ ਕੰਮ ਹੋ ਸਕਦਾ ਹੈ ਪਰ ਇਹੋ ਜਿਹੇ ਲਿਖਾਰੀ ਦੀ ਗਲਤੀ ਪਹਾੜ ਦਾ ਰੂਪ ਧਾਰਨ ਕਰ ਜਾਂਦਾ ਹੈ। ਇਹਨਾਂ ਨੇ (ਦਸਮ ਗਰੰਥ ਬਾਰੇ) ਨਾਮ ਦੀ ਇਕ ੧੦੮ ਸਫੇ ਦੀ ਪੁਸਤਕ ਲਿਖੀ ਹੈ। ਪਰ ਪਹਿਲੋਂ ਪਹਿਲ ਉਰਦੂ ਹਫਤਾਵਾਰੀ ਅਖਬਾਰ (ਸ਼ੇਰ ਪੰਜਾਬ) ਲਾਹੌਰ ਦੇ ਐਡੀਟਰ ਸ: ਅਮਰ ਸਿੰਘ ਹੋਏ ਹਨ, ਉਹਨਾਂ ਇਸ ਲੇਖ ਦਾ ਮੁਢ ਬੰਨਿਆ ਸੀ, ਜਿਸ ਤੋਂ ਪ੍ਰਭਾਵਤ ਹੋ ਕੇ ਅਸ਼ੋਕ ਜੀ ਦੇ ਮਨ ਤੇ ਭੀ ਅਸਰ ਪੈ ਗਿਆ। ਪਰ ਫੇਰ ਭੀ ਆਪ ਗਿ: ਭਾਗ ਸਿੰਘ ਵਾਂਗ ਦ੍ਰਿੜ ਇਰਾਦੇ ਨਾਲ ਸ੍ਰੀ ਦਸਮ ਗ੍ਰੰਥ ਦੀ ਵਿਰੋਧਤਾ ਨਹੀਂ ਕਰਦੇ ਸਗੋਂ ਆਪਣੇ ਮਨ ਦੇ ਸ਼ੰਕੇ ਜ਼ਰੂਰ ਪ੍ਰਗਟ ਕਰਦੇ ਹਨ ਅਤੇ ਚਾਹੁੰਦੇ ਹਨ ਕਿ ਕਿਵੇਂ ਇਹ ਮਸਲਾ ਸਪਸ਼ਟ ਹੋ ਜਾਵੇ। ਗਿ: ਭਾਗ ਸਿੰਘ ਜੀ ਨੇ ਤਾਂ ਆਪਣਾ ਜੱਜੀ ਫੈਸਲਾ ਦੇ ਦਿਤਾ ਹੈ ਕਿ ਇਹ ਗ੍ਰੰਥ ਨਾ ਪ੍ਰਮਾਣੀਕ ਹੈ – ਨਾ ਪੜ੍ਹਨ ਯੋਗ ਹੈ ਅਤੇ ਨਾ ਸ੍ਰੀ ਦਸਮੇਸ਼ ਜੀ ਦੀ ਕ੍ਰਿਤ ਹੈ।

ਅਸ਼ੋਕ ਜੀ ਸਫਾ ਦਸ ਤੇ ਆਪਣੀ ਇੱਛਾ ਪ੍ਰਗਟ ਕਰਦੇ ਲਿਖਦੇ ਹਨ–ਕਿ ਸਿੱਖਾਂ ਦੀ ਇਹ ਅਨਗਹਿਲੀ ਹੈ ਕਿ ਉਹਨਾਂ ਅਜਿਹੀ ਰੋਸ਼ਨੀ ਦੇ ਜ਼ਮਾਨੇ ਵਿਚ ਜਦ ਕਿ ਪ੍ਰੇਮ ਪੂਰਵਕ ਮਿਲਵੀਂ ਖੋਜ

Digitized by Panjab Digital Library | www.panjabdigilib.org

ਕਰਨ ਤੇ ਸਾਂਝੇ ਪੰਥਕ ਫੈਸਲੇ ਨਾਲ ਇਹੋ ਜਿਹੇ ਮਤ ਭੇਦ ਸਹਿਜੇ ਹੀ ਦੂਰ ਹੋ ਜਾਇਆ ਕਰਦੇ ਹਨ। ਤੇ ਨਿਕਾ ਜਿਹਾ ਉਪਰਾਲਾ ਕਰਨ ਤੋਂ ਕੌਮ ਦਾ ਭਵਿਖ ਉਜਲ ਹੋ ਸਕਦਾ ਹੈ, ਦਸਮ ਗ੍ਰੰਥ ਦੀ ਇਸ ਗੁਥੀ ਨੂੰ ਸੁਲਝਾਣ ਵਲ ਧਿਆਨ ਹੀ ਨਹੀਂ ਦਿਤਾ । ਅਜਿਹੇ ਮਤ ਭੇਦਾਂ ਨੂੰ ਦਿਲਾਂ ਵਿਚ ਹੀ ਨਪੀ ਰਖਣਾ ਕੌਮਾਂ ਦੇ ਬਣਾਨ ਜਾਂ ਵਿਗਾੜਨ ਲਈ ਉਹੋ ਨਤੀਜੇ ਪੈਦਾ ਕਰਦਾ ਹੈ ਜੋ ਬੁਧ ਧਰਮ ਲਈ ਤ੍ਰਿਪਿਟਕ ਅਰ ਤੰਤ੍ਰਾਂ ਦੇ ਅਧਾਰ ਤੇ ਹੀਨਜਾਤ, ਮਹਾਜਾਨ ਮਤਾਂ ਰਾਹੀਂ ਜਹੂਰ ਵਿਚ ਆਏ ਸਨ। ਵਿਚਾਰ ਸ਼ੀਲ ਸੱਜਣ ਜਾਣਦੇ ਹਨ ਕਿ ਵਿਸ਼ਵ ਵਿਆਪੀ ਬੁਧ ਮਤ ਦਾ ਅੰਤਮ ਫਲ ਕੀ ਹੋਇਆ। ਸਿੱਖਾਂ ਨੂੰ ਉਹ ਅਰਥਾਂ ਵਿਚ ਅਰਥਾਤ ਖੋਜ ਸਹਿਤ ਸਿਖਿਆ ਲੈਣ ਵਾਲੇ ਹਨ, ਦਾ ਦਸਮ ਗ੍ਰੰਥ ਬਾਬਤ ਜਰੂਰ ਕੋਈ ਨਾ ਕੋਈ ਖੋਜ ਭਰਿਆ ਫੈਸਲਾ ਕਰਨਾ ਚਾਹੀਏ ਤਾਂ ਕਿ ਇਹ ਮਤ ਭੇਦ ਨਾ ਰਹਿਣ ਤੇ ਪੰਥ ਏਕਤਾ ਦੀ ਲੜੀ ਵਿਚ ਪਰੋਇਆ ਜਾਵੇ।

੨–ਅਸ਼ੋਕ ਜੀ ਦੇ ਇਹਨਾਂ ਵੀਚਾਰਾਂ ਨੂੰ ਪੜ੍ਹ ਕੇ ਮੇਰੇ ਅੰਦਰ ਇਕ ਅਣਖੀ ਟੂੰਬ ਲਗੀ ਅਤੇ ਯੋਗਤਾ ਦੇ ਨਾ ਹੋਣ ਪਰ ਭੀ ਗੁਰੂ ਦੀ ਅਰਦਾਸ ਕਰਕੇ ਇਹ ਮਤ ਭੇਦ ਦੂਰ ਕਰਨ ਲਈ ਕਲਮ ਨੂੰ ਚੁਕ ਰਿਹਾ ਹਾਂ । ਮੈਂ ਨਹੀਂ ਜਾਣਦਾ ਕਿ ਮੈਂ ਇਸ ਲੇਖ ਲੜੀ ਨੂੰ ਪੂਰਾ ਕਰ ਲਵਾਂਗਾ ਪਰ ਜਦ ਤਕ ਕੁਝ ਕਰ ਸਕਦਾ ਹਾਂ ਕੁਝ ਲਿਖਦਾ ਰਵਾਂਗਾ, ਅਗੇ ਫੈਸਲਾ ਪੰਥ ਨੇ ਕਰਨਾ ਹੈ। ਪਰ ਜਿਥੋਂ ਤਕ ਮੇਰੀ ਖੋਜ ਪੁਜੀ ਹੈ ਮੈਂ ਕਹਿ ਸਕਦਾ ਹਾਂ ਕਿ ਉਹ ਬਾਣੀ ਦੇ ਅਧਾਰ ਤੇ ਹੀ ਹੈ, ਜੋ ਹਰ ਕਿਸੇ ਨੂੰ ਮੰਨਣੀ ਪੈਂਦੀ ਹੈ। ੧੦–ਗਿ: ਭਾਗ ਸਿੰਘ ਜੀ ਦੀ ਲਿਖਤ ਨੂੰ ਖੜ੍ਹਕੇ ਇਕ ਮੇਰੇ ਹੀ ਜਜਬਾਤ ਨੇ ਉਬਾਲ ਨਹੀਂ ਖਾਧਾ ਪਤਾ ਨਹੀਂ ਹੋਰ ਕਿਤਨੇ ਗੁਰੂ ਦੇ ਲਾਲਾਂ ਦਾ ਦਿਲ ਉਬਾਲਾ ਖਾ ਰਿਹਾ ਹੋਵੇਗਾ। ਗੁਰੂ ਦੀ ਨਿੰਦਾ ਗੁਰਬਾਣੀ ਦੀ ਨਿੰਦਾ ਇਕੋ ਹੀ ਦਰਜਾ ਰਖਦੀ ਹੈ, ਭਾਵੇਂ ਮੈਂ ਲਗ ਪਗ ਰੁਪੈ ਚੋਂ ਬਾਰਾਂ ਆਨੇ ਨਿਰਨੇ ਦਾ ਨਿਰਨਾ ਲਿਖ ਬੈਠਾ ਸੀ ਜਿਸ ਵੇਲੇ ਮਾਨਯੋਗ ਬਜੁਰਗ ਸ: ਪ੍ਰੀਤਮ ਸਿੰਘ ਚੰਡੀਗੜ੍ਹ ਨੇ ਮੈਨੂੰ ਦਸਿਆ ਸੀ ਕਿ ਗਿ: ਹਰਬੰਸ ਸਿੰਘ ਜੀ ਨੇ ਭੀ ਮਰਦੇ ਮਜ਼ਾਹਦ ਆਪਣਾ ਗੁਰਸਿਖੀ ਦਾ ਨਾਤਾ ਤੇ ਸ੍ਰੀ ਦਸਮੇਸ਼ ਜੀ ਲਈ ਵਰਤੇ ਉਹਨਾਂ ਦੀ ਸ਼ਾਨ ਤੋਂ ਖ਼ਿਲਾਫ਼ ਸ਼ਬਦ ਨਾ ਬਰਦਾਸ਼ਤ ਕਰਕੇ ਬੜੀ ਭਰਪੂਰ ਤੇ ਤਸੱਲੀ ਬਖਸ਼ ਅਤੇ ਅਸਰਦਾਰ ਖੋਜ ਕਰਕੇ ਸੰਗਤਾਂ ਦੇ ਇਸ ਸੰਸੇ ਨੂੰ ਨਵਿਰਤ ਕੀਤਾ ਹੈ, ਜੋ ਅਤਿ ਸ਼ਲਾਘਾਯੋਗ ਤੇ ਪੁਰ ਦਲੀਲ ਹੈ ।

ਉਹ ਮਤ ਭੇਦ ਕੀ ਹਨ ? (ਅਸ਼ੋਕ ਜੀ ਅਨੁਸਾਰ)–ਸ਼ੰਕੇ

(੧) ਉਹ ਜੋ ਸ੍ਰੀ ਦਸਮ ਗ੍ਰੰਥ ਸਾਹਿਬ ਨੂੰ ਅੱਖਰ ਅੱਖਰ ਗੁਰੂ ਰਚਨਾ ਮੰਨਦੇ ਹਨ । (੨) ਉਹ ਜੋ ਇਹ ਮੰਨਦੇ ਹਨ ਕਿ ਇਹ ਸਤਿਗੁਰਾਂ ਦੀ ਰਚਨਾ ਨਹੀਂ ਹੈ। (੩) ਉਹ ਜੋ ਇਸ ਦੇ ਥੋੜੇ ਜਿਹੇ ਹਿਸੇ ਨੂੰ ਗੁਰੂ ਸਾਹਿਬ ਦਾ ਰਚਿਆ ਹੋਇਆ ਮੰਨਦੇ ਹਨ । (੪) ਉਹ ਜੋ ਕੇਵਲ ਉਸ ਰਚਨਾ ਨੂੰ ਗੁਰਬਾਣੀ ਮੰਨਦੇ ਹਨ ਜਿਸ ਦੇ ਮੁਢ ਵਿਚ ਸ੍ਰੀ ਮੁਖਵਾਕ ਪਾਤਸਾਹੀ ੧੦ ਲਿਖਿਆ ਹੋਇਆ ਹੈ। (੫) ਉਹ ਜੋ ਦਸਮ ਗ੍ਰੰਥ ਦੀਆਂ ਚੌਵੀਆਂ ਅਵਤਾਰਾਂ ਦੀ ਕਥਾ ਇਤਿਹਾਸਕ ਰਚਨਾਵਾਂ ਨੂੰ ਗੁਰੂ ਰਚਨਾ ਨਹੀਂ ਮੰਨਦੇ। (੬) ਇਕ ਉਹ ਭੀ ਹਨ ਜੋ ਹੋਰ ਤਾਂ ਮੰਨ ਭੀ ਲੈਣ ਪਰ ਚੰਡੀ ਚਰਿਤ੍ਰ – ਸਸਤ੍ਰ ਨਾਮ ਮਾਲਾ – ਜਾਂ ਤ੍ਰਿਯਾ ਚਰਿਤ੍ਰਨੂੰ ਉਕਾ ਹੀ ਨਹੀਂ ਮੰਨਦੇ ਕਿ ਇਹ ਦਸਮੇਸ਼ ਕ੍ਰਿਤ ਹੋ ਸਕਦੀ ਹੈ ।

ਜਿਸ ਤੋਂ ਜਾਪਦਾ ਹੈ ਕਿ ਅਸ਼ੋਕ ਜੀ ਨੇ ਆਪ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਅਧਿਅਨ ਨਹੀਂ ਕੀਤਾ ਲੇਖਕਾਂ ਦੇ ਲਿਖੇ ਤੇ ਹੀ ਆਪਣੀ ਦਲੀਲ ਵਰਤੀ ਹੈ । ਪਰ ਸਿਆਣਾ ਲਿਖਾਰੀ ਹੋਣ ਦੇ ਨਾਤੇ ਹੁੜ ਮਤ ਨਹੀਂ ਕੀਤੀ ਤੇ ਨਾ ਹੀ ਜ਼ਿੱਦ ਕਰਦਾ ਹੈ, ਪ੍ਰਸ਼ਨ ਕਰੇ ਬਿਨਾਂ ਉਤਰ ਨਹੀਂ ਮਿਲਦਾ ਜੋ ਚੰਗੀ ਗੱਲ ਹੈ।

Digitized by Panjab Digital Library | www.panjabdigilib.org

ਆਓ ਅਸ਼ੋਕ ਜੀ ਨਾਲ ਵਿਚਾਰ ਵਟਾਂਦਰਾ ਕਰੀਏ ?

੩-ਸ਼ੰਕਾ-ਜੇ ਸਾਰਾ ਸ੍ਰੀ ਦਸਮ ਗ੍ਰੰਥ ਸਾਹਿਬ ਸ੍ਰੀ ਦਸਮੇਸ਼ ਜੀ ਦੀ ਰਚਿਤ ਹੁੰਦਾ, ਤਾਂ ਰਾਮ ਤੇ ਸਿਆਮ ਦਾ ਵਿਨਮ ਨਾ ਆਉਂਦਾ, ਇਹ ਨਾਮ ਰਾਮ ਤੇ ਸਿਆਮ ਜਿਹੜੇ ਉਹਨਾਂ ਪਾਸ ਬਵੰਜਾ ਕਵੀ ਰਹਿੰਦੇ ਸਨ ਉਹਨਾਂ ਵਿਚੋਂ ਦੋ ਕਵੀਆਂ ਦੇ ਨਾਮ ਹੋ ਸਕਦੇ ਹਨ । ਸਬੂਤ ਲਈ ਆਪ ਦਸਮ ਗ੍ਰੰਥ ਵਿਚੋਂ ਬਾਣੀ ਦੀਆਂ ਉਦਾਹਰਣਾਂ ਪੇਸ਼ ਕਰਦੇ ਹਨ । ਐਥੇ ਉਹ ਉਦਾਰਨ ਦੀ ਪੰਗਤੀ ਲਿਖਣ ਦੀ ਲੋੜ ਨਹੀਂ ਕਿਉਂਕਿ ਰਾਮ ਤੇ ਸਿਆਮ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਆਮ ਤੇ ਬਹੁਤੀ ਥਾਈਂ ਆਉਂਦਾ ਹੈ, ਉਸ ਦਾ ਕਾਰਨ ਦਸਿਆ ਜਾਏਗਾ । ਪਰ ਏਥੇ ਅਸ਼ੋਕ ਜੀ ਇਹ ਭੀ ਸ਼ੰਕਾ ਪ੍ਰਗਟ ਕਰਦੇ ਹਨ ਕਿ ਹੋ ਸਕਦਾ ਹੈ ਮਾਤਾ ਗੁਜਰੀ ਜੀ ਗੁਰੂ ਹਰਿਗੋਬਿੰਦ ਜੀ ਦੀ 'ਨੂੰਹ' ਹੋਣ ਦੇ ਨਾਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਗੋਬਿੰਦ ਰਾਇ ਜਾਂ ਗੋਬਿੰਦ ਸਿੰਘ ਨਾਮ ਲੈਣ ਤੋਂ ਗੁਰੇਜ ਚਰਕੇ ਗੋਬਿੰਦ ਸਿੰਘ ਜੀ ਨੂੰ ਰਾਮ ਜਾ ਸ਼ਾਮ ਕਹਿਕੇ ਹੀ ਬੁਲਾਉਂਦੇ ਹੋਣ ।

ਉਤ੍ਰ-ਹੋਣਾ ਹੀ ਨਹੀਂ ਇਹ ਮੇਰੀ ਜਾਂ ਆਮ ਰਾਇ ਹੈ, ਅਤੇ ਇਹ ਦਲੀਲ ਠੀਕ ਹੀ ਹੈ ਅਤੇ ਪੂਰੀ ਪੂਰੀ ਢੁਕਦੀ ਹੈ, ਕੋਈ ਭੀ ਨੂੰਹ ਸ਼ਰੇਆਮ ਆਪਣੇ ਸਹੁਰਾ ਸਾਹਿਬ ਦਾ ਖੁਲੇ ਸ਼ਬਦਾਂ ਵਿਚ ਨਾਮ ਲੈ ਕੇ ਕਦੇ ਭੀ ਅਵਾਜ਼ ਨਹੀਂ ਮਾਰੇਗੀ । ਸਤਿਕਾਰ ਦਾ ਤਕਾਜ਼ਾ ਹੈ, ਵਡੇ ਲੋਕ ਅਸੂਲਾਂ ਦੀ ਉਲੰਘਣਾ ਨਹੀਂ ਕਰਿਆ ਕਰਦੇ, ਉਹਨਾਂ ਤਾਂ ਸਗੋਂ ਮਰਿਯਾਦਾ ਕਾਇਮ ਕਰਨੀਆਂ ਹੁੰਦੀਆਂ ਹਨ । ਦੂਸਰੇ ਸਾਡੇ ਪਹਿਲੇ ਸਮਾਜ ਵਿਚ ਰਾਮ ਤੇ ਸ਼ਾਮ ਦਾ ਨਾਮ ਦਿਲੀ ਪਿਆਰ ਦਾ ਵਿਸ਼ੇਸ਼ਣ ਵੀ ਜੋ ਉਚ ਉਪਮਾ ਜਨਕ ਸੀ, ਹਰ ਮਾਂ ਆਪਣੇ ਹੋਣਹਾਰ ਪੁਤ੍ਰਾਂ ਨੂੰ ਲਾਡ ਵਿਚ ਆ ਕੇ ਆ ਮੇਰੇ ਰਾਮ ਜਾਂ ਆ ਮੇਰੇ ਸ਼ਾਮ ਕਰਿਆ ਕਰਦੀਆਂ ਸਨ । ਜਿਵੇਂ ਅਜ ਕਲ ਕੁਤਿਆਂ ਬਿਲਿਆਂ ਵਾਲੇ ਨਾਮ ਨਾਲ ਉਪਨਾਮ ਪ੍ਰਚਲਤ ਹਨ, ਉਦੋਂ ਇਹ ਨਹੀਂ ਸਨ ਸਗੋਂ ਮਾਪੇ ਬੱਚੇ ਨੂੰ ਕਿਸੇ ਉਤਮ ਪੁਰਸ਼ ਦਾ ਹੀ ਉਪਨਾਮ ਦਿਆ ਕਰਦੇ ਸਨ । ਜਿਵੇਂ ਕਾਨ ਜੇ ਸ਼ੇਰ ਅਥਵਾ ਬਹਾਦਰ ਆਦਿ, ਬਸ ਇਸੇ ਤਰ੍ਹਾਂ ਸ੍ਰੀ ਦਸਮੇਸ਼ ਜੀ ਲਈ ਮਾਤਾ ਜੀ ਵਲੋਂ ਇਹ ਨਾਮ ਲਾਡ ਦਾ ਪ੍ਰਤੀਕ ਹੈ । ਜਿਸ ਵਿਚ ਜ਼ਰਾ ਜਿੰਨੀ ਭੀ ਸ਼ੰਕੇ ਦੀ ਗੁੰਜਾਇਸ਼ ਨਹੀਂ ਸਗੋਂ ਤਸੱਲੀ ਜਨਕ ਐਨ ਠੀਕ ਹੈ ।

ਬਾਬਾ ਦੀਪ ਸਿੰਘ ਜੀ

ਜੇਕਰ ਏਥੇ ਕੋਈ ਸਲੂਕ ਵਾਲੀ ਗਲ ਹੁੰਦੀ ਤਾਂ ਬਾਬਾ ਦੀਪ ਸਿੰਘ ਜੀ ਜ਼ਰੂਰ ਇਸ ਦਾ ਨਿਰਨਾ ਕਰ ਦਿੰਦੇ, ਆਪ ਨੇ ਚਾਰ ਬੀੜਾਂ ਆਪਣੀ ਕਲਮ ਨਾਲ ਸ੍ਰੀ ਦਸਮ ਗ੍ਰੰਥ ਸਾਹਿਬ ਦੀਆਂ ਲਿਖੀਆਂ ਹਨ ਜੇ ਇਹ ਗੁਰੂ ਜੀ ਦੀ ਬਾਣੀ ਨਾ ਹੁੰਦੀ ਤਾਂ ਉਹ ਕਦੇ ਨਾ ਲਿਖਦੇ । ਨਾਲੇ ਜਿਹੜੀਆਂ ਪੰਗਤੀਆਂ ਉਪਰ ਤੁਸੀਂ ਪੜ ਚੁਕੇ ਹੋ – ਅਰ ਭਾਈ ਭਾਗ ਸਿੰਘ ਨੇ ਪੇਸ਼ ਕੀਤੀਆਂ ਹਨ ਉਹ ਦਸਦੀਆਂ ਨੇ ਸ੍ਰੀ ਦਸਮ ਗ੍ਰੰਥ ਸਾਰਾ ਦਸਮੇਸ਼ ਜੀ ਦੇ ਸਮੇਂ ਵਿਚ ਹੀ ਪੂਰਾ ਤਿਆਰ ਹੋ ਚੁਕਾ ਸੀ ਤਾਂ ਹੀ ਸੰਗਤ ਵਲੋਂ ਬੇਨਤੀ ਕੀਤੀ ਗਈ ਸੀ ਕਿ ਦਸਮ ਗ੍ਰੰਥ ਸਾਹਿਬ ਨੂੰ ਭੀ ਗੱਦੀ ਦਿਤੀ ਜਾਵੇ, ਜੇ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਕਵੀਆਂ ਦੀ ਕੱਚੀ ਬਾਣੀ ਹੁੰਦੀ ਤਾਂ ਗੁਰੂ ਜੀ ਐਉਂ ਕਦੀ ਨਾ ਕਹਿੰਦੇ ਕਿ ਅਸਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਰਾਬਰੀ ਨਹੀਂ ਕਰਨੀ ਕਿਉਂਕਿ ਸ੍ਰੀ ਗੁਰੂ ਅਰਜਨ ਦੇਵ ਜੀ ਬਹੁਤ ਵੱਡੀ ਹਸਤੀ ਸਨ । ਸਗੋਂ ਉਸ ਵੇਲੇ ਆਪ ਇਹੀ ਉਤ੍ਰ ਦਿੰਦੇ ਕਿ ਇਹ ਕਵੀਆਂ ਦੀ ਲਿਖੀ ਕੱਚੀ ਬਾਣੀ ਹੈ ਜੋ ਗੁਰਬਾਣੀ ਦੀ ਬਰਾਬਰੀ ਨਹੀਂ ਕਰ ਸਕਦੀ । ਪਰ ਉਹਨਾਂ ਇਉਂ ਨਹੀਂ ਕਿਹਾ ਸਗੋਂ ਸਾਫ ਕਿਹਾ ਹੈ ਕਿ ਅਸੀਂ ਗੁਰੂ ਅਰਜਨ ਦੇਵ ਜੀ ਦੀ ਬਰਾਬਰੀ ਨਹੀਂ ਕਰਨੀ, ਇਸ ਲਈ ਆਪ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਦੇ

Digitized by Panjab Digital Library | www.panjabdigilib.org

੧੪੨੮ ਸਫੇ ਰਖੇ ਹਨ ਤਾਂ ਕੇ ਆਦਿ ਗ੍ਰੰਥ ਸਾਹਿਬ ਤੋਂ ਪ ਸਫੇ ਘਟ ਰਹਿਣ ਜਦ ਕਿ ਉਸਦੇ ੧੪੩੩ ਸਫੇ ਹਨ। ਜਿਸ ਲਈ ਹੁਣ ਸ਼ੰਕੇ ਦੀ ਬਾਕੀ ਗੁੰਜਾਇਸ਼ ਨਹੀਂ ਜੋ ਸ੍ਰੀ ਦਸਮ ਗ੍ਰੰਥ ਸਾਹਿਬ ਸ੍ਰੀ ਦਸਮੇਸ਼ ਜੀ ਨੇ ਪੂਰਨ ਤੌਰ ਪਰ ਆਪ ਉਚਾਰਨ ਨਹੀਂ ਕੀਤਾ ਨਾ ਸਮਾਪਤ ਕੀਤਾ, ਕਿਤੇ ਕੋਈ ਥੋੜ ਘਟ ਤੇ ਕਿਤੇ ਵਧ ਮਿਲਣੀ ਇਹ ਲਿਖਾਰੀਆਂ ਦੀ ਹੀ ਵਜਾ ਹੋ ਸਕਦੀ ਹੈ। ਜਿਨ੍ਹਾਂ ਦੇ ਅਜ ਹਵਾਲੇ ਦਿਤੇ ਜਾ ਰਹੇ ਹਨ ਅਤੇ ਇਕ ਤੋਂ ਦੂਜਾ, ਦੂਜੇ ਤੋਂ ਤੀਜਾ ਪੱਲੇ ਪਾ ਕੇ ਵੰਡੀ ਜਾ ਰਿਹਾ ਹੈ।

੪-ਸ੍ਰੀ ਅਸ਼ੋਕ ਜੀ ਸਫਾ ੧੨ ਪਰ (ਅ) ਦੇ ਨਿਸ਼ਾਨ ਨਾਲ ਲਿਖਦੇ ਹਨ ਕਿ ਇਸ ਪ੍ਰਮਾਣ ਵਿਚ ਗਿ: ਸਾਹਿਬ ਸਿੰਘ ਪਥਰਾਲਾ ਕ੍ਰਿਤ ਦਸਮ ਗੁਰੂ ਗਿਰਾ ਪ੍ਰਕਾਸ਼ ਗ੍ਰੰਥ ਸਫਾ ੮੨ ਦਾ ਹਵਾਲਾ ਦਿੰਦੇ ਹਨ ਕਿ ਇਕ ਪ੍ਰਮਾਣ ਵਿਚ (ਰਾਇ) ਸ਼ਬਦ ਅਨਜ ਪੁਰਖ ਵਾਚਕ ਹੈ ਅਤੇ ਤ੍ਰਿਆ ਚਰਿਥ੍ ੩੪੦, ਮਥਰਾ ਨਾਮ ਹਮਾਰੈ ਰਹੈ ਦੀ ਪਹਿਲੀ 'ਤੁਕ' ਦਿਤੀ ਹੈ ਜੋ ਘੋਖਣ ਤੋਂ ਪਤਾ ਲਗਦਾ ਹੈ ਕਿ ਉਹ ਉਕਾ ਹੀ ਨਿਰਮੂਲ ਹੈ। ਪਹਿਲਾਂ ਇਸ ਤੁਕ ਵਾਲਾ ਤ੍ਰਿਜ ਚਰਿਤ੍ ੩੪੦ ਦੀ ਬਜਾਏ ੩੪੧ ਹੈ ਪਰ ਮੈਨੂੰ ਮੁੜ ਕੇ ਤਿੰਨ ਚਾਰ ਵਾਰ ਪੜ੍ਹਨ ਤੋਂ ਬਾਅਦ ਭੀ ਉਹ ਨਾਮ ਕਿਤੇ ਨਹੀਂ ਮਿਲਿਆ ਜਿਸ ਦਾ ਮਤਲਬ ਹੈ ਕਿ ਉਹ ਨਾਮ ਹੈ ਹੀ ਨਹੀਂ। ਜਿਸਦਾ ਭਾਵ ਹੈ ਕਿ ਅਸ਼ੋਕ ਜੀ ਨੇ ਪੜਤਾਲ ਕਰਨ ਦੀ ਖੇਚਲ ਨਹੀਂ ਕੀਤੀ। ਸ੍ਰੀ ਸਾਹਿਬ ਸਿੰਘ ਜੀ ਦੇ ਲਿਖੇ ਨੂੰ ਤਕ ਕੇ ਹੀ ਲਿਖ ਦਿਤਾ ਅਤੇ ਸ੍ਰੀ ਸਾਹਿਬ ਸਿੰਘ ਜੀ ਨੇ ਪਤਾ ਨਹੀਂ ਕਿਥੋਂ ਦੇਖ ਕੇ ਲਿਖ ਦਿਤਾ ਸੀ। ਮੈਂ ਉਸ ਬੀੜ ਵਿਚ ਤਕਿਆ ਹੈ ਜੋ ੧੯੫੨ ਬਿ: ਨੂੰ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਸੋਧ ਕੇ ਕਮੇਟੀ ਨੇ ਛਾਪੀ ਸੀ ਅਤੇ ਮੇਰੇ ਵਲੋਂ ਇਸ ਬੀੜ ਦੇ ਅਧਿਅਨ ਹੇਠ ਖੋਜ ਨੂੰ ਜਾਣ ਲੈਣਾ।

ਆਪ ਹਾਥੁ ਦੈ ਮੁਝੈ ਉਬਰਿਜੈ ॥ ਮਰਨ ਕਾਲ ਕਾ ਤ੍ਰਾਸ ਨਿਵਰਿਜੈ ॥
ਹੂਜੋ ਸਦਾ ਹਮਾਰੇ ਪੱਛਾ ॥ ਸ੍ਰੀ ਅਸਿਧੁਜ ਜੂ ਕਰਿਜਹੁ ਰੱਛਾ ॥ ੩੬ ॥
[ਸਫਾ ੧੩੮੬]

੫-ਅਸ਼ੋਕ ਜੀ ਇਹਨਾਂ ਪੰਗਤੀਆਂ ਦਾ ਹਵਾਲਾ ਦੇ ਕੇ ਲਿਖਦੇ ਹਨ ਕਿ ਮੁਝੈ ਔਰ ਹਮਾਰੇ ਸ਼ਬਦ ਉਤਮ ਪੁਰਖ ਨੂੰ ਪ੍ਰਗਟ ਕਰਦੇ ਹਨ, ਇਸ ਤੋਂ ਜਾਪਦਾ ਹੈ ਕਿ ਅਸ਼ੋਕ ਜੀ ਬੜੇ ਸੁਲਝੇ ਹੋਏ ਲਿਖਾਰੀ ਹਨ ਉਹਨਾਂ ਜੋ ਕੁਝ ਲਿਖਿਆ ਸ਼ੰਕਿਆਂ ਦੀ ਬਨਾ ਪਰ ਹੀ ਲਿਖਿਆ ਹੈ, ਆਪ ਦੇ ਪਾਰਖੂ ਦਿਮਾਗ ਤੋਂ ਇਹ ਸਿਧ ਹੋ ਜਾਂਦਾ ਹੈ ਕਿ ਇਹ ਸ਼ਬਦ ਦਸਮੇਸ਼ ਜੀ ਵਰਗੇ ਉਤਮ ਵਿਅਕਤੀ ਦੇ ਹੀ ਹੋ ਸਕਦੇ ਹਨ।

ਸਫਾ ਤੇਰਾਂ ਪਰ ਅਸ਼ੋਕ ਜੀ ਸ਼ੰਕਾ ਪ੍ਰਗਟ ਕਰਦੇ ਹਨ ਕਿ ਕਵੀ ਰਾਮ ਜਾਂ ਸ਼ਾਮ ਤਾਂ ਭਲਾ ਗੁਰੂ ਜੀ ਦੇ ਉਪਨਾਮ ਹੋਏ ਪਰ (ਪਰ ਕਵੀ ਕਾਲੀ ਦਾਸ ਜਾਂ ਕਾਲੀ ਚਰਨ ਇਹ ਤੀਸਰਾ ਨਾਮ ਕਿਉਂ ? ਅਸ਼ੋਕ ਜੀ ਇਹ ਤੁਹਾਨੂੰ ਸਮਝਣ ਵਿਚ ਟਪਲਾ ਲਗ ਗਿਆ ਹੈ। ਜਿਸ ਪੰਗਤੀ ਦਾ ਤੁਸੀਂ ਹਵਾਲਾ ਦਿੰਦੇ ਹੋ ਉਹ ਤੁਸੀਂ ਨਿਖੇੜ ਕੇ ਪੜ੍ਹ ਨਹੀਂ ਸਕੇ ਜੋ ਤੁਸਾਂ ਲਿਖਿਆ ਹੈ (ਸੁ ਕਵਿ ਕਲਿ ਪੂਰਨ ਭਯੋ ਤਬ ਹੀ ਕਥਾ ਪ੍ਰਸੰਗ) ਜੋ ਗਹੁ ਨਾਲ ਤਲਾਸ਼ ਕਰਨ ਤੋਂ ਪਤਾ ਲਗਦਾ ਹੈ ਕਿ ਸ: ੧੦੮੭ ਪਰ ੩੯ਪਵੇਂ ਤ੍ਰਿਆ ਚਿਤ੍ ਦ ਅੰਤ ਵਿਚ ਐਉਂ ਲਿਖਿਆ ਹੋਇਆ ਹੈ।

ਅਤਿ ਬਰ ਕੈ ਭਾਟੀ ਜੁਝਯੋ ਤਨਕ ਨ ਮੋਰਿਯੋ ਅੰਗ ॥
ਸੁਕ ਬਿਕਾਲ ਪੂਰਨ ਭਯੋ ਵਬ ਹੀਕਥਾ ਪ੍ਰਸੰਗ ॥੨੯॥੭॥

ਜਿਸ ਦਾ ਭਾਵ ਹੈ-ਕਿ ਅੰਤ ਤਕ ਭਾਟੀ (ਸੂਰਮੇ) ਬਹਾਦੁਰ ਜੁਝ ਕੇ ਲੜਦੇ ਹੋਏ ਮਰ ਗਏ ਅਤੇ

Digitized by Panjab Digital Library | www.panjabdigilib.org

ਉਸੇ ਵੇਲੇ ਭਾਵ (ਉਸੇ ਕਾਲ) ਸਮੇਂ ਇਹ ਪ੍ਰਸੰਗ ਮੁਕ ਗਿਆ (ਖਤਮ ਹੋ ਗਿਆ) ਪਰ ਅਸ਼ੋਕ ਜੀ ਨੇ ਕਕੇ ਨੂੰ ਬਬੇ ਨਾਲ ਜੋੜ ਕੇ ਇਸ ਨੂੰ (ਕਬਿ) ਅਰਥ ਬਣਾ ਲਿਆ ਪਰ ਐਉਂ ਨਹੀਂ ਹੈ। ਪਰ ਅਸ਼ੋਕ ਜੀ ਦੇ ਤਾਂ ਸਪੈਲਿੰਗ ਹੀ ਗਲਤ ਹਨ (ਯ) ਦੀ ਥਾਂ (ਅ) ਵਰਤਿਆ ਹੈ ਅਤੇ ਔਕੜ ਦੀ ਥਾਂ ਸਿਆਰੀ ਵਰਤੀ ਹੋਈ ਹੈ। ਜਿਸ ਤੋਂ ਇਹ ਸਾਬਤ ਹੁੰਦਾ ਹੈ ਕਿ ਅਸ਼ੋਕ ਜੀ ਨੇ ਲੇਖਕਾਂ ਦੇ ਲਿਖੇ ਪਰ ਹੀ ਮੱਖੀ ਤੇ ਮੱਖੀ ਮਾਰੀ ਹੈ। ਸੋ ਅਸ਼ੋਕ ਜੀ ਅਤੇ ਪਾਠਕ ਜਨ ਨੋਟ ਕਰ ਲੈਣ ਕਿ ਤੀਸਰਾ ਨਾਮ ਕਵਿ ਜਾਂ ਕਰਤਾ ਦਾ ਸ੍ਰੀ ਦਸਮ ਗ੍ਰੰਥ ਵਿਚ ਕੋਈ ਨਹੀਂ ਆਉਂਦਾ – ਜੋ ਕੋਈ ਕਾਲੀ ਦਾਸ ਜਾਂ ਕਾਲੀ ਚਰਨ ਕਵੀ ਹੁੰਦਾ ਤਾਂ ਕਿਤੇ ਨਾ ਕਿਤੇ ਹੋਰ ਥਾਂ ਭੀ ਇਹ ਨਾਮ ਆ ਜਾਂਦਾ ਪਰ ਆਦਿ ਤੋਂ ਅੰਤ ਤਕ ਕਿਤੇ ਭੀ ਨਹੀਂ ਹੈ ਜੋ ਸਿਰਫ ਮੁਕਾਲਤਾ ਹੈ ਸੀ ਹੁਣ ਸਪਸ਼ਟ ਹੋ ਚੁਕਾ ਹੈ।

੬–ਅਗੇ ਸਫਾ ੪੨ ਅਤੇ ੪੩ ਪਰ ਪੰਥ ਪ੍ਰਕਾਸ਼ ਦਾ ਹਵਾਲਾ ਦੇ ਕੇ ਲਿਖਿਆ ਹੈ ਕਿ ਆਦਿ ਗੁਰੂ ਗ੍ਰੰਥ ਸਾ: ਵਾਲੀ ਥਾਂ ਸ੍ਰੀ ਦਸਮ ਗ੍ਰੰਥ ਸਾਹਿਬ ਨੂੰ ਹਾਸਲ ਨਹੀਂ, ਇਸਦਾ ਪਿਛੇ ਨਿਖੇੜ ਕੀਤਾ ਜਾ ਚੁਕਾ ਹੈ। ਸਫਾ ੧੬ ਤੋਂ ੨੨ ਤਕ ਅਸ਼ੋਕ ਜੀ ਨੇ ਅਨੇਕ ਪ੍ਰਮਾਣ ਤੇ ਦਲੀਲਾਂ ਦਿਤੀਆਂ ਹਨ ਅਤੇ ਸ੍ਰੀ ਦਸਮ ਗ੍ਰੰਥ ਦੇ ਲਿਖਾਰੀ ਚਾਰ ਮੰਨਦੇ ਹਨ, ਜਿਵੇਂ ਕਿ (੧) ਸ੍ਰੀ ਗੋਬਿੰਦ ਸਾਹਿਬ, (੨) ਰਾਮ, (੩) ਸ਼ਾਮ, (੪) ਕਾਲੀ ਦਾਸ ਜਾਂ ਕਾਲੀ ਚਰਨ ਜੋ ਦ੍ਰਿੜਤਾ ਨਾਲ ਹਿੱਕ ਠੋਕ ਕੇ ਏਹ ਫੈਸਲਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੀ ਇਕੋ ਇਕ ਇਕਲੇ ਲਿਖਾਰੀ ਹਨ ਰਾਮ ਤੇ ਸ਼ਾਮ ਇਹਨਾਂ ਦਾ ਹੀ ਉਪ ਨਾਮ ਹਨ ਅਤੇ ਕਾਲੀ ਦਾਸ ਐਵੇਂ ਧੂੰਏ ਦਾ ਪਹਾੜ ਸੀ ਜੋ ਉਡ ਗਿਆ। ਜਿਹੜੇ ਕਈ ਗ੍ਰੰਥਕਾਰਾਂ ਦੇ ਹਵਾਲੇ ਦਿਤੇ ਹਨ, ਉਹ ਸੈਂਕੜੇ ਹੋ ਸਕਦੇ ਹਨ, ਹੋ ਸਕਦਾ ਹੈ ਉਹਨਾਂ ਦੀ ਫੌਜ ਵਿਚ ਕਿਸੇ ਸਿਖ ਦਾ ਨਾਮ ਗੋਬਿੰਦ ਸਿੰਘ ਭੀ ਹੋਵੇ ਅਜ ਸੈਂਕੜੇ ਗੋਬਿੰਦ ਸਿੰਘ ਨਾਮ ਦੇ ਗੁਰਸਿਖ ਸਾਨੂੰ ਲਭਦੇ ਹਨ, ਅਜ ਮੁਸਲਮਾਨ ਭੀ ਨਾਨਕ ਨਾਮ ਰਖੀ ਫਿਰਦੇ ਨੇ ਸਾਡਾ ਉਹਨਾਂ ਨਾਲ ਕੀ ਵਾਸਤਾ।। ਅਸਾਂ ਲੋਕਾਂ ਨੂੰ ਨਾਮ ਰੱਖਣ ਤੋਂ ਥੋੜਾ ਹੀ ਹਟਾ ਦੇਣਾ ਹੈ। ਪਰ ਮੈਨੂੰ ਇਹ ਭੀ ਦਸਣ ਦੀ ਕਿਰਪਾ ਕਰੋ–ਕਿ ਗਿ: ਭਾਗ ਸਿੰਘ ਤੇ ਹਰਾ ਸਿੰਘ ਜਾਂ ਸ਼ਮਸ਼ੇਰ ਸਿੰਘ ਜੀ ਅਸ਼ੋਕ ਅਥਵਾ ਨਿਰੰਕਾਰੀ ਮੰਡਲ ਵਾਲੇ ਮਹਾਂ ਪੁਰਸ਼ਾਂ ਨੇ ਕਿੰਨੇ ਕੁ ਗ੍ਰੰਥ ਆਪ ਲਿਖ ਕੇ ਕਿਸੇ ਮਹਾਂ ਪੁਰਸ਼ ਦੇ ਨਾਮ ਮੜੇ ਨੇ। ਫੇਰ ਸ੍ਰੀ ਦਸਮ ਗ੍ਰੰਥ ਸਾਹਿਬ ਕਿਵੇਂ ਕਵੀਆਂ ਨੇ ਲਿਖ ਕੇ ਸ੍ਰੀ ਮੁਖ ਵਾਕ ਪਾਤਸ਼ਾਹੀ ੧੦ ਲਿਖ ਦਿਤਾ ਜੋ ਫੋਕੀਆਂ ਦਲੀਲਾਂ ਦੀ ਧੁੰਧ ਬਾਜੀ ਹੈ, ਜੋ ਹਵਾ ਦੇ ਬੁਲੇ ਤਕ ਹੀ ਮਹਦੂਦ ਸੀ।

੭–ਅਸ਼ੋਕ ਸਾਹਿਬ ਪੰ: ੨੨ ਪਰ–ਪ੍ਰਸ਼ਨ ਕਰਦੇ ਹਨ ਕਿ ਦਸਮ ਗ੍ਰੰਥ ਦੀ ਅਸਲੀਅਤ ਕੀ ਹੈ? ਅਤੇ ਉਸ ਦੀ ਰਚਨਾ ਕਿਵੇਂ ਹੋਈ? ਅਤੇ ਇਸ ਪ੍ਰਸ਼ਨ ਦਾ ਉੱਤ੍ਰ ਪੂਰਾ ਪੂਰਾ ਤਦ ਹੀ ਮਿਲ ਸਕਦਾ ਹੈ ਜੇ ਦਸਮ ਗ੍ਰੰਥ ਦੇ ਲਿਖਾਰੀਆਂ ਦੀਆਂ ਹੱਥ ਲਿਖਤਾਂ ਮਿਲ ਜਾਣ ਅਤੇ ਓਹਨਾਂ ਉਤੇ ਕਵੀਆਂ ਦੇ ਜੀਵਨਾਂ ਸਹਿਤ ਕਿਤੋਂ ਪੂਰੀ ਰੌਸ਼ਨੀ ਪਵੇ। ਉੱਤ੍ਰ–ਅਸ਼ੋਕ ਸਾਹਿਬ ਦਸਮ ਗ੍ਰੰਥ ਦੇ ਕਰਤਾ ਕਵੀ ਇਕ ਹੀ ਰਹਿ ਗਏ ਹਨ। ਇਹਨਾਂ ਦੇ ਜੀਵਨਾਂ ਪਰ ਰੌਸ਼ਨੀ ਪਾਉਣ ਲਈ ਅਨੇਕਾਂ ਇਤਿਹਾਸ ਲਿਖੇ ਜਾ ਚੁਕੇ ਹਨ ਜਿਸ ਨੂੰ ਚਾਹੋ ਪੜ੍ਹ ਕੇ ਤਕ ਲਵੋ। ਬਾਕੀ ਕਵੀਆਂ ਦਾ ਮੈਦਾਨ ਹੀ ਸਾਫ ਹੈ ਉਹਨਾਂ ਦਾ ਜੀਵਨ ਤੁਹਾਨੂੰ ਨਹੀਂ ਮਿਲਣਾ। ਇਸ ਦੀ ਅਸਲੀਅਤ ਕੀ ਹੈ ਅਤੇ ਰਚਨਾ ਕਿਵੇਂ ਹੋਈ? ਇਹ ਦਸਣ ਲਈ ਜਿਸ ਸਰਬ ਸ਼ਕਤੀਵਾਨ ਨੇ ਮੇਰੇਹਥ ਵਿਚ ਕਲਮ ਫੜਾ ਕੇ ਏਸ ਪਾਸੇ ਤੋਰਿਆ ਹੈ ਉਹ ਮੈਨੂੰ ਤੁਹਾਡੇ ਇਸ ਸਵਾਲ ਦਾ ਉਤ੍ਰ ਦੇਣ ਲਈ ਭੀ ਸ਼ਕਤੀ ਬਖਸ਼ੇਗਾ। ਜੋ ਅਗੇ ਜਾਕੇ ਆਪਣੇ ਆਪ ਤੁਹਾਡੇ ਅਗੇ ਸੀਸ਼ੇ ਦੇ ਚਿਤ੍ਰ ਵਾਂਗ ਸਾਹਮਣੇ ਖੜਾ ਦਿਸੇਗਾ। ਬਾਕੀ ਹੁਣ ਪਛਾਰਾਂ ਨੂੰ ਤਕਣ ਦੀ ਸਾਨੂੰ ਲੋੜ ਨਹੀਂ ਰਹੀ, ਜਦ ਕਿ ਸ੍ਰੀ ਅਕਾਲ ਤਖਤ ਜੋ ਸਿਖਾਂ ਦਾ ਸਚ ਖੰਡ ਹੈ ਦੀ ਕਮੇਟੀ ਨੇ ਸੋਧ ਕਰਕੇ ਬੀੜ ਦੇ ਰੂਪ ਵਿਚ ਸਾਡੇ ਸਾਹਮਣੇ

Digitized by Panjab Digital Library | www.panjabdigilib.org

ਲੈ ਆਂਦੀ। ਜੇ ਅਸੀਂ ਹੁਣ ਭੀ ਬੇ-ਵਿਸ਼ਵਾਸੀ ਕਰਾਂਗੇ ਤਾਂ ਸ੍ਰੀ ਅਕਾਲ ਤਖਤ ਦੀ ਹੁਕਮ ਅਦੂਲੀ ਤੇ ਨਿਰਾਦਰੀ ਦੇ ਜ਼ਿੰਮੇਵਾਰ ਹੋਵਾਂਗੇ।

ਇਸ ਤੋਂ ਅਗੇ ਆਪ ਲਿਖਦੇ ਹਨ, ਖੋਜ ਦੇ ਸਾਧਨਾਂ ਦੀ ਅਣਹੋਂਦ ਕਰਕੇ ਅਤੇ ਸਰਹੀਅਤ ਦੇ ਵਿਦਿਅਕ ਵਾਯੂ ਮੰਡਲ ਤੋਂ ਦੂਰ ਹੋਣ ਦੇ ਕਾਰਨ ਮੈਂ ਇਸ ਨਿਕੀ ਜਿਹੀ ਪ੍ਰਚੋਲ ਵਿਚ ਕੋਈ ਬਹੁਤੀ ਵਾਕਫੀ ਨਹੀਂ ਦੇ ਸਕਿਆ ਤੇ ਅਸਲੀਅਤ ਨੂੰ ਲਭਣ ਲਈ ਮੈਨੂੰ ਕੁਝ ਦਸਮ ਗ੍ਰੰਥ ਦੇ ਅੰਦਰੋਂ ਅਤੇ ਕੁਝ ਬਾਹਰੋਂ ਮਹਿਮਾ ਪ੍ਰਕਾਸ਼ ਆਦਿ ਪੁਸਤਕਾਂ ਤੋਂ ਹੀ ਸਹਾਇਤਾ ਲੈਣੀ ਪਈ ਹੈ ਪਰ ਫੇਰ ਭੀ ਜੇ ਨਿਰਪੱਖ ਵਿਚਾਰ ਤੋਂ ਕੰਮ ਲਿਆ ਜਾਵੇ ਤਾਂ ਇਹ ਪੜਚੋਲ ਖੋਜ ਅਤੇ ਸਚਾਈ ਤੋਂ ਬਾਹਰ ਪਰਤੀਤ ਨਹੀਂ ਹੋਵੇਗੀ। ਮੈਨੂੰ ਪੂਰੀ ਆਸ ਹੈ ਕਿ ਮੇਰੇ ਇਹ ਵਿਚਾਰ ਦਸਮ ਗ੍ਰੰਥ ਬਾਬਤ ਪੰਥਕ ਦੁਨੀਆਂ ਵਿਚ ਕਿਸੇ ਨਾ ਕਿਸੇ ਦਿਨ ਜ਼ਰੂਰ ਖੋਜ ਲਹਿਰ ਪੈਦਾ ਕਰਨਗੇ ਤੇ ਸਿਖ ਪਰਮਾ ਬਲੰਬੀ ਇਸ ਤਰ੍ਹਾਂ ਹਨੇਰੇ ਵਿਚ ਨਹੀਂ ਰਹਿਣਗੇ।

ਅਸ਼ੋਕ ਜੀ ਦੇ ਇਸ ਹਲੂਣੇ ਦੇ ਪੈਣ ਨਾਲ ਅਤੇ ਗਿ: ਭਾਗ ਸਿੰਘ ਦੇ ਸਾਡੇ ਸਤਕਾਰ ਜੋਗ ਸ੍ਰੀ ਦਸਮ ਗ੍ਰੰਥ ਜੋ ਸਾਡਾ ਧਾਰਮਿਕ ਮੁਤਬਰਕ ਅਤੇ ਗੁਰਮਤ ਦਾ ਗ੍ਰੰਥ ਸਾਹਿਬ ਹੈ, ਇਸ ਤੇ ਚਿਕੜ ਹੀ ਨਹੀਂ ਗੰਦ ਛਿੜਕਣ ਕਰਕੇ ਹੀ ਮੇਰੇ ਮਨ ਤੇ ਨਾ ਸਹਿਨ ਕਰਨ ਵਾਲੀ ਸੱਟ ਵਜੀ, ਜਿਸ ਨੇ ਟੁੰਬ ਕੇ ਨਹੀਂ ਗੰਦ ਛਿੜਕਣ ਕਰਕੇ ਹੀ ਮੇਰੇ ਮਨ ਤੇ ਨਾ ਸਹਿਨ ਕਰਨ ਵਾਲੀ ਸੱਟ ਵਜੀ, ਜਿਸ ਨੇ ਟੁੰਬ ਕੇ ਨਾ ਯੋਗਤਾ ਹੁੰਦੇ ਹੋਇਆਂ ਭੀ ਇਸ ਰਸਤੇ ਗੁਰੂ ਦੀ ਆਸ ਤੇ ਹੀ ਤੁਰਨਾ ਚੰਗਾ ਜਾਣਿਆ। ਜਿੱਥੇ ਤਕ ਮੈਂ ਪੁਜ ਸਕਾਂਗਾ ਪੁਜਣ ਦਾ ਜਤਨ ਕਰਾਂਗਾ, ਜਿਸ ਨੇ ਮੈਨੂੰ ਇਸ ਪਾਸੇ ਤੋਰਿਆ ਹੈ ਉਹ ਆਪਣੀ ਆਪ ਲਾਜ ਰਖੇਗਾ, ਅਸ਼ੋਕ ਲਈ ਇਹ ਨਿਕੀ ਜਿਹੀ ਖੋਜ ਹੈ ਪਰ ਮੇਰੇ ਲਈ ਬਹੁਤ ਵੱਡਾ ਪਹਾੜ ਹੈ; ਮੈਂ ਆਸ ਰਖਦਾ ਹਾਂ ਕਿ ਜੇ ਮੈਥੋਂ ਉੱਣਤਾਈ ਰਹਿ ਗਈ ਉਹ ਪੰਥ ਪੂਰੀ ਕਰ ਲਵੇਗਾ। ਹੁਣ ਤਕ ਕੁਝ ਅੰਦਰੋਂ ਤੇ ਕੁਝ ਬਾਹਰੋਂ ਭੀ ਉਦਾਹਰਣਾਂ ਵਰਤੀਆਂ ਗਈਆਂ ਹਨ ਪਰ ਹੁਣ ਅਗੇ, ਅੰਦਰ ਤੋਂ ਹੀ ਗੋਤਾ ਮਾਰ ਕੇ ਲਭਣਾ ਪਵੇਗਾ ਜੋ ਗੁਰੂ ਸਾਹਿਬ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਰਚਨਾ ਕਿਉਂ ਕੀਤੀ, ਅਥਵਾ ਕਿਵੇਂ ਕੀਤੀ ? ਇਹ ਸਾਰੇ ਪ੍ਰਸ਼ਨਾਂ ਦੇ ਉੱਤ੍ਰ ਸ੍ਰੀ ਦਸਮੇਸ਼ ਜੀ ਆਪ ਹੀ ਆਪਣੀ ਰਚੀ ਬਾਣੀ ਦੁਆਰਾ ਪ੍ਰਗਟ ਕਰਦੇ ਹਨ।

ਪਰ ਅਸ਼ੋਕ ਜੀ ਸਫਾ ੧੪ ਪਰ ਮਹਿਮਾ ਪ੍ਰਕਾਸ਼ ਗ੍ਰੰਥ ਦਾ ਹਵਾਲਾ ਦੇ ਕੇ ਕਹਿੰਦੇ ਹਨ ਕਿ ਰਾਮ ਤੇ ਸ਼ਾਮ ਤੇ ਹੋਰ ਕਈ ਪੰਡਿਤ ਕਵੀ ਗੁਰੂ ਜੀ ਨੇ ਕਾਂਸ਼ੀ ਤੋਂ ਮੰਗਵਾਏ ਸਨ ਅਤੇ ਉਹਨਾਂ ਨੂੰ ਹੁਕਮ ਦਿਤਾ ਸੀ ਕਿ ਤ੍ਰਿਯਾ ਚਰਿਤ੍ਰ ਲਿਖੋ ਪੁਰਾਣਾਂ ਅਨੁਸਾਰ, ਜਦੋਂ ਕਵੀਆਂ ਨੇ ਉਹ ਗ੍ਰੰਥ ਲਿਖ ਕੇ ਸ੍ਰੀ ਦਸਮੇਸ਼ ਜੀ ਨੂੰ ਸੁਣਾਇਆ ਤਾਂ ਆਪ ਬੜੇ ਪ੍ਰਸੰਨ ਹੋਏ ਅਤੇ ਗੁਰਮੁਖੀ ਦੇ ਲਿਖਾਰੀ ਉਹਨਾਂ ਨੂੰ ਨਾਲ ਦਿਤੇ ਸਨ ਜੋ ਗੁਰਮੁਖੀ ਵਿਚ ਉਤਾਰਾ ਕਰਨ ਪਰ ਹੁਣ ਜੇ ਇਹ ਮੰਨ ਹੀ ਲਿਆ ਜਾਵੇ ਤਾਂ ਉਹ ਇਸ ਦਲੀਲ ਦਾ ਉੱਤ੍ਰ ਦੇਣ ਕਿ ਜਦ ਸਾਡੇ ਪ੍ਰਬੀਨ ਸਤਿਗੁਰੂ ਆਪਣਾ ਹੁਕਮ ਦੇ ਕੇ ਅਤੇ ਬਨਾਰਸ ਆਦਿ ਤੋਂ ਵਿਦਵਾਨ ਬੁਲਾ ਕੇ ਇਹ ਬਾਣੀ ਲਿਖਵਾਂਦੇ ਹਨ ਅਤੇ ਫੇਰ ਸੁਣਦੇ ਹਨ ਅਥਵਾ ਸੁਣਕੇ ਪ੍ਰਸੰਨ ਹੁੰਦੇ ਹਨ ਤਾਂ ਹੁਣ ਸਾਨੂੰ ਕੀ ਹੱਕ ਹੈ ਉਸ ਤੇ ਟਿਪਣੀ ਜਾਂ ਅਲੋਚਨਾ ਕਰਨ ਦਾ। ਕੀ ਆਪ ਸ੍ਰੀ ਦਸਮੇਸ਼ ਜੀ ਨਾਲੋਂ ਚਤ੍ਰ ਬਣ ਕੇ ਉਹਨਾਂ ਦੀ ਇਹ ਗਲਤੀ ਫੜਕੇ-ਗੁਰੂ ਨਾ ਸਮਝ ਤੇ ਆਪ ਨੂੰ ਪੂਰੇ ਜਾਣ ਕੇ ਵਿਰੋਧੀ ਲੇਖ ਲਿਖ ਕੇ ਗੁਸਤਾਖੀ ਤੋਂ ਬਚ ਜਾਂਵਾਂਗੇ।

-o-

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾਗ ੭ ॥ ਅਧਜ ੨ ॥ ਅਲੋਚਨਾਮਕ ॥
ਸ੍ਰੀ ਗੁਰੂ ਦਸਮ ਗ੍ਰੰਥ ਸਾ: ਦੇ ਨਿਰਣੇ ਦਾ ਨਿਰਨਾ ॥ ਪ੍ਰਕਰਣ ਨੰ: ੩ ॥ ੧੮ ॥ ੧੨੫ ॥

ਅਕਾਲ ਉਸਤਤਿ

੧-ਜਾਪੁ ਸਾਹਿਬ ਤੋਂ ਅਗੇ ਸਫਾ ੧੧ ਤੋਂ ਅਕਾਲ ਉਸਤਤਿ ਦਾ ਆਰੰਭ ਹੁੰਦਾ ਹੈ ਅਤੇ ਉਥੇ ਐਨ ਸਾਫ ਲਿਖਿਆ ਹੈ :- **ਉਤਾਰ ਖਾਸੇ ਦਸਖਤ ਕਾ ਪਾਤਸ਼ਾਹੀ ੧੦ ॥** ਜਿਸ ਦਾ ਭਾਵ ਹੈ ਕਿ ਹਜ਼ੂਰ ਸਾਹਿਬ ਦੇ ਸ਼ੁਭ ਕਰ ਕੰਵਲਾਂ ਨਾਲ ਲਿਖੇ ਦਾ ਉਤਾਰਾ ਕੀਤਾ ਹੈ ਅਤੇ ਭਾਈ ਮਨੀ ਸਿੰਘ ਜੀ ਲਿਖਾਰੀ ਸਨ ਜੋ ਅਗੇ ਲਿਖਦੇ ਹਨ । (ਆਗੈ ਲਿਖਾਰੀ ਕੇ ਦਸਖਤ) ਜਿਸ ਦਾ ਭਾਵ ਹੈ ਕਿ ਆਰੰਭ ਵਿਚ ਸਾਹਿਬਾਂ ਆਪਣੇ ਕਰ-ਕੰਵਲਾਂ ਨਾਲ ਆਰੰਭ ਕੀਤਾ ਤੇ ਅਗੇ ਗੁਰੂ ਜੀ ਲਿਖਾ ਰਹੇ ਹਨ ਅਤੇ ਭਾਈ ਮਨੀ ਸਿੰਘ ਜੀ ਲਿਖਾਰੀ ਲਿਖ ਰਹੇ ਸਨ ਅੜੇ ਇਸ ਬਾਣੀ ਨੂੰ ਪੜ੍ਹੋ ਤਾਂ ਵਿਚੋਂ ਨੂਰੀ ਸਤਿਗੁਰਾਂ ਦਾ ਸਾਮਰਤਖ ਨੂਰ ਡੁਲ ਡੁਲ ਪੈਂਦਾ ਦਿਸੇਗਾ।

ਜਿਵੇਂ ਕਿ-**ਅਕਾਲ ਪੁਰਖ ਕੀ ਰਛਾ ਹਮਨੈ ॥ ਸਰਬ ਲੋਹ ਕੀ ਰਛਿਆ ਹਮਨੈ ॥**
ਸਰਬ ਕਾਲ ਜੀ ਦੀ ਰਛਿਆ ਹਮਨੈ ॥ ਸਰਬ ਲੋਹ ਜੀ ਦੀ ਸਦਾ ਰਛਾ ਹਮਨੈ ॥

ਜਿਸ ਦਾ ਭਾਵ ਹੈ-ਮੈਂ ਉਸ ਅਕਾਲ ਪੁਰਖ ਤੋਂ ਰਛਾ ਮੰਗਦਾ ਹਾਂ ਅਤੇ ਉਹ ਅਕਾਲ ਪੁਰਖ ਜਿਸ ਨੂੰ ਹੋਰ ਕੋਈ ਕਟ ਜਾਂ ਛੇਦ ਨਹੀਂ ਸਕਦਾ, ਜਿਵੇਂ ਲੋਹੇ ਨੂੰ ਹੋਰ ਧਾਤ ਨਹੀਂ ਕਟ ਸਕਦੀ, ਇਸੇ ਲਈ ਸਰਬ ਲੋਹ ਸਰਬ ਤੋਂ ਆਕੀ ਅਕਾਲ ਪੁਰਖ ਤੋਂ ਮੈਂ ਰਛਾ ਮੰਗਦਾ ਹਾਂ ਜੋ ਸਭ ਤੋਂ ਵਡਾ ਹੈ ਅਤੇ ਸੁਤਾ ਪ੍ਰਕਾਸ਼ ਹੈ, ਸਰਬ ਵਿਆਪਕ ਹੈ ਜੋ ਲੋਹੇ ਵਾਂਗ ਸਖਤ ਹੈ ਅਤੇ ਲੋਹੇ ਦੀ ਛੈਣੀ ਵਾਂਗ ਸਭ ਦਾ ਖੈ ਕਰਦਾ ਹੈ। ਸਰਬ-ਭਾਵ ਜੋ ਸ੍ਰਬ ਕਾਲ ਇਕ ਰਸ ਇਕ ਰੂਪ ਰਹਿਣ ਵਾਲਾ ਅਕਾਲ ਪੁਰਖ ਹੈ ਅਤੇ ਫੇਰ ਮੁੜ ਕੇ ਦੁਹਰਾਉਂਦੇ ਹਨ, (**ਸਰਬ ਲੋਹ ਜੀ ਦੀ ਸਦਾ ਰੱਛਾ ਹਮਨੈ**) ਸਰਬ ਮੰਡਲ ਸਰਬ ਦਾ ਆਸਰਾ ਹੈ ਉਸ ਦੀ ਮੈਨੂੰ ਸਦਾ ਹੀ ਰਛਾ ਚਾਹੀਦੀ ਹੈ।

ਚੌਪਈ-ਪ੍ਰਣਵੋ ਆਦਿ ਏਕੰ ਕਾਰਾ ॥ ਜਲ ਥਲ ਮਹੀਅਲ ਕੀਓ ਪਸਾਰਾ ॥
ਆਦਿ ਪੁਰਖ ਅਬਗਤ ਅਬਿਨਾਸੀ ॥ ਲੋਕ ਚੱਤੁ ਦਸ ਜੋਤਿ ਪ੍ਰਕਾਸੀ ॥ ੧ ॥

ਜੇ ਕਿਸੇ ਨੂੰ ਉਪ੍ਰੋਕਤ ਕੀਤੇ ਅਰਥਾਂ ਵਿਚ ਕੋਈ ਸੰਕਾ ਹੋਵੇ ਤਾਂ ਇਸ ਚੌਪਈ ਨਾਲ ਮੇਲ ਲਵੇ ਜੋ ਉਸੇ ਨੂੰ ਦੁਹਰਾਉਂਦੇ ਹਨ ਜਿਵੇਂ (੧ੴ ਸਤਿਗੁਰ ਪ੍ਰਸਾਦਿ) ਦਾ ਅਰਥ ਪਹਿਲੀ ਪਉੜੀ ਪੂਰਾ ਕਰਦੀ ਹੈ ਐਨ ਉਸੇ ਤਰ੍ਹਾਂ ਉਪਰ ਵਾਲੇ ਸਲੋਕ ਦਾ ਇਹ ਖੁਲਾਸਾ ਹੈ । ਜੁ ਗੁਰੂ ਜੀ ਕਹਿੰਦੇ ਹਨ ਕਿ ਮੈਂ ਨਮਸਕਾਰ ਕਰਦਾ ਹਾਂ ੧ੴਅੰਕਾਰ ਨੂੰ ਜਿਸ ਦਾ ਜਲ ਤੇ ਥਲ, ਧਰਤੀ ਤੇ ਪਾਣੀ ਵਿਚ (੮੪੦੦੦੦੦) ਚੁਰਾਸੀ ਲੱਖ ਜੀਅ ਜੂਨ ਪੈਦਾ ਕਰ ਕੇ ਆਪ ਵਿਚ ਵਸ ਰਿਹਾ ਹੈ ਅਤੇ ਉਹ ਪਹਿਲਾ ਪੁਰਖ ਜਿਸ ਦੀ ਗਤਿ ਜਾਨਣ ਤੋਂ ਬਾਹਰ ਹੈ ਅੜੇ ਨਾਸ ਕਿਸੇ ਨਾਲ ਨਹੀਂ ਹੁੰਦਾ ਅਤੇ ਇਸ ਦੀ ਜੋਤਿ ਚਾਰੇ ਵਰਗਾਂ ਅਤੇ ਦਿਸ਼ਾ ਦਿਸਾਂ ਵਿਚ ਚਮਕ ਰਹੀ ਹੈ। ਮੈਂ ਕੁਝ ਟੂਕਾਂ ਹੀ ਦੇਣੀਆਂ ਹਨ, ਕਿਉਂਕਿ ਮੈਂ ਕੋਈ ਟੀਕਾ ਨਹੀਂ ਲਿਖਣਾ, ਬਾਕੀ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜ੍ਹਕੇ ਵੀਚਾਰ ਕਰ ਸਕਦੇ ਹੋ।

Digitized by Panjab Digital Library | www.panjabdigilib.org

ਅਨਹਦ ਰੂਪ ਅਨਾਹਦ ਬਾਨੀ ॥ ਚਰਨ ਸ਼ਰਨ ਜਿਹ ਬਾਤ ਭਵਾਨੀ ॥
ਬ੍ਰਹਮਾ ਬਿਸਨ ਅੰਤ ਨਹਿੰ ਪਾਇਓ ॥ ਨੇਤ ਨੇਤ ਮੁਖ ਚਾਰ ਬਤਾਇਓ ॥੫॥

ਹੇ ਅਕਾਲ ਪੁਰਖ ਤੇਰਾ ਰੂਪ ਹਦ ਤੋਂ ਪਰੇ ਹੈ ਅਤੇ ਤੇਰੀ ਬਾਣੀ ਦਾ ਵੀ ਹਦ ਬੰਨਾ ਨਹੀਂ ਹੈ, ਏਥੇ ਭਵਾਨੀ ਲਛਮੀ ਦੀ ਵਾਚਕ ਹੈ, ਕਿਉਂਕਿ ਲਛਮੀ ਉਸ ਦੇ ਚਰਨਾਂ ਵਿਚ ਵਸਦੀ ਦਸੀ ਜਾਂਦੀ ਹੈ- ਬ੍ਰਹਮਾ ਵਿਸ਼ਨੂੰ ਤੇ ਸ਼ਿਵਜੀ ਭੀ ਤੇਰਾ ਅੰਤ ਨਹੀਂ ਪਾ ਸਕੇ ਅਤੇ ਬੇਦਾਂ ਨੇ ਵੀ ਪਰੇ ਤੋਂ ਪਰੇ ਕਿਹਾ ਹੈ।

ਕੋਟਿ ਇੰਦ੍ਰ ਉਪ ਇੰਦ੍ਰ ਬਨਾਏ ॥ ਬ੍ਰਹਮਾ ਰੁਦ੍ਰ ਉਪਾਇ ਖਪਾਇ ॥
ਲੋਕ ਚਤ੍ਰ ਦਸ ਖੇਲ ਰਚਾਇਓ ॥ ਬਹੁਰ ਆਪ ਹੀ ਬੀਚ ਮਿਲਾਇਓ ॥ ੧ ॥

ਕ੍ਰੋੜਾਂ ਹੀ ਇੰਦ੍ਰ ਤੇ ਉਪ ਇੰਦ੍ਰ ਬਣਾਏ ਹਨ ਅਤੇ ਏਨੇ ਹੀ ਬ੍ਰਹਮਾ ਤੇ ਸ਼ਿਵਜੀ ਪੈਦਾ ਕਰ ਕੇ ਮਾਰ ਸੁਟੇ ਨੇ ਚੌਂਦਾਂ ਲੋਕਾਂ ਵਿਚ ਆਪਣਾ ਖੇਲ ਰਚਾਇਆ ਹੋਇਆ ਹੈ, ਫੇਰ ਆਪਣੇ ਵਿਚ ਹੀ ਲੈ (ਮਿਲਾ) ਲੈਂਦਾ ਹੈ । ਏਥੇ ਇਹ ਗਲ ਨੋਟ ਕਰਨ ਵਾਲੀ ਹੈ ਕਿ ਦਸਮ ਗ੍ਰੰਥ ਸਫਾ ੭ ਵਿਚ ਸ੍ਰੀ ਦਸਮੇਸ਼ ਜੀ ਨੇ ਅਕਾਲ ਪੁਰਖ ਦੇ ਖੇਡ ਦੀ ਰੀਲ ਖਿਚੀ ਹੈ ਜੋ ਚਾਰ ਵਰਗਾਂ ਵਿਚ ਵੰਡ ਕੇ ਇਕ ਅਸਚਰਜ ਖੇਲ ਨੂੰ ਦਿਖਾ ਰਹੇ ਹਨ ।

ਸਭ ਕੋ ਕਾਲ ਸਭਨ ਕੋ ਕਰਤਾ ॥ ਰੋਗ ਸੋਗ ਦੋਖਨ ਕੋ ਹਰਤਾ ॥
ਏਕ ਚਿੱਤ ਜਿਹ ਇਕ ਛਿਨ ਧਿਆਇਓ ॥ ਕਾਲ ਫਾਸ ਕੇ ਬੀਚ ਨ ਆਇਓ ॥੧੦॥

ਕਾਲ ਹੀ ਸਭ ਨੂੰ ਉਪਾਉਂਦਾ ਹੈ ਅਤੇ ਕਾਲ ਹੀ ਸਭ ਨੂੰ ਖਾਪਨਹਾਰਾ ਹੈ ਅਤੇ ਉਹੀ ਸਾਡੇ ਦੁਖ ਰੋਗਾਂ ਨੂੰ ਟਾਰ ਸਕਦਾ ਹੈ ਪਰ ਜਦੋਂ ਅਸੀਂ ਉਸ ਨੂੰ ਭੁਲ ਜਾਂਦੇ ਹਾਂ ਤਾਂ ਕਾਲ ਦੀ ਝਪਟ ਸਾਨੂੰ ਸਹਿਣੀ ਹੀ ਪਏਗੀ, ਪਰ ਜੇਕਰ ਇਕ ਚਿਤ ਹੋਕੇ ਅਸੀਂ ਉਸ ਨੂੰ ਯਾਦ ਕਰੀਏ ਜਾਂ ਰਖੀਏ ਤਾਂ ਕਾਲ ਦੀ ਫਾਹੀ ਤੋਂ ਬਚ ਸਕਦੇ ਹਾਂ ।

੨-ਆਪ ਨੇ ਸ਼੍ਰੀ ਗੁਰੂ ਦਸਮ ਗ੍ਰੰਥ ਸਾਹਿਬ ਵਿਚ ਏਸੇ ਹੀ ਖੇਲ ਤਮਾਸ਼ੇ ਨੂੰ ਦਿਖਾਇਆ ਹੈ ਕਿ ਕਿਵੇਂ ਆਪਣੇ ਉਪਾਸ਼ਕ ਦੇਵਤਿਆਂ ਦੀ ਰਖਿਆ ਕੀਤੀ ਅਤੇ ਕਿਵੇਂ ਉਹਨਾਂ ਦੇ ਦੋਖੀ ਦੈਂਤਾਂ ਦਾ ਸਤਿਆ ਨਾਸ ਕੀਤਾ ਅਤੇ ਉਹਨਾਂ ਤੋਂ ਕਿਵੇਂ ਧਰਤੀ ਨੂੰ ਵਿਹਲੀ ਕੀਤਾ ਸੀ ਅਤੇ ਜਦੋਂ ਦੇਵਤੇ ਮਾਣ ਤੇ ਹੰਕਾਰ ਵਿਚ ਆਉਂਦੇ ਦਿਸਦੇ ਹਨ ਤਾਂ ਦੈਂਤਾਂ ਨੂੰ ਬਲ ਬਖਸ਼ ਕੇ ਉਹਨਾਂ ਦਾ ਹੰਕਾਰ ਚੂਰ ਚੂਰ ਕਰ ਦਿੰਦਾ ਹੈ ਅਤੇ ਜਦੋਂ ਫੇਰ ਦੈਂਤ ਅੱਤ ਚੁਕ ਲੈਂਦੇ ਹਨ ਤਾਂ ਆਪ ਕਿਸੇ ਨਾ ਕਿਸੇ ਰੂਪ ਵਿਚ ਆ ਕੇ ਸੰਤਾਂ ਭਗਤਾਂ ਅਤੇ ਦੇਵਤਿਆਂ ਦੀ ਰਖਿਆ ਭੀ ਕਰਦਾ ਹੈ ।

(ਕਹੂੰ ਮਹਾ ਰਾਜਨ ਕੋ ਦੀਜਤ ਅਨੰਤ ਦਾਨ ॥ ਕਹੂ ਮਹਾਰਾਜ ਤੇ ਛੀਨ ਛਿਨ ਲੇਤ ਹੋ)

ਜਦੋਂ ਕਰਤਾਰ ਸਾਨੂੰ ਕੁਝ ਬਖਸ਼ ਦਿੰਦਾ ਹੈ ਤਾਂ ਅਸੀਂ ਭਟਕ ਜਾਂਦੇ ਹਾਂ ਅਤੇ ਆਪੋ ਆਪਣੇ ਵਖੋ ਵਖਰੇ ਪੈਂਡੇ ਜ਼ੂਰ ਪੈਂਦੇ ਹਾਂ । ਜੇ ਇਕ ਪੂਰਬ ਵਲ ਮੂੰਹ ਕਰਦਾ ਹੈ ਤਾਂ ਦੂਜਾ ਪਛਮ ਨੂੰ ਤੇ ਤੀਜਾ ਕਿਸੇ ਹੋਰ ਹੀ ਪਾਸੇ ਨੂੰ, ਜਿਵੇਂ ਕਿ-

ਕਹੂ ਬੇਦ ਰੀਤ ਕਹੂ ਤਾਸਿਉ ਬਿਪਰੀਤਿ ਕਾਹੂੰ ਤ੍ਰਿਗੁਨ ਅਤੀਤ ਕਹੂੰ ਸਰਗੁਨ ਸਮੇਤ ਹੇ ॥੩॥੧੩॥

ਭਾਵੇਂ ਸਾਰਿਆਂ ਵਿਚ ਉਹ ਆਪ ਹੀ ਵਰਤ ਰਿਹਾ ਹੈ ਪਰ ਅਸੀਂ ਫੇਰ ਭੀ ਇਸ ਅਵਸਥਾ ਨੂੰ ਸਮਝਣਾ ਹੈ।

Digitized by Panjab Digital Library | www.panjabdigilib.org

ਕਹੂ ਬੇਦ ਬਾਨੀ ਕਹੂੰ ਕੋਕ ਕੀ ਕਹਾਨੀ ਕਹੂੰ ਰਾਜਾ ਕਹੂੰ ਰਾਨੀ ਕਹੂੰ ਨਾਰ ਕੇ ਪ੍ਰਕਾਰ ਹੋ ॥

ਭਾਵ-ਕੋਈ ਬੇਦ ਰੀਤੀ ਕਰ ਰਿਹਾ ਹੈ, ਕੋਈ ਬੇਦਾਂ ਵਲ ਪਿਠ ਕਰਕੇ ਖੜਾ ਹੈ, ਕਿਤੇ ਤਿੰਨੇ ਗੁਣਾਂ ਤੋਂ ਬਾਹਰ ਹੈ ਅਤੇ ਕਿਤੇ ਸਰਗੁਣ ਦਾ ਹੀ ਉਪਾਸ਼ਕ ਹੋ ਰਿਹਾ ਹੈ, ਕੋਈ ਕਾਮੀ ਕਾਮ ਗ੍ਰਹਸਤ ਹੋ ਕੇ ਕਾਮ ਕਲਾ ਦਾ ਹੀ ਪਾਠ ਕਰਦਾ ਹੈ, ਕਿਤੇ ਰਾਜੇ ਦੇ ਰੂਪ ਵਿਚ ਹੈ ਅਥਵਾ ਕਿਤੇ ਰਾਣੀ ਦੇ ਰੂਪ ਵਿਚ ਪਰ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਇਹ ਸਭ ਕੁਝ ਦ੍ਰਿਸ਼ਟਾਂਤ ਤੇ ਸਾਖੀਆਂ ਨਾਲ ਸਮਝਾਇਆ ਹੈ ਕਿ ਰਾਜੇ ਰਾਣੀਆਂ ਹੋ ਕੇ ਵਿਦਿਆ ਪੜ੍ਹ ਕੇ ਭੀ ਜੀਵ ਇਕ ਅਕਾਲ ਨੂੰ ਨਹੀਂ ਜਾਣ ਸਕਿਆ ਤਾਂ ਇਕ ਕੱਖ ਦੇ ਮੁੱਲ ਦਾ ਭੀ ਨਹੀਂ।

ਸ੍ਰੀ ਭਗਵਾਨ ਕੀ ਭਾਇ ਕ੍ਰਿਪਾਹੂੰਤੇ-ਏਕ ਰਤੀ ਬਿਨੁ ਏਕ ਰਤੀ ਕੇ ॥ ੧ ॥ ੨੧ ॥

ਅੰਤ ਇਹ ਹੀ ਦਸਮੇਸ਼ ਜੀ ਨੇ ਨਕਸ਼ਾ ਖਿੱਚ ਕੇ ਸਾਹਮਣੇ ਰਖਿਆ ਹੈ ਕਿ ਜਿਸ ਕੋਲ ਮਾਲਕ ਦੀ ਕ੍ਰਿਪਾ ਦੀ ਇਕ ਰੱਤੀ ਨਹੀਂ ਹੈ, ਉਹ ਤਾਂ ਇਕ ਰੱਤੀ ਦੇ ਮੁਲ ਜਾਂ ਭਾਰ ਦਾ ਨਹੀਂ ਹੈ। ਕਿਉਂਕਿ ਮਾਲਕ ਇਕੋ ਹੈ ਬਾਕੀ ਸਭ ਹੀ ਉਸ ਨੂੰ ਸਿਰ ਨਿਵਾਉਣ ਵਾਲੇ ਹੀ ਹਨ।

ਸਾਹਿਬ ਸ੍ਰੀ ਸਭਕੋ ਸਿਰ ਨਾਇਕ, ਜਾਚਕ ਅਨੇਕ ਸੁ ਏਕ ਦਿਵੱਯਾ ॥ ੧ ॥ ੨੧ ॥
ਅਗੇ ਬ੍ਰਹਮ ਮਹੇਸ ਬਿਸਨ ਸਚੀ ਪਤ ਅੰਤ ਫਸੇ ਜਮ ਫਾਸ ਪਰੈ ਗੇ ॥
ਜੇ ਨਰ ਸ੍ਰੀ ਪਤਿ ਕੇ ਪ੍ਰਸ ਹੈ ਪਗ ਤੇ ਨਰ ਫੇਰ ਨ ਦੇਹ ਧਰੈ ਗੇ ॥ ੮ ॥ ੨੮ ॥

ਬ੍ਰਹਮਾ ਤੇ ਸ਼ਿਵਜੀ ਅਥਵਾ ਵਿਸਨੂੰ ਭਗਵਾਨ ਅਤੇ ਇੰਦ੍ਰ ਦੇਵਤਿਆਂ ਦਾ ਬਾਦਸ਼ਾਹ ਇਹ ਸਭ ਅੰਤ ਨੂੰ ਕਾਲ ਦੇ ਵਸ ਪੈਂਦੇ ਹਨ, ਪਰ ਜਿਹੜੇ ਮਨੁਖ ਮਾਇਆ ਪਤਿ ਮਹਾਂ ਕਾਲ ਦੇ ਚਰਨੀਂ ਲਗ ਜਾਂਦੇ ਨੇ ਉਹ ਜਨਮ ਮਰਨ ਤੋਂ ਰਹਿਤ ਹੋ ਜਾਂਦੇ ਹਨ।

ਏਕ ਸਿਵ ਭਏ ਏਕ ਗਏ ਏਕ ਫੇਰ ਭਏ ਰਾਮ ਚੰਦ ਕ੍ਰਿਸਨ ਕੇ ਅਵਤਾਰ ਭੀ ਅਨੇਕ ਹੈਂ ॥
ਬ੍ਰਹਮਾ ਅਰੁ ਬਿਸਨ ਕੇਤੇ ਬੇਦ ਔ ਪੁਰਾਨ ਕੇਤੇ ਸਿੰਮ੍ਰਿਤ ਸਮੂਹਨ ਕੈ ਹੁਇ ਹੁਇ ਬਤਾਏ ਹੈਂ ॥੭॥੭੭॥

ਜੋ ਲੋਕ ਕਹਿੰਦੇ ਹਨ ਕਿ ਸ੍ਰੀ ਦਸਮੇਸ਼ ਗ੍ਰੰਥ ਸਾਹਿਬ ਵਿਚ ਹਿੰਦੂ ਮਤ ਜਾਂ ਦੇਵਤਿਆਂ ਅਥਵਾ ਦੇਵੀ ਆਦਿ ਦਾ ਪ੍ਰਚਾਰ ਕਰਿਆ ਹੋਇਆ ਹੈ, ਉਹ ਭੁਲ ਵਿਚ ਹਨ। ਗੁਰੂ ਸਾਹਿਬ ਨੇ ਕਿਸੇ ਦੀ ਉਕੀ ਕਾਣ ਨਹੀਂ ਰਖੀ, ਐਨ ਨਿਸ਼ੰਗ ਹੋ ਕੇ ਲਿਖਿਆ ਹੈ ਜੋ ਭੀ ਲਿਖਿਆ ਹੈ। ਪਰ ਜਿਥੇ ਇਤਿਹਾਸ ਦੀ ਰੌਸ਼ਨੀ ਪਾ ਕੇ ਸਮਝਾਇਆ ਹੈ, ਉਥੇ ਹਰ ਮਹਾਂ ਪੁਰਸ਼ ਦੀ ਇਜ਼ਤ ਤੇ ਸਤਕਾਰ ਹੈ ਕਾਇਮ ਰਖਿਆ ਹੈ। ਗੁਰਦੇਵ ਇਕ ਬੜੇ ਹੀ ਪ੍ਰਬੀਨ ਲੇਖਕ ਹਨ, ਜੇ ਅਵਤਾਰਾਂ ਦਾ ਜੀਵਨ ਲਿਖਿਆ ਹੈ ਤਾਂ ਉਹਨਾਂ ਦਾ ਸਤਿਕਾਰ ਨਹੀਂ ਗਿਰਨ ਦਿਤਾ ਪਰ ਅਕਾਲ ਹੋਣ ਦੀ ਕਿਸੇ ਨੂੰ ਭੀ ਸ਼ਾਖ ਨਹੀਂ ਭਰੀ ਅਤੇ ਕਿਸੇ ਨੂੰ ਸੁਤੰਤ੍ਰ ਅਕਾਰ ਨਹੀਂ ਦਿਤਾ ਸਗੋਂ ਉਸਦੇ ਜੇਰ ਹੀ ਸਭ ਦਸਿਆ ਹੈ।

ਪੀਰ ਔਰ ਪਿਗੰਬਰ ਕੇਤੇ ਗਨੇ ਨ ਪਰਤ ਏਤੇ ਭੂਮ ਹੀ ਤੇ ਹ੍ਵੈ ਇਕੈ ਫੇਰ ਭੂਮਿ ਹੀ ਮਿਲਾਏ ਹੈਂ ॥੭॥੭੭॥
ਦਾਰਾ ਸੇ ਦਲੀਸਰ ਦਰਜੋਧਨ ਸੇ ਮਾਨ ਧਾਰੀ ਭੋਗ ਭੋਗ ਭੂਮ ਅੰਤ ਭੂਮਿ ਮੈਂ ਮਿਲਤ ਹੈ ॥੮੭੮॥

ਬੜੇ ਪੀਰ ਤੇ ਪੈਗੰਬਰ ਨਾ ਗਿਣੇ ਜਾਣ ਵਾਲੇ ਹੋ ਦੁਕੇ ਹਨ ਇਸ ਧਰਤੀ ਵਿਚੋਂ ਪੈਦਾ ਹੋਇ

Digitized by Panjab Digital Library | www.panjabdigilib.org

ਅੰਤ ਧਰਤੀ ਵਿਚ ਮਿਲ ਗਏ । ਦਾਰਾ ਸਕੋਹ ਜਿਹੇ ਦਿਲੀ ਪਤੀ ਅਤੇ ਦਰਯੋਧਨ ਜਿਹੇ ਹੰਕਾਰੀ ਇਸ ਧਰਤੀ ਦੇ ਭੋਗ ਭੋਗ ਕੇ ਅੰਤ ਮਿਟੀ ਵਿਚ ਹੀ ਰਲ ਮਿਲ ਗਏ, ਬਸ ਏਸੇ ਦਾ ਆਕਾਰ ਇਸ ਤੋਂ ਅਗਲਾ ਹਿੱਸਾ ਸ੍ਰੀ ਦਸਮ ਗ੍ਰੰਥ ਸਾਹਿਬ ਬਚਿਤ੍ਰ ਨਾਟਕ ਦੇ ਰੂਪ ਵਿਚ ਸਾਰੇ ਦਾ ਸਾਰਾ ਦਿਖਾ ਰਹੇ ਹਨ।

੧ ॥ ੭ ॥ ੨ ॥ ੩ ॥ ੧੮ ॥ ੧੨੫ ॥

ੴ ਸਤਿਗਰ ਪਸਾਦਿ ॥

ਜੀਵਨ ਸੁਮਾਰਗ ਭਾਗ ੭ ॥ ਅਧਜ ੨ ॥ ਅਲੋਚਨਾਤਮਕ ॥
ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੇ ਨਿਰਣੇ ਦਾ ਨਿਰਣਾ ॥ ਪ੍ਰਕਰਣ ਨੰ: ੪॥ ੧੯ ॥ ੧੨੬ ॥

ਰਚਨਾ ਕਿਵੇਂ ਹੋਈ

੧-ਏਕ ਸਮੈ ਸ੍ਰੀ ਆਤਮਾ ਉਚਰਿਓ ਮਤ ਸਿਉ ਬੈਨ ॥
ਸਬ ਪ੍ਰਤਾਪ ਜਗਦੀਸ ਕੋ ਕਹੋ ਸਕਲ ਕੋ ਬਿਧ ਤੈਨ ॥
੧ ॥ ੨੦੧ ॥ ਸ: ੩੦ ॥

ਭਾਵ-ਇਕ ਸਮੇਂ ਸ੍ਰੀ ਆਤਮਾ ਜੀ ਨੇ ਬੁਧੀ ਨੂੰ ਕਿਹਾ ਕਿ ਜੋ ਸਾਰੇ ਜਗਤ ਮਾਲਕ ਹੈ ਮੈਨੂੰ ਉਸ ਦਾ ਸਾਰਾ ਪ੍ਰਤਾਪ ਦਸੋ ।

ਦੋਹਰਾ-ਕੋ ਆਤਮਾ ਸਰੂਪ ਹੈ ਕਹਾ ਸ੍ਰਿਸਟ ਕੋ ਬੀਚਾਰ ॥
ਕਉਨ ਧਰਮ ਕੋ ਕਰਮ ਹੈ ਕਹੋ ਸਕਲ ਬਿਸਥਾਰ ॥ ੨ ॥ ੨੦੨ ॥

ਪੰਡਤ ਨਰੈਣ ਸਿੰਘ ਜੀ ਟੀਕਾਕਾਰ ਅਨੁਸਾਰ ਇਸ ਦੋਹਰੇ ਦੇ ਪੰਜ ਪ੍ਰਸ਼ਨ ਹਨ ਤੇ ਪੰਜਾਂ ਦੇ ਪੰਜ ਹੀ ਉਤ੍ਰ ਹਨ । ਜਿਵੇਂ ਕਿ-(੧) ਆਤਮਾ ਦਾ ਸਰੂਪ ਕੀ ਹੈ ? ਉਤ੍ਰ-ਸਾਰਾ ਪਸਾਰਾ ਹੀ ਆਤਮਾ ਦਾ ਰੂਪ ਹੈ। (੨) ਸ੍ਰਿਸ਼ਟੀ ਕੀ ਹੈ ? ਉਤ੍ਰ-ਸਾਰੇ ਪਸਾਰੇ ਦਾ ਨਾਮ ਹੀ ਸ੍ਰਿਸ਼ਟੀ ਹੈ। (੩) ਵਿਚਾਰ ਕੀ ਹੈ ? ਉਤ੍ਰ-ਜੋ ਸਾਰਿਆਂ ਵਿਚ ਫੈਲੀ ਹੋਈ ਹੈ। (੪) ਧਰਮ ਕਿਹੜਾ ਹੈ ? ਉਤ੍ਰ-ਜੋ ਸਾਰਿਆਂ ਲਈ ਇਕੋ ਜਿਹਾ ਹੋ ਕੇ ਪਸਰਿਆ ਹੋਇਆ ਹੈ । ਇਸੇ ਤਰ੍ਹਾਂ ਇਸੇ ਪ੍ਰਕਾਰ ਦੇ ੯੩ ਪ੍ਰਸ਼ਨ ਹਨ ਤੇ ਉਹਨਾਂ ਦੇ ਉਤ੍ਰ ਹਨ ਜੋ ਬਹੁਤ ਹੀ ਗੂੜ ਗਿਆਨ ਹੈ ਟੀਕੇ ਤੋਂ ਬਿਨਾਂ ਸਮਝ ਨਹੀਂ ਆਉਂਦਾ, ਵਿਸਥਾਰ ਦੇ ਭੈ ਕਰਕੇ ਏਥੇ ਲਿਖਿਆ ਭੀ ਨਹੀਂ ਜਾ ਸਕਦਾ । ਪਾਠਕ ਜਨ ਮੂਲ ਲੈ ਕੇ ਪੜ੍ਹਨ ਦਾ ਉਦਮ ਕਰ ਲੈਣ। ਜਿਨ੍ਹਾਂ ਦੇ ਅੰਤ ਵਿਚ ਟੀਕਾ ਸ੍ਰੀ ਦਸਮ ਗ੍ਰੰਥ ਸਾਹਿਬ ਪੰਡਿਤ ਨਰੈਣ ਸਿੰਘ ਜੀ ਸਫਾ ੧੩੩ ਚੰਗਾ ਵਿਸਥਾਰ ਨਾਲ ਲਿਖਣ ਉਪ੍ਰੰਤ ਆਪਣੀ ਰਾਇ ਦਿੰਦੇ ਹਨ ਕਿ ਜੇਕਰ ਸਚ ਮੁਚ ਹੀ ਲੇਖਕ ਪ੍ਰਮਾਦ ਮੰਨੀਏ ਤਾਂ ਸ੍ਰੀ ਦਸ਼ਮ ਗ੍ਰੰਥ ਸਾਹਿਬ ਦੇ ਸੰਗ੍ਰਹਿ ਕਰਤਾ ਭਾਈ ਮਨੀ ਸਿੰਘ ਜੀ ਸ਼ਹੀਦ ਹਨ ਅਤੇ ਭਾਈ ਸਾਹਿਬ ਜੀ ਸਤਿਗੁਰੂ ਜੀ ਦੇ ਨਿਕਟ ਵਰਤੀ ਸੇਵਕ ਤੇ ਉਚੇ ਪਦ ਵਿਚ ਖੇਡਣ ਵਾਲੇ ਆਤਮ ਰਸੀਏ ਸਨ, ਉਹਨਾਂ ਵਿਚ ਪ੍ਰਮਾਦ (ਭੁਲੇਖਾ ਜਾਂ ਭੁਖ) ਹੋ ਹੀ ਨਹੀਂ ਸਕਦੀ । ਇਸ ਲਈ ਉਹਨਾਂ ਤੋਂ ਅਜਿਹੀ ਭੁਲ ਹੋਣੀ ਬਣਦੀ ਨਹੀਂ। ਬਾਕੀ ਰਿਹਾ ਇਸ ਤੋਂ ਪਹਿਲਾਂ ਕੋਈ ਲਿਖਾਰੀ ਤਾਂ ਉਹ ਭੀ ਇਤਿਹਾਸ ਵਿਚੋਂ ਕਿਤੇ ਨਹੀਂ ਲਭਦਾ ਜੋ ਇਹਨਾਂ ਤੋਂ ਬਿਨਾਂ ਬਾਣੀ ਲਿਖਣ ਦਾ ਕੋਈ ਹੋਰ ਭੀ ਸੀ,

Digitized by Panjab Digital Library | www.panjabdigilib.org

ਕਿਉਂਕਿ ਘਰੋਗੀ ਲਿਖਤ ਦਾ ਕੰਮ ਦੀਵਾਨ ਨੰਦ ਚੰਦ ਜੀ ਤੇ ਬਾਣੀ ਦੀ ਲਿਖਾਈ ਦਾ ਕੰਮ ਭਾਈ ਮਨੀ ਸਿੰਘ ਜੀ ਦੇ ਹੀ ਸਪੁਰਦ ਸੀ। ਜਿਸ ਗ਼ਲ ਦੀ ਗਵਾਹੀ ਇਤਿਹਾਸ ਵਿਚੋਂ ਮਿਲਦੀ ਹੈ, ਇਸ ਲਈ ਸੰਪ੍ਰਦਾਈ ਗਿਆਨੀ ਸਿੰਘ ਦਾ ਕਹਿਣਾ ਹੀ ਸੱਤ ਮੰਨਣਾ ਪਏਗਾ।

੨–ਜਿੰਨ੍ਹਾਂ ਦਿਨਾਂ ਵਿਚ ਇਹ ਬਾਣੀ ਉਚਾਰਨ ਕੀਤੀ ਜਾ ਰਹੀ ਸੀ ਅਤੇ ਪ੍ਰਸ਼ਨ ਰੂਪ ਦੋਹਰੇ ਆਪ ਜੀ ਨੈ ਉਚਾਰੇ ਅਜੇ ਉੱਤਰ ਰੂਪ ਛੰਦ ਉਚਾਰਨ ਕਰਨੇ ਸਨ, ਠੀਕ ਉਸੇ ਵੇਲੇ ਕਾਂਸ਼ੀ ਦੇ ਰਹਿਣ ਵਾਲਾ ਪੰਡਿਤ ਕਾਂਸ਼ੀ ਰਾਮ ਹਜ਼ੂਰ ਦੇ ਸਾਹਮਣੇ ਆ ਹਾਜ਼ਰ ਹੋਇਆ ਸੀ ਜਿਸਦਾ ਫੁਰਨਾ ਸੀ ਕਿ ਲੋਕ ਦਸਮੇਸ਼ ਜੀ ਦੀ ਬਹੁਤ ਉਪਮਾ ਕਰਦੇ ਹਨ, ਪਰ ਜੋ ਦੁਰਗਾ ਸਤੋਤ੍ਰ ਮੇਰੇ ਜ਼ਬਾਨੀ ਯਾਦ ਹੈ, ਜੇਕਰ ਗੁਰੂ ਜੀ ਮੈਨੂੰ ਇਹੋ ਦੇਸ਼ ਭਾਸ਼ਾ ਵਿਚ ਸੁਣਾ ਦੇਵਣ ਅਤੇ ਮੇਰ ਮੰਗੇ ਤੋਂ ਬਿਨਾਂ ਹੀ ਮੈਨੂੰ ਕਾਬਲ ਦੇਸ਼ ਦੇ ਮੇਵੇ ਖਾਣ ਲਈ ਦੇ ਦੇਵਣ ਤਾਂ ਮੈਂ ਜਾਣਾਂਗਾ ਕਿ ਗੁਰੂ ਜੀ ਜਗਤ ਦੀ ਰਖਿਆ ਲਈ ਪ੍ਰਗਟੇ ਹਨ ਅਤੇ ਇਹ ਉਪਮਾ ਕਰਨ ਵਾਲੇ ਲੋਕ ਸੱਚੇ ਹਨ ਅਤੇ ਫੇਰ ਹੀ ਮੈਂ ਮੰਨਾਂਗਾ ਕਿ ਗੁਰੂ ਜੀ ਪੂਰਨ ਅਵਤਾਰ ਹਨ।

ਜਿਸ ਵੇਲੇ ਕਾਂਸ਼ੀ ਰਾਮ ਪੁਜਾ ਉਸੇ ਵੇਲੇ ਕਾਬਲ ਦੀ ਸੰਗਤ ਭੀ ਹਜ਼ੂਰ ਦੇ ਚਰਨਾਂ ਵਿਚ ਆ ਹਾਜਰ ਹੋਈ ਅਤੇ ਜੋ ਸੰਗਤ ਨੇ ਮੇਵੇ ਭੇਟਾ ਚੜਾਏ ਉਹਨਾਂ ਵਿਚੋਂ ਪੰਡਤ ਜੀ ਨੂੰ ਬਿਨਾ ਮੰਗੇ ਹੀ ਖਾਣ ਲਈ ਦਿੱਤੇ ਗਏ। ਉਸੇ ਵੇਲੇ ਇਹ ਸਤੋਤ੍ਰ ਉਚਰਨਾ ਭੀ ਸ੍ਰੀ ਦਸਮੇਸ਼ ਜੀ ਨੇ ਅਰੰਭ ਕਰ ਦਿੱਤਾ, ਜਿਸ ਨੂੰ ਸੁਣਕੇ ਤੇ ਕਾਬਲ ਦੇ ਮੇਵੇ ਖਾਕੇ ਪੰਡਿਤ ਕਾਂਸ਼ੀ ਰਾਮ ਚਰਨਾਂ ਤੇ ਢਹਿ ਪਿਆ ਸੀ ਅਤੇ ਐਨੀ ਸ਼ਰਧਾ ਬੱਝੀ ਸੀ ਕਿ ਅੰਤ ਚਰਨਾਂ ਵਿਚ ਹੀ ਸਮਾ ਗਿਆ ਅਤੇ ਜੁਦਾ ਹੀ ਨਾ ਹੋਇਆ। ਇਹ ੨੦ ਤ੍ਰਿਭੰਗੀ ਛੰਦ ਉਸੇ ਭਗਵਤੀ ਪਦਯ ਪਸ਼ਯਾਜਲਿ ਸਤੋਤ੍ਰ ਦਾ ਸੁਤੰਤ੍ਰ ਅਨੁਵਾਦ ਹਨ, ਜੋ ਪੰਡਿਤ ਕਾਂਸ਼ੀ ਰਾਮ ਦੇ ਕੰਠ ਸੀ ਫੇਰ ਇਹ ਅਕਾਲ ਉਸਤਤ ਵਿਚ ਕਿਵੇਂ ਆਏ ? ਇਸਦਾ ਉੱਤਰ ਸਰਦਾਰ ਬਹਾਦਰ ਸਰਦਾਰ ਕਾਹਨ ਸਿੰਘ ਜੀ ਨਾਭਾ (ਮਹਾਨ ਕੋਸ਼) ਵਿਚ ਲਿਖਦੇ ਹਨ, ਜੋ ਲੇਖਕ ਪਰਸ਼ਾਦ ਨਾਲ ਦੂਜੇ ਚੰਡੀ ਚਰਿਤ੍ਰ ਵਿਚ ਨਹੀਂ ਲਿਖਿਆ ਗਿਆ।

ਅਕਾਲ ਉਸਤਤ ਵਿਚ ਇਹਨਾਂ ਛੰਦਾਂ ਦਾ ਕਾਰਣ ਇਉਂ ਪ੍ਰਤੀਤ ਹੁੰਦਾ ਹੈ ਕਿ ਜਦ ਪੰਡਤ ਦੇ ਮਨ ਦਾ ਫੁਰਨਾ ਸਮਝਕੇ ਸਤੋਤ੍ਰ ਉਚਾਰਨ ਕਰਨਾ ਅਰੰਭ ਕੀਤਾ ਤਾਂ ਲਿਖਾਰੀ, ਜਿਸ ਤੋਂ ਗੁਰੂ ਜੀ ਅਕਾਲ ਉਸਤਤਿ ਲਿਖਵਾ ਰਹੇ ਸਨ, ਉਸਨੇ ਆਪਣੇ ਸੁਭਾਵਕ ਨਿਯਮ ਅਨੁਸਾਰ ਲਿਖਣਾ ਅਰੰਭ ਰਖਿਆ, ਕਿਉਂਕਿ ਸਤਿਗੁਰੂ ਜੀ ਬਾਣੀ ਉਚਾਰਦੇ ਸਨ ਅਤੇ ਲਿਖਾਰੀ ਲਿਖੀ ਜਾ ਰਿਹਾ ਸੀ ਅਤੇ ਜਦੋਂ ਛੰਦ ਬਦਲਦਾ ਸੀ ਉਸੇ ਨਿਯਮ ਅਨੁਸਾਰ 'ਕ੍ਰਮ' ਅੰਕ ਸੰਖਿਆ ਦਾ ਸਿਲਸਲਾ ਜਾਰੀ ਰਿਹਾ।

੩–**ਅਗੇ ਲਿਖਾਰੀ (ਭਗਉਤੀ)** ਸ਼ਬਦ ਲਈ ਆਪਣੀ ਰਾਇ ਪੇਸ਼ ਕਰਦਾ ਹੈ ਕਿ ਇਹ ਨਿਯਮ ਹੈ ਜੋ ਸ਼ਕਤੀ ਸਕਤੇ ਤੋਂ ਭਿੰਨ ਨਹੀਂ ਹੋਇਆ ਕਰਦੀ, ਜਿਵੇਂ ਦਾਹ ਸ਼ਕਤੀ ਅੱਗ ਤੋਂ ਭਿੰਨ ਨਹੀਂ ਰਹਿ ਸਕਦੀ ਇੰਵੇ ਹੀ ਭਗਵੰਤ ਦੀ ਸ਼ਕਤੀ **ਭਗਵਤੀ** ਭਗਵੰਤ ਤੋਂ ਭਿੰਨ ਨਹੀਂ ਹੋ ਸਕਦੀ। ਜਦ ਕਿ ਭਗਵੰਤ ਦਾ ਚਿੰਤਨ ਅਕਾਲ ਨਾਮ ਨਾਲ ਕੀਤਾ ਤਦ ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ਪਦ ਉਚਾਰਨ ਕਰਨ ਵਾਲੇ ਸਤਿਗੁਰੂ ਜੀ ਨੇ ਉਸੇ ਭਗਵੰਤ ਅਕਾਲ ਜੀ ਨੂੰ ਭਗਵਤੀ ਨਾਮ ਨਾਲ ਯਾਦ ਕੀਤਾ। ਇਉਂ ਕਹਿਣਾ ਚਾਹੀਦਾ ਹੈ (ਪੁਲਿੰਗ) ਤੇ ਇਸਤ੍ਰੀ ਲਿੰਗ ਵਿਚ ਜੋ ਉਪਮਾ ਕੀਤੀ ਹੈ ਉਹ ਸਭ ਅਕਾਲ ਜੀ ਦੀ ਹੀ **ਉਪਮਾ** ਹੈ, ਅਤੇ ਅਕਾਲ ਜੀ ਤੋਂ ਹੋਰ ਕਿਸੇ ਦੀ ਉਪਮਾ ਨਹੀਂ ਹੈ। ਪਰ ਜੇ ਕਿਹਾ ਜਾਵੇ ਕਿ ਗੁਰੂ ਜੀ ਨੇ ਉਸ ਵੇਲੇ ਲਿਖਾਰੀ ਨੂੰ ਬੰਦ ਕਿਉਂ ਨਾ ਕਰ ਦਿਤਾ ? ਤਾਂ ਇਸ ਦਾ ਉਤ੍ਰ ਇਹ ਹੈ ਕਿ ਗੁਰੂ ਜੀ ਨੂੰ ਐਉਂ ਹੀ ਭਾਉਂਦਾ ਸੀ ਜੇ ਬੰਦ ਕਰ ਦਿੰਦੇ ਤਾਂ ਅਜ ਇਹ ਇਤਿਹਾਸ ਦਾ ਅੰਗ ਨਾ ਬਣ ਸਕਦਾ ਅਤੇ

Digitized by Panjab Digital Library | www.panjabdigilib.org

ਅਸੀਂ ਇਸ ਦੀ ਮਿਸਾਲ ਦੇ ਕੇ ਅਜ ਆਪੂ ਬਣੇ ਗੁਰੂਆਂ ਨੂੰ ਨਹੀਂ ਸੀ ਕਹਿ ਸਕਦੇ ਕਿ ਐ ਅਜ ਦੇ ਨਵੇਂ ਗੁਰੂਆਂ ਦੇ ਸਿਖੋ ਕੀ ਇਹਨਾਂ ਗੁਰੂਆਂ ਨੇ ਭੀ ਤੁਹਾਨੂੰ ਇਹੋ ਜਿਹਾ ਅਸਚਰਜ ਕਰਨ ਵਾਲਾ ਕਰਿਸ਼ਮਾ ਦਿਖਾਇਆ ਹੈ। ਹੋਰ ਤਾਂ ਕੀ ਬਾਣੀ ਦੀ ਰਚਨਾ ਕਰਨੀ ਤਾਂ ਬੜੇ ਦੂਰ ਦੀ ਗੱਲ ਹੈ ਇਹਨਾਂ ਦੀ ਰਚੀ ਹੋਈ ਬਾਣੀ ਨੂੰ ਐਨਾ ਭੀ ਨਹੀਂ ਪ੍ਰਖ ਸਕੇ ਕਿ ਇਹ ਬਾਣੀ ਦਸਮੇਸ਼ ਜੀ ਦੀ ਹੈ ਜਾਂ ਕਵੀਆਂ ਦੀ। ਬਜਾਇ ਇਸ ਦੇ ਕਿ ਸਤਿਕਾਰ ਕਰਦੇ ਸਗੋਂ ਨਰਰਤ ਫੈਲਾਉਣੋਂ ਭੀ ਨਹੀਂ ਸੰਗਦੇ। ਇਹ ਹੈ ਉਹਨਾਂ ਦੀ ਯੰਤ੍ਰ ਯਾਮਤਾ।

ਹੁਣ ਏਥੇ ਇਹ ਭੀ ਗਲ ਵਿਚਾਰਨ ਯੋਗ ਹੈ ਕਿ ਜੇਕਰ ਲਿਖਾਰੀ ਭਾਈ ਮਨੀ ਸਿੰਘ ਜੀ ਜਿਹੇ ਸੁਜਾਨ ਮਹਾਂ ਪੁਰਸ਼ ਹੋਣ ਜਿਸ ਨੂੰ ਇਕ ਇਕ ਸ਼ਬਦ ਦਾ ਗਿਆਨ ਸੀ ਕਿ ਆਹ ਸ਼ਬਦ ਕਿਸ ਪਾਤਸ਼ਾਹੀ ਦਾ ਹੈ ਅਤੇ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਿਰਨਾ ਕਰ ਸਕਦੇ ਸਨ ਤਾਂ ਕੀ ਫੇਰ ਏਥੇ ਇਹ ਸ਼ੰਕਾ ਕਿਉਂ ? ਬਾਣੀ ਦਾ ਆਦੇਸ ਹੈ।

ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ ॥ ਗੁਰ ਕੈ ਸਬਦਿ ਮਨ ਕਉ ਸਮਝਾਵਹਿ ॥
ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ਆਤਮ ਰਾਮੈ ਲੀਨਾ ਹੈ ॥ ੧੪ ॥
(ਸਫਾ ੧੦੨੮ ॥ ਮਹਲਾ ੧ ॥)

ਪ੍ਰਭੂ ਬੇਅੰਤ ਹੈ ਉਸ ਦੀ ਪ੍ਰਾਪਤੀ ਗੁਰੂ ਦੀ ਮਤ ਲਿਆਂ ਹੀ ਹੋ ਸਕਦੀ ਹੈ। ਇਸ ਲਈ ਅਵੱਸ਼ਕ ਹੀ ਗੁਰੂ ਦੇ ਸ਼ਬਦ ਦਵਾਰਾ ਇਸ ਮੂਰਖ ਮਨ ਨੂੰ ਮੱਤ ਦੇਈਏ ਕਿ ਸਤਿਗੁਰ ਦੀ ਬਾਣੀ ਸਤ ਸਤ ਕਰ ਮੰਨਿਆ ਕਰ ਜੇ ਕਰ ਆਤਮਾ ਰਾਮ ਨੂੰ ਉਸ ਜੋਤ ਵਿਚ ਅਭੇਦ ਕਰਨਾ ਹੈ । ਸ੍ਰੀ ਗੁਰਦੇਵ ਜੀ ਸਫਾ ੩੩ ਅੰਕ ੧੯ ॥ ੨੨੯ ਤਕ ਮਾਤ ਭਵਾਨੀ ਦੇ ਰੂਪ ਵਿਚ ਸ੍ਰੀ ਅਕਾਲ ਉਸਤਤ ਕਰਦੇ ਹਨ। ਏਥੋਂ ਅਗੇ ਉਹੀ ਚਲ ਰਿਹਾ ਪ੍ਰਸੰਗ ਫੇਰ ਅਰੰਭ ਕਰ ਦਿੰਦੇ ਹਨ ਜਿਵੇਂ ਕਿ- **ਭੂਪ੍ਰਸਾਦਿ ॥ ਪਾਧੜੀ ਛੰਦ ॥**

੪-ਉਹੀ ਸਿਖ ਆਪਣੇ ਗੁਰਦੇਵ ਜੀ ਅਗੇ ਹੋਰ ਪ੍ਰਸ਼ਨ ਕਰਦਾ ਹੈ -

ਤੁਮ ਕਹੋ ਦੇਵ ਸਰਬੰ ਬਿਚਾਰ ॥ ਜਿਮ ਕੀਓ ਆਪ ਕਰਤੇ ਪਸਾਰ ॥
ਜੱਦਪਿ ਅਭੂਦ ਅਨ ਭੈ ਅਨੰਤ ॥ ਤਉ ਕਹੋ ਜਥਾ ਮਤ ਤ੍ਰੈਣ ਤੰਤ ॥ ੧ ॥ ੨੩੧ ॥

ਭਾਵ ਉਹ ਸਮਝ ਸਮਰਥਾ ਤੋਂ ਉਪਰ ਹੈ ਅਤੇ ਕਿਸੇ ਦੇ ਭੈ ਹੇਠ ਭੀ ਨਹੀਂ ਸਗੋਂ ਅਨੰਤ ਗੁਣ ਸਮੱਗ੍ਰੀ ਦਾ ਖਜ਼ਾਨਾ ਹੈ ; ਪਰ ਫੇਰ ਭੀ ਮੈਂ ਆਪਣੀ ਨਿਕੀ ਜਿਹੀ ਮਤ ਬਧੀ ਅਨਸਾਰ ਕਝ ਕ ਤੱਤ ਦਸਦਾ ਹਾਂ । ਭਾਵ (ਤ੍ਰੈਣ ਤੰਤ) ਇਕ ਨਿੱਕੇ ਜਿਹੇ ਤੀਲੇ ਦੇ ਨਿਕੇ ਜਿਹੇ ਇਕ ਟੁਕੜੇ ਸਮਾਨ। ੨੧੦-ਚਲ ਰਹੇ ਅੰਕ ਤੋਂ ੨੦ ॥ ੨੩੦ ਤਕ ਭਗਵੰਤ ਦੀ ਜੋਤਿ ਭਗਵਤੀ ਦੀ ਉਪਮਾ ਹੀ ਲਿਖੀ ਹੈ ॥ ੩੧ ਤੋਂ ਆਤਮਾ ਪਰ ਆਤਮਾ ਦੇ ਉਤ੍ਰ ਪ੍ਰਸ਼ਨ ਆਰੰਭ ਹੋ ਜਾਂਦੇ ਹਨ ਅਤੇ ਹੁਣ ਪਹਿਲੇ ਭਗਵੰਤ ਦਾ ਪ੍ਰਤਾਪ ਬਿਆਨ ਕਰਦੇ ਹਨ-ਜਿਵੇਂ ਕਿ-ਕਿਹਾ ਹੈ ਕਿ ਉਹ ਆਪ ਤਾਂ ਤਤਾਂ ਤੋਂ ਰਹਿਤ ਹੈ ਪਰ ਫੇਰ ਵੀ ਮੈਂ ਦਸਦਾ ਹਾਂ ਕਿ ਉਸ ਨੇ ਕਿਵੇਂ ਪਾਸਾਰ ਕੀਤਾ ਹੈ।

ਕਰਤਾ ਕਰੀਮ ਕਾਦਰ ਕ੍ਰਿਪਾਲ ॥ ਅਦ੍ਵੈ ਅਭੂਤ ਅਨ ਭੈ ਦਿਆਲ ॥
ਦਾਤਾ ਦੁਰੰਤ ਦੁਖ ਦੋਖ ਰਹਤ ॥ ਜਿਹ ਨੇਤ ਨੇਤ ਸਭ ਬੇਦ ਕਹਤ ॥੨॥੩੨॥
ਕਈ ਊਚ ਨੀਚ ਕੀਨੋ ਬਨਾਉ ॥ ਸਭ ਵਾਰ ਪਾਰ ਜਾਕੋ ਪ੍ਰਭਾਉ ॥

Digitized by Panjab Digital Library | www.panjabdigilib.org

ਸਭ ਜੀਵ ਜੰਤ ਜਾਨੰਤ ਜਾਹਿ ॥ ਮਨ ਮੂੜ ਕਿਉ ਨ ਸੇਵੰਤ ਤਾਹਿ ॥੩॥੨੩॥
ਕਈ ਮੂੜ੍ਹ ਪਾਤ੍ ਪੂਜਾ ਕਰੰਤ ॥ ਕਈ ਸਿੱਧ ਸਾਧ ਸੂਰਜ ਸਿਵੰਤ ॥
ਕਈ ਪਲਟ ਸੂਰਜ ਸਿਜਦਾ ਕਰਾਇ ॥ ਪ੍ਰਭ ਏਕ ਰੂਤਦ੍ਵੈ ਕੈ ਲਖਾਇ ॥੪॥੨੩੪॥

ਵਾਹਿਗੁਰੂ ਜੋ ਸਭ ਦਾ ਕਰਤਾ ਹੈ – ਉਹ ਕਦਰ ਭੀ ਕਰਦਾ ਤੇ ਕ੍ਰਿਪਾਲੂ ਹੈ ਅਤੇ ਬਖਸ਼ਿੰਦ ਭੀ ਤੇ ਸਮਰੱਥ ਭੀ ਹੈ ਤੇ ਕ੍ਰਿਪਾ ਦਾ ਸਮੁੰਦਰ ਅਤੇ ਬੇਅੰਤ ਦਾਤਾਂ ਦਾ ਦਾਤਾ ਜਿਸ ਵਿਚ ਕੋਈ ਭੀ ਦੋਖ ਨਹੀਂ ਹੈ ਅਤੇ ਸਾਰੇ ਬੇਦ ਬੇਅੰਤ ਬੰਅੰਤ ਕਹਿੰਦੇ ਹਨ। ਜਿਸ ਨੇ ਕਈ ਤਰ੍ਹਾਂ ਦੇ ਬਨਾਉ ਬਣਾਏ ਹਨ, ਦਵੈਤ ਤੋਂ ਬਿਨਾਂ ਹੈ, ਉਰਾਰ ਤੇ ਪਾਰ ਭਾਵ–ਏਥੇ ਉਥੇ ਸਿਜਦਾ ਪ੍ਰਤਾਪ ਫੈਲ ਰਿਹਾ ਹੈ। ਇਹ ਸਭ ਜੀਵ ਜੰਤ ਜਾਣਦੇ ਹਨ, ਐ ਮੂਰਖ ਮਨ ਫੇਰ ਤੂੰ ਕਿਉਂ ਨਹੀਂ ਉਸ ਨੂੰ ਸਿਮਰਦਾ। ਕਈ ਮੂਰਖ ਬਿਲ ਪਤ੍, ਤੁਲਸੀ ਪਤ੍, ਭਾਵ ਦਰਖਤ ਆਦਿ ਜੜ੍ਹ ਪੂਜਾ ਹੀ ਕਰੀ ਜਾਂਦੇ ਨੇ ਅਤੇ ਕਈ ਸਿਧਾਂ ਸਾਧਾਂ ਤੇ ਸੂਰਜ ਆਦਿ ਨੂੰ ਸੇਵੀ ਜਾਂਦੇ ਹਨ ਤੇ ਕਈ ਸੂਰਜ ਦੇ ਉਤ੍ ਪਾਸੇ ਨੂੰ ਝੁਕ ਝੁਕ ਕੇ ਮੱਥੇ ਟੇਕਦੇ ਹਨ। ਭਾਵ-ਹਿੰਦੂ ਚੜ੍ਹਦੀ ਵਲ ਤੇ ਮੁਸਲਮਾਨ ਛਿਪਦੀ ਵਲ, ਰੱਬ ਇਕ ਹੈ ਪਰ ਇਹਨਾਂ ਦੋ ਦੋ ਥਾਪ ਲਏ। ਅੰਕ ੧੨=੨੪੨ ਤਕ ਇਸੇ ਤਰ੍ਹਾਂ ੧ਓਕਾਰ ਦੀ ਹਸਤੀ ਤੇ ਰੋਸ਼ਨੀ ਪਾਈ ਹੈ ਇਸ ਤੋਂ ਅਗੇ (ਤ੍ਵਪ੍ਰਸਾਦਿ ਸ੍ਵੈਯੇ) ਜੋ ਸਾਡੀ ਨਿਤਨੇਮ ਦੀ ਬਾਣੀ, (ਦੀਨਨ ਕੀ ਪ੍ਰਤਿਪਾਲ ਕਰੇ ਨਿਤ) ਆ ਜਾਂਦੀ ਹੈ। ਜਿਸ ਵਿਚ ਦੱਸਿਆ ਗਿਆ ਹੈ ਕਿ ਉਸ ਸ਼ਕਤੀਵਾਨ ਦੀ ਸ਼ਕਤੀ ਕਿਵੇਂ ਦੀਨਾਂ ਨਿਮਾਣਿਆਂ ਅਥਵਾ ਸਤਾਂ ਭਗਤਾਂ ਦੀ ਰਖਿਆ ਕਰਦੀ ਹੈ ਅਤੇ ਫੇਰ ਬੜੇ ਖੋਜੀਆਂ ਦੇ ਖੋਜ ਕਰਨ ਪ੍ਰਤੀ ਉਹ ਕਿਸੇ ਦੇ ਹੱਥ ਨਹੀਂ ਆਇਆ।

ਅਗੇ ਤੁਸੀਂ ਜੋ ਭੀ ਦੇਖੋਗੇ ਜੋ ਭੀ ਪੜ੍ਹੋਗੇ ਉਸ ਵਿਚ ਇਤਿਹਾਸਕ ਪ੍ਰਮਾਣ ਦੇਕੇ ਬੁਰੇ ਭਲੇ ਪ੍ਰਸੰਗ ਤੇ ਲੋਕ ਦਿਖਾਕੇ ਅੰਤ ਇਹੋ ਸਿਧ ਕੀਤਾ ਹੈ॥

ਅਗੇ ਦੇਸ ਦੇਸਾਨ ਦਾ ਪ੍ਰਭਾਉ ਅਤੇ ਅਕਾਲ ਪੁਰਖ ਦਾ ਤੇਜ ਪ੍ਰਤਾਡ਼ ਦਸਕੇ ਅਕਾਲ ਉਸਤਤ ਦੇ ਅੰਤ ਵਿਚ ਇਹ ਦੋਹਰਾ ਲਿਖ ਕੇ ਸਮਾਪਤੀ ਕਰਦੇ ਹਨ ਅਤੇ ਇਹ ਛੰਦ ਲਿਖਦੇ ਹਨ।

ਬਨ ਤਨ ਮਹੀਪ ਜਲ ਥਲ ਮਹਾਨ ॥ ਜਹਂ ਤਹਂ ਪ੍ਰਸੋਹ ਕਰੁਣਾ ਨਿਧਾਨ ॥
ਜਗ ਮਗਤ ਤੇਜ ਪੂਰਨ ਪ੍ਰਤਾਪ ॥ ਅੰਬਰ ਜਮੀਨ ਜਿਹ ਜਪਤ ਜਾਪ ॥੫॥੨੭੧॥
ਸਾਤੋ ਅਕਾਸ ਸਾਤੋ ਪਤਾਰ ॥ ਬਿਥਰਿਓ ਅਦਿਸਟ ਜਿਹ ਕਰਮ ਜਾਰਿ ॥

ਭਾਵੇਂ ਏਥੇ ਪ੍ਰਕਰਣ ਦੀ ਸਮਾਪਤੀ ਹੈ ਪਰ ਅਕਾਲ ਉਸਤਤਿ ਦੀ ਨਹੀਂ ਕੀਤੀ ਅਤੇ ਉਪ੍ਰੋਕਤ ਛੰਦ ਅਧੂਰਾ ਰੱਖਿਆ ਹੈ ਜੋ ਸਾਬਤ ਕਰਦਾ ਹੈ ਕਿ ਇਹ ਉਪਮਾ ਰੂਪ ਪ੍ਰਕਰਣ ਅਗੇ ਚਲਦਾ ਹੈ।

ਇਸ ਬਾਣੀ ਦੇ ਆਦਿ ਵਿਚ (**ਅਕਾਲ ਪੁਰਖ ਦੀ ਰਛਾ ਹਮਨੈ**) ਤੋਂ ਆਰੰਭ ਹੋਇਆ ਸੀ, ਅਤੇ (**ਜਗ ਮਗ ਤੇਜ ਪੂਰਨ ਪ੍ਰਤਾਪ**) ਤੇ ਬੰਦ ਕਰਦੇ ਹਨ। ਸ੍ਰੀ ਦਸਮੇਸ਼ ਜੀ ਨੇ ਇਸ ਬਾਣੀ ਦਾ ਨਾਮ ਕੋਈ ਭੀ ਨਹੀਂ ਰਖਿਆ ਗਿਆ ਪਰ ਅਕਾਲ ਪੁਰਖ ਦੀ ਰਛਾ ਹਮਨੈ ਤੇ ਅਕਾਲ ਪੁਰਖ ਦੀ ਉਸਤਤ ਨੂੰ ਮੁਖ ਰਖ ਕੇ, ਅਕਾਲ ਉਸਤਤਿ ਨਾਮ ਠੀਕ ਮੰਨਿਆ ਗਿਆ ਹੈ ਕਿਉਂਕਿ ਅੰਤ ਵਿਚ ਲਿਖਿਆ ਹੈ, (ਉਸਤਤਿ ਸੰਪੂਰਨ) ਜਿਸ ਦਾ ਭਾਵ ਸਹਿਜੇ ਹੀ ਅਕਾਲ ਤੇ ਉਸਤਤਿ ਜੋੜ ਕੇ ਅਕਾਲ ਉਸਤਤਿ ਬਣ ਜਾਂਦਾ ਹੈ। ਹੁਣ ਭਾਵੇਂ ਪ੍ਰਸੰਗ ਬਦਲਦਾ ਹੈ ਪਰ ਨਾਲੋ ਨਾਲ ਇਤਿਹਾਸ ਭੀ ਤਕੋਗੇ ਅਤੇ ਸੂਰਮਿਆਂ ਦੀ ਬਹਾਦਰੀ ਦੇ ਅਦਭੂਤ ਕਰਤਵ ਭੀ ਨਾਲ ਨਾਲ ਅਕਾਲੀ ਜੋਤ ਦੇ ਚਮਤਕਾਰਾਂ ਦਾ ਭੀ ਅਨੰਦ ਮਾਣੋ।

੮॥ ੭॥ ੨॥ ੮॥ ੧੯॥ ੧੨੬॥

Digitized by Panjab Digital Library | www.panjabdigilib.org

੧ ਓ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾਗ ੭ ॥ ਅਧਜ ੨ ॥ ਅਲੋਚਨਾਮਕ ॥
ਸ੍ਰੀ ਗੁਰੂ ਦਸਮ ਗ੍ਰੰਥ ਸਾ: ਦੇ ਨਿਰਣੇ ਦਾ ਨਿਰਨਾ ॥ ਪ੍ਰਕਰਣ ਨੰ: ੫ ॥ ੨੦ ॥ ੧੨੭ ॥

ਬਚਿਤ੍ਰ ਨਾਟਕ ਬਾਰੇ

੧–ਏਥੋਂ ਤਕ ਇਸ ਗ੍ਰੰਥ ਸ੍ਰੀ ਦਸਮ ਸਰੂਪ ਦਾ ਮੰਗਲਾ ਚਰਣ ਹੀ ਕੀਤਾ ਗਿਆ ਹੈ ਜਿਵੇਂ ਸਭ ਤੋਂ ਆਦਿ ਵਿਚ ਜਾਪੁ ਸਾਹਿਬ ਜੀ ਹਨ ਜੋ ਆਪ ਨੇ ਅੰਮ੍ਰਿਤ ਸੰਚਾਰ ਕਰਨ ਤੋਂ ਪਹਿਲੇ ਸਿੱਖਾਂ ਨੂੰ ਜ਼ਬਾਨੀ ਕੰਠ ਕਰਨ ਜਾਂ ਹਰ ਰੋਜ਼ ਪੜ੍ਹਨ ਲਈ ਪ੍ਰਚਲਤ ਕਰ ਦਿਤਾ ਸੀ, ਜੋ ਸਾਡੇ ਲਈ ਦੂਸਰਾ ਜਪੁਜੀ ਸਾਹਿਬ ਹੈ ਅਤੇ ਨਿਰੋਲ ਸੰਤ ਸਿਪਾਹੀਆਂ ਲਈ ਅੰਮ੍ਰਿਤ ਬਾਣੀ ਤੇ ਅਕਾਲ ਉਸਤਤਿ, ਵਾਹਿਗੁਰੂ ਪ੍ਰਤਾਪ ਰੱਬੀ ਰੂਪ ਦੇ ਚਰਨਾਂ 'ਚ ਪ੍ਰੀਤ ਨਾਲ ਜੁੜ ਕੇ ਚਰਨ ਬੰਦਨਾਂ ਕਰਨੀ ਦਸੀ ਹੈ ਅਤੇ ਰੋਜ ਪੜ੍ਹਨ ਦੀ ਤਾਕੀਦ ਕੀਤੀ ਹੈ। ਇਸ ਤੋਂ ਵਧ ਇਸ ਬਾਣੀ ਬਾਰੇ ਕੋਈ ਭੀ ਸ਼ਬੂਤ ਪੇਸ਼ ਕਰਨ ਦੀ ਲੋੜ ਨਹੀਂ।

ਜਿਸ ਤੋਂ ਅਗੇ ਅਕਾਲ ਉਸਤਤਿ ਆ ਜਾਂਦੀ ਹੈ ਜੋ ਤੁਸੀਂ ਪੜ੍ਹ ਹੀ ਬੈਠੇ ਹੋ ਅਤੇ ਏਥੇ ਦਸਮੇਸ਼ ਜੀ ਨੇ ਸਮੂਹਕ ਸਾਰ ਅੰਸ ਐਉਂ ਦਿਤਾ ਹੈ–

ਕਹੂ ਦੇਵਤਾਨ ਕੇ ਦਿਵਾਨ ਮੈ ਬਿਰਾਜ ਮਾਨ ॥ ਕਹੂੰ ਦਾਨ ਵਾਨ ਕੋ ਗਮਾਨ
ਮਤ ਦੇਤ ਹੋ ॥ ਕਹੂੰ ਇੰਦ੍ਰ ਰਾਜਾ ਕੋ ਮਿਲਤ ਇੰਦ੍ਰ ਪਦਵੀ ਸੀ ਕਹੂੰ ਇੰਦ੍ਰ
ਪਦਵੀ ਛਪਾਇ ਛੀਨ ਲੇਤ ਹੋ ॥ ਕਤਹੂ ਬਿਚਾਰ ਅਬਿਚਾਰ ਕੋ ਬਿਚਾਰਤ
ਹੈ ਕਹੂੰ ਨਿਜ ਨਾਰ ਪਰ ਨਾਰ ਕੇ ਨਿਕੇਤ ਹੋ ॥ ਕਹੂ ਬੇਦ ਰੀਤ ਕਹੂੰ
ਤਾਸਿਉ ਬਿਪਰੀਗ ਰਹੂੰ ਤ੍ਰਿਗੁਨ ਅਤੀਤ ਕਹੂ ਸਰਗੁਨ ਸਮੇਤ ਹੋ ॥੩ ॥
੧੩ ॥ ਅਕਾਲ ਉਸਤਤਿ ॥

ਹੇ ਅਕਾਲ ਪੁਰਖ ਤੂੰ ਕਿਤੇ ਤਾਂ ਦੇਵਤਿਆਂ ਦੇ ਮੰਡਲ ਵਿਚ ਬੈਠਾ ਹੁੰਦਾ ਹੈ, ਕਦੇ ਦੇਵਤਿਆਂ ਨੂੰ ਹੰਕਾਰ ਬਖਸ਼ਦਾ ਹੈਂ ਜਾਂ ਹੰਕਾਰ ਵਾਲੀ ਬੁਧੀ ਦੇ ਦਿੰਦਾ ਹੈ ਕਦੇ ਇੰਦ੍ਰ ਰਾਜੇ ਨੂੰ ਇੰਦ੍ਰ ਪੁਰੀ ਦਾ ਤਖਤ ਦੇ ਦਿੰਦਾ ਹੈਂ ਅਤੇ ਕਦੇ ਫਿਰ ਉਸ ਤੋਂ ਖੋਹ ਭੀ ਲੈਂਦਾ ਹੈਂ, ਕਿਤੇ ਬੁਧੀਵਾਨ ਹੋ ਕੇ ਵਿਚਾਰ ਤੇ ਅਨ ਵਿਚਾਰ ਨੂੰ ਵਿਚਾਰਦਾ ਹੈਂ – ਜਿਵੇਂ ਦੇਵਤੇ ਤੇ ਦੈਂਤ ਤੇ ਕਿਤੇ ਇਸਤ੍ਰੀ ਵਰਤ ਧਾਰਨ ਕੀਤਾ ਹੈ ਅਤੇ ਕਿਤੇ ਬਿਵੈਚਾਰ ਹੋ ਰਿਹਾ ਹੈ ਜੋ ਅਗੇ ਚਲਕੇ ਤ੍ਰਿਆ ਚਿਤ੍ਰ ਵਿਚ ਵਰਨਣ ਹੈ ਅਤੇ ਸਮੇਂ ਅਨੁਸਾਰ ਖੋਲ੍ਹ ਕੇ ਦਸਿਆ ਜਾਵੇਗਾ। ਇਹ ਹੈ ਚਾਰ ਵਰਗ ਤੇ ਸ੍ਰੀ ਦਸਮ ਗ੍ਰੰਥ ਦਾ ਸਾਰ ਅੰਸ।

੨–ਬਚਿਤ੍ਰ ਨਾਟਕ ਇਸ ਬਾਣੀ ਦਾ ਨਾਮ ਹੈ, ਜਿਸ ਦਾ ਭਾਵ ਹੈ ਅਸਚਰਜ ਤੇ ਹੈਰਾਨ ਕਰਨ ਵਾਲਾ ਡਰਾਮਾ – ਜੋ ਏਥੋਂ ਪ੍ਰਕਰਣ ਆਰੰਭ ਹੁੰਦਾ ਹੈ ਪਰ ਆਮ ਲੋਕਾਂ ਦਾ ਵਿਚਾਰ ਹੈ ਕਿ ਬਚਿਤ੍ਰ ਨਾਟਕ ਸਿਰਫ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਚਰਿਤ੍ਰ ਦਾ ਨਾਮ ਹੈ ਪਰ ਨਹੀਂ, ਇਹ ਪੰਨਾ ੩੯ ਤੋਂ ਅਰੰਭ ਹੋ ਕੇ ਪੰਨਾ ੬੯੭ ਤਕ ਪਾਰਸ ਨਾਥ ਤੇ ਮਛੰਦਰ ਦੇ ਪ੍ਰਸੰਗ ਸਮਾਪਤੀ ਤਕ ਸਾਰੇ ਦਾ ਸਾਰਾ ਹਾਲ ਬਚਿਤ੍ਰ ਨਾਟਕ ਹੈ, ਜਿਸਦਾ ਸਪਸ਼ਟੀ ਕਰਣ ਅਸਾਂ ਪਾਠਕ ਜਨਾਂ ਦੇ ਸਾਹਮਣੇ ਲਿਆਉਣ ਦਾ ਸੰਖੇਪ ਵਿਚ ਹੀ ਜਤਨ ਕਰਾਂਗੇ।

Digitized by Panjab Digital Library | www.panjabdigilib.org

ਸਭ ਤੋਂ ਪਹਿਲੇ ਸ੍ਰੀ ਦਸਮੇਸ਼ ਜੀ (੧ਓ ਸਤਿਗੁਰ ਪ੍ਰਸਾਦਿ) ਲਿਖ ਕੇ ਉਸ ਵਾਹਿਗੁਰੂ ਅਕਾਲ ਪੁਰਖ ਤੋਂ ਕ੍ਰਿਪਾ ਮੰਗਦੇ ਹਨ, ਫੇਰ ਆਪਣੀ ਮੋਹਰ ਛਾਪ ਲਾਉਂਦੇ (ਸ੍ਰੀ ਮੁਖਵਾਕ ਪਾਤਸ਼ਾਹੀ ੧੦) ਲਿਖਦੇ ਹਨ, ਅਗੇ ਅਕਾਲ ਪੁਰਖ ਨੂੰ ਨਮਸ਼ਕਾਰ ਕਰਦੇ ਹਨ ਜੋ ਐਉਂ ਹੈ-

ਨਮਸਕਾਰ ਸ੍ਰੀ ਖੜਗ ਕੋ ਕਰੌ ਸੁ ਹਿਤੁ ਚਿਤੁ ਲਾਇ ॥ ਪੂਰਨ ਕਰੌ ਗ੍ਰੰਥ ਇਹ ਤੁਮ ਮੋਹਿ ਕਰਹੁ ਸਹਾਇ ॥ ੧ ॥

ਏਥੇ ਪਾਠਕ ਜਨ ਅਸਚਰਜਤਾ ਵਿਚ ਪੈ ਕੇ ਬਿਮਮਾਦ ਹੋ ਜਾਂਦੇ ਹਨ ਕਿ ਖੜਕ ਤਾਂ ਤਲਵਾਰ ਨੂੰ ਕਹਿੰਦੇ ਹਨ ਪਰ ਸੋਚਣ ਵਾਲੀ ਗਲ ਹੈ ਕਿ ਗ੍ਰੰਥ ਰਚਣ ਵਾਸਤੇ ਤਲਵਾਰ ਦੀ ਸਹਾਇਤਾ ਮੰਗਦੇ ਹਨ। ਗ੍ਰੰਥ ਰਚਣਾ ਕੋਈ ਜੰਗ ਤਾਂ ਕਰਨਾ ਨਹੀਂ, ਏਥੇ ਤਾਂ ਬੁਧੀ ਦਾ ਸਵਾਲ ਹੈ ਜੋ ਅਕਾਲੀ ਜੋਤਿ ਤੋਂ ਬਿਨਾਂ ਹੋਰ ਕੋਈ ਸਹਾਇਤਾ ਨਹੀਂ ਕਰ ਸਕਦਾ । ਅਸਲ ਵਿਚ ਗੁਰੂ ਜੀ ਜਿੰਨੇ ਭੀ ਸਸ਼ਤ੍ਰਾਂ ਨੂੰ ਨਮਸ਼ਕਾਰ ਕਰਦੇ ਹਨ ਉਹ ਨਿਰੰਕਾਰ ਵਾਚਕ ਹੀ ਹਨ, ਜਿਸ ਦਾ ਵੇਰਵਾ ਜੀਵਨ ਸੁਮਾਰਗ ਦੇ ਪਹਿਲੇ ਭਾਗ ਤੇ ਪਹਿਲੇ ਪ੍ਰਕਰਣ ਭਗਉਤੀ ਵਿਚਾਰ ਵਿਚ ਦੇਖੋ ਜਾਂ ਫਿਰ ਅਗੇ ਚਲਕੇ ਸ੍ਰਸਤ੍ਰ ਨਾਮ ਮਾਲਾ ਨੂੰ ਪੜ੍ਹੋ। ਤੇ ਜਿਉਂ ਜਿਉਂ ਤੁਸੀਂ ਬਚਿਤ੍ਰ ਨਾਟਕ ਨੂੰ ਪੜ੍ਹੋਗੇ ਕਈ ਤਰ੍ਹਾਂ ਦਾ ਰੰਗ ਬਰੰਗਾ ਤਮਾਸ਼ਾ ਅਕਾਲ ਪੁਰਖ ਦਾ ਦੇਖੋਗੇ, ਫੇਰ ਇਹ ਕਿ (ਤ੍ਵ ਪ੍ਰਸਾਦਿ) ਸ੍ਰੀ ਦਸਮੇਸ਼ ਪਿਤਾ ਜੀ ਤੋਂ ਬਿਨਾਂ ਹੋਰ ਕੋਈ ਕਵੀ ਨਹੀਂ ਲਿਖਦਾ ਤੱਕਿਆ, ਇਹ ਭੀ ਦਸਮੇਸ਼ ਜੀ ਦੀ ਕ੍ਰਿਤ ਦੀ ਪੱਕੀ ਨਿਸ਼ਾਨੀ ਹੈ ਪਰ ਅੱਜ ਦਾ ਲਿਖਾਰੀ ਜੋਸ਼ਤੀ ਬਣਿਆ ਬੈਠਾ ਜੋ ਝਟ ਲਿਖ ਮਾਰਦਾ ਹੈ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਸ੍ਰੀ ਦਸਮੇਸ਼ ਕ੍ਰਿਤ ਨਹੀਂ ਹੈ, ਪਰ ਸਾਡਾ ਵਿਚਾਰ ਹੈ ਕਿ ਇਹ ਲਾਂਘਾ ਹਮੇਸ਼ਾਂ ਹਮੇਸ਼ਾਂ ਲਈ ਬੰਦ ਕੀਤਾ ਜਾਵੇ, ਜਿਸ ਲਈ ਪੰਥ ਨੂੰ ਭੀ ਜੂੰਬਸ ਵਿਚ ਆਉਣਾ ਅਵਸ਼ਕ ਹੀ ਹੈ।

ਸਦਾ ਇਕ ਜੋਤੀ ਯੰ ਅਜੂਨੀ ਸਰੂਪੰ ॥ ਮਹਾਂ ਦੇਵ ਦੇਵੰ ਮਹਾਂ ਭੂਪ ਭੂਪੰ ॥ ਨਿਰੰਕਾਰ ਨਿਤਯੰ ਨਿਰੂਪੰ ਨਿਰਬਾਣੰ ॥ ਕਲੰ ਕਾਰਣੇਯੰ ਨਮੋ ਖੜਗ ਪਾਣੰ ॥ ੩ ॥ ਨਿਰੰਕਾਰ ਨ੍ਰਿਬਿਕਾਰ ਨਿਤਯ ਨਿਰਾਲੰ ॥ ਨ ਬਿਰਧੰ ਬਿਸੇਖੰ ਨ ਭਰਨੰ ਨ ਬਾਲੰ ॥ ਨ ਰੰਕੰ ਨ ਰਾਯੰ ਨ ਰੂਪੰ ਨ ਰੇਖੰ ॥ ਨ ਰੰਗੰ ਨ ਰਾਗੰ ॥ ਨ ਨਾਮੰ ਨ ਠਾਮੰ ਮਹਾਂ ਜੋਤ ਜਾਗੰ ॥

ਇਸੇ ਤਰ੍ਹਾਂ ਬਚਿਤ੍ਰ ਨਾਟਕ ਦੇ ਆਦਿ ਵਿਚ ਗੁਰਦੇਵ ਜੀ ਨੇ ੧੦੧ ਬੰਦ ਇਸੇ ਉਪਮਾ ਵਿਚ ਲਿਖੇ ਹਨ। ਬਹੁਤੇ ਵਿਸਥਾਰ ਵਿਚ ਜਾਣ ਨਾਲੋਂ ਬਸ ਇਸੇ ਇਕ ਛੰਦ ਦੇ ਅਰਥ ਬਣਾ ਲਵੋ, ਤਸੱਲੀ ਹੋ ਜਾਵੇਗੀ । ਜੋ ਇਉਂ ਹੈ-ਸਦਾ ਇਕ ਜੋਤ ਹੈ ਅਜੂਨੀ ਭਾਵ ਜੂਨ ਵਿਚ ਨਹੀਂ ਆਉਂਦਾ, ਇਹ ਵਿਸੇਸਣ ਤਲਵਾਰ ਲਈ ਨਹੀਂ ਵਰਤੇ ਜਾ ਸਕਦੇ, ਨਾ ਤਲਵਾਰ ਦੀ ਕੋਈ ਜੋਤਿ ਹੈ ਅਤੇ ਨਾ ਅਜਨਮਾ ਹੈ, ਸਗੋਂ ਬਣਾਈ ਜਾਂਦੀ ਹੈ ਅਤੇ ਦੇਵਾਂ ਦਾ ਦੇਵ ਅਰ ਰਾਜਿਆਂ ਦਾ ਰਾਜਾ ਇਕ ਅਕਾਲ ਹੀ ਹੋ ਸਕਦਾ ਹੈ। (ਨਿਰੰਕਾਰ ਨਿਤ ਯੰ) ਨਿਤ ਰਹਿਣ ਵਾਲਾ ਨਿਰੰਕਾਰ ਜੋ ਅਰੂਪ ਹੈ ਅਤੇ ਲੇਪ ਛੇਪ ਵਿਚ ਨਹੀਂ। ਸੰਸਾਰ ਦੇ ਵਿਚ ਜਦੋਂ ਕਲਾ ਵਧਦੀ ਹੈ ਵਿਸ਼ਵ ਦੇ ਵਪਾਉਣ ਦਾ ਕਾਰਨ ਉਹੀ ਹੋ ਸਕਦਾ ਹੈ, ਮੇਰੀ ਉਸ ਨੂੰ ਨਮਸ਼ਕਾਰ ਹੈ ਜੋ ਤਲਵਾਰਾਂ ਦੀ ਪਾਣ ਆਬ ਰੂਪ ਹੈ। ਏਥੇ ਸਪਸ਼ਟ ਲਿਖ ਦਿਤਾ ਹੈ, ਨਿਰੰਕਾਰ ਅਤੇ ਵਿਕਾਰਾਂ ਤੋਂ ਬਿਨਾਂ ਜੋ ਨਿਤ ਨਿਰਾਲਾ ਹੈ ਅਤੇ ਜੋ ਨਾ ਬੁਢਾ ਹੁੰਦਾ ਹੈ ਅਤੇ ਨਾ ਵਡਾ ਹੁੰਦਾ ਹੈ ਅਤੇ ਨਾ ਹੀ ਬਾਲਕ ਹੈ, ਨਾ ਜਵਾਨ, ਰਾਜਾ ਹੈ, ਨਾ ਗਰੀਬ ਹੀ ਹੈ, ਨਾ ਰੂਪ ਹੈ, ਨਾ ਰੇਖ ਹੈ

Digitized by Panjab Digital Library | www.panjabdigilib.org

ਤੇ ਨਾ ਰੰਗ ਨਾ ਹੀ ਉਸ ਨੂੰ ਗੀਤ ਕਿਹਾ ਜਾ ਸਕਦਾ ਹੈ, ਨਾ ਕੋਈ ਇਕ ਥਾਂ ਮੁਕਰਰ ਹੈ, ਫੇਰ ਹੈ ਕੀ ? ਮਹਾਂ ਜਾਗਦੀ ਜੋਤ ਹੈ। ਬਸ ਸ੍ਰੀ ਦਸਮੇਸ਼ ਜੀ ਦੇ ਛੰਦ ਦੀ ਅੰਤਲੀ ਤੁਕ ਹੀ ਉਸਦਾ ਨਿਰਨਾ ਹੁੰਦੀ ਹੈ। ਇਸ ਤੋਂ ਸਮਝ ਲਵੋ ਕਿ ਸ੍ਰੀ ਦਸਮੇਸ਼ ਜੀ ਨੇ ਨਾ ਸ਼ਾਸਤ੍ਰਾਂ ਨੂੰ ਮੱਥੇ ਟੇਕੇ ਹਨ ਨਾ ਹੀ ਦੇਵੀਆਂ ਨੂੰ ਉਹਨਾਂ ਦਾ ਆਸ਼ਾ ਸਮਝਣ ਦੀ ਲੋੜ ਹੈ। ਮਹਾਂ ਜਾਗਦੀ ਜੋਤ ਨੂੰ ਜਾਨਣ ਦੀ, ਨਾ ਹੀ ਗੁਰੂ ਜੀ ਅਵਤਾਰਾਂ ਦੇ ਪ੍ਰਚਾਰ ਲਈ ਅਵਤਾਰਾਂ ਦੀਆਂ ਸਾਖੀਆਂ ਲਿਖਦੇ ਹਨ ਅਤੇ ਨਾ ਹੀ ਦੇਵਤਿਆਂ ਲਈ ਬਲਕਿ ਸਾਡੇ ਗਿਆਨ ਲਈ ਉਹਨਾਂ ਦੀਆਂ ਸਾਖੀਆਂ ਦੇ ਕੇ ਅਤੇ ਠੋਕਰ ਮਾਰ ਕੇ ਜਗਾਉਣ ਲਈ। ਜੇ ਉਹਨਾਂ ਦਾ ਉਪ੍ਰੋਕਤ ਵਿਚਾਰ ਹੁੰਦਾ ਤਾਂ ਇਉਂ ਕਿਉਂ ਲਿਖਦੇ ?

ਕ੍ਰਿਯਾ ਕਾਲ ਜੂਕੀ ਕਿਨੂ ਨ ਪਛਾਨੀ ॥ ਘਨਜੋ ਪੈ ਬਿਹੈ ਹੈ ਘਨਿਜੋ ਪੈ ਬਿਹਾਨੀ ॥ ੨੬ ॥

ਕਿਤੇ ਕ੍ਰਿਸਨ ਸੇ ਕੀਟ ਕੋਟੈ ਬਨਾਏ ॥ ਕਿਤੇ ਰਾਮ ਸੇ ਮੇਟ ਡਾਰੇ ਉਪਾਏ ॥ ਮਹਾ ਦੀਨ ਕੇਤੇ ਪ੍ਰਿਥੀ ਮਾਂਝ ਹੂਏ ॥ ਸਮੈ ਆਪਨੀ ਆਪਨੀ ਅੰਤ ਮੂਏ ॥ ੨੭ ॥

ਜਿਤੇ ਅਉਲੀਆ ਅੰਬੀਆ ਹੋਇ ਬੀਤੇ ॥ ਤਿਤਿਯੋ ਕਾਲ ਜੀਤਾ ਨ ਤੇ ਕਾਲ ਜੀਤੇ ॥ ਜਿਤੇ ਰਾਮ ਸੇ ਕ੍ਰਿਸਨ ਹੋਇ ਬਿਨਸ ਆਏ ॥ ਤਿਤਿਯੋ ਕਾਲ ਖਾਪਿਓ ਨ ਤੇ ਕਾਲ ਘਾਏ ॥ ੨੮ ॥

ਜਿਤੇ ਇੰਦ੍ ਸੇ ਚੰਦ੍ ਸੇ ਹੋਤ ਆਏ ॥ ਤਿਤਿਯੋ ਕਾਲ ਖਾਪਾ ਨ ਤੇ ਕਾਲ ਘਾਏ ॥ ਜਿਤੇ ਅਉਲੀਆ ਅੰਬੀਆ ਗਉਸ ਤ੍ਵੈ ਹੈਂ ॥ ਸਭੈ ਕਾਲ ਕੇ ਅੰਤ ਦਾੜਾ ਤਲੈ ਹੈਂ ॥ ੨੯ ॥

ਜਿਤੇ ਮਾਨ ਧਾਤਾਦਿ ਰਾਜਾ ਕੁਹਾਏ ॥ ਸਬੈ ਬਾਧਿ ਕੈ ਕਾਲ ਜੇਲੈ ਚਲਾਏ ॥ ਜਿਨੈ ਨਾਮ ਤਾਕੋ ਉਚਾਰੋ ਉਬਾਰੇ ॥ ਬਿਨਾ ਸ੍ਯਾਮ ਡਾਕੀ ਲਖੇ ਕੋਟਿ ਮਾਰੇ ॥ ੩੦ ॥

ਇਉਂ ਸਤਿਗੁਰੂ ਜੀ ਜਦੋਂ ਅਕਾਲ ਉਪਮਾ ਲਿਖਦੇ ਹਨ ਤਾਂ ਕਿਸੇ ਦੀ ਕਾਣ ਨਹੀਂ ਰਖਦੇ ਅਤੇ ਕਹਿੰਦੇ ਹਨ ਜੋ ਭੀ ਬੜੇ ਤੋਂ ਬੜਾ ਬਣ ਕੇ ਧਰਤੀ ਪਰ ਆਇਆ ਸਭ ਨੂੰ ਹੀ ਕਾਲ ਨੇ ਖਾਧਾ ਹੈ ਅਤੇ ਕਾਲ ਨੂੰ ਕੋਈ ਨਹੀਂ ਖਾ ਸਕਿਆ। ਇਸ ਲਈ ਜਿਸ ਨੇ ਉਸ ਦੇ ਨਾਮ ਦੀ ਟੇਕ ਲੈ ਲਈ ਉਸ ਦੀ ਉਸ ਨੇ ਰਖਿਆ ਕੀਤੀ ਹੈ ਅਤੇ ਬਾਕੀ ਸਭ ਦੇ ਸਭ ਕਾਲ ਦੀ ਜੇਲ ਵਿਚ ਜਾਂ ਕਾਲ ਦੀਆਂ ਦਾੜਾਂ ਵਿਚ ਜਾ ਪਏ ਹਨ। ਵਿਸ਼ਾ ਇਹ ਕਾਲ ਜਾਂ ਅਕਾਲ ਪੁਰਖ ਦੀ ਉਸਤਤਿ ਵਿਚ ਚਲ ਰਿਹਾ ਹੈ, ਪਰ ਸਾਨੂੰ ਦਿਸਦਾ ਹੈ ਕਿ ਸਸ਼ਤ੍ਰਾਂ ਅਗੇ ਮੱਥਾ ਟੇਕ ਰਹੇ ਨੇ। ਜਿਵੇਂ ਕਿ–

ਨਮੋਂ ਡੀਰੰ ਤੋਪੰ ਜਿਨੈ ਸਤ੍ਰ ਘੋਪੰ ॥ ਨਮੋ ਧੋਪ ਪਟੰ ਜਿਨੈ ਦੁਸਟ ਟਟੰ ॥ ੮੦ ॥ ਜਿਤੇ ਸਸਤ੍ਰ ਨਾਮੰ ॥ ਨਮਸਕਾਰ ਤਾਮੰ ॥ ਜਿਤੇ ਅਸਤ੍ਰ ਭੋਯੰ ॥ ਨਮਸਕਾਰ ਤੇਯੰ ॥ ੯੧ ॥

Digitized by Panjab Digital Library | www.panjabdigilib.org

ਗੁਰੂ ਜੀ ਸਾਰੇ ਸ਼ਸਤ੍ਰਾਂ ਦੇ ਤਾਣ ਨੂੰ ਅਕਾਲ ਪੁਰਖ ਦਾ ਹੀ ਤਾਣ ਮੰਨਦੇ ਹਨ। ਜ਼ੇ ਸ਼ਸਤ੍ਰਾਂ ਨੂੰ ਨਮਸ਼ਕਾਰ ਕਰਦੇ ਹੁੰਦੇ ਤਾਂ ਇਸ ਚਲ ਰਹੇ ਵਿਸ਼ੇ ਵਿਚ ਇਉਂ ਨਾ ਲਿਖਦੇ।

ਸ੍ਵਯਾ- ਮੇਰ ਕਰੋ ਤ੍ਰਿਣ ਤੇ ਮੋਹਿ ਜਾਹਿ ਗਰੀਬ ਨਵਾਜ ਨ ਦੁਸਰ ਤੈਸੋ ॥
ਭੂਲ ਛਿਮੋ ਹਮਰੀ ਪ੍ਰਭ ਆਪਨ ਭੂਲਨਹਾਨ ਕਹੂੰ ਕੋਊ ਮੋਸੋ ॥
ਸੇਵ ਕਰੀ ਤੁਮਰੀ ਤਿਨ ਕੇ ਸਭ ਹੀ ਗ੍ਰਿਹ ਦੇਖੀਅਤ ਦ੍ਰਬ ਭਰੋਸੋ ॥
ਯਾ ਕਲ ਮੈ ਸਭ ਕਾਲ ਕ੍ਰਿਪਾਨ ਕੇ ਭਾਰੀ ਭੁਜਾਨ ਕੋ ਭਾਰੀ ਭਰੋਸੋ ॥
੮੨ ॥ ਸਫਾ ੪੫ ॥

ਹੇ ਅਕਾਲ ਪੁਰਖ ਮੈਂ ਇਕ ਤਿਣਖਾ (ਤੀਲਾ) ਹਾਂ ਅਤੇ ਮੇਰੇ ਜਿਹਾ ਹੋਰ ਕੋਈ ਗਰੀਬ ਨਹੀਂ ਅਤੇ ਤੇਰੇ ਜਿਹਾ ਹੋਰ ਕੋਈ ਗਰੀਬਾਂ ਨੂੰ ਨਿਵਾਜਣ ਵਾਲਾ ਨਹੀਂ। ਆਪ ਨੇ ਮੇਰੀਆਂ ਭੁਲਾਂ ਬਖਸ਼ ਦੇਣੀਆਂ। ਜਿਸ ਨੇ ਭੀ ਆਪ ਦੀ ਸੇਵਾ ਕੀਤੀ ਹੈ, ਉਸ ਦੇ ਧਨ ਮਾਲ ਦੇ ਭਰਪੂਰ ਖਜ਼ਾਨੇ ਤਕੀਦੇ ਹਨ ਅਤੇ ਅਜ ਕੁਲਜੁਜ ਦੇ ਸਮੇਂ ਵਿਚ ਹੇ ਕ੍ਰਿਪਾਲ ਰੂਪੀ ਕਾਲ ਤੇਰੀਆਂ ਵਡੀਆਂ ਬਾਹਾਂ ਦਾ ਬਹੁਤ ਹੀ ਬੜਾ ਭਰੋਸਾ ਹੈ। ਤੱਕਣ ਵਾਲੀ ਗਲ ਹੈ ਕਿਰਪਾਨ ਦੀਆਂ ਕਿਹੜੀਆਂ ਬਾਹਵਾਂ ਹਨ, ਬਾਹਵਾਂ ਤਾਂ ਵਿਸ਼ਾਲ ਅਕਾਲ ਦੀਆਂ ਹੀ ਹੋ ਸਕਦੀਆਂ ਹਨ ਜਿਸ ਦੀਆਂ ਵਿਸ਼ਾਲ ਬਾਹਾਂ ਵਿਚ ਸਾਰਾ ਸੰਸਾਰ ਅਕਾਰ ਸਮਾ ਰਿਹਾ ਹੈ। ਜਿਸ ਨੂੰ ਪੜ੍ਹ ਕੇ ਹੀ ਸ੍ਰੀ ਅਸ਼ੋਕ ਜੀ ਅਤੇ ਗਿ: ਭਾਗ ਸਿੰਘ ਜੀ ਇਸ ਦੀ ਅਲੋਚਨਾ ਕਰਦੇ ਲਿਖਦੇ ਹਨ, (ਜਿਤੇ ਸਸਤ੍ਰ ਨਾਮੰ ਨਮਸਕਾਰ ਤਾਮੰ) ਦੀ ਪੰਗਤੀ ਦੇ ਕੇ ਕਿਹਾ ਹੈ ਕਿ ਇਹ ਤਮਾਮ ਸਸਤ੍ਰਾਂ ਨੂੰ ਸਨਮਾਨ ਦੇ ਤੌਰ ਤੇ ਨਮਸ਼ਕਾਰ ਕੀਤਾ ਹੈ, ਜਿਨ੍ਹਾਂ ਤੋਂ ਮਹਾਂਕਾਲ ਜੀ ਯੁਧ ਭੂਮੀ ਵਿਚ ਕੰਮ ਲੈਂਦੇ ਸਨ। ਜਿਸ ਤੋਂ ਸਿਖਾਂ ਵਿਚ ਸ਼ਸਤ੍ਰ ਪੂਜਾਂ ਦੀ ਅਸਲੀਅਤ ਸਾਫ ਸਮਝ ਵਿਚ ਆ ਜਾਂਦੀ ਹੈ। (ਸ੍ਰੀ ਕਾਲ ਜੀ) ਦੀ ਇਹ ਉਸਤਤਿ, ਜਿਸ ਨੂੰ ਪ੍ਰੋਫੈਸਰ ਸਾਹਿਬ ਸਿੰਘ ਜੀ ਗਲਤੀ ਨਾਲ ਸਰਵ-ਸ਼ਕਤੀਵਾਨ, ਅਕਾਲ ਪੁਰਖ ਵਾਹਿਗੁਰੂ ਦਾ ਸਤੋਤ੍ਰ ਸਮਝਦੇ ਹਨ, ਹਿੰਦੂ ਤੰਤ੍ਰਾਂ ਅਤੇ ਪੁਰਾਣਾਂ ਦੀ ਕੋਰੀ ਨਕਲ ਹੈ। ਇਸ ਦੇ ਅਰਥਾਂ ਨੂੰ ਵਿਚਾਰਨ ਤੋਂ ਸਾਫ ਪਤਾ ਲਗਦਾ ਹੈ ਕਿ ਇਹ ਇਕ ਤਾਂਤ੍ਰਕ ਦੇਵੀ ਦੇਵਤਾ ਦਾ ਸਤੋਤ੍ਰ ਹੈ। ਉਸ ਸਿਰਜਨਹਾਰ ਕਰਤਾਰ ਨਾਲ ਜਿਸ ਨੂੰ ਸਿਖ ਸਰਬ-ਵਿਆਪੀ ਪ੍ਰਮੇਸ਼ਰ ਸਮਝਦੇ ਹਨ, ਇਸਦਾ ਕੋਈ ਭੀ ਸਬੰਧ ਨਹੀਂ। ਸਚਾਈ, ਖੋਜੀਆਂ ਨੂੰ ਬਚਿਤ੍ਰ ਨਾਟਕ ਦੇ ਇਹ ਹਵਾਲੇ ਪੜ੍ਹਕੇ ਸੋਚਣਾ ਚਾਹੀਦਾ ਹੈ ਕਿ ਜੋ ਅਕਾਲ ਪੁਰਖ (ਰੂਪ ਨ ਰੇਖ ਨ ਰੰਗ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ) ਸਿਫਤਾਂ ਵਾਲਾ ਹੈ, ਉਹ ਇਸ ਤਰ੍ਹਾਂ ਦੀ ਖੌਫ ਨਾਕ ਸੂਰਤ ਕਿਸ ਤਰ੍ਹਾਂ ਅਖਤਿਆਰ ਕਰ ਸਕਦਾ ਹੈ।

ਅਗੇ ਹਵਾਲਾ ਦਿੰਦੇ ਹਨ ਬਚਿਤ੍ਰ ਨਾਟਕ ਵਿਚੋਂ।

ਇਹ ਪੰਗਤੀ ਲਿਖ ਕੇ ਅਸ਼ੋਕ ਜੀ ਇਕ ਪਾਸੇ ਤਾਂ ਇਹ ਭੀ ਲਿਖਦੇ ਹਨ ਕਿ ਇਸ ਦਾ ਲੇਖਕ ਗੁਰੂ ਗੋਬਿੰਦ ਸਿੰਘ ਜੀ ਹੀ ਹੋ ਸਕਦੇ ਹਨ, ਪਰ ਫਿਰ ਸ਼ੰਕਾ ਭੀ ਪ੍ਰਗਟ ਕਰਦੇ ਹਨ ਕਿ ਹੋ ਸਕਦਾ ਹੈ ਕਿ ਉਹਨਾਂ ਦੇ ਹਜੂਰੀ ਕਵੀ ਸਿਆਮ ਦੀ ਚਲਾਕੀ ਹੋਵੇ; ਕਿਉਂਕਿ ਇਸ ਤੋਂ ਸਾਬਤ ਹੁੰਦਾ ਹੈ ਕਿ ਸ੍ਰੀ ਦਸਮੇਸ਼ ਜੀ ਮਹਾਂ ਕਾਲ ਕਾਲਕਾ ਦੇ ਭਗਤ ਸਿਧ ਹੁੰਦੇ ਹਨ।

ਮੈਂ ਸ੍ਰੀ ਅਸ਼ੋਕ ਜੀ ਤੇ ਭਾ: ਭਾਗ ਸਿੰਘ ਦੇ ਇਸ ਸ਼ੰਕੇ ਨੂੰ ਦੂਰ ਕਰਨ ਲਈ ਆਪਣੀ ਖੋਜ ਪੇਸ਼ ਕਰਦਾ ਹਾਂ ਜੋ ਮੇਰੀ ਘਰੋਗੀ ਨਹੀਂ ਸਗੋਂ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਅੰਦਰੋਂ ਤੇ ਕੁਝ ਕੁ ਵਿਦਵਾਨਾਂ ਦੀ ਰਾਇ ਨਾਲ ਹੈ, ਜਿਸ ਮਹਾਂ ਕਾਲ ਦਾ ਚਿਤ੍ਰਣ ਇਹਨਾਂ ਦੀ ਵਿਚਾਰ ਵਿਚ ਆਇਆ ਹੈ ਉਸ ਦਾ ਸ੍ਰੀ

Digitized by Panjab Digital Library | www.panjabdigilib.org

ਦਸਮੇਸ਼ ਬਾਣੀ ਨਾਲ ਉੱਕਾ ਹੀ ਕੋਈ ਸਬੰਧ ਨਹੀਂ ਹੈ ਅਤੇ ਸਾਰੇ ਜਗਤ ਨੂੰ ਉਪਜਾ ਕੇ ਪੈਦਾ ਕਰਨ ਵਾਲਾ ਜਾਂ ਵਿਸ਼ਵ ਕਰਤਾ ਅਤੇ ਕਾਲ ਸੀਮਾਂ ਤੋਂ ਬਾਹਰ ਨਾ ਕੋਈ ਹੋਰ ਹੈ ਨਾ ਹੋ ਸਕਦਾ ਹੈ ਜਿਸ ਨੂੰ ਭਿੰਨ ਭਿੰਨ ਸਮੇਂ ਤੇ ਸ੍ਰੀ ਦਸਮੇਸ਼ ਜੀ ਥਾਂ ਥਾਂ ਲਿਖਦੇ ਆ ਰਹੇ ਹਨ ਤੇ ਅਗੇ ਲਿਖਿਆ ਮਿਲੇਗਾ। ਜੇ ਅਸੀਂ ਫੇਰ ਭੀ ਸ਼ੰਕਾ ਕਰਦੇ ਹੀ ਜਾਈਏ ਤਾਂ ਇਸ ਦਾ ਕੀ ਉਪਾਇ ਹੋ ਸਕਦਾ ਹੈ ਜਾਂ ਕੋਈ ਦੇਵੀ ਦੇਵਤਾ ਅਥਵਾ ਹੋਰ ਮਨੁਖ ਜਾਂ ਇਸਤ੍ਰੀ ਆਪਣਾ ਨਾਮ ਇਹਨਾਂ ਨਾਵਾਂ ਨਾਲ ਹੀ ਸਿਧ ਕਰ ਲੈਂਦਾ ਹੈ ਤਾਂ ਅਸੀਂ ਉਸ ਦੇ ਮਗਰ ਨਹੀਂ ਲਗ ਜਾਣਾ ਅਤੇ ਨਾ ਹੀ ਆਪ ਇਹ ਨਾਮ ਤਿਆਗ ਹੀ ਦੇਣੇ ਰਨ ਜਾਂ ਗਰਬਾਣੀ ਵਿਚੋਂ ਕਢ ਦੇਣੇ ਹਨ । ਇਹ ਫੈਸਲਾ ਹੋ ਚੁਕਾ ਹੈ ਕਿ ਨਾ ਕੋਈ ਹੋਰ ਰਾਮ ਕਵੀ ਹੈ ਅਤੇ ਨਾ ਹੀ ਕੋਈ ਸ਼ਾਮ ਤੇ ਨਾ ਕੋਈ ਕਾਲੀ ਦਾਸ ਇਸ ਗ੍ਰੰਥ ਦਾ ਕਰਤਾ ਇਕੋ ਇਕ ਗੁਰੂ ਗੋਬਿੰਦ ਸਿੰਘ ਜੀ ਹੀ ਹਨ।

ਰਹੀ ਸਾਕਤ ਮਨ ਦੀ ਗਲ

੪–ਅਵੱਲ ਹੀ ਤਾਂ ਸਾਕਤ ਮਤ ਵਾਲੇ ਜਾਂ ਬਣਾਉਟੀ ਮਹਾਂ ਕਾਲ ਦੇ ਮੰਨਣ ਵਾਲਿਆਂ ਲਈ ਸ੍ਰੀ ਦਸਮੇਸ਼ ਜੀ ਦੇ ਪਾਸ ਕੋਈ ਥਾਂ ਹੀ ਨਹੀਂ ਹੋ ਸਕਦੀ, ਪਰ ਜੇ ਕੋਈ ਚਲਾਕੀ ਨਾਲ ਆ ਹੀ ਵੜਦਾ ਤਾਂ ਭਾਈ ਗੁਰਦਾਸ ਜੀ, ਸ੍ਰੀ ਨੰਦ ਲਾਲ ਜੀ ਵਰਗੇ ਸਿਆਣੇ ਤੇ ਪ੍ਰਬੀਨ ਕਦੀ ਵੀ ਸਹਿਨ ਨਹੀਂ ਸੀ ਕਰ ਸਕਦੇ ਅਤੇ ਨਾ ਹੀ ਸ੍ਰੀ ਦਸਮੇਸ਼ ਜੀ ਜਿਹੜੇ ਤ੍ਰੈ ਕਾਲ ਦਰਸੀ ਅਗੇ ਛਪ ਹੀ ਸਕਦੇ ਸਨ। ਮਹਾਂ ਕਾਲ ਅਤੇ ਭਗਉਤੀ ਬਾਰੇ ਪਹਿਲਾਂ ਪਹਿਲੇ ਅਧਯਾਇ ਅਰਦਾਸ ਵਿਚ ਲਿਖਿਆ ਜਾ ਚੁਕਾ ਹੈ ਫੇਰ ਅਕਾਲ ਉਸਤਤਿ ਵਿਚ ਭੀ ਆ ਚੁਕਾ ਹੈ । ਤੀਸਰੇ ਕਵੀ ਜੋ ਅਸ਼ੋਕ ਜੀ ਨੂੰ ਭੁਲੇਖਾ ਪਿਆ ਸੀ ਉਹ ਕੱਕੇ ਦੇ ਅਗੇ ਪਿਛੇ ਹੋ ਜਾਣ ਨਾਲ ਸੀ ਉਹ ਭੀ ਸਾਫ ਹੋ ਚੁਕਾ ਹੈ ਅਤੇ ਕਾਲ ਮਹਾਂ ਕਾਲ ਬਾਰੇ ਭੀ ਕਈ ਪ੍ਰਮਾਣ ਦਿਤੇ ਜਾ ਚੁਕੇ ਹਨ। ਪਰ ਏਥੇ ਹੋਰ ਪੜ੍ਹ ਲੌ–

ਫਿਰੈ ਚਕ੍ਰ ਚਕੌਦਹੂੰ ਪੁਰੀਜੰ ਮਧਿਆਣੰ ॥ ਇਸੋ ਕੌਨ ਬੀਜੰ ਫਿਰ ਆਇ ਸਾਣੰ ॥
ਕਹੋ ਕੁੰਟ ਕੌਨੈ ਬਿਖੈ ਭਾਜ ਬਾਛੈ ॥ ਸਭੰ ਸੀਸ ਕੇ ਸੰਗ ਸ੍ਰੀ ਕਾਲ ਨਾਚੈ ॥ ੬੦ ॥ ਸ: ੪੩ ॥

ਇਸ ਨੂੰ ਦਸੋ ਹੁਣ ਕਿਹੜੇ ਕਾਲ ਦੀ ਛਾਇਆ ਕਿਹਾ ਜਾ ਸਕਦਾ ਹੈ ਅਤੇ ੪੯ ਅੰਕ ਤੋਂ ਚਲ ਕੇ ੮੫ ਅੰਕ ਤਕ ਇਸੇ ਕਾਲ ਦਾ ਸਰੂਪ ਦਿਖਾਇਆ ਗਿਆ ਹੈ, ਜਿਹਾ ਕਿ–

ਜਿਤੇ ਜੀਅ ਜੰਤੰ ਸੁ ਦੁਨੀਆ ਉਪਾਜੰ ॥ ਸਭੈ ਅੰਤ ਕਾਲੰ ਬਲੀ ਕਾਲ ਘਾਜੰ ॥
ਬਿਨਾ ਸਰਨ ਤਾਕੀ ਨਹੀ ਔਰ ਓਟੰ ॥ ਲਿਖੇ ਜੰਤ੍ਰ ਕੇਤੇ ਪੜੇ ਮੰਤ੍ਰ ਕੋਟੰ ॥ ੭੭ ॥

ਕਿਵੇਂ ਕਿਹਾ ਜਾਂਦਾ ਹੈ ਕਿ ਇਸ ਬਾਣੀ ਵਿਚ ਜੰਤ੍ਰ ਮੰਤ੍ਰ ਜਾਂ ਤੰਤ੍ਰਾਂ ਦਾ ਪ੍ਰਚਾਰ ਕੀਤਾ ਹੋਇਆ ਹੈ ? ਕੀ ਇਹ ਹੈਰਾਨੀ ਦੀ ਗਲ ਨਹੀਂ ?

ਭਾਵ–ਕ੍ਰਿਪਾਨ-ਪਾਨ ਉਸ ਨੂੰ ਕਹਿੰਦੇ ਹਨ ਜੋ ਕਿ ਕ੍ਰਿਪਾਨ ਤਿਆਰ ਕਰਕੇ ਉਸ ਨੂੰ ਸਖਤ (ਪੱਕਾ) ਕਰਨ ਲਈ ਪਾਣ (ਆਬ) ਦਿਤੀ ਜਾਂਦੀ ਹੈ, ਉਸ ਤੋਂ ਉਪ੍ਰੰਤ ਉਹ ਏਨੀ ਸਖਤ ਹੋ ਜਾਂਦੀ ਹੈ ਕਿ ਲੋਹੇ ਨੂੰ ਭੀ ਕਟ ਕੇ ਆਪ ਨਹੀਂ ਦਬਦੀ। ਪਰ ਉਹ ਵਸਤ ਕੀ ਹੈ, ਕਿਸੇ ਨਹੀਂ ਦੇਖੀ ਅਨੁਭਵ ਹੁੰਦੀ ਹੈ ਉਹ ਪਾਣ ਜੋ ਹੈ ਉਹ ਨਿਰਗੁਣ ਸਰੂਪ ਹੈ – ਕ੍ਰਿਪਾਨ ਸਰਗੁਣ ਦੇਖਣ ਵਾਲਾ ਅਸਥੂਲ ਵਸਤੂ ਹੈ

Digitized by Panjab Digital Library | www.panjabdigilib.org

ਅਤੇ ਪਾਣ ਨਿਰਗੁਣ ਸਰੂਪ ਅਨਭੁਵੀ ਵਸਤੂ ਹੈ ਉਹ ਵਸਤੂ ਨਿਰਗੁਣ ਸਰੂਪ ਦੀ ਸ਼ਕਤੀ ਹੈ। ਏਥੇ ਉਹੀ ਭਾਵ ਹੈ (ਕ੍ਰਿਪਾਣ ਪਾਣ ਜੋ ਜਪੈ) ਜੋ ਵੀ ਇਸ ਪਾਣ ਰੂਪੀ ਕਾਲ ਨੂੰ ਧਿਆਉਂਦਾ ਹੈ ਉਹ ਜਗਤ ਵਿਚੋਂ ਬਾਜੀ ਜਿਤ ਕੇ ਜਾਂਦਾ ਹੈ। ਜਿਸ ਦੀ ਤਾਰੀਫ ਏਉਂ ਦਸਦੇ ਹਨ-

ਰੂਪ ਰਾਗ ਨ ਰੇਖ ਰੰਗ ਨ ਜਨਮ ਮਰਨ ਬਹੀਨ ॥ ਆਦ ਨਾਥ ਅਗਾਧ ਪੁਰਖ ਸੋ ਧਰਮ ਕਰਮ ਪ੍ਰਬੀਨ ॥ ਜੰਤ੍ਰ ਮੰਤ੍ਰ ਨ ਤੰਤ੍ਰ ਆਦ ਪੁਰਖ ਅਪਾਰ ॥ ਹਸਟ ਕੀਟ ਬਿਖੈ ਬਸੈ ਸਭ ਠਉਰ ਮੈ ਨਿਰਧਾਰ ॥ ੧ ॥ ੧੮੧ ॥ ਸਫਾ ੨੮ ॥

ਨਿਰਗੁਣ ਸਰੂਪ ਦਾ ਕੋਈ ਰੂਪ ਨਹੀਂ, ਰਾਗ ਦਵੈਖ ਨਹੀਂ, ਰੰਗ ਭੀ ਨਹੀਂ, ਜੰਮਦਾ ਤੇ ਮਰਦਾ ਨਹੀਂ, ਫੇਰ ਕੀ ਹੈ ਆਦ ਨਾਥ ਸਭ ਤੋਂ ਵੱਡਾ ਮਾਲਕ (ਮਹੰਤ) ਅਤੇ ਨਾ ਗਾਹੇ ਜਾਣ ਵਾਲਾ ਜੋ ਸਾਰੇ ਧਰਮਾਂ ਤੇ ਕਰਮਾਂ ਨੂੰ ਜਾਣਦਾ ਹੈ। ਉਹ ਨਾ ਕਿਸੇ ਤੰਤ੍ਰ ਅਤੇ ਮੰਤ੍ਰ ਅਥਵਾ ਜੰਤ੍ਰ ਨਾਲ ਵਸ ਹੁੰਦਾ ਹੈ ਸਗੋਂ ਉਹ ਬਹੁਤ ਬੇਅੰਤ ਹੈ, ਫੇਰ ਹਾਥੀ ਤੋਂ ਲੈ ਕੇ ਕੀੜੀ ਤਕ ਸਭ ਹੀ ਜੀਵਾਂ ਵਿਚ ਨਿਰੰਤਰ ਵੱਸ ਰਿਹਾ ਹੈ ਹਰ ਵੇਲੇ ਭਾਵ ਜਿਸ ਦੀ ਕਦੇ ਭੀ ਨਫੀ ਨਹੀਂ ਹੁੰਦੀ । ਅਸੀਂ ਕਿਵੇਂ ਕਹਿੰਦੇ ਹਾਂ ਕਿ ਇਹ ਅਕਾਲ ਪੁਰਖ ਨਹੀਂ ਸਗੋਂ ਹੋਰ ਕਿਸੇ ਦਾ ਪ੍ਰਚਾਰ ਤੇ ਸਤੋਤ੍ਰ ਕੀਤਾ ਹੈ।

ਪਰ ਜਦੋਂ ਉਹੀ ਨਿਰਗੁਣ ਸਰੂਪ ਆਪਣੀ ਕੁਦਰਤ ਸ਼ਕਤੀ ਜਿਸ ਨੂੰ ਕਾਲ ਦੀ ਸ਼ਕਤੀ ਕਾਲੀ ਭੀ ਕਿਹਾ ਜਾ ਸਕਦਾ ਹੈ ਸਰਗੁਣ ਰੂਪ ਧਾਰਨ ਕਰ ਲੈਂਦੀ ਹੈ ਤਾਂ ਉਹ ਜਿਥੇ ਸ਼ਾਂਤ ਰੂਪ ਹੈ – ਉਥੇ ਸਾਡੇ ਕਰਮਾਂ ਅਨੁਸਾਰ ਕਹਿਰ ਰੂਪ ਜੋ ਭਿਆਨਕ ਰੂਪ ਹੋ ਕੇ ਸਾਡੇ ਕਰਮਾਂ ਦਾ ਸਾਨੂੰ ਦੰਡ ਭੀ ਦਿੰਦੀ ਹੈ ਜੋ ਹਰ ਰੂਪ ਵਿਚ ਪ੍ਰਗਟ ਹੋ ਸਕਦੀ ਹੈ, ਜਿਵੇਂ ਕਿ ਭਗਤ ਪ੍ਰਹਿਲਾਦ ਦੇ ਪਿਤਾ ਨੂੰ ਤੱਕ ਕੇ ਨਰ ਸਿੰਘ ਰੂਪ ਵਿਚ ਇਕ ਅਲੌਕਿਕ ਕ੍ਰਿਸ਼ਮਾ ਕੀਤਾ ਸੀ। ਜਦੋਂ ਉਹ ਆਪਣੇ ਕਿਸੇ ਭਗਤ ਦੀ ਪੀੜਾ ਨੂੰ ਹੋਰ ਸਹਿਨ ਨਹੀਂ ਕਰ ਸਕਦਾ ਉਸ ਵੇਲੇ ਦੇ ਕਹਿਰਵਾਂ ਅਤੇ ਪ੍ਰਚੰਡ ਤੇਜਸਵੀ ਸਰੂਪ ਦਾ ਏਉਂ ਵਰਨਣ ਕੀਤਾ ਹੈ। ਜਿਸ ਦਾ ਵਰਣਨ ਭਾਈ ਭਾਗ ਸਿੰਘ ਕਿਸੇ ਹੋਰ ਹੀ ਪਾਸੇ ਲੈ ਜਾਂਦੇ ਨੇ।

ਮੁੰਡ ਕੀ ਮਾਲ ਦਿਸਾਨਕੇ ਅੰਬਰ ਚਮ ਕਰਿਯੋ ਗਰ ਅਸ ਭਾਰੇ ॥ ਲੋਚਨ ਲਾਲ ਕਰਾਲ ਦਿਪੈਂ ਦੋਊ ਭਾਲ ਵਿਰਾਜਤ ਹੈ ਅਨਿਆਰੇ ॥ ਛੁਟੇ ਹੈ ਬਾਲ ਮਹਾ ਬਿਕਰਾਲ ਵਿਸ਼ਾਲ ਲਸੈ ਰਦ ਪੰਤ ਉਜਿਆਰੇ ॥ ਛਾਡਤ ਸ੍ਵਾਲ ਲਏ ਕਰ ਬਿਘਾਲ ਸੋ ਕਾਲ ਸਦਾ ਪ੍ਰਤਿਪਾਲ ਤਿਹਾਰੇ ॥ ੧੭ ॥

ਜਦੋਂ ਉਹ ਦੀਨਾ ਨੂੰ ਦੁਖੀ ਹੁੰਦੇ ਦੇਖਦਾ ਹੈ ਅਤੇ ਜਦੋਂ ਉਹ ਆਪਣੇ ਭਗਤਾਂ ਤੇ ਪਈ ਬਿਪਤਾ ਨੂੰ ਤਕਦਾ ਹੈ ਤਾਂ ਉਸ ਨੂੰ ਜੋਸ਼ ਵਿਚ ਆਉਣਾ ਪੈਂਦਾ ਹੈ ਸੋ ਉਹ ਕਾਲ ਰੂਪ ਭਿਅੰਕਰ ਰੂਪ ਧਾਰ ਕੇ ਸਦਾ ਹੀ ਤੁਹਾਡੀ ਪ੍ਰਤਿਪਾਲਨਾ ਕਰਦਾ ਹੈ, ਜੇ ਗੁਰੂ ਨਾਨਕ ਦੇਵ ਜੀ ਨੂੰ ਲੋੜ ਪਈ ਤਾਂ ਮੁਸਲਮਾਨਾਂ ਨਾਲ ਨਿਮਾਜ ਪੜ੍ਹਨ ਮਸੀਤੇ ਭੀ ਜਾ ਵੜੇ ਸੀ ਅਤੇ ਕੁਰਾਨ ਸਰੀਫ ਦੀਆਂ ਆਇਤਾਂ ਲਿਖਿਆ ਹੋਇਆ ਚੋਲਾ ਭੀ ਪਾ ਲਿਆ ਸੀ, ਅਸੀਂ ਮੱਕੇ ਵਲ ਮੂੰਹ ਭੀ ਨਹੀਂ ਕਰਦੇ ਪਰ ਆਪ ਮੱਕੇ ਮਦੀਨੇ ਨਿਸੰਗ ਹੋ ਕੇ ਜਾ ਵੜੇ ਸੀ ਸੋ ਉਸ ਸਕਤੀ ਨੂੰ ਕੌਣ ਰੋਕੇ ਕਿ ਏਉਂ ਕਿਉਂ ਕੀਤਾ ? ਜੋ ਉਕਾ ਹੀ ਅਨੁਚਿਤ ਹੈ। ਆਪ ਦਸਦੇ ਹਨ –

Digitized by Panjab Digital Library | www.panjabdigilib.org

ਕ੍ਰਿਪਾਣ ਪਾਣ ਧਾਰੀਯੰ ॥ ਕਰੋਰ ਪਾਪ ਟਾਰੀਯੰ ॥ ਗਦਾ ਗ੍ਰਿਸਟ ਪਾਣਿਯੰ ॥ ਕਮਾਣ ਬਾਣ ਤਾਣੀਯੰ ॥੪੭॥
ਸਬਦ ਸੰਖ ਬਜਿਯੰ ॥ ਘਣਕ ਘੁੰਮਰ ਗਜਿਯੰ ॥ ਸਰਨਿ ਨਾਥ ਤੋਰੀਯੰ ॥ ਉਬਾਰ ਲਾਜ ਮੋਰੀਯੰ ॥੪੮॥
ਅਨੇਕ ਰੂਪ ਸੋਹੀਯੰ ॥ ਬਿਸੇਖ ਦੇਵ ਮੋਹੀਯੰ ॥ ਅਦੇਵ ਦੇਵ ਦੇਵਲੰ ॥ ਕ੍ਰਿਪਾ ਨਿਧਾਨ ਕੇਵਲੰ ॥੪੯॥
ਸੁ ਆਦਿ ਅੰਤਿ ਏਕਯੰ ॥ ਧਰੇ ਸਰੂਪ ਅਨੇਕਯੰ ॥ ਕ੍ਰਿਪਾਣ ਪਾਣ ਰਾਜਈ ॥ ਬਿਲੋਕ ਪਾਪ ਭਾਜਈ॥੫੦॥
ਪੰ: ੪੨ ॥

ਅਸੀਂ ਸਮ ਦ੍ਰਿਸਟੀ ਨਹੀਂ ਰੱਖਦੇ ਸਗੋਂ ਚਮ ਦ੍ਰਿਸ਼ਟੀ ਦੇ ਪੁਜਾਰੀ ਹਾਂ ਅਤੇ ਉਸਨੂੰ ਇਕੋ ਰੂਪ ਤੇ ਇਕੋ ਨਾਮ ਨਾਲ ਬੰਨਣਾਂ ਚਾਹੁੰਦੇ ਹਾਂ, ਪਰ ਗੁਰੂ ਦਸਮ ਪਾਤਸਾਹ ਜੀ ਦੱਸਦੇ ਹਨ ਕਿ ਉਹ ਦਿਬਜ ਦ੍ਰਿਸ਼ਟੀ ਸਰਬ ਵਿਆਪੀ ॥ ਪ੍ਰਕਾਸ਼ ਸੰਯੁਕਤ ਘਟ ਘਟ ਤੇ ਪਟ ਪਟ ਵਿਚ ਵੱਸ ਰਿਹਾ ਹੈ। (ਸਰਬ ਠਉਰ ਮੈਂ ਨਿਰਧਾਰ) ਹੈ ਜਦੋਂ ਉਹ ਕਿਸੇ ਸੂਰਮੇਂ ਦੇ ਰੂਪ ਵਿਚ ਕ੍ਰਿਪਾਣ ਨੂੰ ਧਾਰਨ ਕਰ ਲੈਂਦਾ ਹੈ, ਤਾਂ ਕ੍ਰੋੜਾਂ ਵਿਘਨਾਂ ਤੇ ਪਾਪਾਂ ਦਾ ਸਤਿਆਨਾਸ ਕਰ ਸੁੱਟਦਾ ਹੈ ਅਤੇ ਕਈ ਵਾਰੀ ਗਦਾ ਭੀ ਹੱਥ ਵਿਚ ਧਾਰ ਲੈਂਦਾ ਹੈ, ਕਦੇ ਕਮਾਨ ਅਤੇ ਬਾਣ ਭੀ ਤਾਣ ਤਾਣ ਕੇ ਮਾਰਦਾ ਹੈ ਅਤੇ ਜੰਗਾਂ ਜੁਧਾਂ ਸਮੇਂ ਸੰਖ ਤੇ ਡਫਾਂ ਨਪੀਰੀਆਂ ਅਨੇਕਾਂ ਵਾਜੇ ਵਜਾਏ ਜਾਂਦੇ ਹਨ ਤੇ ਜਾਂਦੇ ਸਨ ਅਤੇ ਗੁਰੂ ਜੀ ਭੀ ਧੌਂਸਾ ਨਾਲ ਰੱਖਦੇ ਰਹੇ ਸਨ। ਝੂਮ ਝੂਮ ਕੇ ਸੂਰਮੇਂ ਗੱਜਦੇ ਹਨ ਜਿਸ ਲਈ ਮੈਂ ਇਹੋ ਜਿਹੇ ਸ਼ਰਿਸ਼ਟੀ ਦੇ ਨਾਥ ਦੀ ਸ਼ਰਨ ਵਿਚ ਆਇਆ ਹਾਂ ਤਾਂ ਕਿ ਮੇਰੀ ਭੀ ਲਜਾ ਰੱਖੇ। ਹੇ ਸਰਵ ਸ਼ਕਤੀਮਾਨ ਤੂੰ ਅਨੇਕਾਂ ਰੂਪਾਂ ਦੇ ਵਿਚ ਸ਼ੋਭ ਰਿਹਾ ਹੈਂ, ਜਿਸਨੂੰ ਤੱਕ ਕੇ ਬੜੇ ਤੋਂ ਬੜੇ ਦੇਵਤੇ ਭੀ ਮੋਹਿਤ ਹੋ ਜਾਂਦੇ ਹਨ, ਕਿਉਂਕਿ ਤੂੰ ਆਪ ਅਦੇਵ ਹੈ, ਜਿਸ ਨੂੰ ਕਿਸੇ ਦੇਵਤਾ ਦੀ ਟੇਕ ਨਹੀਂ ਹੈ ਅਤੇ ਉਹ ਦੇਵਤਿਆਂ ਦਾ ਭੀ ਸ਼੍ਰੋਮਣੀ ਦੇਵਤਾ ਹੈ, ਜੇਕਰ ਕਿਰਪਾ ਦਾ ਖਜ਼ਾਨਾ ਹੈ ਤਾਂ ਇਕੋ ਇਕ ਤੂੰਹੀ ਤੂੰ ਹੈਂ ਪਰ ਤੂੰ ਅਨੇਕਾਂ ਰੂਪ ਧਾਰਨ ਕਰਦਾ ਹੈਂ।

ਹੁਣ ਇਸ ਤੋਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਸ੍ਰੀ ਦਸਮੇਸ਼ ਜੀ ਦੀ ਬਾਣੀ ਵਿਚ ਸਕਤਾਂ ਦੇ ਭਿਆਨਕ ਦੇਵੀ ਜਾਂ ਦੇਵਤੇ ਲਈ ਕਿਹੜੀ ਥਾਂ ਖਾਲੀ ਹੈ ? ਪਰ ਆਪ ਇਸ ਕਾਲ ਦਾ ਨਹੀਂ ਸਗੋਂ ਉਸ ਕਾਲ ਦਾ ਜ਼ਿਕਰ ਕਰ ਰਹੇ ਹਨ-

ਕਈ ਕੋਟ ਲੀਨੇ ਜਿਨੈ ਦੁਰਗ ਢਾਹੇ ॥ ਕੇਤੇ ਸੂਰ ਬੀਰਾਨ ਕੇ ਸੈਨ ਗਾਹੇ ॥ ਕਈ ਜੰਗ ਕੀਨੇ ਸੁ ਸਾਕੇ ਪਵਾਰੇ ॥ ਵਹੈ ਦੀਨ ਦੇਖੇ ਗਿਰੇ ਕਾਲ ਮਾਰੇ ॥

ਕਈ ਕ੍ਰੋੜ ਜਿੰਨਾਂ ਨੇ ਦੁਰਗਾ ਦੇ ਆਸਰੇ ਤਕੇ ਅਤੇ ਕਿੰਨੇ ਹੀ ਸੂਰਵੀਰਾਂ ਦੇ ਲਸ਼ਕਰ ਫੌਜਾਂ ਮਾਰ ਮਾਰ ਕੇ ਖਪਾ ਦਿੱਤੀਆਂ ਅਤੇ ਅਨੇਕਾਂ ਜੰਗ ਤੇ ਜੁਧ ਕੀਤੇ ਅਨੇਕਾਂ ਸਾਕੇ ਖੜੇ ਕੀਤੇ ਸੀ, ਗੁਰੂ ਜੀ ਕਹਿੰਦੇ ਹਨ ਕਿ ਇਕ ਦਿਨ ਮੈਂ ਉਹਨਾਂ ਨੂੰ ਤੱਕਿਆ ਕਿ ਬੜੇ ਦੀਨਤਾ ਦੀ ਦਸ਼ਾ ਵਿਚ ਕਾਲ ਦੇ ਮਾਰੇ ਗਿਰੇ ਪਏ ਹਨ। ਐਉਂ ਹੀ ਸ੍ਰੀ ਦਸਮ ਗ੍ਰੰਥ ਬਚਿੱਤ੍ਰ ਕਾਰਨਾਮਿਆਂ ਦਾ ਸਮੂਹ ਹੈ, ਇਸਦੇ ਵਿਚ ਅਨੇਕਾਂ ਸੂਰਮੇ ਲੜਦੇ ਅਤੇ ਧਰਤੀ ਤੇ ਜਿੱਤਾਂ ਪ੍ਰਾਪਤ ਕਰਦੇ ਅਥਵਾ ਅਨੇਕਾਂ ਪੁੰਨ, ਪਾਪ ਅਨਿਆਇ ਤੇ ਜੁਲਮ ਆਪਣੀ ਹਉਮੈਂ ਤੇ ਸੰਪਤਾ ਨੂੰ ਵਧਾਉਣਾ ਕਰਦੇ ਦਿਖਾਏ ਅਤੇ ਫੇਰ ਦੱਸਿਆ ਹੈ ਕਿ ਉਹਨਾਂ ਦਾ ਅੰਤ ਕਿਵੇਂ ਹੋਇਆ ਜਿਸ ਤੋਂ ਅਸਾਂ ਸਿਖਿਆ ਲੈਣੀ ਹੈ ਨਾ ਕਿ ਦਸਮ ਗ੍ਰੰਥ ਦਾ ਸਰੂਪ ਹੀ ਭੰਨ ਦੇਣਾ ਜਾਂ ਮੁਕਾ ਦੇਣਾ ਹੈ। ਗੁਰਬਾਣੀ ਵਿਚ ਭੀ ਕਾਲ ਦਾ ਜ਼ਿਕਰ ਅਨੇਕਾਂ ਥਾਂਈਂ ਆਇਆ ਹੈ।

ਮਨਮੁਖ ਫਿਰਿ ਫਿਰਿ ਹਉਮੈ ਮੂਏ ॥ ਕਾਲਿ ਦੈਤਿ ਸੰਘਾਰੇ ਜਮਿ ਪੁਰਿ ਗਏ ॥੨॥ ਸ: ੧੭੮ ॥ ਮਹਲਾ ੪ ॥

Digitized by Panjab Digital Library | www.panjabdigilib.org

ਪਤਾ ਨਹੀਂ ਇਹ ਸਾਡੇ ਵੀਰ ਗਿਆਨੀ ਲੋਕ ਕਿਸ ਕਾਲ ਦੀਆਂ ਗੱਲਾਂ ਕਰਦੇ ਹਨ, ਜਦ ਕਿ ਸ੍ਰੀ ਦਸਮ ਗ੍ਰੰਥ ਹੈ ਹੀ ਇਹੋ ਜਿਹੇ ਅਨੇਕਾਂ ਬਚਿਤ੍ਰਾਂ ਦਾ ਇਕ ਨਕਸ਼ਾ। ਜਿੰਨਾਂ ਨੂੰ ਐਉਂ ਅਨੂਪਮ ਕੀਤਾ ਹੈ-

ਬਚਿਤ੍ਰ ਚਾਰ ਚਿਤ੍ਰਯੰ ॥ ਪਰਮਯੰ ਪਵਿਤ੍ਰਯੰ ॥ ਅਲੋਕ ਰੂਪ ਰਾਜਿਯੰ ॥ ਸੁਣੇ ਸੋ ਪਾਪ ਭਾਜਯੰ ॥੮੨॥

ਭਾਵ-ਕਿ ਉਸ ਸਕਤਿ ਦੇ ਚੌਕ੍ਰਿਤ ਕਰਨ ਵਾਲੇ ਚਰਿਤ੍ਰ ਹਨ ਜੋ ਬੜੇ ਹੀ ਪਵਿੱਤ੍ਰ ਹਨ ਅਤੇ ਅਲੌਕਿਕ ਹਨ, ਜਿੰਨ੍ਹਾਂ ਦੇ ਸੁਣਨ ਨਾਲ ਪਾਪ ਭੱਜ ਜਾਂਦੇ ਹਨ ਅਤੇ ਇਹ ਉਸ ਕਾਲ ਦਾ ਵਰਨਣ ਹੈ ਜਿਸ ਬਾਰੇ ਐਉਂ ਦੱਸਿਆ ਹੈ।

ਕਾਲ ਹੀ ਪਾਇ ਭਯੋ ਭਗਵਾਨ ਸੁ ਜਾਗਤ ਯਾ ਜੁਗ ਜਾਕੀ ਕਲਾ ਹੈ ॥
ਕਾਲ ਹੀ ਪਾਇ ਭਯੋ ਬ੍ਰਹਮਾ ਸਿਵ ਕਾਲ ਹੀ ਪਾਇ ਭਯੋ ਜੁਗੀਆ ਹੈ ॥
ਕਾਲ ਹੀ ਪਾਇ ਸੁਰਾ ਸੁਰ ਗੰਧ੍ਰਬ ਜੱਛ ਭੁਜੰਗ ਦਿਸਾ ਬਿਦਿਸਾ ਹੈ ॥
ਔਰ ਸਕਾਲੈ ਸਬੈ ਬਸਿ ਕਾਲ ਕੈ ਏਕ ਹੀ ਕਾਲ ਅਕਾਦ ਸਦਾ ਹੈ ॥੮੪॥ ਸ: ੪੪॥

ਕਾਲ ਦੇ ਅੰਦਰ ਹੀ ਵਿਸ਼ਨੂੰ ਭਗਵਾਨ ਹੈ, ਜਿਸ ਦੀ ਇਸ ਜਗਤ ਵਿਚ ਚੜ੍ਹਦੀ ਕਲਾ ਭਾਵ ਫੂਲ ਅਖਤਿਆਰ ਹਨ ਅਤੇ ਕਾਲ ਦੇ ਹੀ ਅਧੀਨ ਬ੍ਰਹਮਾ ਤੇ ਸ਼ਿਵ ਹਨ ਅਤੇ ਕਾਲ ਦੇ ਅਧੀਨ ਹੀ ਗੋਰਖ ਨਾਥ ਦੇਵਤੇ ਅਥਵਾ ਦੈਂਤ ਹਨ ਜੇ ਸੁਤੰਤ੍ਰ ਹੈ ਤਾਂ ਇਕੋ ਇਕ ਅਕਾਲ ਪੁਰਖ ਹੀ ਹੈ। ਜਿਸਦਾ ਸ੍ਰੀ ਦਸਮ ਗ੍ਰੰਥ ਸਾ: ਵਿਚ ਕਿਸੇ ਭੀ ਰੂਪ ਵਿਚ ਬਿਆਨ ਕੀਤਾ ਹੈ। ਜਿਸਦਾ ਖੁਲਾਸਾ-ਸ੍ਰੀ ਸ੍ਰਬ ਲੋਹ ਪ੍ਰਕਾਸ਼ ਗ੍ਰੰਥ ਸਾਹਿਬ ਵਿਚ ਐਉਂ ਦਰਸਾਇਆ ਹੈ।

ਬਿਸਾਲ ਲਾਲ ਲੋਚਨੰ ॥ ਮਨੋਜ ਮਾਨ ਮੋਚਨੰ ॥ ਸ: ੧੭੬ ॥

ਭਾਗ ਦੂਜਾ ਦ:-ਸਟੀਕ

ਕੁਲ ਕਲੰਕ ਕਰ ਹੀਨ ਕ੍ਰਿਪਾ ਸਾਗਰ ਕਰੁਣਾਕਰ ॥ ਕਰਣ ਕਾਰਣ ਸਮਰੱਥ ਕ੍ਰਿਪਾ ਕੀ ਸੂਰਤ ਕ੍ਰਿਤ ਧਰ ॥ ਕਾਲ ਕਰਮ ਕਰਿਹੀਨ ਕ੍ਰਿਆ ਜਿਹ ਕੋਇ ਨ ਬੂਝੈ ॥ ਕਹਾ ਕਹੈ ਕਹੈ ਕਰੈ ਕਹਾ ਕਾਲਨ ਕੈ ਸੁੱਝੈ ॥ ਕੰਜਲਕ ਨੈਨ ਕੰਬੂ ਗ੍ਰੀਵਹਿ ਕਟਿ ਕੇਹਰਿ ਕੰਜਰ ਗਵਨ ਕਦਲੀ ਕੁਰੰਕ ਕਰਪੂਰ ਗਤ ਬਿਨ ਅਕਾਲ ਦੂਜੋ ਕਵਨ ॥੬॥੩੭॥ ਸਫਾ ਟੀਕਾ ੧੮੩ ॥

ਗੁਰੂ ਜੀ ਦੱਸਦੇ ਹਨ ਕਿ-ਜੋ ਕੁਲਾ ਕਲੰਕ ਤੋਂ ਨਿਰਭੈ ਹੈ ਅਤੇ ਕਿਰਪਾ ਦਾ ਸਮੁੰਦ੍ਰ ਹੈ ਅਤੇ ਕਰੁਣਾ ਨਿਧਾਨ ਹੈ। ਸਭ ਕੁਝ ਕਾਰਨ ਕਰਨ ਨੂੰ ਸਮਰਥ ਹੈ ਅਤੇ ਮੇਹਰ ਦੀ ਮੂਰਤਿ ਹੈ ਅਤੇ ਹਰ ਕੰਮ ਲਈ ਸਮਰਥ ਹੈ। ਕਾਲ ਜਾਂ ਕਰਮ ਦੇ ਦੋਸ਼ ਵਿਚ ਨਹੀਂ ਆਉਂਦਾ ਜਿਸਦੇ ਕੰਮਾਂ ਨੂੰ ਕੋਈ ਨਹੀਂ ਜਾਣ ਸਕਿਆ। ਜੋ ਚਾਹੁੰਦਾ ਹੈ ਉਹ ਕਰਦਾ ਹੈ ਜੋ ਕਰਦਾ ਹੈ ਉਹ ਹੁੰਦਾ ਹੈ ਕਰਦਾ ਹੈ ਉਹ ਹੁੰਦਾ ਹੈ ਜਿਸਦੇ ਵਕਤ ਨੂੰ ਕੋਈ ਨਹੀਂ ਜਾਣਦਾ। ਜਿਸਦੇ ਬੜੇ ਸੁੰਦਰ ਨੇਤ੍ਰ ਅਤੇ ਕੇਲੇ ਵਰਗੀ ਗਰਦਣ ਹੈ। ਇਹੋ ਜਿਹਾ ਬਿਨਾਂ ਅਕਾਲ ਪੁਰਖ ਤੋਂ ਹੋਰ ਕੌਣ ਹੋ ਸਕਦਾ ਹੈ।

Digitized by Panjab Digital Library | www.panjabdigilib.org

੫-ਗਿ: ਭਾਗ ਸਿੰਘ ਜੀ ਸਫਾ ੮੮ ਪਰ ਇਕ ਪੰਗਤੀ ਲਿਖਦੇ ਹਨ ਜੋ ਪੰ: ੪੨ ਅੰਕ ੫੩ ਪਰ ਹੈ।

ਮਦਰਾ ਕਰ ਮੱਤ ਮਹਾਂ ਭਭਕੰ-ਬਨ ਮੈ ਮਨੋ ਬਾਘ ਬਚਾ ਬਬਕੰ ॥

ਲਿਖਣ ਤੋਂ ਪਹਿਲਾਂ ਹੀ ਲਿਖਣਾ ਆਰੰਭ ਕਰ ਦਿੰਦੇ ਹਨ ਕਿ ਇਹ ਰਚਨਾਵਾਂ ਸਾਕਤ ਮਤੀਆਂ ਕਵੀਆਂ ਦੀਆਂ ਹਨ, ਜੋ ਨਿਰੋਲ ਨਸੇ ਪ੍ਰੇਰਕ ਹੀ ਹਨ ਅਰ ਦਸਮ ਗ੍ਰੰਥ ਅੰਦਰ ਬਚਿਤ੍ਰ ਨਾਟਕ, ਚੰਡੀ ਚਰਿਤ੍ਰ, ਕ੍ਰਿਸ਼ਨਾ ਅਵਤਾਰੇ, ਛੰਦ ਕ੍ਰਿਯਾ ਚਰਿਤ੍ਰ ਆਦਿਕ। ਜਿਸਦਾ ਭਾਵ ਜਾਪ ਸਾਹਿਬ ਨੂੰ ਛੱਡਕੇ ਹੋਰ ਕੋਈ ਭੀ ਬਾਣੀ ਗੁਰੂ ਦਸ਼ਮੇਸ਼ ਜੀ ਦੀ ਨਹੀਂ। ਪਹਿਲਾਂ ਪਾਠਕ ਵੀਰ ਇਸ ਉਪ੍ਰੋਕਤ ਪੰਗਤੀ ਦਾ ਹੀ ਨਿਰਣਾ ਕਰ ਲੈਣ ਕਿ ਗਿ: ਭਾਗ ਸਿੰਘ ਜੀ ਇਸਦਾ ਅਰਥ ਕਿੰਨਾਂ ਉਲਟ ਕਰ ਰਹੇ ਹਨ। ਕਿਹਾ ਜਾਂਦਾ ਹੈ ਕਿ ਇਕ ਗੁਰਸਿੱਖ ਆਪਣੀ ਧੁਨ ਵਿਚ ਸਵੇਰੇ ਅੰਮ੍ਰਿਤ ਵੇਲੇ ਪਾਠ ਕਰ ਰਿਹਾ ਸੀ ਤੇ ਬਾਣੀ ਦੀ ਤੁਕ ਉਸਨੇ ਪੜ੍ਹੀ ਕਿ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥ ਸਰਦੀ ਦੇ ਦਿਨ ਸ਼ਨ ਕਿ ਇਕ ਘੁਮਿਆਰ ਤੜਕ ਸਾਰ ਆਪਣੇ ਖੋਤਿਆਂ ਪਰ ਕੁਝ ਭਾਰ ਲੱਦਕੇ ਤੁਰਿਆ ਜਾਂਦਾ ਸੀ ਅਤੇ ਬਾਣੀ ਦੀ ਪੰਗਤੀ ਸੁਣਕੇ ਬੜਾ ਪ੍ਰਸੰਨ ਹੋਕੇ ਕਹਿਣ ਲੱਗਾ ਕਿ ਮੈਂ ਭੀ ਤਾਂ ਗੁਰੂ ਨਾਨਕ ਦਾ ਪੱਕਾ ਸਿੱਖ ਹਾਂ, ਕਿਉਂਕਿ ਸਿਖ ਕਹਿ ਰਿਹਾ ਹੈ ਕਿ ਹੁੱਕਾ ਤੇ ਰਜਾਈ ਲੈਕੇ ਚਲਣਾ ਸੋ ਇਹ ਦੋਵੇਂ ਚੀਜ਼ਾਂ ਮੇਰੇ ਕੋਲ ਹਨ ਅਤੇ ਜਿਸ ਪਾਸ ਇਹ ਦੋਵੇਂ ਚੀਜ਼ਾਂ ਹੋਣਗੀਆਂ ਤਾਂ ਗੁਰੂ ਨਾਨਕ ਦੇਵ ਜੀ ਉਸ ਦੇ ਅੰਗ ਸੰਗ ਹੋਣਗੇ। ਬਸ ਏਸੇ ਤਰ੍ਹਾਂ ਹੀ ਗਿਆਨੀ ਭਾਗ ਸਿੰਘ ਜੀ ਨੇ ਉਪ੍ਰੋਕਤ ਪੰਗਤੀ ਦੇ ਅਣਢੁਕਵੇਂ ਅਰਥ ਕੱਢੇ ਹਨ। ਮੈਂ ਏਥੇਂ ਪਾਠਕ ਵੀਰਾਂ ਅੱਗੇ ਇਹ ਪੂਰਾ ਛੰਦ ਵੀਚਾਰ ਗੋਚਰੇ ਕਰਾਉਂਦਾ ਹਾਂ।

ਤੋਟਕ ਛੰਦ॥ਤ੍ਵ ਪ੍ਰਸਾਦਿ॥ ਨਵ ਨੇਵਰਨਾਦ ਸ਼ੁਰੰ ਨਿਰਮਲੰ ॥ ਮੁਖ ਬਿਜੁਲ ਘਟੰ ਪ੍ਰਜਲੰ ॥
ਮਦਰਾ ਕਰ ਮੱਤ ਮਹਾਂ ਭਭਕੰ ॥ ਬਨ ਮੈ ਮਨੋ ਬਾਘ ਬਚਾ ਬਬਕੰ ॥
ਭਵ ਭੂਤ ਭਵਿਖ ਭਵਾਨ ਭਵੰ ॥ ਕਲ ਕਾਰਣ ਉਬਾਰਣ ਏਕ ਤੁਵੰ ॥
ਸਭ ਠੌਰ ਨਿਰੰਤਰ ਨਿਤ ਨਯੰ ॥ਮ੍ਰਿਦ ਮੰਗਲ ਰੂਪ ਤੁਯੰ ਸ਼ੁਭ ਭਯੰ ॥੫੪॥ਸ:੪੨।

ਪਹਿਲਾ ਤਾਂ ਸੋਚਣ ਵਾਲੀ ਗਲ ਇਹ ਹੈ-ਇਹ ਪ੍ਰਕਰਣ ਅਕਾਲ ਉਸਦਾ ਹੀ ਹਿੱਸਾ ਅੱਗੇ ਬਚਿਤ੍ਰ ਨਾਟਕ ਵਿਚ ਚਲ ਰਿਹਾ ਹੈ ਜੋ ੧੦੧ ਵਿਚੋਂ ਇਹ ਚੁਰੰਜਾ ਅੰਕ ਤੇ ਹੈ। ਅਕਾਲ ਉਸਤਤ ਵਿਚ ਸਾਕਤ ਮੱਤ ਦੇ ਕਵੀਆਂ ਦਾ ਕੀ ਕੰਮ, ਸ਼ੈਤਾਨ ਕੀ ਤੇ ਕੁਰਾਨ ਕੀ ? ਸਾਕਤ ਮਤੀਏ ਕਵੀਆਂ ਦੇ ਮੁਖੋਂ ਅਕਾਲ ਉਸਤਤ ਕਿਵੇਂ ਹੋ ਸਕਦੀ ਹੈ ? ਇਸਦਾ ਅਰਥ ਕੱਢੋ ਕੀ ਹੈ। ਇਸ ਤੋਂ ਪਹਿਲਾਂ ਇਹ ਸਮਝਣਾ ਅਵੱਸ਼ਕ ਹੈ ਕਿ ਗੁਰੂ ਜੀ ਦੀ ਲੇਖਣੀ ਕਿਵੇਂ ਚੱਲ ਰਹੀ ਹੈ-ਉਹ ਇਹ ਕਿ ਪਹਿਲੇ ਆਪ ਉਸ ਆਦਿ ਸ਼ਕਤੀ ਦੇ ਨਿਰਗੁਣ ਸਰੂਪ ਬਾਰੇ ਲਿਖਦੇ ਹਨ ਜਿਵੇਂ ਕਿ-

ਨਹੀ ਜਾਨਿ ਜਾਈ ਕਛੂ ਰੂਪਰੇਖੰ ॥ ਕਹਾ ਬਾਸ ਤਾਕੋ ਫਿਰੈ ਕਉਨ ਭੇਖੰ ॥
ਕਹਾ ਨਾਮ ਤਾਕੋ ਕਹਾ ਕੈ ਕਹਾਵੈ ॥ ਕਹਾ ਮੈ ਬਖਾਨੋਂ ਕਹੇ ਮੋ ਨ ਆਵੈ ॥ ੧੪ ॥ਸ: ੪੦॥

ਭਾਵ-ਜੇਕਰ ਮੈਨੂੰ ਪੁਛੋ ਤਾਂ ਨਹੀਂ ਜਾਣਿਆ ਜਾ ਸਕਦਾ ਕਿ ਉਸ ਜੋਤਿ ਦਾ ਕੀ ਰੂਪ ਹੈ ਅਤੇ ਕੀ ਰੇਖਾ ਹੈ ? ਅਥਵਾ ਕਿਥੇ ਵਸਦਾ ਹੈ ਅਤੇ ਕਿਹੜੇ ਭੇਖ ਜਾਂ (ਭੇਸ) ਵਿਚ ਹੈ ਅਤੇ ਉਸਦਾ ਕਿਹੜਾ ਇਕ ਨਾਮ ਹੈ ਜਦ ਕਿ ਉਸਦੇ ਨਾਮਾਂ ਦਾ ਅੰਤ ਹੀ ਹੈ ਨਹੀਂ ਅਤੇ ਉਹ ਆਪਣੇ ਆਪਨੂੰ ਕੀ ਕਹਾਉਂਦਾ ਹੈ-ਇਸ ਬਾਰੇ ਮੈਂ ਕੀ ਆਖਾਂ, ਜੋ ਕਹਿਣ ਅਤੇ ਕਥਨ ਤੋਂ ਬਾਹਰ ਹੀ ਹੈ।

Digitized by Panjab Digital Library | www.panjabdigilib.org

ਅਦਾਗੱ ਅਦੱਗੰ ਅਲੇਖੰ ਅਭੇਖੰ ॥ ਅਨੰਤੰ ਅਨੀਲੰ ਅਰੂਪੰ ਅਦ੍ਵੈਖੰ ॥
ਮਹਾਂ ਤੇਜ ਤੇਜੰ ਮਹਾਂ ਜ੍ਵਾਲ ਜ੍ਵਾਲੰ ॥ ਮਹਾਂ ਮੰਤ੍ਰੰ ਮਹਾਂ ਕਾਲ ਕਾਲੰ ॥੧੭।

ਹੇ ਅਕਾਲ ਸ਼ਕਤਿ-ਤੂੰ ਦਾਗ਼ ਤੇ ਦੋਸ਼ਾਂ ਤੋਂ ਰਹਿਤ ਹੈ ਅਤੇ ਬਿਨਾਂ ਲੇਖਾਂ ਤੇ ਬਿਨਾਂ ਕਿਸੇ ਭੇਖ ਤੋਂ ਹੈ ਅਤੇ ਫੇਰ ਸਾਰੇ ਤੇਜਾਂ ਦਾ ਤੂੰਹੀ ਮਹਾਂ ਤੇਜ ਹੈ ਅੜੇ ਮਹਾਂ ਜ੍ਵਾਲ ਅਗਨ ਪ੍ਰਚੰਡ ਲਾਟ ਦੀ ਤੂੰਹੀ ਲਾਟ ਹੈ ਅਰ ਫੇਰ ਅੰਤ ਤੋਂ ਪਰੇ ਸੀਮਾਂ ਤੋਂ ਬਾਹਰ ਰਾਗ ਦ੍ਵੈਖ ਤੋਂ ਰਹਿਤ ਮੰਤ੍ਰਾਂ ਦਾ ਸ਼ਰੋਮਣੀ ਮੰਤ੍ਰ ਅਤੇ ਕਾਲ ਦਾ ਭੀ ਮਹਾਂ ਕਾਲ ਹੈ। ਹੁਣ ਤੱਕੋ ਕਿ ਏਥੇ ਸ਼ਾਕਤ ਮਤੀਆਂ ਦੇ ਮਹਾਂ ਕਾਲ ਦੀ ਕੀ ਵਸਾਈ ਹੋ ਸਕਦੀ ਹੈ ਅਤੇ ਫੇਰ ਜਦੋ ਨਿਰਗੁਣ ਸਰੂਪ ਤੋਂ ਵੈਰਾਟ ਰੂਪ ਵਿਚ ਆਇਆ ਤਾਂ ਕੀ ਕੀਤਾ ?

ਭੁਜੰਗ ਪ੍ਰਯਾਤ ਛੰਦ ॥
ਸ੍ਰਿਜੇ ਸੇਤਜੰ ਜੇਰਜੰ ਉਤ ਕੁਜੈਵੰ ॥ ਰਚੇ ਅੰਡਜੰ ਖੰਡ ਬ੍ਰਹਮੰਡ ਏਵੰ ॥

ਭਾਵ-ਦਿਸਾ ਬਿਦਿਸਾਯੰ ਜਿਮੀ ਅਸਮਾਣ ॥ ਚਤੁਰਬੇਦ ਕਥੀਯੰ ਕੁਰਾਣੰ ਪੁਰਾਣ ॥੨੪॥

ਚਾਰੇ ਖਾਣੀਆਂ ਦੀ ਰਚਨਾ ਅਤੇ ਖੰਡ ਤੇ ਬ੍ਰਹਮੰਡ ਬਣਾ ਧਰੇ ਦਸੋਂ ਦਿਸ਼ਾ ਤੇ ਜ਼ਮੀਨ ਅਸਮਾਨ ਸ੍ਰਿਜ ਦਿੱਤੇ ਜਿਸਨੂੰ ਚਾਰੇ ਵੇਦ ਤੇ ਕੁਰਾਨ ਅਥਵਾ ਪੁਰਾਣ ਸਾਰੇ ਹੀ ਦੱਸਦੇ ਹਨ। ਪਹਿਲੀ ਗੱਲ ਤਾਂ ਇਹ ਕਿ ਸਾਕਤ ਮਤ ਵਾਲਿਆਂ ਦੇ ਕੁਰਾਨ ਜਾਂ ਪੁਰਾਣ ਦਾ ਹਵਾਲਾ ਹੀ ਨਹੀਂ ਦੇ ਸਕਦੇ ਜਦ ਕਿ ਉਹ ਕਿਸੇ ਨੂੰ ਨਾ ਮੰਨਦੇ ਤੇ ਨਾ ਪੜ੍ਹਦੇ ਅਤੇ ਨਾ ਦੇਖਦੇ ਹੀ ਹਨ, ਜਿਸ ਲਈ ਇਹ ਸਿੱਧਾ ਅਕਾਲ ਸ਼ਕਤੀ ਵਲ ਹੀ ਨਿਸ਼ਾਨਾ ਹੈ।

ਜਿਤੇ ਮਾਨ ਧਾਤਾਦਿ ਰਾਜਾ ਸੁਹਾਏ ॥ ਸਭੈ ਬਾਂਧ ਕੈ ਕਾਲ ਜੇਲੈ ਚਲਾਏ ॥
ਜਿਨੈ ਨਾਮ ਤਾਕੋ ਉਚਾਰੋ ਉਬਾਰੇ ॥ ਬਿਨਾਂ ਸਾਮ ਤਾਕੀ ਲਖੇ ਕੈਟ ਮਾਰੇ ॥੩੦॥

ਬਹੁਤ ਸਾਰੇ ਪ੍ਰਮਾਣ ਦਿੰਦੇ ਹੋਏ ਅਤੇ ਅਕਾਲ ਦੀ ਰਚਨਾ ਦਾ ਵਰਨਣ ਕਰਦੇ ਹੋਏ ਅੰਤ ਦੱਸਦੇ ਹਨ ਕਿ ਜੇ ਮਾਨ ਧਾਤਾ ਦੁਰਗੇ ਅਨੇਕਾਂ ਬਲੀ ਤੇ ਮਾਨੀ ਵੀ ਹੋਏ ਹਨ ਉਹ ਸਭ ਦੇ ਸਭ ਕਾਲ ਦੀ ਜੇਲ ਵਿਚ ਪਏ ਸੜਦੇ ਨੇ, ਪਰ ਜਿਨਾਂ ਨੇ ਉਸਦਾ ਨਾਮ ਜਪ ਲਿਆ ਉਹ ਬਚਾ ਲਏ ਹਨ। ਜੋ ਅੜ ਕੇ ਉਸਦੀ ਸ਼ਰਨ ਵਿਚ ਨਹੀਂ ਆਏ ਉਹ ਕ੍ਰੋੜਾਂ ਦੀ ਗਿਣਤੀ ਵਿਚ ਅਸ਼ੀਂ ਮਾਰੀਦੇ ਜਾਂ ਮਰਦੇ ਤੱਕੇ ਹਨ। ਏਥੇ ਹੁਣ ਸਾਕਤ ਪੰਥੀਏ ਕੀ ਅਤੇ ਨਾਮ ਜਪਣ ਦੀ ਪ੍ਰੇਰਨਾ ਕੀ ਅਤੇ ਨਾਸਤਕ ਦੇਵਤਾ ਦਾ ਪ੍ਰਚਾਰ ਕੀ ?

ਪਰ ਜਦੋਂ ਉਸ ਦੇ ਸੰਤਾਂ ਭਗਤਾਂ ਨੂੰ ਦੁਸ਼ਟ ਆੜ੍ਹਮਾਵਾਂ ਵਲੋਂ ਕਸ਼ਟ ਹੁੰਦਾ ਹੈ ਤਾਂ ਉਹਨਾਂ ਦੀ ਸਹਾਇਤਾ ਲਈ ਕਿਸੇ ਨਾ ਕਿਸੇ ਰੂਪ ਵਿਚ ਆਉਂਦਾ ਹੈ ਅਤੇ ਆਪਣੇ ਜਨਾਂ ਦੀ ਰਖਿਆ ਕਰਦਾ ਹੈ ਅਤੇ ਫੇਰ ਨਿਰਗੁਣ ਤੋਂ ਕਿਸੇ ਨਾ ਕਿਸੇ ਸਰਗੁਣ ਸਰੂਪ ਵਿਚ ਹੀ ਆਉਂਦਾ ਹੈ, ਉਸ ਵੇਲੇ ਉਸਦਾ ਤੇਜ ਪ੍ਰਤਾਪ ਕੀ ਹੁੰਦਾ ਹੈ ਜੋ ੩੧ ਅੰਕ ਤੋਂ ਚਲਕੇ ੭੫ ਅੰਕ ਤਕ ਉਸ ਬ੍ਰਧ ਸਰੂਪ ਦਾ ਅਤੇ ਉਸ ਦੇ ਬਲ ਦਾ ਵਰਨਣ ਹੈ। ਜੋ ੫੨ ਅੰਕ ਤੋਂ ਤੋਟਕ ਛੰਦ ਲਿਖਿਆ ਹੈ ਅਤੇ ਐਉਂ ਹੈ ਆਦਿ ਸ਼ਕਤਿ ਜਦੋਂ ਤੂੰ ਦੁਸ਼ਟਾਂ ਨੂੰ ਦੰਡ ਦੇਣ ਲਈ ਪੁਰ ਜਲਾਲ ਰੂਪ ਧਾਰਨ ਕਰ ਲੈਂਦਾ ਹੈ-ਓਸ ਵੇਲੇ ਦਾ ਛਬਿ ਕੀ ਹੁੰਦੀ ਹੈ- ਨਵੇਂ ਤੋਂ ਨਵੇਂ ਢੰਗ ਦੀ ਨੁਹਾਰ ਤੇ ਨਾਦ ਬੜਕ ਅਤੇ ਸੁਰ ਅਵਾਜ਼ ਸੁਦ੍ ਤੇ ਸ਼ੁਧ ਹੁੰਦੀ ਹੈ ਅਤੇ ਮੁਖ ਦੇ ਉਤੇ ਬਿਜਲੀ ਨਾਲੋਂ ਭੀ ਤੇਜ ਜਲਾਲ ਦੀ ਘਟਾ ਉਮਡੀ ਹੋਈ ਹੁੰਦੀ ਹੈ। ਅਗੇ ਤਸ਼ਬੀਹ ਦਿੰਦੇ ਹਨ

Digitized by Panjab Digital Library | www.panjabdigilib.org

ਕਿ ਜਿਵੇਂ ਕੋਈ ਸ਼ਰਾਬੀ ਸ਼ਰਾਬ ਵਿਚ ਮਤਿਆ ਹੋਇਆ ਭਭਕਾਰਦਾ ਹੈ ਜਾਂ ਜਿਵੇਂ ਸ਼ੇਰ ਜੰਗਲ ਵਿਚ ਬੜਕਾਂ ਮਾਰਦਾ ਹੈ ਤਾਂ ਕੋਈ ਆਹੂ ਕਾਹੂ ਬਣ ਪੰਛੀ ਨੇੜੇ ਤੇੜੇ ਨਹੀਂ ਰੁਕ ਸਕਦਾ, ਕ਼ਾਵ ਸਭ ਦੇ ਸਭ ਦਹਿਸ਼ਤ ਨਾਲ ਕੰਬ ਉਠਦੇ ਹਨ, ਇਸੇ ਤਰ੍ਹਾਂ ਤੇਰੇ ਅੱਗੇ ਕੋਈ ਖਲੋ ਨਹੀਂ ਸਕਦਾ ਤੇ ਤੇਰੀ ਤਿੰਨੇ ਕਾਲ ਇਹ ਰੀਤ ਹੈ ਕਿ ਜਿਥੇ ਕਲਹਿ (ਕਲੇਸ਼) ਦਾ ਕਾਰਨ ਬਣ ਜਾਵੇ ਉਸ ਤੋਂ ਬਚਾਉਣ ਵਾਲਾ ਇਕ ਤੂੰਹੀ ਹੈ। ਮੇਰੇ ਪਾਠਕ ਮਿਹਰਵਾਨੋਂ ਇਹ ਅਰਥ ਐਨ ਨਿਰਪੱਖ ਹੈਨ ਇਕ ਇਕ ਅੱਖਰ ਨਾਲ ਮੇਲ ਸਕਦੇ ਹੋ, ਜਿਸਨੂੰ ਜ਼ਿ: ਭਾਗ ਸਿੰਘ ਨੇ ਉਕੀ ਹੀ ਬੇ-ਇਨਸਾਫੀ ਵਰਤ ਕੇ ਉਸਦੀ ਸ਼ਕਲ ਬਦਲਦੇ ਹਨ, ਜਿਸਦੀ ਪੁਸ਼ਟੀ ਲਈ ਅਗਲਾ ਛੰਦ ਭੀ ਪੜ੍ਹ ਲਵੋ।

ਸਭ ਠੌਰ ਨਿਰੰਤਰ ਏਕ ਤੁਯੰ ॥

ਭਾਵ ਹਰ ਥਾਂ ਤੇ ਤੂੰ ਨਿਤ ਹੀ ਨਵੇਂ ਤੋਂ ਨਵਾਂ ਹੈ ਅਰ ਖੁਸ਼ੀਆਂ ਤੇ ਖੇੜੇ ਬਖਸ਼ਣ ਵਾਲਾ ਹੈ ਕੋਈ ਹੈ ਤਾਂ ਇਕ ਤੂੰਹੀ ਹੈ। ਅੱਗੇ ਚਲਕੇ ਪ੍ਰਕਰਣ ਅਕਾਲ ਉਸਤਤ ਦੇ ਅੰਤ ਵਿਚ ਐਨ ਸਪਸ਼ਟ ਹੋ ਜਾਂਦਾ ਹੈ-ਕਿ ਕੀ ਇਹ ਸਾਕਤ ਮਤੀਆਂ ਕਵੀਆਂ ਦੀ ਰਚਨਾ ਹੈ ਜਾਂ ਖਾਸ ਸ੍ਰੀ ਮੁਖਵਾਕ-ਪਾਤਸ਼ਾਹੀ ੧੦ ॥ ਹੀ ਹੈ।

ਕ੍ਰਿਸਨ ਅਉ ਬਿਸਨ ਜਪੇ ਤੁਹਿ ਕੋਟਿਕ ਰਾਮ ਰਹੀਮ ਭਲੀ ਬਿਧਿ ਧਿਆਯੋ ॥
ਬ੍ਰਹਮ ਜਪਿਓ ਅਰ ਸੰਭ ਥਪਿਓ ਤਿਹਤੇ ਤੋਹਿਕੋ ਕਿਨਹੂੰ ਨ ਬਚਾਯੋ ॥
ਕੋਟ ਕਰੀ ਤਪਸਾ ਦਿਨ ਕੋਟਿਕ ਕਾਹੂ ਨ ਕੌਡੀਕੋ ਕਾਮ ਕਢਾਯੋ ॥
ਕਾਮ ਕਾ ਮੰਤ੍ਰ ਕਸੀਰੇ ਕੇ ਕਾਮ ਨ ਕਾਲ ਕੋ ਘਾਉ ਕਿਨਹੂੰ ਨ ਬਚਾਯੋ ॥੬੭॥ ਸ: ੪੬ ॥

ਕਾਹੇ ਕੋ ਕ੍ਰੂਰ ਕਰੇ ਤਪਸਾ ਇਨ ਕੀ ਕੋਊ ਕੌਡੀ ਕੇ ਕਾਮ ਨ ਐ ਹੈ ॥
ਤੋਹਿ ਬਚਾਇ ਸਕੈ ਕਹੁ ਕੈਸੇ ਕੈ ਆਪਨ ਘਾਵ ਬਚਾਇ ਨ ਐ ਹੈ ॥
ਕੋਪ ਕਰਾਲ ਕੀ ਪਾਵਕ ਕੁੰਡ ਮੈ ਆਪ ਟੰਗਿਓ ਤਿਮ ਤੋਹਿ ਟੰਗੈ ਹੈ ॥
ਚੇਤ ਰੇ ਚੇਤ ਅਜੋ ਜੀਅ ਮੈ ਜੜ ਕਾਲ ਕ੍ਰਿਪਾ ਬਿਨੁ ਕਾਮ ਨ ਐ ਹੈ ॥੬੮॥

ਤਾਹਿ ਪਛਾਨਤ ਹੈ ਨਾ ਮਹਾ ਪਸੁ ਜਾਕੋ ਪ੍ਰਤਾਪੁ ਹਿਹੂੰ ਪੁਰ ਮਾਹੀ ॥
ਪੂਜਤ ਹੈ ਪਰਮੇਸਰ ਕੈ ਜਿਹ ਕੇ ਪਰਸੈ ਪਰਲੋਕ ਪਰਾਹੀ ॥
ਪਾਪ ਕਰੋ ਪਰਮਾਰਥ ਕੈ ਜਿਹ ਪਾਪਨ ਤੇ ਅਤਿ ਪਾਪ ਲਜਾਹੀ ॥
ਪਾਇ ਪਰੋ ਪਰਮੇਸਰ ਕੇ ਜੜ ਪਾਹਨ ਐ ਪਰਮੇਸਰ ਨਾਹੀ ॥੬੯॥

ਮੋਨ ਭਜੇ ਨਹੀ ਮਾਨ ਤਜੇ ਨਹੀ ਭੇਖ ਸਜੇ ਨਹੀ ਮੂੰਡ ਮੁਡਾਏ ॥
ਕੰਠ ਨ ਕੰਠੀ ਕਠੋਰ ਧਰੇ ਨਹੀ ਸੀਸ ਜਟਾਨ ਕੇ ਸ੍ਰੂਟ ਸੁਹਾਏ ॥
ਸਾਚੁ ਕਹੌ ਸੁਨ ਲੈ ਚਿਤ ਕੈ ਬਿਨ ਦੀਨ ਦਿਆਲ ਕੀ ਸਾਮ ਸਧਾਏ ॥
ਪ੍ਰੀਤ ਕਰੇ ਪ੍ਰਭੁ ਪਾਯਤ ਹੈ ਕਿਰਪਾਲ ਨ ਭੀਜਤ ਲਾਂਡ ਕਟਾਇ ॥੭੦॥

ਕਾਗਦ ਦੀਪ ਸੱਭੈ ਕਰਿਕੈ ਅਰ ਸਾਤ ਸਮੁੰਦ੍ਰਨ ਕੀ ਮਸ ਕੈ ਹੋ ॥
ਕਾਟ ਬਨਾਸ ਸਾਰ ਸਗਰੀ ਲਿਖਬੇ ਹੂਕੇ ਲੇਖਨ ਕਾਜ ਬਨੈ ਹੋ ॥

Digitized by Panjab Digital Library | www.panjabdigilib.org

ਤੀਸੁ ਪਤੀ ਬਕਤਾ ਕਰਿਕੈ ਜੁਗਿ ਕੋਟਿ ਗਨੇਸਿ ਕੈ ਹਾਥ ਲਿਖੈ ਹੋ ॥
ਕਾਲ ਕ੍ਰਿਪਾਨ ਬਿਨਾ ਬਿਨਤੀ ਨਤਉ ਤੁਮਕੋ ਪ੍ਰਭ ਨੈਕ ਰਝੈ ਹੋ ॥੧੦੧॥

ਜਿਸਦਾ ਸੰਖੇਪ ਅਰਥ ਹੈ–ਕਿ ਐ ਜੀਵ ਤੈ ਕ੍ਰੋੜਾਂ ਹੀ ਦੇਵੀ ਦੇਵਤੇ ਜਪੇ ਤੇ ਕ੍ਰੋੜਾਂ ਹੀ ਤਰ੍ਹਾਂ ਨਾਲ ਉਹਨਾਂ ਦੀ ਤਪਸਿਆ ਭੀ ਕੀਤੀ ਤੇ ਕ੍ਰੋੜਾਂ ਦਿਨਾਂ ਤਕ ਕੀਤੀ ਪਰ ਉਹ ਤੁਹਾਡੇ ਇਕ ਕੌਡੀ ਦੇ ਮੁੱਲ ਦੀ ਵੀ ਨਹੀਂ ਹੈ, ਫੇਰ ਤੂੰ ਕਿਉਂ ਕਰਦਾ ਹੈ ਇਹਨਾਂ ਦੀ ਭਗਤੀ ਜਦੋਂ ਉਹ ਕਾਲ ਤੋਂ ਆਪ ਹੀ ਨਹੀਂ ਬਚ ਸਕਦੇ ਫੇਰ ਤੈਨੂੰ ਕਿਵੇਂ ਬਚਾ ਲੈਣਗੇ। ਜਦ ਉਹ ਆਪ ਹੀ ਕਾਲ ਦੇ ਕੋਪ ਦੀ ਭੱਠੀ ਵਿਚ ਪਏ ਸੜਦੇ ਹਨ ਤਾਂ ਉਨ੍ਹਾਂ ਦੇ ਹੀ ਨਾਲ ਤੁਹਾਨੂੰ ਭੀ ਸੜਨਾ ਪਏਗਾ। ਇਸ ਲਈ ਐ ਮੂਰਖ ਅਜੇ ਭੀ ਉਸ ਕਾਲ ਨੂੰ ਰਿਦੇ ਵਿਚ ਵਸਾ ਲੈ ਉਹਦੀ ਕਿਰਪਾ ਬਿਨਾਂ ਤੇਰੇ ਕਿਸੇ ਨੇ ਭੀ ਕੰਮ ਨਹੀਂ ਆਉਣਾ। ਜੇਕਰ ਪਾਪ ਹੀ ਕਰਨਾ ਹੈ ਤਾਂ ਕਿਸੇ ਦੇ ਭਲੇ ਲਈ ਕਰੋ ਜਿਸ ਨੂੰ ਤੱਕ ਕੇ ਬੜੇ ਤੋਂ ਬੜੇ ਪਾਪ ਭੀ ਸ਼ਰਮਸ਼ਾਰ ਹੋ ਜਾਣ। ਜੇ ਸ਼ਰਨ ਹੀ ਲੈਣੀ ਹੈ ਤਾਂ ਪ੍ਰਮੇਸ਼ਰ ਦੀ ਹੀ ਲੈ, ਐ ਮੂਰਖ ਇਹਨਾਂ ਪੱਥਰਾਂ ਵਿਚ ਪ੍ਰਮੇਸ਼ਰ ਨਹੀਂ ਹੈ। ਮੈਂ ਸੱਚ ਕਹਿੰਦਾ ਹਾਂ ਤੂੰ ਧਿਆਨ ਨਾਲ ਸੁਣ ਲੈ ਬਿਨਾਂ ਦੀਨ ਦਿਆਲ ਦੀ ਸ਼ਰਨ ਲਏ ਜੋ ਪ੍ਰੇਮ ਕਰਕੇ ਹੀ ਪਾਇਆ ਜਾ ਸਕਦਾ ਹੈ ਉਹ ਸੁੰਨਤ ਕਰਨ ਨਾਲ ਨਹੀਂ ਪਸੀਜਣਾ। ਐਨਾਂ ਬੇਅੰਤ ਉਸਦਾ ਪ੍ਰਤਾਪ ਲਿਖਕੇ ਫੇਰ ਭੀ ਗੁਰਦੇਵ ਜ਼ੀ ਆਪਣੀ ਮਜਬੂਰੀ ਦੱਸਦੇ ਲਿਖਦੇ ਹਨ ਕਿ ਜੇ ਕਰ ਮੈਂ ਸੱਤਾਂ ਸਮੁੰਦ੍ਰਾਂ ਦੀ ਸਿਆਹੀ ਭੀ ਬਣਾ ਲਵਾਂ ਅਤੇ ਸੱਤਾਂ ਦੀਪਾਂ ਦੀ ਪ੍ਰਿਥਵੀ ਨੂੰ ਕਾਗਜ਼ ਦੇ ਥਾਂ ਵਰਤ ਲਵਾਂ ਸੰਸਾਰ ਭਰ ਦੇ ਜੰਗਲ ਕੱਟ ਕੇ ਸਾਰੇ ਦੀਆਂ ਹੀ ਕਲਮਾਂ ਬਣਾ ਲਵਾਂ ਅਤੇ ਸਸਤੀ ਨੰ ਲਿਖਣਾ ਵੀ ਲਾ ਦਿੱਤਾ ਜਾਵੇ ਅਤੇ ਕ੍ਰੋੜਾਂ ਬਰਸ ਲਿਖਦੇ ਰਹੀਏ ਹੇ ਅਕਾਲ ਪੁਰਖ ਇਕ ਬੇਨੰਤੀ ਕਰਨ ਤੋਂ ਬਿਨਾਂ ਮੈਂ ਤੈਨੂੰ ਜ਼ਰਾ ਜਿੰਨਾਂ ਭੀ ਪ੍ਰਸੰਨ ਨਹੀਂ ਕਰ ਸਕਦਾ। ਅਫਸੋਸ ਕਿ ਇਹੋ ਜਿਹੀ ਸਚਾਈ ਨੂੰ ਅਸੀਂ ਪੈਰਾਂ ਥਲੇ ਰੋਲ ਰਹੇ ਹਾਂ ਅਤੇ ਨਾਸਤਕਤਾ ਦਾ ਪ੍ਰਚਾਰ ਦੱਸ ਕੇ ਲੋਕਾਂ ਦੀ ਸ਼ਰਧਾ ਦੀ ਬੇੜੀ ਡੋਬ ਰਹੇ ਹਾਂ।

ਅੱਗੇ ਪੰਨਾ ੪੭ ਪਰ ਰਾਘੂ ਕੁਲ ਦੀ ਆਦਿ ਤੋਂ ਲੈਕੇ ਅੰਤ ਤਕ ਦੀ ਕੁਲਾ ਪ੍ਰਣਾਲੀ ਦਾ ਵੇਰਵਾ ਦਿੱਤਾ ਹੈ ਅਤੇ ਆਦ ਵਿਚ ਲਿਖਿਆ ਹੈ–

ਚੌਪਈ–ਤੁਮਰੀ ਮਹਿਮਾ ਅਪਰ ਅਪਾਰਾ ॥ ਜਾਕਾ ਲਹਿਓ ਨ ਕਿਨ ਹੂ ਪਾਰਾ ॥
ਦੇਵ ਦੇਵ ਰਾਜਨ ਕੇ ਰਾਜਾ ॥ ਦੀਨ ਦਿਆਲ ਗਰੀਬ ਨਿਵਾਜਾ ॥ ੧ ॥

ਅਤੇ ਅੰਤ ਵਿਚ ਲਿਖਦੇ ਹਨ
ਧਨ ਅਰੁ ਭੂਮ ਪੁਰਾਤਨ ਬੈਰਾ ॥ ਜਿਨਕਾ ਮੂਆ ਜਗਤ ਜਗ ਘੇਰਾ ॥
ਮੋਹ ਬਾਦ ਅਹੰਕਾਰ ਪਸਾਰਾ ॥ ਕਾਮ ਕ੍ਰੋਧ ਜੀਤਾ ਜਗ ਸਾਰਾ ॥੩੪॥ ਪੰ: ੩੯ ॥

ਦੋਹਰਾ–ਧਨਿ ਧਨਿ ਧਨਿ ਕੋ ਭਾਖੀਐ ॥ ਜਾਕਾ ਜਗਤੁ ਗੁਲਾਮੁ ॥
ਸਭ ਨਿਰਖਤ ਯਾਕੋ ਫਿਰੈ ਸਭ ਚਲ ਕਰਤ ਸਲਾਮ ॥

ਚੌਪਈ–ਕਾਲ ਨ ਕੋਊ ਕਰਨ ਸੁਮਾਰਾ ॥ ਬੈਰ ਬਾਦ ਅਹੰਕਾਰ ਪਸਾਰਾ ॥
ਲੋਭ ਮੂਲ ਇਹ ਜਗ ਕੋ ਹੂਆ ॥ ਜਾਸੋ ਚਾਹਤ ਸਭੈ ਕੋ ਮੂਆ ॥੩੬॥ ਪੰ: ੩੯॥

ਹੇ ਨਿਰੰਕਾਰ ਤੇਰੀ ਮਾਇਆ ਬੇਅੰਤ ਹੈ, ਜਿਸ ਦਾ ਕੋਈ ਭੀ ਅੰਤ ਨਹੀਂ ਪਾ ਸਕਿਆ ਤੂੰ ਦੇਵਤਿਆਂ ਦਾ ਭੀ ਬੜਾ ਦੇਵਤਾ ਹੈ ਅਤੇ ਰਾਜਿਆਂ ਦਾ ਬੜਾ ਰਾਜਾ ਹੈ; ਦੀਨਾਂ ਤੇ ਦਿਆਲਤਾ ਕਰਦਾ

Digitized by Panjab Digital Library | www.panjabdigilib.org

ਹੈ ਅਤੇ ਗਰੀਬਾਂ ਨੂੰ ਨਿਵਾਜਦਾ ਹੈ। ਇਸੇ ਤਰ੍ਹਾਂ ਬੇਅੰਤ ਮਹਿਮਾ ਤੇ ਬੇਨਤੀ ਕਰਨ ਉਪ੍ਰੰਤ ਅਧਜਾਇ ਦੇ ਅੰਤ ਵਿਚ ਕਹਿੰਦੇ ਹਨ ਕਿ ਧਨ, ਧਰਤੀ ਅਤੇ ਪੁਰਾਣੀ ਦੁਸ਼ਮਨੀ ਦਾ ਘੇਰਾ ਲਾਲਸਾ ਕਰਦਾ ਜਗ ਮਰ ਰਿਹਾ ਹੈ। ਮੋਹ ਬਾਦ ਅਤੇ ਹੰਕਾਰ ਪਸਰਿਆ ਹੋਇਆ ਹੈ, ਕਾਮ ਕ੍ਰੋਧ ਨੇ ਸਾਰੇ ਜਗ ਨੂੰ ਜਿੱਤ ਲਿਆ ਹੈ। ਇਹ ਧਨ ਧਨਤਾ ਜੋਗ ਹੈ ਜਿਸਦਾ ਸਾਰਾ ਜਗ ਹੀ ਗ਼ੁਲਾਮ ਹੈ ਸਾਰੇ ਹੀ ਇਸਨੂੰ ਟੋਲਦੇ ਫਿਰਦੇ ਹਨ ਅਤੇ ਸਭ ਹੀ ਧਨ ਨੂੰ ਸਲਾਮਾਂ ਪਏ ਕਰਦੇ ਹਨ। ਪਰ ਕਾਲ ਕਿਸੇ ਦੀ ਗਿਣਤੀ ਵਿਚ ਹੀ ਹੈ ਨਹੀਂ, ਵੈਰ ਤੇ ਵਿਰੋਧ ਹੰਕਾਰ ਦਾ ਬੋਲ ਬਾਲਾ ਹੋ ਰਿਹਾ ਹੈ, ਸਾਰੇ ਜਗਤ ਵਿਚ ਲੋਭ ਕਲਾ ਦਾ ਮੂਲ ਹੋਇਆ ਹੋਇਆ ਹੈ, ਜਿਸਦੇ ਵਸ ਹੋਕੇ ਜੀਵ ਸਾਰੇ ਹੀ ਮਰਨਾ ਚਾਹੁੰਦੇ ਹਨ। ਜਿਸਦੇ ਫਲ ਦਾ ਸਰੂਪ ਸਾਰੇ ਹੀ ਬਚਿਤ੍ਰ ਨਾਟਕ ਵਿਚ ਇਤਿਹਾਸ ਦੀਆਂ ਉਦਾਹਰਣਾਂ ਦੇ ਦੇ ਕੇ ਸਮਝਾਇਆ ਹੈ। ਜਿਸਨੂੰ ਆਪ ਨੇ ਬੜੀ ਸੁਤੰਤ੍ਰਤਾ ਦੇ ਰੂਪ ਵਿਚ ਅਤੇ ਸੰਕੋਚ ਨਾਲ ਉਲੱਥਾ ਕਰਕੇ ਉਸਦੇ ਨਤੀਜੇ ਸਾਡੇ ਸਾਹਮਣੇ ਰੱਖੇ ਹਨ। ਕੋਈ ਘਟਨਾ ਮਨੋ-ਕਲਪਤ ਨਹੀਂ, ਜਿਸ ਦਾ ਕੋਈ ਸਿਰ ਪੈਰ ਨਾ ਹੋਵੇ, ਇਤਿਹਾਸ ਦੀ ਟੂਕ ਦਿੱਤੇ ਬਿਨਾਂ ਨਾ ਇਤਿਹਾਸ ਹੀ ਨਿਖਰਦਾ ਹੈ ਅਤੇ ਨਾ ਹੀ ਮਿਥਿਹਾਸ ਅਤੇ ਨਾਹੀ ਧਾਰਮਕ ਅਰ ਨਾ ਹੀ ਸਮਾਜਕ ਪੱਖ ਪੂਰਿਆ ਜਾ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹੋ ਤਾਂ ਪੈਰ ਪੈਰ ਤੇ ਇਤਿਹਾਸਕ ਟੂਕਾਂ ਮਿਲਣਗੀਆਂ। ਵੇਦਾਂਤ ਨੂੰ ਫੋਲੋ ਜਾਂ ਪੁਰਾਣਾ ਨੂੰ ਪੜ੍ਹੋ ਭਾਵੇਂ ਸੰਸਾਰ ਭਰ ਦੇ ਧਾਰਮਿਕ, ਸਮਾਜਿਕ, ਰਾਜਨੀਤਕ, ਪ੍ਰਮਾਰਥਕ ਅਥਵਾ ਰੂਹਾਨੀਅਤ ਦੇ ਗ੍ਰੰਥ ਫੋਲ ਲਵੋ ਇਤਿਹਾਸਕ ਟੂਕ ਦਿੱਤੇ ਬਿਨਾਂ ਸਪਸ਼ਟੀ-ਕਰਨ ਨਹੀਂ ਹੋਵੇਗਾ, ਫੇਰ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਆਲੋਚਨਾ ਕਿਉਂ ?

ਬਜਾਇ ਆਲੋਚਨਾ ਜਾਂ ਵਿਰੋਧ ਕਰਨ ਦੇ ਲੋੜ ਹੈ ਕਿ ਅਸੀਂ ਇਹਨਾਂ ਅਦੁੱਤੀ ਕਾਰਨਾਮਿਆਂ ਨੂੰ ਵਿਚਾਰੀਦੇ ਤੇ ਫੇਰ ਅਸਲ ਵਸਤ ਦੀ ਪਹਿਚਾਣ ਕਰੀਏ। ਅਸੀਂ ਕਦੀ ਸ਼ਿਵਜੀ ਦੀ ਬਾਂਹ ਜਾ ਫੜਦੇ ਹਾਂ ਕਦੀ ਪਾਰਬਤੀ ਨੂੰ ਮੂਹਰੇ ਲੈ ਆਉਂਦੇ ਹਾਂ, ਕਦੇ ਕਿਸੇ ਮਹਾਂ ਕਾਲ ਦੀ ਕਲਪਣਾ ਕਰ ਲੈਂਦੇ ਹਾਂ ਅਤੇ ਅੱਗੇ ਤੋਂ ਅੱਗੇ ਬਖੇੜੇ ਵਿਚ ਪੈਕੇ ਅਸਲ ਨਿਸ਼ਾਨੇ ਤੋਂ ਦੂਰ ਚਲੇ ਜਾਂਦੇ ਹਾਂ ਪਰ ਸ੍ਰੀ ਦਸਮੇਸ਼ ਜੀ ਵਰਜਦੇ ਤੇ ਸੁਝਾ ਦਿੰਦੇ ਹਨ–।

ਤਾਹਿ ਪਛਾਨਤ ਹੋ ਨ ਮਹਾ ਪਸੁ ਜਾਕੋ ਪ੍ਰਤਾਪ ਤਿਹੁ ਪੁਰ ਮਾਹੀ ॥ ਪੰ: ੪੬ ॥

੫ ॥ ੭ ॥ ੨ ॥ ੫ ॥ ੨੦ ॥ ੧੨੭ ॥

੧ ਓ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾਗ ੭ ॥ ਅਧਜ ੨ ॥ ਅਲੋਚਨਾਤਮਕ ॥

ਸ੍ਰੀ ਦਸਮ ਗ੍ਰੰਥ ਸਾ: ਦੇ ਨਿਰਣੇ ਦਾ ਨਿਰਣਾ ਪ੍ਰਕਰਣ ਨੰ: ੬ ॥ ੨੧ ॥ ੧੨੮ ॥

ਬਚਿਤ੍ਰ ਨਾਟਕ ਦੀ ਆਰੰਭਤਾ

ਭਾਵੇਂ ਅਕਾਲ ਉਸਤਤ ਤੋਂ ਉਪ੍ਰੰਤ ਵੀ ੧੦੧ ਛੰਦ ਸ੍ਰੀ ਅਕਾਲ ਜੀ ਦੀ ਮਹਿਮਾ ਵਿਚ ਲਿਖ ਹਨ ੬ ਛੰਦ ਨਿਰੋਲ ਉਪਮਾ ਤੇ ਉਸ ਰਚਨਹਾਰ ਕਰਤਾਰ ਪੁਰਖ ਦੀ ਉਸਤਤ ਵਿਚ ਹੀ ਹਨ। ਇਸ ਤ

Digitized by Panjab Digital Library | www.panjabdigilib.org

ਅਗੇ ਸੋਢੀ ਬੰਸ ਕਿਵੇਂ ਪ੍ਰਚਲਤ ਹੋਇਆ ਕਿਥੋਂ ਪ੍ਰਗਟਿਆ ਜਾਂ ਇਸਨੇ ਕਿਵੇਂ ਵਿਗਾਸ ਕੀਤਾ ? ਜਿਸ ਨੂੰ ਐਉਂ ਆਰੰਭ ਕਰਦੇ ਹਨ–

ਤੁਮਰੀ ਕ੍ਰਿਆ ਕਹਾ ਕੋਊ ਕਹੈ ॥ ਸਮਝਤ ਬਾਤ ਉਰਝ ਮਤ ਰਹੈ ॥
ਸੂਛਮ ਰੂਪ ਨ ਵਰਨਾ ਜਾਈ ॥ ਬਿਰਧ ਸਰੂਪਹਿ ਕਹੋ ਬਨਾਈ ॥ ੭ ॥
ਤੁਮਰੀ ਪ੍ਰੇਮ ਭਗਤਿ ਜਬ ਗਹਿ ਹੋ ॥ ਛੋਰ ਕਥਾ ਸਭਹੀ ਤਬ ਕਹਿ ਹੋ ॥
ਅਬ ਮੈ ਕਹੋ ਸੋ ਅਪਨੀ ਕਥਾ ॥ ਸੋਢੀ ਬੰਸ ਉਪਜਿਆ ਜਥਾ ॥ ੮ ॥

ਹੇ ਅਕਾਲ ਪੁਰਖ ਆਪ ਦੇ ਕੰਮਾਂ ਨੂੰ ਕੋਈ ਕੀ ਬਿਆਨ ਕਰ ਸਕਦਾ ਹੈ, ਇਸਨੂੰ ਤਾਂ ਸਮਝਣ ਲਈ ਮਤ ਹੀ ਉਲਝ ਜਾਂਦੀ ਹੈ, ਭਾਵ ਥਕਤ ਹੋਕੇ ਭੌਰ ਭੌਰ ਹੋ ਜਾਂਦੀ ਹੈ। ਕਿਉਂਕਿ ਆਪ ਦਾ ਨਿਰਗੁਣ ਸਰੂਪ ਦਾ ਤਾਂ ਕੋਈ ਵਰਨਣ ਹੀ ਨਹੀਂ ਕਰ ਸਕਦਾ, ਇਸ ਲਈ ਮੈਂ ਸਰਗੁਣ ਸਰੂਪ ਨੂੰ ਹੀ ਬਿਆਨਦਾ ਹਾਂ। ਪਰ ਜਦੋਂ ਮੈਂ ਆਪ ਦੀ ਪ੍ਰੇਮਾ ਭਗਤੀ ਵਿਚ ਜੁਟਦਾ ਹਾਂ ਉਦੋਂ ਇਸ ਸਰਗੁਣ ਸਰੂਪ ਦੀ ਸੁਧ ਛੱਡ ਦਿੰਦਾ ਭਾਵ ਭੁਲ ਜਾਂਦਾ ਹਾਂ। ਹੁਣ ਮੈਂ ਆਪਣੀ ਹੀ ਕਥਾ ਬਿਆਨਦਾ ਹਾਂ, ਜਿਵੇਂ ਕਿ ਸੋਢੀ ਬੰਸ ਦੀ ਉਪਜਨਾ ਹੋਈ।

ਸ੍ਰੇਸ਼ਟ ਬੁਧੀਜੀਵੀ ਪਾਠਕ ਜਨੋਂ ਤੁਸੀਂ ਹੀ ਇਸਦਾ ਉੱਤਰ ਦਿਉ ਕਿ ਅਕਾਲ ਉਸਤਤ ਸ੍ਰੀ ਕਰਤਾਰ ਮਹਿਮਾ ਕਰਨਾ ਕੀ ਸਾਕਤ ਮੱਤ ਦਾ ਅਧਾਰ ਸ਼ਿਲਾ ਹੈ ਜਾਂ ਸੋਢੀ ਬੰਸ ਦੀ ਵੀਚਾਰ ਕਰਨ ਦਾ ਉਹਨਾਂ ਦਾ ਕੀ ਕੰਮ ਜਾਂ ਲੋੜ ਸੀ ?

ਕਿਆ ਇਸ ਛੰਦ ਦੀ ਘਾੜਤ ਅਤੇ ਅੰਦਾਜ ਮੂੰਹੋਂ ਬੋਲਕੇ ਧੰਨ ਸ੍ਰੀ ਦਸਮੇਸ਼ ਜੀ ਨਹੀਂ ਕਹਿ ਰਿਹਾ, ਇਹ ਰਚਨਾ ਬਿਨਾਂ ਸ੍ਰੀ ਦਸਮੇਸ਼ ਜੀ ਤੋਂ ਨਹੀਂ ਹੋ ਸਕਦੀ। ਸੋਨੇ, ਚਾਂਦੀ ਦਾ ਘੜਨਾ ਠਠਿਆਰ ਜਾਂ ਲੁਹਾਰ ਦਾ ਕੰਮ ਨਹੀਂ ਹੁੰਦਾ । ਵਿਸਥਾਰ ਬਹੁਤ ਹੈ ਪੁਸਤਕ ਨਿਕੀ ਜਿਹੀ ਹੈ ਸਾਰਾ ਪ੍ਰਕ੍ਰਣ ਇਸ ਵਿਚ.ਨਹੀਂ ਪਾਇਆ ਜਾਂਦਾ ਪਰ ਫੇਰ ਵੀ ਕੁਝ ਟੂਕਾਂ ਮੈਂ ਪਾਠਕ ਸਜਨਾਂ ਦੀ ਸੇਵਾ ਵਿਚ ਲਿਖਦਾ ਹਾਂ। ਅਰ ਬਚਿਤ੍ਰ ਨਾਟਕ – ਇਹ ਪਹਿਲਾ ਪ੍ਰਕ੍ਰਣ ਹੈ ਜੋ ਮਾਰਕੰਡੇ ਆਦਿ ਕਿਸੇ ਭੀ ਪ੍ਰਕ੍ਰਣ ਦਾ ਅਨੁਵਾਦ ਨਹੀਂ ਸਗੋਂ ਸ੍ਰੀ ਦਸਮੇਸ਼ ਜੀ ਦੀ ਜੀਵਨ ਯਾਤਰਾ ਜਾਂ ਪੁਰਾਤਨ ਵਿਚਾਰ ਗੁਰੂ ਜੀ ਦੀ ਅਨੁਭਵੀ ਬਾਣੀ ਹੈ, ਜਿਸ ਨੂੰ ਆਪ ਇਥੋਂ ਅਰੰਭ ਕਰਦੇ ਹਨ ਅਤੇ ਅਣਗਿਣਤ ਨਾਮ ਪ੍ਰਗਟ ਕਰਕੇ ਦਸਦੇ ਹਨ।

ਪ੍ਰਿਥਮ ਕਾਲ ਜਬ ਕਰਾ ਪਸਾਰਾ ॥ ਓਅੰਕਾਰ ਤੇ ਸ੍ਰਿਸਟ ਉਪਾਰਾ ॥
ਕਾਲ ਸੈਣ ਪ੍ਰਥਮੈ ਭਇਓ ਭੂਪਾ ॥ ਅਧਿਕ ਅਤੁਲ ਬਲਿ ਰੂਪ ਅਨੂਪਾ ॥੧੦॥
ਕਾਲ ਕੇਤ ਦੂਸਰ ਭੂਅ ਭਇਓ ॥ ਕ੍ਰੂਰ ਬਰਸ ਤੀਸਰ ਜਗ ਠਯੋ ॥
ਕਾਲ ਧੁਜ ਚਤੁਰਥ ਨ੍ਰਿਪ ਸੋਹੈ ॥ ਜਿਹ ਤੇ ਭਯੋ ਜਗਤ ਸਭ ਕੋ ਹੈ ॥੧੧॥ ਸ: ੪੦

੨–ਪਹਿਲੇ ੧੦੧ ਛੰਦ ਅਕਾਲ ਉਸਤਤਿ ਦਾ ਹੀ ਅੰਤਲਾ ਹਿਸਾ ਹੈ, ਹੁਣ ਅਗੇ ਉਸ ਅਕਾਲ ਪੁਰਖ ਦੇ ਪਸਾਰੇ ਦਾ ਆਰੰਭ ਕਰਦੇ ਹਨ, ਜਦ ਕੇ ਪਹਿਲਾਂ ਵਿਸ਼ਨੂੰ ਤੇ ਫੇਰ ਬ੍ਰਹਮਾ ਜੀ ਅਤੇ ਅਗੇ ਸ਼ਿਵ ਜੀ ਦੇਵਰਾਜ ਹੋਏ ਅਤੇ ਅਗੇ ਦਸਿਆ ਹੈ ਕਿ ਫੇਰ ਸਹੰਸਰ ਬਾਹੂ ਜਿਸ ਦੇ ੧੦੦ ਨੇਤ੍ਰ ਤੇ ਏਨੇ ਹੀ ਹਥ ਸਨ ਅਥਵਾ ਪੈਰ ਸਨ ਅਤੇ ਵਿਸ਼ਨੂੰ ਜੀ ਸ਼ੇਸ਼ ਨਾਗ ਦੀ ਸੇਜਾ ਬਣਾ ਕੇ ਉਪਰ ਥਰਾਜਦੇ ਸਨ । ਇਕ ਦਿਨ ਵਿਸ਼ਨੂੰ ਜੀ ਨੇ ਆਪਣੇ ਕੰਨ ਵਿਚੋਂ ਮੈਲ ਨਿਕਾਲੀ ਜਿਸ ਤੋਂ ਮਧ ਕੀਟਮ ਨਾਮ ਦੇ ਦੋ ਦੈਂਤ ਬਣ ਗਏ।

Digitized by Panjab Digital Library | www.panjabdigilib.org

ਦੂਜੇ ਕੰਨ ਦੀ ਮੈਲ ਕਢੀ ਜਿਸ ਤੇ ਸਾਰੀ ਸ੍ਰਿਸਟੀ ਉਤਪੰਨ ਹੋਈ।

ਸਾਧ ਕਰਮ ਜੇ ਪੁਰਖ ਕਮਾਵੈ ॥ ਨਾਮ ਦੇਵਤਾ ਜਗਤ ਕਹਾਵੈ ॥
ਕੁਕ੍ਰਿਤ ਕਰਮ ਜੇ ਜਗ ਮਹ ਕਰਹੀ ਨਾਮ ਅਸਰ ਤਿਨ ਕੋ ਧਰਹੀ ॥

ਜੋ ਲੋਕ ਪ੍ਰਭੂ ਅਨਿਆਈ ਰਹੇ ਉਹ ਦੇਵਤੇ ਬਣ ਗਏ ਤੇ ਜਿਨ੍ਹਾਂ ਨੇ ਵਿਰੋਧ ਕਰਕੇ ਸੰਤਾਂ ਭਗਤਾਂ ਨੂੰ ਤੰਗ ਕੀਤਾ ਉਹਨਾਂ ਦਾ ਨਾਮ ਦੈਂਤ ਪੈ ਗਿਆ। ਬਹੁਤ ਸਾਰੇ ਰਾਜੇ ਮਹਾਰਾਜੇ ਹੋਣ ਉਪ੍ਰੰਤ ਰਾਮ ਲਛਮਣ ਆਦਿ ਹੋਏ ਅਗੇ ਲਉ ਕਸ਼ ਦੀ ਸੰਤਾਨ ਹੋ ਕੇ ਆਪੋ ਵਿਚ ਲੜ ਪਏ ਅਖੀਰ ਅਗੇ ਤੋਂ ਅਗੇ ਬੰਸ ਵਧਿਆ ਤੇ ਰਾਜ ਵੰਡਿਆ ਗਿਆ। ਗੁਰੂ ਨਾਨਕ ਦਾ ਪ੍ਰਕਾਸ਼ ਸਮਾਂ ਆ ਗਿਆ।

ਚੌਪਈ-ਬੀਸ ਗਾਵ ਤਿਨਕੇ ਰਹਿ ਗਏ ॥ ਜਿਨ ਮੋ ਕਰਤ ਭਏ ॥
ਬਹੁਤ ਕਾਲ ਇਹ ਭਾਤਿ ਬਿਤਾਯੋ ॥ ਜਨਮ ਸਮੈ ਨਾਨਕ ਕੋ ਆਯੋ ॥ ੩ ॥

ਦੋਹਰਾ-ਤਿਨ ਬੇਦੀਅਨ ਕੇ ਕੁਲ ਬਿਖੇ ਪ੍ਰਗਟੇ ਨਾਨਕ ਰਾਇ ॥
ਸਭ ਸਿੱਖਨ ਕੋ ਸੁਖ ਦਏ ਜੱਹ ਤੱਹ ਭਏ ਸਹਾਇ ॥ ੪ ॥

ਚੌਪਈ-ਤਿਨ ਇਹ ਕਲ ਮੋ ਧਰਮੁ ਚਲਾਯੋ ॥ ਸਭ ਸਾਧਨ ਕੋ ਰਾਹੁ ਬਤਾਯੋ ॥
ਜੇ ਤਾਕੇ ਮਾਰਗਿ ਮਹਿ ਆਏ ॥ ਤੇ ਕਬਹੂੰ ਨਹੀ ਪਾਪ ਸੰਤਾਏ ॥ ੫ ॥

ਜੇ ਜੇ ਪੰਥ ਤਵਨ ਕੇ ਪਰੇ ॥ ਪਾਪ ਤਾਪ ਤਿਨਕੇ ਪ੍ਰਭ ਹਰੇ ॥
ਦੂਖ ਭੂਖ ਕਬਹੁ ਨ ਸੰਤਾਏ ॥ ਜਾਲ ਕਾਲ ਕੇ ਬੀਚ ਨ ਆਏ ॥ ੬ ॥

ਨਾਨਕ ਅੰਗਦ ਕੋ ਬਪੁ ਧਰਾ ॥ ਧਰਮ ਪ੍ਰਚੁਰਿ ਇਹ ਜਗ ਮੋ ਕਰਾ ॥
ਅਮਰਦਾਸ ਪੁਨਿ ਨਾਮੁ ਕਹਾਯੋ ॥ ਜਨ ਦੀਪਕ ਤੇ ਦੀਖ ਜਗਾਯੋ ॥ ੭ ॥

ਜਬ ਬਰ ਦਾਨਿ ਸਮੈ ਵਹੁ ਆਵਾ ॥ ਰਾਮ ਦਾਸ ਤਬ ਗੁਰੂ ਕਹਾਵਾ ॥
ਤਿਹ ਬਰਦਾਨਿ ਪੁਰਾਤਨਿ ਦੀਆ ॥ ਅਮਰਦਾਸਿ ਸੁਰ ਪੁਰਿ ਮਗੁ ਲੀਆ ॥ ੮ ॥

ਨਾਨਕ ਅੰਗਦਿ ਕਰਿ ਮਾਨਾ ॥ ਅਮਰਦਾਸਿ ਅੰਗਦ ਪਹਿਚਾਨਾ ॥
ਅਮਰਦਾਸ ਰਾਮਦਾਸ ਕਹਾਯੋ ॥ ਸਾਧਨਿ ਲਖਾ ਮੂੜ ਨਹਿ ਪਾਯੋ ॥ ੯ ॥

ਸ੍ਰੀ ਦਸਮੇਸ਼ ਜੀ ਦਸਦੇ ਹਨ ਕਿ ਧੀਰੇ ਧੀਰੇ ਚਕ੍ਰ ਵਰਤੀ ਰਾਜੇ ਮਹਾਰਜਿਆਂ ਤੋਂ ਘਟਕੇ ਅੰਤ ੨੦ ਪਿੰਡਾਂ ਦੀ ਜਾਗੀਰ ਰਹਿ ਗਈ ਜਿਸ ਵਿਚ ਖੇਤੀ ਕਰਦੇ ਸਨ। ਇਸ ਤਰ੍ਹਾਂ ਬਹੁਤ ਸਾਰਾ ਸਮਾਂ ਬੀਤ ਗਿਆ ਸੀ ਅੰਤ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਣ ਦਾ ਨੀਯਤ ਸਮਾਂ ਆ ਗਿਆ - ਸ੍ਰੀ ਰਾਮ ਚੰਦਰ ਜੀ ਦੇ ਖਾਨਦਾਨ ਵਿਚ ਸੋਢੀ ਰਾਇ ਦੇ ਭਾਈ ਜਿੰਨ੍ਹਾਂ ਨੂੰ ਬੇਦੀ ਕਿਹਾ ਜਾਂਦਾ ਸੀ ਦੀ ਕੁਲ ਵਿਚ ਆ ਕੇ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ, ਜਿਸ ਨੇ ਆ ਕੇ ਆਪਣੇ ਸਿਖਾਂ ਨੂੰ ਅਨੇਕਾਂ ਪ੍ਰਕਾਰ ਦੇ ਸੁਖ ਬਖਸ਼ੇ ਅਤੇ ਜਿੱਥੇ ਕਿੱਥੇ ਪੁਜ ਕੇ ਸਹਾਇਤਾ ਕੀਤੀ ਸੀ। ਜੇਹੜਾ ਭੀ ਗੁਰੂ ਨਾਨਕ ਦੇਵ ਜੀ ਰਾਹ ਤੇ ਚਲ ਪਿਆ ਉਹਨਾਂ ਨੂੰ ਪਾਪਾਂ ਦਾ ਦੰਡ ਨਹੀਂ ਸਹਾਰਨਾ ਪਿਆ, ਜੋ ਜੋ ਭੀ ਗੁਰੂ ਨਾਨਕ ਦੇਵ ਜੀ ਦੇ ਦੱਸੇ ਰਾਹ ਤੇ ਪੈ ਗਿਆ ਉਹ ਕਾਲ ਦੇ ਜਾਲ ਤੋਂ ਬਚ ਗਿਆ। ਭਾਵ-ਮੁਕਤ ਹੋ ਗਿਆ ਅਤੇ ਫੇਰ ਗੁਰੂ ਨਾਨਕ ਦੇਵ

Digitized by Panjab Digital Library | www.panjabdigilib.org

ਜੀ ਨੇ ਹੀ ਗੁਰੂ ਅੰਗਦ ਦੇਵ ਜੀ ਦਾ ਜਾਮਾ ਪਹਿਨ ਲਿਆ ਅਤੇ ਧਰਮ ਨੂੰ ਅਗੇ ਪ੍ਰਚਾਰਿਆ ਅਤੇ ਮੁੜ ਆਪਣਾ ਨਾਮ ਅਮਰਦਾਸ ਕਹਾਇਆ। ਜਾਣੋ ਦੀਵੇ ਦੀ ਜੋਤ ਨਾਲ ਦੂਜੇ ਦੀਵੇ ਦੀ ਬੱਤੀ ਜੋੜ ਕੇ ਜਗਾ ਦਿਤਾ। ਜਿਸ ਵੇਲੇ ਰਾਜਾ ਸੋਢੀ ਰਾਇ ਆਪਣਾ ਰਾਜ ਸਾਜ ਵੇਦੀਆਂ ਨੂੰ ਦੇ ਕੇ ਆਪ ਉਪਰਾਮ ਹੋ ਕੇ ਜੰਗਲਾਂ ਨੂੰ ਚਲਾ ਗਿਆ ਸ਼ੀ, ਉਸ ਵੇਲੇ ਇਹ ਬਚਨ ਭੀ ਹੋਇਆ ਸੀ ਕਿ ਚੌਥੇ ਜਾਮੇ ਵਿਚ ਮੈਂ ਆਪਣਾ ਰਾਜ ਵਾਪਸ ਲੈ ਲਵਾਂਗਾ ਜੋ ਗੁਰੂ ਅਮਰਦਾਸ ਜੀ ਸੋਢੀ ਦੇ ਰੂਪ ਵਿਚ ਉਹ ਬਚਨ ਸਫਲਾ ਹੋਇਆ ਸੀ ਅਤੇ ਉਹੋ ਨਾਨਕ ਜ਼ੋਤ ਅੰਗਦ ਤੇ ਅਮਰ ਦਾਸ ਮੁੜ ਰਾਮਦਾਸ ਦੇ ਰੂਪ ਵਿਚ ਪ੍ਰਗਟੀ। ਜਿਵੇਂ ਸੋਢੀ ਰਾਏ ਨੇ ਵੇਦੀਆਂ ਨੂੰ ਗੱਦੀ ਸੌਂਪੀ ਸੀ, ਉਸੇ ਤਰ੍ਹਾਂ ਗੁਰੂ ਅਮਰਦਾਰ ਬੇਦੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਉਸੇ ਆਦਰ ਪਿਆਰ ਨਾਲ ਗੱਦੀ ਸੌਂਪ ਦਿਤੀ ਸੀ, ਆਪ ਨੇ ਨਾਲ ਹੀ ਕਹਿ ਦਿਤਾ ਹੈ ਕਿ ਇਹ ਵਾਰਤਾ, ਸਾਧਨ (ਜਿਨ੍ਹਾਂ ਨੇ ਮਨ ਸਾਧੇ ਹਨ) ਉਹੀ ਸਮਝ ਸਕਣਗੇ ਜੋ ਮੂਰਖ ਵਾਦ ਵਿਵਾਦ ਵਿਚ ਹੀ ਪਚੇ ਪਏ ਹਨ ਉਹ ਮੂਰਖ ਨਹੀਂ ਜਾਣ ਸਕਣਗੇ।

ਭਿੰਨ ਭਿੰਨ ਸਭ ਹੂੰ ਕਰਿ ਜਾਨਾ ॥ ਏਕ ਰੂਪ ਕਿਨਹੂੰ ਪਹਿਚਾਨਾ ॥
ਜਿਨ ਜਾਨਾ ਤਿਨ ਹੀ ਸਿਧ ਪਾਈ ॥ ਬਿਨ ਸਮਝੇ ਸਿਧ ਹਾਥ ਨ ਆਈ ॥੧੦॥

ਰਾਮਦਾਸ ਹਰਿ ਸੋ ਮਿਲ ਗਏ ॥ ਗੁਰਤਾ ਦੇਤ ਅਰਜਨਹਿ ਭਏ ॥
ਜਬ ਅਰਜਨ ਪ੍ਰਭ ਲੋਕ ਸਿਧਾਏ ॥ ਹਰਿਗੋਬਿੰਦ ਤਿਹ ਥਾਂ ਠਹਿਰਾਏ ॥੧੧॥

ਹਰਿ ਗੋਬਿੰਦ ਪ੍ਰਭ ਲੋਕ ਸਿਧਾਰੇ ॥ ਹਰੀ ਰਾਇ ਤਿਹ ਥਾਂ ਬੈਠਾਰੇ ॥
ਹਰੀ ਕ੍ਰਿਸਨ ਤਿਨ ਕੇ ਸੁਤ ਵਏ ॥ ਤਿਨ ਤੇ ਤੇਰਾ ਬਹਾਦੁਰ ਭਏ ॥੧੨॥

ਏਥੇ ਹੁਣ ਨੌਆਂ ਸਰੂਪਾਂ ਦਾ ਵਰਨਣ ਕੀਤਾ ਹੈ। ਐਨ ਇਸੇ ਤਰ੍ਹਾਂ ਅਰਦਾਸ ਵੇਲੇ ਭੀ ਨੌਆਂ ਜੋਤਾਂ ਨੂੰ ਪ੍ਰਣਾਮ ਕਰੀ ਹੈ – ਜਿਸ ਨੂੰ ਅਜ ਦੇ ਮੰਦ ਭਾਗੀਂ ਜਿਦੀ ਲੋਕ ਤਾਂਤ੍ਰਿਕ ਕਵੀਆਂ ਦੀ ਰਚਨਾ ਕਹੀ ਜਾਂਦੇ ਹਨ ਅਤੇ ਸ੍ਰੀ ਦਸਮੇਸ਼ ਜੀ ਦੀ ਦਸੀ ਰਾਸਤੀ ਦੀਆਂ ਸਫਾਂ ਵਲੇਟ ਕੇ ਵਟਾਂ ਤੋੜ ਕੇ ਆਪ ਨੂੰ ਗੁਰਸਿਖ ਤੇ ਗੁਰੂ ਸਿਖਾਂ ਨੂੰ ਅਸਿਖ ਕਹੀ ਜਾਂਦੇ ਨੇ, ਜਿਸ ਦੇ ਅਰਥ ਹੈਨ ਕਿ ਰਬ ਨੂੰ ਵੰਡੀਆਂ ਪਾਕੇ ਸਾਰੇ ਜੁਦਾ ਜੁਦਾ ਨਾਮ ਰਖ ਕੇ ਆਪੋ ਆਪਣੇ ਵੀਚਾਰਾਂ ਵਿਚ ਬੰਨ ਕੇ ਮੰਨ ਲਿਆ ਹੈ, ਪਰ ਇਕ ਰੂਪ ਉਸਦਾ ਜੋ ਹੈ ਉਸ ਨੂੰ ਕਿਸੇ ਪਹਿਚਾਣਿਆ ਹੀ ਨਹੀਂ, ਜਿਸ ਨੇ ਇਸ ਅਜ ਨੂੰ ਸਮਝ ਲਿਆ ਹੈ ਸਿਧਤਾ ਉਸੇ ਨੂੰ ਮਿਲੀ ਹੈ, ਬਿਨਾ ਇਸ ਗਲ ਦੇ ਸਮਝੇ ਇਹ ਸਿਧੀ ਕਿਸੇ ਦੇ ਭੀ ਹਥ ਨਹੀਂ ਆਈ। ਜਿਵੇਂ ਅਜ ਤਕ ਹਰ ਫਿਰਕਾ ਉਸ ਨੂੰ ਇਕੋ ਨਾਮ ਵਿਚ ਸੀਮਤ ਕਰਦਾ ਚਲਿਆ ਆ ਰਿਹਾ ਹੈ – ਰਾਮ ਦੇ ਭਗਤ ਰਾਮ ਚੰਦ੍ਰ ਦਾ ਹੀ ਇਕੋ ਨਾਮ ਜਾਣਦੇ ਹਨ, ਅਤੇ ਕ੍ਰਿਸ਼ਨ ਭਗਤਾਂ ਨੇ ਭੀ ਇਸੇ ਤੇ ਭਰੋਸਾ ਕੀਤਾ ਹੈ, ਮੁਸਲਮਾਨ ਕੁਝ ਹੋਰ ਪਾਸੇ ਚਲੇ ਗਏ, ਬਾਕੀ ਭੀ ਜਿੰਨੇ ਮਤ ਹੋਏ, ਉਹ ਆਪੋ ਆਪਣਾ ਰਬ ਅਡਰਾ ਬਣਾ ਕੇ ਮੰਨ ਕੇ ਬਹਿ ਜਾਂਦੇ ਰਹੇ ਪਰ ਗੁਰਮਤਿ ਨੇ ਸਿਧਾਂਤ ਨੂੰ ਖੋਲ ਕੇ ਅਗੇ ਲਿਆਂਦਾ ਹੈ ਅਰ ਸਾਰੇ ਗੁਰੂ ਸਰੂਪ ਅਥਵਾ ਸੰਤਾਂ ਭਗਤਾਂ ਨੇ ਉਸ ਨੂੰ ਸਰਬ ਵਿਆਪੀ ਕਿਹਾ ਹੈ ਅਤੇ ਇਸੇ ਲਈ ਇਹ ਸਾਰੇ ਦੇ ਸਾਰੇ ਨਾਮ ਉਸ ਜੋਤੀ ਸਰੂਪ ਨਾਲ ਜੋੜੇ ਹਨ। ਨਿਰੰਕਾਰੀਆਂ ਵਾਂਗੂ ਬਾਕੀ ਨਾਮ ਰੱਦੀ ਦੀ ਟੋਕਰੀ ਵਿਚ ਨਹੀਂ ਸੁਟੇ–

ਕਰਹੁ ਬਬੇਕੁ ਸੰਤ ਜਨ ਭਾਈ ਖੋਜਿ ਹਿਰਦੈ ਦੇਖਿ ਢੰਢੋਲੀ ॥
ਹਰਿ ਹਰਿ ਰੂਪੁ ਸਭ ਜੋਤਿ ਸਬਾਈ ਹਰਿ ਨਿਕਟਿ ਵਸੈ ਹਰਿ ਕੋਲੀ ॥ਮ: ੪॥ਸ: ੧੬੮

Digitized by Panjab Digital Library | www.panjabdigilib.org

ਐ ਸੰਤੋ ਤੇ ਭਗਤੋ ਭਾਈ ਜਨੋ ਆਉ ਬੈਠ ਕੇ ਗਿਆਨ ਗੋਸ਼ਟ ਕਰੀਏ ਅਤੇ ਆਪਣੇ ਹਿਰਦੇ ਵਿਚ ਮਾਲਕ ਦੀ ਟੋਲ ਲਈ ਖੋਜ ਕਰੀਏ। ਹਰ ਇਕ ਰੂਪ ਦੇ ਵਿਚ ਉਸ ਦੀ ਸਾਰੇ ਹੀ ਜੋਤਿ ਸਮਾ ਰਹੀ ਹੈ ਜੇ ਇਸ ਗਲ ਨੂੰ ਜਾਣ ਲਵੋ ਤਾਂ ਫੇਰ ਉਹ ਤੁਹਾਡੇ ਨਿਕਟ ਕੋਲ ਹੀ ਵਸ ਰਿਹਾ ਹੈ। ਜੇ ਦਸਮ ਗ੍ਰੰਥ ਸਾਹਿਬ ਵਿਚ ਵੇਦ ਮਤ ਜਾਂ ਤਾਂਤ੍ਰਿਕ ਮਤ ਦਾ ਪ੍ਰਚਾਰ ਕੀਤਾ ਹੁੰਦਾ ਤਾਂ ਏਉਂ ਨਾ ਲਿਖਿਆ ਮਿਲਦਾ।

ਜੇ ਸਿੰਮ੍ਰਤਨ ਕੇ ਭਏ ਅਨੁਰਾਗੀ ॥ ਤਿਨ ਤਿਨ ਕ੍ਰਿਆ ਬ੍ਰਹਮ ਕੀ ਤਿਆਗੀ ॥ ਜਿਨ ਮਨ ਹਰਿ ਚਰਨਨ ਠਹਿਰਾਯੋ ॥ ਸੋ ਸਿਮ੍ਰਿਤਨ ਕੇ ਰਾਹ ਨ ਆਯੋ ॥੧੮॥

ਬ੍ਰਹਮਾ ਚਾਰ ਹੀ ਬੇਦ ਬਨਾਏ ॥ ਸਰਬ ਲੋਕ ਤਹ ਕਰਮ ਚਲਾਏ ॥ ਜਿਨ ਕੀ ਲਿਵ ਹਰਿ ਚਰਨਨ ਲਾਗੀ ॥ ਤੇ ਬੇਦਨ ਤੇ ਭਏ ਤਿਆਗੀ ॥ ੧੯ ॥ ਸ: ੫੬

੩-ਜਿਸ ਦਾ ਭਾਵ ਹੈ ਕਿ ਜੋ ਸਿੰਮ੍ਰਤੀਆਂ ਨਾਲ ਜੁੜ ਗਏ, ਉਹ ਲੋਕ ਬ੍ਰਹਮ ਤੋਂ ਦੂਰ ਹੋ ਗਏ ਅਤੇ ਜਿਸ ਨੇ ਆਪਣੇ ਮਨ ਨੂੰ ਹਰੀ ਚਰਨਾਂ ਵਿਚ ਜੋੜਿਆ, ਉਹ ਸਿੰਮ੍ਰਤੀਆਂ ਦੇ ਰਾਹ ਹੀ ਨਹੀਂ ਪਿਆ, ਕਿਉਂਕਿ ਸ੍ਰੀ ਬ੍ਰਹਮਾ ਜੀ ਨੇ ਚਾਰ ਵੇਦ ਥਾਪੇ ਹਨ, ਇਸ ਲਈ ਸਾਰੇ ਲੋਕ ਬੇਦਾਂ ਦੇ ਆਖੇ ਲਗ ਕਰਮ ਕਾਂਡ ਵਲ ਲਗ ਗਏ ਅਤੇ ਜਿਨ੍ਹਾਂ ਦੀ ਸੁਰਤੀ ਹਰੀ ਦੇ ਚਰਨਾਂ ਨਾਲ ਜੁੜ ਗਈ, ਉਹ ਬੇਦਾਂ ਤੋਂ ਤਿਆਗ ਹਾਸਲ ਕਰ ਗਏ।

ਸਤਿਗੁਰਾਂ ਦਾ ਮਿਸ਼ਨ

ਸ੍ਰੀ ਦਸਮੇਸ਼ ਜੀ ਆਪਣਾ ਮਿਸਨ ਦਰਸਾਉਂਦੇ ਹੋਏ ਲਿਖਦੇ ਹਨ-

ਨਰਾਜ ਛੰਦ- ਕਹਯੋ ਪ੍ਰਭੂ ਸੋ ਭਾਖਿ ਹੌ ॥ ਕਿਸੂ ਨ ਕਾਨ ਰਾਖ ਹੌ ॥ ਕਿਸੂ ਨ ਭੇਖ ਭੀਜ ਹੌ ॥ ਅਲੇਖ ਬੀਜ ਬੀਜ ਹੌ ॥ ੩੪ ॥

ਪਖਾਣ ਪੂਜ ਹੌ ਨਹੀ ॥ ਨ ਭੇਖ ਭੀਜ ਹੌ ਕਹੀ ॥ ਅਨੰਤ ਨਾਮ ਰਾਇ ਹੌ ॥ ਪਰਮ ਪੁਰਖ ਪਾਇ ਹੌ ॥ ੩੫ ॥

ਜਟਾ ਨ ਸੀਸ ਧਾਰ ਹੌ ॥ ਨ ਮੁੰਦ੍ਰਕਾ ਸੁ ਧਾਰਿ ਹੌ ॥ ਨ ਕਾਨ ਕਾਹੂ ਕੀ ਧਰੋ ॥ ਕਹਿਯੋ ਪ੍ਰਭੂ ਸੁ ਮੈ ਕਰੋ ॥ ੩੬ ॥

ਭਜੋ ਸੁ ਏਕ ਨਾਣਯੰ ॥ ਜੁ ਕਾਮ ਸਰਬ ਠਾਮਯੰ ॥ ੩੭ ॥

ਬਿਅੰਤਿ ਨਾਮੁ ਧਿਆਇ ਹੋ ॥ ਪਰਮ ਜੋਤਿ ਪਾਇ ਹੋ ॥ ਨ ਧਿਆਨ ਆਨ ਕੋ ਧਰੋ ॥ ਨ ਨਾਮ ਆਨ ਉਚਰੋ ॥ ੩੮ ॥

੪-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣਾ ਮਿਸ਼ਨ – ਐਨ ਬਾਂਹ ਖੜੀ ਕਰਕੇ ਹੋਕਾ ਦੇਂਦੇ ਕਹਿੰਦੇ ਹਨ – ਐ ਸ਼ੰਕਾ ਗ੍ਰਸਤ ਲੋਕੋ ਸੁਣ ਲਉ ਕੰਨ ਖੋਲ ਕੇ ਅਤੇ ਮੰਨ ਜੋੜ ਕੇ, ਮੈਂ ਉਹੀ ਗਲ ਕਹਿ ਰਿਹਾ ਹਾਂ ਜੋ ਮੈਨੂੰ ਮੇਰੇ ਮਾਲਕ ਨੇ ਕਹੀ ਹੈ। ਹੋਰ ਕਿਸੇ ਦਾ ਕੋਈ ਡਰ ਭੈ ਨਹੀਂ ਰਖਾਂਗਾ ਅਤੇ ਨਾ ਹੀ ਕਿਸੇ

Digitized by Panjab Digital Library | www.panjabdigilib.org

ਭੇਖੀ ਦੇ ਭੇਖ ਵਿਚ ਭਿਜਾਗਾਂ, ਇਕੋ ਅਲੇਖ (ਅਕਾਲ) ਦੇ ਨਾਮ ਦੀ ਪ੍ਰਚਾਰ ਕਰਾਂਗਾ। ਪੱਥਰ ਪੂਜ ਮੈਂ ਨਹੀਂ ਹਾਂ ਅਤੇ ਨਾ ਹੀ ਕਿਸੇ ਦੇ ਭੇਸ ਵਿਚ ਵਿਸਵਾਸ਼ ਰਖਦਾ ਹਾਂ ਅਤੇ ਆਪਣੇ ਮਾਲਕ ਦੇ ਬੇਸ਼ੁਮਾਰ ਨਾਮ ਗਾਵਾਂਗਾ, ਜਿਨ੍ਹਾਂ ਰਾਹੀਂ ਪ੍ਰਮ ਪੁਰਖ ਦੀ ਪ੍ਰਾਪਤੀ ਕਰਾਂਗਾ, ਨਾ ਹੀ ਮੈਂ ਸਿਰ ਪਰ ਜਟਾਂ ਧਾਰਨ ਕਰਾਂਗਾ ਅਤੇ ਨਾ ਹੀ ਕੰਨਾਂ ਵਿਚ ਮੁੰਦਰਾਂ ਪਾਵਾਂਗਾ ਅਤੇ ਨਾ ਹੀ ਕਿਸੇ ਡਰ ਭੈ ਰਖਾਂਗਾ, ਜੋ ਕੁਝ ਮੇਰੇ ਮਾਲਕ ਨੇ ਕਿਹਾ ਹੈ ਮੈਂ ਉਹੀ ਕੁਝ ਕਰਾਂਗਾ ਇਸ ਇਕੋ ਇਕ ਮਾਲਕ ਦੇ ਨਾਮ ਸਿਮਰਨ, ਜੋ ਹਰ ਥਾਂ ਕੰਮ ਆਉਂਦਾ ਹੈ ਨੂੰ ਹੀ ਭਜੂੰਗਾ ਅਤੇ ਉਸ ਦੇ ਅਣਗਿਣਤ ਨਾਮ ਧਿਆਉਂਦਾ ਹਾਂ। ਜਿਸ ਨੂੰ ਅਰਾਧ ਕੇ ਪ੍ਰਮ ਪੁਰਖ ਦੀ ਜੋਤੀ ਦੀ ਪ੍ਰਾਪਤੀ ਕਰਾਂਗਾ, ਹੋਰ ਕਿਸੇ ਦਾ ਧਿਆਨ ਨਹੀਂ ਕਰਦਾ ਅਰ ਨਾ ਹੀ ਹੋਰ ਨਾਮ ਉਚਾਰਨ ਕਰਾਂਗਾ । ਸਾਨੂੰ ਸਮਝਣ ਦੀ ਲੋੜ ਹੈ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਭਾਵੇਂ ਕਿਸੇ ਨਾਮ ਦਾ ਉਚਾਰਨ ਹੈ ਉਹ ਅਕਾਲੀ ਜੋਤਿ ਤੋਂ ਅਲੱਗ ਨਹੀਂ, ਸਾਨੂੰ ਤਵੱਜੋਂ ਦੇ ਕੇ ਸਮਝਣਾ ਚਾਹੀਦਾ ਹੈ। ਭਾਵੇਂ ਲਿੰਗ ਸਰੂਪ ਵਿਚ ਹਨ ਤੇ ਭਾਵੇਂ ਪੋਲਿੰਗ ਵਿਚ ਅਕਾਲ ਪਿਤਾ ਤੇ ਅਕਾਲੀ ਜੋਤ ਮਾਤਾ ਜੋ ਸਭ ਦੇ ਸਭ ੧ਓਂਕਾਰ ਦੇ ਹੀ ਨਾਮ ਹਨ । ਸ੍ਰੀ ਦਸਮ ਗ੍ਰੰਥ ਸਾਹਿਬ ਨੂੰ ਪੜ੍ਹ ਕੇ ਨਾਮ ਸਿਮਰਨ ਦੀ ਹਨੇਰੀ ਚੜ੍ਹੀ ਹੋਈ ਦਿਸੇਗੀ ।

੧ ਓ ਸਤਿਗੁਰ ਪ੍ਰਸਾਦਿ ॥

ਸੁਖਮਨੀ ਸਾਹਿਬ, ਅਸਟਪਦੀ ੨੩ ਵਿਚ ਐਨ ਨਿਖੇੜ ਕੇ ਦਸਿਆ ਹੈ–

ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥ ਸਸੀਅਰ ਸੂਰ ਨਖਤਰ ਮਹਿ ਏਕੁ ॥
ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥ ਆਪਿ ਅਡੋਲੁ ਨ ਕਬਹੂ ਡੋਲੈ ॥
ਸਰਬ ਕਲਾ ਕਰਿ ਖੇਲੈ ਖੇਲੁ ॥ ਮੋਲਿ ਨ ਪਾਈਐ ਗੁਣਹਿ ਅਮੋਲ ॥
ਸਰਬ ਜੋਤਿ ਮਹਿ ਜਾਕੀ ਜੋਤਿ ॥ ਧਾਰਿ ਰਹਿਓ ਸੁਆਮੀ ਓਤਿ ਪੋਤਿ ॥
ਗੁਰ ਪਰਸਾਦਿ ਭਰਮ ਕਾ ਨਾਸੁ ॥ ਨਾਨਕ ਤਿਨ ਮਹਿ ਏਹੁ ਬਿਸਾਸੁ ॥੩॥ਮਹਲਾ ੫ ॥

ਗੁਰੂ ਦੀ ਕ੍ਰਿਪਾ ਪਾ ਕੇ ਭਰਮ ਨੂੰ ਮਾਰਨਾ ਹੈ, ਆਪਣੇ ਆਪ ਕੋਈ ਦੇਵੀ ਦੇਵਤਾ ਹੋਰ ਸ਼ਕਤੀ ਕੁਝ ਭੀ ਨਹੀਂ, ਹਰ ਥਾਂ ਅਕਾਲੀ ਜੋਤ ਕੰਮ ਕਰ ਰਹੀ ਹੈ ਅਤੇ ਅਸਾਂ ਹਰ ਥਾਂ ਹਰ ਸਰੂਪ ਵਿਚ ਉਸ ਅਕਾਲੀ ਜੋਤ ਨੂੰ ਸਮਝਣਾ ਹੈ, ਪ੍ਰਭੂ ਦੀ ਬਾਣੀ ਇਹ ਬੋਲ ਕੇ ਸਭ ਨੂੰ ਦਸਦੀ ਹੈ, ਕਿ ਉਹ ਅਕਾਲੀ ਜੋਤ ਹਰ ਥਾਂ ਅਡੋਲ ਸਮਾਂ ਰਹੀ ਹੈ, ਜਿਸ ਨੂੰ ਅਸੀਂ ਗੁਰੂ ਦੇ ਗਿਆਨ ਦੇ ਪ੍ਰਕਾਸ਼ ਸਦਕਾ ਵੇਦਾਂ ਤੇ ਪੁਰਾਨਾਂ ਦਾ ਸਿੰਮ੍ਰਤੀਆਂ ਵਿਚੋਂ ਭੀ ਦੇਖ ਸਕਦੇ ਹਾਂ, ਸੂਰਜ, ਚੰਦਰਮਾਂ ਤੇ ਤਾਰਿਆਂ ਵਿਚ ਭੀ ਇਕ ਓਸੇ ਦੀ ਜੋਤਿ ਚਮਕ ਰਹੀ ਹੈ । ਇਹ ਜੋਤਿ ਕਿਸੇ ਭੀ ਰੂਪ ਵਿਚ ਪ੍ਰਗਟ ਹੋ ਸਕਦੀ ਹੈ ਜੇ ਸਾਡਾ ਨਿਸਚਾ ਤੇ ਨਿਸ਼ਾਨਾ ਠੀਕ ਹੈ ਤਾਂ ਅਸੀਂ ਹਰ ਹਾਲਤ ਵਿਚ ਉਸ ਦਾ ਸ਼ੁਕਰ ਤੇ ਸਤਿਕਾਰ ਕਰ ਸਕਦੇ ਹਾਂ। ਉਪ੍ਰੋਕਤ ਲੇਖ ਕਿਸੇ ਤੌਖਲੇ ਦੇ ਮੁਹਤਾਜ ਨਹੀਂ ।

ਪ੍ਰਗਟੀ ਜੋਟਿ ਜੋਤਿ ਮਹਿ ਜਾਤਾ ਮਨਮੁਖਿ ਭਰਮਿ ਭੁਲਾਣੀ ॥
ਨਾਨਕ ਭੋਰ ਭਇਆ ਮਨ ਮਾਨਿਆ ਜਾਗਤ ਰੈਣ ਵਿਹਾਣੀ ॥
੨ ॥ ਸ: ੧੧੧੧ ॥ ਮ: ੧ ॥

Digitized by Panjab Digital Library | www.panjabdigilib.org

ਜਿਸ ਦੇ ਅੰਚਰ ਜੋਤਿ ਪ੍ਰਗਟ ਹੋ ਗਈ ਉਸ ਨੇ ਇਸ ਜੋਤਿ ਵਿਚ ਹੀ ਉਸ ਅਕਾਲ ਪੁਰਖ ਨੂੰ ਜਾਣਿਆ ਹੈ, ਜਿਸ ਦੇ ਅੰਦਰ ਜੋਤਿ ਪ੍ਰਗਟ ਨਹੀਂ ਹੋਈ ਉਹ ਹਨੇਰੇ ਵਿਚ ਭਰਮਦਾ ਫਿਰਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਜਿਸ ਦੇ ਹਿਰਦੇ ਵਿਚ ਇਹ ਸਵੇਰ ਵੇਲੇ ਦਾ ਚਾਨਣਾ ਹੋ ਗਿਆ ਹੈ, ਉਹਨਾਂ ਦਾ ਮਨ ਮੰਨ ਗਿਆ ਹੈ ਭਾਵ ਉਹ ਜਾਗ ਪਏ ਉਹ ਸੁਰਤ ਵਿਚ ਜੀਵਨ ਬਤੀਤ ਕਰਦੇ ਹਨ।

੪ ॥ ੭ ॥ ੬ ॥ ੨੧ ॥ ੧੨੮ ॥

ੴ ਸਤਿਗੁਰ ਪ੍ਰਸਾਦਿ ॥

ਬਚਿਤ੍ ਨਾਟਕ ਤੇ ਟੋਕਾ ਟਾਕੀ

੧–ਬਚਿਤ੍ ਨਾਟਕ ਬਾਰੇ ਵਿਚਾਰ ਪ੍ਰਕਰਣ ਵਿਚ ਅਸਾਂ ਪਾਠਕ ਜਨਾਂ ਨੂੰ ਬਚਿਤ੍ ਨਾਟਕ ਦੀ ਅਰੰਭਕ ਜਾਣ ਪਛਾਣ ਕਰਵਾਈ ਹੈ। ਪਰ ਇਕ ਲਿਖਾਰੀਆਂ ਦੀ ਚੌਕੜੀ ਜੋ ਸ੍ਰੀ ਦਸਮ ਗ੍ਰੰਥ ਸਾਹਿਬ ਬਾਰੇ ਰੱਜ ਕੇ ਝੂਠ ਕੁਫਰ ਤੂਫਾਨ ਦਾ ਇਲਜਾਮ ਲਾ ਕੇ ਨਿਖੇਧੀ ਕਰਦੀ ਹੈ, ਉਥੇ ਸ੍ਰੀ ਦਸਮੇਸ਼ ਜੀ ਨੂੰ ਸਾਕਤ ਕਵੀ ਭੀ ਕਹਿ ਕੇ ਅਪਮਾਨ ਕਰਨ ਤੋਂ ਪਿਛੇ ਨਹੀਂ ਰਹਿੰਦੀ। ਇਕ ਜਾਪੁ ਸਾਹਿਬ ਨੂੰ ਮਾਫ ਕਰਕੇ ਬਾਕੀ ਕੋਈ ਭੀ ਬਾਣੀ ਇਹਨਾਂ ਨੂੰ ਪ੍ਰਵਾਨ ਨਹੀਂ ਅਤੇ ਸਾਰੀਆਂ ਦੀਆਂ ਸਾਰੀਆਂ ਬਾਣੀਆਂ– ਸਾਕਤ ਕਵੀ ਦੀ ਹੀ ਇਲਾਮਤ ਲਿਖਦੇ ਹਨ। ਜਦ ਕਿ ਅਸੀਂ ਇਹ ਪਹਿਲਾਂ ਹੀ ਦਸ ਹੀ ਨਹੀਂ ਸਿਧ ਕਰ ਚੁਕੇ ਹਾਂ ਕਿ ਇਹਨਾਂ ਨੇ ਕਿੰਨੇ ਥਾਈਂ ਭੁਲ ਨਾਲ ਜਾਂ ਖਾਹ-ਮਖਾਹ ਜਿਦ ਨਾਲ ਅਰਥਾਂ ਦੇ ਨਾਂ ਅਰਥ ਕੀਤੇ ਹਨ ਪਹਿਲਾਂ ਤਾਂ ਇਹੁ ਵਿਚਾਰਨੁ ਵਾਲੀ ਗੱਲ ਹੈ ਕਿ ਜੇ ਕਰ ਸਿਰਫ ਜਾਪੁ ਸਾਹਿਬ ਹੀ ਸ੍ਰੀ ਦਸਮੇਸ਼ ਜੀ ਕ੍ਰਿਤ ਹੁੰਦਾ – ਤਾਂ ਸ੍ਰੀ ਦਸਮ ਗ੍ਰੰਥ ਸਾਹਿਬ ਇਸ ਦਾ ਨਾਮ ਕਿਵੇਂ ਰਖਿਆ ਗਿਆ ? ਨਿਰਾ ਜਾਪੁ ਸਾਹਿਬ ਕਿਹਾ ਜਾਂਦਾ ਅਤੇ ਫੇਰ ਚੌਪਈ ਆਦਿ ਅਮ੍ਰਿਤ ਛਕਾਉਣ ਵੇਲੇ ਕਿਥੋਂ ਆਈ; ਜੇ ਸਾਕਤ ਕਵੀ ਨੇ ਆਪ ਬਾਣੀ ਲਿਖ ਕੇ ਵਿਚ ਰਲਾ ਦਿਤੀ ਹੁੰਦੀ ਤਾਂ ਆਟੇ ਵਿਚ ਲੂਣ ਤਾਂ ਮਿਲਾਇਆ ਜਾ ਸਕਦਾ ਹੈ ਅਤੇ ਮੰ ਨਿਆ ਭੀ ਜਾ ਸਕਦਾ ਹੈ, ਪਰ ਲੂਣ ਵਿਚ ਆਟਾ ਮਿਲਾ ਕੇ ਗੁੰਨ ਦੇਣਾ ਕਿੰਨੀ ਹਾਸੋ ਹੀਣੀ ਤੇ ਨਾ ਵਾਜਬ ਗਲ ਹੈ।

੨–ਮਿਸਾਲ ਦੇ ਭਾਵ ਨਾਲ ਇਕ ਸਜਣ ਨੇ ਕਿਸੇ ਦੁਕਾਨਦਾਰ ਨਾਲ ਰਾਸ਼ਨ ਲੈਣ ਲਈ ਉਧਾਰ ਦੀ ਆਦਤ ਬਣਾ ਲਈ ਅਤੇ ਉਸ ਤੋਂ ਰਾਸ਼ਨ ਲੈ ਕੇ ਖਾਂਦਾ ਰਹਿੰਦਾ ਤੇ ਮਹੀਨੇ ਪਿਛੋਂ ਹਿਸਾਬ ਮੁਕਾ ਦਿੰਦਾ, ਜਦੋਂ ਇਤਬਾਰ ਬਣ ਗਿਆ ਤਾਂ ਉਸ ਇਕ ਮਹੀਨਾ ਪੂਰਾ ੧ ਸੇਰ ਘੀ ਤੇ ਇਕ ਛਟਾਂਕ ਆਟਾ ਰੋਜ਼ ਦੇ ਹਿਸਾਬ ਨਾਲ ੩੦ ਦਿਨਾਂ ਦਾ ਲੈ ਲਿਆ ਪਰ ਜਦੋਂ ਪੈਸੇ ਨਾ ਦਿਤੇ ਆਖਰ ਝਗੜਾ ਕਿਸੇ ਅਦਾਲਤ ਜਾਂ ਪੰਚਾਇਤ ਵਿਚ ਚਲਾ ਗਿਆ ਅਤੇ ਦੁਕਾਨਦਾਰ ਤੋਂ ਬਿਲ ਲਿਆ ਗਿਆ, ਜਿਸ ਦੇ ਫਲ ਸਰੂਪ ਦੁਕਾਨਦਾਰ ਨੂੰ ਝੂਠਾ ਕੀਤਾ ਗਿਆ ਕਿ ਤੂੰ ਬਿਲ ਗਲਤ ਬਣਾਇਆ ਹੈ। ਇਕ ਛਟਾਂਕੀ ਆਟੇ ਨਾਲ ਇਕ ਸੇਰ ਘਿਉ ਕਿਵੇ ਖਾਧਾ ਜਾ ਸਕਦਾ ਹੈ। ਇਕ ਛਟਾਂਕ ਘਿਉ ਅਤੇ ਇਕ ਸੇਰ ਆਟੇ ਦੇ ਹਿਸਾਬ ਨਾਲ ਬਿਲ ਦਿਵਾਇਆ ਗਿਆ।

ਇਹੋ ਗਲ ਏਥੇ ਢੁੱਕਦੀ ਹੈ ਕਿ ਜਾਪੁ ਸਾਹਿਬ ਜੋ ੧੧ ਸਫਿਆਂ ਦੀ ਬਾਣੀ ਹੈ ਇਸ ਦੇ ਨਾਲ ੧੪੧੮ ਸਫਿਆਂ ਦਾ ਲਿਖਤੀ ਗ੍ਰੰਥ ਹੋਰ ਕਿਵੇਂ ਚੰਬੇੜਿਆ ਗਿਆ, ਜੋ ਉਕੀ ਹੀ ਅਣਹੋਣੀ ਗੱਲ ਹੈ।

Digitized by Panjab Digital Library | www.panjabdigilib.org

ਫੇਰ ਬਚਿਤ੍ਰ ਨਾਟਕ ਦੇ ਵਿਚ ਆਇਆ ਇਤਿਹਾਸ – ਬੰਸਾਵਲੀ ਅਤੇ ਉਹਨਾਂ ਦੇ ਨਾਮ ਅਗੇ ਨਦਾਉਣ ਦਾ ਯੁਧ, ਅਗੇ ਹੁਸੈਨੀ ਜੁਧ ਅਥਵਾ ਝੁਝਾਰ ਸਿੰਘ ਦਾ ਯੁਧ ਤੇ ਅਹਿਦੀਆਂ ਦਾ ਆਉਣਾ ਆਦਿ ਇਤਹਾਸ ਨਾਲ ਮੇਲ ਖਾਂਦਾ ਹੈ ਅਤੇ ਉਸੇ ਲੇਖਣੀ ਦਾ ਲੇਖ ਅਤੇ ਉਸੇ ਸਿਰਲੇਖ ਹੇਠ, ਸ੍ਰੀ ਮੁਖ ਵਾਕ ਵਾਕ ਪਾਤਸ਼ਾਹੀ ੧੦ ਤੇ ੴ ਪ੍ਰਸਾਦਿ ਆਦਿ ਸਭ ਕੁਝ ਠੀਕ ਹੁੰਦਿਆਂ ਹੋਇਆਂ ਵੀ ਸ੍ਰੀ ਦਸਮੇਸ਼ ਜੀ ਦਾ ਪ੍ਰਕਾਸ਼ ਜਾਂ ਹੇਮ ਕੁੰਟ ਦਾ ਅਸਥਾਨ ਅਥਵਾ ਹੇਮ ਕੁੰਟ ਦਾ ਤਪੋਬਨ ਦਾ ਨਿਧਨ ਕਿਉਂ, ਇਸ ਲਈ ਕੋਈ ਦਲੀਲ ਦਿੱਤੀ ਜਾਵੇ । ਜਦ ਕਿ ਉਸ ਦੇ ਵਿਚ ਆਏ ਨਾਵਾਂ ਦਾ ਵਰਣਨ ਠੀਕ ਮਿਲਦਾ ਹੈ ਫੇਰ ਹੇਮ ਕੁੰਟ ਜਾਂ ਗੁਰਦੇਵ ਦੇ ਪ੍ਰਕਾਸ਼ ਪ੍ਰਸੰਗ ਨਾਲ ਅਨ ਸਹਿਮਤੀ ਕਿਉਂ ? ਜਿਸ ਨੂੰ ਭਾਈ ਭਾਗ ਸਿੰਘ ਸਫਾ ੧੫੦ ਪਰ ਇਉਂ ਅਰੰਭ ਕਰਦਾ ਹੈ ।

ਹੇਮ ਕੁੰਟ ਸੰਬੰਧੀ–ਸਿਰਲੇਖ ਹੇਠ ਇਉਂ ਅਨਹੋਣੀਆਂ ਜਿਹੀਆਂ ਦਲੀਲਾਂ ਦਿਤੀਆਂ ਹਨ ।

ਅਬ ਮੈਂ ਆਪਨੀ ਕਥਾ ਬਖਾਨੋ ॥ ਤੱਪ ਸਾਧਤ ਜਿਹ ਬਿਧ ਮੋਹਿ ਆਨੋ ॥
ਹੇਮਕੁੰਟ ਪਰਬਤ ਹੈ ਜਹਾ ॥ ਸਪਤ ਸ੍ਰਿੰਗ ਸੋਬਤ ਹੈ ਤਹਾ ॥

੩–ਇਹ ਪੰਗਤੀਆਂ ਦੇ ਕੇ ਅਗੇ ਲਿਖਿਆ ਹੈ ਕਿ ਦਸਮ ਗ੍ਰੰਥ ਵਿਚਲੇ ਬਚਿਤ੍ਰ ਨਾਟਕ ਦੇ ਛੇਵੇਂ ਅਧਿਆਇ ਵਿਚਲੀ ਉਪ੍ਰੋਕਤ ਕਵੀ ਰਚਨਾ ਨੂੰ ਕਈ ਅਨਜਾਣ ਸ਼ਰਧਾਲੂਆਂ ਨੇ ਦਸਮੇਸ਼ ਬਾਣੀ ਸਮਝ ਕੇ ਨਿਸਚੇ ਕਰ ਲਿਆ ਕਿ ਗੁਰੂ ਕਲਗੀਧਰ ਜੀ ਨੇ ਪਿਛਲੇ ਜਨਮ ਦੁਸਟ ਦਮਨ ਰੂਪ ਵਿਚ ਹੇਮ ਕੁੰਟ ਉਤੇ ਤਪ ਕੀਤਾ ਸੀ, ਤਦੇ ਹੀ ਕਈ ਅਨਜਾਣ ਸ਼ਰਧਾਲੂ ਹੇਮ ਕੁੰਟ ਨੂੰ ਗੁਰੂ ਜੀ ਦਾ ਤਪ ਅਸਥਾਨ ਮਿਥ ਕੇ ਵੇਖੋ ਵੇਖੀ ਵਡੀਆਂ ਵਡੀਆਂ ਖੇਚਲਾਂ ਅਤੇ ਖਰਚ ਕਰਕੇ ਯਾਤ੍ਰਾ ਕਰਦੇ ਚੜ੍ਹਾਵੇ ਚੜ੍ਹਾਂਦੇ ਕਈ ਪ੍ਰਕਾਰ ਦੀਆਂ ਸੁਖਣਾ ਸੁਖਦੇ ਹਨ। ਜਿਸ ਗਲ ਨੂੰ ਸਮਝਣ ਵਾਲੇ ਅਸਲ ਸਿਆਣੇ ਇਹ ਦਸਦੇ ਹਨ ।

(੧) ਸ: ਸ਼ਮਸ਼ੇਰ ਸਿੰਘ ਅਸ਼ੋਕ, (੨) ਸ: ਰਤਨ ਸਿੰਘ ਜੱਗੀ, (੩) ਡਾਕਟਰ ਕਰਤਾਰ ਸਿੰਘ ਜੀ ਬਾੜੀ, (੪) ਸ੍ਰੀ ਮਾਨ ਭਾਈ ਸਾਹਿਬ ਅਰਦਮਨ ਸਿੰਘ ਬਾਗੜੀਆ।

ਜੋ ਇਸ ਪੁਆੜੇ ਦੀ ਜੜ੍ਹ ਹਨ – ਇਹਨਾਂ ਦੀ ਗਵਾਹੀ ਪਾਈ ਹੈ – ਜਦ ਕਿ ਸ੍ਰੀ ਦਸਮੇਸ਼ ਜੀ ਤੋਂ ਚਲ ਕੇ ਅਜ ਤਕ ਇਹ ਪਰੰਪਰਾ ਤੁਰੀ ਆ ਰਹੀ ਹੈ, ਬੇਅੰਤ ਸ਼ਰਧਾਲੂ ਸ਼ਰਧਾ ਨਾਲ ਹੇਮ ਕੁੰਟ ਨੂੰ ਸ੍ਰੀ ਦਸਮੇਸ਼ ਅਸਥਾਨ ਜਾਣਕੇ ਆਪਣੀ ਆਤਮ ਸ਼ਾਂਤੀ ਤੇ ਗੁਰਦੇਵ ਦੀ ਪ੍ਰਸੰਨਤਾ ਪ੍ਰਾਪਤ ਕਰ ਰਹੇ ਹਨ ਅਤੇ ਪੰਥ ਵਲੋਂ ਇਸ ਬਾਣੀ ਨੂੰ ਪ੍ਰਸਿਧਤਾ ਦੇ ਕੇ ਸ੍ਰੀ ਅੰਮ੍ਰਿਤਸਰ, ਤਰਨ ਤਾਰਨ, ਪਾਉਂਟਾ ਸਾਹਿਬ ਆਦਿ ਗੁਰਧਾਮਾਂ ਤੋਂ ਜਾਪ ਕੀਤੇ ਜਾ ਰਹੇ ਹਨ। ਪਰ ਕੀ ਇਹ ਸਾਰੇ ਦੇ ਸਾਰੇ ਅਨਜਾਣ ਜਾਂ ਬੇਸਮਝੇ ਹੀ ਹਨ, ਜੋ ਸੁਣਦੇ ਹਨ ਉਹ ਭੀ ਹੋਰ ਕੀ ਹੋਏ ਸਿਆਣੇ ਲਭਣੇਹਨ ਤਾਂ ਇਹ ਚਾਰੇ ਅਜ ਸਭ ਤੋਂ ਬਹੁਤੇ ਸਮਝਦਾਰ ਨੇ । ਸਾਡੀ ਸਮਝ ਵਿਚ ਤਾਂ ਗਿ: ਭਾਗ ਸਿੰਘ, ਜੋ ਸਾਡੇ ਮਾਨਜੋਗ ਅਤੇ ਸਿਖੀ ਮਹਿਲ ਦੇ ਰਖਵਾਲੇ ਸੀ ਨੇ ਸਮੁਚੇ ਤੌਰ ਤੋ ਸਿਖ ਜਗਤ ਅਤੇ ਪੰਥ ਦੀ ਨਿਰਾਦਰੀ ਕੀਤੀ ਹੈ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ ਪਵਿਤ੍ਰ ਬਾਣੀ ਜੋ ਸਾਡੇ ਲਈ ਪੂਰਨ ਗੁਰਬਾਣੀ ਹੈ ਦਾ ਅਪਮਾਨ ਕੀਤਾ ਹੈ ਅਰ ਕਿਸੇ ਸਾਕਤ ਕਵੀ ਦੀ ਰਚਨਾ ਕਹਿ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਭੰਡਿਆ ਹੈ, ਜੋ ਸਾਰੇ ਪੰਥ ਦੀ ਵਿਚਾਰਨ ਯੋਗ ਗੱਲ ਹੈ ਅਤੇ ਗੁਰੂ ਦੇ ਸਿਖਾਂ ਦੀ ਅਣਖ ਦਾ ਤਕਾਜਾ ਹੈ ਜਿਸ ਦਾ ਨਿਖਾਰ ਅਤਿ ਜ਼ਰੂਰੀ ਹੈ।

ਜੇ ਕਰ ਇਹ ਮੰਨ ਹੀ ਲਿਆ ਜਾਵੇ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੇਮ ਕੁੰਟ ਤੇ ਤਪ ਕੀਤਾ

Digitized by Panjab Digital Library | www.panjabdigilib.org

ਹੈ ਤਾਂ ਇਸ ਨਾਲ ਸਾਹਿਬਾਂ ਦੀ ਕੀ ਨਿਰਾਦਰੀ ਹੈ ਤਪ ਹੀ ਕੀਤਾ ਹੈ ਨਾ, ਚੋਰੀ ਯਾਰੀ ਠੱਗੀ ਅਥਵਾ ਗਰੀਬ ਮਾਰ ਤਾਂ ਨਹੀਂ ਨਾ ਕੀਤੀ, ਪਰ ਇਹੋ ਜਿਹੇ ਨਿਰਾਦਰੀ ਜ਼ਨਕ ਸ਼ਬਦ ਜੋ ਆਪ ਦੀ ਸ਼ਾਨ ਤੋਂ ਉਲਟ ਹੋਣ ਵਰਤਣੇ ਜੋ ਸਮੁਚੇ ਸਿਖ ਜਗਤ ਦੇ ਹਿਰਦੇ ਨੂੰ ਵਲੂੰਦਰ ਕੇ ਲੈ ਜਾਣ, ਕਿਥੋਂ ਦੀ ਸਿਆਣਪ ਕਹੀ ਜਾਂਦੀ ਹੈ ਤੇ ਫੇਰ ਗਿ: ਭਾਗ ਸਿੰਘ ਕੋਲ ਬਿਨਾਂ ਅਰਥ ਭਾਵਾਂ ਨੂੰ ਬਦਲਕੇ ਅਰਥ ਕਰਨ ਤੋਂ ਠੋਸ ਸਬੂਤ ਹੈ ਜੋ ਮੰਨਿਆ ਜਾਵੇਗਾ । ਗਿ: ਭਾਗ ਸਿੰਘ ਦੇ ਵਿਚਾਰਾਂ ਨਾਲ ਤਾਂ ਵੇਦ, ਸਾਸ਼ਤ੍ਰ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਅਤੇ ਸੂਰਜ ਪ੍ਰਕਾਸ਼ ਹੀ ਨਹੀਂ ਸਮੁੱਚੇ ਮੁਤਬੱਬਰਕ ਗ੍ਰੰਥ ਝੂਠੇ ਹੀ ਹਨ ਅਤੇ ਨਿਰੇ ਗਪੌੜੇ ਮਾਰੇ ਹੋਏ ਹਨ ਜਦ ਕਿ ਬਾਣੀ ਦਾ ਕਹਿਣਾ ਹੈ – (ਬੇਦ ਪੁਰਾਣ ਕਹੋ ਮਤ ਝੂਠੇ ਝੂਠਾ ਜੋ ਨ ਵੀਚਾਰੈ)।

੪–ਅਗੇ ਸਫਾ ੧੫੧ ਪਰ ਮਹਾਂ ਕਾਲੀ ਦੇ ਅਰਾਧਕ ਕਵੀ ਦਾ ਹਵਾਲਾ ਦਿਤਾ ਹੈ ਜੋ ਅਸੀਂ ਪਹਿਲੇ ਦਸ ਹੀ ਚੁਕੇ ਹਾਂ ਕਿ ਕਾਲੀ ਜਾਂ ਕਾਲ ਅਥਵਾ ਮਹਾਂ ਕਾਲ ਆਦਿ ਸਾਰੇ ਨਾਮ ਸ੍ਰੀ ਦਸਮੇਸ਼ ਜੀ ਅਕਾਲ ਪੁਰਖ ਲਈ ਹੀ ਵਰਤਦੇ ਹਨ, ਦਿਸਦੇ ਆਪਣੇ ਮਨ ਰੂਪੀ ਸ਼ੀਸ਼ੇ ਦੇ ਅਧਾਰ ਤੇ ਹੀ ਹਨ, ਗੁਰਮੁਖਾਂ ਲਈ ਗੁਰਮੁਖਤਾ ਅਤੇ ਸਾਕਤਾਂ ਲਈ ਸਾਰੇ ਹੀ ਸਾਕਤ । ਰਮਾਇਣ ਦਾ ਹਵਾਲਾ ਦਿੰਦੇ ਗਿ: ਭਾਗ ਸਿੰਘ ਜੀ ਨੇ ਕਿਹਾ ਹੈ ਕਿ ਬਾਲਮੀਕ ਜੀ ਨੇ ਰਾਮ ਚੰਦ੍ ਜੀ ਦੇ ਜਨਮ ਤੋਂ ੧੦੦੦੦ ਹਜ਼ਾਰ ਬਰਸ ਪਹਿਲੇ ਹੀ ਲਿਖ ਦਿਤੀ ਸੀ, ਕੀ ਇਹ ਗਪੌੜਾ ਨਹੀਂ ਜਦ ਕਿ ਸ੍ਰੀ ਬਾਲਮੀਕ ਜੀ ਦੀ ਆਪਣੀ ਰਚਨਾ ਦਸਦੀ ਹੈ ਕਿ ਇਹ ਕਥਾ ਉਸ ਵੇਲੇ ਲਿਖੀ ਗਈ ਜਦੋਂ ਮਾਤਾ ਸੀਤਾ ਜੀ ਸ੍ਰੀ ਬਾਲਮੀਕ ਰਿਸ਼ੀ ਦੇ ਅਸਥਾਨ ਪਰ ਬਨਵਾਸ ਦੇ ਸੰਕਟ ਦੇ ਦਿਨ ਬਿਤਾ ਰਹੀ ਸੀ, ਜਿਸ ਦਾ ਨਿਰਨਾ ਜੇ ਗੁਰੂ ਨੇ ਚਾਹਿਆ ਤਾਂ ਇਸੇ ਛੇਵੇਂ ਭਾਗ ਦੇ ਤੀਸਰੇ ਅਧਿਆਇ ਵਿਚ ਖੋਲ ਕੇ ਕਰਾਂਗੇ, ਕਿਉਂਕਿ ਇਹਨਾਂ ਦਾ ਸ੍ਰੀ ਦਸਮੇਸ਼ ਜੀ ਦੇ ਜੀਵਨ ਇਤਿਹਾਸ ਨਾਲ ਕੋਈ ਸਬੰਧ ਨਹੀਂ ਫੇਰ ਐਵੇਂ ਵਰਕੇ ਭਰਨ ਦਾ ਕੀ ਲਾਭ । ਜਿਵੇਂ ਕਿ ਕਥਾ ਪੂਰਨਮਾਸ਼ੀ ਜਾਂ ਪੂਰਨ ਸਿੰਘ ਅਥਵਾ ਰਤਨ ਮਾਲਾ ਆਦਿ ਵਿਸਥਾਰ ਨੂੰ ਬੜਾਵਾ ਦੇਣ ਵਾਲੀ ਹੀ ਗਲ ਹੈ, ਉਹ ਝੂਠ ਹਨ ਜਾਂ ਸਚ ਇਹ ਗਿਆਨੀ ਭਾਗ ਸਿੰਘ ਹੀ ਜਾਣੇ, ਅਸਾਂ ਸ੍ਰੀ ਦਸਮੇਸ਼ ਜੀ ਜਾਂ ਦਸਮ ਗ੍ਰੰਥ ਸਾਹਿਬ ਨਾਲ ਸਬੰਧਤ ਇਤਰਾਜ ਤਕਣੇ ਹਨ । ਮੁੜ ਘਿੜ ਕੇ ਫੇਰ ਦੇਵੀ ਦੇ ਪ੍ਰਸੰਗ ਦਾ ਰੋਣਾ ਜਿਸ ਦਾ ਨਿਰਨਾ ਹੋ ਚੁਕਾ ਹੈ । ਅਸਾਂ ਤਾਂ ਸ੍ਰੀ ਦਸਮ ਗ੍ਰੰਥ ਬਾਰੇ ਵਿਚਾਰਨਾ ਹੈ ਜਾਂ ਮੁੜ ਘਿੜ ਕੇ ਉਹੀ ਸਾਕਤ ਮਤ ਦੇ ਕਿਸੇ ਮਹਾਂ ਕਾਲ ਨੂੰ ਲੈ ਕੇ ਬਹਿ ਜਾਂਦਾ ਹੈ, ਜਿਸ ਨਾਲ ਨਾ ਗੁਰੂ ਜੀ ਦਾ ਅਤੇ ਨਾ ਹੀ ਗੁਰੂ ਦੇ ਸਿਖਾਂ ਦਾ ਤੇ ਨਾ ਹੀ ਸਿਖ ਇਤਿਹਾਸ ਦਾ ਨਾ ਦੂਰ ਨੇੜੇ ਦਾ ਸਬੰਧ ਅਤੇ ਨਾ ਹੀ ਕੋਈ ਜਾਣ ਪਛਾਣ ਹੀ ਹੈ, ਫੇਰ ਉਜੈਨ ਦੇ ਮਹਾਂ ਕਾਲ ਦੇ ਮੰਦਰ ਨਾਲ ਸਾਡਾ ਕੀ ਵਾਸਤਾ ਇਹ ਤਾਂ ਸਭ ਦੀ ਸਭ ਗਿ: ਭਾਗ ਸਿੰਘ ਦੇ ਹੀ ਮਨ ਦਾ ਕਲਪਣਾ ਹੋ ਸਕਦੀ ਹੈ।

ਸਫਾ ੧੫੬ ਉਤੇ ਗੁਰਬਾਣੀ ਦਾ ਹਵਾਲਾ ਦੇ ਕੇ ਗਰਬਾਣੀ ਵਿਚ ਆਏ ਮਹਾਂ ਕਾਲ ਨੂੰ ਦਰਸਾਇਆ ਹੈ ਜਦ ਕੇ ਗੁਰਬਾਣੀ ਵਿਚ ਆਏ ਕਾਲ ਜਾਂ ਮਹਾਂ ਕਾਲ ਦਾ ਇਕੋ ਸਰੂਪ ਤੇ ਸੁਭਾਉ ਹੈ ਜਿਸ ਨੂੰ ਅਗੇ ਦਰਸਾਇਆ ਜਾ ਚੁਕਾ ਹੈ।

੫–ਅਗੇ ਸਫਾ ੧੫੭ ਪਤੇ ਦੁਸ਼ਟ ਦਮਨ ਦਾ ਸਿਰਲੇਖ ਦੇ ਕੇ ਲਿਖਿਆ ਹੈ ਕਿ ਆਉ ਹੁਣ ਹੇਮ ਕੁੰਟ ਉਤੇ ਤਪ ਸਾਧਨ ਵਾਲੇ ਦੁਸ਼ਟ ਦਮਨ ਦੇ ਖਲੜੀ ਵਾਲੇ ਆਸਣ ਵਿਚੋਂ ਪੈਦਾ ਹੋਣ ਸਬੰਧੀ ਵਿਚਾਰ ਕਰੀਏ । ਪੁਰਾਣਕ ਗਪੌੜਿਆਂ ਰਾਹੀਂ ਸਿਧ ਹੁੰਦਾ ਹੈ, ਇਥੇ ਇਕ ਰਿਗ ਨਾਸੀ ਰਿਸ਼ੀ ਤੇ ਇਕ ਇਸਤ੍ਰੀ ਦੀ ਮਿਸਾਲ ਦਿਤੀ ਹੈ, ਜਿਸ ਦਾ ਇਸ ਪ੍ਰਕਰਣ ਨਾਲ ਕੋਈ ਵਾਸਤਾ ਨਹੀਂ ਹੈ ਤੇ ਨਾ ਹੀ ਕਿਤੇ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਇਸ ਦਾ ਕੋਈ ਜਿਕਰ ਆਇਆ ਹੈ, ਫੇਰ ਅਗੇ ਗੁਰਬਾਣੀ ਦੀ ਇਹ ਮਿਸਾਲ ਦਿਤੀ ਹੈ – "ਜੈਸੇ ਮਾਤ ਪਿਤਾ ਬਿਨ ਬਾਲ ਨ ਹੋਈ ।।" ਇਹ ਪੰਗਤੀ ਜਿਸ ਪ੍ਰਥਾਇ

Digitized by Panjab Digital Library | www.panjabdigilib.org

ਲਿਖੀ ਗਈ ਹੈ ਉਥੇ ਠੀਕ ਢੁਕਦੀ ਹੈ – ਵੈਸੇ ਕੁਦਰਤ ਕਰਤਾਰ ਅਗੇ ਕੋਈ ਭੀ ਗਲ ਅਸੰਭਵ ਨਹੀਂ ਹੈ, ਬਾਣੀ ਇਉਂ ਭੀ ਕਹਿੰਦੀ ਹੈ-

ਕਈ ਅਜੂਬੇ ਅਜ ਭੀ ਪੜ੍ਹਨ ਨੂੰ ਅਖਬਾਰਾਂ ਵਿਚ ਮਿਲਦੇ ਹਨ, ਕਈ ਗ੍ਰੰਥਾਂ ਵਿਚ ਭੀ ਪੜੀ ਦੇ ਹਨ, ਜੋ ਗਲਤ ਭੀ ਨਹੀਂ ਹੁੰਦੇ ਕੁਦਰਤ ਰਾਣੀ ਨੂੰ ਚਾਹਵੇ ਤਾਂ ਰਾਈ ਦੇ ਦਾਣੇ ਨੂੰ ਪਰਬਤ ਦਾ ਰੂਪ ਦੇ ਸਕਦੀ ਹੈ ਪਰ ਲਖਾਂ ਕ੍ਰੋੜਾਂ ਦੀ ਗਿਣਤੀ ਵਿਚ ਫੌਜਾਂ ਤੇ ਲਸ਼ਕਰਾਂ ਨੂੰ ਸਵਾਹ ਕਰ ਸਕਦੀ ਹੈ, ਪਰ ਗਿ: ਭਾਗ ਸਿੰਘ ਜੀ ਤਾਂ ਇਹੋ ਕਹਿਣਗੇ ਕਿ ਇਹ ਕਿਵੇਂ ਹੋ ਸਕਦਾ ਹੈ ? ਗਪੌੜੇ ਹੀ ਮਾਰੇ ਹੋਏ ਹਨ, ਜੇ ਇਹ ਹੋ ਸਕਦਾ ਹੈ ਤਾਂ ਉਹ ਭੀ ਹੋ ਸਕਦਾ ਹੈ, ਪਰ ਉਪ੍ਰੋਕਤ ਵਿਸੇ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਕੋਈ ਵਿਕਾਰ ਨਹੀਂ । ਹਾਂ ਭਾਈ ਸੰਤੋਖ ਸਿੰਘ ਨੇ ਜ਼ਰੂਰ ਲਿਖਿਆ ਹੈ ਉਹ ਵੀ ਕਿਸੇ ਪੁਰਾਣਕ ਹਵਾਲੇ ਦੇ ਆਧਾਰ ਤੇ ਜੋ ਬ੍ਰਹਮਾ ਜੀ ਨੇ ਦੇਵਤਿਆਂ ਨੂੰ ਸੰਬੋਧਨ ਕਰਦਿਆਂ ਦਸਿਆ ਸੀ, ਜੋ ਸਾਥੋਂ ਹਰ ਪੱਖ ਤੋਂ ਵਡੇਰੇ ਹੋਏ ਹਨ ਅਸੀਂ ਉਹਨਾਂ ਦੀ ਅਲੋਚਨਾ ਨਹੀਂ ਕਰ ਸਕਦੇ, ਇਹ ਕਹਿਣਾ ਕਿ ਭਾਈ ਸੰਤੋਖ ਸਿੰਘ ਜੀ ਨੇ ਗਪੌੜੇ ਮਾਰੇ ਹਨ, ਜਿਨ੍ਹਾਂ ਦੀ ਰਸਨਾਂ ਵਿਚੋਂ ਫੁਟ ਫੁਟ ਕੇ ਗੁਰੂ ਜਸ ਦੇ ਫੁਹਾਰੇ ਨਿਕਲਦੇ ਸਨ, ਕਿਉਂਕਿ ਉਹਨਾਂ ਨੇ ਦੁਸ਼ਟ ਦਮਨ ਨੂੰ ਅਨੁਮਾਨਕ ਸ਼ਬਦਾਂ ਵਿਚ ਅਸੰਖਾਂ ਵਰ੍ਹੇ ਤਪ ਕਰਨ ਲਿਖਿਆ ਹੈ. ਜੋ ਇਕ ਸਾਧਾਰਨ ਗਲ ਹੈ, ਅਜ ਜਦ ਕਿ ਅਨੇਕਾਂ ਪ੍ਰੈਸ ਛਪਾਈ ਕਰ ਰਹੇ ਹਨ ਅਤੇ ਸਾਇੰਸ ਦਾ ਯੁਗ ਹੈ ਕਿਹਾ ਜਾਂਦਾ ਹੈ ਅਨੇਕਾਂ ਖੋਜੀ ਤੇ ਲਿਖਾਰੀ ਘਰ ਘਰ ਵਿਚ ਇਤਿਹਾਸ ਪੜਚੋਲ ਕਰ ਰਹੇ ਹਨ ਫੇਰ ਭੀ ੧੯੦੦ ਤੋਂ ਪਰੇ ਜਾ ਕੇ ਰੁਲ ਜਾਂਦੇ ਹਨ ਜਿਸ ਦੇ ਸੰਨ ਸੰਮਤ ਅੰਕੜੇ ਕਿਤੇ ਨਹੀਂ ਮਿਲਦੇ ਉਸ ਵੇਲੇ ਤਾਂ ਤਖਮੀਨਾਂ ਜਾਂ ਅਨੁਮਾਨ ਕਰਕੇ ਹੀ ਅਨਮਾਨਕ ਸਮਾਂ ਲਿਖਣਾ ਪੈਂਦਾ ਹੈ. ਜਿਸ ਨੂੰ ਲਿਖਾਰੀ ਆਪਣੇ ਅਨੁਮਾਨ ਨਾਲ ਹਜ਼ਾਰਾਂ, ਲੱਖਾਂ, ਕ੍ਰੋੜਾਂ ਦੇ ਸ਼ਬਦ ਵਿਚ ਲਿਖ ਦਿੰਦਾ ਹੈ ਜਦ ਕਿ ਉਸ ਦਾ ਪੂਰਾ ਹਿਸਾਬ ਨਹੀਂ ਕੀਤਾ ਜਾ ਸਕਦਾ, ਪਰ ਇਹ ਗਲਤੀ ਇਹ ਸ੍ਰੀ ਦਸਮ ਗ੍ਰੰਥ ਸਾਹਿਬ ਨਹੀਂ ।

ਗਿ: ਭਾਗ ਸਿੰਘ ਦਾ ਇਹ ਲਿਖਣਾ ਕਿ ਅਸੰਖਾਂ ਬਾਰੇ, ਤਪਸਿਆ ਸਾਧਣ ਵਾਲਾ (ਕਵੀ ਕਲਪਤ) ਦੁਸ਼ਟ ਦਮਨ ਕਿਥੇ ਖੜੋ ਕੇ ਤਪ ਕਰਦਾ ਰਿਹਾ, ਇਹ ਸਿਧੀ ਸ੍ਰੀ ਦਸਮੇਸ਼ ਜਿਹੀ ਹਸਤੀ ਨੂੰ ਠੇਕਰ ਮਾਰਨੀ ਹੈ, ਜਦ ਕਿ ਆਪ ਹੀ ਗੁਰਬਾਣੀ ਦੀ ਪੰਗਤੀ ਦੀ ਉਧਾਹਰਣ ਦਿੰਦਾ ਹੈ ਜੋ ਇਉਂ ਹੈ ।

ਅਰਬਦ ਨਰਬਦ ਧੁੰਧੂਕਾਰਾ ॥ ਧਰਣ ਨ ਗਗਨਾ ਹੁਕਮ ਅਪਾਰਾ ॥ਮ: ੧॥ ਸ: ੧੦੩੫ ॥

ਜਿਸ ਦਾ ਭਾਵ ਹੈ ਕਿ ਅਰਬਾਂ ਖਰਬਾਂ ਵਰ੍ਹੇ ਧੁੰਧੂਕਾਰ ਹੀ ਰਿਹਾ ਸੀ ਜਦ ਕਿ ਨਾ ਧਰਤੀ ਤੇ ਨਾ ਹੀ ਅਸਮਾਨ ਜਦ ਕਿ ਉਸ ਵੇਲੇ ਸੰਸਾਰਕ ਕਿਸੇ ਵੀ ਵਸਤੂ ਦਾ ਜਾਂ ਸਰੂਪ ਨਹੀਂ ਸੀ । ਕੀ ਇਥੇ ਨਿਸਚੇ ਨਾਲ ਪੂਰੇ ਵਰੇ ਲਿਖੇ ਹਨ । ਗਿ: ਭਾਗ ਸਿੰਘ ਨੇ ਇਸ ਦੇ ਅਰਥ ਕਿਸੇ ਹੋਰ ਪਾਸੇ ਲਾਏ ਹਨ ਜੇ ਕਿਤੇ ਉਹ ਉਸ ਵੇਲੇ ਸੋਚ ਲੈਂਦੇ ਤਾਂ ਇਹੋ ਕਹਿੰਦੇ ਕਿ ਕਿੱਡੀ ਗੱਪ ਮਾਰੀ ਹੈ, ਅਰਬਾਂ ਖਰਬਾਂ ਵਰੇ ਕੌਣ ਗਿਣਦਾ ਰਿਹਾ ਸੀ ਪਰ ਇਹ ਅਨੁਮਾਣਕ ਸ਼ਬਦ ਹੈ ਜੋ ਗੁਰੂ ਜੀ ਨੇ ਅਰਬਾਂ ਖਰਬਾਂ ਸਮਿਆਂ ਵਿਚ ਲਿਖ ਦਿਤਾ ਹੈ ਪੂਰਾ ਪੂਰਾ ਹਿਸਾਬ ਕਰਨ ਨਹੀਂ ਬੈਠੇ । ਫੇਰ ਇਹੋ ਸਬਦ ਜੇ ਭਾਈ ਸੰਤੋਖ ਸਿੰਘ ਜੀ ਨੇ ਵਰਤ ਲਿਆ ਹੈ ਤਾਂ ਵਾਵੈਲਾ ਕਿਉਂ ? ਇਹੋ ਜਿਹੇ ਸਥਾਨਕ ਤੇ ਅਨੁਮਾਨਕ ਸ਼ਬਦ ਸਾਨੂੰ ਹਰ ਵੇਦ ਸਾਸਤ੍ਰ ਜਾਂ ਗ੍ਰੰਥਾਂ ਮਹਾਂ ਗ੍ਰੰਥਾਂ ਵਿਚ ਰੋਜ਼ ਪੜ੍ਹਨ ਨੂੰ ਮਿਲਦੇ ਹਨ ।

੬-ਸਫਾ ੧੬ ਤੇ ਗਿ: ਭਾਗ ਸਿੰਘ ਜੀ ਲਿਖਦੇ ਹਨ-ਕਿ ਇਕ ਹੋਰ ਗਲ ਨੋਟ ਕਰਨ ਵਾਲੀ ਇਹ ਵੀ ਹੈ ਆਦਿ ਕਾਲ ਤੋਂ ਲੈਕੇ ਵਰਤਮਾਨ ਸਮੇਂ ਤਕ ਸੰਸਾਰ ਮੰਡਲ ਵਿਚ ਆਉਣ ਵਾਲੇ ਜਪੀ

Digitized by Panjab Digital Library | www.panjabdigilib.org

ਤਪੀ ਆਦਿਕਾਂ ਦੇ ਆਮ ਤੌਰ ਤੇ ਜਗਤ ਪ੍ਰਸਿਧ ਵਿਅਕਤੀਆਂ ਦੇ ਨਾਮ ਵਿਸ਼ੇਸ਼ ਕਰਕੇ ਹਿੰਦੂਆਂ ਦੇ ਅਨੇਕਾਂ ਗ੍ਰੰਥਾ ਵਿਚ ਨਿਰੂਪਣ ਹਨ। ਅੱਗੇ ਨਾਥ ਦੇਵੀਆਂ ਤੇ ਰਿਸ਼ੀ ਮੁਨੀ ਅਵਤਾਰਾਂ ਦਾ ਵੇਰਵਾ ਦਿਤ ਹੈ ਅਤੇ ਫੇਰ ਕਿਹਾ ਹੈ ਕਿ ਬਚਿਤ੍ਰ ਨਾਟਕ ਅਤੇ ਸੂਰਜ ਪ੍ਰਕਾਸ਼ ਵਿਚ ਲਿਖੇ ਅਨੁਸਾਰ ਅਸੰਖਾਂ ਵਰ੍ਹੇ ਜੀਉਣ ਵਾਲੇ ਕਿਸੇ ਦੁਸ਼ਟ ਦਮਨ ਨੇ ਹੇਮ ਕੁੰਟ ਉਤੇ ਮਹਾਂ ਕਾਲ ਅਤੇ ਕਾਲਕਾ ਨੂੰ ਅਰਾਧਿਆ ਹੁੰਦਾ ਤਾਂ ਉਤੇ ਲਿਖੇ ਚਿਰੰਜੀਵੀਆਂ ਵਾਂਗੂੰ, ਸਤਵਾਂ ਚਿਰੰਜੀਵੀ ਬਲਕਿ ਅਸੰਖਾਂ ਵਰ੍ਹੇ ਜੀਉਣ ਵਾਲਾ ਸ਼੍ਰੋਮਣੀ ਦੁਸ਼ਟ ਦਮਨ ਵੀ ਕਿਸੇ ਨਾ ਕਿਸੇ ਗ੍ਰੰਥ ਵਿਚ ਜ਼ਰੂਰ ਲਿਖਿਆ ਹੋਇਆ ਹੋਣਾ ਸੀ। ਜਾਂ ਛੇ ਜਤੀਆਂ ਵਾਂਗ ਸਤਵਾਂ ਮਹਾਂ ਜਤੀ ਦੁਸ਼ਟ ਦਮਨ ਦਾ ਨਾਮ ਭੀ ਕਿਸੇ ਨਾ ਕਿਸੇ ਪੁਸਤਕ ਵਿਚ ਅਵੱਸ਼ ਹੁੰਦਾ ਪ੍ਰੰਤੂ ਸ੍ਵਪਨ ਮਾਤ੍ਰ ਵੀ ਨਹੀਂ। ਫਿਰ ਰਬ ਜਾਣੇ ਬਚਿਤ੍ਰ ਨਾਟਕ ਦੇ ਲਿਖਾਰੀ ਮਹਾਂ ਕਾਲ ਦੇ ਉਪਾਸ਼ਕ ਸਾਕਤ ਕਵੀ ਅਤੇ ਸੂਰਜ ਪ੍ਰਕਾਸ਼ ਦੇ ਕਰਤਾ ਨੇ ਕਿਥੋਂ ਅਕਾਸ਼ ਬਾਣੀ ਸੁਣਕੇ ਉਪ੍ਰੋਕਤ ਅਖੌਤੀ ਦੁਸ਼ਟ ਦਮਨ ਸਬੰਧੀ ਮਿਥਿਆ ਵਾਦ ਨਾਲ ਅਨੇਕਾਂ ਪਤਰੇ ਕਾਲੇ ਕੀਤੇ ਹਨ ? **ਸਮਾਧਾਨ**

ਭਾਈ ਭਾਗ ਸਿੰਘ ਨੇ ਕੋਈ ਇਹੋ ਜਿਹਾ ਅਪਮਾਨ ਜਨਕ ਸ਼ਬਦ ਬਾਕੀ ਨਹੀਂ ਛੱਡਿਆ ਜੋ ਸੂਰਜ ਪ੍ਰਕਾਸ਼ ਦੇ ਸ਼ਰਧਾ ਧਾਰੀ ਤੇ ਵਿਦਵਾਨ ਲਿਖਾਰੀ ਭਾਈ ਸੰਤੋਖ ਸਿੰਘ ਜੀ ਲਈ ਨਹੀਂ ਵਰਤਿਆ। ਜਿਸ ਦੀ ਦੇਣ ਕੌਮ ਸਦੀਆਂ ਤਕ ਨਹੀਂ ਭੁਲਾ ਸਕਦੀ, ਜਿਸਦੀ ਲੇਖਣੀ ਨੇ ਸਿਖ ਜਗਤ ਵਿਚ ਹੀ ਨਹੀਂ ਸਗੋਂ ਸਮੁਚੇ ਸੰਸਾਰ ਨੂੰ ਗੁਰਮਤ ਨਾਲ ਜੋੜ ਕੇ ਗੁਰੂ ਚਰਨਾਂ ਦੇ ਭੌਰੇ ਬਣਾਇਆ-ਕਥਾ ਤੋਂ ਗੁਰੂ ਘਰ ਸ਼ਰਧਾ ਵਿਚ ਸਾਨੂੰ ਨਿਯਮ ਬਧ ਕੀਤਾ, ਬਲਕਿ ਜਿਸਨੇ ਭੀ ਇਹ ਕਥਾ ਸੁਣੀ ਜਾਂ ਪੜ੍ਹੀ ਉਹ ਗੁਰੂ ਘਰ ਲਈ ਪਤੰਗੇ ਦਾ ਰੂਪ ਧਾਰਨ ਕਰਕੇ ਜਾਨ ਮਾਲ ਨਿਛਾਵਰ ਕਰਨ ਤੋਂ ਨਹੀਂ ਝਿਜਕਿਆ। ਫੇਰ ਸ੍ਰੀ ਦਸਮ ਗ੍ਰੰਥ ਸਾਹਿਬ ਜੋ ਪਿਛੇ ਸਾਬਤ ਹੋ ਚੁਕਾ ਹੈ ਕਿ ਅਵੱਸ਼ ਸ੍ਰੀ ਦਸ਼ਮੇਸ਼ ਜੀ ਕ੍ਰਿਤ ਹੀ ਹੈ ਦਾ ਅਪਮਾਨ ਹੀ ਨਹੀਂ ਸਗੋਂ ਗਪੌੜੇ ਦੱਸੇ ਹਨ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਾਕਤ ਕਵੀ ਤਕ ਕਿਹਾ ਹੀ ਨਹੀਂ ਸਗੋਂ ਬਾਰ ਬਾਰ ਲਿਖਿਆ ਗਿਆ ਹੈ-ਅਤੇ ਦੁਸ਼ਟ ਦਮਨ ਨੂੰ ਅਖੌਤੀ ਕਿਹਾ ਹੈ, ਜਿਸ ਨੂੰ ਪੰਥਕ ਹਲਕੇ ਸਰਵਣ ਵੀ ਨਹੀਂ ਕਰ ਸਕਦੇ, ਕੀ ਅਸੀਂ ਅੱਜ ਉਹਨਾਂ ਦੇ ਉਪਕਾਰਾਂ ਦਾ ਇਹੋ ਸਿਲਾ ਦੇਣਾ ਹੈ ਜੋ ਲਿਖਿਆ ਹੈ ਕਿ-**ਅਬ ਮੈਂ ਅਪਨੀ ਕਥਾ ਬਖਾਨੋਂ** ।। ਵਾਲੇ ਲੇਖ ਮਨ ਘੜਤ ਹਨ, ਫੇਰ ਕਿਹਾ ਹੈ ਕਿ ਇਸ ਬਾਰੇ ਕਿਸੇ ਪੁਰਾਤਨ ਗ੍ਰੰਥ ਵਿਚ ਹਵਾਲਾ ਨਹੀਂ ਹੈ। ਮੈਂ ਗਿ: ਭਾਗ ਸਿੰਘ ਨੂੰ ਸਲਾਹ ਦਿੰਦਾ ਹਾਂ ਕਿ ਜਰਾ ਹੋਸ਼ ਸੰਭਾਲ ਕੇ ਤੱਕਣ, ਜਿਥੋਂ ਉਹਨਾਂ ਨੇ ਦੇਖਕੇ ਹਵਾਲਾ ਦਿੱਤਾ ਹੈ ਉਸੇ ਸੂਰਜ ਪ੍ਰਕਾਸ ਵਿਚ ਲਿਖਿਆ ਹੈ। ਕਿ ਜਦੋਂ ਦੇਵਤਿਆਂ ਨੇ ਇਕੱਤ੍ਰ ਹੋਕੇ ਬ੍ਰਹਮਾ ਦੇ ਪਾਸ ਬੇਨਤੀ ਕੀਤੀ ਤਾਂ ਅੱਗੋਂ ਭਵਿੱਖਤ ਬਚਨ ਹੋਏ-ਕਿ ਐ ਦੇਵਤਿਓ ਹੁਣ ਸਮਾਂ ਆ ਗਿਆ ਹੈ ਜਦੋਂ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਹੋਣੇ ਵਾਲਾ ਹੈ, ਤੇ ਇਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਭਵਿੱਖਤ ਪੁਰਾਣ ਵਿਚ ਲਿਖਿਆ ਹੈ ਅਤੇ ਏਥੇ ਭੀ ਭਾਈ ਸੰਤੋਖ ਸਿੰਘ ਜੀ ਨੇ ਉਸੇ ਲੇਖ ਵਲ ਸੰਕੇਤ ਦਿੱਤਾ ਹੈ-ਭਾ: ਸੰਤੋਖ ਸਿੰਘ ਜੀ ਨੇ ਆਪਣੇ ਵਲੋਂ ਨਹੀਂ ਲਿਖਿਆ। ਪੜ੍ਹੋ

ਕਹਿਤੁ ਬਿਧਾਤਾ ਸੁਨਹੁ ਸੁਰਹੁ ਸਭਿ ਸਮਾ ਸਮਾਪਤਿ ਕੋ ਅਤ ਸੋਇ ॥
ਨਿਜ ਸਿੱਖਜਨਿ ਜਤਿ ਨਰ ਤਨ ਧਰ ਕੈ ਪੰਥ ਪ੍ਰਕਾਸਹਿ ਤੇਤ ਅਖੋਇ ॥੧੭॥
ਸਫਾ ੨੦੯੯ ਰਾਸ ੧੧ ॥ ਅੰਸੂ ੫੧ ॥

ਜਿਸਦਾ ਭਾਵ ਹੈ-ਕਿ ਐ ਦੇਵਤਿਓ ਤੁਸੀਂ ਉਤਾਵਲੇ ਨਾ ਹੋਵੋ, ਹੁਣ ਉਡੀਕ ਦਾ ਸਮਾਂ ਮੁੱਕ ਗਿਆ ਹੈ, ਜਦ ਕਿ ਆਪਣੇ ਸੇਵਕਾਂ ਦੇ ਹਿਤ ਮਨੁੱਖ ਜਾਮਾ ਧਾਰਨ ਕਰਕੇ ਤੇਜਸਵੀ ਪੰਥ ਦਾ ਪ੍ਰਕਾਸ਼ ਕਰਨ ਲਈ ਜਗ ਵਿਚ ਬ੍ਰਹਮ ਜੋਤ ਆ ਰਹੀ ਹੈ। ਪੂਰੀ ਜਾਣਕਾਰੀ ਲਈ ਪੜ੍ਹੋ ਸੂਰਜ ਪ੍ਰਕਾਸ਼ ਵਿਚ।

Digitized by Panjab Digital Library | www.panjabdigilib.org

ਅੱਗੇ ਥਾਂ ਪਰ ਥਾਂ ਮੁੜ ਕੇ ਉਹੀ ਭਗਉਤੀ ਨੂੰ ਦੇਵੀ ਦੀ ਰਟ ਲਾਈ ਜਾਂਦਾ ਹੈ ਜਦ ਕਿ ਗੁਰਬਾਣੀ ਸਾਨੂੰ ਵੰਗਾਰ ਕੇ ਕਹਿ ਰਹੀ ਹੈ (ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ) ਉਹ ਕਿਹੜੀ ਜੋਤ ਹੈ ਜਿਸਦੇ ਪ੍ਰਗਟ ਹੋਣ ਨਾਲ ਮੇਰੇ ਪਿਆਰੇ ਰਾਮ ਦੇ ਦਰਸ਼ਨ ਹੁੰਦੇ ਹਨ। ਹਾਂ ਜੀ ਇਹ ਭੀ ਉਹੀ ਜੋਤਿ ਹੈ, ਜਿਸ ਨੂੰ ਅਸੀਂ ਅਕਾਲੀ ਜੋਤ ਕਹਿੰਦੇ ਹਾਂ, ਜੋ ਦਸਾਂ ਗੁਰੂਆਂ ਵਿਚ ਬਿਰਾਜੀ ਅਤੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਪ੍ਰਗਟ ਹੁੰਦੀ ਹੈ। ਉਹੀ ਜੋਤਿ ਸ੍ਰੀ ਦੁਸ਼ਟ ਦਮਨ ਨੂੰ ਪ੍ਰਗਟ ਹੋਈ-ਜਿਸ ਨੂੰ ਗੁਰੂ ਜੀ. ਭਗਉਤੀ ਕਰਕੇ ਸਿਮਰਦੇ ਹਨ। ਫੇਰ ਸੂਰਜ ਪ੍ਰਕਾਸ਼ ਦੇ ਲਿਖਾਰੀ ਤੇ ਸ੍ਰੀ ਦਸਮੇਸ਼ ਗ੍ਰੰਥ ਸਾਹਿਬ ਵਿਚ ਭੁਗਉਤੀ ਲਿਖਣ ਨਾਲ ਕਿਹੜਾ ਪਹਾੜ ਢਹਿ ਗਿਆ ਜਿਸ ਨਾਲ ਗਿ: ਭਾਗ ਸਿੰਘ ਨੂੰ ਕਾਂਬਾ ਚੜ੍ਹ ਗਿਆ ਹੈ।

ਰਾਮ ਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤ ਅਰਜਨ ਮਾਹਿ ਧਰੀ ॥ ੪ ॥
ਧਰਨ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥
ਭਨਿ ਮਥਰਾ ਕਛੁ ਭੇਦੁ ਨਹੀਂ ਗੁਰੂ ਅਰਜੁਨੁ ਪਰਤਖ ਹਰਿ ॥ ੮ ॥ ੧੭ ॥

ਇਸ ਅਕਾਲੀ ਜੋਤਿ ਨੇ ਅਨੇਕਾਂ ਕੌਤਕ ਕੀਤੇ ਅਤੇ ਇਹੀ ਜੋਤਿ ਸਾਰੇ ਸੰਸਾਰ ਵਿਚ ਵਿਚਰ ਰਹੀ ਹੈ ਅਤੇ ਅਨੇਕਾਂ ਕੌਤਕ ਕਰ ਰਹੀ ਹੈ, ਜੋ ਸਾਨੂੰ ਬਚਿਤ੍ਰ ਹੋਣ ਕਰਕੇ ਓਪਰੇ ਜਿਹੇ ਲੱਗਦੇ ਹਨ। ਅਸੀਂ ਪੰਜ ਭੂਤਕ ਗੰਦ ਦੇ ਗੁਥਲੇ ਕੌਣ ਹਾਂ ਜੋ ਉਹਨਾਂ ਦੀ ਹਾਸੀ ਉਡਾਈ ਏ ਅਤੇ ਉਸਦੇ ਕਰਤਵਾਂ ਦੀ ਨਿੰਦਿਆ ਕਰੀਏ ਅਤੇ ਆਪਣੇ ਪਲਿਓ ਜੋਤਸ਼ ਲਾਕੇ ਝੂਠ ਦਾ ਫਤਵਾ ਦੇਈਏ।

੭-ਗਿਆਨੀ ਭਾਗ ਸਿੰਘ ਜੀ ਨੇ ਪੰ: ੬੨ ਤੇ ਕਿਹਾ ਹੈ ਕਿ ਭਾਈ ਲਹਿਣਾ ਜੀ ਗੁਰੂ ਸ਼ਰਨ ਆਉਣ ਤੋਂ ਪਹਿਲਾਂ ਵਰ੍ਹਿਆਂ ਬਧੀ ਵੈਸ਼ਨੋ ਦੇਵੀ ਆਦਿਕ ਦੇਵੀ ਦਵਾਰਿਆਂ ਤੇ ਪੁਜਕੇ ਜੋਤਾਂ ਜਗਾਉਂਦੇ ਰਹੇ ਅਤੇ ਸੂਹੇ ਕਪੜੇ ਗਲ ਵਿਚ ਮਉਲੀਆਂ ਦੇ ਅੱਟੇ, ਹੱਥਾਂ ਵਿਚ ਛੈਣੇ ਲੈਕੇ ਦੁਰਗਾ ਦੀਆਂ ਭੇਟਾਂ (ਗੀਤ) ਗਾਉਂਦੇ ਹੋਏ ਜੋਤਾਂ ਜਗਾਉਣ ਵਾਲੇ ਦੇਵੀ ਪੂਜਕ ਸੀ। ਗਿ: ਭਾਗ ਸਿੰਘ ਨੇ ਇਹ ਲਿਖ ਤਾਂ ਦਿੱਤਾ ਪਰ ਇਹ ਤਖਮੀਨਾਂ ਨਹੀਂ ਲਾਇਆ ਕਿ ਆਪਦੀ ਰੂਹਾਨੀਅਤ ਅਤੇ ਅੰਦਰਲੀ ਜੋਤ ਕਿੰਨੀ ਪ੍ਰਬਲ ਪ੍ਰਚੰਡ ਹੋ ਚੁਕੀ ਸੀ ਅਤੇ ਰੂਹਾਨੀਅਤ ਸ਼ਕਤੀ ਵਿਚ ਕੀ ਕਸ਼ਿਸ਼ ਸੀ। ਰੂੰ ਤੁਹਾਡੇ ਪਾਸ ਹੈ ਪਰ ਉਸ ਨੂੰ ਤੇਲ ਘੀ ਅਥਵਾ ਮੋਮ ਦਾ ਲੇਸ ਨਹੀਂ ਤਾਂ ਉਹ ਬਲਦੀ ਹੋਈ ਲਾਟ ਭੀ ਸਾਨੂੰ ਤ੍ਰਿਪਤ ਨਹੀਂ ਕਰ ਸਕੇਗੀ। ਗੁਰੂ ਨਾਨਕ ਦੇਵ ਜੀ ਨੇ ਐਵੇਂ ਭੁਲੇਖੇ ਨਾਲ ਚੋਣ ਨਹੀਂ ਸੀ ਕੀਤੀ ਬਲਕਿ ਆਪ ਉਸਦੀ ਉਡੀਕ ਵਿਚ ਸਨ ਅਤੇ ਹਜ਼ੂਰੀ ਵਿਚ ਪੁਜਦੇ ਹੀ ਮਕਬੂਲ ਪੈ ਗਏ ਸਨ। ਇਧਰ ਅਸੀਂ ਅਤੇ ਗਿ: ਭਾਗ ਸਿੰਘ ਜੀ ਭੀ ਇਹਨਾਂ ਬਖੇੜਿਆਂ ਵਿਚ ਅਤੇ ਚਤੁਰਾਈ ਨਾਲ ਗੁਰੂ ਘਰ ਦੀ ਹਾਨੀ ਕਰਨ ਤੇ ਤੁਲੇ ਹੋਏ ਹਾਂ ਅਤੇ ਉਮਰਾਂ ਬਤੀਤ ਕਰ ਛੱਡੀ ਪਰ ਭਾਈ ਲਹਿਣਾ ਜੀ ਦੀ ਪੈਰ ਦੇ 'ਨਹੁੰ' ਦੀ ਮੈਲ ਜਿੰਨੀ ਭੀ ਮਕਬੂਲਤਾ ਜਾਂ ਪ੍ਰਸਿੱਧੀ ਹਾਸਲ ਨਹੀਂ ਕਰ ਸਕੇ। ਸਾਨੂੰ ਇਹੋ ਜਿਹੇ ਲੇਖ ਲਿਖਣ ਤੋਂ ਸੰਕੋਚ ਤੇ ਸ਼ਰਮ ਆਉਣੀ ਚਾਹੀਦੀ ਹੈ ਜਿਸ ਨਾਲ ਸਾਡੇ ਗੁਰੂ ਦੇ ਮਿਸ਼ਨ ਦੀ ਹਾਨੀ ਹੁੰਦੀ ਹੋਵੇ। ਜੇਕਰ ਗੁਰੂ ਅੰਗਦ ਦੇਵ ਜੀ ਅਥਵਾ ਭਾਈ ਲਹਿਣਾ ਜੀ ਦੀ ਆਤਮਾ ਮਲੀਨ ਹੋਈ ਹੁੰਦੀ ਤਾਂ ਗੁਰੂ ਘਰ ਵਿਚ ਆਕੇ ਸਮਾ ਹੀ ਨਾ ਸਕਦੀ। ਹਮੇਸ਼ਾ ਦੁਧ ਵਿਚ ਉਸਦਾ ਸ਼ੁਧ ਪਾਣੀ ਜਾਂ ਮਿੱਠਾ ਪੈ ਜਾਵੇ ਤਾਂ ਹੀ ਮਿਲ ਸਕਦਾ ਹੈ ਜੇ ਖੱਟੇ ਦਾ ਰਸ ਜਾਂ ਨਿੰਬੂ ਪਾਓ ਤਾਂ ਉਹ ਸਗੋਂ ਦੁਧ ਨੂੰ ਭੀ ਖਰਾਬ ਕਰ ਦੇਵੇਗਾ।

ਜੇਕਰ ਪੰਥ ਵਲੋਂ ਇਸ ਪ੍ਰਚਾਰ ਨੂੰ ਰੋਕਿਆ ਨਾ ਗਿਆ ਤਾਂ ਉਹ ਦਿਨ ਦੂਰ ਨਹੀਂ ਜਦ ਇਹਨਾਂ ਮਹਾਨ ਗ੍ਰੰਥਾਂ ਦਾ ਵਜੂਦ ਸਾਡੇ ਸਾਹਮਣਿਓਂ ਅਲੋਪ ਹੀ ਹੋ ਜਾਏਗਾ ਅਤੇ ਇਸ ਭੱਦੇ ਪ੍ਰਚਾਰ ਦਾ ਅਸਰ ਐਉਂ ਫੈਲ ਰਿਹਾ ਹੈ-ਜਿਵੇਂ ਕਸੁੰਭੀ ਜਾਂ ਅਮਰ ਬੇਲ ਬਿਨਾਂ ਕਿਸੇ ਦੇ ਬੀਜੇ ਅਥਵਾ ਪਾਣੀ ਦੇਣ ਤੋਂ ਹੀ

Digitized by Panjab Digital Library | www.panjabdigilib.org

ਸਾਰੇ ਫੈਲ ਜਾਂਦੀਆਂ ਹਨ। ਜਿਹੜਾ ਭੀ ਸੱਜਣ ਇਹ ਘਟੀਆ ਕਿਸਮ ਦੀਆਂ ਦਲੀਲਾਂ ਪੜ੍ਹਦਾ ਹੈ, ਉਹ ਨਿਰੰਕਾਰੀਆਂ ਵਾਂਗ ਉਹਨਾਂ ਦਾ ਹੀ ਹੋਕੇ ਰਹਿ ਜਾਂਦਾ ਹੈ।

ਗੋਸਲਾਂ ਪਿੰਡ ਜ਼ਿਲਾ ਰੋਪੜ ਇਕ ਨੱਥੂ ਜੱਟ ਹੁੰਦਾ ਸੀ, ਉਸਨੂੰ ਗੰਠੀਏ ਦੀ ਮੋਹਲਕ ਬੀਮਾਰੀ ਨਾਲ ਗਿਟੇ ਗੋਡੇ ਸੁਜ ਗਏ ਤੇ ਦਰਦ ਕਰਨ ਲਗ ਗਏ ਸੀ। ਕਿਸੇ ਦੇ ਕਹੇ ਲਗਕੇ ਮਾਸ ਚੀਰ ਕੇ ਉਸ ਵਿਚ ਅੱਕ ਦਾ ਦੁਧ ਚੋ ਦਿਤਾ ਬਸ ਫੇਰ ਮਰ ਕੇ ਹੀ ਉਸਦਾ ਰੋਗ ਟੁਟਿਆ। ਪਰ ਉਸ ਅੱਕ ਦੇ ਦੁਧ ਪਰ ਕੋਈ ਦਵਾਈ ਕਾਰਗਰ ਨਾ ਹੋ ਸਕੀ। ਇਸੇ ਤਰਾਂ ਇਹਨਾਂ ਤਿੰਨ ਚਾਰ ਲੇਖਕਾਂ ਦਾ ਭੀ ਕੌਮ ਤੇ ਇਹੋ ਅਸਰ ਹੋ ਰਿਹਾ ਹੈ। ਜਿਵੇਂ ਕਿ ਗਿ: ਭਾਗ ਸਿੰਘ ਜੀ ਹੋਰ ਸਭ ਨੂੰ ਇਕ ਵਢੇ ਤੋਂ ਇਆਣੇ ਤੇ ਆਪਨੂੰ ਸਭ ਤੋਂ ਸਿਆਣੇ ਸਿਧ ਕਰ ਰਹੇ ਹਨ, ਇਸ ਅਸਰ ਤੋਂ ਕੋਈ ਭੀ ਬਚ ਨਹੀਂ ਸਕਦਾ।

੮-ਗਿ: ਭਾਗ ਸਿੰਘ ਜੀ ਪੰ: ੧੬੩ ਤੇ ਲਿਖਦੇ ਹਨ ਕਿ ਸ੍ਰੀ ਦਸਮੇਸ਼ ਜੀ ਨੇ ਸਾਰੀ ਦੀ ਸਾਰੀ ਆਯੂ ਵਿਚ ਇਕ ਵਾਰੀ ਭੀ ਹੇਮ ਕੁੰਟ ਜਾਣ ਦਾ ਉਦਮ ਨਹੀਂ ਸੀ ਕੀਤਾ ਤੇ ਨਾ ਹੀ ਪਿਛੋਂ ਕਿਸੇ ਨਿਕਟ ਨੇ। ਜਿਸਦਾ ਉਤਰ ਹੈ ਕਿ ਆਪ ਹੇਮ ਕੁੰਟ ਤੋਂ ਭਾਰਤ ਦਾ ਸੁਧਾਰ ਕਰਨ ਲਈ ਉਥੋਂ ਆਏ ਸਨ ਅਤੇ ਕਲ ੪੮ ਸਾਲ ਦਾ ਸਮਾਂ ਨੀਅਤ ਸੀ ਫੇਰ ਇਸ ਸਮੇਂ ਵਿਚੋਂ ਆਪਣੀ ਲਗੀ ਡਿਉਟੀ ਨੂੰ ਛੱਡਕੇ ਮੁੜ ਕੇ ਹੇਮ ਕੁੰਟ ਵਿਚ ਕਿਵੇਂ ਜਾ ਬਹਿੰਦੇ। ਉਹਨਾਂ ਨੇ ਇਸ ਥੋੜੇ ਜਿਹੇ ਸਮੇਂ ਵਿਚ ਉਹ ਕੰਮ ਕੀਤਾ ਹੈ ਜਿਸ ਨੂੰ ਕੋਈ ਮਹਾਂ ਪੁਰਸ਼ ਹਜ਼ਾਰਾਂ ਵਰ੍ਹਿਆਂ ਵਿਚ ਭੀ ਨਹੀਂ ਸੀ ਕਰ ਸਕਿਆ। ਜਿਥੋਂ ਤੀਕ ਨਿਕਟ ਵਰਤੀ ਜਾਂ ਫੂਲਾ ਸਿੰਘ ਦਾ ਸਵਾਲ ਹੈ, ਉਹ ਲੜਾਈਆਂ ਵਿਚ ਮਸਰੂਫ ਰਹੇ ਉਹ ਐਨਾ ਸਮਾਂ ਦੇਕੇ ਕਿਵੇਂ ਉਸ ਅਸਥਾਨ ਦੀ ਤਲਾਸ਼ ਕਰ ਸਕਦੇ ਸਨ, ਆਪੋ ਆਪਣੇ ਹਾਲਾਤ ਦਾ ਆਪ ਨੂੰ ਹੀ ਪਤਾ ਹੁੰਦਾ ਹੈ – ਕਹਿਣ ਵਾਲੇ ਨੇ ਤਾਂ ਸਿਰਫ ਕਹਿ ਹੀ ਛੱਡਣਾ ਹੁੰਦਾ ਹੈ ਤੇ ਅਜ ਭੀ ਕਈ ਅਸਥਾਨ ਸਾਡੇ ਸਾਹਮਣੇ, ਇਤਿਹਾਸ ਦੀ ਖੋਜ ਦੇ ਆਧਾਰ ਤੇ ਪ੍ਰਗਟ ਹੋ ਰਹੇ ਹਨ ਅਤੇ ਹੇਮ ਕੁੰਟ ਵੀ ਉਨ੍ਹਾਂ ਹੀ ਇਤਿਹਾਸਕ ਨਿਸ਼ਾਨੀਆਂ ਤੇ ਸੇਧ ਦੀ ਅਧਾਰ ਤੇ ਹੀ ਖੋਜੀਆਂ ਨੇ ਖੋਜ ਕੇ ਨਿਸ਼ਾਨ (ਝੰਡਾ) ਲਹਿਰਾਇਆ ਹੈ, ਜਿਥੇ ਮੇਰੇ ਸ਼ਹਿਨਸਾਹ ਸ੍ਰੀ ਦਸਮੇਸ਼ ਜੀ ਦਾ ਝੰਡਾ ਪੰਜ ਸਿੰਘਾਂ ਨੇ ਮਿਲ ਕੇ ਗੱਡ ਦਿਤਾ, ਉਹ ਗੁਰੂ ਦਵਾਰਾ ਹੀ ਬਣ ਜਾਂਦਾ ਹੈ ਤੇ ਮੰਨਿਆ ਜਾਂਦਾ ਹੈ – ਕੋਈ ਉਸ ਨੂੰ ਉਖਾੜ ਜਾਂ ਪੁਟਣ ਦੀ ਜੁਅਰਤ ਨਹੀਂ ਕਰ ਸਕਦਾ, ਜੇ ਗਿਆਨ ਭਾਗ ਸਿੰਘ-ਨਿਸ਼ਾਨ ਲਾਉਣ ਵਾਲੇ ਤੇ ਯਾਤਰਾ ਜਾਣ ਵਾਲੇ ਤੇ ਝੰਡੇ ਲਹਿਰਾਉਣ ਵਾਲੇ ਸਾਰਿਆਂ ਨੂੰ ਹੀ ਕਮਲੇ ਲਿਖਦਾ ਹੈ। ਜਿਥੋਂ ਤਕ ਮਹਾਰਾਜਾ ਰਣਜੀਤ ਸਿੰਘ ਜੀ ਦਾ ਹੇਮ ਕੁੰਟ ਗੁਰਦੁਆਰਾ ਨਾ ਬਣਾਉਣ ਦਾ ਸਵਾਲ ਹੈ – ਉਹ ਇਹ ਕਿ ਜੋ ਨਿਸ਼ਾਨੇ ਉਹਨਾਂ ਦੇ ਸਾਹਮਣੇ ਆਏ ਉਹ ਬਣਾ ਦਿਤੇ ਗਏ, ਸਾਰੇ ਕੰਮ ਨਾ ਕਿਸੇ ਨੇ ਮੁਕਾਏ ਨਾ ਮੁਕਾ ਸਕੇ ਨਾ ਮੁਕ ਸਕਣਗੇ।

੯-ਅਗੇ ਸਫਾ ੧੬੧ ਤੇ ਲਿਖਿਆ ਹੈ ਕਿ ਜੇ ਕਦੇ ਹੇਮ ਕੁੰਟ ਦੇ ਸ਼ਰਧਾਲੂ ਵੀਰਾਂ ਵਾਂਗ ਬਚਿਤ੍ ਨਾਟਕ ਅਤੇ ਸੂਰਜ ਪ੍ਰਕਾਸ਼ ਵਿਚਲੇ ਮਿਥਿਆਵਾਦ ਨੂੰ ਥੋੜੇ ਚਿਰ ਵਾਸਤੇ ਸੱਚ ਹੀ ਮੰਨ ਲਿਆ ਜਾਵੇ ਕਿ ਗੁਰੂ ਕਲਗੀਧਰ ਜੀ ਨੇ ਉਤੇ ਲਿਖੇ ਅਨੁਸਾਰ ਦੇਵੀ (ਦੁਰਗਾ) ਦੀ ਆਗਿਆ ਪਾਲਣ ਹਿਤ ਪਿਛਲੇ ਜਨਮ ਹੇਮ ਕੁੰਟ ਉਤੇ ਵਡੀ ਭਾਰੀ ਕਠਨ ਤਪਸਿਆ ਸੋਧਣ ਦਾ ਹਠ ਕੀਤਾ ਸੀ ਤਾਂ ਸਗੋਂ ਗੁਰੂ ਜੀ ਉਤੇ ਗੁਰੂ ਆਦਰਸ਼ ਵਿਰੁੱਧ ਉਲਟਾ ਮਨਮੱਤ ਦਾ ਦੋਸ਼ ਅਰਪਣ ਹੋਵੇਗਾ। ਜੋ ਤਿੰਨੇ ਕਾਲ ਅਸੰਭਵ ਹੈ ਕਾਰਣ ਇਹ ਕਿ ਗੁਰੂ ਘਰ ਵਿਚ ਇਹੋ ਜਿਹੇ ਹਠ ਜੋਗ ਆਦਿਕ ਕਠਨ ਸਾਧਨਾਂ ਦਾ ਮੂਲ ਇਕ ਕੱਚੀ ਕੌਡੀ ਭੀ ਨਹੀਂ ਬਲਕਿ ਨਿਰੋਲ ਮਨਮਤਿ ਹੈ ਜਿਵੇਂ ਕਿ ਅਗੇ ਕੁਝ ਗੁਰਬਾਣੀ ਦੇ ਪ੍ਰਮਾਣ ਜਪ ਤਪ ਦੇ ਖੰਡ ਵਿਚ ਦਿਤੇ ਹਨ। ਜਿਨ੍ਹਾਂ ਦਾ ਅਸਥਾਨ ਆਪਣੇ ਆਪਣੇ ਥਾਂ ਅਲੱਗ ਅਲੱਗ ਹੈ। ਆਮ ਤੌਰ ਪਰ ਗੁਰਬਾਣੀ ਦੇ ਇਹ ਸੰਕੇਤ ਉਹਨਾਂ ਭੇਖੀ ਲੋਕਾਂ ਵਾਸਤੇ ਹਨ ਜੋ ਭੇਖ ਭੀ ਕਰਦੇ ਹਨ ਤੇ ਦੇਹੀ ਤੇ ਦੁਖ ਭੀ ਸਹਿੰਦੇ ਹਨ, ਪਰ ਪੂਰੇ ਗੁਰੂ ਤੋਂ ਵਾਂਝੇ ਹੋਣ ਦੇ ਨਾਤੇ ਅਸਲੀਅਤ ਨਹੀਂ ਜਾਣਦੇ। ਗੁਰੂ ਜੋਤੀ

Digitized by Panjab Digital Library | www.panjabdigilib.org

ਪਰ ਇਹ ਗਲ ਨਹੀਂ ਢੁਕਦੀ ਕਿਉਂਕਿ ਇਹ ਆਪ ਪੂਰੇ ਗੁਰੂ ਦੀ ਸ਼ਾਖਸਾਤ ਜੋਤਿ ਹਨ। ਜੇਕਰ ਜਪ ਤਪ ਤੋਂ ਗੁਰੂ ਜੋਤਿ ਵਿਰੋਧ ਹੁੰਦੀ ਤਾਂ ਗੁਰੂ ਨਾਨਕ ਦੇਵ ਜੀ ਨਾਲੋਂ ਵਡਾ ਜਪੀ ਤਪੀ ਸੰਤ ਭਗਤ ਗ੍ਰਿਹਸਤੀ ਕੌਣ ਹੋਇਆ ਹੈ ? ਜੇ ਕਰ ਆਪ ਇਸ ਹਕ ਵਿਚ ਨਾ ਹੁੰਦੇ ਤਾਂ ਆਪਣੇ ਪਿਤਾ ਦੇ ਦਿਤੇ ੨੦ (ਵੀਹ) ਰੂਪੇ ਜਪੀ ਤਪੀ ਸਾਧਾਂ ਨੂੰ ਕਿਉਂ ਖਵਾਉਂਦੇ ਅਤੇ ਉਹਨਾਂ ਦਾ ਐਨਾ ਸਤਕਾਰ ਨ ਕਰਦੇ। ਫੇਰ ਉਹਨਾਂ ਦੇ ਪੁਤਰ ਸ੍ਰੀ ਚੰਦ ਜੀ ਜਪ ਤਪ ਦੀ ਸਾਧਨਾਂ ਨਾ ਸਾਧਦੇ ਜਾਂ ਗੁਰੂ ਜੀ ਉਹਨੂੰ ਮਨਾਂ ਕਰ ਦਿੰਦੇ ਅਤੇ ਮਰਦਾਨੇ ਨੂੰ ਕਈ ਕਈ ਦਿਨ ਭੁਖਿਆਂ ਰਹਿਣ ਦਾ ਭੀ ਕਸ਼ਟ ਦਿੰਦੇ । ਫੇਰ ਗੁਰੂ ਅੰਗਦ ਦੇਵ ਜੀ ਸੀ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਸੁਣਾਉਂਦੇ ਹੋਇ ਕਈ ਕਈ ਦਿਨ ਸਮਾਧੀ ਅਸਿਥਿਤ ਹੀ ਨਾ ਹੁੰਦੇ ਅਤੇ ਗੁਰੂ ਅਮਰਦਾਸ ਜੀ ਸੰਨ ਸਾਹਿਬ ਬਕਾਲੇ ਵਿਚ ਭੋਰੇ ਵਿਚ ਬਹਿ ਕੇ ਤਪਸਿਆ ਨਾ ਕਰਦੇ। ਬਾਬਾ ਮੋਹਣ ਜੀ ਹਰ ਵੇਲੇ ਸਮਾਧੀ ਸਥਿਤ ਰਹਿੰਦੇ ਜਿਨ੍ਹਾਂ ਦੀ ਸਮਾਧੀ ਖੁਲਾਉਣ ਦਾ ਕੋਈ ਹੌਂਸਲਾ ਹੀ ਨਹੀਂ ਸੀ ਰਖਦਾ । ਗੁਰੂ ਤੇਗ ਬਹਾਦਰ ਜੀ ਨੂੰ ਵਰ੍ਹੇ ਬਧੀ ਤਪ ਸਾਧਦਿਆਂ ਹੋਇਆਂ ਭਾਈ ਮਖਣ ਸ਼ਾਹ ਨੇ ਪ੍ਰਗਟ ਕੀਤਾ ਸੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਦੀ ਸਿਰਜਨਾ ਦੇ ਨਮੂਨੇ ਲਈ ਵਰ੍ਹੇ ਬਧੀ ਸਮਾਧੀ ਸਥਿਤ ਰਹੇ ਸੀ ਅਤੇ ਗੁਰੂ ਨਾਨਕ ਦੇਵ ਜੀ ਪੰਨਾ ੭੨੯ ਤੇ ਐਉਂ ਲਿਖਦੇ ਹਨ।

ਜਪ ਤਪ ਕਾ ਬੰਧ ਬੇੜਲਾ ਜਿਤੁ ਲੰਘਹਿ ਵੇਹਲਾ ॥
ਨਾ ਸਰਵਰੁ ਨਾ ਉਛਲੈ ਐਸਾ ਪੰਥੁ ਸੁਹੇਲਾ ॥

ਭਾਵ ਹੈ ਕਿ ਐ ਜੀਵ ਜਪ ਤਪ ਦਾ ਬੇੜਾ ਬਣਾ ਲੈ, ਜਿਸ ਨਾਲ ਤੈਨੂੰ ਸੰਸਾਰ ਸਮੁੰਦਰ ਤੋਂ ਤਰਨਾ ਸੌਖਾ ਹੋ ਜਾਵੇਗਾ, ਜਿਸ ਦੇ ਪ੍ਰਤਾਪ ਕਰਕੇ ਨਾ ਹੀ ਤੈਨੂੰ ਸਮੁੰਦਰ ਦਾ ਰਾਹ ਪਵੇਗਾ ਅਤੇ ਨਾ ਹੀ ਲਹਿਰਾਂ ਦੇ ਉਛਾਲੇ ਦਿਸਣਗੇ । ਭਾਵ ਕਿ ਜਪ ਤਪ ਕਰਨ ਕਰਕੇ ਤੇਰਾ ਰਸਤਾ ਸਾਫ ਹੋ ਜਾਊ। ਜਿਹੜੇ ਜਪ ਤਪ ਨਹੀਂ ਕਰਦੇ ਉਹਨਾਂ ਬਾਰੇ ਇਉਂ ਲਿਖਿਆ ਹੈ–

ਜਪੁ ਤਪੁ ਸੰਜਮੁ ਧਰਮ ਨ ਕਮਾਇਆ ॥ ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥ ਕਹੁ ਨਾਨਕ ਹਮ ਨੀਚ ਕਰੰਮਾ ॥ ਸਰਣ ਪਰੇ ਕੀ ਰਾਖਹੁ ਸਰਮਾ ॥
ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮ ਨਾਮ ਨਾ ਅਰਾਧਿਆ ॥
ਸਫਾ ੯੩ ॥ ਬੇਣੀ ਜੀ ॥

ਭਾਵ ਐ ਪ੍ਰਾਨੀ ਤੂੰ ਜਪੁ ਤਪ ਸੰਜਮ ਛਡ ਦਿਤਾ ਜੋ ਚੰਗੀ ਮਤ ਸੀ ਅਤੇ ਰਾਮ ਨਾਮ ਦੀ ਅਰਾਧਨਾ ਭੀ ਨਾ ਕੀਤੀ ।

ਜੇਕਰ ਅਸੀਂ ਜਪ ਤੇ ਤਪ ਅਥਵਾ ਸੰਜਮ ਤਿੰਨੇ ਹੀ ਕੰਮ ਨਹੀਂ ਕਰਦੇ ਅਤੇ ਗੁਰੂ ਦੀ ਸੇਵਾ ਤੇ ਰਾਮ ਨਾਮ ਵੀ ਨਹੀਂ ਜਪਦੇ, ਫੇਰ ਸਾਡੇ ਨਾਲੋਂ ਨੀਚ ਕਰਮਾਂ ਵਾਲਾ ਕੌਣ ਹੋ ਸਕਦਾ ਹੈ ਅਤੇ ਫੇਰ ਤਾਂ ਅਸੀਂ ਗੁਰੂ ਦੇ ਸਿਖ ਕਹਾਉਣ ਦਾ ਹਕ ਭੀ ਨਹੀਂ ਰਖਦੇ ਕਿਉਂ ਕਿ (ਬੰਦਾ ਸੋ ਜੋ ਬੰਦੀ ਵਿਚ ਆਵੇ) ਜਿਹੜਾ ਗੁਰੂ ਦੇ ਭੈ ਵਿਚ ਰਹਿ ਕੇ, ਮਨ ਨੂੰ ਮਾਰ ਕੇ ਜਪ ਤਪ ਕਰਦਾ ਹੋਇਆ ਨਾਮ ਜਪਦਾ ਹੈ ਉਹ ਤਾਂ ਕੁਦਰਤੀ ਜੋਗੀ ਹੈ, ਇਸ ਤੋਂ ਗੁਰੂ ਦੇ ਸਿਖ ਕਿਵੇਂ ਬਚ ਸਕਦੇ ਹਨ–

ਸਤਿਗੁਰੁ ਸੇਵੇ ਸੋ ਜੋਗੀ ਹੋਇ ॥ ਭੈ ਵਿਚ ਰਹੈ ਸੁ ਨਿਰਭਉ ਹੋਇ ॥ ਸ: ੨੨੩ ॥

Digitized by Panjab Digital Library | www.panjabdigilib.org

ਤੀਰਥ ਵਰਤ ਸੁਚਿ ਸੰਜਮੁ ਨਾਹੀ ਕਰਮੁ ਧਰਮੁ ਨਹੀ ਪੂਜਾ ॥
ਨਾਨਕ ਭਾਇ ਭਗਤਿ ਨਿਸਤਾਰਾ ਦੁਬਧਾ ਵਿਆਪੈ ਦੂਜਾ ॥ ਸ: ੭੬ ॥ ਮ: ੧ ॥

ਜਿਸ ਨੇ ਨਾ ਤੀਰਥ ਕੀਤੇ ਅਤੇ ਨਾ ਹੀ ਸੁਚ ਸੰਜਮ ਕੋਈ ਚੰਗਾ ਕਰਮ ਜਾਂ ਧਰਮ ਹੀ ਕੀਤਾ, ਨਿਸਤਾਰਾ ਤਾਂ ਇਹਨਾਂ ਦੇ ਭਾਇ ਭਗਤਿ ਕਰਨ ਨਾਲ ਹੁੰਦਾ ਹੈ ਜਦ ਤਕ ਸਰੀਰਕ ਤੇ ਆਤਮਿਕ ਸ਼ੁਧਤਾ ਦੇ ਨਾਮ ਨਹੀਂ ਜਪਿਆ। ਫੇਰ ਤਾਂ ਸਮਝੋ ਦੂਵੈਤ ਭਾਵ ਵਿਚ ਹੀ ਗ੍ਰਹਿਸਤ ਹੈ।

(੧) ਜਪੁ ਤਪੁ ਸੰਜਮ ਦਇਆ ਧਰਮੁ ਜਿਸੁ ਦੇਹਿ ਸੋ ਪਾਇ ॥ ਸ: ੯੬੬ ॥ ਮਹਲਾ ੫ ॥
(੨) ਜਪੁ ਤਪੁ ਸੰਜਮੁ ਨਾਲਿ ਤੁਧੁ ਹੋਰ ਮੁਚੁ ਗਰੂਰੁ ॥੫॥੯੬੭॥ ਮਹਲਾ ੫ ॥
(੩) ਰਾਮਦਾਸ ਸਰੋਵਰੁ ਨੀਕਾ ॥ ਜੋ ਨਾਵੈ ਸੋ ਕੁਲ ਤਰਾਵੈ ਉਧਾਰੁ ਹੋਆ ਹੈ ਜੀਕਾ ॥ ਰਹਾਉ ॥ ਸ: ੬੨੩ ॥

ਕੀ ਏਹੋ ਤੀਰਥ ਨਹੀਂ ਜਿਸ ਨੂੰ ਬਹੁਤ ਚੰਗਾ ਕਿਹਾ ਹੈ ਅਰ ਜੀਅਕਾ ਭਾਵ ਆਤਮਾ ਦਾ ਉਧਾਰ ਨਿਸਤਾਰਾ ਕਰਦਾ ਹੈ।

ਬਹੁਤ ਬਰਸ ਤਪ ਕੀਆ ਕਾਸੀ ॥ ਸ: ੩੨੬ ॥ ਕਬੀਰ ਜੀ ॥
ਬਿਨ ਬੈਰਾਗ ਨ ਛੂਟਸਿ ਮਾਇਆ ॥ ਮਹਲਾ ੧ ॥ ਸਫਾ ੩੨੬ ॥

ਜੇਹੜੀਆਂ ਪੰਗਤੀਆਂ ਗਿ: ਭਾਗ ਸਿੰਘ ਜੀ ਨੇ ਦਿਤੀਆਂ ਹਨ ਉਹਨਾਂ ਦੇ ਅਰਥ ਨੂੰ ਵਿਚਾਰਨ ਦੀ ਲੋੜ ਹੈ।

ਹਰਿ ਬਿਨ ਅਵਰ ਕਿਰਿਆ ਬਿਰਥੇ ॥ ਜਪ ਤਪ ਸੰਜਮ ਕਰਮ ਕਮਾਣੇ ਇਹ ਉਰੇ ਮੂਸੇ ॥ ਗਉੜੀ ਮ: ੫ ॥

ਜਿਸ ਦਾ ਭਾਵ ਹੈ ਕਿ ਜਪ ਤਪ ਤਾਂ ਕਰਦਾ ਹੈ ਪਰ ਮਨ ਨੂੰ ਰੋਕ ਕੇ ਹਰਿ ਵਿਚ ਲੀਨ ਹੈ ਨਹੀਂ ਇਸ ਬਾਰੇ ਸ੍ਰੀ ਕਬੀਰ ਜੀ ਭੀ ਕਹਿੰਦੇ ਹਨ।

ਸੰਧਿਆ ਪ੍ਰਾਤ ਇਸਨਾਨ ਕਰਾਹੀ ਜਿਉ ਭਏ ਦਾਦੁਰ ਪਾਨੀ ਮਾਹੀ ॥
ਜਉ ਪੈ ਰਾਮ ਰਾਮ ਰਤਿ ਨਾਹੀ ਤੇ ਸਭਿ ਧਰਮ ਰਾਇ ਕੈ ਜਾਹੀ ॥ ੧ ॥
ਰਹਾਉ ॥ ਸ: ੩੨੪ ॥ ਕਬੀਰ ਜੀ ॥

ਇਹ ਅਵਸਥਾ ਗੁਰੂ ਜੋਤਿ ਪਰ ਤਾਂ ਨਹੀਂ ਢੁਕਦੀ ਕਿਉਂਕਿ ਉਹ ਤਾਂ ਨਾਮ ਨੂੰ ਕਦੇ ਭੁਲਦੇ ਹੀ ਨਹੀਂ ਸਨ।

੧੦-ਇਸ ਤੋਂ ਅਗੇ ਭਾ ਭਾਗ ਸਿੰਘ ਜੀ ਪੰਨਾ ੧੬੧ ਤੋਂ ੬੩ ਤਕ ਭਾਈ ਸੰਤੋਖ ਸਿੰਘ ਜੀ ਅਤੇ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ ਸ੍ਰੀ ਦਸਮੇਸ਼ ਜੀ ਦੇ ਲਿਖੇ ਬਚਿਤ੍ਰ ਨਾਟਕ ਦੀ ਰਚਨਾ ਨੂੰ ਝੁਠਿਆਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਉਂਦੇ ਲਿਖਦੇ ਹਨ ਕਿ ਕੀ ਕੋਈ ਸੂਝਵਾਨ ਗੁਰਮੁਖ ਉਪ੍ਰੋਕਤ ਨਿਰਾ ਸੰਸੇ ਕਰਨ ਵਾਲੀ ਦਸਮੇਸ਼ ਰਚਨਾ ਦੀ ਹੋਂਦ ਵਿਚ ਦਸਮ ਗ੍ਰੰਥ ਅਤੇ ਸੂਰਜ ਪ੍ਰਕਾਸ਼ ਵਿਚਲੀ ਉਤੇ ਲਿਖੀ ਭੁਲੇਖੇ ਹੀ ਭੁਲੇਖੇ ਪਾਉਣ ਢਾਲੀ ਕਵੀਆਂ ਦੀ ਕਪੋਲ ਕਲਪਣਾ ਨੂੰ ਦਸਮੇਸ਼ ਕ੍ਰਿਤ ਮੰਨ

Digitized by Panjab Digital Library | www.panjabdigilib.org

ਸਕਦਾ ਹੈ ? ਹਰਗਿਜ਼ ਨਹੀਂ । ਦੂਜਾ ਇਹ ਕਿ ਅਕਾਲ ਪੁਰਖ ਨੇ ਦੁਸ਼ਟ ਦਮਨ ਨੂੰ ਝੋਲੀ ਵਿਚ ਬਿਠਾ ਕੇ ਮੱਥਾ ਚੁੰਮਿਆ ਅਤੇ ਮਾਤ ਲੋਕ ਵਿਚ ਜਾ ਕੇ ਨਾਮ ਜਪਾਉਣ ਦੀ ਤਾਕੀਦ ਕੀਤੀ, ਜਿਸ ਤੋਂ ਸੁਤੇ ਹੀ ਸਿਧ ਹੋਇਆ ਕਿ ਮੱਥੇ ਚੁੰਮਣ ਵਾਲਾ ਅਤੇ ਆਪਣਾ ਨਾਮ ਜਪਾਉਣ ਲਈ ਤਰਲੇ ਲੈਣ ਵਾਲਾ (ਕਵੀ ਵਲੋਂ ਕਲਪਤ ਕੀਤਾ) ਕੋਈ ਹੋਰ ਹੀ ਸਰੀਰ ਧਾਰੀ ਅਕਾਲ ਪੁਰਖ ਹੈ ਜੋ ਝੋਲੀ ਵਿਚ ਬਿਠਾਉਂਦਾ ਅਤੇ ਮੱਥਾ ਚੁੰਮਦਾ ਨਾਲੇ ਗਲਾ ਭੀ ਕਥਦਾ ਹੈ, ਪ੍ਰੰਤੂ ਦਸਮ ਪਾਤਸ਼ਾਹ ਆਪਣੇ ਅਕਾਲ ਪੁਰਖ ਨੂੰ ਅਨੰਗੀ (ਅਨ ਅੰਗੀ) ਅੰਗ ਰਹਿਤ ਅਤੇ ਅਕਾਏ (ਅ-ਕਾਏ) ਕਾਇਆ (ਸਰੀਰ) ਰਹਿਤ ਦਸਦੇ ਹਨ- ਜਿਵੇਂ ਕਿ-

ਚਕ੍ਰ ਚਿਹਨ ਅਰ ਬਰਨ ਜਾਤਿ ਅਰਿ ਪਾਤ ਨਹਿਨ ਜਹ ॥

ਉਤਰ ਵਿਚ ਜਾਪ ਸਾਹਿਬ ਵਿਚ ਇਹ ਭੀ ਲਿਖਿਆ ਹੈ ।

ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ ॥
ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿਏਕ ॥ ੮੧ ॥

ਜਿਸਦਾ ਭਾਵ ਹੈ ਕਿ ਓਹ ਭਾਵੇਂ ਇਕ ਰੂਪ ਹੈ ਪਰ ਉਸਦੇ ਦਰਸ਼ਨ ਅਨੇਕ ਹਨ-ਇਹ ਉਸਦਾ ਖੇਲ ਹੈ ਜੋ ਖੇਲਦਾ ਰਹਿੰਦਾ ਹੈ ?

ਆਪੇ ਦੇਤ ਲਾਇ ਚਿਤੇ ਸੰਤ ਜਨਾ ਕੋਉ ਆਪੇ ਰਾਖਾ ਸੋਈ ॥ ਸ: ੧੧੩੩ ॥ ਮਹਲਾ ੩ ॥

ਜਦੋਂ ਉਸਨੇ ਦੈਂਤ ਪੈਦਾ ਕਰਕੇ ਭਗਤਾਂ ਦੇ ਪਿਛੇ ਲਾ ਦਿਤੇ ਹਨ ਫੇਰ ਉਹਨਾਂ ਤੋਂ ਬਚਾਉਂਦਾ ਭੀ ਹੈ ਤਾਂ ਉਸ ਵੇਲੇ ਕੀ ਉਸ ਦਾ ਕੋਈ ਸਰੂਪ ਨਹੀਂ ਹੁੰਦਾ ? ਉਸ ਨੂੰ ਸਰੂਪ ਧਾਰਨ ਲਗਿਆਂ ਔਖ ਭੀ ਕੀ ਹੈ-

ਖਿਨ ਮਹਿ ਭੈਆਨ ਰੂਪ ਨਿਕਲਿਆ ਥੰਮ ਉਪਾੜਿ ॥
ਹਰਣਾਖਸੁ ਨਖੀ ਬਿਦਾਰਿਆ ਪ੍ਰਹਲਾਦੁ ਲੀਆ ਉਬਾਰਿ ॥

ਗਿ: ਭਾਗ ਸਿੰਘ ਦੇ ਸਵਾਲ ਦਾ ਉਤਰ ਦੇਣ ਲਈ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਬੇਅੰਤ ਮਿਸਾਲਾਂ ਹਨ, ਪਰ ਉਹ ਕਹਿੰਦਾ ਹੈ ਕਿ ਇਹ ਤਾਂ ਪਰਮਾਣਕ ਹੀ ਨਹੀਂ । ਇਸ ਲਈ ਮੈਂ ਇਹ ਗੁਰਬਾਣੀ ਦੀਆਂ ਉਦਾਹਰਣਾਂ ਦੇ ਰਿਹਾ ਹਾਂ ਕਿ ਜੇਕਰ ਆਪਣੇ ਭਗਤ ਲਈ-ਆਪਣਾ ਨਾਮ ਜਪਾਉਣ ਲਈ ਨਰ ਸਿੰਘ ਦਾ ਰੂਪ ਧਾਰਨ ਕਰ ਸਕਦਾ ਹੈ-ਤਾਂ ਕੀ ਸੀ ਗੁਰੂ ਗੋਬਿੰਦ ਸਿੰਘ ਜੀ ਨਾਲ ਗਲਾਂ ਕਰਨ ਜੋਗੀ ਭੀ ਉਸ ਪਰੀ-ਪੂਰਨ ਪ੍ਰਮਾਤਮਾਂ ਪਾਸ ਸ਼ਕਤੀ ਨਹੀਂ । ਫੇਰ ਉਸ ਦੇ ਕੌਲ ਹਰਨਾਕਸ਼ ਦਾ ਢਿਡ ਪਾੜਨ ਲਈ ਨਹੁੰ ਕਿਥੋਂ ਆ ਗਏ ਜੇਕਰ ਗਲ ਕਰਨ ਜਾਂ ਬੋਲਣ ਦੀ ਤੀ ਸਮਰਥਾ ਉਸਦੇ ਪਾਸ ਨਹੀਂ ਹੈ ? ਮੈਂ ਨਹੀਂ ਕਹਿੰਦਾ ਬਾਣੀ ਕਹਿੰਦੀ ਹੈ-

ਹਉ ਤੁਮਰੀ ਕਰਉ ਨਿਤ ਆਸ ਪ੍ਰਭ ਮੋਹਿ ਕਬ ਗਲਿ ਲਾਵਹਿਗੇ ॥ ਸ: ੧੩੩੧ ॥ ਮਹਲਾ ੫ ॥

ਗੋਬਿੰਦ ਸਿੰਘ ਨੂੰ ਗੋਦ ਵਿਚ ਲੈਕੇ ਗਲ ਨਹੀਂ ਲਾ ਸਕਦਾ ਅਤੇ ਗੁਰਬਾਣੀ ਵਿਚ ਲਿਖਿਆ ਹੈ ।

ਭਗਤ ਸੰਗਿ ਪ੍ਰਭੁ ਗੋਸਟ ਕਰਤ ॥ ਸ: ੮੯੪ ॥ ਮਹਲਾ ੫ ॥
ਅਗਿਆਨੁ ਅੰਧੇਰਾ ਕਟਿਆ ਜੋਤ ਪਰਗਟਿਆਈ ਰਾਮ ॥ ੮੪੫ ॥ ਮਹਲਾ ੪ ॥

Digitized by Panjab Digital Library | www.panjabdigilib.org

ਦੁਸਟ ਦਮਨ–ਦੇ ਸਿਰਲੇਖ ਹੇਠ ਭਾ: ਭਾਗ ਸਿੰਘ ਜੀ ਲਿਖਦੇ ਹਨ ਕਿ ਕਿਹੜੀ ਥਾਂ ਹੈ ਜਿਥੇ ਦੁਸ਼ਟ ਦਮਨ ਨੂੰ ਬਿਬਾਨ ਪਰ ਬਿਠਾ ਕੇ ਲੈ ਗਏ ਸਨ ਅਕਾਲ ਪੁਰਖ ਦਾ ਕੋਈ ਡੇਰਾ ਹੀ ਹੈ ਨਹੀਂ। ਇਸ ਦੇ ਉਤਰ ਵਿਚ ਇਹ ਕਿ (**ਗਾਵਹਿ ਤੁਧਨੁੰ ਪਉਣ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ**) ਸੋਦਰ ਜਪੁਜੀ ਸਾ: । ਜਦ ਨਿਰੰਕਾਰ ਹਰ ਥਾਂ ਹੀ ਸਮਾਇਆ ਹੋਇਆ ਤਾਂ ਉਹ ਕਿਹੜਾ ਤੇ ਕਿਸਦਾ ਦਵਾਰਾ ਹੈ, ਜਿਥੇ ਉਸ ਨੂੰ ਹਵਾ, ਪਾਣੀ, ਅਗਨੀ ਅਤੇ ਧਰਮਰਾਜ ਖੜੇ ਗਾਉਂਦੇ ਹਨ। ਭਾਈ ਭਾਗ ਸਿੰਘ ਜੀ ਤਾਂ ਇਸ ਨੂੰ ਭੀ ਗੱਪ ਮਾਰੀ ਹੀ ਦਸਣਗੇ, ਕਿਉਂਕਿ ਅਗ ਤੇ ਪਾਣੀ ਦੇ ਕੇਹੜੀ ਜ਼ਬਾਨ ਲਗੀ ਹੋਈ ਹੈ। ਫੇਰ ਇਤਿਹਾਸ ਦਸਦਾ ਹੈ ਕਿ ਗਰ ਨਾਨਕ ਦੇਵ ਜੀ ਸੰਸਾਰ ਰਟਨ ਤੋਂ ਪਹਿਲੇ ਸੱਚ ਖੰਡ ਗਏ ਸਨ ਜਿਥੇ ਅਨੇਕਾਂ ਸੂਰਜਾਂ ਨਾਲੋਂ ਬਹੁਤਾ ਪ੍ਰਕਾਸ਼ ਸੀ ਉਥੇ ਦਰ ਵਿਚ ਖੜੇ ਹੋ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਦੀ ਉਸਤਤਿ ਕਰਦੇ ਹੋਇ ਸੋਦਰ ਦੀ ਪਾਉੜੀ ਜਪੁਜੀ ਸਾਹਿਬ ਦੀ ੧੭ਵੀਂ ਪਉੜੀ ਉਚਾਰਨ ਕੀਤੀ ਸੀ ਤਾਂ ਫੇਰ ਗੁਰੂ ਨਾਨਕ ਦੇਵ ਜੀ ਨੂੰ ਏਡਾ ਪੈਂਡਾ ਮਾਰ ਕੇ ਉਥੇ ਜਾਣ ਦੀ ਕੀ ਲੋੜ ਸੀ, ਪਰ ਭਾਈ ਭਾਗ ਸਿੰਘ ਜੀ ਕਹਿਣਗੇ ਕਿ ਇਹ ਭੀ ਤਾਂ ਗੱਪਾਂ ਹੀ ਮਾਰੀਆਂ ਹੋਈਆਂ ਹਨ ਜਾਂ ਫਿਰ ਕਿਸੇ ਸਾਕਤ ਕਵੀ ਦੇ ਮੱਥੇ ਮੜ ਦੇਣਗੇ, ਪਰ ਇਹ ਟੀਕਾ ਫਰੀਦਕੋਟ ਨੇ ਭੀ ਤਸਦੀਕ ਕੀਤਾ ਹੈ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਭੀ ਕਹਿੰਦੇ ਹਨ।

ਖਟ ਸਾਸਤ੍ਰ ਊਚੋ ਕਹਹਿ ਅੰਤੁ ਨ ਪਾਰਾਵਾਰ ॥ ਭਗਤ ਸੋਹਹਿ
ਗੁਣ ਗਾਵਤੇ ਨਾਨਕ ਪ੍ਰਭ ਕੈ ਦੁਆਰ ॥ ਸ: ੨੯੭ ॥ ਮ: ੫ ॥ ਸੁਖਮਨੀ ਸਾਹਿਬ ॥
ਚਲੁ ਰੇ ਬੈਕੁੰਠ ਤੁਝਹਿ ਲੈ ਤਾਰਉ ॥ ਹਿਚਹਿ ਤ ਪ੍ਰੇਮ ਕੈ ਚਾਬੁਕ
ਮਾਰਉ ॥ ੨ ॥ ਕਬੀਰ ਜੀ ॥ ਸ: ੩੨੯ ॥

ਕਬੀਰ ਜੀ ਆਪਣੇ ਸਰੀਰ ਰੂਪੀ ਘੋੜੇ ਨੂੰ ਸਿਧੇ ਬੈਕੁੰਤ ਵਲ ਨੂੰ ਹਿਕੀ ਜਾ ਰਹੇ ਹਨ ਅਤੇ ਜੇ ਉਹ ਜਰਾ ਹੁਜਤ ਕਰਦਾ ਹੈ ਤਾਂ ਪ੍ਰੇਮ ਦੇ ਛੈਂਟੇ ਭੀ ਤਿਆਰ ਹਨ ਪਰ ਉਹ ਬੈਕੁੰਠ ਨਗਰ ਕਿਸ ਥਾਂ ਹੈ, ਫੇਰ ਕਬੀਰ ਜੀ ਭੁਲ ਕੇ ਕੇਹੜੇ ਰਾਹ ਪੈ ਗਏ ਹਨ ? ਇਸ ਲਈ ਸਾਨੂੰ ਤੱਤ ਦੀ ਪਛਾਣ ਦੀ ਲੋੜ ਹੈ, ਜਿਵੇਂ ਕਿ–

ਨਿਰਗੁਣੁ ਸਰਗੁਣੁ ਆਪੇ ਸੋਈ ॥ ਤਤ ਪਛਾਣੈ ਸੋ ਪੰਡਿਤੁ ਹੋਈ ॥
(੧) ਮਿਠ ਬੋਲੜਾ ਜੀ ਹਰਿ ਸਾਜਣ ਸੁਆਮੀ ਮੇਰਾ ॥
ਹਉ ਸੰਮਲਿ ਥਕੀ ਜੀ ਓਹ ਕਦੇ ਨ ਬੋਲੈ ਕਉਰਾ ॥
ਮਹਲਾ ੫ ॥ ਸਫਾ ੭੮੪ ॥

ਗੁਰਬਾਣੀ ਕਹਿੰਦੀ ਹੈ ਕਿ ਨਿਰੰਕਾਰ ਬਹੁਤ ਮਿਠੇ ਬੋਲ ਬੋਲਦਾ ਹੈ ਅਤੇ ਕੌੜਾ ਨਹੀਂ ਬੋਲਦਾ, ਪਰ ਭਾਈ ਭਾਗ ਸਿੰਘ ਕਹਿੰਦਾ ਹੈ ਕਿ ਉਹ ਬੋਲ ਸਕਦਾ ਹੀ ਨਹੀਂ ਬੇ ਜ਼ਬਾਨ ਹੀ ਹੈ।

(੨) **ਅਤਿ ਊਚਾ ਤਾਕਾ ਦਰਬਾਰਾ ॥ ਅੰਤ ਨਹੀ ਕੁਛ ਪਾਰਾਵਾਰਾ ॥**

ਗੁਰਬਾਣੀ ਕਹਿੰਦੀ ਹੈ ਕਿ ਉਸ ਦਾ ਦਰਬਾਰ ਹੈ ਤੇ ਭੀ ਬੜਾ ਉਚਾ ਉਚਾ ਭੀ ਐਨਾ ਕਿ ਜਿਸ ਨਾ ਅੰਤ ਹੈ ਅਤੇ ਨਾ ਉਰਲਾ ਪਰਲਾ ਸਿਰਾ ਲਭਦਾ ਹੈ, ਪਰ ਭਾਈ ਭਾਗ ਸਿੰਘ ਕਹਿੰਦਾ ਹੈ ਉਸਦਾ ਟਿਕਾਣਾ ਹੀ ਨਹੀਂ।

Digitized by Panjab Digital Library | www.panjabdigilib.org

(੩) ਸੁਣ ਯਾਰ ਹਮਾਰੇ ਸਜਣਾ ਇਕ ਕਰਉ ਬੇਨੰਤੀਆ ॥

ਗਿ: ਭਾਗ ਸਿੰਘ ਕਹਿੰਦਾ ਹੈ ਕਿ ਯਾਰ ਹੀਰ ਆਖਣੇ ਰਾਂਝੇ ਨੂੰ ਕਹਿੰਦੀ ਹੈ, ਇਸ ਲਈ (ਯਾਰੜੇ ਦਾ ਸਾਨੂੰ ਸਥਰ ਚੰਗਾ) ਵਾਲੀ ਬਾਣੀ ਗਲਤ ਹੈ।

(੪) ਪਾਖੰਤਣ ਬਾਜ ਬਜਾਇਲਾ ॥ ਗਰੜ ਚੜ੍ਹੇ ਗੋਬਿੰਦ ਆਇਲਾ ॥ ੧੫ ॥
ਅਪਨੇ ਭਗਤ ਪਰਿ ਕੀ ਪ੍ਰਤਿਪਾਲ ॥ ਗਰੜ ਚੜ੍ਹੇ ਆਏ ਗੋਪਾਲਾ ॥ ੧੬ ॥
ਕਹਹਿ ਤ ਧਰਣ ਇਕੋਡੀ ਕਰਉ ॥ ਕਹਹਿ ਤੇ ਲੈ ਕਰਿ ਉਪਰਿ ਧਰਉ ॥

ਕਹਹਿ ਤ ਮੁਈ ਗਊ ਦੋਉ ਜੀਆਇ ॥ ਸਭ ਕੋਈ ਦੇਖੈ ਪਤੀਆਇ ॥੧੮॥ਸ:੧੧੬੬॥

ਗੁਰਬਾਣੀ ਕਹਿੰਦੀ ਹੈ ਕਿ ਫੰਗਾਂ ਦਾ ਵਾਜਾ ਵਜਾਉਂਦਾ ਹੋਇਆ ਗਰੜ ਪਰ ਚੜ੍ਹ ਕੇ ਗੋਬਿੰਦ ਜੀ ਆਏ। ਭਾਈ ਭਾਗ ਸਿੰਘ ਕਹਿੰਦਾ ਹੈ ਕਿਹੜੇ ਹਵਾਈ ਜਹਾਜ ਤੇ ਬਿਠਾ ਕੇ ਦੁਸ਼ਟ ਦਮਨ ਨੂੰ ਕਿਥੇ ਲੈ ਗਏ। ਬਾਣੀ ਕਹਿੰਦੀ ਹੈ ਕਿ ਆਪਣੇ ਭਗਤਾਂ ਦੀ ਪ੍ਰਿਤਪਾਲਨਾ ਕਰਦਾ ਹੈ, ਜਿਸ ਲਈ ਨਾਮੇ ਦੀ ਸਹਾਇਤਾ ਨਾਲ ਗਰੜ ਤੇ ਚੜ੍ਹ ਕੇ ਗੋਪਾਲ ਜੀ ਆ ਗਏ ਸਨ ਅਤੇ ਭਗਵਾਨ ਜੀ ਨਾਮੇ ਨੂੰ ਕਹਿੰਦੇ ਹਨ ਕਿ ਕਹੁ ਨਾਮਿਆ ਕੀ ਕਰਨਾ ਹੈ ਜੇ ਕਹੇਂ ਤਾਂ ਧਰਤੀ ਨੂੰ ਉਲਟਾ ਕੇ ਪੁਠੀ ਕਰ ਦਿਆਂ ਜੇ ਕਹੇ ਲੈ ਕੇ ਆਪਣੇ ਹਥ ਉਪਰ ਚੁਕ ਲਵਾਂ ਜੇ ਕਹੇਂ ਤਾਂ ਇਸੀ ਮਰੀ ਹੋਈ ਨੂੰ ਜਿਉਂਦੀ ਕਰ ਦੇਵਾਂ। ਪਰ ਭਾਈ ਭਾਗ ਸਿੰਘ ਜੀ ਕਹਿੰਦੇ ਹਨ ਕਿ ਉਸ ਗੁੰਗੇ ਰੱਬ ਨੇ ਗੁਰੂ ਗੋਬਿੰਦ ਸਿੰਘ ਜੀ ਨਾਲ ਗੱਲਾਂ ਕਿਵੇਂ ਕਰ ਲਈਆਂ ਅਤੇ ਮਥਾ ਕਿਵੇਂ ਚੁੰਮ ਲਿਆ ਅਤੇ ਕਿਹੜੇ ਹਵਾਈ ਜਹਾਜ਼ ਉਪਰ ਚੁਕ ਕੇ ਕਿਥੇ ਨੂੰ ਲੈ ਗਏ, ਉਸ ਦਾ ਥਾਂ ਟਿਕਾਣਾ ਹੀ ਕੋਈ ਨਹੀਂ।

ਭਗਤਾਂ ਦੀ ਸਦਾ ਤੂੰ ਰਖਦਾ ਜੁਗ ਜੁਗ ਰਖਦਾ ਆਇਆ ॥

ਕੀ ਗੁਰੂ ਗੋਬਿੰਦ ਸਿੰਘ ਜੀ ਦੀ ਉਚ ਆਤਮਾ ਭਗਤਾਂ ਦੀ ਫਹਰਿਸਤ ਤੋਂ ਨੀਵੀ ਸੀ। ਇਸ ਹੁਜਤ ਬਾਜੀ ਨੂੰ ਛੱਡ ਕੇ ਜੇ ਕਰ ਵਿਚਾਰ ਕੀਤੀ ਜਾਵੇ ਤਾਂ ਸਾਨੂੰ ਦਿਸੇਗਾ ਕਿ ਨਿਰੰਕਾਰ ਨਿਰਗੁਣ ਭੀ ਆਪ ਹੈ ਸਰਗੁਣ ਭੀ ਓਹੀ ਹੈ ਕੁਝ ਵੀ ਨਹੀਂ ਹੈ ਸਭ ਕੁਝ ਉਹੀ ਹੈ ਉਸਦੇ ਕੰਮ ਵਿਚ ਸਾਡੀ ਹੁਜਤ ਬਾਜ਼ੀ ਉਕੀ ਨਿਰਮੂਲ ਤੇ ਹਾਸੋ ਹੀਣੀ ਗੱਲ ਹੈ। ਜੇ ਕਰ ਬਾਣੀ ਕਹਿੰਦੀ ਹੈ ਕਿ ਉਸ ਦਾ ਰੂਪ ਰੰਗ ਕੋਈ ਨਹੀਂ ਤਾਂ ਬਾਣੀ ਐਉਂ ਭੀ ਕਹਿੰਦੀ ਹੈ–

ਰਾਜਨ ਮਹਿ ਤੂ ਰਾਜਾ ਕਹੀਅਹਿ ॥ ਭੂਮਨ ਮਹਿ ਭੂਮਾ ॥ ਠਾਕਰ ਮਹਿ ਠਕਾਰਾਈ ਤੇਰੀ ਕੋਮਨ ਸਿਰ ਕੋਮਾ ॥ ੧ ॥ ਪਿਤਾ ਮੇਰੋ ਬਡੋ ਧਨੀ ਅਗਾਮਾ ॥ ਉਸਤਤਿ ਕਵਨ ਕਰੀਜੈ ਕਰਤੇ ਪੇਖ ਰਹੇ ਬਿਸਮਾ ॥੧ ॥ ਸਫਾ ੪੦੭ ॥ ਮਹਲਾ ੫ ॥

ਉਹ ਪਿਤਾ ਪ੍ਰਮੇਸ਼ਰ ਰਾਜਿਆਂ ਵਿਚੋਂ ਸਭ ਤੋਂ ਵਡਾ ਰਾਜਾ ਭੀ ਹੈ ਅਤੇ ਧਰਤੀ ਦੇ ਮਾਲਕਾਂ ਵਿਚੋਂ ਸਭ ਤੋਂ ਵਡਾ ਮਾਲਿਕ ਹੈ ਉਹ ਅਗੰਮ ਹੈ, ਜਿਸ ਦੀ ਉਸਤਤਿ ਕੀਤੀ ਨਹੀਂ ਜਾ ਸਕਦੀ, ਉਸਦੇ ਕੰਮਾਂ ਨੂੰ ਤਕ ਕੇ ਅਸੀਂ ਬਿਸਮਾਦ ਹੀ ਹੋ ਸਕਦੇ ਹਾਂ; ਉਹ ਪੂਰਨ ਸਮਰੱਥ ਹੈ ਉਸ ਦੇ ਖੇਡ ਨਿਆਰੇ ਨੇ,

Digitized by Panjab Digital Library | www.panjabdigilib.org

ਨਾ ਹੋਣ ਵਾਲੇ ਕੰਮ ਭੀ ਕਰ ਸਕਦਾ ਹੈ। ਇਸੇ ਕੌਤਕਾਂ ਦੇ ਬਚਿਤ੍ਰ ਨਾਮ ਕਰਕੇ ਬਚਿਤ੍ਰ ਨਾਟਕ ਫਬਦਾ ਹੈ ਇਸੇ ਵਿਸ਼ੇ ਤੇ ਸਾਰੇ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦਾ ਉਚਾਰਣ ਕੀਤਾ ਗਿਆ ਹੈ ਜਿਸ ਨੂੰ ਸਾਨੂੰ ਸਮਝਣ ਦੀ ਲੋੜ ਹੈ ਨਾ ਕਿ ਕਟਾਕਸ਼ ਦੀ। ਗੁਰਮਤਿ ਸਚੀ ਹੈ ਅਤੇ ਹੁਜਤਾਂ ਤੋਂ ਦੂਰ ਦੀ ਵਸਤੂ ਹੈ ਗਿ: ਭਾਗ ਸਿੰਘ ਨੇ ਹੁਜਤ ਪ੍ਰਕਾਸ਼ ਦਾ ਨਾਮ ਗ੍ਰੰਥ ਨਿਰਣੇ ਰੱਖ ਕੇ ਗਲਤੀ ਕੀਤੀ ਹੈ।

ਗੁਰਮਤਿ ਸਾਚੀ ਹੁਜਤਿ ਦੂਰਿ ॥ ਬਹੁਤ ਸਿਆਣਪ ਲਾਗੈ ਧੂਰ ॥
ਸ: ੩੫੨ ॥ ਮਹਲਾ ੧ ॥

ਇਕ ਪਾਸੇ ਗਿ: ਭਾਗ ਸਿੰਘ (ਚਕ੍ਰ ਚਿਹਨ ਅਰ ਬਰਨ ਜਾਤ) ਵਾਲੀ ਜਾਪੁ ਸਾਹਿਬ ਦੀ ਬਾਣੀ ਨੂੰ ਦਸਮੇਸ਼ ਬਾਣੀ ਮੰਨਦਾ ਹੈ) ਦੂਜੇ ਪਾਸੇ ਇਕ ਢੰਗ ਤੇ ਇਸੇ ਕਲਮ ਦੀ ਬਾਣੀ–

ਨਿਰੰਕਾਰ ਨ੍ਰਿਬਿਕਾਰ ਨਿਤਯੰ ਨਿਰਾਲੰ ॥ ਬ੍ਰਿਧੰ ਬਿਸੇਖੰ ਨ ਤਰਨੰ ਨ ਬਾਲੰ ॥
ਨ ਰੰਕੰ ਨ ਰਾਯੰ ਨ ਰੂਪੰ ਨ ਰੇਖੰ ॥ ਨ ਰੰਗੰ ਨ ਰਾਗੰ ਅਪਾਰੰ ਅਭੇਖੰ ॥੪॥

ਇਸ ਬਚਿਤ੍ਰ ਨਾਟਕ ਨੂੰ ਸਾਕਤ ਕਵੀ ਕਵਿਤਾ ਦਸਦਾ ਹੈ ਜਦ ਕਿ ਬਚਿਤ੍ਰ ਨਾਟਕ ਵਿਚ ਦੰਭ ਤੇ ਪਾਖੰਡ ਨੂੰ ਪੂਰਨ ਤੌਰ ਤੇ ਖੰਡਨ ਕੀਤਾ ਹੈ ਅਤੇ (ਮਨ ਜੀਤੇ ਜਗ ਜੀਤ) ਦਾ ਆਦੇਸ਼ ਦਿਤਾ ਹੈ ਪੜ੍ਹ ਕੇ ਤਕੋ ਵੰਨਗੀ ਮਾਤਰ–

ਰਸਾਵਲ ਛੰਦ–ਜਟਾ ਮੁੰਡ ਧਾਰੋ ॥ ਨਾ ਮੁੰਦ੍ਰਕਾ ਸਵਾਰੋ ॥ ਜਪੋ ਤਾਸ ਨਾਮੰ ॥
ਸਰੈ ਸ੍ਰਬ ਕਾਮੰ ॥ ੫੧ ॥

ਨ ਨੈਨ ਮਿਚਾਉ ॥ ਨ ਡਿਭ੍ਭ ਦਿਖਾਊ ॥ ਨਾ ਕੁਕਰਮੰ ਕਮਾਊ ॥
ਨ ਭੇਖੀ ਕਹਾਉ ॥ ੫੨ ॥

ਚੌਪਈ–ਜੇ ਜੇ ਭੇਖ ਸੋ ਤਨ ਮੈਂ ਧਾਰੈ ॥ ਤੇ ਪ੍ਰਭ ਜਨ ਕਛੁ ਕੈ ਨ ਬੀਚਾਰੈ ॥
ਸਮਝ ਲਿਹੁ ਸਭ ਜਨ ਮਨ ਮਾਹੀ ॥ ਛਿੰਭਨ ਮੈ ਪਰਮੇਸੁਰ ਨਾਹੀ ॥੫੩॥

ਅਗੇ ਹੋਰ– ਅਪਨੋ ਮਨ ਕਰ ਮੋ ਜਿਹ ਆਨਾ ॥ ਪਾਰ ਬ੍ਰਹਮ ਕੋ ਤਿਨੀ ਪਛਾਨਾ ॥
ਚੌਪਈ ॥ ਜੇ ਜੇ ਜਗ ਕੋ ਡਿੰਭ ਦਿਖਾਵੈ ॥ ਲੋਗਨ ਮੂੰਡਿ ਅਧਿਕ ਸੁਖੁ ਪਾਵੈ ॥
ਨਾਸਾ ਮੁੰਦ ਕਰੈ ਪਰਣਾਮੰ ॥ ਫੋਕਟ ਧਰਮ ਨਾ ਕਉਡੀ ਕਾਮੰ ॥ ੫੭ ॥

ਫੋਕਟ ਧਰਮ ਜਿਤੇ ਜਗ ਕਰਹੀ ॥ ਨਰਕ ਕੁੰਡ ਭੀਤਰ ਤੇ ਪਰ ਹੀ ॥
੧੨–ਹਾਥਿ ਹਲਾਇ ਸੁਰਗ ਨ ਜਾਹੂ ॥ ਜੋ ਮਨ ਜੀਤ ਸਕਾ ਨਹੀ ਕਾਹੂ ॥੫੮। ਸ:੫੯॥

ਭਾਈ ਭਾਗ ਸਿੰਘ ਜੀ ਇਸ ਦੇ ਅਰਥ ਕਰਕੇ ਦਸਣ–ਜੋ ਇਕ ਉਦਾਹਰਣ ਦੇ ਤੌਰ ਤੇ ਹੀ ਏਥੇ ਲਿਖ ਕੇ ਦਸਿਆ ਹੈ। ਗੁਰੂ ਸਾਹਿਬ ਨੇ ਹੇਮ ਕੁੰਟ ਤੇ ਸਾਧਨਾ ਸਾਧੀ ਉਹ ਦਿਖਾਵਾ ਨਹੀਂ ਸੀ ਨਾ ਹੀ ਕਿਸੇ ਨੂੰ ਲੁਟਣ ਲਈ, ਸਗੋਂ ਪਹਿਲਾਂ ਆਪਣੇ ਮਨ ਨੂੰ ਜਿਤ ਕੇ ਮੁਠੀ ਵਿਚ ਲਿਆ ਸੀ ਅਤੇ ਦੁਸ਼ਟ ਦਮਨ ਜੀ ਇਕੱਲੇ ਨਹੀਂ ਸਗੋਂ ਅਨੇ ਸਾਧੂਆਂ ਦਾ ਉਹ ਤਪੋ ਬਨ ਸੀ ਤੇ ਅੱਜ ਭੀ ਹੈ, ਕਈ ਸਜਣਾਂ

Digitized by Panjab Digital Library | www.panjabdigilib.org

ਨੇ ਆਪਣੇ ਅਖੀਂ ਡਿਠੇ ਨਜ਼ਾਰੇ ਦਸੇ ਹਨ ਕਿ ਅਜ ਵੀ ਕਈ ਥਾਂ ਲੰਮੀਆਂ ਉਮਰਾਂ ਵਾਲੇ ਸਾਧੂ ਤਪਸ੍ਵੀ ਉਥੇ ਮੌਜੂਦ ਹਨ, ਫੇਰ ਸੂਰਜ ਪ੍ਰਕਾਸ਼ ਦੇ ਦਸਣ ਵਿਚ ਤੇ ਭਾਈ ਭਾਗ ਸਿੰਘ ਜੀ ਦੇ ਲਿਖਣ ਵਿਚ ਢੇਰ ਸਾਰਾ ਅੰਤਰਾ ਹੈ, ਜੋ ਸੂਰਜ ਪ੍ਰਕਾਸ਼ ਦੇ ਕਰਤਾ ਚੂੜਾ ਮਣ ਕਵੀ ਸੰਤੋਖ ਸਿੰਘ ਜੀ ਨੇ ਲਿਖਿਆ ਹੈ ਉਹ ਇਉਂ ਹੈ।

ਪਹਿਲੇ-ਪਹਿਲੇ ਉਸ ਜੰਗਲ ਮਹਿ ਉਸ ਦੇ ਵਾਤਾਵਰਣ ਭਾਵ ਉਸ ਦੀ ਸ਼ੋਭਾ ਬਿਆਨ ਕੀਤੀ ਹੈ, ਜੋ ਕਵਿਤਾਵਾਂ ਦਾ ਮੁਢਲਾ ਅਸੂਲ ਹੈ, ਫੇਰ ਉਸ ਥਾਂ ਤੇ ਰਹਿਣ ਵਾਲੇ ਅਨੇਕ ਪ੍ਰਕਾਰ ਦੇ ਤਪੱਸੀਆਂ ਦਾ ਜ਼ਿਕਰ ਹੈ। ਜਿਵੇਂ ਕਿ–

ਅਨਕ ਰੀਤ ਕੇ ਮੁਨਿ ਤਪ ਤਾਪਤਿ ਇਕ ਫਲ ਖਾਹਿ ਇਕ ਪਾਤਿ ॥
ਜਲ ਹਾਰੀ ਤ੍ਰਿਣ ਹਾਰੀ ਕੇਤਕ ਨਿਰਾ ਹਾਰ ਕੇਤਿਕ ਨਹਿੰ ਖਾਤਿ ॥
ਖੁਸ਼ਕ ਪਤ੍ਰ ਭਖਯਤਿ ਨਿਤ ਪ੍ਰਤ ਇਕ ਪੰਚਾਗਨਿ ਤੇ ਤਾਪਤਿ ਗਾਤ ॥
ਕਿਤਕ ਸਯੰਡਲਸਾਈ ਤਾਪਤਿ ਬਰਖਾ ਸੀਤ ਸਹੈ ਸਭਿ ਭਾਂਤ ॥੨੪॥
ਅਸਮ ਕੁੰਟ ਤਨ ਬਲਕਲ ਧਾਰੀ ਊਰਧ ਪਗ ਕੇਤਕ ਲਟ ਕੰਤ ॥
ਜਲ ਸਾਈ ਇਕ ਢਿਚਰਤਿ ਨਿਤ ਪ੍ਰਤਿ ਏਕ ਚਰਨ ਦੈ ਹਾਥ ਉਠੰਤਿ ॥
ਕੇਤਕ ਬਿਦਯਾ ਬ੍ਰਹਮ ਬਿਚਾਰਤਿ ਸਮ ਸਰੂਪ ਸਭਿ ਬਿਧੈ ਲਖੰਤਿ ॥
ਸਵਿਤਾ ਦੇਜ ਹੁਤਾਸਲ ਜੈਸੇ ਤਿਸ ਬਨ ਮਹਿ ਅਸ ਤਪੀ ਬਸੰਤਿ ॥

ਜਿਸ ਦਾ ਭਾਵ ਹੈ ਕਿ ਉਸ ਹੇਮ ਕੁੰਟ ਪ੍ਰਬਤ ਵਾਲੇ ਜੰਗਲ (ਬਨ) ਵਿਚ ਇਹੋ ਜਿਹੇ ਅਨੇਕਾਂ ਤਪਸਵੀ ਰਹਿੰਦੇ ਸਨ, ਜਿਨ੍ਹਾਂ ਵਿਚੋਂ ਕਈ ਇਕ ਫਲ ਹੀ ਖਾਂਦੇ ਸਨ ਅਤੇ ਕਈ ਪਤੇ ਹੀ ਖਾ ਲੈਂਦੇ ਸਨ, ਕਈ ਪਾਣੀ ਤੇ ਸਬਰ ਕਰਦੇ ਅਤੇ ਕਈ ਸੁਕੇ ਤੀਲੇ ਪੱਤੇ ਆਦਿ ਕੁਟ ਕੇ ਖਾ ਲੈਂਦੇ। ਕਈ ਨਿਰਾ ਹਾਰੀ ਜੋ ਕੁਝ ਨਹੀਂ ਸਨ ਖਾਂਦੇ; ਸੁਕੇ ਪੱਤੇ ਇਸ ਲਈ ਖਾਂਦੇ ਕਿ ਹਰ ਵਸਤ ਵਿਚ ਬ੍ਰਹਮ ਦਾ ਨਿਵਾਸ ਹੁੰਦਾ ਹੈ; ਜਿਵੇਂ ਕਿ ਗੁਰਬਾਣੀ ਦਾ ਸੰਕੇਤ ਹੈ, (ਬ੍ਰਹਮ ਪਾਤੀ ਵਿਸਨ ਡਾਰੀ ਫੂਲ ਸੰਕਰ ਦੇਉ) ਕਈ ਪੰਚਾਗਨੀ ਭਾਵ ਪੰਚ ਧੂਣੀਆਂ ਤਾਪਦੇ, ਕਈ ਤਪਸ੍ਵੀ ਧੁਪ ਛਾਂ ਜਾਂ ਵਰਖਾ, ਠੰਢ ਦੀ ਨਾ ਪ੍ਰਵਾਹ ਕਰਦੇ ਹੋਏ ਬ੍ਰਹਮ ਜੋਤਿ ਨਾਲ ਜੁੜੇ ਰਹਿੰਦੇ, ਜਿਸ ਦਾ ਭਾਵ ਹੈ ਕਿ ਕਈ ਪ੍ਰਕਾਰ ਨਾਲ ਅਤੇ ਅਨੇਕਾਂ ਸਾਧੂ ਬ੍ਰਹਮ ਦੀ ਵਿਚਾਰ ਕਰਦੇ, ਸੋ ਸਭ ਕੁਝ ਸਚੇ ਦਿਲੋਂ ਕਰਦੇ। ਨਾ ਉਹਨਾਂ ਦਾ ਨਿਸ਼ਾਨਾਂ ਕਿਤੇ ਰਿਧੀਆਂ ਸਿਧੀਆਂ ਦਾ ਜਿਕਰ ਹੈ ਨਾ ਕਿਸੇ ਲੋਭ ਲਾਲਚ ਦੀ ਹੋਂਦ, ਨਾ ਦੁਧ ਦਹੀਂ ਤੇ ਪਲਾਉ ਦਾ ਲਾਚਚ, ਨਾ ਨੇੜੇ ਕੋਈ ਸ਼ਹਿਰ ਨਾ ਕੋਈ ਗਰਾਉਂ। ਗੁਰ ਬਾਣੀ ਨੇ ਦਿਖਾਵੇ ਦੇ ਅਡੰਬਰ ਨੂੰ ਨਿੰਦਿਆ ਹੈ ਅਤੇ ਜਿਹੜੇ ਭੀ ਸੰਤ ਭਗਤ ਅਤੇ ਮਹਾਂ ਪੁਰਸ਼ ਹੋਏ ਹਨ ਉਹਨਾਂ ਦੀ ਹਾਮੀ ਭਰੀ ਹੈ। ਧਰੂਅ ਭਗਤ ਨੇ ਇਕ ਪੈਰ ਭਾਰ ਖਲੋ ਕੇ ਛੇ ਮਹੀਨੇ ਤਪ ਕੀਤਾ ਸੀ। (ਧ੍ਰੂ ਅਟਲ ਅਜੇ ਨ ਟਰਿਓ) ਗੁਰਬਾਣੀ ਅਨੁਸਾਰ ਅਟਲ ਪਦਵੀ ਪ੍ਰਾਪਤ ਕੀਤੀ ਸੀ। ਬਾਬਾ ਫਰੀਦ ਜੀ ਨੇ ਤਪ ਸਾਧਨਾ ਦੁਆਰਾ ਹੀ, ਮਰ ਜਾਉ ਚਿੜੀਓ, ਮਰ ਗਈਆਂ, ਜੀ ਪਉ ਚਿੜੀਓ ਉਡ ਗਈਆਂ ਦੀ ਸਤਿਆ ਹਾਸਲ ਕੀਤੀ ਜਿਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਤਿਕਾਰ ਨਾਲ ਪੜ੍ਹੀ ਜਾਂਦੀ ਹੈ। ਇਹ ਸਾਨੂੰ ਸ਼ਹਿਨਸ਼ਾਹ ਸ੍ਰੀ ਗੁਰੂ ਗੋਬਿੰਦ ਜੀ ਦੀ ਹੀ ਦੇਣ ਹੈ ਜੋ ਜੰਗਲਾਂ ਵਿਚ ਰੁਲਣ ਨਾਲੋਂ ਰੋਕ ਕੇ ਸਹੀ ਰਾਹ ਪਾਇਆ ਅਤੇ ਕਹਿ ਦਿਤਾ। (ਏਕ ਚਿਤ ਜਿਹ ਇਕ ਛਿਨ ਧਿਆਇਓ ਕਾਲ ਫਾਸ ਕੇ ਬੀਚ ਨ ਆਇਓ) ਅਤੇ ਧ੍ਰਮ ਯੁਧ ਦੀ

Digitized by Panjab Digital Library | www.panjabdigilib.org

ਕੋਰਨਾ ਦਿਤੀ ਤੇ ਪੂਰਨ ਸਿਖੀ ਦਾ ਸਰੂਪ ਦੇ ਕੇ ਰਾਜ ਜੋਗ ਦਾ ਬਲ ਬਖਸ਼ਿਆ ਸੀ। ਪਰ ਜਦੋਂ ਤਕ ਕੋਈ ਨਵਾਂ ਸਿੱਕਾ (ਟਕਸਾਲ) ਬਣ ਕੇ ਪ੍ਰਚਲਤ ਨਹੀਂ ਹੁੰਦਾ ਓਦੋਂ ਤਕ ਪੁਰਾਣੀ ਹੀ ਟਕਸਾਲ ਨਾਲ ਪ੍ਰੇਮ ਚਲਾ ਲੈਣਾ ਉਚਿਤ ਤੇ ਠੀਕ ਹੁੰਦਾ ਹੈ। ਫੇਰ ਸ੍ਰੀ ਦੁਸ਼ਟ ਦਮਨ ਦੇ ਤਪ ਤੇ ਸ਼ੰਕਾ ਕਿਉਂ ?

ਸਰਬ ਜੋਤਿ ਕੀ ਜੋਤਿ ਉਦੇਤਕ ਅਸ ਸਰੂਪ ਮਹਿ ਰਹੇ ਸਮਾਇ ॥
ਏਕ ਰੂਪ ਹੁਇ ਤਨ ਸੁਧਿ ਬਿਸਰੀ ਪਾਰਬ੍ਰਹਮ ਪਰਮੇਸੁਰ ਪਾਇ ॥
ਬੀਤੇ ਬਰਖ ਅਸੰਖ ਏਕ ਭੇ ਮੂਰਤਿ ਤਪ ਕੀ ਤਨੁ ਸੁਹਾਇ ॥ ੩੦ ॥

੧੨-ਸਰਬ ਜੋਤੀ ਦੇ ਮਾਲਕ ਅਕਾਲ ਪੁਰਖ ਦੀ ਜੋਤਿ, ਪ੍ਰਗਟ ਰੂਪ ਜੋ ਹੈ ਉਸ ਸਰੂਪ ਦੇ ਵਿਚ ਹੋ ਗਏ ਸਨ ਅਤੇ ਆਪਣੇ ਤਨ (ਸਰੀਰ) ਸੁਧ ਨੂੰ ਭੁਲ ਕੇ ਜੋਤੀ ਸਰੂਪ ਦੀ ਜੋਤਿ ਵਿਚ ਲੀਨ ਹੋ ਗਏ। ਲਾਖ ਬਰਸ ਅਨੁਮਾਨਕ ਸ਼ਬਦ ਹੈ, ਉਥੇ ਕੋਈ ਗਿਣਤੀ ਕਰਨ ਵਾਲਾ ਨਹੀਂ ਸੀ ਬਿਠਾਇਆ ਗਿਆ, ਜਿਸ ਦਾ ਭਾਵ ਹੈ (ਬਹੁਤ ਸਮਾਂ) ਭਾ: ਸੰਤੋਖ ਸਿੰਘ ਦੇ ਸ੍ਰੀ ਦਸਮੇਸ਼ ਜੀ ਦੇ ਲੇਖ ਆਪਸ ਵਿਚ ਮੇਲ ਖਾਂਦੇ ਹਨ ਤੇ ਇਕ ਸੁਰ ਵਿਚ ਹਨ ਜੋ ਭਾ: ਸੰਤੋਖ ਸਿੰਘ ਜੀ ਨੇ ਆਪਣੀ ਮਰਜੀ ਨਾਲ ਅਥਵਾ ਆਪਣੇ ਵਲੋਂ ਨਹੀਂ ਸਗੋਂ ਦੇਵਤਿਆਂ ਨਾਲ ਹੋਈ ਵਾਰਤਾਲਾਪ ਜੋ ਬ੍ਰਹਮਾ ਜੀ ਨੇ ਦਸਿਆ ਸੀ ਜੋ ਕਿਸੇ ਵੇਦ ਜਾਂ ਭਵਿਖ ਪੁਰਾਣ ਆਦਿ ਤੋਂ ਲਈ ਗਈ ਹੇਠਲੀਆਂ ਪੰਗਤੀਆਂ ਐਨ ਸਾਫ ਸੰਕੇਤ ਦੇ ਰਹੀਆਂ ਹਨ। ਪੜ੍ਹੋ-

ਧਰਮ ਤੇਜਸ੍ਵੀ ਪਰਮ ਸੂਰਮੇ ਪਰਮ ਅਮਾਨਖ ਕਰਮ ਕਰੇਹਿ ॥
ਜਿਨ ਕੇ ਤਪੋ ਕੋ ਤੇਜ ਤਿਗਮ ਇਹ ਸੋਇ ਬਿ ਧਰਹੁ ਨਰ ਦੇਹਿ ॥
ਅਖਿਲ ਜੋਤਿ ਕੀ ਜੋਤਿ ਪ੍ਰਕਾਸ਼ਕ ਸ੍ਰੀ ਨਾਨਕ ਕੀ ਧਾਰਹਿ ਜਾਇ ਨਰ ਦੇਹਿ॥
ਤੁਮ ਭੀ ਜਾਹੁ ਜਗਤ ਮੈ ਜਿਤ ਕਿਤ ਮਨੁਜ ਸਰੀਰਨਿ ਕੋ ਧਰ ਲੇਹਿ॥ ੬ ॥

ਰਾਸ ੧੧ ॥ ਅੰਸੂ ੫੦ ॥ ਪੰਨਾ ੨੦੮੪ ॥

ਇਕ ਲਖ ਰੁਪੈ ਦੀ ਬਣੀ ਵਰੀ ਨੂੰ, ਰੱਸੀ ਦੇ ਨਾਲੇ ਵਾਲੀ ਇਸਤ੍ਰੀ ਬਟਿਰਕ ਦਿੰਦੀ ਹੈ, ਇਤਨਾ ਤਿਆਗ ਤੇ ਬੈਰਾਗ ਅਥਵਾ ਕਠਨ ਤੋਂ ਕਠਨ ਸੰਜਮ, ਮਨ ਨੂੰ ਉਕਾ ਹੀ ਨਿਰਜੀਵ ਕਰ ਲੈਣਾ ਸੰਸਾਰ ਭਰ ਵਿਚੋਂ ਸੂਰਮੇ ਬਹਾਦਰ-ਦੁਸ਼ਟ ਦਮਨ ਦਾ ਹੀ ਕੰਮ ਸੀ। ਗਿ: ਭਾਗ ਸਿੰਘ ਜੀ ਨੇ ਤਾਂ ਪੰਜਾਬੀ ਸੂਬੇ ਦੇ ਮੋਰਚੇ ਸਮੇਂ ਸਾਡੇ ਸਾਹਮਣੇ ਕੈਦੀਆਂ ਤੋਂ ਭੀ ਰੁਪੈ ਇਕੱਤ੍ਰ ਕਰਨ ਵਿਚ ਸਕੋਚ ਨਹੀਂ ਸੀ ਕੀਤਾ, ਹਾਲਾਂ ਕਿ ਲੰਗਰ ਚਾਹ ਆਦਿ ਸਭ ਕੁਝ ਸਰਕਾਰ ਵਲੋਂ ਅਤੇ ਹੋਰ ਵਾਧੂ ਸੰਗਤਾਂ ਵਲੋਂ ਮਿਲਦਾ ਸੀ। ਗੁਰੂ ਜੀ ਦੀ ਤਾਂ ਪੂਰਨ ਬ੍ਰਹਮ ਗਿਆਨੀਨ ਅਵਸਥਾ ਸੀ ਜਿਸ ਨੂੰ ਗੁਰਬਾਣੀ ਨੇ (ਬ੍ਰਹਮ ਗਿਆਨੀ ਆਪ ਨਿਰੰਕਾਰ) ਤਕ ਲਿਖਿਆ ਹੈ-ਪੜ੍ਹ ਕੇ ਦੇਖੋ ਸੁਖਮਨੀ ਸਾਹਿਬ ਅਸਟਪਦੀ ੮।

ਅਬ ਕਬਿ ਜਨਮ ਕਥਨ

ਸੰਤ ਦੋਖ ਤੇ ਕਿਰਿਆ ਭੰਗ ॥ ਸੰਤਨ ਕਿਰਿਆ ਸਦਾ ਅਭੰਗ ॥
ਸੰਤਨ ਰਹਿਨੀ ਅਨਿਕ ਪ੍ਰਕਾਰ ॥ ਸਰਬ ਸਿਧ ਜਿਹ ਤਤ ਬੀਚਾਰ ॥

੧੪ ॥ ਸ: ੬੯੧ ॥

Digitized by Panjab Digital Library | www.panjabdigilib.org

ਸੰਤ ਦੀ ਨਿੰਦਿਆ ਜਾਂ ਦੋਖ ਕਰਨ ਵਾਲੇ ਤੇ ਸਾਰੇ ਕੰਮ ਨਿੰਦਨਿਜ ਹੁੰਦੇ ਹਨ, ਪਰ ਸੰਤਾਂ ਦਾ ਮਾਰਗ ਤੇ ਵਿਹਾਰ ਸ਼ੁਧ ਤੇ ਸਰਜੀਤ ਹੁੰਦਾ ਹੈ ਜਦ ਕਿ ਸੰਤਾਂ ਦੀ ਕਿਰਿਆ ਅਨੇਕ ਪ੍ਰਕਾਰ ਦੀ ਹੋਇਆ ਕਰਦੀ ਹੈ, ਉਹਨਾਂ ਦੀ ਹਰ ਹਰਕਤ ਵਿਚ ਤੱਤ ਵਸਤੂ ਦਾ ਵਾਸਾ ਹੁੰਦਾ ਹੈ ਤੇ ਗਿ: ਭਾਗ ਸਿੰਘ ਜੀ ਨੇ ਤਾਂ ਸੰਤਾਂ ਦੇ ਸੰਤ ਅਤੇ ਮਹੰਤਾਂ ਦੇ ਮਹੰਤ ਸਤਿਗੁਰੂ ਗੋਬਿੰਦ ਸਿੰਘ ਨੂੰ ਭੀ ਪਿਛੇ ਨਹੀਂ ਛੱਡਿਆ ਅਤੇ ਇਕ ਨਹੀਂ ਦੋ ਨਹੀਂ ਸੰਸਾਰ ਭਰ ਦੀਆਂ ਹਸਤੀਆਂ ਨੂੰ ਝੂਠੀਆਂ ਕਰਾਰ ਦਿਤਾ ਹੈ, ਸੱਚਾ ਹੈ ਤਾਂ ਇਕੋ ਇਕ ਕੇਵਲ ਤੇ ਕੇਵਲ ਗਿ: ਭਾਗ ਸਿੰਘ।

੧੩-ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੇ ਸਫਾ ੫੯ ਤੇ ਇਹ ਸਿਰਲੇਖ ਲਿਖਿਆ ਹੈ-

ਅਥ ਕਬਿ ਜਨਮ ਕਥਨੰ ॥

ਸ਼ੁਕਰ ਹੈ-ਕਿ ਭਾਈ ਭਾਗ ਸਿੰਘ ਜੀ ਨੇ ਏਥੇ ਇਸ ਵਲ ਧਿਆਨ ਨਹੀਂ ਦਿਤਾ ਨਹੀਂ ਤਾਂ ਉਹਨਾਂ ਅਵੱਸ਼ ਲਿਖ ਦੇਣਾ ਸੀ, ਕਿ ਏਥੇ ਕਿਹੜੇ ਕਿਸੇ ਦਾ ਨਾਮ ਲਿਖਿਆ ਹੋਇਆ ਹੈ ਇਸ ਲਈ ਇਹ ਤਾਂ ਕਿਸੇ ਸਾਕਤ ਮਤੀਏ ਕਵੀ ਦੇ ਜਨਮ ਦਾ ਗਪੌੜਾ ਹੈ ਤੇ ਸੁਖ ਉਸਦੀ ਨਿਗਾਹ ਤੋਂ ਬਚ ਗਿਆ, ਅਗੇ ਮੂਲ ਐਂਉਂ ਦਿਤਾ ਹੈ।

ਜਬ ਹੀ ਜਾਤ ਤ੍ਰਿਬੇਨੀ ਭਏ ਪੁੰਨ ਦਾਨ ਦਿਨ ਕਰਤ ਬਿਤਏ ॥ ੧ ॥
ਤਹੀ ਪ੍ਰਕਾਸ਼ ਹਮਾਰਾ ਭਯੋ ॥ ਪਟਨਾ ਸਹਰ ਬਿਖੈ ਭਵ ਲਯੋ ॥
ਮਦ੍ ਦੇਸ ਹਮ ਕੋ ਲੈ ਆਏ ॥ ਭਾਂਤਿ ਭਾਤਿ ਦਾਈਅਲ ਦੁਲਰਾਏ ॥ ੨ ॥
ਕੀਨੀ ਅਨਿਕ ਭਾਂਤਿ ਤਨ ਰਛਾ ॥ ਦੀਨੀ ਭਾਤਿ ਭਾਂਤਿ ਕੀ ਸਿਛਾ ॥
ਜਬ ਹਮ ਧਰਮ ਕਰਮ ਮੋ ਆਏ ॥ ਦੇਵ ਲੋਕ ਤਬ ਪਿਤਾ ਸਧਾਏ ॥੩॥

ਭਾਵ-ਕਿ ਮੇਰੇ ਪਿਤਾ ਨੇ ਜਿਸ ਵੇਲੇ (ਸਮੇਂ) ਪੂਰਬ ਦੇਸ ਵਲ ਜਾਣਾ ਕੀਤਾ ਸੀ. ਅਤੇ ਅਨੇਕਾਂ ਤੀਰਥਾਂ ਦੀ ਯਾਤ੍ਰਾ ਕੀਤੀ ਅਥਵਾ ਬਹੁਤ ਸਾਰੇ ਗ਼ਰੀਬਾਂ ਨੂੰ ਪੁੰਨ ਤੇ ਦਾਨ ਭੀ ਦਿਤਾ ਸੀ ਅਰ ਜਦੋਂ ਤ੍ਰਿਬੇਣੀ ਦੇ ਅਸਥਾਨ ਤੇ ਪੁਜੇ-ਉਸ ਵੇਲੇ ਸਾਡਾ ਇਸ ਸੰਸਾਰ ਵਿਚ ਪ੍ਰਕਾਸ਼ ਹੋਇਆ ਸੀ। ਪਿਛੋਂ ਪਟਣਾ ਸ਼ਹਿਰ ਆ ਗਏ ਅਤੇ ਅਨੇਕ ਪ੍ਰਕਾਰ ਦੇ ਸੁਖ ਬਜ਼ੁਰਗਾਂ ਵਲੋਂ ਅਤੇ ਸਿਖਿਆਵਾਂ ਦਿਤੀਆਂ ਗਈਆਂ ਸਨ ਅਤੇ ਛੇਤੀ ਹੀ ਪਿਤਾ ਜੀ-(ਸ੍ਰੀ ਗੁਰੂ ਤੇਗ ਬਹਾਦਰ) ਜੀ (ਠਕੀਰ ਫੋਰ ਦਲੀਸ ਸਿਰ) ਦੇ ਮਹਾਂ ਵਾਂਕ ਅਨੁਸਾਰ ਸਚ ਖੰਡ ਜਾ ਬਰਾਜੇ, ਤੇ ਗਿ: ਭਾਗ ਸਿੰਘ ਕਦੋਂ ਸਚ ਖੰਡ ਨੂੰ ਮੰਨਣ ਲਈ ਤਿਆਰ ਹੈ। ਇਹ ਸ੍ਰੀ ਦਸਮੇਸ਼ ਜੀ ਕਿਰਤ ਬਚਿਤ੍ ਨਾਟਕ ਦਾ ਹਵਾਲਾ ਹੈ- ਅਗੇ ਪੜ੍ਹੋ ਸੂਰਜ ਪ੍ਰਕਾਸ਼ ਦਾ ਲੇਖ -

ਇਮ ਅਨੇਕ ਹੀ ਤੀਰਥ ਕਰਿ ਕੈ ਤੀਰਥ ਗਜ਼ ਤ੍ਰਿਬੈਣੀ ਤੀਰ ॥
ਪੁਨ ਦਾਨ ਕਰ ਦਿਵਸ ਬਤਾਏ ਜੋਗ ਸਮਾਧਿ ਬਿਖੈ ਗੰਭੀਰ ॥
ਕਰਹਿ ਜਗ ਬਹੁ ਕੰਚਨ ਦੇਵੀ ਦਾ ਬਾਟੰਬਰ ਦੇ ਕੰਧ ਚੀਰ ॥
ਬਹੁਤ ਮੋਲ ਕੇ ਦੁਰਲਭ ਸੁੰਦਰ ਦੰਤ ਜਿਭੂਪ ਦਮਨ ਹੀਰ ॥
੧੩ ॥ ਰਾਸ ੧੧ ਅੰਸੂ ॥

ਦੋਹਰਾ-ਤ੍ਰਬੇਣੀ ਇਸਨਾਨ ਕਰ ਉਤਰੇ ਸਾਹਿਬ
ਦਾਨ ਮਾਨ ਦੈ ਬਿਪਰੇ ਤਾਰੇ ਜਨ ਬਹੁਤ ਭਾਰੀ ॥ ੧੦ ॥ ਪੰ: ੧੫੪ ॥ ਪੰਥ ਪ੍ਰਕਾਸ਼

Digitized by Panjab Digital Library | www.panjabdigilib.org

ਹੁਣ ਪਾਠਕ ਜਨ ਆਪ ਹੀ ਮੇਲ ਕੇ ਤਕ ਲੈਣ ਬਚਿਤ੍ ਨਾਟਕ, ਸੂਰਜ ਪ੍ਰਕਾਸ਼, ਪੰਥ ਪ੍ਰਕਾਸ਼ ਤਿੰਨਾਂ ਦੇ ਵਿਚਾਰ ਆਪਸ ਵਿਚ ਇਕ ਸੁਰਤਾ ਦਰਸਾਉਂਦੇ ਹਨ ਅਤੇ ਇਕ ਦੂਜੇ ਦੀ ਪੜੋਤਾ ਕਰਦੇ ਹਨ ਅਤੇ ਤੀਰਥਾਂ ਤੇ ਜਾਣਾ ਤੇ ਕਾਵ੍ਹੜੂ ਦੇਸ ਦਾ ਜੰਗ ਠੀਕ ਮੰਨਦੇ ਹਨ, ਪਰ ਗਿ: ਭਾਗ ਸਿੰਘ ਜੀ ਇਸਦੇ ਵਿਰੁਧ ਗੁਰੂ ਜੀ ਤੀਰਥਾਂ ਤੇ ਨਹਾਉਂਦੇ ਫਿਰੇ ਅਤੇ ਪਤਤ ਹੋ ਗਏ ਦਸਦੇ ਹਨ ਅਤੇ ਕਹਿੰਦੇ ਹਨ ਕਿ ਉਹ ਕਦੇ ਨਹੀਂ ਗਏ ਹੋਣਗੇ, ਕੀ ਹੁਣ ਐਥੇ ਇਤਿਹਾਸਕ ਹਵਾਲੇ ਠੀਕ ਮੰਨੇ ਜਾਣ ਜਾਂ ਗਿ: ਭਾਗ ਸਿੰਘ ਦਾ ਅਨੁਮਾਨ ਜਦ ਕਿ ਗੁਰੂ ਜੋਤ ਹਰ ਜਾਮੇ ਵਿਚ ਹੁੰਦੀ ਹੋਈ ਤੀਰਥਾਂ ਤੇ ਵਿਚਰੀ ਅਤੇ ਆਪਣਾ ਸਿਧਾਂਤ ਉਹਨਾਂ ਇਕੱਠਾਂ ਵਿਚ ਜਾ ਕੇ ਲੋਕਾਂ ਸਾਹਮਣੇ ਰਖਿਆ ਅਤੇ ਸਬੁਧ ਦਾ ਪ੍ਰਚਾਰ ਕੀਤਾ । ਸ੍ਰੀ ਗੁਰੂ ਨਾਨਕ ਦੇਵ ਜੀ ਸਾਰੇ ਤੀਰਥਾਂ ਤੇ ਪੁਜੇ ਬਲਕਿ ਮੁਸਲਮਾਨਾਂ ਦੇ ਤੀਰਥ ਮੱਕਾ, ਮਦੀਨਾ ਭੀ ਪਿੱਛੇ ਨਹੀਂ ਛਡਿਆ, ਸ੍ਰੀ ਗੁਰੂ ਅਮਰ ਦਾਸ ਜੀ ਗੁਰ ਸਿੱਖ ਬਣਨ ਤੋਂ ਪਹਿਲਾਂ ਹੀ ੧੬ ਵਾਰ ਤੀਰਥਾਂ ਦੀ ਯਾਤ੍ਰਾ ਵਲ ਗਏ ਫੇਰ ਗੁਰੂ ਪਦਵੀ ਹਾਸਲ ਕਰਕੇ ਉਹਨਾਂ ਹੀ ਤੀਰਥਾਂ ਤੇ ਗਏ ਜਿਸ ਦੀ ਗੁਰਬਾਣੀ ਗਵਾਹ ਹੈ ।

ਨਾਵਣੁ ਪੁਰਬੁ ਅਭੀਚ ਗੁਰ ਸਤਿਗੁਰ ਦਰਸ ਭਇਆ ॥
ਦੁਰਮਤ ਮੈਲ ਹਰੀ ਅਗਿਆਨ ਅੰਧੇਰੁ ਗਇਆ ॥

ਗੁਰੂ ਜੀ ਤੀਰਥਾਂ ਪਰ ਕਿਉਂ ਗਏ ?

ਤੀਰਥ ਉਦਮ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ ॥
ਮਾਰਗ ਪੰਥ ਚਲੇ ਗੁਰ ਸਤਿਗੁਰ ਸੰਗਿ ਸਿਖਾ ॥੨॥ਸ: ੧੧੧੬॥ਮਹਲਾ ੪॥

ਸਵਾਲ ਹੈ-ਕਿ ਸਤਿਗੁਰੂ ਜੀ ਨੇ ਤੀਰਥਾਂ ਤੇ ਜਾਣ ਦਾ ਉਦਮ ਕਿਉਂ ਕੀਤਾ ? ਜਿਸ ਦਾ ਨਾਲ ਹੀ ਉਤਰ ਭੀ ਦੇ ਦਿਤਾ ਹੈ-ਉਹ ਕਿ ਸਾਰੇ ਲੋਕਾਂ ਦੇ ਉਧਾਰ ਲਈ ਅਤੇ ਸਿਖਾਂ ਦਾ ਫਰਜ ਹੈ ਕਿ ਉਹ ਆਪਣੇ ਸਤਿਗੁਰ ਦੇ ਰਾਹ ਤੇ ਪਿਛੇ ਹੋਕੇ ਚਲਣ। ਜਦੋਂ ਸਤਿਗੁਰੂ ਤੀਰਥਾਂ ਤੇ ਗਏ ਤਾਂ ਉਹਨਾਂ ਦੇ ਦਰਸ਼ਨਾਂ ਲਈ ਅਨੇਕਾਂ ਲੋਕ ਇਕੱਠੇ ਹੋ ਗਏ ਜਿਵੇਂ ਕਿ-

ਦੇਖਣ ਆਏ ਤੀਨਿ ਲੋਕ ਸੁਰਿ ਨਰਿ ਮੁਨਿ ਜਨ ਸਭਿ ਆਇਆ ॥

ਹੁਣ ਏਥੇ ਗਿ: ਭਾਗ ਸਿੰਘ ਜੀ ਕਿਉਂ ਨਾ ਕਹਿਣਗੇ ਕਿ ਇਹ ਗੱਪ ਮਾਰੀ ਹੋਈ ਹੈ-ਕਿਉਂਕਿ ਉਹਨਾਂ ਦੇ ਵਿਚਾਰ ਨਾਲ ਤਿੰਨ ਲੋਕ ਇਕ ਥਾਂ ਤੇ ਕਿਵੇਂ ਇਕੱਠੇ ਹੋ ਸਕਦੇ ਹਨ ਅਤੇ ਦੇਵਤੇ ਆਪਣੇ ਬੈਕੁੰਠ ਲੋਕ ਨੂੰ ਛੱਡਕੇ ਕਿਹੜੇ ਹਵਾਈ ਜਹਾਜ਼ ਰਾਹੀਂ ਏਥੇ ਆ ਪੁਜੇ। ਇਹ ਅਨੁਮਾਨਕ ਸ਼ਬਦ ਹੈ ਜੋ ਸਾਨੂੰ ਹਰ ਥਾਂ ਮਿਲ ਸਕਦਾ ਹੈ ਅਤੇ ਸੁਰ ਭਲੇ ਲੋਕਾਂ ਨੂੰ ਹੀ ਦੇਵਤਾ ਪੁਰਸ਼ ਕਿਹਾ ਜਾਂਦਾ ਹੈ ਅਤੇ ਨਰ ਆਮ ਬੁਧੀ ਵਾਲੇ ਮੁਨਿ, ਤਪੱਸਵੀ ਲੋਕ ਜਨ ਭਗਤ ਜਨ ਜਾਣੋ ਕਿ ਸਾਰੇ ਭਗਤ ਤੇ ਮਨੁਖ ਅਤੇ ਜੱਗ ਕਰਨਾਂ ਗੁਰਮਤ ਦੀ ਰੀਤ ਹੈ ਜਿਥੇ ਭੀ ਸਤਿਗੁਰੂ ਜੀ ਚਰਨ ਪਾਉਂਦੇ ਲੰਗਰ ਜਾਰੀ ਹੋ ਜਾਂਦੇ ਜਿਸ ਨੂੰ ਜੱਗ ਕਿਹਾ ਜਾਂਦਾ ਹੈ । ਜੋ ਆਪਦੀ ਹਜ਼ੂਰੀ ਵਿਚ ਮਾਇਆ ਚੜ੍ਹਦੀ ਉਹ ਗਰੀਬਾਂ ਵਿਚ ਵੰਡ ਦਿੰਦੇ ਜਿਸ ਲਈ ਗੁਰੂ ਦਾ ਨਾਮ ਗਰੀਬ ਨਿਵਾਜ ਹੈ-ਦੂਜੇ ਲੋੜਵੰਦ ਲੋਕ ਪੁੰਨ ਦਾਨ ਲੈਣ ਦੇ ਲਾਲਚ ਨਾਲ ਪੁਜ ਜਾਂਦੇ-

ਦੁਤੀਆ ਜਮਨ ਗਏ ਹਰਿ ਹਰਿ ਜਪਨ ਕੀਆ ॥

Digitized by Panjab Digital Library | www.panjabdigilib.org

ਤ੍ਰਿਤੀਆ ਆਏ ਸੁਰਸਰੀ ਤਹ ਕਉਤਕ ਚਲਤ ਭਇਆ ॥

ਤੀਰਥਾਂ ਤੇ ਜਾਣਾ ਗੁਰਬਾਣੀ ਸਿਧ ਕਰਦੀ ਹੈ ਨਾਮ ਸਿਮਰਨ ਜਪ ਤਪ ਗੁਰੂਆਂ ਦਾ ਆਪ ਕਰਮ ਤੇ ਆਦੇਸ਼ ਹੈ ਜੋ ਸਤਿਗੁਰਾਂ ਦੇ ਕੌਤਕ ਕਹੇ ਜਾਂਦੇ ਹਨ।

ਕੀਰਤਨ ਪੁਰਾਣ ਨਿਤ ਪੁੰਨ ਹੋਵਹਿ ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ ॥

ਜੇਕਰ ਗੁਰਮਤਿ ਵਿਚ ਤੀਰਥ ਮਨਮਤ ਹੁੰਦੀ ਤਾਂ ਸਾਹਿਬ ਆਪ ਤੀਰਥਾਂ ਦੀ ਰਚਨਾ ਹੀ ਨਾ ਕਰਦੇ ਅਤੇ ਇਹ ਪੰਗਤੀ ਹੀ ਨਾ ਲਿਖਦੇ (**ਅਠਸਠ ਤੀਰਥ ਦੇਵੀ ਥਾਪੇ ਪੁਰਬੀ ਲਗੇ ਬਾਣੀ**) ਅੱਗੇ ਇਹ ਭੀ ਲਿਖਿਆ ਹੈ (**ਨਾਵਣ ਸਦਾ ਸੁਜਾਣੀ**) ਤੀਰਥਾਂ ਪਰ ਸੁਜਾਨ ਸਮਝਦਾਰ ਰੋਸ਼ਨ ਮੀਨਾਰ ਲੋਕ ਨ੍ਹਾਉਂਦੇ ਹਨ। ਹਾਂ ਉਹਨਾਂ ਦਾ ਢੰਗ (ਤਰੀਕਾ) ਬਦਲਿਆ ਹੈ, ਕੀਰਤਨ ਕਰਨਾ, ਪੁਰਾਣੀਆਂ ਕਥਾਵਾਂ ਵਾਚਣੀਆਂ ਅਤੇ ਹਰ ਦਿਨ ਪੁੰਨ ਕਰਨਾ, ਗੁਰ ਦੀ ਸਿਖਿਆ ਅਨੁਸਾਰ ਹਰਿ ਦੀ ਭਗਤੀ ਪ੍ਰਾਪਤ ਕਰਨੀ ਮਿਸਾਲ ਵਜੋਂ ਜਿਵੇਂ ਅਜ ਕਲ ਗੁਰਧਾਮਾਂ ਪਰ ਅਤੇ ਹਰਿਮੰਦਰ ਦਰਬਾਰ ਸਾਹਿਬ ਤਰਨ ਤਾਰਨ ਆਦਿ ਹੋ ਰਿਹਾ ਹੈ। ਤੀਰਥ ਤਪ ਨਿੰਦਨੀਯ ਨਹੀਂ ਸਗੋਂ ਉਹਨਾਂ ਦਾ ਸਿਧਾਂਤ ਸਮਝਣਾ ਹੈ–ਸ੍ਰੀ ਗੁਰੂ ਤੇਗ ਬਹਾਦਰ ਜੀ ਆਪ ਕਰਨ ਕਰਾਵਨ ਸਨ ਉਹ ਤੀਰਥਾਂ ਪਰ ਜਾਣ ਕੜਕੇ ਕਿਵੇਂ ਪਤਿਤ ਹੋ ਸਕਦੇ ਹਨ। ਪੜ੍ਹੋ ਸੂਰਜ ਪ੍ਰਕਾਸ਼–

ਸਾਧਨ ਕੋ ਸਮੁਦਾਇ ਸਿਧਾਰੈ ॥ ਗੁਰ ਸੰਗਤ ਤੇ ਜਨਮ ਸਧਾਰੈ ॥ ੮ ॥
ਤੀਰਥ ਮਜੱਨ ਕੀਨ ਬਹਾਨਾ ॥ ਕਰਨਿ ਹੇਤੁ ਸਿਖਜਨਿ ਕਲਜਾਨਾ ॥ ੧੦ ॥
ਨਿਤ ਪ੍ਰਤਿ ਮਾਰਗ ਜਾਇਅਗਾਰੀ ॥ ਜੋ ਨਰ ਮਿਲਹਿ ਭਾਵਨਾ ਧਾਰੀ ॥
ਤਿਸ ਕੀ ਸਕਲ ਆਪਦਾ ਟਾਰੀ ॥ ਕਰਤਿ ਜਾਤਿ ਕਲਿਜਾਨ ਉਦਾਰੀ ॥ ੧੧ ॥

ਜ਼ਿਧਰ ਨੂੰ ਗੁਰੂ ਜੀ ਜਾਂਦੇ ਸਨ, ਸਾਧਾਂ ਸੰਤਾਂ ਗੁਰਸਿਖਾਂ ਮਹਾਂਪੁਰਸ਼ਾਂ ਦਾ ਇਕ ਦਲ ਨਾਲ ਹੀ ਜਾਂਦਾ ਸੀ ਅਤੇ ਗੁਰੂ ਦੀ ਸੰਗਤ ਕਰਕੇ ਆਪਣੀ ਕਲਿਆਣ ਕਰ ਰਹੇ ਸਨ। ਤੀਰਥਾਂ ਦੀ ਯਾਤ੍ਰਾਂ ਦਾ ਤਾਂ ਇਕ ਬਹਾਨਾ ਸੀ ਪਰ ਨਿਸ਼ਾਨਾ ਸਿਖਾਂ ਦਾ ਕਲਿਆਣ ਕਰਨਾ ਸੀ ਅਤੇ ਰੋਜ਼ ਹੀ ਅੱਗੇ ਤੋਂ ਅੱਗੇ ਤੁਰਦੇ ਜਾਂਦੇ ਸਨ। ਜਿਹੜੇ ਸਜਣ ਸ਼ਰਧਾ ਭਾਵਨਾ ਨਾਲ ਆਕੇ ਹਜ਼ੂਰ ਦੀ ਹਾਜ਼ਰੀ ਭਰਦੇ ਸਨ ਉਸ ਦੀਆਂ ਸਾਰੀਆਂ ਹੀ ਬਿਪਤਾਵਾਂ ਦੂਰ ਕਰ ਦਿਤੀਆਂ ਜਾਂਦੀਆਂ ਸਨ, ਇਸ ਤਰ੍ਹਾਂ ਉਦਾਰ ਚਿਤ ਹੋਕੇ ਕਲਿਆਣ ਕਰਦੇ ਜਾਂਦੇ ਸਨ ਅਤੇ ਸੰਗਤ ਮੁਤਾਸਰ ਅਤੇ ਸੰਤੁਸ਼ਟ ਹੋਕੇ ਐਉਂ ਸ਼ੁਕਰਾਨਾ ਕਰਦੀ ਸੀ।

ਪੂਜਾ ਕਰੀ ਅਨੇਕ ਪ੍ਰਕਾਰ ॥ ਹਾਥ ਜੋਰ ਬੰਦਨ ਕੋ ਧਾਰ ॥
ਬਿਨਤੀ ਕਰਕੈ ਅਧਿਕ ਰੀਝਾਇ ॥ ਸਭ ਸੰਗਤਿ ਨੇ ਬਾਕ ਅਲਾਏ ॥ ੨੨ ॥
ਹਮਰੇ ਭਾਗ ਨਿਕਰਿ ਤੁਮ ਆਏ ॥ ਦੀਨ ਬੰਧੂ ਸ਼ੁਭ ਬਿਰਦ ਸਦਾਏ ॥
ਮੱਜਨ ਤੀਰਥ ਕੀਨਿ ਬਹਾਨਾ ਆਏ ਕਰਨਿ ਹਮਰਿ ਕਲਿਜਾਨਾ ॥ ੨੩ ॥

ਅੰਕ ਤੋਂ ੪੭ ਤਕ ਰਾਸ ੧੧ ਅੰਸੂ ੪੮ ਪਥ ਇਹੋ ਪ੍ਰਕਰਣ ਸੁਭਾਇਮਾਨ ਹੈ।
ਸਗੋਂ ਨਾਮ ਦਾਨ ਤੇ ਇਸਨਾਨ ਕਰਨ ਲਈ ਤਾਂ ਗੁਰਮਤ ਦਾ ਆਦੇਸ਼ ਹੈ–

ਨਾਮੁ ਦਾਨੁ ਇਸਨਾਨੁ ਨ ਮਨ ਮੁਖਿ, ਤਿਤ ਤਨਿ ਧੜ ਧਮਾਣੀ ॥ ਮੁੰ: ਪਹਿਲਾ ॥ ਮ: ੧ ॥

Digitized by Panjab Digital Library | www.panjabdigilib.org

ਜਿਸਨੇ ਇਹ ਤਿੰਨ ਕੰਮ ਨਹੀਂ ਕੀਤੇ ਉਸਨੇ ਤਾਂ ਜਨਮ ਪਾਕੇ ਖੇਹ ਹੀ ਉਡਾਈ ਹੈ।

੧੪-ਗਿ: ਭਾਗ ਸਿੰਘ ਜੀ ਜਿੱਥੇ ਪਿਤਾ ਦਸਮੇਸ਼ ਜੀ ਨੂੰ ਥਾਂ ਪਰ ਥਾਂ ਸਾਕਤ ਕਵੀ ਕਹਿਕੇ ਤੇ ਲਿਖਕੇ ਮਹਾਰਾਜ ਦਾ ਆਦਰ ਨਾਲ ਅਪਮਾਨ ਕਰਦੇ ਹਨ ਉਥੇ ਆਪ ਦੀ ਰਚੀ ਬਾਣੀ ਨੂੰ ਭੀ ਸਾਕਤ ਕਵੀ ਦੀ ਬਾਣੀ ਕਹਿਕੇ ਨਿਰਾਦਰ ਕਰਦੇ ਨੇ। ਅਗੇ ਸਿਖ ਪੰਥ ਦੇ ਸਤਿਕਾਰ ਤੇ ਮਾਨ ਯੋਗ ਆਗੂ ਤੇ ਪ੍ਰਬੰਧਕਾਂ ਨੂੰ ਭੀ ਪਿੱਛੇ ਨਹੀਂ ਛੱਡਦੇ, ਅਤੇ ਸਫਾ ੧੬੮ ਤੇ ਲਿਖਦੇ ਹਨ। ਕਿ ਗੁਰਪੁਰਬ ਪੋਹ ਸੁਦੀ ਸਪਤਮੀ ਸਮੇਂ ਅੱਧੀ ਰਾਤ ਢਲਣ ਪਿਛੋਂ ਉਪ੍ਰੋਕਤ ਕਵੀ ਰਚਨਾ (ਅਬ ਮੈ ਅਪਨੀ ਕਥਾ ਬਖਾਨੋ) ਨੂੰ ਜਨਮ ਕਥਾ ਦਾ ਰੂਪ ਦੇ ਕੇ ਦੀਵਾਨਾਂ ਵਿਚ ਜ਼ਰੂਰੀ ਪੜ੍ਹਨਾ ਗੁਰਪੁਰਬ ਦਾ ਇਕ ਅਤੀ ਲੋੜਿੰਦਾ ਅੰਗ ਬਣ ਗਿਆ ਹੈ। ਕੋਈ ਪੁਛੇ (ਕਿ ਅਬ ਮੈ ਅਪਨੀ ਕਥਾ ਬਖਾਨੋ) ਵਾਲੀ ਰਚਨਾ ਵਿਚ ਕੁਝ ਸਚਾਈ ਹੈ, ਕਿ ਝੂਠ ਹੀ ਝੂਠ ਲਿਖਿਆ ਹੈ, ਜਾਂ ਰਾਈ ਦਾ ਪਹਾੜ ਅਥਵਾ ਖੰਭ ਦਾ ਕਾਂ ਬਣਾ ਕੇ ਦਸਣ ਵਾਂਗੂ ਅਤਿ ਕਥਨੀ ਹੀ ਹੈ, ਅਤੇ ਇਸ ਸੱਚ ਝੂਠ ਤਥਾ ਅਤਿ ਕਥਨੀ ਦਾ ਨਿਤਾਰਾ ਕਿਵੇਂ ਕੀਤਾ ਜਾਵੇ, ਤਾਂ ਇਸ ਸਬੰਧੀ ਕਿਸੇ ਉਕਤੀ ਜੁਗਤੀ ਭਾਵ ਦਲੀਲਬਾਜ਼ੀ ਦੀ ਗੁੰਝਲ ਵਿਚ ਪੈਣ ਦੀ ਲੋੜ ਨਹੀਂ-ਬਲਕਿ ਪ੍ਰਤੱਖ ਨੂੰ ਪ੍ਰਮਾਣਾਕੀ, ਵਾਂਗ ਕਿਸੇ ਦ੍ਰਿਸ਼ਟਾਂਤ ਆਦਿਕ ਦੀ ਜ਼ਰੂਰਤ ਵੀ ਨਹੀਂ।

ਉਤਰ ਵਿਚ

੧੪-ਗਿ: ਭਾਗ ਸਿੰਘ ਨੇ ਹੋਰ ਭੀ ਖਾਸਾ ਵਿਸਥਾਰ ਕੀਤਾ ਹੈ-ਜਿਵੇਂ ਕਿ ਕਿਸੇ ਉਦਾਹਰਣ ਅਥਵਾ ਦਲੀਲ ਦੀ ਭੀ ਕੋਈ ਲੋੜ ਨਹੀਂ, ਮੇਰਾ ਫੈਸਲਾ ਅਟੱਲ ਹੈ-ਕਿ-ਬਚਿਤ੍ ਨਾਟਕ ਦਸਮੇਸ਼ ਬਾਣੀ ਨਹੀਂ ਹੈ (੧) ਪਹਿਲੀ ਗਲ ਇਹ ਕਿ ਜੋ ਗੁਰਬਾਣੀ ਦੇ ਰੂਪ ਵਿਚ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਾਹਿਬਾਂ ਦੀ ਮੌਜੂਦਗੀ ਤੋਂ ਲੈਕੇ ਅੱਜ ਤਕ ਸੀਨਾ ਬਸੀਨਾ ਚਲੀ ਆ ਰਹੀ ਹੈ, ਉਸ ਨੂੰ ਸਾਕਤ ਕਵੀ ਦੀ ਬਾਣੀ ਕਹਿਣ ਵਾਲਾ ਗਿ: ਭਾਗ ਸਿੰਘ ਕੌਣ ਹੈ ? ਤੇ ਸ਼ਿਰੋਮਣੀ ਪ੍ਰਬੰਧਕ ਕਮੇਟੀ ਸ਼ਿਰੋਮਣੀ ਅਕਾਲੀ ਦਲ ਤਖਤ ਸਾਹਿਬਾਂ ਦੇ ਜਥੇਦਾਰਾਂ ਦੀ ਮੌਜੂਦਗੀ ਦੇ ਵਿਚ ਹਰਿਮੰਦ੍ਰਾਂ ਦੇ ਵਿਚੋਂ - ਪ੍ਰਸੰਗ ਅਨੁਸਾਰ, ਦਸਾਂ ਗੁਰੂਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗਾਈ ਤੇ ਪੜ੍ਹੀ ਜਾਣ ਵਾਲੀ ਬਾਣੀ ਅਤੇ ਪ੍ਰਵਾਨ ਸੁਧਾ ਕੀਰਤਨ ਗਾਇਨ ਕਰਨ ਵਾਲੀ ਬਾਣੀ ਦੀ ਨਿਰਾਦਰੀ ਹੀ ਨਹੀਂ ਸਗੋਂ ਉਸ ਤੋਂ ਉਲਟ ਫੈਸਲਾ ਦੇਣ ਵਾਲਾ ਗਿ: ਭਾਗ ਸਿੰਘ ਕੌਣ ਹੋਇਆ ? ਸ਼ਰੋਮਣੀ ਪੰਥ ਦੇ ਆਗੂ, ਸ੍ਰੀ ਅਕਾਲ ਤਖਤ ਦੇ ਜਥੇਦਾਰ ਸਾਹਿਬ, ਪ੍ਰਚਾਰਕ ਤੇ ਸੋਪਕ ਕਮੇਟੀ ਦੇ ਚਰਨਾਂ ਵਿਚ ਬਿਨੈ ਹੈ ਕਿ ਇਸ ਬਾਰੇ ਵਿਚਾਰ ਕੀਤੀ ਜਾਵੇ ਅਤੇ ਜੋ ਗਿ: ਭਾਗ ਸਿੰਘ ਇਸ ਦਾ ਉਤ੍ ਪੁਛਦਾ ਹੈ ਉਸ ਨੂੰ ਕ੍ਰਿਪਾ ਪੂਰਬਕ ਉਤ੍ ਮਿਲਣਾ ਚਾਹੀਦਾ ਹੈ। ਅਗੇ ਸਫਾ ੧੬੯ ਪਰ ਹੋਰ ਭੀ ਪ੍ਰਮਾਣ ਲਈ ੨ ਪੰਗਤੀਆਂ ਲਿਖੀਆਂ ਹੋਈਆਂ ਹਨ। ਜੋ ਐਉਂ ਹਨ।

ਜਬ ਪਹਿਲੇ ਹਮ ਸ੍ਰਿਸਟ ਬਨਾਈ ॥ ਦਾਈਤ ਰਚੇ ਦੁਸ਼ਟ ਦੁਖਦਾਈ ॥
ਤੇ ਭੁਜਬਲ ਬਵਰੇ ਹੋਇ ਗਏ ॥ ਪੂਜਤ ਪਰਮ ਪੁਰਖ ਰਹਿ ਗਏ ॥

ਜਿਸ ਦੀ ਹਾਸੀ ਉਡਾਉਂਦਾ ਹੋਇਆ ਗਿ: ਭਾਗ ਸਿੰਘ ਆਪਣੀ ਇਉਂ ਦਲੀਲ ਦਿੰਦਾ ਹੈ ਕਿ ਜਿਸ ਅਕਾਲ ਪੁਰਖ ਨੇ ਸਭ ਤੋਂ ਪਹਿਲਾਂ ਦੁਖ ਦੇਣ ਵਾਲੇ ਦੁਸ਼ਟ ਦੈਂਤ ਆਪ ਹੀ ਰਚੇ, ਭੁਜਾਂ ਬਲਵਾਨ ਕੀਤੀਆਂ ਤਾਂ ਉਸ ਅਕਾਲ ਪੁਰਖ ਨੂੰ ਗਿਲਾ ਕਰਨ ਦਾ ਕੀ ਹੱਕ ਹੈ।

ਹੁਣ ਅਸਾਂ ਸੋਚਣਾ ਇਹ ਹੈ ਕਿ ਕੀ ਗਿਲਾ ਕਰਨਾ ਤਾਂ ਇਕ ਬੱਚੇ ਦੀ ਉਸ ਦੇ ਵਡਿਆਂ ਪਾਸ

Digitized by Panjab Digital Library | www.panjabdigilib.org

ਸ਼ਿਕਾਇਤ ਕਰਨਾ ਹੁੰਦਾ ਹੈ ਕੀ ਅਕਾਲ ਪੁਰਖ ਅਧਿਆਪਕ ਦੀ ਮੁਖ ਅਧਿਆਪਕ ਪਾਸ ਗਿਲਾ ਜਾਂ ਸ਼ਿਕਾਇਤ ਕਰਦਾ ਹੈ। ਉਹ ਤਾਂ ਆਪ ਮੁਖ ਅਧਿਆਪਕਾ ਦੇ ਭੀ ਮੁਖੀਆਂ ਦਾ ਮੁਖੀ ਹੈ ਜੋ ਸ੍ਰੀ ਦਸਮੇਸ਼ ਜੀ ਨੂੰ ਆਦੇਸ (ਆਰਡਰ) ਹੁਕਮ ਕਰ ਰਿਹਾ ਹੈ ਅਤੇ ਕਿਹਾ ਹੈ ਕਿ ਜੋ ਕੰਮ ਫਲਾਂ ਫਲਾਂ ਨੇ ਕੀਤੇ ਉਹ ਤੂੰ ਨਹੀਂ ਕਰਨੇ, ਬਲਕਿ ਤੈ ਨਿਰੋਲ ਖਾਲਸਾ ਪੰਥ ਦੀ ਸਿਰਜਨਾ ਕਰਨੀ ਹੈ ਅਤੇ ਧਰਮ ਦੀ ਰੱਖਿਆ ਭੀ ਕਰਨੀ ਹੈ, ਲੋਕਾਂ ਨੂੰ ਕੁਰਾਹੇ ਜਾਂਦਿਆਂ ਨੂੰ ਤਕ ਕੇ ਚੁਪ ਨਹੀਂ ਰਹਿਣਾ ਸਗੋਂ ਉਹਨਾਂ ਨੂੰ ਸਿਧਾ ਤੇ ਸਪਸ਼ਟ ਨਵਾਂ ਰਾਹ, ਨਵੀਂ ਡੰਡੀਆਂ ਤੇ ਨਵੀਆਂ ਸੜਕਾਂ ਬਣਾਈਆਂ ਅਤੇ ਨਵੇਂ ਰਾਹਾਂ ਤੋਂ ਜਾਣੂ ਕਰਨ ਲਈ ਪਿਛਲੇ ਰਾਹਾਂ ਦੇ ਹਵਾਲੇ ਦੇ ਕੇ ਸਮਝਾਉਣ ਲਈ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਰਚਨਾ ਕੀਤੀ । ਗਿ: ਭਾਗ ਸਿੰਘ ਦਾ ਇਹ ਕਹਿਣਾ ਕਿ ਅਕਾਲ ਪੁਰਖ ਨੇ ਆਪੂ ਬਣਾਇ ਤੇ ਆਪੇ ਉਹਨਾਂ ਦੇ ਸੁਧਾਰ ਲਈ ਤਰਲੇ ਲੈਂਦਾ ਹੈ, ਇਕ ਬੜੀ ਹੀ ਘਟੀਆ ਦਲੀਲ ਹੈ, ਕਿਉਂਕਿ ਬਾਣੀ ਕਹਿੰਦੀ ਹੈ।

ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ ॥
ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ ॥
੨੧੦ ॥ ਸਫਾ ੧੩੭੫ ॥

ਇਹ ਧਰਤੀ-ਸਾਧ ਨਾਮ ਜਪੀ ਤਪੀ ਭਜਨੀਕ ਬੰਦਿਆਂ ਲਈ ਰਚੀ ਗਈ ਹੈ, ਪਰ ਏਥੇ ਚੋਰ ਆ ਕੇ ਵਸ ਪੈਂਦੇ ਨੇ, ਇਸ ਲਈ ਸਾਧਾਂ ਦਾ ਧਰਤੀ ਨੂੰ ਭਾਰ ਨਹੀਂ ਜਾਪਦਾ ਪਰ ਚੋਰਾਂ ਲਈ ਬੇਨਤੀਆਂ ਕਰਦੀ ਹੈ ਕਿ ਐ ਅਕਾਲ ਪੁਰਖ ਇਹਨਾਂ ਨੂੰ ਮੇਰੇ ਉਤੋਂ ਲਾਹ ਲੈ (ਭਾਵ ਚੁਕ ਲੈ) ਇਥੋਂ। ਕਿਉਂਕਿ ਹਰ ਪ੍ਰਾਣੀ ਮਾਤ੍ ਨੂੰ ਨਾਮ ਜਪਣ ਦੀ ਤਾਕੀਦ ਕਰਕੇ ਹੀ ਮਨੁਖ ਦੇਹ ਵਿਚ ਭੇਜਿਆ ਜਾਂਦਾ ਹੈ ਜਦੋਂ ਸੰਸਾਰ ਦੀ ਮਾਇਆ ਦਾ ਝਲਕਾਰਾ ਪੈਂਦਾ ਹੈ (ਦਾਤ ਪਿਆਰੀ ਵਿਸਰਿਆ ਦਾਤਾਰ) ਵਾਲੀ ਗਲ ਹੋ ਜਾਂਦੀ ਹੈ ਜੇ ਰਬ ਨੂੰ ਆਪਣਾ ਨਾਉ ਜਪਾਉਣ ਦਾ ਸ਼ੌਕ ਨਾ ਹੋਵੇ ਤਾਂ ਇਉਂ ਕਿਉ ਕੀਤਾ ਜਾਵੇ। ਜੋ ਹਰ ਰੂਹ ਨੂੰ ਸਵਾਸ ਸਵਾਸ ਨਾਮ ਜਪਣ ਤੇ ਦਸਵੰਧ ਦੇਣ ਦਾ ਆਦੇਸ ਦੇ ਕੇ ਇਥੇ ਭੇਜਿਆ ਜਾਂਦਾ ਹੈ ਪਰ ਆਪਣੇ ਬਚਨਾਂ ਤੇ ਪੂਰਾ ਕੋਈ ਉਤਰਦਾ ਹੈ, ਜਿਸ ਲਈ ਦੰਡ ਦਾ ਭਾਗੀ ਹੋ ਜਾਂਦਾ ਹੈ ਅਤੇ ਦੰਡ ਦੇਣ ਲਈ ਕੁਦਰਤ ਰਾਣੀ ਆਦਿ ਸ਼ਕੜੀ ਆਪਣੀ ਜੋਤ ਤੇ ਬਲ ਦੇਕੇ ਕਿਸੇ ਨਾ ਕਿਸੇ ਰੂਪ ਵਿਚ ਪ੍ਰਤਖ ਹੁੰਦਾ ਹੈ। ਜਿਨਾਂ ਵਿਚੋਂ ਗੁਰੂ ਨਾਨਕ ਜੋਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਆਪਣੇ ਮਿਸ਼ਨ ਵਿਚ ਐਨ ਪੂਰੇ ਉਤਰੇ। ਸਾਰੇ ਬੰਦੇ ਰੱਬ ਨੇ ਆਪ ਹੀ ਬਣਾਏ ਹਨ ਤੇ ਕਈ ਦੰਡ ਭੁਗਤ ਰਹੇ ਨੇ, ਕਈ ਹੁਕਮਰਾਨ ਬਣੇ ਹੋਏ ਹਨ, ਜਦ ਸਾਰੇ ਉਸ ਪਿਉ ਦੀ ਹੀ ਉਪਜ ਹਨ ਤਾਂ ਨਾਲਾਇਕ ਬੰਦੇ ਕਿਥੋਂ ਆ ਗਏ ? ਫੇਰ ਅਕਾਲ ਪੁਰਖ ਨੇ ਲਿਲੜੀਆ ਕੱਢਦਾ ਕਹਿਣਾ ਕਿੱਡੀ ਗੁਸਤਾਖੀ ਹੈ । ਜਦ ਕਿ ਪਿਛੇ ਦੱਸਿਆ ਜਾ ਚੁਕਾ ਹੈ ਕਿ ਦੈਂਤ ਤੇ ਦੇਵਤੇ ਰਚ ਕੇ ੨ ਪਾਰਟੀਆਂ ਖੜੀਆਂ ਕਰਕੇ ਹੀ ਇਹ ਖੇਡ ਖੇਡੀ ਜਾ ਰਹੀ ਹੈ; ਜਿਵੇਂ ਕੁਕੜਾਂ ਜਾਂ ਕਬੂਤਰਾਂ ਨੂੰ ਲੜਾਕੇ ਮਾਲਕ ਉਹਨਾਂ ਦੇ ਤਮਾਸ਼ੇ ਨੂੰ ਤੱਕਕੇ ਪ੍ਰਸੰਨ ਹੁੰਦਾ ਹੈ। ਨਾਲੇ ਜਿੰਨੇ ਭੀ ਅਵਤਾਰ ਪੈਗੰਬਰ ਅਨੇਕਾਂ ਮਹਾਂਪੁਰਸ਼ ਆਏ ਉਹ ਕਿਹੜੇ ਕੰਮ ਲਈ ਆਏ ਸਨ ਨਾਮ ਜਪਾਉਣ ਲਈ ਹੀ ਕਿ ਦੈਂਤ ਬੁਧੀ ਦਾ ਖੈ ਕਰਕੇ ਦੇਵ ਬੁਧੀ ਦਾ ਪ੍ਰਕਾਸ਼ ਕੀਤਾ ਜਾਵੇ-ਕੌਰੇ ਤੇ ਪਾਂਡੂ ਆਪਸ ਵਿਚ ਭਾਈ ਭਾਈ ਹੀ ਸਨ, ਪਰ ਦੁਰਯੋਧਨ ਕਬੁਧੀ ਦਾ ਸ਼ਿਕਾਰ ਹੋ ਗਿਆ ਸੀ ਅਤੇ ਯੁਧਿਸਟਰ ਸੱਚ ਦਾ ਪੁਜਾਰੀ ਸੱਚ ਦੀ ਰਖਿਆ ਲਈ ਕ੍ਰਿਸ਼ਨ ਦਾ ਰੂਪ ਧਾਰਿਆ ਸੀ ਦੁਵਲੇ ਆਪਣਾ ਬਲ ਦੇਕੇ ਕਿਵੇਂ ਸੱਚ ਦਾ ਨਿਤਾਰਾ ਕੀਤਾ ਸੀ ਅਤੇ ਕਿੱਡਾ ਬੜਾ ਅਖਾੜਾ ਰਚਕੇ ਤਮਾਸ਼ਾ ਕਰਕੇ ਸੰਸਾਰੀ ਜੀਵਾਂ ਨੂੰ ਸਿਖਿਆ ਦਿਤੀ ਸੀ। ਜੇ ਖੇਡਾਂ ਤੇ ਅਖਾੜਿਆਂ ਨੂੰ ਚੁਣਕੇ ਸਾਨੂੰ ਮੱਤ ਦੇਣ ਲਈ ਸ੍ਰੀ ਦਸਮੇਸ਼ ਜੀ ਨੇ ਸ੍ਰੀ ਦਸਮ ਗ੍ਰੰਥ

Digitized by Panjab Digital Library | www.panjabdigilib.org

ਸਾਹਿਬ ਦੀ ਰਚਨਾ ਕੀਤੀ ਸੀ ਜਿਸ ਅਨਮੋਲ ਤੋਹਫੇ ਦਾ ਅਸੀਂ ਸਿਲਾ ਦੇਣ ਦੀ ਥਾਂ ਅਜ ਖਿਲੀ ਉਡਾ ਰਹੇ ਤੇ ਦਸਮੇਸ਼ ਪਿਤਾ ਜੀ ਦਾ ਅਪਮਾਨ ਕਰ ਰਹੇ ਹਾਂ।

੧੫–ਇਹ ਕਹਿਣਾ ਕਿ ਗੁਰੂ ਤੇਗ ਬਹਾਦਰ ਜੀ ਨੇ ਪੁਤ੍ਰ ਦੀ ਲਾਲਸਾ ਰਖਕੇ ਤੀਰਥ, ਇਸ਼ਨਾਨ, ਤਪ ਦੇ ਦਾਨ ਕੀਤਾ ਸੀ, ਨਿਰੀ ਖਾਰ ਦੀ ਦ੍ਰਿਸ਼ਟੀ ਨਾਲ ਹੀ ਹੈ। ਸੂਰਜ ਪ੍ਰਕਾਸ਼ ਨੂੰ ਪੜ੍ਹੋ ਤਾਂ ਪਤਾ ਲੱਗਦਾ ਹੈ ਕਿ ਭਾਈ ਸੰਤੋਖ ਸਿੰਘ ਜੀ ਨੇ ਕਿਵੇਂ ਗੁਰੂ ਜੀ ਲਈ ਸ਼ਰਧਾ ਦੇ ਨਾਲ ਉਪਮਾ ਦਰਸਾਈ ਹੈ ਅਤੇ ਦੱਸਿਆ ਹੈ ਕਿ ਅਨੇਕਾਂ ਸਵਾਲੀ ਆਪ ਪਾਸੋਂ ਮੂੰਹ ਮੰਗੀਆਂ ਮੁਰਾਦਾਂ ਹਾਸਲ ਕਰਦੇ ਰਹੇ, ਇਹ ਵੱਖਰੀ ਗਲ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਪੂਰਨ ਬ੍ਰਹਮ ਗਿਆਨੀ ਨਿਰਇੱਛਤ ਸੁਤੇ ਹੀ ਹਰ ਵੇਲੇ ਲਿਵਲੀਨ ਰਹਿੰਦੇ ਸਨ ਅਤੇ ਸ਼ੇਰਨੀ ਦੀ ਦੁਧ ਪਾਉਣ ਲਈ ਸ਼ੁਧ ਸੋਨੇ ਦੇ ਬਰਤਨ ਦੀ ਲੋੜ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜਿਹੀ ਸਾਰੇ ਪੱਖੋਂ ਪ੍ਰਬੀਨ ਜੋਤਿ ਸਰੂਪ ਨੂੰ ਹਾਸਲ ਕਰਨ ਲਈ ਮਾਤਾ ਪਿਤਾ ਦੀ ਆਤਮਾ ਭੀ ਕਿੱਡੀ ਬਲਵਾਨ ਹੋਣ ਦੀ ਲੋੜ ਸੀ, ਜਿਸਦੀ ਤਿਆਰੀ ਮਾਤਾ ਗੁਜਰੀ ਅਤੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਪੂਰਨ ਲਗਨ ਨਾਲ ਕੀਤੀ ਸੀ। ਜਿਸਦਾ ਹਵਾਲਾ ਦਸਮੇਸ਼ ਜੀ ਨੇ ਆਪਣੀ ਬਾਣੀ ਵਿਚ ਦਰਸਾਇਆ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਅਰੰਭ ਤੋਂ ਹੀ ਜਿਸ ਤਿਆਰੀ ਵਿਚ ਸਨ ਅਤੇ ਮਾਤਾ ਨਾਨਕੀ ਜੀ ਨੂੰ ਸੂਰਜ ਪ੍ਰਕਾਸ ਦੇ ਕਥਨ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪਹਿਲਾਂ ਹੀ ਸੂਚਿਤ ਕਰਨ ਲਈ ਸੰਕੇਤ ਦੇ ਦਿਤੇ ਸਨ ਕਿ ਤੇਰਾ ਪੋਤ੍ਰਾ ਕਿਹੋ ਜਿਹੀ ਮਹਾਨ ਕਲਾ ਦਾ ਤੇ ਸ਼ਕਤੀਸ਼ਾਲੀ ਹੋਵੇਗਾ। ਜਿਸਨੂੰ ਤੱਕਣ ਲਈ ਮਾਤਾ ਨਾਨਕੀ ਜੀ ਤੀਬਰ ਇੱਛਾ ਰੱਖਦੇ ਸਨ ਜਿਸਨੂੰ ਕਈ ਵਾਰੀ ਗੁਰੂ ਤੇਗ ਬਹਾਦਰ ਜੀ ਅੱਗੇ ਪ੍ਰਗਟ ਭੀ ਕਰ ਦਿੰਦੇ ਸਨ ਅਤੇ ਗੁਰੂ ਤੇਗ ਬਹਾਦਰ ਸਾਹਿਬ ਭੀ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਨਾਮ ਦਾਨ ਤੇ ਇਸ਼ਨਾਨ ਕਰਦੇ ਰਹਿੰਦੇ।

ਭਾਈ ਭਾਗ ਸਿੰਘ ਜੀ ਐਵੇਂ ਇਧਰ ਦੇ ਬੇ ਮਾਇਨੇ ਨਿਰਮੂਲ ਪ੍ਰਮਾਣ ਲਿਖਕੇ ਆਪਣੇ ਖਾਰੇਪਣ ਦਾ ਪ੍ਰਗਟਾਵਾ ਕਰਦੇ ਹਨ, ਕਦੇ ਤੀਰਥ ਨਹਾਉਣ ਦਾ, ਕਦੇ ਪੁੰਨ ਦਾਨ ਕਰਨ ਦਾ, ਕਦੇ ਤਪ ਸਾਧਣ ਦਾ ਦੋਸ਼ ਲਾਉਂਦੇ ਹਨ, ਜਿਸਦਾ ਏਥੇ ਕੋਈ ਮੇਲ ਹੀ ਨਹੀਂ ਢੁਕਦਾ। ਜੋ ਵਿਅਰਥ ਸ੍ਰੀ ਦਸਮ ਗ੍ਰੰਥ ਸਾ: ਤੇ ਸੂਰਜ ਪ੍ਰਕਾਸ਼ ਨੂੰ ਗਪੌੜੇ ਤੇ ਝੂਠ ਸਿਧ ਕਰਨ ਲਈ ਹੱਥ ਪੈਰ ਮਾਰੇ ਹਨ ਅਤੇ ਸਫਾ ੧੦੮ ਤੇ ਗੁਰਬਾਣੀ ਦੀ ਉਦਾਹਰਣ ਦਿੰਦੇ ਹਨ,ਜਿਸਦਾ ਭਾਵ ਹੈ ਕਿ ਜਪ ਤਪ ਕਰਨੇ ਨਾਮ ਤੋਂ ਬਿਨਾਂ ਨਿਕਾਰੇ ਹਨ, ਜੋ ਪਿੱਛੇ ਸਿਧ ਕੀਤੇ ਜਾ ਚੁਕੇ ਹਨ, ਨਾਮ ਜਪਣ ਲਈ ਤਾਂ ਸਗੋਂ ਸੰਜਮ ਦੀ ਵਿਸ਼ੇਸ਼ ਲੋੜ ਹੈ। ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਇਹ ਉਕਾ ਹੀ ਨਹੀਂ ਲਿਖਿਆ ਮਿਲਦਾ ਕਿ ਨੌਵੇਂ ਪਾਤਸਾਹ ਨੇ ਇਹ ਜਪ ਤਪ ਪੁਤ੍ਰ ਦੀ ਖਾਹਿਸ਼ ਨੂੰ ਰਖਕੇ ਕੀਤੇ।

ਗੁਰਦਵਾਰਾ ਹੇਮ ਕੁੰਟ ਸਾਹਿਬ

੧੬–ਜੇਕਰ ਵਜੂਦ ਵਿਚ ਆ ਗਿਆ ਹੈ ਤਾਂ ਗਿ: ਭਾਗ ਸਿੰਘ ਜੀ ਦੇ ਢਿੱਡ ਪੀੜ ਕਿਉਂ? ਜੇਕਰ ਅਕਾਰਣ ਭੀ ਗੁਰਦਵਾਰਾ ਵਜੂਦ ਵਿਚ ਆ ਜਾਂਦਾ ਹੈ ਤਾਂ ਜਾਣੋ ਸੰਗਤਾਂ ਦੀ ਸ਼ਰਧਾ ਹੈ। ਭਾਵੇਂ ਕਿਸੇ ਅਕਾਰਣ ਜਾਂ ਕਾਰਨ ਕਰਕੇ ਜਿਥੇ ਗੁਰਦਵਾਰੇ ਦਾ ਵਜੂਦ ਹੈ ਸੰਗਤਾਂ ਉਥੇ ਪੁਜਦੀਆਂ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਦੇਸ਼ ਹੈ ਜਿਥੇ ਧਰਮਸ਼ਾਲਾ ਨਹੀਂ ਉਥੇ ਧਰਮਸ਼ਾਲਾ ਬਣਾਈ ਜਾਵੇ। ਗੁਰਦਵਾਰੇ ਗੁਰਮਤ ਪ੍ਰਚਾਰ ਦਾ ਸੋਮਾ ਹਨ, ਜਿੰਨੇ ਭੀ ਹੋਣ ਥੋੜੇ ਹਨ, ਜਿਥੇ ਗੁਰਦਵਾਰਾ ਹੈ ਉਥੇ ਲੰਗਰ ਭੀ ਚਲਦੇ ਹਨ, ਪਰ ਭਾਈ ਭਾਗ ਸਿੰਘ ਨੂੰ ਕਲਪਣਾ ਕਿਉਂ? ਜਿਥੇ ਭੀ ਬਣ ਸਕੇ ਉਥੇ ਹੀ ਧਰਮ ਮੰਦਰ ਗੁਰੂ ਦਾ ਦਵਾਰਾ ਬਨਾਉਣ ਦਾ ਗੁਰੂ ਦੇ ਸਿਖਾਂ ਦਾ ਮੁਢਲਾ ਹੱਕ ਹੈ ਗਿਆਨੀ ਭਾਗ ਸਿੰਘ ਜੀ

Digitized by Panjab Digital Library | www.panjabdigilib.org

ਬਾਂਹ ਤੇ ਕੰਨ ਰਖਕੇ ਸ਼ਾਨ ਨਾਲ ਸੌਣ।

੧੪ ॥ ੧੭ ॥ ੨ ॥ ੭ ॥ ੨੨ ॥ ੧੨੬ ॥

੧ ਓ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾ: ੭ ॥ ਅਧਜਾਇ ੨ ॥ ਅਲੋਚਨਾਤਮਕ ॥
ਸ੍ਰੀ ਗੁਰੂ ਚਸਮ ਗ੍ਰੰਥ ਸਾ: ਦੇ ਨਿਰਣੇ ਦਾ ਨਿਰਣਾ ॥ ਪ੍ਰਕਰਣ ਨੰ: ੮ ॥ ੨੩ ॥ ੧੩੦ ॥

ਪ੍ਰਸ਼ਨਾਂ ਦੇ ਉੱਤਰ

੧–ਜੋਰੀ ਜੀਯੈ ਜਗ ਚਾਰਿ ਤਿਹਾਰੀ। ਦੇ ਸਿਰ ਲੇਖ ਹੇਠ ਸਫਾ ੫੪ ਤੇ ਗਿ: ਭਾਗ ਸਿੰਘ ਜੀ ਖਾਸੀ ਵਿਸਥਾਰ ਕਰਦੇ ਹਨ ? ਜੋ ਉਕਾ ਹੀ ਬੇ ਮਾਇਨੇ ਹੈ। ਕਿਉਂਕਿ ਇਹ ਤ੍ਰਿਯਾ ਚਰਿਤ੍ਰ ਵਿਚ ਇਕ ਪ੍ਰਸੰਗ ਹੈ, ਤੇ ਉਸ ਦਾ ਪ੍ਰਸੰਗ ਜਿਸ ਨੂੰ ਲਿਖਾਰੀ ਲਿਖ ਰਿਹਾ ਹੁੰਦਾ ਹੈ ਜਿਉਂ ਦਾ ਤਿਉਂ ਪੂਰਾ ਕਰਨਾ ਹੁੰਦਾ ਹੈ,ਜਿਥੇ ਚੋਰ ਦਾ ਪਾਰਟ ਆਜਾਏ ਉਥੇ ਚੋਰ ਨੂੰ ਚੋਰ ਤੇ ਸਾਧ ਨੂੰ ਸਾਧ ਲਿਖਣਾ ਲਿਖਾਰੀ ਦਾ ਫਰਜ ਹੈ। ਹਾਂ ਉਸ ਦਾ ਨਤੀਜਾ ਕਢਣਾ ਉਹ ਸਮੁਚੇ ਪ੍ਰਸੰਗ ਨਾਲ ਸਬੰਧਤ ਹੁੰਦਾ ਹੈ, ਨਾ ਕਿ ਅਸੀਂ ਕਹੀਏ ਕਿ ਇਹ ਕਿਉਂ ਲਿਖਿਆ ਹੈ । ਅਤੇ ਤ੍ਰਿਆ ਚਰਿਤ੍ਰਾਂ ਦਾ ਵੇਰਵਾ ਅਗੇ ਜਾ ਕੇ ਦਿਤਾ ਜਾਏਗਾ ਜਦੋਂ ਉਸ ਵਿਸ਼ੇ ਤੇ ਵਿਚਾਰ ਕਰਾਂਗੇ । ਇਥੇ ਏਨਾ ਹੀ ਦਸਣਾ ਕਾਫੀ ਹੈ ਕਿ ਇਸ ਪੰਗਤੀ ਦੇ ਪੜ੍ਹ ਜਾਣ ਨਾਲ ਸਿਖੀ ਨੂੰ ਜਾਂ ਸਿਖ ਪੰਥ ਨੂੰ ਕੋਈ ਹਾਨੀ ਜਾਂ ਠੇਸ ਨਹੀਂ ਵਜਦੀ, ਜੋ ਸਮੇਂ ਅਨੁਸਾਰ ਪੜ੍ਹ ਕੇ ਤਕੋ ਤਾਂ ਓਥੇ ਠੀਕ ਹੀ ਹੈ। ਫੇਰ ਗਿ: ਭਾਗ ਸਿੰਘ ਦਾ ਇਹ ਲਿਖਣਾ ਕਿ ਇਹ ਨਿਰੋਲ ਮਿਥਿਆਵਾਦ ਦਸਮ ਪਿਤਾ ਵਲੋਂ ਮੰਨਣਾ ਬੁਧਮਤਾ ਹੈ ਜਾਂ ਨਿਰੋਲ (ਮੂਰਖ ਪੁਣਾ)।

ਉਤ੍ਰ- ਜਦ ਕਿ ਦਸਮ ਗ੍ਰੰਥ ਸਾਹਿਬ ਤੇ ਮੋਹਰ ਦਸਮੇਸ਼ ਜੀ ਤੇ ਲਗੀ ਹੋਈ ਹੈ, ਜਦ ਕਿ ਇਸ ਗ੍ਰੰਥ ਦਾ ਨਾਮ ਹੀ ਸ੍ਰੀ ਦਸਮ ਗ੍ਰੰਥ ਸਾਹਿਬ ਦਸਮੇਸ਼ ਕ੍ਰਿਤ ਸਿਧ ਕਰਦਾ ਹੈ, ਇਸ ਲਈ ਮੂਰਖ ਉਹ ਹੈ ਜੋ ਸ੍ਰੀ ਦਸ਼ਮੇਸ਼ ਪਾਤਸ਼ਾਹ ਦੇ ਉਲਟ ਬਗਾਵਤ ਕਰਦਾ ਹੈ ਤੇ ਗੁਰੂ ਸਾਹਿਬ ਆਪ ਕਹਿੰਦੇ ਹਨ ਕਿ ਇਹ ਪੁਰਾਣਕ ਇਤਿਹਾਸ ਹੀ ਲਿਖਿਆ ਗਿਆ ਹੈ, ਜਿਸ ਦਾ ਕਾਰਣ ਕੁਝ ਪਹਿਲੇ ਦਸਿਆ ਗਿਆ ਹੈ ਕੁਝ ਅਗੇ ਸਮੇਂ ਸਮੇਂ ਆਉਂਦਾ ਜਾਏਗਾ ਜਦ ਕਿ ਇਕ ਨਵ ਉਮਰ ਰਾਜਾ ਤੇ ਇਕ ਹੁਸੀਨ ਲੜਕੀ ਦਾ ਜੋੜ, ਭਾਵ ਰਸਮ ਵਿਆਹ ਹੋਈ ਤੇ ਬਜ਼ੁਰਗਾਂ ਨੇ ਉਹਨਾਂ ਨੂੰ ਅਸੀਸ ਦਿਤੀ ਤੇ ਅਜ ਭੀ ਜਿਥੇ ਕਿਥੇ ਰਸਮ ਵਿਆਹ ਹੁੰਦੀ ਹੈ ਕਈ ਕਈ ਸਜਣਾਂ ਵਲੋਂ ਬੱਚੇ ਬੱਚੀ ਨੂੰ ਲੰਬੀ ਉਮਰ ਤੇ ਸੁਹਾਗ ਹੰਡਾਉਣ ਲਈ ਅਸੀਸਾਂ ਦਿਤੀਆਂ ਜਾਂਦੀਆਂ ਹਨ, ਉਹਨਾਂ ਨੂੰ ਰੋਕ ਕੇ ਦਸੋ, ਜਿਹੜੀ ਗਲ ਪਿਛੇ ਹੋ ਗੁਜਰੀ ਉਹ ਤਾਂ ਜਿਵੇਂ ਹੋਈ ਹੈ ਤਿਵੇਂ ਹੀ ਲਿਖੀ ਸੀ। ਇਸ ਦਾ ਕਿਸੇ ਨੂੰ ਕੀ ਇਤਰਾਜ ? ਇਕ ਕਵੀ ਜਾਂ ਵਿਦਵਾਨ ਕਿਸੇ ਸਮੇਂ ਅਨੁਸਾਰ ਢੁਕਵੇਂ ਸ਼ਬਦ ਵਰਤਦਾ, ਦੂਜਾ ਉਹਨਾਂ ਨੂੰ ਠੀਕ ਜਾਣ ਕੇ ਨੋਟ ਕਰ ਲੈਂਦਾ ਹੈ ਅਤੇ ਲੋੜ ਵੇਲੇ ਉਹ ਵਰਤ ਲੈਂਦਾ ਹੈ ਤਾਂ ਕਿਸੇ ਨੂੰ ਸ਼ਕਾਇਤ ਕੀ ਤੇ ਇਸ ਦੇ ਵਿਚਕੁਰਾਹੇ ਜਾਣ ਵਾਲੀ ਕੇਹੜੀ ਗਲ ਹੈ ਜੋ ਮੇਰੇ ਸਤਿਕਾਰ ਯੋਗ ਸਜਣਾਂ ਨੂੰ ਦੁਖ ਦਿੰਦੀ ਹੈ । ਹਰ ਬਜ਼ੁਰਗ ਦਾ ਹੱਕ ਹੈ ਕਿ ਉਹ ਆਪਣੇ ਅਜੀਜ ਨੂੰ ਅਸੀਸ ਦੇਵੇ ਕਿ ਜੋਰੀ ਜਯੇ ਜੁਗ ਚਾਰ ਤੁਹਰੀ ॥

Digitized by Panjab Digital Library | www.panjabdigilib.org

੨-ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ–ਦੇ ਸਿਰਲੇਖ ਹੇਠ ਸਫਾ ੫ ਤੇ ਗਿਆਨੀ ਜੀ ਇਸ ਦੀ ਅਲੋਚਨਾ ਕਰਦੇ ਹਨ – ਅਗੇ ਸ੍ਰੀ ਦਸਮੇਸ਼ ਕ੍ਰਿਤ ਗੁਰਬਾਣੀ ਨੂੰ ਇਕ ਗੀਤ ਦਸਦੇ ਹਨ। ਤੇ ਫੇਰ ਕਹਿੰਦੇ ਹਨ ਕਿ ਅਰਥ ਬੋਧ ਦੀ ਅਣਹੋਂਦ ਕਾਰਣ ਵੇਖੋ ਵੇਖੀ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿਚ ਪੜ੍ਹੀ ਜਾਂਦੇ ਜਿਸ ਦਾ ਭਾਵ ਇਹ ਨਿਕਲਦਾ ਹੈ ਕਿ ਇਸ ਦੇ ਪੜ੍ਹਨ ਵਾਲੇ ਸਭ ਬੇਅਕਲ ਹੀ ਹਨ। ਜਿਸ ਲਈ ਆਪਣੀਆਂ ਮਨ ਘੜਤ ਦਲੀਲਾਂ ਦੇ ਕੇ ਕਹਿੰਦੇ ਕਿ ਇਹ ਸਿਧ ਹੋਇਆ ਸ਼ਬਦ ਦਸਮ ਪਾਤਸ਼ਾਹ ਦੀ ਰਚਨਾ ਸਿਧ ਕਰਨ ਹਿਤ ਜ਼ਾਣ ਬੁਝ ਕੇ ਸ੍ਰੀ ਮੁਖਵਾਕ ਪਾਤਸ਼ਾਹੀ ੧੦ ਲਿਖ ਕੇ ਦੂਜੇ ਸ਼ਬਦ ਵਿਚ ਘੁਸੋੜਿਆ ਗਿਆ ਹੈ, ਜੋ ਸੁਤੇ ਹੀ ਕਿਸੇ ਨਸ਼ਿਆਂ ਦੇ ਪ੍ਰੇਮੀ ਵਲੋਂ, ਵਿਛੋੜੇ ਯਾਰ ਲਈ ਦੂਜੇ ਸ਼ਬਦਾਂ ਵਿਚ ਕਵੀ ਨੇ ਖਿਆਲ ਦਿਤਾ ਹੈ । ਫੇਰ ਅਗੇ ਆਪਣੀਆਂ ਕਈ ਗਿਆਨ ਗਿੱਟੀਆਂ ਦਿਤੀਆਂ ਹਨ ਤੇ ਲਿਖਦੇ ਹਨ।

ਹੁਣ ਲੋੜ ਇਹ ਹੈ ਕਿ ਯਾਰੜੇ ਦਾ ਸਾਨੂੰ ਸੱਥਰ ਚੰਗਾ ਵਾਲਾ ਖਿਆਲ ਜਿਸ ਨੇ ਪ੍ਰਗਟ ਕੀਤਾ ਹੈ ਉਹ ਵਿਅਕਤੀ ਦਰਸਾਇਆ ਜਾਵੇ । ਉਹ ਵਿਅਕਤੀ ਹੀਰ ਹੈ ਜਿਸ ਨੇ ਰਾਂਝੇ ਦੇ ਵਿਛੋੜੇ ਵਿਚ ਉਪ੍ਰੋਕਤ ਖਿਆਲ ਪ੍ਰਗਟ ਕੀਤਾ ਹੈ, ਜਿਸ ਸਬੰਧੀ ਵਾਰਸਸ਼ਾਹ ਅਤੇ ਦਮੋਦਰ ਆਦਿਕਾਂ ਵਲੋਂ ਕਿੱਸੇ ਵੀ ਬਣੇ ਹੋਏ ਹਨ ਅਤੇ ਭਾਈ ਗੁਰਦਾਸ ਜੀ ਨੇ ਭੀ ਦ੍ਰਿਸ਼ਟਾਂਤ ਵਜੋਂ ਲਿਖਿਆ ਹੈ ਕਿ (ਰਾਂਝਾ ਹੀਰ ਵਖਾਣੀਐ ਉਹ ਪਿਰਮ ਪਿਰਾਂਤੀ ਹੈ ਅਗੇ ਰਾਂਝੇ ਹੀਰ ਦੀ ਕਹਾਣੀ ਤੇ ਘਰ ਘਾਟ ਦਾ ਵੇਰਵਾ ਦਿਤਾ ਹੈ, ਜਿਸ ਨਾਲ ਸਾਡਾ ਏਥੇ ਕੁਝ ਵੀ ਵਾਸਤਾ ਨਹੀਂ ਅਤੇ ਇਉਂ ਇਸ ਵੈਰਾਗ ਮਈ ਦਸਮੇਸ਼ ਜੀ ਦੀ ਅੰਤ੍ਰੰਗੀ ਨਿਜੀ ਹਕੀਕੀ ਪਿਆਰ ਨੂੰ ਬਦਲ ਕੇ ਗਿ: ਭਾਗ ਸਿੰਘ ਜੀ ਨੇ ਮਿਜ਼ਾਜੀ ਇਸ਼ਕ ਵਲ ਖਿਚ ਲਿਆਂਦਾ ਹੈ। ਕਹਿੰਦੇ ਹਨ ਕਿ ਲਿਖਾਰੀ ਕਿਸੇ ਹੀਰ ਦੇ ਵਿਯੋਗ ਵਿਚ ਇਹ ਰਜਾਈਆਂ ਮੇਰੇ ਵਾਸਤੇ ਰੋਗ ਦੁਖਦਾਈ ਹਨ, ਬਲਕਿ ਨਾਗਾਂ ਵਾਂਗੂ ਡਸਦੀਆਂ ਹਨ ਅਤੇ ਸੁਰਾਹੀ (ਸ਼ਰਾਬ ਵਾਲੀ ਮਟਕੀ) ਅਤੇ ਸ਼ਰਾਬ ਪੀਣ ਵਾਲਾ ਪਿਆਲਾ ਸੂਲੀ ਅਤੇ ਖੰਜਰ ਦਿਸਦੇ ਹਨ। ਜਿਸ ਦਾ ਭਾਵ ਗਿ: ਜੀ ਨੇ ਇਹ ਦਰਸਾਇਆ ਹੈ ਕਿ ਕੋਈ ਹੀਰ ਆਪਣੇ ਰਾਂਝੇ ਤੋਂ ਵਿਛੜੀ ਹੋਈ ਆਪਣੇ ਯਾਰ ਦੀ ਜੁਦਾਈ ਵਿਚ ਰੋਂਦੀ ਨੇ ਇਹ ਗੀਤ ਗਾਇਆ ਹੈ ਜੋ ਚੁਕ ਕੇ ਏਥੇ ਘਸੋੜ ਦਿਤਾ ਹੈ, ਅਗੇ ਗੁਰਬਾਣੀ ਦੇ ਪ੍ਰਮਾਣ ਦੇਣੇ ਕਿੰਸ ਕੰਮ ਜਦ ਆਪ ਨੇ ਇਉਂ ਹੀ ਲਿਖ ਦਿਤਾ ਹੈ। ਹੁਣ ਤੁਸੀਂ ਆਪ ਹੀ ਇਸ ਦੇ ਨਤੀਜੇ ਵਿਚਾਰ ਲਵੋ।

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ॥
ਤੁਧ ਬਿਨ ਰੋਗ ਰਜਾਈਆਂ ਦਾ ਓਢਨ ਨਾਗ ਨਿਵਾਸਾਂ ਦਾ ਰਹਿਣਾ ॥
ਸੂਲ ਸੁਰਾਹੀ ਖੰਜਰ ਪਿਆਰਾ ਬਿੰਗ ਕਸਾਈਆਂ ਦਾ ਸਹਿਣਾ ॥
ਯਾਰੜੇ ਦਾ ਸਾਨੂੰ ਸਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ ॥ ੧ ॥

ਗੁਰਬਾਣੀ ਵਿਚ ਮਿਤ੍ਰ ਪਿਆਰਾ ਇਕੋ ਇਕ ਅਕਾਲੀ ਜੋਤਿ ਹੀ ਹੈ। ਜਿਸ ਬਾਰੇ ਲਿਖਿਆ ਮਿਲਦਾ ਹੈ – **ਮਿਤ੍ਰ ਪਿਆਰਾ ਜੀ ਮੈਂ ਛੱਡ ਗਵਾਇਆ ਰੰਗ ਕੁਸੰਬੇ ਭੁਲੀ ॥**

ਉਸ ਮਿਤ੍ਰ ਪਿਆਰੇ ਨੂੰ ਮੈਂ, ਮੁਰੀਦ, ਆਪਣਾ ਹਾਲ ਕਹਿੰਦਾ ਹਾਂ ਕਿ ਐ ਮੇਰੇ ਪਿਆਰੇ ਮਿਤ੍ਰ ਜੀਉ ਜੋਕਰ ਤੂੰ ਮੇਰੇ ਅੰਗ ਸੰਗ ਨਾ ਹੋਵੇਂ ਤਾਂ ਰਜਾਈਆਂ ਵਿਚ ਲਿਪਟ ਕੇ ਸੌਣਾ ਭਾਵ ਅਰਾਮ ਵਿਚ ਸੌਣਾ ਮੇਰੇ ਲਈ ਇਕ ਰੋਗ-ਦੁਖ, ਬੀਮਾਰੀ ਦੇ ਬਰਾਬਰ ਹੈ ਅਤੇ ਕਿਸੇ, ਨਿਵਾਸ ਭਾਵ ਅਸਥਾਨ ਜਾਂ ਧੌਲਰ ਮਕਾਨ ਵਿਚ ਵਸਣਾ ਸੂਲਾਂ ਵਿਚ ਵੱਸਣ ਦੇ ਤੁਲ ਹੀ ਹੈ। ਤੇਰੀ ਰਜ਼ਾ ਵਿਚ ਰਹਿੰਦਾ ਹੋਇਆ ਤੇ ਤੇਰੀ ਯਾਦ ਵਿਚ ਵਿਚਰਦਾ ਹੋਇਆ ਤੈਨੂੰ ਅੰਗ ਸੰਗ ਤਕ ਕੇ ਮੈਂ ਭਾਵੇਂ ਅਜ ਬਿਨਾਂ ਬਿਸਤ੍ਰੇ ਬਿਨਾਂ ਰਜ਼ਾਈ ਤੇ ਬਿਨਾਂ

Digitized by Panjab Digital Library | www.panjabdigilib.org

ਕਿਸੇ ਘਰ ਘਾਟ ਦੇ ਵੀ ਆਨੰਦ ਤੇ ਪ੍ਰਸੰਨ ਹਾਂ। ਜਿਸ ਸ਼ਰਾਬ ਦੀ ਸੁਰਾਹੀ ਤੇ ਸ਼ਰਾਬ ਦੇ ਪਿਆਲੇ ਨੂੰ ਲੋਕ ਨਸ਼ੇ ਦਾ ਸੁਖ ਮੰਨਦੇ ਹਨ, ਉਹ ਮੇਰੇ ਲਈ 'ਸੂਲੀ' ਦੇ ਤੁਲ ਹੈ ਅਤੇ ਪਿਆਲਾ ਉਸ ਕਸਾਈਆਂ ਦੇ ਵਿੰਗ ਦੇ ਬਰਾਬਰ ਹੈ ਜੋ ਇਕ ਵਿੰਗੀ ਛੁਰੀ ਛੜੇ ਦੇ ਪਿਛੇ ਹਿਸੇ ਵਿਚ ਖੋਭ ਕੇ ਉਸ ਦੇ ਰੋਣ ਦੀ ਤੜਫਣ ਦੀ ਨਾ ਪ੍ਰਵਾਹ ਕੀਤੇ ਬਿਨਾਂ ਉਸਦੇ ਪਿਛਲੇ ਹਿਸੇ ਵਿਚੋਂ ਚਰਬੀ ਕਢਣ ਵਾਸਤੇ ਹੁੰਦੀ ਹੈ, ਅਤੇ ਮੈਨੂੰ ਉਹ ਵਿੰਗ ਸਹਿ ਲੈਣਾ ਸੌਖਾ ਹੈ, ਅਜ ਏਥੇ ਭੁੰਜੇ ਸੌਣਾ ਚੰਗਾ ਹੈ ਤੇ ਤੈਥੋਂ ਬਿਨਾਂ ਕਿਸੇ ਭੀ ਖੁਸ਼ੀ ਜਾਂ ਖੇੜੇ ਦਾ ਰਹਿਣਾ ਤਪਦੀ ਭੱਠੀ ਦੇ ਰਹਿਣ ਦੇ ਬਰਾਬਰ ਹੈ। ਗੁਰਬਾਣੀ ਤੇ ਦਸਮੇਸ਼ ਬਾਣੀ ਦੇ ਵਿਚ ਇਕ ਰੰਚਕ ਭੀ ਫੇਰ ਨਹੀਂ ਹੈ, ਜੇ ਹੈ ਤਾਂ ਸਾਡੇ ਵਿਚਾਰ ਤੇ ਦ੍ਰਿਸ਼ਟੀ ਕੋਨ ਦਾ ਹੀ ਫੇਰ ਹੈ।

ੳ– ਧਨੀ ਵਿਹੂਣਾ ਪਾਟ ਪਟੰਬਰ ਵਾਰੀ ਸੇਤੀ ਜਾਲੇ ॥
ਧੂੜੀ ਵਿਚਿ ਲੁਡੰਦੜੀ ਸੋਹਾ ਨਾਨਕ ਤੈ ਸਹ ਨਾਲੇ ॥ ੨ ॥ ਸ: ੧੪੨੪ ॥ ਮਹਲਾ ੫ ॥
ਅ– ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ ॥ ਮ: ੫ ॥ ਸ: ੭੦੩ ॥

ਮੇਰੇ ਪਰਮ ਵੀਰੋ–ਇਹਨਾਂ ਦੋਨਾਂ ਹੀ ਸ਼ਬਦਾਂ ਨੂੰ ਗੰਹੁ ਨਾਲ ਪੜ੍ਹਕੇ ਵਿਚਾਰੋ ਤਾਂ ਅਰਥ ਦੋਨਾਂ ਦਾ ਇਕੋ ਹੀ ਨਿਕਲੇਗਾ, ਇਸ ਲਈ ਤੁਸੀਂ ਆਪ ਹੀ ਟਾਕਰਾ ਕਰ ਲਵੋ ਕਿਥੇ ਹੀਰ ਰਾਂਝੇ ਦਾ ਹੋਣਾ ਕਿਥੇ ਸ੍ਰੀ ਦਸਮੇਸ਼ ਜੀ ਦਾ ਦਿਲੀ ਵਿਯੋਗ ਜਿਸ ਨੇ ਆਪਣੇ ਆਪੇ ਤਕ ਭੇਟ ਚੜ੍ਹਾ ਦਿਤਾ ਹੋਵੇ

੩–ਸ੍ਰੀ ਸ਼ਮਸ਼ੇਰ ਸਿੰਘ ਜੀ ਅਸ਼ੋਕ–ਸਫਾ ੩੯ ਤੇ ਲਿਖਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਅਨਮਤੀ ਮੰਤ੍ਰਾਂ ਦੇ ਸ਼ਰਧਾਲੂ ਸਾਬਤ ਕਰਣ ਲਈ ਤ੍ਰਿਯਾ ਚਰਿਤ੍ਰ ਦੇ ੧੬ਵੇਂ ਅਤੇ ੨ ਚਰਿਤ੍ਰਾਂ ਵਿਚ ਜੋ ਅਫਸਾਨਾ ਨਵੀਸੀ ਤੋਂ ਕੰਮ ਲਿਆ ਗਿਆ ਹੈ ਉਹ ਬੜਾ ਹੀ ਬਚਿਤ੍ਰ ਹੈ। ਜਿਸਨੂੰ ਅਗੇ ਚਲਕੇ ਪ੍ਰਕਰਣ ਨੰ: ੧੮ ਅੰਕ ੧੦ ਵਿਚ ਦੇਖੋ।

ਸਫਾ ੪੪ ਤੇ ਸ: ਭਾਗ ਸਿੰਘ ਦਾ ਪ੍ਰਸ਼ਨ ਹੈ ਕਿ ਕ੍ਰਿਸ਼ਨ ਜੀ ਬਲਰਾਮ ਨੇ ਤੇ ਅਰਜਨ ਨੇ ਸ਼ਰਾਬ ਪੀਤੀ ਲਿਖਿਆ ਹੈ ? ਜਿਸਦੇ ਸਬੂਤ ਲਈ ਇਹ ਪੰਗਤੀਆਂ ਲਿਖੀਆਂ ਹਨ।

ਪੋਸਤ ਭਾਂਗ ਅਫੀਮ ਮੰਗਾਇ ਪੀਯੋ ਮਦ ਸ਼ੋਕ ਬਿਦਾ ਕਰਿ ਡਾਰਯੋ ॥
ਮੱਤ ਹੋ ਚਾਰੋਈ ਕੈਫਨ ਸੋਂ ਸੁਤ ਇੰਦ੍ਰ ਸੋ ਇਮ ਸਿਆਮ ਉਚਾਰਯੋ ॥
ਕਾਮ ਕੀਯੋ ਬ੍ਰਹਮ ਆਦਿ ਕਿਉਂ ਮਦਰਾ ਕੋਨ ਆਠਵੋਂ ਸਿੰਧ ਸਵਾਰਯੋ ॥
ਤਬ ਪਾਰਥ ਕਰਿ ਜੋਰਿ ਕੈ ਹਰਿ ਸਿਓ ਸੁਨਾਇ ॥ ਜੜ੍ਹ ਬ੍ਰਾਹਮਨ ਇਨ ਰਸਨ ਕੋ ਜਾਨੈ ਕਹਾ ਉਪਾਇ ॥ ਅੰਕ ੨੧੧੬ ॥ ਕ੍ਰਿਸਨ ਅਵਤਾਰ॥

ਇਹ ਲਿਖਕੇ ਸ: ਭਾਗ ਸਿੰਘ ਜੀ ਕ੍ਰਿਸ਼ਨ ਜੀ ਦੀ ਵਕਾਲਤ ਕਰਦੇ ਲਿਖਦੇ ਹਨ ਕਿ ਸ੍ਰੀ ਕ੍ਰਿਸ਼ਨ ਜੀ ਦਾ ਉਪ੍ਰੋਕਤ ਨਸ਼ਿਆਂ ਨੂੰ ਵਰਤਣਾ ਤੇ ਮਸਤ ਹੋਣਾ ਸ੍ਰੀ ਮਦ ਭਗਵਤ ਪੁਰਾਣ ਵਿਚ ਕਿਤੇ ਰੰਚਕ ਮਾਤਰ ਵੀ ਜ਼ਿਕਰ ਨਹੀਂ, ਜੋ ਕੋਰਾ ਝੂਠ ਹੈ।

ਉਤ੍ਰ ਵਿਚ ਮੈਂ ਸ: ਭਾਗ ਸਿੰਘ ਜੀ ਅਗੇ ਬੇਨਤੀ ਕਰਦਾ ਹਾਂ ਕਿ ਆਪ ਸਚ ਝੂਠ ਬਨਾਉਣ ਵਿਚ ਬੜੇ ਮਾਹਰ ਹੋ ਕ੍ਰਿਪਾ ਕਰਕੇ ਸਫਾ ੫੪੦ ਅਧਯਾਇ ੩੦ ਸਕੰਧ ੧੧ ਨੂੰ ਹੋਸ਼ ਠੀਕ ਕਰਕੇ ਪੜ੍ਹ ਲੈਣ।

ਹੇ ਰਾਜਾ ਜਬ ਜਾਦੋ ਏਕ ਦਿਨ ਸਮੁੰਦਰ ਕੇ ਤਟ ਪਰ ਬੈਠ ਕੇ ਕਰੀੜਾ ਕਰਨੇ ਲਗੇ, ਔਰ ਸਭ

Digitized by Panjab Digital Library | www.panjabdigilib.org

ਕੈ ਮਨ ਮੇਂ ਆਨੰਦ ਹੋ ਰਿਹਾ ਥਾ, ਸੋ ਉਸ ਸਮੇਂ ਮਧਪਾਨ ਕਰਨੇ ਕੀ ਸਭ ਕੋ ਇਛਾ ਹੋਈ । ਸ੍ਰੀ ਸੁਕਦੇਵ ਜੀ ਕਹਿਤੇ ਹੈਂ ਹੇ ਰਾਜਾ ਪ੍ਰੀਖਯਤ ਅਦਭੁਤ ਚਰਿਤ੍ਰ ਸ੍ਰੀ ਕ੍ਰਿਸ਼ਨ ਚੰਦਰ ਮਹਾਰਾਜ ਕੇ ਕੌਣ ਵਰਣਨ ਕਰ ਸਕਤਾ ਹੈ, ਉਨਕੀ ਇਛਾ ਸੇ ਐਸੀ ਬੁਧ ਸਭ ਕੋ ਪ੍ਰਾਪਤ ਹੁਈ ਅਰ ਸਭ ਜਾਦੋਂ ਨੇ ਮਦ ਪਾਨ ਕਰਾ ਔਰ ਗਿਆਨ ਬੁਧੀ ਸਭ ਜਾਤੀ ਰਹੀ । ਜਦ ਸਾਰੇ ਹੀ ਜਦ, ਬੈਸੀ ਰਲ ਕੇ ਸ਼ਰਾਬ ਪੀ ਸਕਦੇ ਹਨ ਤਾਂ ਉਹ ਪਹਿਲਾਂ ਹੀ ਕੁਝ ਕੁਝ ਇਸ ਦੇ ਆਦੀ ਹੋਣਗੇ ਹੀ ਨਹੀਂ ਤਾਂ ਸਾਰੇ ਦੇ ਸਾਰੇ ਜੋ ਲਖਾਂ ਦੀ ਗਿਣਤੀ ਵਿਚ ਸਨ ਕਿਵੇਂ ਪੀ ਸਕਦੇ ਸਨ ।

ਪ-ਗਿ: ਭਾਗ ਸਿੰਘ ਜੀ ਸਫਾ ੬੪ ਪਹਿਲੀ ਲਾਇਨ ਤੇ ਅਲੋਚਨਾ ਕਰਦੇ ਲਿਖਦੇ ਹਨ ਕਿ ਜੇ ਸ੍ਰੀ ਮੁਖਵਾਕ ਪਾਤਸ਼ਾਹੀ ੧੦ ਦੀ ਥਾਵੇਂ ਕਵਿ ਵੀ ਮੰਨ ਲਿਆ ਜਾਵੇ ਤਾਂ ਵੀ ਦੇਹ ਸ਼ਿਵਾ ਵਾਲਾ ਸ੍ਵੈਯਾ ਦਸਮੇਸ਼ ਕ੍ਰਿਤ ਨਹੀਂ ਹੋ ਸਕਦਾ, ਕਿਉਂਕਿ ਗੁਰੂ ਜੀ ਉਸ ਅਕਾਲ ਪੁਰਖ ਦੇ ਪੁਜਾਰੀ ਸਨ ਜਿਸ ਬਾਬਤ ਗੁਰਬਾਣੀ ਸੰਕੇਤ ਦਿੰਦੀ ਹੈ ਕਿ–

ਤਿਆਗਿ ਸੁਆਮੀ ਆਨ ਕਉ ਚਿਤਵਤ ਮੂੜ ਮੁਗਧ ਖਲ ਖਰ ਤੇ ॥
ਸਿਵ ਬਿਰੰਚਿ ਅਸੁਰ ਸੁਰ ਜੇਤੇ ਕਾਲ ਅਗਨਿ ਮਹਿ ਸਰਤੇ ॥ ੪ ॥ ਮਲਾਰ ਮਹਲਾ ੫ ॥

ਅਗੇ ਕਿੰਨੇ ਹੀ ਪ੍ਰਮਾਣ ਸ੍ਰੀ ਦਸਮ ਗ੍ਰੰਥ ਵਿਚੋਂ ਦਿਤੇ ਹਨ ਅਤੇ ਦਸਿਆ ਹੈ ਕਿ ਸ਼ਿਵਾ ਦੇਵੀ ਨੂੰ ਹੀ ਕਹਿੰਦੇ ਹਨ ਜਾਂ ਸ਼ਿਵਜੀ ਦੀ ਪਤਨੀ ਪਾਰਬਤੀ ਨੂੰ ਕਿਹਾ ਹੈ । ਇਸ ਲਈ ਇਹ ਸਵੈਯਾ ਸ੍ਰੀ ਦਸਮੇਸ਼ ਕ੍ਰਿਤ ਨਹੀਂ ਹੋ ਸਕਦਾ, ਇਹ ਦੇਵੀ ਦਾ ਪ੍ਰਚਾਰ ਕਰਦਾ ਹੈ ਅਤੇ ਚੰਡਕਾ ਤੇ ਦੈਵੀ ਦੈਂਤਾਂ ਦੇ ਜੰਗ ਦੇ ਸਮੇਂ ਦੇ ਪ੍ਰਮਾਣ ਇਸ ਦੇ ਸਾਹਮਣੇ ਲਿਆ ਕੇ ਖੜੇ ਕਰਦਾ ਹੈ । ਗਿ: ਭਾਗ ਸਿੰਘ ਏਨਾ ਵੀ ਨਹੀਂ ਸੋਚਦਾ ਕਿ ਇਹ ਅਰਦਾਸ ਰੂਪ ਸਵੈਯਾ ਇਸ ਦਾ ਦੇਵ ਦੈਂਤਾਂ ਦੇ ਨਾਲ ਕੀ ਸਬੰਧ ਹੈ। ਲੜਾਈ ਸਮੇਂ ਉਸ ਸ਼ਿਵ ਦਾ ਨਾਮ ਲੈਣਾ ਪਏਗਾ ਜਿਸ ਦਾ ਉਸ ਸਮੇਂ ਦੇ ਵੇਲੇ ਉਥੇ ਦਾ ਸਬੰਧ ਹੈ ਪਰ ਅਰਦਾਸ ਪਰ ਉਸ ਨੂੰ ਧਿਆਨ ਵਿਚ ਲਿਆ ਜਾਵੇਗਾ ਜਿਸ ਦਾ ਆਪਣੇ ਮਨ ਤੇ ਫਤਹਿ ਹੈ। ਫੇਰ ਸ਼ਿਵਾ ਸ਼ਬਦ ਇਕ ਥਾਂ ਨਹੀਂ ਸਮੇਂ ਅਨੁਸਾਰ ਇਸ ਦਾ ਅਰਥ ਲੈਣਾ ਪੈਂਦਾ ਹੈ, ਸਿਵਾ ਸ਼ਿਵ ਜੀ ਨੂੰ ਵੀ ਕਹਿ ਸਕਦੇ ਹਾਂ ਅਤੇ ਉਸ ਦੀ ਅਰਧ ਅੰਗੀ ਪਾਰਬਤੀ ਨੂੰ ਵੀ, ਫੇਰ ਸ਼ਿਵਾ ਦੇਵੀ ਨੂੰ ਭੀ ਕਿਹਾ ਗਿਆ ਹੈ ਅਤੇ ਦੇਵ ਰਾਣੀਆਂ ਨੂੰ ਭੀ, ਪਰ ਸ੍ਰੀ ਦਸਮੇਸ਼ ਜੀ ਸ੍ਰੀ ਦਸਮ ਗ੍ਰੰਥ ਜਾਂ ਸ੍ਰੀ ਸਰਬ ਲੋਹ ਪ੍ਰਕਾਸ਼ ਸਾਹਿਬ ਵਿਚ ਆਮ ਤੌਰ ਤੇ ਅਕਾਲੀ ਜੋਤ ਤੇ ਅਕਾਲ ਪੁਰਖ ਨੂੰ ਹੀ ਵਰਤਦੇ ਹਨ ਸਪਤਾਹਕ ਪੁਸਤਕ ਪਾਠ ਪੂਜਾ ਪਿਤਾ (ਬ੍ਰਹਮਾ ਕੁਮਾਰੀ) ਈਸ਼ਵਰੀ ਵਿਸ਼ਵ ਵਿਦਿਆਲਾ। ਪੰਨਾ ੧੮੩ – ਭੈਣ ਜੀ ਪਹਿਲਾਂ ਅਸੀਂ ਹਰ ਸਾਲ (ਸ਼ਿਵਰਾਤਰੀ) ਦਾ ਤਿਉਹਾਰ ਮਨਾਉਂਦੇ ਤਾਂ ਸੀ, ਪ੍ਰੰਤੂ (ਪ੍ਰਮਾਤਮਾ) ਸ਼ਿਵ ਕਦੋਂ ਆਉਂਦੇ ਹਨ ਰਾਤਰੀ ਦਾ ਕੀ ਅਰਥ ਹੈ, ਸ਼ਿਵਰਾਤਰੀ ਦਾ ਕੀ ਮਹੱਤਵ ਹੈ, ਅਸੀਂ ਇਸ ਦੇ ਬਾਰੇ ਵਿਚ ਕੁਝ ਵੀ ਨਹੀਂ ਜਾਣਦੇ ਸੀ। ਸਾਧੂ ਸੰਨਿਆਸੀ ਤਾਂ ਸਾਨੂੰ ਉਲਟੀ ਮਤ ਦਿੰਦੇ ਸਨ। ਉਹ ਕਹਿੰਦੇ ਸਨ – ਸ਼ਿਵਹੋਮ, ਦੇ ਮੰਤ੍ਰ ਦਾ ਜਾਪ ਕਰੋ, ਹੁਣ ਸਾਨੂੰ ਪਤਾ ਲਗਿਆ ਹੈ ਕਿ ਮਨੁੱਖ ਨੂੰ ਸ਼ਿਵ ਮੰਨਣਾ ਮਹਾਨ ਭੁਲ ਹੈ। ਸ਼ਿਵ ਤਾਂ ਸਭ ਆਤਮਾਵਾਂ ਦੇ ਪਰਮ ਪਿਤਾ, ਪਰਮ ਸਿਖਿਅਕ, ਪਰਮ ਸਤਿਗੁਰੂ ਅਤੇ ਮੁਕਤੀ ਜੀਵਣ-ਮੁਕਤੀ ਦੇ ਦਾਤਾ ਹਨ, ਭਾਵ-ਸ਼ਿਵ ਜੀ (ਸ਼ਿਵ) ਨਹੀਂ ਉਹ ਤਾਂ ਇਕ ਦੇਵਤਾ ਹੈ।

ਗੁਰਮੁਖਿ ਜੋਤਿ ਭਲੀ ਸਿਵ ਨੀਕੀ ਆਨਿ ਪਾਨੀ ਸਕਤਿ ਭਰੀਜੈ ॥
ਪੰਨਾ ੧੩੨੪ ॥ ਮ: ੪ ॥

Digitized by Panjab Digital Library | www.panjabdigilib.org

ਭਾ: ਗੁਰਮੁਖਾਂ ਦੇ ਅੰਦਰ ਪਵਿਤ੍ਰ ਅਕਾਲੀ ਜੋਤਿ ਹੁੰਦੀ ਹੈ, ਮਾਇਆ ਜਿਸ ਅਗੇ ਪਾਣੀ ਭਰਦੀ ਹੈ। ਏਥੇ ਵੀ (ਸ਼ਿਵ) ਬ੍ਰਹਮਾ ਦਾ ਸੂਚਕ ਹੈ। ਬਲਕਿ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭੀ ਅਨੇਕਾਂ ਥਾਈਂ ਮਿਲਦਾ ਹੈ। ਜੈਸਾ ਕਿ–

ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ ॥ ਤ੍ਰੈ ਗੁਣ ਬੰਧੀ ਦੇਹੁਰੀ ਜੋ ਆਇਆ ਜਗ ਸੋ ਖੇਲੁ ॥ ਵਿਜੋਗੀ ਦੁਖਿ ਵਿਛੁੜੇ ਮਨੁ ਮੁਖਿ ਲਹਹਿ ਨ ਮੇਲੁ ॥ ੪ ॥ ਪੰਨਾ ੨੧ ॥ ਮਹਲਾ ੧ ॥

ਸ਼ਿਵ–(ਚੈਤਨ ਸਤ) ਸ਼ਕਤੀ (ਪ੍ਰਕਿਰਤੀ) ਦੇਖੋ ਸਬਦਾ ਅਰਥਪੋਥੀ–

ਭਾਵ–ਜਿਥੇ ਭੀ ਮੈਂ ਦੇਖਦਾ ਹਾਂ ਉਥੇ ਹੀ ਵਿਆਪਕ ਦਿਸਦਾ ਹੈ, ਕੌਣ ? ਸ਼ਿਵ ਅਤੇ ਸ਼ਕਤੀ ਦਾ ਮੇਲ ਜਿਸ ਬਾਰੇ ਸ੍ਰੀ ਦਸਮੇਸ਼ ਜੀ ਸ਼ਿਵ ਨੂੰ ਪਿਤਾ ਤੇ ਸ਼ਕਤੀ ਨੂੰ ਮਾਤਾ, ਜਿਸ ਬਾਰੇ ਬਾਣੀ ਦਾ ਸੰਕੇਤ ਹੈ–

ਪ੍ਰਗਟੀ ਜੋਤਿ ਚੂਕਾ ਅਭਿਮਾਨੁ ਸਤਿਗੁਰਿ ਦੀਆ ਅੰਮ੍ਰਿਤ ਨਾਮੁ ॥
ਸ: ੧੨੦੭ ॥ ਮ: ੫ ॥

ਇਹ ਹੈ ਗੁਰਬਾਣੀ ਅਨੁਸਾਰ ਸ਼ਿਵ ਤੇ ਇਹ ਹੈ ਮਾਤਾ ਸ਼ਕਤੀ ਜਦੋਂ ਭੀ ਸ੍ਰੀ ਦਸਮੇਸ਼ ਜੀ ਅਰਦਾਸ ਵੇਲੇ ਯਾਦ ਕਰਦੇ ਹਨ ਤਾਂ ਇਸ ਮੁਤਾਬਕ ਨਾਵਾਂ ਦਾ ਨਿਸ਼ਾਨਾ ਹੋਵੇਗਾ, ਜਿਨ੍ਹਾਂ ਲਈ ਹੋਰ ਕੋਈ ਬਹਾਨੇ ਬਾਜੀ ਦੀ ਗੁੰਜਾਇਸ਼ ਨਹੀਂ ਪੜ੍ਹ ਕੇ ਤੱਕੋ ਇਹ ਉਹ ਸਵੈਯਾ ਹੈ ਜਿਸ ਨੂੰ ਧਾਰਮਿਕ ਅਤੇ ਸਮਾਜਕ ਹੀ ਨਹੀਂ ਸਗੋਂ ਰਾਜ ਨੈਤਕ ਤੌਰ ਤੇ ਭੀ ਮਾਨਤਾ ਪ੍ਰਾਪਤ ਨੈ ਇਸੇ ਤਰ੍ਹਾਂ ਗਿ: ਭਾਗ ਸਿੰਘ ਜੀ, ਸ੍ਰੀ ਦਸਮ ਗ੍ਰੰਥ ਸਾਹਿਬ ਵਿਚੋਂ ਕਈ ਥਾਂਵਾਂ ਤੋਂ ਕਿੰਨੇ ਹੀ ਪ੍ਰਮਾਣ ਦਿੰਦੇ ਹਨ ਜੋ ਸਭ ਦੇ ਸਭ ਬੇਅਰਥ ਹਨ ਕਿਉਂਕਿ ਉਹਨਾਂ ਦਾ ਇਸ ਵਿਸ਼ੇ ਨਾਲ ਕੋਈ ਸੰਗਮ ਹੀ ਹੈ ਨਹੀਂ, ਗਿ: ਭਾਗ ਸਿੰਘ ਨੂੰ ਤਾਂ ਹਰ ਪਾਸੇ, ਸਾਕਤ ਮੱਤ ਦਾ ਦੇਵਤਾ ਮਹਾਂ ਕਾਲ ਜੀ ਦੇਵੀ ਤੋਂ ਬਿਨਾਂ ਹੋਰ ਕੁਝ ਦਿਸਦਾ ਹੀ ਨਹੀਂ। ਪਾਠਕ ਜਨੋਂ ਤੁਸੀਂ ਆਪ ਹੀ ਇਸ ਸ੍ਵੈਯੇ ਨੂੰ ਪੜ੍ਹੋ ਕਿ ਇਥੇ ਕਿਹੜੀ ਦੇਵੀ ਜਾਂ ਦੇਵਤੇ ਨੂੰ ਗੁਰੂ ਜੀ ਨੇ ਸੰਬੋਧਨ ਕੀਤਾ ਹੈ।

ਜਿਵੇਂ ਕਿ ਅਸੀਂ ਏਥੇ ਭਾਈ ਭਾਗ ਸਿੰਘ ਦਾ ਜ਼ਿਕਰ ਕਰ ਰਹੇ ਹਾਂ, ਪਰ ਭਾ: ਭਾਗ ਸਿੰਘ ਤਾਂ ਮੇਰਾ ਵਿਚਾਰ ਹੈ ਕਿ ਸੰਸਾਰ ਵਿਚ ਕਈ ਹਜ਼ਾਰ ਹੋ ਸਕਦੇ ਹਨ। ਜਦੋਂ ਸ੍ਰੀ ਦਸਮ ਗ੍ਰੰਥ ਦੇ ਨਿਰਨੇ ਦਾ ਪ੍ਰਸੰਗ ਅਗੇ ਹੋਵੇਗਾ ਤਾਂ ੧੮ ਹਜ਼ਾਰ ਭਾਗ ਸਿੰਘ ਵਿਚੋਂ ਇਕੋ ਇਕ ਭਾਗ ਸਿੰਘ ਸਾਹਮਣੇ ਆ ਜਾਵੇਗਾ। ਇਸੇ ਤਰ੍ਹਾਂ ਸਾਨੂੰ ਇਥੇ ਵਿਚਾਰਨ ਦੀ ਲੋੜ ਹੈ ਕਿ ਸ਼ਿਵਜੀ ਭਗਵਾਨ ਦੀ ਇਸਤ੍ਰੀ ਪਾਰਬਤੀ ਦਾ ਇਸ ਪ੍ਰਸੰਗ ਨਾਲ ਜੋੜ ਲੈਣ ਦਾ ਕੀ ਭਾਵ ? ਜਦ ਕਿ ਆਪ ਅਕਾਲ ਪੁਰਖ ਅਤੇ ਉਸਦੀ ਸ਼ਕਤੀ ਨੂੰ ਸ਼ਿਵਾ ਕਹਿਕੇ ਵਰ ਮੰਗ ਰਹੇ ਹਨ, ਜੇਕਰ ਅਸੀਂ ਜਾਣ ਬੁਝਕੇ ਐਧਰੋਂ ਉਧਰੋਂ ਹੋਰ ਹੀ ਪਾਸੇ ਦੇ ਨਾਮ ਕਲਪ ਕੇ ਨਾਲ ਜੋੜੇ ਹਨ ਤਾਂ ਕੀ ਇਹ ਸਾਡੀ ਸਰਾਸਰ ਸ਼ਰਾਰਤ ਨਹੀਂ ਹੋਵੇਗੀ।

ਜਿਹੜੇ ਭਾਗ ਸਿੰਘ ਨੇ ਚੰਡੀ ਚਰਿਤ੍ਰ ਮਾਰਕੰਡੇ ਪੁਰਾਣੇ ਆਦਿ ਦੇ ਸਿਰਲੇਖਾਂ–ਹੇਠ ਹਵਾਲੇ ਅਕੱਟ ਕਹਿਕੇ ਦਿਤੇ ਹਨ-ਉਹਨਾਂ ਦਾ ਇਸ ਸਵਈਏ ਜਾਂ ਭਗੌਤੀ ਦਾ ਨੇੜੇ ਤੇੜੇ ਤਾਂ ਕੀ ਦੂਰ ਦਾ ਵੀ ਸਬੰਧ ਨਹੀਂ– ਕਿਉਂਕਿ ਅਕਾਲ ਉਸਤਿਤ, ਮੰਗਲਾ ਚਰਣ, ਅਰਦਾਸ, ਹਰਿ ਅਰਾਧਨ ਅਰਜੋਈ ਆਦਿ ਬੇਨਤੀ, ਹਰ ਪ੍ਰਕਰਣ ਦੇ ਆਦਿ, ਮਧ, ਜਾਂ ਅੰਤ ਵਿਚ ਕੀਤੀ ਜਾ ਸਕਦੀ ਹੈ ਜਿਸਦਾ ਕਿਸੇ ਇਤਿਹਾਸ ਨਾਲ ਕੋਈ ਜੋੜ ਨਹੀਂ ਹੁੰਦਾ। ਇਸ ਲਈ ਅਕਟ ਤਾਂ ਕੀ ਇਹ ਜੋ ਪ੍ਰਮਾਣ ਵਰਤੇ ਗਏ ਹਨ ਉਕੇ ਹੀ ਨਿਰਮੂਲ ਹਨ।

Digitized by Panjab Digital Library | www.panjabdigilib.org

ਬਾਣੀ ਦਾ ਫਰਮਾਣ ਹੈ–

ਹਉ ਵਾਰੀ ਹਉ ਵਾਰਣੇ ਕੁਰਬਾਣੁ ਤੇਰੈ ਨਾਵਨੋ ॥ ੧ ॥ ਰਹਾਉ ॥ ਤੁਧੁ ਸੰਸਾਰੁ ਉਪਾਇਆ ॥ ਸਿਰੇ ਸਿਰਿ ਧੰਧੈ ਲਾਇਆ ॥ ਵੇਖਹਿ ਕੀਤਾ ਆਪਣਾ ਕਰਿ ਕੁਦਰਤਿ ਪਾਸਾ ਢਾਲਿ ਜੀਉ ॥ ੨ ॥
ਪੰ: ੭੧ ॥ ਮਹਲਾ ੧ ॥

ਅਕਾਲ ਪੁਰਖ ਨੇ ਇਹ ਸਾਰੀ ਰਚਨਾ ਆਪਣੀ ਕੁਦਰਤ ਰਾਹੀਂ ਹੀ ਕੀਤੀ ਹੈ–ਉਹੀ ਜਗਤ ਦੀ ਮਾਤਾ ਹੈ–ਉਹੀ ਜਗਤ ਜਨਨੀ ਹੈ, ਉਹੀ ਭਗਉਤੀ ਹੈ, ਉਹੀ ਸ਼ਿਵਾ ਹੈ, ਅਤੇ ਉਹੀ ਦੇਵੀ ਹੈ, ਉਹੀ ਦੁਰਗਾ ਹੈ–ਕੁਦਰਤ ਹੀਇਹ ਸਾਰਾ ਖੇਲ ਕਰ ਰਹੀ ਹੈ–ਉਹ ਆਪ ਤਾਂ ਇਸ ਸ਼ਤਰੰਜ ਦੀ ਬਾਜ਼ੀ ਨੂੰ ਭਾਵ ਇਸ ਤਮਾਸ਼ੇ ਨੂੰ ਦੇਖ ਹੀ ਰਿਹਾ ਹੈ।

ਜਦ ਕਿ ਸਾਰਾ ਸੰਸਾਰਕ ਵਿਹਾਰ ਕਾਦਰ ਦੀ ਕੁਦਰਤ ਰਾਹੀਂ ਹੀ ਹੋ ਰਿਹਾ ਹੈ–ਦੇਖੋ ਆਸਾ ਦੀ ਵਾਰ ਪਉੜੀ ਤੀਜੀ ਹੇਠ–

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥ ਕੁਦਰਤ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰ ॥ ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰ ॥ ਕੁਦਰਤਿ ਖਾਣਾ ਪੀਣਾ ਪੈਨ੍ਹਣੁ ਕੁਦਰਤਿ ਸਰਬ ਪਿਆਰ ॥ ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥ ਕੁਦਰਤਿ ਨੇਕੀਆ ਕੁਦਰਤਿ ਬਦੀਆ ਕਦਰੰਤਿ ਮਾਨੁ ਅਭਿਮਾਨੁ ॥ ਕੁਦਰਤਿ ਪਉਣ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥ ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥ ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥ ੨ ॥ ਮ: ੧ ॥

ਹਾਂ ਜੀ–ਫੇਰ ਕੁਦਰਤਿ ਰਾਣੀ ਜਿਸਦਾ ਕੀਤਾ ਹੀ ਸਾਰਾ ਵਰਤਾਰਾ ਵਰਤ ਰਿਹਾ ਹੈ ਉਸਦੀ ਆਰਤੀ ਕਿਉਂ ਨਾ ਕੀਤੀ ਜਾਵੇ। ਜਿਸ ਰੂਪ ਵਿਚ ਕੁਦਰਤਿ ਨੇ ਦੇਵਤਿਆਂ ਦੀ ਬੰਦ ਖਲਾਸੀ ਕੀਤੀ ਉਸਦਾ ਦੇਵਤੇ ਸਤਿਕਾਰ ਕਿਉਂ ਨਾ ਕਰਦੇ। ਸ਼ਿਵਾ ਸ਼ਬਦ–ਕੁਦਰਤਿ ਦੇ ਮਾਲਿਕ ਕਾਦਰ ਦਾ ਵਾਚਕ ਹੈ ਜਿਸਦੇ (ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨਾ ਕੋਇ) ਹੁਕਮੀ ਸ਼ਕਤੀ, ਕੁਦਰਤਿ ਰਾਹੀਂ ਹੀ ਅੱਖ ਦੇ ਫੋਰੇ ਵਿਚ ਅਨੇਕਾਂ ਰੂਪ ਧਾਰਦਾ ਹੈ ਜਿਸਨੂੰ ਸਮੇਂ ਅਨੁਸਾਰ ਤੇ ਬੁਧੀ ਦੇ ਨਾਲ ਨਿਰੰਤਰ ਜਾਇਆ ਜਾ ਸਕਦਾ ਹੈ।

ਏ–ਇਸੇ ਵਿਸ਼ੇ ਨੂੰ ਲੈਕੇ ਭਾਈ ਭਾਗ ਸਿੰਘ ਨੇ ਸਫਾ ਪਏ ਤੇ ਸਿਖ ਪੰਥ ਤੇ ਅਕਾਲ ਤਖਤ ਦੇ ਮੁਖੀ ਪੰਜਾਂ ਦੀ ਪ੍ਰਬੰਧਕ ਕਮੇਟੀ ਜਾਂ ਧਰਮ ਪ੍ਰਚਾਰਕ ਕਮੇਟੀ ਜਿਸਨੇ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਸੁਧਾਈ ਕਰਕੇ ਬੀੜ ਤਿਆਰ ਕਰਕੇ ਸੰਗਤਾਂ ਤੇ ਇਹ ਇਕ ਬਹੁਤ ਵਡਾ ਅਹਿਸਾਨ ਕੀਤਾ ਹੈ, ਨੂੰ ਸਗੋਂ ਗਿਲਾ ਦਿੰਦੇ ਹਨ। ਤੇ ਆਪ ਨੂੰ ਸਾਰੇ ਸੰਸਾਰ ਦੇ ਵਿਦਵਾਨਾਂ ਵਿਚੋਂ ਇਕ ਸਮਝਦੇ ਹੋਏ ਲਿਖਦੇ ਹਨ। ਆਰਤੀ ਦੇ ਸ਼ਬਦ ਨੂੰ ਖੰਡਨ ਕਰਦੇ ਅਤੇ ਉਸ ਦੀ ਅਲੋਚਨਾਂ ਵਿਚ ਐਉਂ ਕਹਿੰਦੇ ਹਨ ਕਿ ਉਤਲੀ ਲਿਖਤ ਤੋਂ ਸਿਧ ਹੋਇਆ ਕਿ ਦਸਮ ਗ੍ਰੰਥ ਵਿਚਲੀ ਆਰਤੀ ਪੜ੍ਹਨ ਵਾਲੇ ਸੱਜਣ ਦਸਮ ਗ੍ਰੰਥ ਵਿਚਲੀ ਰਚਨਾ ਰੂਪੀ ਵਸਤੂ ਨੂੰ (ਅਰਥ ਬੋਧ) ਨਾ ਹੋਣ ਕਾਰਣ, ਨਾ ਜਾਣਦੇ ਹੋਏ ਕੇਵਲ ਇਸ ਦਾ ਦਸਮ ਗ੍ਰੰਥ ਸਿਰਲੇਖ ਵੇਖਕੇ ਹੀ ਇਸ ਦਸਮੇਸ਼ ਰਚਨਾ ਸਮਝਦੇ ਹਨ ਜੋ ਇਕ ਵਡੀ ਭਾਰੀ ਭੁਲ ਬਲਕਿ ਸਾਰੇ ਭੁਲੇਖਿਆਂ ਦੀ ਜੜ ਹੈ। ਅਨੁੰਗੇ ਨੋਟ–ਦੇਕੇ ਕਹਿੰਦੇ ਹਨ ਕਿ ਕਿਹਾ ਚੰਗਾ ਹੁੰਦਾ ਜੇ ਦਸਮ ਗ੍ਰੰਥ ਵਿਚਲੀਆਂ, ਬਚਿਤ੍ਰ ਨਾਟਕ, ਚੰਡੀ

Digitized by Panjab Digital Library | www.panjabdigilib.org

ਚਰਿਤ੍ਰ, ਤ੍ਰਿਯਾ ਚਰਿਤ੍ਰ ਆਦਿਕ ਕਵੀਆਂ ਦੀਆਂ ਰਚਨਾਵਾਂ ਅੱਡੋ ਅੱਡ ਆਪੋ ਆਪਣੇ ਸਿਰਲੇਖਾਂ ਹੇਠ ਪਹਿਲਾਂ ਵਾਂਗ ਸੈਂਚੀਆਂ ਦੇ ਰੂਪ ਵਿਚ ਹੀ ਰਹਿੰਦੀਆਂ, ਤਾਕਿ ਇਤਨੇ ਭੁਲੇਖੇ ਨਾ ਪੈਂਦੇ। ਅਗੇ ਚੰਡੀ ਚਰਿਤ੍ਰ ਦੇ ਕੁਝ ਅੰਸ਼ ਹੀ ਨਹੀਂ ਸਗੋਂ ਖਾਸੇ ਵਿਸਥਾਰ ਨਾਲ ਚੰਡੀ ਚਰਿਤ੍ਰ ਦਾ ਕੁਝ ਹਿਸਾ ਪੇਸ਼ ਕਰਦੇ ਹਨ

ਇਸ ਲਈ ਮੈਂ ਬਹੁਤੇ ਵਿਸਥਾਰ ਵਿਚ ਨਾ ਜਾਵਾਂ ਤੇ ਉਹਨਾਂ ਦੇ ਪ੍ਰਸ਼ਨਾਂ ਦੇ ਉਤਰ ਵਿਚ ਇਹ ਕਿ ਦੇਵਤਿਆਂ ਤੇ ਦੈਂਤਾਂ ਦੀ ਲੜਾਈ ਹੋਈ ਜਿਸਦਾ ਚੰਡੀ ਚਰਿਤ੍ਰ ਨਾਲ ਸਬੰਧ ਹੈ ਪਰ ਚੰਦ ਸ਼ਬਦਾਂ ਵਿਚ ਦੈਂਤਾਂ ਨੇ ਦੇਵਤਿਆਂ ਨੂੰ ਜਿਤ ਲਿਆ ਉਹਨਾਂ ਦੀਆਂ ਰਾਜਧਾਨੀਆਂ ਤੇ ਆਪਣਾ ਮੁਕੰਮਲ ਕਬਜ਼ਾ ਜਮਾਕੇ ਕਈ ਚਿਰ ਤ੍ਰਿਲੋਕੀ ਦਾ ਰਾਜ ਕੀਤਾ। ਦੇਵਤਿਆਂ ਦਾ ਬਾਦਸ਼ਾਹ ਜੋ ਇੰਦਰ ਹੈ ਨੇ ਨਿਰਗੁਣ ਜੋਤਿ ਅਗੇ ਅਰਦਾਸ ਬੇਨਤੀ ਕੀਤੀ ਜਿਸ ਤੋਂ ਪ੍ਰਸੰਨ ਹੋਕੇ ਉਸ ਅਕਾਲੀ ਜੋਤ ਨੇ ਦੈਂਤਾਂ ਦਾ ਨਾਸ ਕਰ ਦਿਤਾ। ਦੇਵਤਿਆਂ ਨੂੰ ਆਪੋ ਆਪਣੇ ਰਾਜ ਭਾਗ ਜਾਂ ਅਸਥਾਨਾਂ ਪਰ ਮੁੜ ਕੇ ਅਸਥਾਪਨ ਕਰ ਦਿਤਾ। ਜੋ ਦੇਵਤੇ ਦੇਵ ਰਾਣੀਆਂ ਨੇ ਮਿਲਕੇ ਉਸ ਜੋਤਿ ਰੂਪ ਸ਼ਕਤਿ ਜਿਸਦਾ ਵਰਨਣ ਪਹਿਲੇ ਕਈ ਥਾਂਈਂ ਆ ਚੁਕਾ ਹੈ ਦੀ ਸੰਖਾਂ ਦੀ ਧੁਨ ਘੰਟਿਆਂ ਦੀ ਆਵਾਜ਼ ਵਿਚ ਆਰਤੀ ਅਥਵਾ ਉਸਤਤ ਕੀਤੀ ਸੀ। ਜਿਸ ਨੂੰ ਸ੍ਰੀ ਦਸਮੇਸ਼ ਜੀ ਨੇ ਮਾਰਕੰਡੇ ਪੁਰਾਣ ਦਾ ਉੱਲਥਾ ਕਰਦੇ ਹੋਏ ਦਸਮ ਗ੍ਰੰਥ ਵਿਚ ਵਰਨਣ ਕੀਤਾ ਹੈ। ਪਰ ਵਿਚਾਰਨ ਵਾਲੀ ਗਲ ਹੈ ਕਿ ਜਦ ਗੁਰੂ ਦਾ ਸਿਖ ਇਕ ਅਕਾਲੀ ਜੋਤਿ ਜਿਸ ਨੂੰ ਦੂਜੇ ਸ਼ਬਦਾਂ ਵਿਚ ਅਕਾਲੀ ਬਾਣੀ ਕਿਹਾ ਜਾਂਦਾ ਹੈ ਅਤੇ ਸਿਖ ਅਕਾਲੀ ਜੋਤ ਤੇ ਅਕਾਲੀ ਬਾਣੀ, ਗੁਰੂ ਦੀ ਬਾਣੀ ਦਾ ਸਚੇ ਦਿਲੋਂ ਉਪਾਸ਼ਕ ਹੈ ਤਾਂ ਫੇਰ ਕਿਉਂ ਪੜ੍ਹੇ ਜੋ ਅਕਾਲੀ ਜੋਤਿ ਸਾਰੇ ਦੇਵਤਿਆਂ ਤੋਂ ਸ਼ਕਤੀ ਸ਼ਾਲੀ ਹੈ ਅਤੇ ਦੇਵਤੇ ਭੀ ਉਸਦੀ ਸਤਾ ਤੇ ਬਲ ਅਗੇ ਸਿਰ ਝੁਕਾਉਂਦੇ ਆਪ ਤੋਂ ਉਚੀ ਸ਼ਕਤੀ ਕੁਦਰਤ ਨੂੰ ਮੰਨਦੇ ਹਨ ਤਾਂ ਐਸੀ ਗੁਨਾਹੀ ਕਿਉਂ ? ਅਤੇ ਇਹ ਪਹਿਲੇ ਐਨਾ ਸਿਧ ਹੋ ਚੁਕਾ ਹੈ ਕਿ ਇਹ ਸ੍ਰੀ ਦਸਮੇਸ਼ ਬਾਣੀ ਹੈ, ਫੇਰ ਬਾਣੀ ਕੱਚੀ ਕਿਉਂ, ਜਦ ਕਿ ਗੁਰਬਾਣੀ ਸਾਨੂੰ ਐਥੋਂ ਤੀਕ ਆਦੇਸ ਦਿੰਦੀ ਹੈ–

ਨਾਨਕ ਤਿਨਕੀ ਬਾਣੀ ਸਦਾ ਸਚੁ ਹੈ ਜਿ ਨਾਮਿ ਰਹੇ ਨਿਵ ਲਾਇ ॥੫॥ ਸ:੨੮॥ ਮਹਲਾ ੧ ॥

ਕੀ ਗੁਰੂ ਗੋਬਿੰਦ ਸਿੰਘ ਜੀ ਐਨੇ ਨਾਮ ਤੋਂ ਵਿਛੜੇ ਹੋਏ ਸਨ ਜਿਨ੍ਹਾਂ ਦੀ ਬਾਣੀ ਕੱਚੀ ਹੋਣ ਦੇ ਨਾਤੇ ਗੁਰਸਿਖਾਂ ਨੂੰ ਪੜ੍ਹਨੀ ਹੀ ਨਹੀਂ ਚਾਹੀਦੀ ? ਸਗੋਂ ਕਿਹਾ ਜਾਂਦਾ ਹੈ ਕਿ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਛਪਣੋ ਹੀ ਬੰਦ ਕਰ ਦੇਣਾ ਚਾਹੀਦਾ ਹੈ।

ਅਨਿਕ ਰੂਪ ਖਿਨ ਮਾਹਿ ਕੁਦਰਤਿ ਧਾਰਦਾ ॥ ਸ: ੫੧੯ ॥ ਮ: ੫ ॥

ਕਈ ਵੀਰ ਪ੍ਰਸ਼ਨ ਕਰਦੇ ਹਨ ਕਿ ਮਹਾਂ ਲੋਹ ਕੀ ਹੋਇਆ। ਕਿਉਂਕਿ ਚੌਪਈ ਵਿਚ ਪੰਗਤੀ ਆਉਂਦੀ ਹੈ–(ਮਹਾਂ ਲੋਹ ਮੈ ਕਿੰਕਰ ਥਾਰਾ) ਜੇ ਅਸੀਂ ਇਸਦਾ ਸ਼ਬਦੀ ਭਾਵ ਲਈਏ ਤਾਂ ਸਹਿਜੇ ਹੀ ਸਾਹਮਣੇ ਆਉਂਦਾ ਹੈ–ਕਿ ਜਿਵੇਂ ਸਾਰੀਆਂ ਧਾਤਾਂ ਸੋਨਾ, ਚਾਂਦੀ, ਪਿਤਲ, ਕਾਂਸੀ, ਆਦਿ ਕਿਸੇ ਭੀ ਧਾਤ ਨੂੰ ਲੈ ਲਵੋ ਇਕ ਦੂਸਰੀ ਨੂੰ ਕਟ ਨਹੀਂ ਸਕਦੀ। ਬਲਕੇ ਹਮ ਧਾਤ ਭਾਵ ਸੋਨਾ ਸੋਨੇ ਨੂੰ ਅਰ ਚਾਂਦੀ ਚਾਂਦੀ ਨੂੰ ਪਿਤਲ ਪਿਤਲ ਨੂੰ ਤਾਂਬਾ ਤਾਂਬੇ ਨੂੰ ਭੀ ਨਹੀਂ ਕਟ ਸਕਦਾ। ਪ੍ਰੰਤੂ ਲੋਹਾ ਇਕ ਐਸੀ ਸਾਰਿਆਂ ਤੋਂ ਸ਼ੋਮਣੀ ਪ੍ਰਬਲ ਧਾਤੁ ਹੈ ਜੋ ਸਾਰੀਆਂ ਹੀ ਧਾਤਾਂ ਨੂੰ ਹੀ ਨਹੀਂ ਬਲਕਿ ਸੰਸਾਰ ਭਰ ਦੀਆਂ ਵਸਤੂਆਂ ਇੱਟਾਂ ਪੱਥਰ ਹਰ ਪਦਾਰਥ ਨੂੰ ਕੱਟਣ ਤੇ ਭੰਨਣ ਦੀ ਸ਼ਕਤਿ ਰਖਦਾ ਹੈ। ਅਤੇ ਪਾਣ ਚੜ ਜਾਣ ਉਪ੍ਰੰਤ ਹਰ ਕਿਸਮ ਦੇ ਸਖਤ ਤੋਂ ਸਖਤ ਲੋਹੇ ਨੂੰ ਭੀ ਵਢ ਸੁਟਦਾ ਹੈ। ਇਸ ਦੀ ਬਣੀ ਤਲਵਾਰ ਬ੍ਰਛੀ ਟਕੂਆ ਆਦਿ ਅਗੇ ਕੋਈ ਸੂਰਮਾ ਨਹੀਂ ਅੜ ਸਕਿਆ। ਪਰ ਇਕ ਅਕਾਲ ਸ਼ਕਤਿ ਹੈ ਜੋ ਇਸ ਦੀ ਮਾਰ ਤੋਂ ਜਬਰ ਜੰਗ

Digitized by Panjab Digital Library | www.panjabdigilib.org

ਹੈ, ਜਿਸ ਦੇ ਅਗੇ ਹਰ ਤਰ੍ਹਾਂ ਦਾ ਲੋਹਾ ਹਾਰ ਜਾਂਦਾ ਹੈ, ਇਸ ਲਈ ਉਹ ਮਹਾਨ ਅਕਾਲ ਸ਼ਕਤੀ ਦਾ ਨਾਮ ਮਹਾਂ ਲੋਹ ਹੈ, ਅਤੇ ਮਿਟੀ ਦੀ ਬਣੀ ਟੁਟੇ ਭਾਂਡੇ ਦੀ ਠੀਕਰੀ ਕਿੰਕਰ ਦਾ ਰੂਪ ਹੈ-ਜਿਵੇਂ ਲੋਹੇ ਦੇ ਆਬਦਾਰ ਬਣੇ ਹਥੌੜੇ ਅੱਗੇ ਮਿਟੀ ਦੀ ਠੀਕਰੀ ਕੁੱਝ ਭੀ ਪਾਵਰ ਨਹੀਂ ਰਖਦੀ ਇਸੇ ਤਰ੍ਹਾਂ ਗੁਰੂ ਜੀ ਕਹਿੰਦੇ ਹਨ ਕਿ ਮੈਂ ਤਾਂ ਤੇਰਾ ਕਿੰਕਰ ਭਾਵ (ਦਾਸ) ਹੀ ਹਾਂ।

੭-ਸਫਾ ੧੬੬ ਤੇ ਭਾਈ ਭਾਗ ਸਿੰਘ ਜੀ ਲਿਖਦੇ ਹਨ ਕਿ ਇਸ ਰਚਨਾ ਵਿਚ ਕਾਲ ਭੰਗ ਇਤਿਹਾਸਕ ਪੱਖ ਦੇ ਉਲਟ। ਦੋਸ਼ ਭੀ ਆਉਂਦਾ ਹੈ ਜੋ ਇਕ ਵਡੀ ਭਾਰੀ ਭੁਲ ਹੈ। ਜਿਵੇਂ ਕਿ ਰਾਮਾ ਨੰਦ ਨੂੰ ਸੰਸਾਰ ਵਿਚ ਪਹਿਲਾਂ ਦਸਿਆ ਹੈ ਅਤੇ ਮਹਾਦੀਨ (ਮੁਹੰਮਦ) ਸਾਹਿਬ ਨੂੰ ਪਿਛੇ - ਤੇ ਮੁਹੰਮਦ ਸਾਹਿਬ ਰਾਮਾਂ ਨੰਦ ਤੋਂ ਲਗ ਪਗ ਅਠ ਸੌ ਸਾਲ ਪਹਿਲਾਂ ਹੋਏ ਹਨ। ਉਤ੍ ਵਿਚ ਇਹ ਇਕ ਉਕਾ ਹੀ ਫਜੂਲ ਸਵਾਲ ਹੈ, ਕਿਉਂਕਿ ਇਥੇ ਕੋਈ ਲੜੀਵਾਰ ਸੂਚੀ ਨਹੀਂ ਸੀ ਬਨਾਉਣੀ ਇਹ ਤਾਂ ਸਹਵਨ ਹਵਾਲਾ ਹੈ ਜੋ ਕਵੀ ਲੋਕ ਦ੍ਰਿਸ਼ਟਾਂਤ ਦੇ ਤੌਰ ਤੇ ਜਿੱਥੇ ਵੀ ਮੇਲ ਖਾਵੇ ਲਿਖ ਦਿਆ ਕਰਦੇ ਹੁੰਦੇ ਹਨ। ਇਥੇ ਇਸ ਦਾ ਇਸ ਨਾਲ ਕੋਈ ਭੀ ਲਗਾਉ ਨਹੀਂ ਕਿ ਕੌਣ ਪਹਿਲਾਂ ਜੰਮਿਆਂ ਤੇ ਕੌਣ ਪਿਛੋਂ।

੮-ਇਸੇ ਤਰ੍ਹਾਂ ਬੇਥਵੀਆਂ ਤੇ ਬੇ ਬੁਨਿਆਦ ਜੱਬਲੀਆਂ ਮਾਰਦੇ ਹੋਏ ਗਿ: ਭਾਗ ਸਿੰਘ ਜੀ ਲਿਖਦੇ ਹਨ ਕਿ ਕਈ ਥਾਂਈਂ ਇਤਿਹਾਸਕ ਪੱਖ ਵਿਰੁਧ ਬੇਥਵੀਆਂ ਮਾਰੀਆਂ ਹਨ ਜਿਵੇਂ ਕਿ ਕ੍ਰੋੜਾਂ ਜੁਗ ਵਿਚ ਹੋ ਗੁਜਰੇ ਰਾਮ ਚੰਦ੍ ਜੀ ਦੇ ਪੜਦਾਦਾ ਰਾਜੇ ਰਘ ਦੀ ਵਡਿਆਈ ਕਰਦਿਆਂ ਹੋਇਆਂ ਕਲਜੁਗ ਵਿਚ ਹੋਇ ਗੋਰਖ ਨਾਥ ਅਤੇ ਰਾਮਾਨੰਦ ਜੀ ਦੇ ਪ੍ਰਮਾਣ ਦਿਤੇ ਹਨ। ਅੰਕ ੧੩੫।

ਸ੍ਰੀ ਰਘੁਰਾਜ ਰਾਜ ਜਗ ਕੀਨਾ ।। ਸੰਨਿਆਸਨ ਦੱਤ ਰੂਪ ਕਰ ਜਾਨਿਓ ।।
ਜੋਗਨ ਗੁਰ ਗੋਰਖ ਕਰ ਮਾਨਿਓ ।। ਰਾਮਾ ਨੰਦ ਬੈਰਾਗਨ ਜਾਨਾ ।।
ਮਹਾਂ ਦੀਨ ਤੁਰਕਨ ਪਹਿਚਾਨ ।। ਬਚਿਤ੍ ਨਾਟਕ ਅੰਕ ੪੦ ।।

ਉਤਰ-ਸ੍ਰੀ ਰਘਰਾਜ ਜੀ ਜੋ ਸ੍ਰੀ ਰਾਮ ਚੰਦ੍ ਜੀ ਦੇ ਪੜਦਾਦੇ ਸਨ ਜਿਨ੍ਹਾਂ ਦੇ ਨਾਮ ਨਾਲ ਹੀ ਰਘੁਬੰਸੀਆਂ ਦਾ ਬੰਸ ਪ੍ਰਚਲਤ ਹੁੰਦਾ ਹੈ। ਰਾਜਾ ਰਘ ਜੀ ਬੜੇ ਸੁਹਿਰਦ ਤੇ ਵਿਸ਼ਾਲ ਦਿਲ ਅਤੀ ਪ੍ਰਤਾਪੀ ਸਨ, ਜਿਸ ਦੀ ਪ੍ਰਸੰਸਾ ਕਰਨੀ ਸਾਕਤ ਗਤੀ ਕਵੀ ਦਾ ਕੰਮ ਨਹੀਂ ਸਗੋਂ ਇਹ ਸਿਧ ਕਰਦੀ ਹੈ ਕਿ ਦਸਮੇਸ਼ ਜੀ ਆਪਣੇ ਬਜੁਰਗ ਦੀ ਸਖਸੀਅਤ ਉਜਾਗਰ ਕਰ ਰਹੇ ਹਨ। ਤਾਂ ਸਾਕਤ ਕਵੀ ਦਾ ਧਰਮੀ ਰਾਜੇ ਰਘ ਦੇ ਜੀਵਨ ਨਾਲ ਕੀ ਵਾਸਤਾ। ਫੇਰ ਇਤਰਾਜ਼ ਕੀਤਾ ਹੈ ਕਿ ਇਹ ਕਿਉਂ ਲਿਖਿਆ ਹੈ, ਕਿ ਸੰਨਿਆਸੀ ਸਾਧੂਆਂ ਨੇ ਆਪਣੇ ਗੁਰੂ ਦਤ ਜੀ ਦੀ ਸਮਾਨ ਮੰਨਿਆ ਅਤੇ ਜੋਗੀਆਂ ਨੇ ਗੋਰਖ ਦੀ ਥਾਂ ਦਿਤੀ, ਵੈਰਾਗੀ ਸਾਧੂਆਂ ਨੇ ਆਪਣੇ ਗੁਰੂ ਰਾਮ ਨੰਦ ਜਿਹਾ ਸਤਿਕਾਰ ਦਿਤਾ, ਅਥਵਾ ਮੋਮਨਾਂ ਮੁਹੰਮਦ ਸਾਹਿਬ ਪਹਿਚਾਣਿਆਂ। ਸਮਾਧਾਨ ਹਮੇਸ਼ਾਂ ਗੁਣਵਾਨ ਤੇ ਬ੍ਰਾਬਰਤਾ ਅਥਵਾ ਲਿਸਿਆਂ ਦੇ ਸਹਾਇਕ ਪੁਰਸ਼ ਨੂੰ ਮਹਾਂ ਪੁਰਸ਼ ਕਿਹਾ ਜਾਂਦਾ ਹੈ ਅਤੇ ਉਸ ਨੂੰ ਸਾਰੇ ਹੀ ਫਿਰਕੇ ਆਪਣੇ ਨਾਲ ਹਿਤਾਇਸ਼ੀ ਤਕ਼ਦੇ ਹਨ। ਕੀ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਿਵ ਦਿਆਲ ਪੰਡਿਤ ਨੇ ਕ੍ਰਿਸ਼ਨ ਜੀ ਨਹੀਂ ਸੀ ਜਾਣਿਆਂ ਕੀ ਬੁਧੂ ਸ਼ਾਹ ਨੇ ਆਪਣੇ ਆਪ ਨੂੰ ਮੇਰਾ ਖੁਦਾ ਪਟਣੇ ਵਿਚ ਆ ਗਿਆ ਕਹਿ ਕੇ ਚੜ੍ਹਦੀ ਵਲ ਨੂੰ ਨਿਮਾਜ਼ ਨਹੀਂ ਗੁਜਾਰੀ ਫੇਰ ਭਾਗ ਸਿੰਘ ਇਸ ਬਾਣੀ ਤੋਂ ਕਿੰਤੂ ਕਿਉਂ ਕਰੇ ? ਜਿਥੋਂ ਜਿਥੋਂ ਕਿਸੀ ਦੇ ਮਨ ਦੀ ਨਿਸ਼ਾ ਹੋ ਜਾਂਦੀ ਹੈ ਉਹ ਹਮੇਸ਼ਾਂ ਉਸ ਨੂੰ ਆਪਣੇ ਮੁਰਸ਼ਦ ਦੀ ਤੁਲਨਾ ਦਿੰਦਾ ਹੈ ਅਤੇ ਕੁਦਰਤ ਦੀਆਂ ਦਿਤੀਆਂ ਸਿਫਤਾਂ ਦੀ ਸਿਫਤ ਲਈ ਕਾਇਲ ਕਰ ਦਿੰਦੀਆਂ ਹਨ – ਗੁਰੂ ਨਾਨਕ ਨੂੰ ਮੁਸਲਮਾਨ

Digitized by Panjab Digital Library | www.panjabdigilib.org

ਆਪਣਾ ਪੀਰ ਮੰਨਦੇ ਹਨ ਅਤੇ ਹਿੰਦੂ ਉਸ ਨੂੰ ਰਾਮ ਕ੍ਰਿਸ਼ਨ ਦੀ ਥਾਂ ਦਿੰਦਾ ਹੈ ਅਤੇ ਭਾਵੇਂ ਗੁਰੂ ਨਾਨਕ ਦੇਵ ਜੀ ਨੇ ਅੰਮ੍ਰਿਤ ਛਕਣ ਦਾ ਆਦੇਸ ਨਹੀਂ ਸੀ ਦਿਤਾ ਪਰ ਅਜ ਸਾਰੇ ਅੰਮ੍ਰਿਤਧਾਰੀ ਸਿੰਘ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਮੰਨਦੇ ਹਨ । ਭਾਵ ਜੋ ਭੀ ਸਾਂਝੀਵਾਲਤਾ ਨਾਲ ਹਰ ਫਿਰਕੇ ਨਾਲ ਪ੍ਰੇਮ ਮਈ ਸਹਾਇਕ ਨੀਤੀ ਵਰਤਦਾ ਹੈ ਉਹ ਸਰਵ-ਪ੍ਰਿਯਾ ਹੋ ਜਾਂਦਾ ਹੈ ਉਸ ਨੂੰ ਸਾਰੇ ਫਿਰਕੇ ਇਕੋ ਰੂਪ ਦਿਸਦੇ ਹਨ ਤੇ ਉਸਨੂੰ ਸਾਰੇ ਫਿਰਕੇ ਆਪਣਾ ਰਹਿਬਰ ਮੰਨਦੇ ਹਨ । ਕਲ ਦੀ ਗਲ ਹੈ ਮਹਾਰਾਜਾ ਰਣਜੀਤ ਸਿੰਘ ਨੂੰ ਸਾਰੇ ਹਿੰਦੂ ਤੇ ਮੁਸਲਮਾਨ ਵੀ ਅਪਣਾਉਂਦੇ ਦਿਸਦੇ ਨੇ ।

ਅਲੋਚਕ ਸਜਣ

ਏ-ਨਾ ਤਾਂ ਪੰਗਤੀ ਦੇ ਅਰਥ ਹੀ ਠੀਕ ਲੈਂਦੇ ਹਨ ਨਾ ਹੀ ਬਾਣੀ ਦੇ ਬਹਾਓ ਦਾ ਅਸਲ ਆਸਾ ਹੀ ਲੈਂਦੇ ਨੇ ਆਪਣੀ ਹੀ ਚੜਾਈ ਜਤਾਉਣ ਲਈ ਐਧਰ ਉਧਰ ਦੇ ਅੜਿੰਗੇ ਅੜਾਈ ਜਾਂਦੇ ਨੇ ਇਹ ਭੀ ਨਹੀਂ ਤਕਦੇ ਕਿ ਜਿਸ ਦੀ ਅਸੀਂ ਅਲੋਚਨਾ ਕਰ ਰਹੇ ਹਾਂ, ਗੁਰਬਾਣੀ ਉਸ ਦੀ ਹਾਮੀ ਭਰਦੀ ਹੈ, ਫੇਰ ਪਤਾ ਨਹੀਂ ਉਹ ਕਿਸ ਆਸ਼ੇ ਤੇ ਬੋਲ ਰਹੇ ਨੇ ।

ਚਾਕਰੁ ਕਹੀਐ ਖਸਮ ਕਾ ਸਉਹੇ ਉਤਰ ਦੇਇ ॥
ਵਜਹੁ ਗਵਾਏ ਅਪਣਾ ਤਖਤ ਨ ਬੈਸਹਿ ਸੋਇ ॥
ਸਫਾ ੬੩੬ ॥ ਮਹਲਾ ੧ ॥

ਜਿਸ ਨੂੰ ਕਿਸੇ ਮਾਲਕ ਦਾ ਨੌਕਰ ਕਿਹਾ ਜਾਂਦਾ ਹੋਵੇ – ਉਹ ਆਪਣੇ ਮਾਲਕ ਦੇ ਸਾਹਮਣੇ ਬੋਲਦਾ ਹੈ ਜਾਂ ਉਸਦੇ ਕਹੇ ਨੂੰ ਕੱਟਦਾ ਹੈ, ਜਾਂ ਹੁਕਮ ਨਹੀਂ ਮੰਨਦਾ, ਉਹ ਆਪਣੀ ਪ੍ਰਤੀਤੀ ਗੁਆ ਬਹਿੰਦਾ ਹੈ। ਉਸ ਦੀ ਜਾਇਦਾਦ ਜਾਂ ਗੱਦੀ ਅਥਵਾ ਵਾਰਾਸਤ ਹੱਕਦਾਰ ਨਹੀਂ ਹੋ ਸਕਦਾ ਹੈ। (ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਪਣੇ ਪੁਤ੍ਰ (ਸ਼ਿਰੀ ਚੰਦ) ਅਤੇ ਲਖਮੀ ਚੰਦ ਗੁਰੂ ਘਰ ਦੀ ਗੱਦੀ ਹਾਸਲ ਨਹੀਂ ਸੀ ਕਰ ਸਕੇ, ਪਰ ਬਾਬਾ ਲਹਿਣਾ ਜੀ ਹੁਕਮ ਮੰਨ ਕੇ ਗੁਰੂ ਅੰਗਦ ਦੇ ਰੂਪ ਵਿਚ ਉਘੜ ਕੇ ਗੁਰਗੱਦੀ ਦੇ ਵਾਰਸ ਬਣੇ ਸੀ, ਪਰ ਅਸੀਂ ਇਕ ਪਾਸੇ ਵਿਰੋਧਤਾ ਭੀ ਪੂਰੀ ਪੂਰੀ ਕਰਦੇ ਹਾਂ ਫੇਰ ਆਪ ਨੂੰ ਗੁਰੂ ਦੇ ਸਿਖ ਭੀ ਦਸਦੇ ਹਾਂ, ਕੀ ਏਡੀ ਖੁਲੀ ਠੱਗੀ ਜਾਂ ਚੜ੍ਹਾਈ ਗੁਰੂ ਦੇ ਦਰ ਤੇ ਚਲ ਸਕਦੀ ਹੈ ? ਕਦੇ ਸ਼ਿਵਜੀ ਨਾਲ ਜੋੜਦੇ ਹਾਂ, ਕਦੇ ਕਾਲ ਨੂੰ ਮਹਾਂ ਕਾਲ ਸਾਕਤਾਂ ਦਾ ਦੇਵਤਾ ਕਹਿੰਦੇ ਹਾਂ । ਕਦੇ ਲੋਕਾਂ ਨੂੰ ਅਜਾਣ ਕਹਿੰਦੇ ਹਾਂ ਜਦ ਕਿ ਗੁਰਬਾਣੀ ਦਾ ਦੋ ਟੁਕ ਫੈਸਲਾ ਹੈ–

ਸੋਈ ਅਜਾਣ ਕਹੈ ਮੈ ਜਾਨਾ ਜਾਨਣ ਹਾਰ ਨਾ ਛਾਨਾ ਰੇ ॥ ਸ: ੩੮੨ ॥

• ਲੋੜ ਹੈ ਜਾਨਣ ਹਾਰ ਪੁਣ ਛਾਣ ਕੇ ਤੱਕਣ ਦੀ ਉਸ ਨੂੰ ਜਾਨਣ ਦੀ ।

ਸਕਤਿ ਅੰਧੇਰ ਜੇਵੜੀ ਭ੍ਰਮ ਚੂਕਾ ਨਿਹਚਲੁ ਸਿਵ ਘਰਿ ਵਾਸਾ ॥੨॥
ਸ: ੩੩੨ ॥ ਕਬੀਰ ਜੀ ॥

ਨਿਹਚਲੁ ਸ਼ਿਵ ਘਰ ਵਾਸਾ – ਤਕੋ ਪਰਖ ਕੇ ਕਿਹੜਾ ਘਰ ਹੈ ਉਹ ਜੋ ਹਿਲਦਾ ਨਹੀਂ ਅਤੇ ਇਸ ਘਰ ਦੇ ਵਸਣ ਵਾਲਾ ਕਿਹੜਾ ਸ਼ਿਵ ਹੋ ਸਕਦਾ ਹੈ ?

Digitized by Panjab Digital Library | www.panjabdigilib.org

ਪਾਰਬ੍ਰਹਮ ਕੇ ਸਗਲੇ ਠਾਉ ॥ ਜਿਤੁ ਜਿਤੁ ਘਰਿ ਰਾਖੈ ਤੈਸਾ
ਤਿਨ ਨਾਉ ॥ ੮ ॥ ੯ ॥ ਸੁਖਮਨੀ ਸਾਹਿਬ ॥

ਉਹ ਸਾਰੇ ਵਸਦਾ ਹੈ ਜਿਥੇ ਜਿਵੇਂ ਪ੍ਰਗਟ ਹੁੰਦਾ ਹੈ ਜਾਂ ਜਿਹੋ ਜਿਹਾ ਨਿਸਚਾ ਨਿਸ਼ਾਨਾ ਹੁੰਦਾ ਹੈ ਉਹੀ ਉਸ ਦਾ ਨਾਮ ਉਚਾਰਨ ਕੀਤਾ ਜਾਂਦਾ ਹੈ ਜਿਵੇਂ-

ਨਮੋ ਸਸਤ੍ਰ ਪਾਣੇ ॥ ਨਮੋ ਅਸਤ੍ਰ ਮਾਣੇ ॥ ਨਮੋ ਪਰਮ ਗਿਆਤਾ ॥
ਨਮੋ ਲੋਕ ਮਾਤਾ ॥ ੫੨ ॥ ਜਾਪ ਸਾਹਿਬ ॥

ਇਹ ਉਹੀ ਲੋਕ ਮਾਤਾ ਹੈ ਜਿਸ ਨੂੰ ਗਿਆਨੀ ਭਾਗ ਸਿੰਘ ਜਾਂ ਨਿਰੰਕਾਰੀ ਮੰਡਲ ਦੇਵੀ ਦਾ ਰੂਪ ਦਸਦੇ ਹਨ ਜਿਸ ਨੂੰ ਸ੍ਰੀ ਦਸਮੇਸ਼ ਜੀ ਭਗਉਤੀ ਜਾਂ ਭਵਾਨੀ ਕਹਿੰਦੇ ਹਨ। ਏਨਾ ਸ਼ੁਕਰ ਹੈ ਕਿ ਗਿ: ਭਾਗ ਸਿੰਘ ਜਾਪੁ ਸਾਹਿਬ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਮੰਨਦਾ ਹੈ, ਇਸ ਲਈ ਕੁਝ ਪ੍ਰਮਾਣ ਮੈਂ ਜਾਪੁ ਸਾਹਿਬ ਵਿਚੋਂ ਹੀ ਏਥੇ ਲਿਖਦਾ ਹਾਂ।

ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ ॥ ੧ ॥

ਹੇ ਵਾਹਿਗੁਰੂ ਤੇਰੇ ਸਾਰੇ ਨਾਮ ਕੌਣ ਕਹਿ ਸਕਦਾ ਹੈ ਪਰ ਕਰਮ ਨਾਮ ਉਹ ਭੀ ਮੈਂ ਆਪਣੀ ਮਤ ਅਨੁਸਾਰ ਵਰਣਨ ਕਰਦਾ ਹਾਂ। ਬਸ ਇਹ ਕਰਮ ਨਾਮ ਸਾਰੇ ਦੇ ਸਾਰੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਵਿਚ ਲਿਖੇ ਹੋਏ ਨੇ ਨਿਰ ਸੰਦੇਹ ਇਹ ਸਾਰੇ ਹੀ ਮੰਨਣ ਯੋਗ ਹਨ।

ਕ੍ਰਿਪਾਲੰ ਸਰੂਪੇ ਕੁਕਰਮੰ ਪ੍ਰਣਾਲੀ ॥ ਸਦਾ ਸਰਬ ਦਾ ਰਿਧਿ ਸਿਧੰ ਨਿਵਾਸੀ ॥੭੩॥

ਇਥੇ ਦਸਿਆ ਹੈ ਕਿ ਉਹ ਕ੍ਰਿਪਾਲ ਸਰੂਪ ਹੈ ਅਤੇ ਕੁਕ੍ਰਮਾ ਦਾ ਨਾਸ ਕਰਤਾ ਹੈ-ਪਰ ਇਹੋ ਅਗੇ ਜਾ ਕੇ ਦਸਦੇ ਹਨ ਕਿ ਕ੍ਰਿਪਾ ਕਿੰਨਾ ਤੇ ਕਰਦਾ ਹੈ ਅਤੇ ਕੇਹੜੇ ਕੁਕਰਮ ਹਨ ਜਿਨ੍ਹਾਂ ਨੂੰ ਨਾਸ ਕਰਦਾ ਹੈ ਅਤੇ ਭਾਵੇਂ ਉਸ ਦੀ ਮੂਰਤ ਇਕੋ ਇਕ ਹੈ ਪਰ ਦਰਸ਼ਨ ਅਨੇਕਾਂ ਹੀ ਹਨ।

ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ ॥
ਖੇਲ ਖੇਲ ਅਖੇਲ ਲੇਲਨ ਅੰਤ ਕੋ ਫਿਰਿ ਏਕ ॥੯੧॥

ਅਨੇਕਾਂ ਖੇਲ ਖੇਲਦਾ ਹੈ ਪਰ ਉਹ ਭੀ ਖੇਲ ਖੇਲਦਾ ਹੈ ਜੋ ਸਮਝੇ ਨਹੀਂ ਜਾ ਸਕਦੇ ਜਿਨ੍ਹਾਂ ਨੂੰ ਅਸਚਰਜ ਤੇ ਅਦਭੁਤ ਖੇਲ ਕਿਹਾ ਜਾ ਸਕਦਾ ਹੈ, ਜਿਵੇਂ ਕਿ ਸ੍ਰੀ ਦਸਮੇਸ਼ ਜੀ ਨੇ ਬਚਿਤ੍ਰ ਨਾਟਕ ਵਿਚ ਦਰਸਾਏ ਹਨ। ਇਹਨਾਂ ਨੂੰ ਅਸਾਂ ਤਾਂ ਕੀ ਜਾਨਣਾ ਹੈ ਦੇਵਤੇ ਅਤੇ ਬੇਦ ਤੇ ਕਤੇਬ ਭੀ ਨਹੀਂ ਜਾਣ ਸਕੇ।

ਦੇਵ ਭੇਵ ਨ ਜਾਨਹੀ ਜਿਹ ਬੇਦ ਅਉਰ ਕਤੇਬ ॥
ਕਾਲ ਹੀਨ ਕਲਾ ਸੰਜੁਗਤ ਅਕਾਲ ਪੁਰਖ ਅਦੇਸ ॥

ਬਸ ਇਹ ਸ੍ਰੀ ਦਸਮੇਸ਼ ਜੀ ਦਾ ਅਕਾਲ ਪੁਰਖ ਇਹ ਹੈ ਉਸ ਦੇ ਖੇਲਾਂ ਦਾ ਵਰਨਣ ਜਿਸ ਨੂੰ ਅਗੇ ਪ੍ਰੇਮ ਨਾਲ ਪੜਦੇ ਚਲੋ।

੮ ॥ ੭ ॥ ੨ ॥ ੮ ॥ ੨੩ ॥ ੧੩੦ ॥

Digitized by Panjab Digital Library | www.panjabdigilib.org

੧ ਓ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾ: ੭ ॥ ਅਧਜਾਇ ੨ ॥ ਅਲੋਚਨਾਤਮਕ ॥
ਸ੍ਰੀ ਦਸਮ ਗੁਰੂ ਗ੍ਰੰਥ ਸਾ: ਦੇ ਨਿਰਣੇ ਦਾ ਨਿਰਣਾ ॥ ਪ੍ਰਕਰਣ ਨੰ: ੯ ॥ ੨੪ ॥ ੧੩੧ ॥

ਹੋਰ ਸਬੂਤ

੧–ਸ਼ਬਦਾਰਥ ਦਸਮ ਗ੍ਰੰਥ ਸਾਹਿਬ–ਜਿਸਦਾ ਕਰਤਾ ਹੈ ਭਾਈ ਰਣਧੀਰ ਸਿੰਘ ਜੀ ਅਤੇ ਸੰਪਾਦਿਕ ਡਾਕਟਰ ਤਾਰਨ ਸਿੰਘ ਜੀ। ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਪੰਜਾਬੀ ਯੂਨੀਵਰਸਟੀ ਪਟਿਆਲਾ ਜਿਸਦੀ ੧੯੭੩ 'ਚ ਭੂਮਕਾ ਲਿਖੀ ਗਈ ਹੈ; ਜੋ ਐਉਂ ਹੈ।

ਦਸਮ ਗ੍ਰੰਥ ਜੀ ਦਾ ਇਹ ਸ਼ਬਦ ਅਰਥ ਮੂਲ ਰੂਪ ਵਿਚ, ਭਾਈ ਰਣਧੀਰ ਸਿੰਘ ਜੀ ਓਰੀਐਂਟਲ ਸਕਾਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਸਾਲ ੧੯੬੬-੬੭ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਤਿੰਨ ਸੌ ਸਾਲਾ ਪ੍ਰਕਾਸ਼ ਬਰਸੀ ਸਮੇਂ ਸ਼ੁਰੂ ਕਰਕੇ ੧੯੬੯ ਵਿਚ ਮੁਕੰਮਲ ਕੀਤਾ ਸੀ। ਯੂਨੀਵਰਸਿਟੀ ਨੇ ਚਰਿਤ੍ਰ ਪਖਯਾਨੇ ਤੇ ਹਕਾਯਾਤ ਵਾਲੇ ਭਾਗ ਨੂੰ ਛੱਡ ਕੇ ਬਾਕੀ ਸ਼ਬਦਾ ਅਰਥ ਨੂੰ ਨਿਮਨ ਦਰਜ ਵਿਉਂਤ ਅਨੁਸਾਰ ਪ੍ਰਕਾਸ਼ਤ ਕਰਨ ਦਾ ਫੈਸਲਾ ਕੀਤਾ। ਜਿਸ ਦਾ ਭਾਵ ਹੈ ਕਿ ਜਾਪ ਸਾਹਿਬ ਤੋਂ ਚਲਕੇ ਜਫਰ ਨਾਮਾ ਤਕ ਜਿਸ ਵਿਚ, ਅਕਾਲ ਉਸਤਤ, ਬਚਿਤ੍ਰ ਨਾਟਕ, ਚੰਡੀ ਚਰਿਤ੍ਰ, ੨. ਵਾਰ ਸ੍ਰੀ ਭਗਉਤੀ ਜੀ ਕੀ, ਗਿਆਨ ਪ੍ਰਬੋਧ, ਚੌਬੀਸ ਅਵਤਾਰ, ਤੋਂ ਅਗੇ ਬ੍ਰਹਮਾਂ ਦੇ ਸਤ ਅਵਤਾਰ, ਜਿਵੇਂ ਕਿ ਮਹਿੰਦੀ ਮੀਰ, ਬ੍ਰਹਮਾ ਅਵਤਾਰ, ਕਸਪ, ਪ੍ਰਿਥੂ ਰਾਜਾ, ਜੁਜਾਤ ਰਾਜਾ, ਬੇਣ ਰਾਜਾ, ਮਾਨ ਧਾਤਾ ਦਲੀਪ, ਰਘੂ ਰਾਜਾ, ਅਜ ਰਾਜਾ ਅਤੇ ਤਿੰਨ ਰੁਦ੍ਰ ਦੇ ਅਵਤਾਰ, ਦਿਤਾ ਤ੍ਰੈਤੇ ਪਾਰਸ ਨਾਥ ਆਦਿ। ਰਾਮ ਕਲੀ ਪਾਤਸ਼ਾਹੀ ਦਸਵੀਂ ਦੇ ਸ਼ਬਦ ਹਜ਼ਾਰੇ, ੩੩ ਸਵੈਯੀਏ, ਸਤਸਦੇਵ ਜੋ ਕੁਝ ਲੇਖ, ਸਸ਼ਤ੍ਰ ਨਾਮ ਮਾਲਾ, ਸਸਤ੍ਰ ਨਾਮ ਮਾਲਾ; ਪਾਸ ਕੇ ਨਾਮ ਤੁਪਕ ਕੇ ਨਾਮ, ਇਹ ਸਾਰੇ ਆ ਜਾਂਦੇ ਹਨ। ਜਿਨ੍ਹਾਂ ਬਾਰੇ ਭੂਮਕਾ ਵਿਚ ਐਉਂ ਲਿਖਿਆ ਹੈ ਕਿ ਇਹਨਾਂ ਬਾਣੀਆਂ ਨੂੰ ਛਪਾਈ ਕਰਨ ਤੋਂ ਪਹਿਲਾਂ ਸ਼ਬਦਾਰਥ ਦਾ ਖਰੜਾ ਨਿਮਨ ਦਰਜ ਕਮੇਟੀ ਨੂੰ ਸੁਧਾਈ ਲਈ ਸੌਂਪਿਆ ਗਿਆ, ਅਗੇ ਕਮੇਟੀ ਦੇ ਮੈਂਬਰਾਂ ਦੇ ਨਾਮ ਹਨ। (੧) ਡਾਕਟਰ ਤਾਰਨ ਸਿੰਘ (ਕਨਵੀਨਰ), (੨) ਡਾ: ਪ੍ਰੇਮ ਪ੍ਰਕਾਸ਼ ਸਿੰਘ, (੩) ਪ੍ਰੋ: ਗੁਲਵੰਤ ਸਿੰਘ, (੪) ਡਾ: ਜੀਤ ਸਿੰਘ ਸੀਤਲ।

ਕਮੇਟੀ ਦੇ ਹਰ ਮੈਂਬਰ ਨੇ ਖਰੜੇ ਨੂੰ ਵਾਚਿਆ। ਕਈ ਅਰਥਾਂ ਨੂੰ ਵਿਚਾਰਨ ਲਈ ਕਈ ਬੈਠਕਾਂ ਭੀ ਹੋਈਆਂ ਦੋ ਤਿੰਨ ਵਾਰੀ ਕਈ ਗੁੰਜਲਾਂ ਨੂੰ ਹੱਲ ਕਰਨ ਵਾਸਤੇ ਵਾਈਸ ਚਾਂਸਲਰ ਸਾਹਿਬ, ਸ: ਕ੍ਰਿਪਾਲ ਸਿੰਘ ਜੀ ਨਾਰੰਗ ਨਾਲ ਭੀ ਇਸ ਕਮੇਟੀ ਤੇ ਭਾਈ ਰਣਧੀਰ ਸਿੰਘ ਨੂੰ ਬੈਠਕਾਂ ਕਰਨੀਆਂ ਪਈਆਂ। ਕੁਝ ਮਤ ਭੇਦਾਂ ਅਤੇ ਸ਼ੰਕਿਆਂ ਦੇ ਸਮਾਧਾਨ ਲਈ ਭਾਈ ਜੋਧ ਸਿੰਘ ਜੀ ਨੂੰ ਭੀ ਸੱਦਣਾ ਪਿਆ। ਭਾਈ ਰਣਧੀਰ ਸਿੰਘ ਜੀ ਆਪ ਲਗ ਭਗ ਸਾਰੀਆਂ ਬੈਠਕਾਂ ਵਿਚ ਸ਼ਾਮਲ ਹੁੰਦੇ ਰਹੇ।

ਅਗੇ ਭਾਈ ਰਣਧੀਰ ਸਿੰਘ ਜੀ ਬਾਰੇ ਲਿਖਿਆ ਹੈ :–

੨ ਅਫਸੋਸ ਹੈ ਕਿ ਭਾਈ ਰਣਧੀਰ ਸਿੰਘ ਆਪਣੇ ਕੰਮ ਨੂੰ ਪ੍ਰੇਮ ਦੇ ਜਾਮੇ ਵਿਚ ਨਹੀਂ ਦੇਖ ਸਕੇ, ਆਪ ੭ ਦਸੰਬਰ ੧੯੭੨ ਨੂੰ ੭੪ ਵਰ੍ਹੇ ਦੀ ਉਮਰ ਵਿਚ ਚਲਾਣਾ ਕਰ ਗਏ। ਭਾਈ ਸਾਹਿਬ ਨੇ ਦਸਮ ਗ੍ਰੰਥ ਸ਼ਬਦਾਰਥ, ਤਿਆਰ ਕਰਨ ਵਿਚ ਬੜੀ ਲਗਨ, ਯੋਗਤਾ ਤੇ ਮੇਹਨਤ ਨਾਲ ਕੰਮ ਕੀਤਾ। ਨਿਸਚੇ ਹੀ ਆਪ ਦਾ ਫਾਰਸੀ, ਸੰਸਕ੍ਰਿਤ, ਬ੍ਰਿਜਭਾਸ਼ਾ, ਪੰਜਾਬੀ ਆਦਿ ਬੋਲੀਆਂ ਦਾ ਗਿਆਨ ਚੰਗਾ ਭਰੋਸੇ ਯੋਗ

Digitized by Panjab Digital Library | www.panjabdigilib.org

ਸੀ। ਆਪ ਨੇ ਹਰ ਸ਼ਬਦ ਦੇ ਅਰਥ ਭਾਵ ਪੁਰਾਣੀਆਂ ਲੁਗਾਤਾਂ ਤੇ ਕੋਸ਼ਾਂ ਵਿਚੋਂ ਪੜਤਾਲਣ ਦੀ ਕੋਸ਼ਿਸ਼ ਕੀਤੀ, ਅਜੇਹੀ ਕਠਿਨ ਘਾਲ ਕੇਵਲ ਕੋਈ ਸਿਦਕੀ ਸਿਰੜੀ, ਖੋਜੀ ਹੀ ਕਰ ਸਕਦਾ ਹੈ। ਭਾਈ ਸਾਹਿਬ ਵਿਚ ਇਹ ਸਭੇ ਖੂਬੀਆਂ ਮੌਜੂਦ ਸਨ, ਇਸੇ ਕਰਕੇ ਯੂਨੀਵਰਸਿਟੀ ਵਲੋਂ ਥਾਪੀ ਕਮੇਟੀ ਨੂੰ ਇਸ ਖਰੜੇ ਵਿਚ ਕੇਵਲ ਨਾਂ ਮਾਤ੍ਰ ਹੀ ਕਿਤੇ ਕਿਤੇ ਤਬਦੀਲੀ ਕਰਨ ਦੀ ਲੋੜ ਪਈ ਹੈ। ਇਸ ਲਈ ਇਹ ਸ਼ਬਦਾਰਥ ਨਿਰੋਲ ਭਾਈ ਸਾਹਿਬ ਦੀ ਹੀ ਮਿਹਨਤ ਦਾ ਫਲ ਹੈ।

ਭਾਈ ਸਾਹਿਬ ਨੇ ਹੀ ਮੂਲ ਪਾਠ ਦਾ ਪਦ ਛੇਦ ਕੀਤਾ, ਵਿਸਰਾਮ ਚਿੰਨ੍ਹ ਲਾਏ, ਮੂਲ ਨੂੰ ਛਪਾਈ ਲਈ ਆਧੁਨਿਕ ਕਾਵ ਤਰਤੀਬ ਦੇ ਰੂਪ ਵਿਚ ਲਿਆਂਦਾ, ਕਈ ਪੁਰਾਤਨ ਹਥ ਲਿਖਤੀ ਸ੍ਰੀ ਦਸਮ ਗ੍ਰੰਥ ਦੇ ਖਰੜੇ ਵਾਚ ਕੇ ਪਾਠ ਸੋਧੇ ਤੇ ਯੋਗ ਬਾਣੀ ਲੋੜੀਂਦੀਆਂ ਟਿੱਪਣੀਆਂ ਦਰਜ ਕੀਤੀਆਂ। ਆਪ ਨੇ ਉਚੇਚਾ ਜਤਨ ਕੀਤਾ ਹੈ ਕਿ ਕਿਸੇ ਕਿਸੇ ਸ਼ਬਦ ਦਾ ਦਿਤਾ ਅਰਥ ਹਰ ਪੱਧਰ ਦੇ ਪਾਠਕ ਨੂੰ ਸਮਝ ਆ ਸਕੇ। ਇਸ ਲਈ ਆਪ ਨੇ ਇਕੋ ਅਰਥ ਨੂੰ ਕਈ ਰੂਪਾਂ ਵਿਚ ਸਰਲ ਬਣਾ ਕੇ ਅੰਕਤ ਕੀਤਾ। ਜਿਨ੍ਹਾਂ ਸ਼ਬਦਾਂ ਦੇ ਇਕ ਤੋਂ ਵਧ ਅਰਥ ਸੰਭਵ ਹਨ ਜਾਂ ਕੋਸ਼ ਵਿਚ ਮੰਨੇ ਗਏ ਹਨ ਉਹ ਪ੍ਰਯਾਯਵਾਚੀ ਅਰਥ ਦੇ ਨਾਲ ਦੇਣ ਦਾ ਜਤਨ ਕੀਤਾ ਹੈ। ਭਾਈ ਸਾਹਿਬ ਨੂੰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗੁਰਦੁਆਰਾ ਇੰਨਸਪੈਕਟਰ ਅਤੇ ਸਿਖ ਇਤਿਹਾਸ, ਰਿਸਰਚ ਬੋਰਡ ਦੇ ਅਧਿਕਾਰੀ ਦੇ ਅਹੁਦੇ ਦੇ ਹੁੰਦਿਆਂ ਲੰਮਾ ਅਰਸਾ ਕਈ ਇਤਿਹਾਸਕ ਗੁਰਦਵਾਰਿਆਂ ਵਿਚ ਆਦਿ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੀਆਂ ਪੁਰਾਤਨ ਹਥ ਲਿਖਤ ਬੀੜਾਂ ਦੇਖਣ, ਘੋਖਣ ਤੇ ਖੋਜਣ ਦਾ ਮੌਕਾ ਮਿਲਿਆ ਸੀ। ਇਸ ਗਲ ਦਾ ਦਸਮ ਗ੍ਰੰਥ ਸ਼ਬਦਾਰਥ ਦਾ ਮੂਲ ਪਾਠ ਨਿਸਚਿਤ ਕਰਨ ਵਿਚ ਆਪ ਨੂੰ ਬੜਾ ਲਾਭ ਹੋਇਆ। ਯੂਨੀ-ਵਰਸਿਟੀ ਭਾਈ ਸਾਹਿਬ ਦੀ ਰਿਣੀ ਹੈ, ਜਿਨ੍ਹਾਂ ਦੇ ਪਰਿਸ਼੍ਰਮ ਨਾਲ ਦਸਮ ਗ੍ਰੰਥ ਸ਼ਬਦਾਰਥ ਤਿਆਰ ਹੋਇਆ।

ਪੰਜਾਬੀ ਯੂਨੀਵਰਸਿਟੀ ਪਟਿਆਲਾ।
੪. ੧੨. ੭੩।

ਤਾਰਨ ਸਿੰਘ
ਪ੍ਰੋਫੈਸਰ ਅਤੇ ਮੁੱਖੀ
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ।

੩-ਹੁਣ ਬੁਧੀਜੀਵੀ ਸੁਜਾਨ ਪਾਠਕ ਜਨ ਤੇ ਸਾਡੇ ਪ੍ਰਬੰਧਕ ਦੀ ਜ਼ਿੰਮੇਵਾਰ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਇਸ ਨੂੰ ਵਿਚਾਰ ਕੇ ਨਿਰਨਾ ਕਰਨ ਕਿ ਕੀ ਗਿ: ਭਾਗ ਸਿੰਘ ਦੇ ਲਿਖੇ ਨਿਰਣੇ ਨੂੰ ਤਰਜੀਹ ਦੇਣੀ ਹੈ, ਜਿਸਦਾ ਇਕ ਭੀ ਸ਼ਬਦ ਦਾ ਅਰਥ ਕਿਸੇ ਟਕਸਾਲ ਨਾਲ ਸਰਧਾ ਨਹੀਂ ਰਖਦਾ, ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਈ ਹੱਦ ਤੋਂ ਵਧ ਘਟੀਆ ਤੋਂ ਘਟੀਆ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਤੇ ਹਮਲੇ ਤੇ ਹਮਲਾ ਕੀਤਾ ਹੋਇਆ ਹੈ। ਜਿਸ ਬਾਣੀ ਦੀ ਰਾਖੀ ਲਈ ਹੀ ਪੰਥ ਦੀ ਸਿਰਜਨਾ ਵਜੂਦ ਵਿਚ ਆਈ ਸੀ। ਜਾਂ ਯੂਨੀਵਰਸਿਟੀ ਪਟਿਆਲਾ ਦੀ ਕਮੇਟੀ ਅਥਵਾ ਭਾਈ ਰਣਧੀਰ ਸਿੰਘ ਜੀ ਜਿਹੇ ਸੁਜਾਨ ਤੇ ਗੁਰਮੁਖ ਮਹਾਨ ਹਸਤੀ, ਅਥਵਾ ਪੰਡਤ ਨਰੈਣ ਸਿੰਘ ਜਿਹੇ ਵਿਦਵਾਨ ਅਤੇ ਭਾਈ ਸੰਤੋਖ ਸਿੰਘ ਜਿਹੇ ਮਹਾਨ ਕਾਵ ਦੇ ਰਚੇਤਾ ਅਤੇ ਸ੍ਰੀ ਅਕਾਲ ਤਖਤ ਦੀ ਬਣੀ ਹੋਈ ਸੋਧ ਕਮੇਟੀਆਂ ਨੂੰ ਝੂਠੇ ਕਰਾਰ ਦੇਣਾ ਹੈ। ਇਹ ਦੋ ਟੂਕ ਫੈਸਲਾ ਹੋ ਜਾਣਾ ਚਾਹੀਦਾ ਹੈ ਕਿ ਕੀ ਦਸਮ ਗ੍ਰੰਥ ਸਾਹਿਬ ਸਾਕਤ ਕਵੀ ਦੀ ਬਾਣੀ ਕਹਿਕੇ ਅਗੇ ਵਾਸਤੇ ਪੜ੍ਹਨਾ ਬੰਦ ਕਰਨਾ ਹੈ ਜਾਂ ਗਿ: ਭਾਗ ਸਿੰਘ ਜੀ ਦਾ ਕੀਤਾ ਨਿਰਣਾ ਜ਼ਬਤ ਕਰਨਾ ਹੈ, ਜਦ ਕਿ ਅਸੀਂ ਤੱਕਦੇ ਹਾਂ ਕਿ ਅਜ ਸਾਡੇ ਸਾਹਮਣੇ ਗੁਰਸਿਖੀ ਦੇ ਮੁਦਈ ਗਿ: ਭਾਗ ਸਿੰਘ ਦੇ ਆਖੇ ਲਗ ਕੇ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਅਪਮਾਨ ਕਰ ਰਹੇ ਹਨ ਅਤੇ ਗਿ: ਭਾਗ ਸਿੰਘ ਦੇ ਲਿਖੇ ਇਸ ਨਿਰਣੇ ਦਾ ਪ੍ਰਚਾਰ ਕਰ ਰਹੇ ਹਨ ਅਤੇ ਭਾਈ ਰਣਧੀਰ ਸਿੰਘ ਜੀ ਦੇ ਸ਼ਰਧਾਲੂ ਸਜਣ ਭੀ ਇਸ

Digitized by Panjab Digital Library | www.panjabdigilib.org

ਕਾਫਲੇ ਦੇ ਸਾਥੀ ਬਣ ਰਹੇ ਹਨ ਅਰ ਗਿ: ਭਾਗ ਸਿੰਘ ਦੀ ਹਾਂ ਵਿਚ ਹਾਂ ਮਿਲਾ ਰਹੇ ਹਨ।

ਜਦ ਕਿ ਸ੍ਰੀ ਦਸਮੇਸ਼ ਪਿਤਾ ਜੀ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਭੂਮਕਾ ਆਪ ਐਉਂ ਲਿਖਦੇ ਹਨ :-

ਚੌਪਈ-ਸਰਬ ਕਾਲ ਸਭ ਸਾਧ ਉਬਾਰੇ ॥ ਦੁਖੁ ਦੈਕੈ ਦੋਖੀ ਸਭ ਮਾਰੇ ॥
ਅਦਭੁਤ ਗਤਿ ਭਗਤਨ ਦਿਖਲਾਈ ॥ ਸਭ ਸੰਕਟ ਤੇ ਲਏ ਬਚਾਈ ॥ ੧ ॥

ਸਭ ਸੰਕਟ ਤੇ ਸੰਤ ਬਚਾਏ ॥ ਸਭ ਕੰਟਕ ਕੰਟਕ ਜਿਮ ਘਾਏ ॥
ਦਾਸ ਜਾਨ ਮੁਰਿ ਕਰੀ ਸਹਾਇ ॥ ਆਪ ਹਾਥੁ ਦੈ ਲਜੋ ਬਚਾਇ ॥ ੨ ॥

ਅਬ ਮੈ ਜੋ ਜੋ ਲਖੇ ਤਮਾਸਾ ॥ ਸੋ ਸੋ ਕਰੋ ਤੁਮੈ ਅਰਦਾਸਾ ॥
ਜੋ ਪ੍ਰਭ ਕ੍ਰਿਪਾ ਕਟਾਛ ਦਿਖੈ ਹੈ ॥ ਸੋ ਤਵ ਦਾਸ ਉਚਾਰਤ ਜੈ ਹੈ ॥ ੩ ॥

ਜਿਹ ਜਿਹ ਬਿਧ ਮੈ ਲਖੇ ਤਮਾਸਾ ॥ ਚਾਹਿਤ ਤਿਨ ਕੋ ਕੀਜੋ ਪ੍ਰਕਾਸਾ ॥
ਜੋ ਜੋ ਜਨਮ ਪੂਰਬਲੇ ਹੇਰੇ ॥ ਕਹਿਹੋ ਸੁ ਪ੍ਰਭ ਪਰਾਕ੍ਰਮ ਤੇਰੇ ॥ ੪ ॥

ਸਰਬ ਕਾਲ ਹੈ ਪਿਤਾ ਅਪਾਰਾ ॥ ਦੇਬਿ ਕਾਲਕਾ ਮਾਤ ਹਮਾਰਾ ॥
ਮਨੂਆ ਗੁਰ ਮੁਰਿ ਮਨਸਾ ਮਾਈ ॥ ਜਿਨਿ ਮੋਕੋ ਸੁਭ ਕ੍ਰਿਆ ਪੜਾਈ ॥ ੫ ॥

ਜਬ ਮਨਸਾ ਮਨ ਮਜਾ ਬਿਚਾਰੀ ॥ ਗੁਰ ਮਨੂਆ ਕਹ ਕਹਜੋ ਸੁਧਾਰੀ ॥
ਜੇ ਜੇ ਚਰਿਤ ਪੁਰਾਤਨ ਲਹੇ ॥ ਤੇ ਤੇ ਅਬ ਚਹੀਤ ਹੈਂ ਕਹੇ ॥ ੬ ॥

ਸਰਬ ਕਾਲ ਕਰਣਾ ਤਬ ਭਰੇ ॥ ਸੇਵਕ ਜਾਨਿ ਦਯਾਰਸ ਢਰੇ ॥
ਜੋ ਜੋ ਜਨਮ ਪੂਰਬਲੇ ਭਜੇ ॥ ਸੋ ਸੋ ਸਭ ਸਿਮਰਣ ਕਰ ਦਜੇ ॥ ੭ ॥

ਮੋਕੋ ਇਤੀ ਹੁਤੀ ਕਹ ਸੁਧੰ ॥ ਜਸ ਪ੍ਰਭ ਦਈ ਕ੍ਰਿਪਾ ਕਰਿ ਬੁਧੰ ॥
ਸਰਬ ਕਾਲ ਤਬ ਭਏਂ ਦਇਆਲਾ ॥ ਲੋਹ ਰੱਛ ਹਮ ਕੋ ਸਭ ਕਾਲਾ ॥ ੮ ॥

ਸਰਬ ਕਾਲ ਰੱਛਾ ਸਭ ਕਾਲ ॥ ਲੋਹ ਰੱਛ ਸਰਬਦਾ ਬਿਸਾਲ ॥
ਢੀਠ ਭਜੇ ਤਵ ਕ੍ਰਿਪਾ ਲਖਾਈ ॥ ਐਡੋ ਫਿਰੋ ਸਭਨ ਭਜੋ ਰਾਈ ॥ ੯ ॥

ਜਿਹ ਜਿਹ ਬਿਧ ਜਨਮਨ ਸੁਧਿ ਆਈ ॥ ਤਿਮ ਤਿਮ ਕਹੇ ਗਰੰਥ ਬਨਾਈ ॥
ਪ੍ਰਿਥਮੇ ਸਤਿਜੁਗ ਜਿਹ ਬਿਧਿ ਲਹਾ ॥ ਪ੍ਰਥਮੇ ਦੇਬਿ ਚਰਿਤ੍ਰ ਕੋ ਕਹਾ ॥ ੧੦ ॥

ਪਹਿਲੇ ਚੰਡੀ ਚਰਿਤ੍ਰ ਬਣਾਜੋ ॥ ਨਖ ਸਿਖ ਤੇ ਕ੍ਰਮ ਭਾਖ ਸੁਨਾਜੋ ॥
ਛੋਰ ਕਥਾ ਤਬ ਪ੍ਰਥਮ ਸੁਨਾਈ ॥ ਅਬ ਚਾਹਤ ਫਿਰ ਕਰੋ ਬਡਾਈ ॥ ੧੧ ॥ ਸ: ੭੩ ॥

੪-ਭਾਵ ਹੇ ਅਕਾਲ ਪੁਰਖ ! ਤੂੰ ਸਾਰੇ ਸਾਧਾਂ ਦੀ ਸਹਾਇਤਾ ਕਰਦਾ ਹੈਂ ਅਤੇ ਉਹਨਾਂ ਦੇ ਦੁਖ ਦੇਣ ਵਾਲਿਆਂ ਦਾ ਨਾਸ ਕਰਦਾ ਹੈਂ। ਆਪਣੇ ਭਗਤਾਂ ਨੂੰ ਇਹ ਬੜੀ ਹੀ ਅਸਚਰਜ ਲੀਲਾ ਦਿਖਾਈ ਹੈ ਕਿ ਉਹਨਾਂ ਨੂੰ ਸਾਰੇ ਦੁਖਾਂ ਤੋਂ ਬਚਾਇਆ ਹੈ ਅਤੇ ਉਹਨਾਂ ਦੇ ਦੁਖ ਕੰਡੇ ਜਿਉਂ ਸ਼ੂਲ ਵਾਂਗ ਦੂਰ ਕਰ ਸੁਟੇ ਹਨ ਤੇ ਇਸੇ ਤਰ੍ਹਾਂ ਆਪਣਾ ਸੇਵਕ ਜਾਣ ਕੇ ਮੇਰੀ ਭੀ ਸਹਾਇਤਾ ਕੀਤੀ ਹੈ, ਤੇ ਮੈਨੂੰ ਆਪਣਾ ਹੱਥ ਦੇਕੇ ਬਚਾਇਆ ਹੈ। ਹੁਣ ਮੈਂ ਜੋ ਜੋ ਉਸ ਸ਼ਕਤੀਵਾਨ ਦੇ ਰਚੇ ਅਖਾੜੇ ਦੇ ਖੇਲ ਦੇਖੇ ਹਨ ਸੋ ਤੁਹਾਡੇ

Digitized by Panjab Digital Library | www.panjabdigilib.org

ਸਾਹਮਣੇ ਬਿਆਨ ਕਰਦਾ ਹਾਂ। ਜੋ ਜੋ ਭੀ ਪ੍ਰਭੂ ਦੀ ਮੇਹਰ ਦੀ ਨਿਗਾਹ ਨਾਲ ਮੇਰੇ ਸਾਹਮਣੇ ਆਏ ਹਨ ਸੋ ਮੈਂ ਦਾਸ ਤੁਹਾਡੇ ਸਾਹਮਣੇ ਉਚਾਰਦਾ ਜਾਵਾਂਗਾ। ਜਿਵੇਂ ਜਿਵੇਂ ਭੀ ਮੈਂ ਤਮਾਸ਼ੇ ਵੇਖੇ ਹਨ, ਹੁਣ ਮੈਂ ਉਹਨਾਂ ਨੂੰ ਤੁਹਾਡੇ ਸਾਹਮਣੇ ਪ੍ਰਗਟ ਕਰਨਾ ਚਾਹੁੰਦਾ ਹਾਂ, ਉਹ ਸਰਬ ਸ਼ਕਤੀਮਾਨ ਜੋ ਸਰਬ ਕਾਲ ਕਾਇਮ ਰਹਿਣ ਵਾਲਾ ਹੈ ਉਹ ਬੜਾ ਬੇਅੰਤ ਉੱਚਾ ਸਾਡਾ ਪਿਤਾ ਹੈ ਅਤੇ ਉਸਦੀ ਸ਼ਕਤੀ-ਭਾਵ ਦੇਸ਼ ਕਾਲ ਦੀ ਸਰਬ ਵਿਆਪਕ ਸ਼ਕਤਿ-ਜਿਸਦਾ ਨਾਮ ਆਪ ਦੇਸ਼ ਕਾਲਕਾ ਕਹਿੰਦੇ ਹਨ ਉਹ ਮੇਰੀ ਮਾਤਾ ਹੈ ਅਤੇ ਸ਼ੁਧ ਬ੍ਰਹਮ ਰੂਪ ਮਨੂਆ ਮੇਰਾ ਗੁਰੂ ਹੈ ਅਤੇ ਸ਼ੁਧ ਬੁਧੀ ਰੂਪ ਮਨਸਾ ਮੇਰੀ ਮਾਈ ਹੈ ਜਿਸ ਨੇ ਮੈਨੂੰ ਚੰਗੇ ਕੰਮਾਂ ਵਲ ਲਾਇਆ ਹੋਇਆ ਹੈ। ਜਦੋਂ ਭੀ ਮੇਰੀ ਸ਼ੁਧ ਬੁਧੀ ਨੇ ਮਨ ਨਾਲ ਵਿਚਾਰ ਕੀਤੀ ਤਾਂ ਗੁਰੂ ਰੂਪ ਸ਼ੁਧ ਮਨ ਨੇ ਸ਼ੁਧ ਵਿਚਾਰ ਦਿਤੀ। ਜੋ ਜੋ ਭੀ ਕੌਤਕ ਪੁਰਾਣੇ ਮੈਂ ਤੱਕੇ ਹਨ ਹੁਣ ਮੈਂ ਉਹਨਾਂ ਨੂੰ ਕਹਿਣਾ ਚਾਹੁੰਦਾ ਹਾਂ- ਉਹ ਸਰਬ ਸਮੇਂ ਮੇਹਰ ਕਰਨ ਵਾਲੇ ਕਰੁਣਾ ਨਿਧ ਮੈਨੂੰ ਆਪਣਾ ਸੇਵਕ ਜਾਣ ਕੇ ਉਸ ਵਿਚ ਆਪਣੀ ਦਇਆ ਨਾਲ ਰਸ ਭਰੇ ਭਾਵ (ਸੁਆਦਲੇ) ਬਣਾ ਦੇਵੇ। ਜੋ ਜੋ ਮੇਰੇ ਪਹਿਲੇ ਜਨਮਾਂ ਵਿਚ ਹੋਇਆ ਹੈ, ਉਹ ਸਭ ਦਾ ਸਭ ਐਥੇ ਬਿਆਨ ਕਰ ਦਿਤਾ ਹੈ। ਮੈਨੂੰ ਐਨੀ ਕਿਥੋਂ ਬੁਧ ਹੋਣੀ ਸੀ, ਪਰ ਜਿਵੇਂ ਪ੍ਰਭੂ ਨੇ ਕਿਰਪਾ ਕਰਕੇ ਮੈਨੂੰ ਸੋਝੀ ਦਿਤੀ ਅਤੇ ਉਸ ਸਰਬ-ਸ਼ਕਤੀਮਾਨ ਨੇ ਦਿਆਲ ਹੋ ਕੇ ਸਭ ਸਮਿਆਂ ਵਿਚ ਲੋਹੇ ਦੀ ਵਾੜ ਵਾਂਗ ਹਰ ਸਮੇਂ ਮੇਰੀ ਰਖਿਆ ਕੀਤੀ ਹੈ ਜੋ ਮੇਰੇ ਤੇ ਹਰ ਸਮੇਂ ਬਹੁਤ ਕਿਰਪਾਲੂ ਹੈ, ਜਿਸ ਦੀ ਕ੍ਰਿਪਾ ਨੂੰ ਤੱਕ ਕੇ ਮੈਂ ਵਡੇ ਮਾਣ ਨਾਲ ਫਿਰਦਾ ਹਾਂ, ਜਿਵੇਂ ਭੀ ਮੈਨੂੰ ਪਿਛਲੇ ਜਨਮਾਂ ਦੀ ਯਾਦ ਆਈ, ਉਸੀ ਤਰ੍ਹਾਂ ਹੀ ਗ੍ਰੰਥ ਲਿਖ ਦਿਤੇ ਹਨ ਅਤੇ ਸਭ ਤੋਂ ਪਹਿਲੇ ਸਤਿਜੁਗ ਦੇਖਿਆ ਅਰ ਉਸ ਸਮੇਂ ਜਿਵੇਂ ਆਦਿ ਸ਼ਕਤੀ ਦੇ ਕੌਤਕ ਤਕੇ ਕਹੇ ਹਨ ਜਿਸ ਨੇ ਚੰਡ ਰਾਕਸ਼ਸ਼ ਨੂੰ ਮਾਰਿਆ ਸੀ। ਉਸ ਚੰਡੀ ਦੇ ਕੌਤਕ ਬਿਆਨ ਕੀਤੇ ਹਨ ਅਰ ਨੌਹਾਂ ਤੋਂ ਲੈ ਕੇ ਚੋਟੀ ਤਕ ਤਰਤੀਬ ਨਾਲ ਦਸੇ ਹਨ। ਹੁਣ ਫੇਰ ਉਸ ਕਥਾ ਨੂੰ ਛਡ ਕੇ ਮੈਂ ਚਾਹੁੰਦਾ ਹਾਂ ਕਿ ਉਸ ਦੀ ਉਪਮਾਂ ਵਡਿਆਈ ਕਰਾਂ।

ਜੋ ਚੰਡੀ ਚਰਿਤ੍ਰ ਦੇ ਆਦਿ ਵਿਚ ਲਿਖਦੇ ਹਨ-

ਆਦਿ ਅਪਾਰ ਅਲੇਖ ਅਨੰਤ ਅਕਾਲ ਅਭੇਖ ਅਲੱਖ ਅਨਾਸਾ ॥
ਕੈ ਸਿਵ ਸਕਤ ਦਏ ਸ੍ਰਿਤਿ ਚਾਰ ਰਜੋ ਤਮ ਸਤੇ ਤਿਹੂੰ ਪੁਰ ਵਾਸਾ ॥
ਦਿਉਸ ਨਿਸਾ ਸਸਿ ਸੂਰ ਕੇ ਦੀਪਕ ਸ੍ਰਿਸਟਿ ਰਚੀ ਪੰਚ ਤੱਤ ਪ੍ਰਕਾਸਾ ॥
ਬੈਰ ਬਢਾਇ ਲਰਾਇ ਸੁਰਾਸੁਰ ਆਪਹਿ ਦੇਖਤ ਬੈਠ ਤਮਾਸਾ ॥ ੧ ॥

੫-ਇਥੇ ਇਹ ਭੀ ਵਰਨਣ ਯੋਗ ਗਲ ਹੈ ਕਿ ਗਿ: ਭਾਗ ਸਿੰਘ ਮੁੜ ਮੁੜ ਕੇ ਸ਼ਿਵ ਸ਼ਕਤਿ ਸ਼ਿਵ ਜੀ ਦੀ ਸੁਪਤਨੀ ਮਾਤਾ ਪਾਰਬਤੀ ਨੂੰ ਹੀ ਮੰਨੀ ਜਾਂਦਾ ਹੈ-ਪਰ ਇਥੇ ਗੁਰੂ ਜੀ ਐਨ ਨਿਖਾਰ ਕੇ ਲਿਖਦੇ ਹਨ ਕਿ ਜੋ ਸਭ ਤੋਂ ਆਦਿ ਹੈ ਅਤੇ ਬੇਅੰਤ ਹੈ ਅਥਵਾ ਲੇਖਾਂ ਤੋਂ ਰਹਿਤ ਹੈ, ਜਿਸਦਾ ਅੰਤ ਨਹੀਂ ਹੈ, ਜੋ ਅਕਾਲ ਕਾਲ ਤੋਂ ਭੀ ਰਹਿਤ ਹੈ, ਕਿਸੇ ਭੇਖ ਵਿਚ ਨਹੀਂ ਹੈ ਅਤੇ ਲਖਿਆ ਨਹੀਂ ਜਾਂਦਾ ਅਤੇ ਨਾਸ ਨਹੀਂ ਹੁੰਦਾ-ਉਹ ਹੈ ਸ੍ਰੀ ਦਸਮੇਸ਼ ਜੀ ਦਾ ਸ਼ਿਵ ਤੇ ਉਸਦੀ ਸ਼ਕਤੀ ਮਾਇਆ ਜੋ (ਜੁਗਤ ਨਾਲ ਵਿਆਈ) ਨੇ ਚਾਰ ਸ਼ਕਤੀਆਂ ਨੂੰ ਜਨਮ ਦਿਤਾ। ਵਿਸ਼ਨੂੰ, ਬ੍ਰਹਮਾ, ਸ਼ਿਵਜੀ ਅਤੇ ਤਿੰਨੇ ਲੋਕ ਵਸਾਏ। ਫੇਰ ਦਿਨ ਰਾਤ ਅਤੇ ਉਹਨਾਂ ਲਈ ਚੰਦ ਸੂਰਜ ਬਣਾ ਕੇ ਸ੍ਰਿਸ਼ਟੀ ਦੀ ਰਚਨਾਂ ਕੀਤੀ, ਪੰਜਾਂ ਤੱਤਾਂ ਨੂੰ ਪ੍ਰਕਾਸ਼ਿਆ। ਫੇਰ ਉਸੇ ਨੇ ਵੈਰ ਵਾਦ ਵਧਾ ਕੇ ਆਪਸ ਵਿਚ ਲੜਾ ਦਿੱਤੇ। ਇਕ ਪਾਸੇ ਦੇਵਤੇ ਅਤੇ ਇਕ ਪਾਸੇ ਦੈਂਤ, ਆਪ ਇਕ ਪਾਸੇ ਬਹਿਕੇ ਆਪਣੇ ਬੱਚਿਆਂ ਦੇ ਘੋਲ ਦਾ ਤਮਾਸ਼ਾ ਦੇਖ ਰਿਹਾ ਹੈ। ਜਿਸ ਤਮਾਸ਼ੇ ਦਾ

Digitized by Panjab Digital Library | www.panjabdigilib.org

ਵਰਨਣ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੇ ਰੂਪ ਵਿਚ ਸਾਨੂੰ ਰਚ ਕੇ ਦੇ ਰਹੇ ਹਨ। ਜੋ ਇਕ ਬੜੇ ਸਮੁੰਦਰ ਦੇ ਮਾਨਿੰਦ ਹੈ ਅਤੇ ਇਸ ਸਮੁੰਦਰ ਦੇ ਵਿਚੋਂ ਹੀਰੇ ਲਾਲ ਜਵਾਹਰਾਤ ਕੌਡਾਂ ਘੋਗੇ ਅਨੇਕਾਂ ਪਦਾਰਥ ਸਾਡੇ ਸਾਹਮਣੇ ਪਏ ਹਨ, ਪਰ ਅਸੀਂ ਕਰਮਾਂ ਦੇ ਮਾਰੇ ਹੀਰੇ ਮੋਤੀ ਲਾਲਾਂ ਨੂੰ ਛੱਡ ਕੇ ਕੌਡਾਂ ਤੇ ਘੋਗੇ ਇਕੱਤਰ ਕਰ ਕਰਕੇ ਸੰਗਤਾਂ ਨੂੰ ਵੰਡਣੇ ਆਰੰਭ ਦਿਤੇ ਹਨ। ਜਿਵੇਂ ਗਿ: ਭਾਗ ਸਿੰਘ ਨੇ ਇਕ ਭੀ ਗੁਣ ਵਾਲੀ ਗਲ ਆਪਣੀ ਪੁਸਤਕ ਵਿਚ ਨਹੀਂ ਸਾਂਭੀ ਬਿਨਾਂ ਗੁਰੂ ਤੇ ਗੁਰਬਾਣੀ ਦੀ ਨਿੰਦਿਆ ਬਖੀਲੀ ਅਸ਼ਰਧਾ ਦਾ ਹੀ ਗੰਦ ਖਿਲਾਰਿਆ ਹੈ । ਸਾਨੂੰ ਗੁਰੂ ਦਾ ਡਰ ਜਾਂ ਭੈ ਰਤਾ ਭਰ ਭੀ ਨਹੀਂ ।

ਬਿਨ ਭੈ ਕਿਨੈ ਨ ਪ੍ਰੇਮ ਪਾਇਆ ਬਿਨ ਭੈ ਪਾਰ ਨ ਉਤਰਿਆ ਕੋਈ ॥
[ਸਫਾ ੧੧੧੬ ॥ ਮਹਲਾ ੪ ॥

ਗੁਰਬਾਣੀ ਦਾ ਤੇ ਗੁਰੂ ਦਾ ਸਾਨੂੰ ਪੈਰ ਪੈਰ ਪਰ ਡਰ ਹੋਣਾ ਚਾਹੀਦਾ ਹੈ। ਪਰ ਅਸੀਂ ਤਾਂ ਹਰ ਮੋੜ ਤੇ ਆ ਕੇ ਭੁਲਦੇ ਹਾਂ ਸੂਫੀ ਫਕੀਰਾਂ ਦਾ ਕਥਨ ਹੈ ਕਿ-

ਮੈਂ ਭੁਲ ਗਈ ਮੋੜ ਤੇ ਆ ਕੇ ਮਾਫ ਕਰੀਂ ਤਕਸੀਰ ॥ ਪਹਿਲੇ ਮੋੜ ਤੇ ਠਾਕੁਰਦੁਆਰਾ, ਦੂਜੇ ਮੋੜ ਤੇ ਹੈ ਗੁਰਦੁਆਰਾ, ਤੀਜੇ ਮੋੜ ਮੰਦਰ ਤੇ ਮਸਜਦ, ਮੈਂ ਕਿਹਦੇ ਅੰਦਰ ਜਾਵਾਂ।

ਸ੍ਰੀ ਦਸਮੇਸ਼ ਜੀ ਅਤੇ ਗੁਰਬਾਣੀ ਵਿਚ ਸ਼ਬਦਾਂ ਦੇ ਅਨੇਕਾਂ ਮੋੜ ਹਨ, ਜਿਸ ਲਈ ਅਸੀਂ ਥਾਂ ਥਾਂ ਹਰ ਮੋੜ ਤੇ ਭੁਲਦੇ ਹਾਂ,ਸਾਨੂੰ ਚਾਹੀਦਾ ਹੈ ਕਿ ਆਪਣੀ ਚਤੁਰਾਈ ਛੱਡਕੇ ਇਹਨਾਂ ਮੋੜਾਂ ਦੀ ਜਾਣਕਾਰੀ ਕਿਸੇ ਜਾਣਕਾਰ ਕੋਲੋਂ ਪ੍ਰਾਪਤ ਕਰ ਲਈਏ, ਐਵੇਂ ਗੁਰੂਦਵਾਰੇ ਤੇ ਮੰਦਰਾਂ ਆਦਿ ਨੂੰ ਕੋਸਣ ਦੀ ਜੁਰਅਤ ਨਾ ਕਰੀਏ।

ਇਕ ਇਕ ਸ਼ਬਦ ਦੇ ਕਈ ਕਈ ਭਾਵ ਨੇ, ਜੁਦਾ ਜੁਦਾ ਮੋੜ ਹਨ ਜੋ ਸਮੇਂ ਤੇ ਪ੍ਰਕਰਣ ਅਨੁਸਾਰ ਸਾਨੂੰ ਉਹਨਾਂ ਦੇ ਨਾਲ ਮੁੜਨਾ ਪਏਗਾ।

੫ ॥ ੭ ॥ ੨ ॥ ੯ ॥ ੨੪ ॥ ੧੩੧ ॥

੧ ਓ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾ: ੭ ॥ ਅਧਜਾਇ ੨ ॥ ਅਲੋਚਨਾਤਮਕ ॥

ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਦੇ ਨਿਰਣੇ ਦਾ ਨਿਰਣਾ ॥ ਪ੍ਰਕਰਣ ਨੰ: ੧੦ ॥ ੨੫ ॥ ੧੩੨ ॥

ਚੰਡੀ ਚਰਿਤ੍ਰ ਉਕਤਿ ਬਿਲਾਸ

੧-ਜਿਸ ਦੇ ਆਦਿ ਵਿਚ ੧ ਓ ਵਾਹਿਗੁਰੂ ਜੀ ਕੀ ਫਤਹਿ ਬੁਲਾਈ ਗਈ ਹੈ। ਜੋ ਸ੍ਰੀ ਦਸਮੇਸ਼ ਜੀ

Digitized by Panjab Digital Library | www.panjabdigilib.org

ਦੀ ਲਿਖਤ ਦਾ ਪੂਰਾ ਸਬੂਤ ਹੈ, ਉਕਤ ਬਿਲਾਸ, ਉਸ ਚੰਡੀ ਦਾ ਚਰਿਤ੍ਰ, ਜੋ ਸ਼ਕਤੀ ਚੰਡ ਨਾਮਕ ਮਹਾਂਬਲੀ ਦੈਂਤ ਦਾ ਨਾਸ ਕਰਤਾ ਸੀ, ਉਸ ਦਾ ਨਾਮ ਚੰਡ ਰਾਖਸ਼ਸ਼ ਨੂੰ ਚੰਡਣ ਵਾਲੀ ਚੰਡੀ ਕਿਹਾ ਗਿਆ। ਚਰਿਤ੍ਰ ਉਸਦੇ ਕੀਤੇ ਕੌਤਕ ਅਤੇ ਬਿਰਤਾਂਤ ਵਿਚੋਂ ਅਨੋਖਾ ਵਾਕਿਯ ਅਤੇ ਚੰਗੇ ਗੂੜ੍ਹੇ ਖੇਲ। ਉਕਤ ਬਿਲਾਸ ਜੋ ਪਹਿਲੇ ਪ੍ਰਕਰਣ ਦੇ ਅੰਤ ਵਿਚ ਸੰਕੇਤਕ ਤੌਰ ਪਰ ਦਸਿਆ ਗਿਆ ਸੀ ਜਿਸ ਨੂੰ ਅਸੀਂ ਭੁਲ ਨਾਲ ਕਦੀ ਦੇਵੀ ਪੂਜ, ਕਦੀ ਸਾਕਤਮਤੀਏ ਕਵੀਆਂ ਦੀ ਬਾਣੀ, ਕਦੀ ਦੇਵੀ ਦੀ ਉਪਮਾ ਨਾਲ ਜੋੜ ਕੇ ਅਲੋਚਨਾ ਕਰਦੇ ਹਾਂ ਜੋ ਠੀਕ ਨਹੀਂ ਹੈ ਕਿਉਂਕਿ ਸ੍ਰੀ ਦਸਮੇਸ਼ ਜੀ ਗੁਰਦੇਵ ਨੇ ਪਹਿਲਾਂ ਸਰਬ ਸ਼ਕਤੀਵਾਨ ਪਿਤਾ ਨੂੰ ਯਾਦ ਕੀਤਾ ਹੈ, ਫਿਰ ਮਾਤਾ ਅਕਾਲੀ ਜੋਤ ਤੋਂ ਕਿਰਪਾ ਮੰਗੀ ਹੈ, ਅਗੇ ਪ੍ਰਸੰਗ ਆਰੰਭ ਕਰਦੇ ਹਨ ਜੋ ਬੜਾ ਹੀ ਅਦਭੁਤ ਤੇ ਹੈਰਾਨਕੁਨ ਅਥਵਾ ਬਹਾਦੁਰਾਂ ਦੀ ਬਹਾਦਰੀ ਦੀ ਮੂੰਹ ਬੋਲਦੀ ਤਸਵੀਰ ਹੈ। ਜੇਹੜਾ ਪੈਂਤਾਲੀ ਪਦਮ ਕਟਕ ਦੇ ਉਤੇ ਗਿ: ਭਾਗ ਸਿੰਘ ਨੇ ਅਲੋਚਨਾ ਕਰਦੇ ਇਹ ਦੋਹਿਰਾ ਦਿਤਾ ਹੈ। ਜਿਵੇਂ ਕਿ-

ਪੈਂਤਾਲੀ ਪਦਮ ਅਸੁਰ ਸਜਿਯੋ ਕਟਕ ਚਤੁਰੰਗ ॥
ਕਛੁ ਬਾਏਂ ਕਛੁ ਦਾਹਨੇ ਕਛੁ ਭਟ ਨ੍ਰਿਪ ਕੇ ਸੰਗ ॥ ੩੦ ॥ ਸ: ੭੮॥ ਪਰ ਹੈ।

ਜਿਸਦਾ ਇਹ ਨਹੀਂ ਪਤਾ ਕਿ ਪੈਂਤਾਲੀ ਪਦਮ ਦੀ ਗਿਣਤੀ ਕਿਵੇਂ ਕੀਤੀ ਜਾਂ ਕਹੀ ਗਈ, ਕਈ ਥਾਈਂ ਸਹੰਸਰ ਸੌ ਨੂੰ ਭੀ ਲਿਖਿਆ ਮਿਲਦਾ ਹੈ ਅਤੇ ਹਜ਼ਾਰ ਨੂੰ ਭੀ। ਖਾਲਸੇ ਦੇ ਬੋਲੇ ਵਿਚ ਇਕ ਨੂੰ ਹੀ ਸਵਾ ਲੱਖ ਕਿਹਾ ਜਾਂਦਾ ਹੈ ਜਾਂ ਪਰਾਣ ਦੇ ਵੇਰਵੇ ਅਨਸਾਰ ਹੋ ਸਕਦਾ ਹੈ। ਉਸ ਸਮੇਂ ਤੇ ਅਜ ਦੇ ਸਮੇਂ ਵਿਚ ਕਈ ਭੇਦ ਹੋ ਸਕਦੇ ਹਨ ਅਰ ਫੇਰ ਇਹ ਗਿਣਤੀ ਅਨੁਮਾਨਕ ਭੀ ਹੋ ਸਕਦੀ ਹੈ। ਪਰ ਸਾਡਾ ਇਸ ਬਹਿਸ ਨਾਲ ਕੀ ਵਾਸਤਾ, ਅਸਾਂ ਤਾਂ ਇਸ ਵਿਚੋਂ ਸਰਬ ਸ਼ਕਤੀਵਾਨ ਦੀ ਸ਼ਕਤੀ ਅਤੇ ਸੂਰਮਿਆਂ ਦੇ ਕਰਤਵ ਅਥਵਾ (ਕਿਰਦਾਰ) ਨੂੰ ਘੋਖਣਾ ਹੈ, ਅਤੇ ਦਸਮੇਸ਼ ਜੀ ਦੇ ਦਿਤੇ ਅਲੰਕਾਰਾਂ ਨੂੰ ਜਾਨਣਾ ਹੈ ਕਿ ਇਹ ਸਭ ਕੁਝ ਕਿਸ ਦਿਮਾਗ ਦੀ ਉਪ੍ਜ ਹੈ ਅਤੇ ਕਿਵੇਂ ਦੈਂਤਾਂ ਦੀ ਮਤ ਮਾਰੀ ਗਈ, ਕਿਵੇਂ ਗਰੂਰ ਵਿਚ ਆ ਕੇ ਲੜਦੇ ਰਹੇ ਅਤੇ ਕਿਵੇਂ ਬਹਾਦਰੀ ਨਾਲ ਲੜ ਕੇ ਸ਼ਹੀਦ ਹੋਏ ? ਜਦੋਂ ਮਧ ਕੈਟਵ ਨਾਮੀ ਜੋਧਾ, ਜਿਸ ਨੇ ਸਾਰੇ ਦੇਵਤਿਆਂ ਨੂੰ ਭਾਂਜ ਦੇ ਕੇ ਇੰਦ੍ਰਾਸਣ ਉਪਰ ਜਾ ਬੈਠਾ ਸੀ ਅਤੇ ਸਾਰੇ ਦੇਵ ਜਨ ਨਠਾ ਦਿਤੇ ਸਨ, ਫੇਰ ਉਹ ਕਿਵੇਂ ਮਾਰਿਆ ਗਿਆ ?

ਪੁਨਹਾ-ਬਹੁਰਿ ਭਇਓ ਮਹਿਖਾਸੁਰ ਤਿਨ ਤੇ ਕਿਆ ਕੀਆ ॥
ਭਜਾ ਜੋਰ ਕਰਿ ਜਧ ਜੀਤ ਸਭ ਜਗ ਲੀਆ ॥
ਸੁਰ ਸਮੂੰਹ ਸੰਘਾਰੇ ਰਣਹਿ ਪਚਾਰ ਕੈ ॥
ਟੂਕ ਟੂਕ ਕਰ ਡਾਰੇ ਆਯੁਧ ਧਾਰ ਕੈ ॥ ੧੩ ॥

ਜਿਸ ਦਾ ਭਾਵ ਹੈ ਕਿ ਫੇਰ ਮਹਿਖਾਸੁਰ ਨੇ ਆ ਕੇ ਕੀ ਕੀਤਾ ? ਬਾਂਹਾ ਦੇ ਜ਼ੋਰ ਨਾਲ ਯੁਧ ਜਿਤਿਆ ਅਤੇ ਸਾਰਾ ਜਗ ਆਪਣੇ ਜ਼ੋਰ ਕਰ ਲਿਆ। ਜੇਹੜੇ ਦੇਵਤੇ ਸਾਹਮਣੇ ਆਏ ਉਹ ਮਾਰ ਸੁਟੇ ਅਤੇ ਬਾਕੀ ਪਛਾੜ ਦਿਤੇ, ਦੂੜਾ ਦਿਤੇ, ਜੋ ਰਣ ਵਿਚ ਸਾਹਮਣੇ ਹੋਇਆ ਉਹ ਟੋਟੇ ਕਰ ਸੁਟਿਆ ਅਤੇ ਐਸਾ ਯੁਧ ਕੀਤਾ।

ਸ੍ਵੈਯਾ- ਜੁਧ ਕੀਓ ਮਹਿਖਾਸੁਰ ਦਾਨਵ ਦੇਖਤ ਭਾਨ ਚਲੈ ਨਹੀਂ ਪੰਥਾ ॥

Digitized by Panjab Digital Library | www.panjabdigilib.org

ਸ੍ਰੋਨ ਸਮੂਹ ਚਲਿਓ ਲਖਿ ਕੈ ਚਤੁਰਾਨਨ ਭੂਲਿ ਗਏ ਸਭ ਗ੍ਰੰਥਾ ॥
ਮਾਸ ਨਿਹਾਰ ਕੈ ਗ੍ਰਿਝ ਰੜੈਂ ਚਟਸਾਰ ਪੜੈ ਜਿਮੁ ਬਾਰਕ ਸੰਥਾ ॥
ਸਾਰਸੁਤੀ ਤਟ ਲੈ ਭਟ ਲੋਥ ਸ੍ਰਿੰਗਾਲਕਿ ਸਿੱਧ ਬਨਾਵਤ ਕੰਥਾ ॥ ੧੮ ॥ ਸ:੭੫ ॥

ਭਾਵ–ਕਿ ਮਹਿਖਾਸੁਰ ਨੇ ਇਹੋ ਜਿਹਾ ਯੁਧ ਕੀਤਾ ਕਿ ਸੁਰਜ ਭੀ ਇਸ ਨੂੰ ਤੱਕ ਕੇ ਆਪਣਾ ਰਾਹ ਭੁਲ ਗਿਆ । ਲਹੂ ਖੂਨ ਸਾਰੇ ਚਲਦਾ ਤਕ ਕੇ ਬ੍ਰਹਮਾ ਜੀ ਨੂੰ ਭੀ ਆਪਣੇ ਵੇਦ ਸ਼ਾਸਤ੍ਰਾਂ ਦੀ ਸੁਧ ਨਾ ਰਹੀ ਅਤੇ ਮੁਰਦਿਆਂ ਦੀਆਂ ਲੋਥਾਂ ਦਾ ਮਾਸ ਖਾਣ ਲਈ ਤੱਕਕੇ ਗਿਰਝਾਂ ਆਦਿ ਜਾਨਵਰ ਐਉਂ ਬੋਲਦੇ ਹਨ ਜਿਵੇਂ ਪਾਠਸ਼ਾਲਾ ਵਿਚ ਬਾਲਕ ਮਿਲਕੇ ਆਪਣੀ ਸੰਥਾ ਜਾਂ ਮੁਹਾਰਨੀ ਬੋਲਦੇ ਹਨ ।

ਅੰਕ ੨੭ ਤੋਂ ੬੧ ਤਕ ਇਹੋ ਜਾਪਦਾ ਹੈ ਕਿ ਦੈਂਤਾਂ ਨਾਲ ਦੇਵੀ ਦਾ ਯੁਧ ਹੋ ਰਿਹਾ ਸੀ, ਪਰ ਅਗੇ ਪੜ੍ਹੋ–

ਸ੍ਵੈਯਾ–ਭੂਮ ਕੋ ਭਾਰ ਉਤਾਰਨ ਕੋ ਜਗਦੀਸ ਬਿਚਾਰ ਕੈ ਜੁਧ ਠਟਾ ॥

ਤਾਂ ਹੁਣ ਇਸ ਤੋਂ ਇਹ ਸਿਧ ਹੁੰਦਾ ਹੈ ਕਿ ਧਰਤੀ ਦਾ ਭਾਰ ਉਤਾਰਨ ਲਈ ਜਗਦੀਸ਼ (ਜਗਤ ਦੇ ਈਸ਼ੂਰ) ਸਵਾਮੀ ਨੇ ਵਿਚਾਰ ਕੇ ਇਹ ਜੁਧ ਦਾ ਅਖਾੜਾ ਰਚਿਆ ਹੈ ।

ਨਾਲੇ ਸ੍ਰੀ ਦਸਮੇਸ਼ ਜੀ ਦੀ ਰਚਨਾ ਕੋਈ ਸੌਖੀ ਨਹੀਂ ਸਮਝੀ ਜਾਂਦੀ, ਕਈ ਵਾਰ ਪ੍ਰਸੰਗ ਪੜ੍ਹਦੇ ਤਾਂ ਜਾਂਦੇ ਹਾਂ ਪਰ ਥਹੁ ਨਹੀਂ ਪੈਂਦਾ । ਜਦੋਂ ਦੈਂਤਾਂ ਦਾ ਰਾਜਾ ਮਹਿਖਾਸੁਰ ਮਾਰਿਆ ਗਿਆ, ਉਸ ਵੇਲੇ ਇਹੋ ਅਕਾਲੀ ਜੋਤਿ, ਜਿਸ ਨੂੰ ਅਸੀਂ ਕਰਤਾਰ ਦੀ ਮਾਇਆ ਕਹਿੰਦੇ ਹਾਂ, ਇਕ ਸੁੰਦਰ ਇਸਤ੍ਰੀ ਦੇ ਰੂਪ ਵਿਚ ਪਹਾੜ ਦੀ ਚੋਟੀ ਤੇ ਚੜ੍ਹ ਕੇ ਬੈਠ ਗਈ, ਅਤੇ ਇਕ ਦੈਂਤਾਂ ਦਾ ਮਹਾਰਾਜਾ ਸੁੰਭ ਨਾਮੇ ਬੜਾ ਹੀ ਬਲੀ ਸੀ, ਜਿਸ ਦਾ ਭਾਈ ਨਿਸੁੰਭ, ਭੀ ਕਿਤੇ ਫਿਰਦਾ ਤੁਰਦਾ ਉਥੇ ਪੁਜ ਗਿਆ ਜਿਥੇ ਮਾਇਆ ਦੇ ਛਲ ਵਿਚ ਜੋਤਿ ਸਰੂਪ ਬ੍ਰਾਜਮਾਨ ਸੀ । ਜੋ ਸੁੰਦਰ ਇਸਤ੍ਰੀ ਤਕ ਕੇ ਕਹਿਣ ਲਗਾ ਕਿ ਐ ਸੁੰਦਰੀ ! ਤੂੰ ਮੇਰੇ ਭਾਈ ਸੁੰਭ ਨਾਲ ਵਿਆਹ ਕਰਵਾ ਲੈ ਤਾਂ ਬੜਾ ਸੁਖ ਭੋਗੇਂਗੀ । ਤਾਂ ਉਸ ਛਲ ਰੂਪ ਦੇਵੀ ਨੇ ਕਿਹਾ ਸੀ ਕਿ ਪਹਿਲਾਂ ਮੇਰੇ ਨਾਲ ਜੁਧ ਕਰੋ, ਜੇਕਰ ਉਹ ਮੈਨੂੰ ਜੁਧ ਵਿਚ ਜਿਤ ਲਵੇ, ਫੇਰ ਮੈਂ ਵਿਆਹ ਕਰ ਲਵਾਂਗੀ– ਉਹ ਨਿਸੁੰਭ ਦੈਂਤ ਜਿਸ ਦੀ ਮਤ ਮਾਰੀ ਗਈ ਸੀ ਇਸ ਛਲ ਨੂੰ ਨਾ ਸਮਝ ਕੇ ਆਪਣੇ ਭਾਈ ਸੁੰਭ ਪਾਸ ਪੁਜਾ ਅਦੇ ਉਸ ਦੇਵੀ ਦੀ ਬੜੀ ਉਪਮਾ ਕੀਤੀ ਅਤੇ ਦੋਹਾਂ ਨੇ ਮਤਾ ਪਕਾਇਆ ਕਿ ਕਿਸੇ ਬਲੀ ਸੂਰਮੇ ਨੂੰ ਪਹਿਲਾਂ ਲੜਨ ਲਈ ਭੇਜਿਆ ਜਾਵੇ; ਜਿਸ ਲਈ ਇਕ ਦੈਂਤ ਦੀ ਡਿਉਟੀ ਲਾਈ ਗਈ, ਪੜ੍ਹੋ ਮੂਲ ਰੂਪ–

ਸ੍ਵੈਯਾ–ਬੈਠੋ ਹੁਤੋ ਨ੍ਰਿਪ ਮਧਿ ਸਭਾ, ਉਠ ਕੈ ਕਰਿ ਜੋਰ ਕਹਿਓ ਮਮ ਜਾਊ ॥
ਬਾਤਨ ਤੇ ਰਿਝਾਇ ਮਿਲਾਇਹੋ ਨਾਤਰਿ ਕੇਸਨ ਤੇ ਗਹਿ ਲਿਆਊ ॥
ਕ੍ਰੁਧ ਕਰੈ ਤਬ ਜੁਧ ਕਰੌਂ ਰਨ ਸ੍ਰਉਨਤ ਕੀ ਸਰਤਾਲ ਬਹਾਊ ॥

੨–ਭਾਵ ਕਿ ਮਹਾਰਾਜਾ ਸੁੰਭ ਆਪਣੀ ਦੈਂਤਾਂ ਦੀ ਸਭਾ ਵਿਚ ਬੈਠਾ ਹੋਇਆ ਸੀ, ਜਿਸ ਦੇ ਵਿਚ ਨਸੁੰਭ ਨੈ ਦੇਵੀ ਰੂਪ ਜੋਤ ਦੀ ਗੱਲ ਸੁਣਾਈ, ਜਿਸ ਪਰ ਇਕ ਦੈਂਤ ਨੇ ਉਠ ਕੇ ਕਿਹਾ ਕਿ ਮੈਂ ਜਾਂਦਾ ਹਾਂ । ਅਵਲ ਤਾਂ ਮੈਂ ਉਸ ਇਸਤ੍ਰੀ ਨੂੰ ਗਲਾਂ ਨਾਲ ਹੀ ਵਰਚਾ ਕੇ ਲੈ ਆਵਾਂਗਾ । ਜੇ ਕੁਝ ਅੜੀ ਕੀਤੀ ਤਾਂ ਕੇਸਾਂ ਤੋਂ ਫੜ ਕੇ ਘਸੀਟ ਕੇ ਲੈ ਆਵਾਂਗਾ । ਜੇ ਲੜਨ ਦੀ ਲੋੜ ਪਈ ਤਾਂ ਖੂਨ ਦੀਆਂ ਨਦੀਆਂ

Digitized by Panjab Digital Library | www.panjabdigilib.org

ਬਹਾ ਦਿਆਂਗਾ। ਪਹਿਲੀ ਗਲ ਇਹ ਕਿ ਇਹ ਸ੍ਰੀ ਦਸਮੇਸ਼ ਜੀ ਦੀ ਲੇਖਣੀ ਨੈ, ਸਾਨੂੰ ਅਜੇ ਤਕ ਇਹ ਪਤਾ ਨਹੀਂ ਲਗਿਆ ਕਿ ਇਹ ਦੈਂਤ ਕੌਣ ਸੀ ? ਜਿਸ ਲਈ ਇਹ ਚੌਥੀ ਪੰਗਤੀ ਪੜ੍ਹੋ ਉਹ ਦਸੇਗੀ।

ਲੋਚਨ ਧੂਮ ਕਹੈ ਬਲ ਆਪਨੋ ਸ੍ਵਾਸਨ ਸਾਥ ਪਹਾਰ ਉਡਾਊ ॥ ੮੨ ॥ ਸ: ੮੨॥

ਇਸ ਤੋਂ ਸਿਧ ਹੁੰਦਾ ਹੈ ਕਿ ਉਸਦਾ ਨਾਮ, ਧੂਮਰ ਲੋਚਨ ਸੀ ਜੋ ਆਪਣਾ ਬਲ ਜਤਾਉਂਦਾ ਹੈ ਕਿ ਮੈਂ ਫੂਕ ਮਾਰ ਕੇ ਉਸ ਪਹਾੜ ਨੂੰ ਹੀ ਉਡਾ ਦਿਆਂਗਾ । ਇਸ ਦੀਆਂ ਧੂਏਂ ਵਰਗੀਆਂ ਅੱਖਾਂ ਸਨ ਜੋ ਆਪ ਨੂੰ ਬੜਾ ਸੂਰਮਾ ਜਾਣਦਾ ਸੀ ਅਰ ਸੁੰਭ ਦੀ ਫੌਜ ਵਿਚ ਨਾਮੀ ਸੂਰਮਾ ਸੀ। ਐਉਂ ਪੂਰਾ ਪ੍ਰਕਰਣ ਪੜ੍ਹੇ ਬਿਨਾਂ ਇਸ ਦੇ ਅਰਥ ਕਿੰਨੇ ਔਖੇ ਹਨ ਨਿਤਾਰਨੇ, ਭਾਈ ਭਾਗ ਸਿੰਘ ਨੇ ਇਸ ਪ੍ਰਕਰਣ ਤੇ ਮਹਾਨ ਸ਼ਕਤੀ ਦਾ ਮਖੌਲ ਉਡਾਇਆ ਇਹ ਜੋ ਮਹਿਜ਼ ਅਭਿਮਾਨੀ ਰਾਖਸ਼ਾਂ ਦੇ ਮਾਰਨ ਲਈ ਇਕ ਢੰਗ ਵਰ- ਤਿਆ ਗਿਆ ਸੀ ਭਾਵ ਇਹ ਜਾਲ ਫੈਲਾਇਆ ਗਿਆ ਸੀ ਜਿਸ ਵਿਚ ਫਸਾਕੇ ਸਾਰੇ ਦੈਂਤਾਂ ਦਾ ਉਪ੍ਰੋਕਤ ਪਹਾੜ ਵਾਲੀ ਦੇਵੀ ਨੇ ਉਕਾ ਹੀ ਖਾਤਮਾ ਕਰ ਦਿਤਾ ਸੀ। ਮਹਿਜ ਦੇਵੀ ਦਾ ਨਾਮ ਪੜ੍ਹ ਕੇ ਹੀ ਜੋ ਮੂੰਹ ਆਇਆ ਊਲ ਜਲੂਲ ਲਿਖ ਛਡਿਆ ਪਰ ਕਬੀਰ ਜੀ ਕਹਿੰਦੇ ਹਨ–"**ਅਉਧੂ ਸਬਦ ਭੇਦ ਹੈ ਨਿਆਰਾ ॥**" ਸ਼ਬਦਾਂ ਦਾ ਜੁਦਾ ਜੁਦਾ ਭੇਦ ਹੁੰਦਾ ਹੈ – ਜਿਵੇਂ ਇਕ (ਹਰਿ) ਸ਼ਬਦ ਹੈ ਜੋ ਇਕ ਓਅੰਕਾਰ ਲਈ ਭੀ ਵਰਤਿਆ ਜਾਂਦਾ ਹੈ ਅਤੇ ਨਿਰੰਕਾਰ ਲਈ ਭੀ, ਪਰ ਪੜ੍ਹ ਕੇ ਤੱਕੋ ਇਹ ਵਿਸ਼ਨੂ ਮਹਾਰਾਜ ਲਈ ਭੀ ਵਰਤਦੇ ਹਾਂ, ਸ਼ਿਵਜੀ ਨੂੰ ਭੀ ਹਰਿ ਕਹਿੰਦੇ ਹਾਂ ਅਤੇ ਕ੍ਰਿਸ਼ਨ ਜੀ ਨੂੰ ਭੀ, ਕਈ ਥਾਈਂ ਇੰਦਰ ਲਈ ਭੀ ਹਰਿ ਸ਼ਬਦ ਵਰਤਿਆ ਮਿਲਦਾ ਹੈ, ਦੈਂਤ ਉਸ ਵੇਲੇ ਸੁੰਭ ਨੂੰ ਹਰਿ ਕਹਿੰਦੇ ਸਨ, ਤਾਂ ਕੀ ਅਸੀਂ ਹਰਿ ਸ਼ਬਦ ਵਰਤਣਾ ਹੀ ਛੱਡ ਦਿਆਂਗੇ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਕਢ ਦਿਆਂਗੇ। ਨਹੀਂ ਸਗੋਂ ਸੋਚਣ ਸਮਝਣ ਦਾ ਜਤਨ ਕਰਨ ਕਰਾਂਗੇ ਕਿ ਪ੍ਰਕਰਣ ਦੇ ਅਧਾਰ ਤੇ ਇਥੇ ਕਿਸ ਪ੍ਰਥਾਇ ਵਰਤਿਆ ਹੈ। ਇਸੇ ਤਰ੍ਹਾਂ ਦੇਵੀ ਆਦਿ ਸ਼ਕਤੀ ਦਾ ਨਾਮ ਹੈ, ਪਰ ਸਨੇ ਸਨੇ ਇਸ ਨੂੰ ਹੋਰ ਭੀ ਬਹੁਤੀ ਥਾਈਂ ਵਰਤਿਆ ਜਾਂਦਾ ਹੈ।

ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਦ ਬਾਨੀ ॥
ਕਹੁ ਨਾਨਕ ਨਿਹਚਲ ਘਰ ਬਾਧਿਓ ਗੁਰਿ ਕੀਓ ਬੰਧਾਨੀ ॥

[ਸ: ੬੭੨ ॥ ਮਹਲਾ ੫ ॥

ਅੰਤ ਜਿਸ ਵੇਲੇ ਸ਼ਕਤੀ ਮਾਤਾ ਨੇ ਧੂਮਰ ਨੈਨ, ਨਿਸੁੰਭ ਤੇ ਅੰਤ ਵਿਚ ਸੁੰਭ ਨੂੰ ਭੀ ਸਮੇਤ ਸੈਨਾਂ ਦੇ ਮਾਰ ਮੁਕਾ ਦਿਤਾ ਅਤੇ ਦੇਵਤਿਆਂ ਨੂੰ ਆਪਣੀ ਪੁਰੀ ਵਿਚ ਆਪਣੇ ਅਧਿਕਾਰਾਂ ਸਹਿਤ ਨਿਯੁਕਤ ਕਰ ਦਿਤਾ ਤਾਂ ਦਸੋ ਉਹਨਾਂ ਨੂੰ ਅਰ ਉਹਨਾਂ ਦੀਆਂ ਇਸਤ੍ਰੀਆਂ ਨੂੰ ਉਸ ਵੇਲੇ ਕਿਤਨੀ ਖੁਸ਼ੀ ਤੇ ਪ੍ਰਸੰਨਤਾ ਹੋਈ ਹੋਵੇਗੀ ਅਤੇ ਉਸ ਸ਼ਕਤੀ ਦੇ ਉਹ ਕਿਤਨੇ ਕੁ ਅਹਿਸਾਨਮੰਦ ਹੋਣਗੇ, ਜਿਸ ਨੇ ਉਨ੍ਹਾਂ ਨੂੰ ਨਵਾਂ ਜੀਵਨ ਬਖਸ਼ਿਆ ਸੀ। ਕੋਈ ਸਾਡਾ ਇਕ ਬਿਸਵਾ ਥਾਂ ਜਾਂ ਇਕ ਨਿਕਾ ਜਿਹਾ ਕੋਠਾ ਕਿਸੇ ਦਾ ਦੱਬਿਆ ਹੋਇਆ ਛੁਡਾ ਕੇ ਸਾਨੂੰ ਸੌਂਪ ਦੇਵੇ ਤਾਂ ਅਸੀਂ ਉਸ ਦੇ ਕਿੰਨੇ ਰਿਣੀ ਹੁੰਦੇ ਹਾਂ। ਪਰ ਦੇਵਤਿਆਂ ਦਾ ਤਾਂ ਘਰ ਘਾਟ ਅਤੇ ਰਾਜ ਭਾਗ ਸਾਰਾ ਹੀ ਲੁਟ ਗਿਆ ਹੋਇਆ ਸੀ, ਪਤਾ ਨਹੀਂ ਬਾਲ ਪ੍ਰਵਾਰਾਂ ਦਾ ਕੀ ਹਾਲ ਹੋਇਆ ਹੋਵੇਗਾ । ਸ੍ਰੀ ਰਾਮ ਚੰਦ੍ਰ ਨੂੰ ਚੌਦਾਂ ਸਾਲ ਦਾ ਬਣਵਾਸ ਮਿਲਿਆ ਸੀ ਅਤੇ ਸੀਤਾ ਚੋਰੀ ਹੋ ਗਈ ਸੀ, ਉਹਨਾਂ ਦੀ ਵਾਪਸ ਅਜੁਧਿਆ ਆਉਣ ਦੀ ਖੁਸ਼ੀ ਸਾਰਾ ਭਾਰਤ ਵਰਸ਼ ਅਜ ਤਕ ਮਨਾਉਂਦਾ ਆ ਰਿਹਾ ਹੈ, ਸ੍ਰੀ ਹਨੂੰਮਾਨ ਜੀ ਨੇ ਸ੍ਰੀ ਰਾਮ ਚੰਦ੍ਰ ਜੀ ਦੀ ਸਹਾਇਤਾ ਕੀਤੀ ਸੀ ਜਿਸ ਦਾ ਰਿਣ ਭਾਰਤ ਦੇ ਸਿਰੋਂ ਅਜੇ ਤੱਕ ਨਹੀਂ ਉਤਰਿਆ। ਪਰ ਜਿਸ ਜਯੋਤੀ ਸਵਰੂਪ ਨੇ ਦੇਵਤਿਆਂ ਨੂੰ ਉਜਾੜ ਕੇ ਰਫਿਊਜੀਆਂ ਦੀ

Digitized by Panjab Digital Library | www.panjabdigilib.org

ਸ਼ਕਲ ਵਿਚ ਰਹਿੰਦੇ ਕੈਲਾਸ਼ ਪਰਬਤ ਤੋਂ ਆਪਣੀਆਂ ਰਾਜਧਾਨੀਆਂ ਤੇ ਮਹਿਲਾਂ ਵਿਚ ਲਿਆ ਵਸਾਇਆ ਸੀ, ਉਸ ਦਾ ਸਨਮਾਨ ਕਰਨਾ ਦੇਵਤਿਆਂ ਦੇ ਫਰਜ਼ ਤੋਂ ਬਾਹਰ ਹੋ ਸਕਦਾ ਹੈ। ਜਿਸ ਲਈ ਦੇਵਤਿਆਂ ਤੇ ਦੇਵਰਾਣੀਆਂ ਵਲੋਂ ਉਸ ਦੇਵ ਕਾਲਕਾ ਦੀ ਆਰਤੀ ਕੀਤੀ ਗਈ ਸੀ। ਜੋ ਇਉਂ ਹੈ-

ਭਾਜ ਗਇਓ ਮਘਵਾ ਜਿਨ ਕੇ ਡਰ ਬ੍ਰਹਮ ਤੇ ਆਦਿ ਸਭੈ ਭੈ ਭੀਤੇ ॥
ਤੇਈ ਵੈ ਦੈਤ ਪਰਾਇ ਗਏ ਰਨ ਹਾਰ ਨਿਹਾਰ ਭਏ ਬਲ ਰੀਤੇ ॥੨੨੫॥

ਭਾਵ-ਜਿਨ੍ਹਾਂ ਦੈਂਤਾਂ ਤੋਂ ਡਰ ਕੇ ਇੰਦ੍ਰ ਆਪਣੀ ਪੁਰੀ ਨੂੰ ਛੱਡ ਕੇ ਦੌੜ ਗਿਆ ਸੀ, ਬ੍ਰਹਮਾ ਤੱਕ ਸਾਰੇ ਦੇਵਤੇ ਡਰ ਨਾਲ ਸਹਿਮ ਗਏ ਸਨ, ਉਹੀ ਦੈਂਤ ਭਜਦੇ ਜਾ ਰਹੇ ਸਨ ਆਪਣੀ ਹਾਰ ਨੂੰ ਤੱਕ ਕੇ ਬਲਹੀਨ ਹੋ ਕੇ।

ਸੰਤ ਸਹਾਇ ਸਦਾ ਜਗ ਮਾਇ ਸੁ ਸੁੰਭ ਨਿਸੁੰਭ ਬਡੇ ਅਰਿ ਜੀਤੇ ॥

੩-ਜਗਤ ਮਾਤਾ ਅਕਾਲੀ ਜੋਤ ਜੋ ਹਮੇਸ਼ਾਂ ਹੀ ਸੰਤਾਂ ਭਗਤਾਂ ਦੀ ਸਹਾਇਕ ਹੈ ਸਦਾ ਹੀ ਉਸ ਨੇ ਸੰਭ ਤੇ ਨਿਸੁੰਭ ਬਹੁਤ ਵਡੇ ਦੇਵਤਿਆਂ ਦੇ ਦੁਸ਼ਮਨ ਨੂੰ ਜਿਤ ਲਿਆ।

ਕਬਿਤ-ਮਿਲਿ ਕੈ ਸੁ ਦੇਵਨ ਬਡਾਈ ਕਰੀ ਕਾਲਕਾ ਕੀ,
ਏਹੋ ਜਗ ਮਾਤ ਤੈ ਤੋ ਕਟਿਓ ਬਡੋ ਪਾਪੁ ਹੈ ॥

ਇਉਂ ਸਾਰੇ ਦੇਵਤਿਆਂ ਨੇ ਮਿਲ ਕੇ ਅਕਾਲ ਪੁਰਖ ਦੀ ਜੋਤਿ (ਕਾਲਕਾ) ਦੀ ਉਸਤਤਿ ਕੀਤੀ ਅਤੇ ਕਿਹਾ ਸੀ ਕਿ ਹੇ ਮਾਤਾ! ਤੂੰ ਇਹ ਸਾਡਾ ਵੱਡਾ ਪਾਪ ਸਾਡੇ ਸਿਰੋਂ ਕੱਟ ਕੇ ਲਾਂਹ ਦਿਤਾ ਹੈ। ਇਸੇ ਸਬੰਧ ਵਿਚ ਦੇਵਤਿਆਂ ਨੇ ਇਕੱਤ੍ਰ ਹੋ ਕੇ ਉਸ ਦੇਵੀ ਰੂਪ ਵਿਚ ਸ਼ਕਤੀ ਦੀ ਵਡਿਆਈ ਕੀਤੀ ਜਿਸ ਨੂੰ ਵੈਦਿਕ ਵਿਚਾਰ ਅਨੁਸਾਰ ਆਰਤੀ ਕਿਹਾ ਜਾਂਦਾ ਹੈ, ਜਿਸ ਨੂੰ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਲਿਖਾਰੀ ਸ੍ਰੀ ਦਸਮੇਸ਼ ਜੀ ਨੇ ਇਉਂ ਲਿਖਿਆ ਹੈ ਜੋ ਇਕ ਇਤਿਹਾਸ ਦੇ ਲਿਖਾਰੀ ਨੂੰ ਜਿਉਂ ਤਿਉਂ ਲਿਖਣਾ ਅਵੱਸ਼ਕ ਹੀ ਹੁੰਦਾ ਹੈ।

ਕਬਿਤ-ਮਿਲਿਕੈ ਸੁ ਦੇਵਨ ਬਡਾਈ ਕਰੀ ਕਾਲਕਾ ਕੀ, ਇਹੋ ਜਗ ਮਾਤ ਤੈ ਤੋ ਕਟਿਓ ਬਡੋ ਪਾਪੁ ਹੈ ॥ ਦੈਂਤਨ ਕੋ ਮਾਰ ਰਾਜ ਦੀਨੋ ਤੈ ਸੁਰੇਸ ਹੂੰ ਕੋ, ਬਡੋ ਜਸ ਲੀਨੋ ਜਗ ਤੇਰੋ ਈ ਪ੍ਰਤਾਪ ਹੈ ॥ ਦੇਤ ਹੈ ਅਸੀਸ ਦਿਜਰਾਜ ਰਿਖ ਬਾਰ ਬਾਰਿ, ਤਹਾ ਹੀ ਪੜਿਉ ਬ੍ਰਹਮ ਕਉਚ ਹੂੰ ਕੋ ਜਾਪ ਹੈ ॥ ਐਸੇ ਜਸੁ ਪੂਰ ਰਹਿਓ ਚੰਡਕਾ ਕੋ ਤੀਨ ਲੋਕ, ਜੈਸੇ ਧਾਰ ਸਾਗਰ ਮੈਂ ਗੰਗਾ ਜੀ ਕੋ ਆਪਿ ਹੈ ॥ ੨੨੭ ॥ ਪੰਨਾ ੯੯ ॥

ਇਹਨਾਂ ਲਿਖਾਰੀਆਂ ਨੇ ਸ੍ਵੈਯੇ ਨੂੰ ਲੈ ਕੇ ਹਾਹਾਕਾਰ ਮਚਾਈ ਹੋਈ ਹੈ ਕਿ ਆਹ ਕਾਲੀ ਦੇਵੀ ਦੀ ਉਸਤਤਿ ਤੇ ਪ੍ਰਚਾਰ ਕੀਤਾ ਹੋਇਆ ਹੈ, ਜੋ ਦਸਵੇਂ ਗੁਰੂ ਨਾਨਕ ਕਦੇ ਭੀ ਨਹੀਂ ਕਰ ਸਕਦੇ ਸਨ। ਆਓ ਅਸੀਂ ਇਹਦੇ ਅਰਥ ਵੀ ਵਿਚਾਰ ਲਈਏ। ਇਹ ਉਸ ਕਾਲੀ ਦੇਵੀ ਜੋ ਕਲਕੱਤੇ ਦੇ ਮੰਦਰਾਂ ਵਿਚ ਸੰਢੇ, ਝੋਟੇ ਜਾਂ ਬੱਕਰਿਆਂ ਦੇ ਮਾਸ ਦੀ ਬਲੀ ਲੈਂਦੀ ਹੈ ਨਹੀਂ, ਇਹ ਉਸ ਦਾ ਜ਼ਿਕਰ ਨਹੀਂ ਬਲਕਿ

Digitized by Panjab Digital Library | www.panjabdigilib.org

ਇਹ ਉਸ ਜੋਤਿ ਸਰੂਪ ਦੇਵੀ ਦੀ ਗੱਲ ਹੈ ਜਿਸ ਬਾਰੇ ਇਥੇ ਥਾਂ ਪਰ ਥਾਂ ਕਈ ਵਾਰੀ ਖੋਲ੍ਹ ਕੇ ਦਸਿਆ ਗਿਆ ਹੈ, ਜਦੋਂ ਦੈਂਤਾਂ ਨੂੰ ਮਾਰ ਕੇ ਦੇਵਤਿਆਂ ਨੂੰ ਰਾਜ ਦਿਤਾ ਤਾਂ ਉਹ ਅਸੀਸਾਂ ਦਿੰਦੇ ਹਨ ਜਿਸ ਵਿਚ ਦਿਜਰਾਜ ਬ੍ਰਹਮਾ, ਰਿਖ ਰਾਜ ਸ਼ਿਵਜੀ ਭੀ ਸ਼ਾਮਲ ਸਨ। ਇਸ ਤੋਂ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਹ ਕਿਹੜੀ ਦੇਵੀ ਸੀ ਜਿਸ ਦੀ ਬ੍ਰਹਮਾ ਤੇ ਸ਼ਿਵਜੀ ਭੀ ਵਡਿਆਈ ਕਰਦੇ ਹਨ। ਇਹ ਦੇਵੀਆਂ ਤਾਂ ਬ੍ਰਹਮਾ ਦੀ ਉਪਜ ਹਨ ਪਰ ਇਹ ਉਹ ਦੇਵੀ ਹੈ ਜਿਸ ਦੀ ਉਪਜ ਬ੍ਰਹਮਾ ਸ਼ਿਵ ਤੇ ਸ਼ਿਵਜੀ ਦੀ ਧਰਮ ਪਤਨੀ ਸਾਰੇ ਹੀ ਆ ਜਾਂਦੇ ਨੇ। ਜਿਸ ਦੇ ਅਗੇ (ਬ੍ਰਹਮ ਅਸਤੋਤ੍ਰ) ਪੜ੍ਹਿਆ ਗਿਆ ਸੀ, ਜਿਸ ਦਾ ਭਾਵ ਹੀ ਉਸ ਪਾਰਬ੍ਰਹਮ ਦੀ ਉਸਤਤਿ ਕਰਨਾ ਹੈ। ਨਾਲੇ ਜੋ ਇਹ ਚੌਣਵੇਂ ਰਾਖਸ਼ ਮਾਰੇ ਗਏ ਹਨ, ਇਹਨਾਂ ਨੂੰ ਮਾਰਨਾ ਕੋਈ ਰੱਜੀ ਮਾਈ ਦਾ ਕੋਠਾ ਜਾਂ ਭੇਡਾਂ ਦਾ ਵਾੜਾ ਉਜਾੜਨਾ ਨਹੀਂ ਸੀ ਸਗੋਂ ਜਿਨ੍ਹਾਂ ਦੈਂਤਾਂ ਨੇ ਦੇਵਤਿਆਂ ਦੀ ਆਕੜ ਭੰਨੀ ਸੀ ਉਹਨਾਂ ਦੀ ਗਲ ਹੈ। ਜਿਨ੍ਹਾਂ ਦਾ ਸੋਧਾ ਆਦਿ ਸ਼ਕਤੀ ਤੋਂ ਬਿਨਾਂ ਹੋ ਹੀ ਨਹੀਂ ਸੀ ਸਕਦਾ, ਜਿਨ੍ਹਾਂ ਦੇ ਕੁਝ ਨਾਮ ਕਬਿੱਤ ਵਿਚ ਇਉਂ ਵਰਨਣ ਕੀਤੇ ਹਨ :-

ਪ੍ਰਿਥਮ ਮਧ ਕੈਟ ਮਦ ਮਥਨ ਮਹਿਖਾਸੁਰੈ ਮਾਨ ਮਰਦਨ ਕਰਨ ਤਰਨ ਬਰ ਬੰਡਕਾ ॥
ਧੂਮ੍ਰ ਦ੍ਰਿਗ ਧਰਨ ਧਰ ਧੂਰ ਧਾਨੀ ਕਹਨ ਚੰਡ ਅਰੁ ਮੁੰਡ ਕੇ ਮੁੰਡ ਖੰਡ ਖੰਡਕਾ ॥
ਰਕਤ ਬੀਜ ਹਰਨ ਰਕਤ ਭਛਨ ਕਰਨ ਦਰਨ ਅਰਿ ਨਸ਼ੁੰਭ ਰਨ ਰਾਰ ਰਿਸ ਮੰਡਕਾ ॥
ਸੁੰਭ ਬਲੁ ਧਾਰ ਸੰਘਾਰ ਕਰਵਾਰ ਕਰਿ ਸਕਲ ਖਲੁ ਅਸੁਰ ਦਲ ਜੈਤ ਜੈ ਚੰਡਕਾ ॥੨੩੦॥

੪-ਉਪ੍ਰੋਕਤ ਉਘੇ ਦੈਂਤਾਂ ਦਾ ਮਥਨ ਇਸ ਪ੍ਰਕਰਣ ਵਿਚ ਆ ਚੁਕਾ ਹੈ, ਜੋ ਮਾਰਕੰਡੇ ਪੁਰਾਣ ਵਿਚੋਂ ਲੈ ਕੇ ਉਸਦਾ ਉਲਥਾ ਗੁਰੂ ਜੀ ਨੇ ਆਪਣੀ ਸ਼ੈਲੀ ਵਿਚ ਬੰਦ ਕੀਤਾ ਹੈ ਅਤੇ ਅਗੇ ਆਪਣੇ ਵਲੋਂ (ਦੇਹ ਸਿਵਾ ਬਰ ਮੋਹਿ ਇਹੈ) ਦਾ ਸੈ੍ਜਾ ਲਿਖ ਕੇ ਅਕਾਲ ਪੁਰਖ ਕੋਲੋਂ ਮੰਗ ਕਰਦੇ ਹਨ ਕਿ ਜਿਵੇਂ ਆਪ ਦੀ ਸ਼ਕਤੀ ਸ਼ੁਭ ਕੰਮ ਕਰਨ ਸਮੇਂ ਕਿਸੇ ਤੋਂ ਹਾਰ ਨਹੀਂ ਖਾਂਦੀ, ਇਸੇ ਤਰ੍ਹਾਂ ਮੈਨੂੰ ਭੀ ਇਹ ਬਰ ਬਖਸ਼ੋ ਕਿ ਸ਼ੁਭ ਕੰਮਾਂ ਤੋਂ ਪਿਛੇ ਨਾ ਹਟਾਂ ਅਤੇ ਮੈਂ ਆਪਣੇ ਮਨ ਨੂੰ ਭੀ ਇਹੀ ਸਿਖ ਦਿੰਦਾ ਹਾਂ ਕਿ ਮੈਂ ਹਰ ਸਮੇਂ ਤੇਰੇ ਹੀ ਗੁਣ ਉਚਾਰਨ ਕਰਾਂ। ਜੇ ਕਰ ਮੇਰੇ ਸ਼ਰੀਰ ਦਾ ਅੰਤ ਸਮਾਂ ਭੀ ਆ ਜਾਏ ਤਾਂ ਇਹੋ ਜਿਹੇ ਧਰਮ ਯੁਧ ਵਿਚ ਲੜ ਕੇ ਹੀ ਮਰਾਂ। ਜੇਹੜੇ ਗਿ: ਭਾਗ ਸਿੰਘ ਜੀ ਅੰਤਲੇ ਸੈ੍ਜੇ ਦਾ ਵਿਰੋਧ ਕਰਦੇ ਹਨ ਉਹ ਇਉਂ ਹੈ-

ਚੰਡਿ ਚਰਿਤ੍ਰ ਕਵਿੱਤਨ ਮੈ ਵਰਨਿਓ ਸਭ ਹੀ ਰਸ ਰੁਦ੍ ਮਈ ਹੈ ॥
ਏਕ ਤੇ ਏਕ ਰਸਾਲ ਭਇਓ ਨਖ ਤੇ ਸਿਖ ਲੌ ਉਪਮਾ ਸੁ ਨਈ ਹੈ ॥
ਕਉਤਕ ਹੇਤ ਕਰੀ ਕਵਿ ਨੇ ਸਤਸਿਯਾ ਕੀ ਕਥਾ ਇਹ ਪੂਰੀ ਭਈ ਹੈ ॥
ਜਾਹਿ ਨਮਿਤ ਪੜੈ ਸੁਨਿ ਹੈ ਨਰ ਸੋ ਨਿਸਚੈ ਕਹਿ ਤਾਹਿ ਦਈ ਹੈ ॥੨੩੨॥

ਗੁਰੂ ਜੀ ਕਹਿੰਦੇ ਹਨ ਕਿ ਮੈਂ ਚੰਡੀ ਚਰਿਤ੍ਰ ਦਾ ਕਵਿਤਾ ਵਿਚ ਵਰਨਣ ਕੀਤਾ ਹੈ। ਇਸ ਦੇ ਵਿਚ ਸਾਰਾ ਹੀ ਅੰਸ ਲੜਾਈ ਤੇ ਯੁਧਾਂ ਨਾਲ ਸਬੰਧਤ ਹੈ। ਇਕ ਤੋਂ ਦੂਜਾ ਚੜ੍ਹ ਕੇ ਹੈ। ਇਹ ਸਤ ਸੈ ਭਾਵ ਸਪਤਈਆ, ਮਾਰ ਕੰਡੇ ਪੁਰਾਣ ਦੀ ਲੰਮੀ ਕਥਾ ਗੁਰੂ ਜੀ ਨੇ ਨੌਹਾਂ ਤੋਂ ਲੈ ਕੇ ਚਟੀ ਤਕ ਥੋੜੇ ਵਿਚ ਕਰਕੇ ਲਿਖ ਦਿਤੀ ਹੈ। ਜਿਸ ਦਾ ਅਸਲ ਭਾਵ ਮੁਰਦਾ ਲੋਥਾਂ ਵਿਚ ਅਣਖ ਲਈ ਜੁਧ ਕਰਨ ਦਾ ਉਭਾਰ ਲਿਆਉਣਾ ਸੀ ਅਤੇ ਕੌਮ ਨੂੰ ਜਗਾ ਕੇ ਆਪਣੀ ਅਜ਼ਾਦੀ ਦੇ ਹੱਕਾਂ ਲਈ ਮਰ ਮਿਟਣ ਦੀ ਜੁੰਬਸ਼ ਭਰਨਾ ਸੀ। ਆਪ ਕਹਿੰਦੇ ਹਨ ਕਿ ਇਹ ਕੌਤਕ ਕਰਨ ਲਈ ਇਹ ਜਜ਼ਬਾਤ ਭਰਨ ਲਈ ਮੈਂ

Digitized by Panjab Digital Library | www.panjabdigilib.org

ਲਿਖੀ ਹੈ ਤਾਂ ਕਿ ਭਾਰਤ ਦੀ ਹਰ ਇਕ ਨਾਰੀ ਆਪਣੇ ਆਪ ਨੂੰ ਦੁਰਗਾ ਦਾ ਸ਼ਰੂਪ ਤਕ ਕੇ ਆਪਣੀ-ਰਖਿਆ ਲਈ ਆਪ ਚੰਡੀ ਰੂਪ ਸਮਝੇ ਅਤੇ ਇਸ ਸਪਿਰਟ ਨੂੰ ਪਾ ਕੇ ਤਲਵਾਰ ਲੈ ਕੇ ਬਿਜਲੀ ਵਾਂਗ ਮੈਦਾਨ ਵਿਚ ਆ ਕੇ ਕੜਕੇ। ਜਿਸ ਲਈ ਪੰਡਿਤ ਨਰੈਣ ਸਿੰਘ ਜੀ ਟੀਕਾਕਾਰ ਏਥੇ ਆਪਣੀ ਰਾਇ ਇਉਂ ਦਿੰਦੇ ਹਨ :-

੫-੧-੬੬-ਰੋਜ਼ਾਨਾ ਪੰਜਾਬੀ ਟ੍ਰਿਬਿਊਨ-ਡਾਕਟਰ ਜੋਧ ਸਿੰਘ ਸੰਧੂ ਦਸਮ ਗ੍ਰੰਥ ਦੇ ਚੰਡੀ ਚਰਿਤ੍ਰ ਸਿਰਲੇਖ ਹੇਠ ਬਾ-ਦਲੀਲ ਤੇ ਪੁਰਜੋਸ਼ ਲੇਖ ਲਿਖਦੇ ਹਨ। ਜਿਸਦਾ ਨਿਚੋੜ ਮੈਂ ਏਥੇ ਪਾਠਕਾਂ ਦੀ ਭੇਟ ਕਰਨ ਦੀ ਖੁਸ਼ੀ ਲੈਂਦਾ ਹਾਂ।

ਭਾਵ-ਕਿ ਚੰਡੀ ਚਰਿਤ੍ਰ ਇਕ ਤੋਂ ਵਧ ਵਾਰੀ ਲਿਖਣ ਤੋਂ ਇਹ ਮੰਨ ਲੈਣਾ ਕਿ ਗ੍ਰੰਥ ਦਾ ਕਰਤਾ (ਦੇਵੀ ਦਾ ਉਪਾਸ਼ਕ) ਹੈ, ਇਕ ਦਮ ਨਿਰਮੂਲ ਅਤੇ ਭ੍ਰਾਂਤੀ ਜਨਕ ਹੈ। ਉਂਜ ਵੀ ਦਾਰਸ਼ਨਿਕ ਦ੍ਰਿਸ਼ਟੀ ਕੋਣ ਤੋਂ ਵੇਖਣ ਤੇ ਕਿਸੇ ਵੀ (ਦੇਵੀ) ਜਾਂ (ਦੇਵਤਾ) ਦਾ ਮਾਨਵੀਕਰਣ ਕਰਨਾ ਤਰਕ ਸੰਗਤ ਅਤੇ ਉਚਿਤ ਨਹੀਂ, ਕਿਉਂਕਿ ਅਜਿਹਾ ਮੰਨ ਲੈਣ ਨਾਲ (ਪ੍ਰਮਾਤਮਾ) ਸ੍ਰਿਸ਼ਟੀ ਅਤੇ ਮਨੁਖ ਦਾ ਸਹੀ ਵਿਆਖਿਆ ਕਰ ਸਕਣਾ ਸੰਭਵ ਨਹੀਂ। ਅਗੇ ਆਪ ਬੜੇ ਵਿਗਿਆਨਕ ਢੰਗ ਨਾਲ ਅਸਥੂਲ ਸਰੀਰ ਤੇ ਨਿਰਦੋਸ਼ ਆਤਮਾ ਨੂੰ ਅਨੇਕਾਂ ਦਲੀਲਾਂ ਉਪਲਬਧ ਕਰਕੇ ਸਮਝਾਉਂਦੇ ਹਨ ਕਿ (ਸ਼ਕਤ) ਅਤੇ (ਸ਼ਕਤੀਮਾਨ) ਉਸੇ ਤਰ੍ਹਾਂ ਇਕ ਹਨ ਜਿਵੇਂ ਆਤਮਾ ਸਰੀਰ ਤੇ ਭਿੰਨ ਹੁੰਦਿਆਂ ਹੋਇਆਂ ਵੀ ਨਿਰਪੱਖ ਰੂਪ ਵਿਚ ਸਰੀਰ ਤੋਂ ਵਖ ਕਰਕੇ ਵਿਖਾਈ ਨਹੀਂ ਜਾ ਸਕਦੀ। ਸਥੂਲ ਸਰੀਰ ਹੀ ਵੇਖਿਆ ਜਾ ਸਕਦਾ ਹੈ। ਇਹੀ ਸਥੂਲ ਤੱਤਾਂ ਦਾ (ਯੌਗਕ) ਸਰੀਰ ਇਸ ਦੇ ਨਾਲ ਸਦਾ ਇਕਮਿਕ ਸੂਖਮ ਆਤਮਾ ਦਾ ਅਭਿਆਸ ਅਤੇ ਵਿਸ਼ਵਾਸ ਦਿੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਅਤਿਆਚਾਰ ਦੇ ਖਿਲਾਫ ਸੰਘਰਸ਼ ਕਰਨ ਦੀ ਭਾਵਨਾ ਸੀ ਅਤੇ ਇਸ ਭਾਵਨਾਂ ਦੀ ਪੁਸ਼ਟੀ ਉਨ੍ਹਾਂ ਨੂੰ ਜਿਸ ਵੀ ਪ੍ਰਚਲਿਤ ਦੇਵੀ ਦੇਵਤੇ ਦੇ ਕਿਰਦਾਰ ਵਿਚੋਂ ਵਰਣਿਤ ਮਿਲੀ, ਉਸੇ ਨੂੰ ਹੀ ਉਨ੍ਹਾਂ ਨੇ ਆਪਣੇ ਕਾਵਿ ਦਾ ਵਿਸ਼ਾ ਬਣਾ ਲਿਆ। ਕਿਡੇ ਅਸਚਰਜ ਦੀ ਗੱਲ ਹੈ ਕਿ ਸੂਫੀ ਸੰਤ (ਮੀਆਂ ਮੀਰ) ਹਰਿਮੰਦਰ ਸਾਹਿਬ ਦੀ ਨੀਂਹ ਆਪਣੇ ਹੱਥਾਂ ਨਾਲ ਰੱਖਣ ਤੇ ਵੀ ਮੁਸਲਮਾਨ ਬਣੇ ਰਹਿ ਸਕਦੇ ਹਨ ਅਤੇ ਮਹਾਰਾਜਾ ਰਣਜੀਤ ਸਿੰਘ ਗੁਰਦਵਾਰਿਆਂ ਦੇ ਨਾਲ ਮੰਦਰਾਂ ਨੂੰ ਵੀ ਸੋਨਾ ਧਨ ਦਾਨ ਕਰਨ ਦੇ ਬਾਵਜੂਦ ਸਿਖ ਕਹਾ ਸਕਦੇ ਹਨ।

ਜੇ ਸ੍ਰੀ ਦਸਮੇਸ਼ ਜੀ ਨੇ ਚੰਡੀ ਚਰਿਤ੍ਰ ਲਿਖ ਦਿਤੇ ਤਾਂ ਉਨ੍ਹਾਂ ਤੇ ਤਰ੍ਹਾਂ ਤਰ੍ਹਾਂ ਦੇ ਅਰੋਪ ਲੱਗਣ ਦੀ ਸੰਭਾਵਨਾ ਨਜ਼ਰ ਆਉਂਦੀ ਹੈ। ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ (ਚੰਡੀ ਦੀ ਵਾਰ) ਚੰਡੀ ਚਰਿਤ੍ਰ, ਉਕਤ ਬਿਲਾਸ ਆਦਿ ਦਾ ਲਿਖਿਆ ਜਾਣਾ (ਅਪ੍ਰਸੰਗਕ) ਅਤੇ ਅਸਚਰਜਕਾਰੀ ਕੰਮ ਨਾ ਹੋਕੇ ਯੁੱਗ ਦੀ ਮੰਗ ਪੂਰੀ ਕਰਨ ਦਾ ਇਕ ਮਹਾਨ ਕਾਰਜ ਸੀ ਜੋ ਗੁਰਦੇਵ ਨੇ ਪੂਰਾ ਕੀਤਾ। ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ (ਮਾਨਸਿਕ) ਪੱਧਰ ਦੇ ਅਨਰੂਪ ਕ੍ਰੋੜਾਂ ਦੇਵੀ ਦੇਵਤਿਆਂ ਦੀ ਰਚਨਾ (ਪਰਮਾਤਮਾ) ਦੇ ਕਿਰਤਮ ਰੂਪ ਦੇ ਅਧਾਰ ਤੇ ਕਰਕੇ ਕੇਵਲ ਇਕ ਸਚ ਨੂੰ ਹੀ ਉਸਦਾ ਵਾਸਤਵਿਕ ਨਾਂ ਮੰਨਿਆ ਗਿਆ ਹੈ ਤੇ ਕਿਹਾ ਹੈ ਕਿ ਬਾਕੀ ਸਾਰੇ ਨਾਂ ਉਸ ਪ੍ਰਭੂ ਦੀ ਸਰਬਸ਼ਕਤੀ, ਸਪੰਨਤਾ ਅਤੇ ਵਿਆਪਕਤਾ ਨੂੰ ਸੀਮਤ ਕਰਦੇ ਹਨ, ਇਸ ਲਈ ਫੈਸਲਾ ਦਿਤਾ ਹੈ (ਕਿਰਤਮ ਨਾਮ ਕਥੈ ਤੇਰੇ ਜਿਹਬਾ ॥ ਸਤਿਨਾਮ ਤੇਰਾ ਪਰਾ ਪੂਰਬਲਾ) ਇਸੇ ਭਾਂਤ ਸ੍ਰੀ ਦਸਮੇਸ਼ ਜੀ-ਸਚ ਨੂੰ ਮਹਾਂ ਕਾਲ, ਅਕਾਲ, ਨਿਰੰਕਾਰ ਆਦਿ ਨਾਂਵਾਂ ਨਾਲ ਸੰਬੋਧਨ ਕਰਦੇ ਹੋਏ ਕਹਿੰਦੇ ਹਨ।

ਜੇਤੇ ਬਦਨ ਸ੍ਰਿਸਟਿ ਸਭ ਧਾਰੈ ॥ ਆਪੁ ਆਪੁਨੀ ਬੂਝਿ ਉਚਾਰੈ ॥
ਆਪੁ ਆਪਨੀ ਬੁਧਿ ਹੈ ਜੇਤੀ ॥ ਬਰਨਤ ਭਿੰਨ ਭਿੰਨ ਤੋਹਿ ਤੇਤੀ ॥ ਪੰ: ੧੩੭੭ ॥

Digitized by Panjab Digital Library | www.panjabdigilib.org

ਪਿੱਛੇ ਦਸਿਆ ਜਾ ਚੁਕਾ ਹੈ, ਜੋ ਸਾਰਾ ਕਥਨ ਰੁਦ੍ ਰਸ ਰੂਪ ਹੈ ਅਤੇ ਉਸ ਵੇਲੇ ਭਾਰਤ ਵਰਸ਼ ਵਿਚ ਇਸ ਰਸ ਦੀ ਲੋੜ ਸੀ, ਇਸ ਲਈ ਗੁਰੂ ਜੀ ਨੇ ਸਭ ਤੋਂ ਪਹਿਲੇ ਚੰਡੀ ਚਰਿਤ੍ ਦਾ ਅਨੁਵਾਦ ਕਰਕੇ ਸਿਧ ਕੀਤਾ ਹੈ ਕਿ ਭਾਰਤ ਵਰਸ਼ ਦੀਆਂ (ਸਤਵੰਤੀਆਂ ਇਸਤ੍ਰੀਆਂ) ਕਿਸ ਤਰ੍ਹਾਂ ਘੋਰ ਯੁਧ ਕਰਕੇ ਆਪਣੇ ਧਰਮ ਨੂੰ ਬਚਾਉਂਦੀਆਂ ਸਨ। ਹੁਣ ਭੀ ਉਹਨਾਂ ਦੇਵੀਆਂ ਦਾ ਖੂਨ ਭਾਰਤ ਵਰਸ਼ ਦੀਆਂ ਨਾੜਾਂ ਵਿਚ ਮੌਜੂਦ ਹੈ, ਕੇਵਲ ਧਰਮ ਦੇ ਆਸਰੇ ਹੋਣ ਦੀ ਲੋੜ ਹੈ। ਉਹ ਬਹਾਦੁਰੀ ਆਪਣੇ ਆਪ ਪ੍ਰਾਪਤ ਹੋ ਜਾਏਗੀ, ਇਸ ਭਾਵ ਨੂੰ ਦੂਸਰੀ ਥਾਂ ਤੇ ਸਪਸ਼ਟ ਕਰ ਦਿਤਾ ਹੈ ਜਿ–**अवर बासना नाहि किछु धरम जध के चाहि ॥**

ਇਸ ਭਾਵ ਨੂੰ ਲੈ ਕੇ ੨੪ ਅਵਤਾਰਾਂ ਆਦਿ ਦੇ ਖੁਲਾਸੇ ਕੀਤੇ ਹਨ।

੫–ਇਥੇ ਅਸੀਂ ਇਹ ਨਹੀਂ ਕਹਿ ਸਕਦੇ (**कि जाहि नमित पड़ै सुनि है**) ਕੀ ਇਹ ਗੁਰੂ ਜੀ ਦਾ ਆਸ਼ਾ ਸੀ, ਕਿਉਂਕਿ ਆਪ ਨੇ ਅਨੁਵਾਦ ਕੀਤਾ ਹੈ। ਇਹ ਪਹਿਲਾ ਚੰਡੀ ਚਰਿਤ੍ ਮਾਰਕੰਡੇ ਪੁਰਾਣ ਦਾ ਅਨੁਵਾਦ ਹੈ ਤਾਂ ਇਹ ਪੰਗਤੀ ਉਸ ਅਨੁਸਾਰ ਲਿਖੀ ਹੈ, ਕਿਉਂਕਿ ਮਾਰਕੰਡੇ ਰਿਸ਼ੀ ਨੇ ਹਜ਼ਾਰਾਂ ਸਲੋਕਾਂ ਦਾ ਇਕ ਪੁਰਾਣ ਲਿਖਿਆ ਹੈ ਜਿਸ ਦਾ ਨਾਮ ਹੀ ਉਸ ਨੇ ਆਪਣੇ ਨਾਉਂ ਨਾਲ ਮਾਰਕੰਡੇ ਪੁਰਾਣ ਰਖਿਆ ਹੈ। ਇਸ ਪੁਰਾਣ ਦੇ ੮੧ਵੇਂ ਅਧਿਆਇ ਤੋਂ ਲੈ ਕੇ ੯੪ ਅਧਿਆਇ ਤਕ ਦੁਰਗਾ ਦੀ ਕਥਾ ੭੦੦ ਸੌ ਸਲੋਕਾਂ ਵਿਚ ਲਿਖੀ ਹੈ। ਜਿਸ ਨੂੰ ਗੁਰਦੇਵ ਨੇ ਥੋੜੇ ਅਕਾਰ ਵਿਚ ਕੁਲ ੨੯੨ ਦੋਹਰੇ ਛੰਦ ਚੌਪਈਆਂ ਆਦਿ ਵਿਚ ਨਵਾਂ ਰੰਗ ਤੇ ਨਵਾਂ ਰੂਪ ਦੇ ਕੇ ਗੁਰ ਸਿਖਾਂ ਦੇ ਪੜ੍ਹਨ ਲਈ ਬਚਿਤ੍ ਰੂਪ ਦਿਤਾ ਹੈ। (ਜਿਸ ਨੂੰ ਦੁਰਗਾ ਸਪਤ ਸਤੀ) ਕਿਹਾ ਜਾਂਦਾ ਹੈ ਅਤੇ ਅਗੇ ਦੂਜਾ ਚੰਡੀ ਚਰਿਤ੍ ਲਿਖਿਆ ਹੈ, ਜੋ ਦੇਵੀ ਭਾਗਵਤ ਸਕੰਧ ੭ ਅਧਿਆਇ ੨੮ ਵਿਚ ਵੇਖਿਆ ਜਾ ਸਕਦਾ ਹੈ, ਉਸ ਅਨੁਸਾਰ ਅੰਤ ਵਿਚ ਆਪ ਨੇ ੨ ਛੰਦ ਦਿਤੇ ਹਨ, ਜਿਵੇਂ ਕਿ–

ਪੜੈ ਮੂੜ੍ ਯਾਕੋ ਧਨੰ ਧਾਮ ਬਾਢੈ ॥ ਸੁਨੈ ਸੂਮ ਸੋਢੀ ਲਰੈ ਜੁੱਧ ਗਾਢੈ ॥
ਜਗੈ ਰੈਣ ਜੋਗੀ ਜਪੈ ਜਾਪ ਯਾਕੋ ॥ ਧਰੈ ਧਰਮ ਜੋਗੀ ਲਹੈ ਸਿੱਧਤਾ ਕੋ ॥੪।੨੬੦॥

ਪੜ੍ਹੈ ਯਾਹਿ ਬਿੱਦਯਾਰਥੀ ਬਿਦਯਾ ਹੇਤੰ ॥ ਲਹੈ ਸਰਬ ਸਾਸਤ੍ਰਾਨ ਕੋ ਮੱਧ ਚੇਤੰ ॥
ਜਪੈ ਜੋਗ ਸੰਨਜਾਸ ਬੈਰਾਗ ਕੋਈ ॥ ਤਿਸੈ ਸਰਬ ਪ੍ਰੰਨਿਜਾਨ ਕੋ ਪੁਨਿ ਹੋਈ ॥੫॥੨੬੧॥

ਦੋਹਿਰਾ–ਜੇ ਜੇ ਤੁਮਰੇ ਧਿਆਨ ਕੋ ਨਿਤ ਉਠਿ ਧਿਐਹੈਂ ਸੰਤ ॥
ਅੰਤ ਲਹੈਂਗੇ ਮੁਕਤਿ ਫਲੁ ਪਾਵਹਿਗੇ ਭਗਵੰਤ ॥੬॥੨੬੨॥

ਇਸ ਵਿਚ ਸ਼ਕ ਭੀ ਕੋਈ ਨਹੀਂ ਕਿ ਇਸ ਦੇ ਪੜ੍ਹਨ ਜਾਂ ਸੁਨਣ ਨਾਲ ਸਾਨੂੰ ਅਵੱਸ਼ਕ ਲਾਭ ਹੁੰਦਾ ਹੈ। ਅਸੀਂ ਅਕਾਲ ਤੇ ਅਕਾਲੀ ਜੋਤ ਪਰ ਪੂਰਾ ਫੇਥ ਰਖਦੇ ਹਾਂ। ਸਾਡਾ ਨਿਸਚਾ ਠੀਕ ਹੋਣਾ ਚਾਹੀਦਾ ਹੈ, ਸੂਫੀ ਮਤ ਦੇ ਫਕੀਰ, ਆਪ ਨੂੰ ਹੀਰ ਬਣਾ ਕੇ ਰਬ ਨੂੰ ਰਾਂਝਾ ਕਹਿਕੇ ਪਾਟ ਅਦਾ ਕਰਦੇ ਹਨ ਜਿਵੇਂ (ਮੈਂ ਤੇਰੀ ਹੋਈ ਰਾਂਝਣਾ ਸੈਦਾ ਮੇਰਾ ਕੀ ਲਗਦਾ) ਭਾਵੇਂ ਹੀਰ ਸੈਦੇ ਨਾਲ ਵਿਆਹੀ ਭੀ ਗਈ ਸੀ ਪਰ ਉਸ ਨੂੰ ਹੀਰ ਨੇ ਅਪਣਾਇਆ ਨਹੀਂ ਸੀ ਅਤੇ ਰਾਂਝੇ ਨਾਲ ਕੌਲ ਇਕਰਾਰ ਸਨ। ਇਸੇ ਤਰ੍ਹਾਂ ਗੁਰੂ ਤੇ ਗੁਰੂ ਦਾ ਸਿੰਘ ਦੇਵੀ ਨਾਲ ਕੋਈ ਅਪਣਤ ਨਹੀਂ ਰਖਦਾ ਪਰ ਅਕਾਲੀ ਜੋਤ ਇਸ ਦਾ ਸਿਧਾ ਨਿਸ਼ਾਨਾ ਹੈ, ਫੇਰ ਉਸ ਦੇ ਗੁਣ ਜਾਂ ਵਡਿਆਈ ਅਥਵਾ ਕਰਤੱਵ ਵਾਚਣ ਨਾਲ ਇਸ ਨੂੰ ਕੀ ਨਹੀਂ ਮਿਲ ਸਕਦਾ।

Digitized by Panjab Digital Library | www.panjabdigilib.org

੬-ਜਦ ਕਿ ਸਾਡੇ ਮੁਤਬਰਕ ਗ੍ਰੰਥ, ਵੇਦ, ਪੁਰਾਣ, ਕੁਰਾਣ ਸਾਰੇ ਧਰਮ ਗ੍ਰੰਥ ਸਾਨੂੰ ਇਹ ਦਸਦੇ ਹਨ ਜਦੋਂ ਅਸੀਂ ਉਸਦਾ ਸ਼ੁਕਰ ਕਰਦੇ ਹਾਂ ਤਾਂ ਸੁਭਾਵਕ ਹੀ ਕਹਿ ਦੇਂਦੇ ਹਾਂ, ਸੁਬਹਾਨ ਤੇਰੀ ਕੁਦਰਤ, ਈਸ਼ੁਰ ਦੇ ਰੰਗ ਹਨ, ਇਹ ਰੱਬ ਦੀ ਖੇਡ ਹੈ, ਜਾਂ ਮਾਲਕ ਦਾ ਭਾਣਾ ਹੀ ਇਉਂ ਸੀ। ਸ੍ਰੀ ਦਸਮ ਗ੍ਰੰਥ ਸਾਹਿਬ ਸਾਨੂੰ ਸਾਰੇ ਦਾ ਸਾਰਾ ਹੀ ਰੱਬ ਦੀ ਖੇਡ ਦਰਸਾਉਂਦਾ ਹੈ, ਜੋ ਜੋ ਰੱਬ ਦੇ ਖੇਡ ਸਨ ਜਾਂ ਪ੍ਰਮੇਸ਼ਰ ਦੀ ਮਾਇਆ ਦੇ ਚਮਤਕਾਰ ਹਨ। ਜਿਸ ਦੇ ਪੜ੍ਹਨ ਨਾਲ ਉਸ ਦੀਆਂ ਖੇਡਾਂ ਦੀਆਂ ਉਡਾਰੀਆਂ ਕਿਥੋਂ ਤਕ ਉਚੀਆਂ ਤੇ ਨੀਵੀਆਂ ਹਨ। ਫੇਰ ਭਾਵੇਂ ਦੈਂਤਾਂ ਦੇ ਦਲਾਂ ਦੇ ਦਲ ਉਹਨਾਂ ਦੀਆਂ ਅੱਖਾਂ ਦੇ ਸਾਹਮਣੇ ਕਟੇ ਵਢੇ ਤੇ ਮਾਰੇ ਗਏ, ਪਰ ਕੀ ਮਜਾਲ ਕਿਸੇ ਨੇ ਭੈ ਖਾ ਕੇ ਕਦਮ ਪਿਛੇ ਚੁਕਿਆ ਹੋਵੇ ਜਾਂ ਜਾਨ ਬਚਾਉਣ ਲਈ ਕੋਈ ਤਰਲੇ ਦਾ ਦ੍ਰਿਸ਼ ਸਾਹਮਣੇ ਆਇਆ ਹੋਵੇ, ਚੰਡੀ ਚਰਿਤ੍ਰ ਨਾਲ ਸਬੰਧਤ ਮੁਖੀ ਦੈਂਤ ੬ ਸਨ, ਪਰ ਉਹਨਾਂ ਵਿਚੋਂ ੭ ਰਾਜੇ ਮਹਾਰਾਜੇ ਸੀ ਜਿਸ ਲਈ ਸਤ ਸਾਈਂ ਭੀ ਕਿਹਾ ਜਾ ਸਕਦਾ ਹੈ।

ਪਰ ਜੇਹੜੇ ਸਜਣ, ਕਾਲ, ਮਹਾਂ ਕਾਲ ਸ਼ਾਕਤ ਮਤ ਦਾ ਗੁਰੂ ਮੰਨ ਕੇ ਅੰਨ੍ਹੇ ਵਾਹ ਦੋਹੀ ਦੇਈ ਜਾਂਦੇ ਹਨ ਉਹ ਪਹਿਲਾਂ ਇਹ ਤੱਕਣ ਕਿ ਸਾਕਤ ਮਤ ਨੂੰ ਪ੍ਰਚਲਤ ਹੋਇਆਂ ਕਿੰਨਾ ਕਾਲ ਗੁਜ਼ਰਿਆ ਹੈ। ਸਾਕਤ ਮਤ ਲਗ ਪਗ ੨੦੦੦ (ਦੋ ਹਜ਼ਾਰ) ਸਾਲ ਦੇ ਅੰਦਰ ਅੰਦਰ ਦੀ ਉਪਜ ਹੈ ਜਦ ਕਿ ਇਹ ਪ੍ਰਕਰਣ ਸਤਜੁਗ ਦੇ ਸਮੇਂ ਦਾ ਤੁਰਿਆ ਆ ਰਿਹਾ ਹੈ, ਜਦ ਕਿ ਅਜੇ ਜੁਗਾਂ ਦੀ ਚੌਕੜੀ ਦੀ ਆਰੰਭਤਾ ਹੋਈ ਸੀ। ਮਾਰਕੰਡੇ ਪੁਰਾਣ ਤੇ ਸ੍ਰੀ ਭਾਗਵਤ ਪੁਰਾਣ ਅਥਵਾ ਸ੍ਰੀ ਦਸਮ ਗ੍ਰੰਥ ਸਾਹਿਬ ਅਥਵਾ ਸਰਬ-ਲੋਹ ਪ੍ਰਕਾਸ਼ ਸਾਹਿਬ ਤੋਂ ਇਹ ਪਤਾ ਲਗਦਾ ਹੈ ਕਿ ਜਿਸ ਵੇਲੇ ਵਿਸ਼ਨੂੰ ਜੀ ਅਤੇ ਬ੍ਰਹਮਾ ਜੀ ਆਦਿ ਨੇ ਸੰਸਾਰ ਦੀ ਅਰੰਭਤਾ ਕੀਤੀ ਸੀ ਅਤੇ ਆਪਣੇ ਕੰਨ ਦੀ ਮੈਲ ਕਢ ਕੇ, ਮਧ, ਤੇ ਦੂਜੇ ਕੰਨ ਦੀ ਮੈਲ ਤੋਂ ਕੈਟਭ ਦੈਂਤ ਰਚੇ ਸਨ ਅਤੇ ਸਾਨੂੰ ਇਹ ਭੀ ਪਤਾ ਨਹੀਂ ਲਗ ਸਕਦਾ ਕਿ ਉਸ ਵੇਲੇ ਜੁਗਾਂ ਦੀ ਚੌਕੜੀ ਕੇਹੜੀ ਸੀ। ਕਈ ਵਾਰੀ ਜੁਗ ਗਰਦੀ ਹੋਈ ਹੋਵੇਗੀ (ਪਿਤਾ ਕਾ ਜਨਮ ਕੇ ਜਾਨੈ ਪੂਤ) ਵਾਲੀ ਹੀ ਗੱਲ ਹੈ, ਕਿ ਜਿਸ ਨੂੰ ਅਸੀਂ ਮਨੋ-ਕਲਪਤ ਵਿਚਾਰਾਂ ਦੁਆਰਾ ਅਲੋਚਨਾ ਕਰਕੇ ਗਲਤ ਸਾਬਤ ਨਹੀਂ ਕਰ ਸਕਦੇ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਭਾਈ ਭਾਗ ਸਿੰਘ ਜੀ ਅਤੇ ਸ੍ਰੀ ਮਾਨ ਅਸ਼ੋਕ ਸਾਹਿਬ ਜੀ ਸਾਕਤ ਮਤ ਦੇ ਗੁਰੂ ਨਾਲੋਂ ਆਪਣੇ ਲਿੰਕ ਤੋੜ ਲੈਣ ਅੜੇ ਆਪਣੇ ਘਰ ਵੜ ਕੇ ਆਪਣੇ ਹੀ ਕਾਲ ਤੇ ਮਹਾਂ ਕਾਲ ਦੀ ਜਾਣ ਪਛਾਣ ਕਰਨ ਦੀ ਖੇਚਲ ਕਰਨ।

੭-ਅਗੇ ਪੰਨਾ ੧੧੯ ਪਰ **ਵਾਰ ਸ੍ਰੀ ਭਗਉਤੀ ਜੀ ਕੀ** ਅਰੰਭ ਹੁੰਦੀ ਹੈ ਜੋ ਇਹਨਾਂ ਹੀ ਚੰਡੀ ਚਰਿਤ੍ਰਾਂ ਦਾ ਦੂਜਾ ਸਰੂਪ ਹੈ, ਸ੍ਰੀ ਦਸਮੇਸ਼ ਜੀ ਇਕ ਕਮਾਲ ਦੇ ਲਿਖਾਰੀ ਸਨ, ਭਾਵੇਂ ਚੰਡੀ ਚਰਿਤ੍ਰ ਦਾ ਦੂਜਾ ਸਰੂਪ ਹੈ, ਸ੍ਰੀ ਦਸਮੇਸ਼ ਜੀ ਇਕ ਕਮਾਲ ਦੇ ਲਿਖਾਰੀ ਸਨ, ਭਾਵ ਚੰਡੀ ਚਰਿਤ੍ਰ ਦੇ ਵਜੂਦ ਨੂੰ ਪਹਿਲਾਂ ਭੀ ੨੬੨ ਅੰਕਾਂ ਵਿਚ ਬੰਦ ਕੀਤਾ ਹੈ ਅਤੇ ਦੂਜਾ ਭੀ ੨੬੨ ਹੀ ਅੰਕ ਆਏ ਹਨ। ਜੇ ਵਿਚਾਰਿਆ ਜਾਵੇ ਤਾਂ ਇਹ ਇਕ ਹੈਰਾਨਕੁੰਨ ਗਲ ਹੋਵੇਗੀ, ਜੋ ਕਵਿਤਾ ਦੇ ਏਡੇ ਵਡੇ ਪ੍ਰਸੰਗ ਵਿਚ ਇਕ ਅੰਕ ਦਾ ਵੀ ਫਰਕ ਨਹੀਂ ਆਉਣ ਦਿਤਾ ਅਤੇ ਇਹੋ ਚੰਡੀ ਚਰਿਤ੍ਰ ਵਾਰ ਦੇ ਰੂਪ ਵਿਚ ਸਿਰਫ ੫੫ ਪਉੜੀਆਂ ਵਿਚ ਬਣਾ ਕੇ ਢਾਡੀ ਸਜਨਾਂ ਨੂੰ ਗਾਉਣ ਲਈ ਉਹਨਾਂ ਦੀ ਤਰਜ਼ ਵਿਚ ਗਾ ਕੇ ਸੰਗਤਾਂ ਨੂੰ ਨਿਹਾਲ ਕਰਨ ਲਈ ਲਿਖਿਆ। ਇਸ ਇਕੋ ਪ੍ਰਕਰਣ ਨੂੰ ੩ ਸਰੂਪ ਦੇ ਦਿਤੇ ਤਾਂ ਕਿ ਸੰਗਤਾਂ ਨੂੰ ਰਣ ਯੁਧ ਤੇ ਧਰਮ ਯੁਧ ਲਈ ਉਹਨਾਂ ਦੀ ਅਣਖ ਨੂੰ ਜਗਾਇਆ ਜਾਵੇ। ਇਹ ਉਹ ਉਚ ਕੋਟੀ ਦੇ ਚੋਣਵੇਂ ਕਾਰਨਾਮੇ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਭਰੇ ਹਨ ਜੁ ਮੁਰਦਿਆਂ ਨੂੰ ਭੀ ਟੁੰਬ ਕੇ ਬਬਰ ਸ਼ੇਰ ਬਣਾ ਕੇ ਦਲੇਰ ਜੋਧੇ ਬਣਾ ਦਿੰਦੇ ਹਨ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਵਾਰਾਂ ਰਾਹੀਂ ਗਾਉਣ ਦਾ

Digitized by Panjab Digital Library | www.panjabdigilib.org

ਰਿਵਾਜ ਬਣਾਇਆ ਸੀ। ਆਦਿ ਗੁਰੂ ਗ੍ਰੰਥ ਸਾਹਿਬ ਵਿਚ ਭੀ ਬਾਣੀ ਯੋਧਿਆਂ ਦੀਆਂ ਧੁਨਾਂ ਉਪਰ ਗਾਉਣ ਵਾਲੀ ਬਾਣੀ ਰਚੀ ਗਈ ਪਰ ਅਸੀਂ ਏਡੇ ਸਤਿਗੁਰ ਦੇ ਨਾਲਾਇਕ ਪੁਤ੍ਰ ਹਾਂ ਕਿ ਬਜਾਇ ਇਸ ਬਾਣੀ ਦਾ ਪ੍ਰਚਾਰ ਕਰਨ ਦੇ ਉਲਟਾ ਇਸ ਨੂੰ ਖਤਮ ਕਰਨ ਤੇ ਤੁਲ ਗਏ ਹਾਂ। ਹਜ਼ਾਰਾਂ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਅਜ਼ ਸਾਨੂੰ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਟੀਕਾ ਕਿਤੋਂ ਪ੍ਰਾਪਤ ਨਹੀਂ ਹੋ ਸਕਿਆ। ਜਿਸ ਦਾ ਭਾਵ ਹੈ ਕਿ ਅਗੇ ਲਈ ਸ੍ਰੀ ਦਸਮ ਗ੍ਰੰਥ ਸਾਹਿਬ ਛਪਣ ਤੋਂ ਹੀ ਬੰਦ ਹੋ ਜਾਏਗਾ, ਜਾਏਗਾ ਹੀ ਨਹੀਂ ਬੰਦ ਕਰ ਦਿਤਾ ਗਿਆ ਹੈ। ਦੁਰਗਾ, ਦੇਵੀ, ਸ਼ਿਵਾ, ਭਗਉਤੀ ਦਾ ਨਾਮ ਆ ਜਾਣ ਹੀ ਸਾਨੂੰ ਜ਼ਹਿਰ ਚੜ੍ਹ ਜਾਂਦੀ ਹੈ, ਪਰ ਉਹ ਦਸਮੇਸ਼ ਪਿਤਾ ਜੋ ਆਪਣੇ ਸਿਖਾਂ ਨੂੰ ਚੜ੍ਹਤ ਭੇਟ ਦੀ ਮਾਇਆ ਦਾ ਜ਼ਹਿਰ ਭੀ ਖਾਣ ਤੋਂ ਰੋਕਦੇ ਹਨ ਫੇਰ ਉਹ ਇਹ ਜ਼ਹਿਰ ਸਾਨੂੰ ਕਿਵੇਂ ਦੇ ਸਕਦੇ ਸਨ। ਸਗੋਂ ਆਪ ਅੰਤ ਵਿਚ ਲਿਖਦੇ ਹਨ :-

ਦੁਰਗਾ ਪਾਠ ਬਣਾਇਆ ਸਭੇ ਪਉੜੀਆ ॥
ਫੇਰ ਨ ਜੂਨੀ ਆਇਆ ਜਿਨ੍ ਇਹ ਗਾਇਆ ॥੫੫॥ਸ: ੧੨੭॥

ਦੁਰਗਾ ਪਾਠ ਦੇ ਅੰਤ ਵਿਚ ਉਸ ਦਾ ਮਹਾਤਮ ਰੂਪਮ ਅਨੇਕਾਂ ਸਲੋਕ ਹਨ, ਜਿਸ ਵਿਚੋਂ ਦੋ ਤਿੰਨਾਂ ਹੀ ਪ੍ਰਕਰਣਾਂ ਵਿਚ ਇਕ ਇਕ ਕਰਕੇ ਦਿਤਾ ਗਿਆ ਹੈ, ਜਿਸ ਦੇ ਪਾਠ ਮਾਤ੍ ਦੇ ਅਨੇਕਾਂ ਮਹਾਤਮ ਹਨ। ਇਹ ਸਿਧੀ ਅਕਾਲੀ ਜੋਤਿ ਦੀ ਮਹਿਮਾਂ ਹੈ, ਜਿਸ ਨੂੰ ਆਮ ਤੌਰ ਪਰ ਨਿਹੰਗ ਸਿੰਘ ਬੜੀ ਸ਼ਰਧਾ ਨਾਲ ਤੇ ਨਿਯਮ ਨਾਲ ਪੜ੍ਹਦੇ ਤਕੇ ਹਨ ਪਰ ਅਜ ਜਨੂਨੀ ਲਿਖਾਰੀਆਂ ਦੇ ਪ੍ਰਭਾਉ ਹੇਠ ਸ਼ਰਧਾ ਟੁਟਦੀ ਜਾ ਰਹੀ ਹੈ।

ਸਾਧੂ ਸਤਿਜੁਗੁ ਬੀਤਿਆ ਅਧਸੀਲੀ ਤ੍ਰੇਤਾ ਆਇਆ ॥
ਨੱਚੀ ਕਲ ਸਰੋਸਰੀ ਕਲਿ ਨਾਰਦ ਡਉਰੂ ਵਾਇਆ ॥
ਅਭਿਮਾਨ ਉਤਾਰਨ ਦੇਵਤਿਆਂ ਮਹਿਖਾਸੁਰ ਸੁੰਭ ਉਪਾਇਆ ॥
ਜੀਤ ਲਏ ਤਿਨ ਦੇਵਤੇ ਤਿਹ ਲੋਕੀ ਰਾਜ ਕਮਾਇਆ ॥
ਵਡਾ ਬੀਰ ਅਖਾਇਕੈ ਸਿਰ ਉਪਰਿ ਛਤ੍ ਫਿਰਾਇਆ ॥
ਦਿਤਾ ਇੰਦ੍ ਨਿਕਾਲ ਕੈ ਤਿਨ ਗਿਰਿ ਕੈਲਾਸੁ ਤਕਾਇਆ ॥
ਡਰਿ ਕੈ ਹਥੋ ਦਾਨਵੀ ਦਿਲ ਅੰਦਰਿ ਤ੍ਰਾਸ ਵਧਾਇਆ ॥
ਪਾਸ ਦੁਰਗਾ ਦੇ ਇੰਦ੍ ਆਇਆ ॥ ੩ ॥ ਸ: ੧੧੯ ॥

ਟ-ਭਾਵ-ਜਦੋਂ ਸਤਿਜੁਗ ਦਾ ਅੰਤ ਹੋ ਗਿਆ ਅਤੇ ਤ੍ਰੇਤਾ ਜੁਗ ਦਾ ਆਰੰਭ ਹੋਇਆ ਸੀ ਉਸ ਵੇਲੇ ਭੀ ਅਜ ਵਾਂਗੂੰ ਕਲਹ ਕਲੇਸ਼ ਹਰ ਸਿਰ ਵਿਚ ਆ ਸਮਾਇਆ ਸੀ ਅਤੇ ਉਹ ਤੋੜ ਤਕ ਭਾਵ ਇਕ ਸਿਰੇ ਤੋਂ ਲੈਕੇ ਉਸ ਦੇ ਅੰਤ ਤਕ ਜਾਂ ਸਿਰ ਤੋਂ ਪੈਰਾਂ ਤਕ ਕਲ ਤੇ ਅਵਿਦਿਆ ਦਾ ਪਸਾਰ ਹੋ ਗਿਆ ਸੀ ਤੇ ਚੁਗਲਾਂ ਦੀਆਂ ਧਾੜਾਂ ਆ ਬਣੀਆਂ ਸਨ। ਦੇਵਤਿਆਂ ਨੂੰ ਰਾਜ ਕਰਦਿਆਂ ਬੜਾ ਚਿਰ ਹੋ ਗਿਆ ਸੀ ਜਿਸ ਲਈ ਹੰਕਾਰ ਨੇ ਆ ਪੈਰ ਪਸਾਰੇ, ਉਹਨਾਂ ਦੇ ਸਿਰਾਂ ਵਿਚੋਂ ਹੰਕਾਰ ਦਾ ਭੂਤ ਕੱਢਣ ਲਈ, ਮਹਿਖਾਸੁਰ ਜਾਂ ਸੁੰਭ-ਧੂਮਰ ਨੈਨ ਚੰਡ ਮੁੰਡ, ਰਕਤ ਬੀਰਜ, ਰਕਤ ਨੈਣ, ਨਿਸੁੰਭ ਆਦਿ ਦੈਂਤ ਪੈਦਾ ਕੀਤੇ ਗਏ। ਜਿਨ੍ਹਾਂ ਨੇ ਆਕੇ ਦੇਵਤਿਆਂ ਨੂੰ ਜਿਤ ਲਿਆ ਅਤੇ ਦੇਵਤਿਆਂ ਨੇ ਕੈਲਾਸ਼ ਪਰਬਤ ਪਰ ਰਹਿਉਜੀ ਬਣਕੇ ਟੇਕ ਲਈ ਸੀ ਅਤੇ ਦਾਨਵਾਂ ਦੇ ਹਥੋਂ ਡਰਕੇ ਇੰਦ੍ ਦੇ ਦਿਲ ਵਿਚ ਸਹਿਮ ਆ

Digitized by Panjab Digital Library | www.panjabdigilib.org

ਵਧਿਆ, ਉਸ ਵੇਲੇ ਇਸ ਅਕਾਲੀ ਜੋਤਿ ਜਿਸਨੂੰ ਦੁਰਗਾ ਦੇ ਨਾਮ ਨਾਲ ਯਾਦ ਕੀਤਾ ਹੈ, ਦੀ ਸ਼ਰਨ ਵਿਚ ਇੰਦਰ ਪੁਜਿਆ ਸੀ। ਨਾਲ ਇਹ ਭੀ ਵੀਚਾਰਨ ਵਾਲੀ ਗੱਲ ਹੈ ਕਿ ਜਦੋਂ ਕੋਈ ਵਿਅਕਤੀ ਆਪ ਤੋਂ ਜਬਰ ਜੰਗ ਸ਼ਕਤੀ ਦੇ ਸ਼ਕੰਜੇ ਵਿਚ ਅੜ ਜਾਂਦਾ ਹੈ ਤਾਂ ਉਹ ਆਪਣੀ ਰਖਿਆ ਲਈ ਆਪ ਤੋਂ ਅਰ ਆਪਣੇ ਦੁਸ਼ਮਨ ਤੋਂ ਵੱਡੀ ਤੇ ਭਰੋਸੇ ਯੋਗ ਸ਼ਕਤੀ ਦੀ ਸ਼ਰਨ ਲੈਂਦਾ ਹੈ ਤਾਂ ਹੁਣ ਇੰਦਰ ਅਤੇ ਬ੍ਰਹਮਾ ਤੋਂ ਭੀ ਭਾਰੂ ਦੈਂਤਾਂ ਤੋਂ ਰਖਿਆ ਲਈ ਉਹਨਾਂ ਤੋਂ ਉਪਰ ਸ਼ਕਤੀ ਹੋਰ ਕੌਣ ਹੋ ਸਕਦੀ ਹੈ, ਦੇਵੀ ਤਾਂ ਬ੍ਰਹਮਾ ਜੀ ਦੇ ਅਧੀਨ ਤੇ ਬ੍ਰਹਮਾ ਜੀ ਦੀ ਕੀਤੀ ਹੋਈ ਸ਼ਕਤੀ ਹੈ। ਬ੍ਰਹਮਾ ਜੀ ਤੋਂ ਉਪਰ ਜਾਂ ਤਾਂ ਵਿਸ਼ਨੂੰ ਭਗਵਾਨ ਹੋ ਸਕਦੇ ਹਨ ਜਾਂ ਫਿਰ ਆਦਿ ਸ਼ਕਤੀ ਜਿਸ ਮਾਤਾ ਨੇ ਅਨੇਕਾਂ ਵਿਸ਼ਨੂੰਆਂ ਨੂੰ ਜਨਮ ਦਿਤਾ ਅਤੇ ਆਪਣੇ ਬੱਚਿਆਂ ਦੀ ਰਖਿਆ ਕਰਨ ਨੂੰ ਸਮਰਥ ਹੈ। ਇਹ ਤੁਸੀਂ ਪੜ੍ਹ ਹੀ ਬੈਠੇ ਹੋ ਕਿ ਚੰਡੀ ਨੇ ਸੁੰਭ ਰਾਖਸ਼ਸ਼ ਨੂੰ ਮਾਰਿਆ ਸੀ ਪਰ ਏਥੇ ਉਸਦਾ ਨਾਉਂ ਬਦਲ ਕਿਉਂ ਗਿਆ।

ਜਿਉਂ ਸੁੰਭਾਸੁਰ ਕੋਹਨਾ ਅਧਿਕ ਕੋਪ ਕੈ ਕਾਲਿ ॥
ਤਿਜੋਂ ਸਾਧਨ ਕੇ ਸਤ੍ਰ ਸਭ ਚਾਬਤ ਜਾਹ ਕਰਾਲ ॥੬੩॥

ਕੀ ਏਥੇ ਦੇਵੀ ਲਿਖਣਾ ਭੁਲ ਗਏ ? ਨਹੀਂ ਭੁਲੇ ਨਹੀਂ ਇਹ ਸਾਰੇ ਦੇ ਸਾਰੇ ਨਾਮ ਮਹਾਂ ਕਾਲ ਦੇ ਹੀ ਸਜਾਏ ਗਏ ਹਨ।

ਰਣ ਕੋਪ ਕਾਲ ਕਰਾਲੀਯੰ ॥ ਖਟ ਅੰਗ ਪਾਣ ਉਛਾਲੀਯੰ ॥
ਸਿਰ ਸੁੰਭ ਹੱਥ ਦੁ ਛਡੀਯੰ ॥ ਇਕ ਚੋਟ ਦੁਸਟ ਬਿਹੰਡੀਯੰ ॥ ੬੨ ॥ ੧੧੮-੧੯ ॥

ਰਣ ਦੇ ਵਿਚ ਗੁਸੇ ਵਿਚ ਆ ਕੇ ਭਿਆਨਕ ਮਹਾਂਕਾਲ ਨੇ ੬ ਹਥਾਂ ਵਿਚ ਤਲਵਾਰ ਉਲਾਰੀ, ਦੁਸ਼ਟ ਸੈਨਾਂ ਨੂੰ ਮਾਰ ਕੇ ਮੁਕਾਇਆ ਪਰ ਦੋ ਹਥ ਸੁੰਭ ਦੇ ਸਿਰ ਪਰ ਭੀ ਝਾੜ ਦਿਤੇ ਬਸ ਇਕੋ ਭਾਰ ਨਾਲ ਦੁਸ਼ਟ ਦਾ ਖਾਤਮਾ ਕਰ ਦਿਤਾ। ਗੁਰੂ ਜੀ ਦਸਦੇ ਹਨ ਕਿ ਜਿਹੜੇ ਸਾਧੂ ਸੰਤਾਂ ਭਗਤਾਂ ਦੇ ਦੋਖੀ ਹੁੰਦੇ ਹਨ ਉਹਨਾਂ ਨੂੰ ਕਾਲ ਇਸੇ ਤਰ੍ਹਾਂ ਚੱਬ ਜਾਂਦਾ ਹੈ। ਦੇਖੋ ਇਥੇ ਕਿਹੜੀ ਦੇਵੀ ਜਾਂ ਸਾਕਤ ਮਤ ਤੇ ਜਾਂ ਮਹਾਂ ਕਾਲ ਕਿਸੇ ਨੂੰ ਦਿਸਦਾ ਹੈ, ਸਗੋਂ ਕਿੰਨੀਆਂ ਸਾਰੀਆਂ ਸਿਖਿਆਵਾਂ ਸਾਹਮਣੇ ਆਉਂਦੀਆਂ ਹਨ। ਮੈਂ ਹੁਣ ਏਥੇ ਇਸ ਪ੍ਰਕਰਣ ਨੂੰ ਬਹੁਤਾ ਤੂਲ ਨਹੀਂ ਦੇਣਾ ਚਾਹੁੰਦਾ ਕਿਉਂਕਿ ਭਗਉਤੀ ਵਿਚਾਰ ਪਹਿਲੇ ਭਾਗ ਗੁਰ ਸਿਖ ਜੀਵਨ ਦੇ ਪਹਿਲੇ ਹੀ ਪ੍ਰਕਰਣ ਵਿਚ ਖੋਲ੍ਹ ਕੇ ਲਿਖੀ ਜਾ ਚੁਕੀ ਹੈ ਅਤੇ ਫੇਰ ਛੇਵੇਂ ਭਾਗ ਦੇ ਪਹਿਲੇ ਅਧਿਆਇ ਦੇ ਅੰਤ ਵਿਚ ਅਰਦਾਸ ਦੇ ਪ੍ਰਕਰਣ ਵਿਚ ਨਿਰੰਕਾਰੀ ਮੰਡਲ ਦੇ ਉਤਰ ਵਿਚ ਲਿਖਿਆ ਜਾ ਚੁਕਾ ਹੈ, ਪਰ ਜੇਹੜੇ ਵੀਰ ਜਾਪੁ ਸਾਹਿਬ ਨੂੰ ਦਸਮੇਸ਼ ਕਿਰਤ ਮੰਨਦੇ ਹਨ ਪਰ ਅਗੇ ਨਹੀਂ, ਉਹ ਜ਼ਰਾ ਅੱਖਾਂ ਖੋਲ੍ਹ ਕੇ ਪੜ੍ਹ ਲੈਣ।

ਚਕ੍ਰਤ ਚਾਰ ਚਕ੍ਰਵੈ ਚਕ੍ਰਤ ਚਉ ਕੁੰਟ ਚਵੰਗਨ ॥
ਕੋਟ ਸੂਰ ਸਮ ਤੇਜ ਨਹੀਂ ਦੂਨ ਚਵੱਗਨ ॥
ਕੋਟ ਚੰਦ ਚਕ ਪਰੈ ਤੁੱਲ ਨਹੀ ਤੇਜ ਬਚਾਰਤ ॥
ਬਿਆਸ ਪਰਾਸਰ ਬ੍ਰਹਮ ਭੇਦ ਨਹਿ ਬੇਦ ਉਚਾਰਤ ॥
ਸਾਹਾਨਸਾਹ ਸਾਹਿਬ ਸੁਘਰਿ ਅਤਿ ਪ੍ਰਤਾਪ ਸੁੰਦਰ ਸਬਲ ॥
ਰਾਜਾਨ ਰਾਜ ਸਾਹਿਬ ਅਮਿਤ ਤੇਜ ਅਛੈ ਅਛਲ ॥੮॥੩੯॥ ਸ: ੧੩੧॥

Digitized by Panjab Digital Library | www.panjabdigilib.org

੯-ਚਕ੍ਰਿਤ ਹੈਰਾਨ ਹਨ, ਸਹਿਮੇ ਹੋਏ ਹਨ, ਜਿਸ ਦੇ ਡਰ ਤੋਂ ਚਾਰੇ ਚੱਕ (ਚਾਰੇ ਕੂੰਟਾਂ) ਜਿਸ ਦਾ ਤੇਜ਼ ਕ੍ਰੋੜਾਂ ਸੂਰਜਾਂ ਦੇ ਬਰਾਬਰ ਨਹੀਂ ਸਗੋਂ ਉਹਨਾਂ ਤੋਂ ਦੂਣਾ ਚੌਣਾ ਹੈ। ਕ੍ਰੋੜਾਂ ਚੰਦ੍ਰਮੇਂ ਚਕ੍ਰਿਤ ਹੋ ਰਹੇ ਹਨ ਉਸ ਦੇ ਤੇਜ ਅਗੇ ਹੋਰ ਕਿਸੇ ਦਾ ਤੇਜ ਵਿਚਾਰ ਭੀ ਨਹੀਂ ਸਕਦੇ । ਬੇਦ ਅਤੇ ਬਿਆਸ ਜੀ ਜਿਹੇ ਵਿਦਵਾਨ ਬ੍ਰਹਮਾ ਜੀ ਸਮੇਤ ਤੇਰਾ ਤੇਜ ਬਿਆਨ ਨਹੀਂ ਕਰ ਸਕਦੇ। ਉਹ ਸਾਰੇ ਸ਼ਾਹਾਂ ਦਾ ਸ਼ਾਹ ਹੈ ਅਤੇ ਸਾਰੇ ਸਾਹਿਬਾਂ ਦਾ ਸਾਹਿਬ ਅਥਵਾ ਸਾਰੇ ਸਿਆਣਿਆਂ ਤੋਂ ਸਿਆਣਾ, ਸੁਹਣਿਆਂ ਤੋਂ ਸੁਹਣਾ ਅਤੇ ਤੇਰਾ ਬਲ ਕਿਸੇ ਤੋਂ ਤੋਲਿਆ ਨਹੀਂ ਜਾ ਸਕਦਾ। ਪਰ ਅਸੀਂ ਕਦੇ ਤਾਂ ਕਹਿੰਦੇ ਹਾਂ ਕਿ ਇਉਂ ਕਿਉਂ ਲਿਖਿਆ ਹੈ ਜਾਂ ਐਉਂ ਕਿਉਂ ਨਹੀਂ ਲਿਖਿਆ, ਜੋ ਸਤਿਗੁਰਾਂ ਤੇ ਹੁਕਮ ਕਰਨ ਵਾਲੀ ਗੱਲ ਹੈ, ਜਿਸ ਬਾਰੇ ਬਾਣੀ ਦਾ ਫੁਰਮਾਣ ਹੈ :-

ਹੁਕਮੁ ਕਰਹਿ ਮੂਰਖ ਗਾਵਾਰ ॥ ਨਾਨਕ ਸਾਚੇ ਕੇ ਸਿਫਤਿ ਭੰਡਾਰ ॥ ਸ: ੧੧੬੯ ॥ ਮਹਲਾ ੧ ॥

੬ ॥ ੭ ॥ ੨ ॥ ੧੦ ॥ ੨੫ ॥ ੧੩੨ ॥

੧ ਓ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾ: ੭ ॥ ਅਧਜਾਇ ੨ ॥ ਅਲੋਚਨਾਤਮਕ ॥

ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਦੇ ਨਿਰਣੇ ਦਾ ਨਿਰਣਾ ॥ ਪ੍ਰਕਰਣ ਨੰ: ੧੧ ॥ ੨੬ ॥ ੧੩੩ ॥

ਗਿਆਨ ਪ੍ਰਬੋਧ

੧-ਇਸ ਬਾਣੀ ਦਾ ਨਾਮ ਹੀ ਗਿਆਨ ਪ੍ਰਬੋਧ ਹੈ ਭਾਵ ਗਿਆਨ ਦੀ ਵਿਚਾਰ ਕਰਨੀ। ਇਸ ਦੀ ਮੁਢਲੀ ਚਾਲ ਜਾਪੁ ਸਾਹਿਬ ਦੇ ਹੀ ਨਾਲ ਮਿਲਦੀ ਹੈ ਅਤੇ ਸਭ ਤੋਂ ਪਹਿਲੇ ੧ ਓ ਸਤਿਗੁਰ ਪ੍ਰਸਾਦਿ ਹੈ। ਅਗੇ ਸ੍ਰੀ ਭਗਉਤੀ ਜੀ ਸਹਾਇ ॥ ਤੋਂ ਉਪ੍ਰੰਤ ਪਾਤਸ਼ਾਹੀ ੧੦ ਲਿਖਿਆ ਹੋਇਆ ਹੈ।

ਭੁਜੰਗ ਪ੍ਰਯਾਤ ਛੰਦ ਤੋਂ ਅਗੇ ੩ ਪ੍ਰਸਾਦਿ ਹੈ।

ਨਮੋ ਨਾਥ ਪੂਰੇ ਸਦਾ ਸਿਧ ਕਰਮੰ ॥ ਅਛੇਦੀ ਅਭੇਦੀ ਸਦਾ ਏਕ ਧਰਮੰ ॥
ਕਲੰਕੰ ਬਿਨਾ ਨਿਹਕਲੰਕੀ ਸਰੂਪੇ ॥ ਅਛੇਦੰ ਅਭੇਦੰ ਅਖੇਦੰ ਅਨੂਪੇ ॥ ੧ ॥

ਇਸੇ ਤਰ੍ਹਾਂ ੮ ਛੰਦ ਅਕਾਲ ਪੁਰਖ ਦੀ ਵਡਿਆਈ ਵਿਚ ਉਚਰੇ ਹਨ । ਅਗੇ ੧੯ ਵਿਚ ਉਸ ਦਾ ਪ੍ਰਤਾਪ ਦਿਤਾ ਹੈ, ੨੫ ਛੰਦਾਂ ਵਿਚ ਅਗੇ ਉਸ ਦੀ ਸੁਤੰਤ੍ਰਤਾ ਦਿਤੀ ਹੈ ਅਤੇ ਦਸਿਆ ਹੈ ਕਿ ਹੋਰ ਸਭ ਦੇ ਸਭ ਤੇਰੀ ਸ਼ਰਨ ਦੇ ਹੀ ਅਧੀਨ ਹਨ। ਜਿਵੇਂ ਕਿ-

ਅਨੰਤ ਸੁਰਸਤੀ ਸਤੀ ॥ ਬਦੰਤ ਕ੍ਰਿਤ ਈਸਰੀ ॥
ਅਨੰਤ ਅਨੰਤ ਭਾਖੀਐ ॥ ਅਨੰਤ ਅੰਤ ਲਾਖੀਐ ॥੨੫॥੧੦੩॥

Digitized by Panjab Digital Library | www.panjabdigilib.org

ਸੁਰਸਤੀ-ਵਿਦਿਆ ਤੇ ਬਾਣੀ ਦੀ ਦੇਵੀ, ਬ੍ਰਹਮਾ ਦੀ ਸਪੁਤਰੀ, ਸਤੀ ਸ਼ਿਵਜੀ ਦੀ ਪਤਨੀ ਜਾਂ (ਪਾਰਬਤੀ) ਈਸ਼ਰੀ ਈਸ੍ਵਰ ਦੀ ਸ਼ਕਤੀ ਜਿਸ ਨੂੰ ਲਛਮੀ ਜਾਂ ਦੁਰਗਾ ਭੀ ਕਿਹਾ ਜਾਂਦਾ ਹੈ ਅਤੇ ਅਨੰਤ ਹੀ ਸ਼ੇਸ਼ ਨਾਗ ਇਹ ਸਾਰੇ ਹੀ ਤੈਨੂੰ ਅਨੰਤ ਅਨੰਤ ਬਿਅੰਤ ਬਿਅੰਤ ਕਹਿ ਕੇ ਉਸ ਦਾ ਜਸ ਸਿਮਰਨ ਕਰਦੇ ਹਨ। ਅਗੇ ਪ ਛੰਦ ਉਹ ਲਿਖੇ ਹਨ ਜਿਨ੍ਹਾਂ ਵਿਚ ਦਸਿਆ ਹੈ ਕਿ ਮੇਰੇ ਗੁਰਮੁਖ ਗੁਰ ਸਿਖਾਂ ਨੂੰ ਕਿਹੜੇ ਕੰਮ ਕਰਨੇ ਹਨ ਅਤੇ ਕਿਹੜੇ ਨਹੀਂ ਕਰਨੇ ਚਾਹੀਦੇ ਜੋ ਐਵੇਂ ਭਰਮ ਹਨ। ਜਿਵੇਂ ਕਿ-

ਅਨਾਦਿ ਅਗਾਧ ਬਿਆਧਿ ਆਦਿ ਅਨਾਦਿ ਕੋ ਮਨਾਈਐ ॥
ਅਗੰਜ ਅਭੰਜ ਅਗੰਜ ਅਗੰਜ ਗੰਜ ਕਉ ਧਿਆਈਐ ॥
ਅਲੇਖ ਅਭੇਖ ਅਦ੍ਵੈਖ ਅਰੇਖ ਅਸੇਖ ਕੋ ਪਛਾਨੀਐ ॥
ਨ ਭੂਲ ਜੰਤ੍ ਤੰਤ੍ ਮੰਤ੍ ਭਰਮ ਭੇਖ ਠਾਨੀਐ ॥ ੧ ॥ ੧੦੪ ॥

ਭਾਵ ਕਿ-ਹੇ ਗੁਰਮੁਖੋ ! ਉਸ ਨੂੰ ਮਨਾਓ ਜੋ ਬਹੁਤ ਡੂੰਘਾ ਤੇ ਬੇਅੰਤ ਹੈ ਅਤੇ ਦੁਖਾਂ ਰੋਗਾਂ ਤੋਂ ਰਹਿਤ ਹੈ। ਘੜਨ ਭੰਨਣ ਵਿਚ ਨਹੀਂ ਅਤੇ ਅਨੰਤ ਰੂਪ ਤੇ ਅਮੁਕ ਖਜ਼ਾਨਾ ਹੈ, ਬਸ ਉਸੇ ਨੂੰ ਸਿਮਰਨਾ ਯੋਗ ਹੈ। ਜਿਸ ਦਾ ਨਾ ਕੋਈ ਰੂਪ ਅਤੇ ਨਾ ਹੀ ਰੇਖ ਹੈ। (ਉਸ ਨੂੰ ਸਾਰੇ ਹੀ ਰੂਪਾਂ ਵਿਚ ਪਛਾਨਣਾ ਚਾਹੀਦਾ ਹੈ।) ਹੋਰ ਕਿਸੇ ਜੰਤ੍ ਮੰਤ੍ ਤੰਤ੍ ਆਦਿ ਭਰਮ ਭੁਲੇਖੇ ਵਿਚ ਨਾ ਪਵੋ।

ਅਨੰਤ ਤੀਰਥ ਆਦਿ ਆਸਨਾਦਿ ਨਾਰਦ ਆਸਨੰ ॥
ਬੈਰਾਗ ਅਉ ਸੰਨਿਆਸ ਅਉ ਅਨਾਦਿ ਜੋਗ ਪ੍ਰਾਸਨੰ ॥
ਅਨਾਦਿ ਤੀਰਥ ਸੰਜਮਾਦਿ ਬਰਤ ਨੇਮ ਪੇਖੀਐ ॥
ਅਨਾਦਿ ਅਗਾਦਿ ਕੇ ਬਿਨਾ ਸਮੱਸਤ ਭਰਮ ਲੇਖੀਐ ॥੫॥੧੦੮॥

ਅਨੇਕਾਂ ਹੀ ਤੀਰਥਾਂ ਆਦਿ ਦੇ ਇਸ਼ਨਾਨ ਆਸਨ ਜਾਂ ਜੋਗ ਆਸਨ ਜਾਂ ਪੰਚ ਰਾੜ੍ਹੀ ਅਨੁਸਾਰ ਪੂਜਣ ਆਸਨ ਕਰਨਾ, ਵੈਰਾਗ ਜਾਂ ਸੰਨਿਆਸ ਅਥਵਾ ਅੰਨ ਆਦਿ ਦਾ ਪ੍ਰਯੋਗ ਜਾਂ ਸੰਜਮ ਆਦਿ ਵਰਤ ਨੇਮ ਸੰਜਮ ਆਦਿ ਉਸ ਅਕਾਲ ਪੁਰਖ ਦੇ ਸਿਮਰਣ ਤੋਂ ਖਾਲੀ ਹੋਣ ਕਰਕੇ ਭਾਵ ਜੇ ਹਰਿ ਸਿਮਰਣ ਨਹੀਂ ਤਾਂ ਐਵੇਂ ਭਰਮ ਹੀ ਜਾਣੋ। ਅੰਕ ੧ ॥ ੧੨੬ ਤੋਂ ਪ੍ਰਕਰਣ ਬਦਲਦਾ ਹੈ ਜਿਸ ਵਿਚ ਕਈ ਰਾਜੇ ਮਹਾਰਾਜੇ ਜਨਮੇਜਾ ਪ੍ਰੀਛਤ ਆਦਿ ਦੇ ਪ੍ਰਸੰਗਾਂ ਵਿਚ ਜੋਗ ਆਦਿ ਧਰਮਾਂ ਦਾ ਜ਼ਿਕਰ ਆਵੇਗਾ, ਇਸ ਲਈ ਸ੍ਰੀ ਗੁਰਦੇਵ ਜੀ ਉਹਨਾਂ ਤੋਂ ਸਿੱਖਾਂ ਨੂੰ ਸਾਵਧਾਨ ਰਹਿਣ ਲਈ ਅੰਕ ੫ ॥ ੧੦੮ ਤੋਂ ਚਲ ਕੇ ੧ ॥ ੧੨੬ ਤਕ ਅਕਾਲ ਪੁਰਖ ਦੇ ਸਰੂਪ ਤੋਂ ਜਾਣੂੰ ਕਰਾਉਂਦੇ ਹਨ। ਜਿਵੇਂ ਕਿ-

ਰਸਾਵਲ ਛੰਦ ॥ ਦਇਆ ਆਦਿ ਧਰਮੰ ॥ ਸੰਨਿਆਸ ਆਦਿ ਕਰਮੰ ॥
ਗਜਾਦਿ ਆਦਿ ਦਾਨੰ ॥ ਹਯਾਦਿ ਆਦਿ ਥਾਨੰ ॥ ੧॥ ੧੦੯ ॥

ਸਵਰਨ ਆਦਿ ਦਾਨੰ ॥ ਸਮੁੰਦ੍ ਆਦਿ ਇਸਨਾਨੰ ॥
ਬਿਸੁਵਾਦਿ ਆਦਿ ਭਰਮੰ ॥ ਬਿਰਕਤਾਦਿ ਕਰਮੰ ॥ ੨ ॥੧੧੦॥

ਨਿਵਲ ਆਦਿ ਕਰਣੰ ॥ ਸੁਨੀਲ ਆਦਿ ਬਰਣੰ ॥
ਅਨੀਲ ਆਦਿ ਧਿਆਨੰ॥ ਜਪਤ ਤੱਤ ਪ੍ਰਧਾਨੰ ॥ ੩ ॥ ੧੧੧ ॥

Digitized by Panjab Digital Library | www.panjabdigilib.org

ਜਿਸਦਾ ਭਾਵ ਹੈ-ਕਿ ਸਾਰੇ ਉਤਮ ਕਰਮਾਂ ਚੋਂ ਦਯਾ ਉੱਤਮ ਹੈ ਅਤੇ ਸੰਨਿਆਸ ਭੀ ਪਵਿਤ੍ਰ ਕਰਮ ਹੈ। ਹਾਥੀ ਦਾਨ ਭੀ ਸਾਰੇ ਦਾਨਾਂ ਵਿਚੋਂ ਬੜਾ ਦਾਨ ਹੈ, ਅਤੇ ਯਗਾਂ ਵਿਚੋਂ ਭਾਵੇਂ ਅਸਮੇਧ ਯਗ ਉੱਤਮ ਮੰਨਿਆਂ ਜਾਂਦਾ ਹੈ। ਸੂਰਨ ਦਾਨ ਭੀ ਆਪਣੀ ਬਡਾਈ ਰਖਦਾ ਹੈ, ਹੋਰ ਤੀਰਥਾਂ ਦੇ ਇਸ਼ਨਾਨ ਭੀ ਚੰਗੇ ਹਨ। ਰਾਮੇਸ਼ੂਰ ਆਦਿ ਪਵਿਤ੍ਰ ਜਗਹਿ ਪਰ ਭੀ ਲੋਕ ਸ਼ਰਧਾ ਨਾਲ ਜਾਂਦੇ ਹਨ, ਵੈਰਾਗੀ ਹੋ ਜਾਣਾ ਇਹ ਭੀ ਇਕ ਕਰਮ ਹੈ । ਕਈ ਨਿਉਲੀ ਕਰਮ ਜੋਗੀ ਆਦਿ ਕਰਦੇ ਹਨ ਅਤੇ ਕਈ ਕਾਲੇ ਕਪੜੇ ਪਾ ਕੇ ਆਪ ਨੂੰ ਨਿਮ੍ਰਤਾ ਦਾ ਚਿੰਨ੍ਹ ਦਸਦੇ ਹਨ । ਪਰ ਇਹਨਾਂ ਸਾਰਿਆਂ ਧਰਮਾਂ ਤੇ ਕਰਮਾਂ ਵਿਚੋਂ ਵਾਹਿਗੁਰੂ ਦਾ ਜਾਪ ਤੇ ਸਿਮਰਨ ਕਰਨਾ ਤੱਤ ਸਰੂਪ ਤੇ ਸ਼ਰੋਮਣੀ ਹੈ ਅਤੇ ਅਕਾਲ ਉਸਤਤਿ ਅਕਾਲ ਸਰੂਪ ਅਤੇ ਉਸਦੀ ਬੇਅੰਤ ਮਹਿਮਾਂ ਬੇਅੰਤ ਨਾਵਾਂ ਵਿਚ ਵਿਸ਼ਲੇਸ਼ਨ ਸਹਿਤ ਰਚੀ ਗਈ ਹੈ । ਜਿਸ ਵਿਚ ਨਿਰਗੁਣ ਸਰੂਪ ਅਤੇ ਸਰਗੁਣ ਸਰੂਪ ਦੀ ਪੂੱਜ ਕੇ ਮਹਿਮਾ ਕੀਤੀ ਹੋਈ ਹੈ, ਜਿਸ ਵਿਚ ਵਾਮ ਮਾਰਗ ਲਈ ਕੋਈ ਥਾਂ ਨਹੀਂ ।

ਪਾਧੜੀ ਛੰਦ ॥ ਤ੍ਵ ਪ੍ਰਸਾਦਿ ॥

ਦਿਨ ਅਜਬ ਏਕ ਆਤਮਾ ਰਾਮ ॥ ਅਨਭਉ ਸਰੂਪ ਅਨਹਦ ਅਕਾਮ ॥
ਅਨਛਿਜ ਤੇਜ ਆਜਾਨ ਬਾਹੁ ॥ ਰਾਜਾਨ ਰਾਜੁ ਸਾਹਾਨ ਸਾਹੁ ॥ ੧ ॥੧੨੬॥

੨-ਸਾਨੂੰ ਮਾਇਆ ਗ੍ਰਸਤ ਜੀਵਾਂ ਨੂੰ, ਮਾਇਆ ਦੀ ਪੰਦ ਰਹਿਤ ਸ਼ੁਧ ਆਤਮਾ ਦਾ ਸਰੂਪ ਦਿਖਾਉਣ ਲਈ ਗੁਰੂ ਜੀ ਨੇ ਇਹ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਬਾਣੀ ਰਚੀ ਹੈ ਅਤੇ ਦਸਿਆ ਹੈ ਇਸ ਦੀ ਆਤਮਾ ਦਾ ਅਸਲ ਸ਼ੁਧ ਸਰੂਪ ਕੀ ਹੈ ? ਜਿਸ ਬਾਰੇ ਇਕ ਪਾਸੇ ਗੁਰੂ ਦ੍ਰਿਸ਼ਟਾਂਤਕ ਤਥ ਦਸ ਰਿਹਾ ਹੈ ਅਤੇ ਸਿੱਖ ਪ੍ਰਸ਼ਨ ਕਰ ਰਿਹਾ ਹੈ । ਜਿਸ ਨੂੰ ਇਕ ਪਾਸੇ ਆਤਮਾ ਅਤੇ ਦੂਜੇ ਪਾਸੇ ਪਰਮ ਆਤਮਾ ਦਾ ਅਲੰਕਾਰ ਵਰਤਿਆ ਹੈ, ਇਥੇ ਇਹ ਭੀ ਜਾਨਣਾ ਜ਼ਰੂਰੀ ਹੈ ਕਿ ਸਾਡੀ ਆਤਮਾ ਅਤੇ ਪ੍ਰਮਾਤਮਾ ਵਿਚ ਭੇਦ ਕੀ ਹੈ ਜੋ ਵੇਦਾਂਤ ਅਨੁਸਾਰ ਇਉਂ ਹੈ ਕਿ ਅਵਿਦਿਆ ਵਿਚ, ਚੇਤਨਤਾ ਦਾ ਹੁੰਦੇ ਹੋਇਆਂ ਭੀ ਅਭਾਸ ਭਾਵ ਚੇਤਨ ਅਤੇ ਅਵਿਦਿਆ ਮਾਇਆ, ਤਿੰਨਾਂ ਦਾ ਸਮੁਦਾਇ ਹੋਣ ਕਰਕੇ ਇਹ ਪਰਮ ਆਤਮਾ ਹੀ ਜੀਵ ਆਤਮਾ ਹੋ ਗਈ ਹੈ । ਵੈਸੇ ਜੀਵ ਆਤਮਾ ਬ੍ਰਹਮ ਤੋਂ ਜੁਦਾ ਨਹੀਂ ਹੈ, ਮਾਇਆ ਕਰਕੇ ਬ੍ਰਹਮ ਦਾ ਅਭਾਸ ਹੈ, ਜੇਕਰ ਇਹੋ ਚੇਤਨ ਅਤੇ ਮਾਇਆ ਗਿਆਨ ਦੇ ਪ੍ਰਕਾਸ਼ ਨਾਲ ਮਿਲਕੇ ਈਸ਼ੂਰ ਹੋ ਜਾਂਦੀਆਂ ਹਨ। ਬ੍ਰਹਮ ਇਕ ਹੁੰਦਾ ਹੋਇਆ ਭੀ ਸਾਰੀਆਂ ਆਤਮਾਵਾਂ ਵਿਚ ਪ੍ਰਕਾਸ਼ ਦੇ ਰਿਹਾ ਹੈ, ਜਿਸ ਕਰਕੇ ਉਤਮ ਅਤੇ ਮਧਮ ਦਾ ਫਰਕ ਆ ਗਿਆ ਹੈ। ਜਿਸ ਕਰਕੇ ਇਹ ਤਿੰਨ ਸਰੂਪ ਬਣ ਗਏ ਹਨ,ਜਿਵੇਂ ਕਿ ੧-ਆਤਮਾ (ਸਿਖ), ੨-ਪਰਮ ਆਤਮਾ (ਗੁਰੂ), ੩-ਮੂਲ ਆਤਮਾ (ਬ੍ਰਹਮ), ਜਿਸ ਦਾ (ਨਿਰਗੁਣ) ਸਰੂਪ ਕਿਹਾ ਜਾਂਦਾ ਹੈ, ਉਸ ਨੂੰ ਜਾਨਣ ਲਈ, ਇਕ ਦਿਨ ਆਤਮਾ ਰਾਮ ਨੇ ਪਰਮ ਆਤਮਾ ਗੁਰੂ ਪਾਸੋਂ ਜੀਵ ਆਤਮਾ ਨੇ ਸ਼ੁਧ ਬ੍ਰਹਮ ਦੇ ਜਾਨਣ ਲਈ ਅਤੇ ਇਸ ਸਾਰੇ ਭੇਦ ਨੂੰ ਸਮਝਣ ਲਈ ਪ੍ਰਸ਼ਨ ਕੀਤਾ। ਜਿਸ ਨੂੰ ਗੁਰੂ ਜੀ ਦਸ ਰਹੇ ਹਨ ਕਿ ਦ੍ਰਿਸ਼ਟੀ ਤੋਂ ਪਰੇ, ਹਦ ਤੋਂ ਬਾਹਰ, ਗਿਆਨ ਸਰੂਪ ਅਤੇ ਕਿਸੇ ਵਾਸ਼ਨਾਂ ਤੋਂ ਬਿਨਾਂ ਇਕ ਰਸ ਰਹਿਣ ਵਾਲੀ ਜੋਤਿ ਨਾ ਟੁੱਟ ਸਕਦੀ ਹੈ, ਨਾ ਭੱਜ ਸਕਦੀ ਹੈ, ਬੁੱਧੀ ਤੋਂ ਪਰ੍ਹੇ, ਰਾਜਿਆਂ ਦਾ ਰਾਜਾ ਅਤੇ ਸਾਹਾਂ ਦਾ ਸਾਹੁ ਹੈ ।

ਉਚਰਿਓ ਆਤਮਾ ਪਰ ਆਤਮਾ ਸੰਗ ॥ ਉਤਭੁਜ ਸਰੂਪ ਅਬਿਗਤ ਅਭੰਗ ॥
ਇਹ ਕਉਨ ਆਹਿ ਆਤਮ ਸਰੂਪ ॥ ਜਿਹ ਅਮਿਤ ਤੇਜ ਅਦਿਭੁਤਿ ਬਭੂਤ ॥੨॥੧੨੭॥

ਹੁਣ ਜੀਵ ਆਤਮਾ ਹੋਰ ਪ੍ਰਸ਼ਨ ਕਰਦੀ ਹੈ ਕਿ ਇਹ ਗਤਿ ਤੋਂ ਰਹਿਤ, ਸਭ ਦੀ ਬਾਂਹ ਫੜ ਲੈਣ

Digitized by Panjab Digital Library | www.panjabdigilib.org

ਵਾਲਾ ਅਤੇ ਕਦੇ ਭੀ ਨਾ ਨਾਸ਼ ਹੋਣ ਵਾਲਾ, ਜਿਸ ਦਾ ਬੇਹੱਦ ਤੇਜ ਤੇ ਅਸਚਰਜ ਬਿਭੂਤੀ ਹੈ ਫਿਰ ਇਹ ਕੌਣ ਹੈ।

ਪਰਾਤਮਾ ਬਾਚ–ਯਹਿ ਬ੍ਰਹਮ ਆਹਿ ਆਤਮਾ ਰਾਮ ॥
ਜਿਹ ਅਮਿਤ ਤੇਜ ਅਬਿਗਤ ਅਕਾਮ ॥
ਜਿਹ ਭੇਦ ਭਰਮ ਨਹੀ ਕਰਮ ਕਾਲ ॥
ਜਿਹ ਸਤ੍ਰ ਮਿਤ੍ਰ ਸਰਬਾ ਦਿਆਲ ॥ ੩ ॥ ੧੨੮ ॥

ਗੁਰੂ ਜੀ ਦਸ ਰਹੇ ਹਨ ਕਿ ਹੇ ਜੀਵ ਆਤਮਾ ਬਸ ਇਹੀ ਬ੍ਰਹਮ ਹੈ, ਜਿਸ ਦਾ ਬੇਅੰਤ ਤੇ ਪ੍ਰਬਲ ਤੇਜ ਹੈ ਜਿਸ ਦੀ ਗਤਿ ਕਹੀ ਨਹੀਂ ਜਾਂਦੀ, ਕਾਮਨਾ ਤੋਂ ਬਿਨਾਂ ਕੋਈ ਭਰਮ ਨਾ ਹੀ ਕਰਮ ਅਤੇ ਨਾ ਹੀ ਕਾਲ ਹੈ ਜੋ ਮਿਤ੍ਰ ਤੇ ਕੁਮਿਤ੍ਰ ਦੋਹਾਂ ਪਰ ਦਇਆ ਕਰਦਾ ਹੈ ਅਤੇ ਐਸਾ ਹੈ।

ਡੋਬਿਯੋ ਨ ਡੁਬੈ ਸੋਖਿਯੋ ਨ ਜਾਇ ॥ ਕੱਟਿਯੋ ਨ ਕਟੈ ਨ ਬਾਰਿਯੋ ਬਰਾਇ ॥
ਛਿੱਜੈ ਨ ਨੈਕ ਸਤ ਸਸਤ੍ਰ ਪਾਤ ॥ ਜਿਹ ਸਤ੍ਰ ਮਿਤ੍ਰ ਨਹੀ ਜਾਤ ਪਾਤ ॥ ੪ ॥ ੧੨੯ ॥

ਭਾਵ–ਡੋਬਿਆ ਹੋਇਆ ਪਾਣੀ ਵਿਚ ਨਹੀਂ ਡੁਬਦਾ, ਸੁਕਾਇਆ ਹੋਇਆ ਸੁੱਕਦਾ ਨਹੀਂ, ਕੱਟਿਆਂ ਕੱਟ ਨਹੀਂ ਹੁੰਦਾ, ਅੱਗ ਵਿਚ ਬਾਲਿਆਂ ਬਲਦਾ ਨਹੀਂ ਹੈ। ਭਾਵੇਂ ਸੈਂਕੜੇ ਸ਼ਸਤ੍ਰ ਚਲਾਉ ਭੇਰਾ ਜਿੰਨਾ ਭੀ ਭੁਰ ਨਹੀਂ ਸਕਦਾ। ਗਿ: ਭਾਗ ਸਿੰਘ ਜੀ ਜ਼ਰਾ ਅਗੇ ਹੋ ਕੇ ਤਕ ਲੈਣ ਇਹ ਹੈ ਸ਼ਿਵ ਤੇ ਬ੍ਰਹਮਾ ਅਥਵਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਕਾਲ ਪੁਰਖ ਅਤੇ ਮਹਾਂ ਕਾਲ, ਜੋ ਜਾਗਦੀ ਜੋਤ ਦੇ ਰੂਪ ਵਿਚ ਸਾਰੇ ਬਿਰਾਜਮਾਨ ਤੇ ਪ੍ਰਕਾਸ਼ਵਾਨ ਹੈ। ਇ: ਦੇ ਚਾਰੇ ਪਾਸੇ ਅਨੇਕਾਂ ਰੂਪਾਂ ਵਿਚ ਅਤੇ ਅਨੇਕਾਂ ਨਾਵਾਂ ਵਿਚ ਬੇਅੰਤ ਅਲੰਕਾਰਾਂ ਨਾਲ ਸਜਾ ਕੇ ਅਨੇਕਾਂ ਰਮਜ਼ਾਂ ਵਿਚ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਵਿਚ ਗੁਰੂ ਜੀ ਨੇ ਦਰਸਾਇਆ ਹੈ। ਪ ਛੰਦ ਜੋ ਇਕ ਸੌ ਤੀਹ (੧੩੦) ਅੰਕ ਤਕ ਚਲਦਾ ਹੈ। ਅਗੇ ਹੁਣ ਆਤਮਾ ਹੋਰ ਪ੍ਰਸ਼ਨ ਕਰਦੀ ਹੈ–

ਇਕ ਕਰਿਯੋ ਪ੍ਰਸ਼ਨ ਆਤਮਾ ਦੇਵ ॥ ਅਨਭੰਗ ਰੂਪ ਅਨਿਭਉ ਅਭੇਵ ॥
ਯਹਿ ਚਤੁਰ ਵ੍ਰਰਗ ਸੰਸਾਰ ਦਾਨ ॥ ਕਿਹੁ ਚਤੁਰ ਵਰਗ ਕਿਜੈ ਵਖਿਆਨ ॥੬॥੧੩੧॥

ਹੁਣ ਸਿਖ ਗੁਰੂ ਜੀ ਅਗੇ ਹੋਰ ਪ੍ਰਸ਼ਨ ਕਰਦਾ ਹੈ ਕਿ ਮੈਂ (ਅਨਿਭਉ ਅਨਭੇਵ) ਨੂੰ ਤਾਂ ਜਾਣ ਲਿਆ ਹੈ ਪਰ ਇਸ ਸੰਸਾਰ ਵਿਚ ਦਾਨ ਆਦਿਕ ਚਾਰ ਵਰੰਗ ਕੇਹੜੇ ਹਨ, ਇਹ ਭੀ ਕਿਰਪਾ ਕਰਕੇ ਦਸਣਾ ਕਰੋ ਜੀ।

ਇਕ ਰਾਜੁ ਧਰਮ ਇਕ ਦਾਨ ਧਰਮ ॥ ਇਕ ਭੋਗ ਧਰਮ ਇਕ ਮੋਛ ਕਰਮ ॥
ਇਹ ਚਤੁਰ ਵਰਗ ਸਭ ਜਗ ਭਣੰਤ ॥ ਸੇ ਆਤਮਾਹ ਪਰਾਤਮਾ ਪੁਛੰਤ ॥ ੧ ॥ ੧੩੨ ॥

ਗੁਰੂ ਆਤਮਾ ਦਸ ਰਹੀ ਹੈ–(੧) ਕਿ ਇਕ ਤਾਂ ਰਾਜ ਧਰਮ ਹੈ ਅਤੇ (੨) ਦਾਨ ਧਰਮ ਹੈ। (੩) ਭੋਗ ਧਰਮ ਹੈ ਗ੍ਰਿਹਸਥ ਨੀਤੀ ਹੈ (੪) ਮੋਕਸ਼ ਧਰਮ (ਜੋ ਸੰਨਿਆਸ ਨੀਤੀ ਹੈ) ਇਸ ਪਰ ਫੇਰ ਆਤਮਾ ਗੁਰੂ ਪਾਸ ਪ੍ਰਸ਼ਨ ਕਰਦੀ ਹੈ–ਕਿ ਹੇ ਸਚੇ ਪਾਤਸ਼ਾਹੋ–ਜਰਾ ਖੋਲ੍ਹਕੇ ਦਸੋ ਜਿਵੇਂ ਕਿ–

Digitized by Panjab Digital Library | www.panjabdigilib.org

ਇਕ ਰਾਜ ਧਰਮ ਇਕ ਧਰਮ ਦਾਨ ॥ ਇਕ ਭੋਗ ਧਰਮ ਇਕ ਮੋਛ ਦਾਨ ॥
ਤੁਮ ਕਹੋ ਚਤੁ ਚਤੁ ਬਿਚਾਰ ॥ ਜੋ ਤ੍ਰਿਕਾਲ ਭਏ ਜੁਗ ਅਪਾਰ ॥ ੮ ॥ ੧੩੩ ॥

- ਹੇ ਗੁਰਦੇਵ ਜੀ ਇਹ ਭੀ ਠੀਕ ਹੈ ਜੋ ਆਪ ਨੇ ਇਹ ਚਾਰ ਵਰਗ ਦਸੇ ਹਨ ਕਿ ਇਕ ਰਾਜ ਧਰਮ ਜਿਸ ਨੂੰ ਰਾਜਨੀਤੀ ਕਹਿੰਦੇ ਹਨ ਅਤੇ ਦੂਜਾ ਦਾਨ ਧਰਮ । ਇਕ ਭੋਗ ਧਰਮ ਭੋਗ ਤੇ ਪਦਾਰਥਾਂ ਦਾ ਵਰਤਣਾ, ਮੋਕਸ਼ ਭੋਗਾਂ ਦਾ ਤਿਆਗਣਾ। ਆਦਿ ਕਾਲ ਤੋਂ ਲੈ ਕੇ ਅਜ ਤਕ ਦਾ ਬਿਆਨ ਕਰੋ ਕਿ ਇਹਨਾਂ ਚਾਰਾਂ ਧਰਮਾਂ ਨੂੰ ਸੰਸਾਰੀ ਲੋਕਾਂ ਨੇ ਕਿਵੇਂ ਵਰਤੋਂ ਵਿਚ ਲਿਆ ਹੈ।

੩-ਹੁਣ ਸਮਝਣ ਵਾਲੀ ਗੱਲ ਇਹ ਹੈ ਕਿ ਇਹਨਾਂ ਚਾਰਾਂ ਵਰਗਾਂ ਦੇ ਪ੍ਰਸ਼ਨ ਦਾ ਉੱਤੁ ਪਿਛਲੇ ਇਤਿਹਾਸਕ ਹਵਾਲੇ ਦੇ ਕੇ ਹੀ ਸਮਝਾਇਆ ਜਾ ਸਕਦਾ ਹੈ। ਜਿਸ ਲਈ ਹਵਾਲੇ ਭੀ ਸਾਰੇ ਨਹੀਂ ਦਿਤੇ ਜਾ ਸਕਦੇ, ਕੁਝ ਗਿਣਵੇ· ਉਹ ਲੋਕ ਜੋ ਉੱਚੀਆਂ ਉੱਘੀਆਂ ਵਰਨਣ ਯੋਗ ਪ੍ਰਮਾਣੀਕ ਹਸਤੀਆਂ ਹੋਈਆਂ ਹਨ ਅਤੇ ਜਿਨ੍ਹਾਂ ਨੇ ਅਕਾਲ ਪੁਰਖ ਤੋਂ ਸ਼ਕਤੀ ਪਾਕੇ ਧਰਮ ਦੀ ਠੀਕ ਵਰਤੋਂ ਕੀਤੀ ਜਾਂ ਉਹ ਲੋਕ ਜੋ ਇਸ ਸ਼ਕਤੀ ਨੂੰ ਪਾਕੇ ਮਲ ਅਵਿਦਿਆ ਦੇ ਹਨੇਰੇ ਵਿਚ ਗਲਤ ਵਰਤੋਂ ਕਰਕੇ ਚਲੇ ਗਏ, ਉਹਨਾਂ ਦਾ ਭਰਪੂਰ ਨਕਸ਼ਾ ਖਿਚਿਆ ਹੈ।

(੧) ਉਹ ਆਤਮਾ ਜਿਸਨੂੰ ਜੋਤੀ ਸਰੂਪ ਪਾਰਬ੍ਰਹਮ ਅਕਾਲ ਪੁਰਖ ਕਿਹਾ ਹੈ ਉਸ ਦੇ ਕ੍ਰਿਸ਼ਮੇ।
(੨) ਉਹ ਵਰਗ-ਜੋ ਵਿਸ਼ਨੂੰ ਦੇ ਅਵਤਾਰ ਹੋਏ।
(੩) ਉਹ ਜੋ ਬ੍ਰਹਮਾ ਦੇ ਅਵਤਾਰ ਤੇ ਸ਼ਿਵਜੀ ਦੇ ਅਵਤਾਰ ਮੰਨੇ ਗਏ।
(੪) ਉਹ ਜੋ ਦੈਂਤ ਆਦਿ ਵਿਭਚਾਰੀ ਇਖਲਾਕ ਹੀਣ ਭੋਗੀ ਤੇ ਕੁਕਰਮੀ ਕਹਾਏ।

ਆਦਿ ਸ਼ਕਤੀ ਦਾ ਵੀਚਾਰ-ਸ੍ਰੀ ਦਸਮ ਗ੍ਰੰਥ ਦੇ ਅਰੰਭ ਤੋਂ ਸ਼ੁਰੂ ਕਰਕੇ ਅੰਤ ਤਕ ਸਨੇ ਸਨੇ ਆਉਂਦਾ ਗਿਆ ਹੈ। ਦਾਨ ਨੂੰ ਚੰਗਾ ਸਮਝਕੇ ਰਾਜਾ ਜਨਮੇਜਾ ਤੇ ਪ੍ਰੀਛਤ ਆਦਿ ਜੋ ਬਲੀ ਤੇ ਧਰਮੀ ਰਾਜੇ ਹੋਏ, ਜਿਨ੍ਹਾਂ ਨੇ ਕਈ ਜਗ ਆਦਿਕ ਕੀਤੇ ਪਰ ਹਉਮੈ ਹੰਕਾਰ ਨੂੰ ਨਾ ਛੱਡ ਸਕੇ, ਇਸ ਤਰ੍ਹਾਂ ਕੁਕਰਮੀ ਲੋਕਾਂ ਦਾ ਤੇ ਭਗਤਾਂ ਦਾ ਭੀ ਵੀਚਾਰ ਰਖਿਆ ਹੈ ਜਿਵੇਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਸੇ ਹੋਰ ਰੂਪ ਵਿਚ ਅਤੇ ਥੋੜੇ ਵਿਚ ਦ੍ਰਿਸ਼ਟਾਂਤ ਰੂਪ ਵਿਚ ਆਉਂਦਾ ਹੈ। ਪਰ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਵਿਚ ਉਸ ਨੂੰ ਪ੍ਰਗਟ ਰੂਪ 'ਚ ਦਰਸਾਇਆ ਗਿਆ ਹੈ। ਜਿਸ ਨੂੰ ਗੁਰੂ ਜੀ ਐਉਂ ਲਿਖਦੇ ਹਨ-

ਬਰਨੰਨ ਕਰੋ ਤੁਮ ਪ੍ਰਥਮ ਦਾਨ ॥ ਜਿਮ ਦਾਨ ਧਰਮ ਕਿਨੇ ਨ੍ਰਿਪਾਨ ॥
ਸਤਿਜੁਗ ਕਰਮ ਸੁਰ ਦਾਨ ਦੰਤ ॥ ਭੂਮਾਦਿ ਦਾਨ ਕੀਨੇ ਅਕੰਥ ॥ ੮ ॥ ੧੩੪ ॥

ਸਿਖ ਗੁਰੂ ਨੂੰ ਬੇਨਤੀ ਕਰਦਾ ਹੈ-ਕਿ ਹੁਣ ਤੁਸੀਂ ਪਹਿਲੇ ਉਹਨਾਂ ਦਾ ਵਰਨਣ ਕਰੋ-ਜਿਨ੍ਹਾਂ ਰਾਜਿਆਂ ਨੇ ਨਾ ਗਿਣੇ ਜਾਣ ਵਾਲਾ ਬੇਅੰਤ ਪ੍ਰਿਥਵੀ (ਧਰਤੀ) ਆਦਿ ਦਾ ਦਾਨ ਕੀਤਾ ਹੈ। ਜਿਸ ਪਰ ਗੁਰੂ ਰੂਪ ਪਰਮ ਆਤਮਾ ਉੱਤਰ ਦਿੰਦੀ ਹੈ-

ਤੂੰ ਜੁਗ ਮਹੀਪ ਬਰਨੇ ਨ ਜਾਤ ॥ ਗਾਥਾ ਅਨੰਤ ਉਪਮਾ ਅਗਾਤ ॥
ਜੋ ਕੀਏ ਜਗਤ ਮੈ ਜੱਗ ਧਰਮ ॥ ਬਰਨੇ ਨ ਜਾਹਿ ਤੇ ਅਮਿਤ ਕਰਮ ॥੧੦॥੧੩੫॥

ਗੁਰੂ ਆਤਮਾ ਉੱਤਰ ਦਿੰਦੀ ਹੈ ਕਿ ਜਿਹੜੇ ਸਤਿਜੁਗ ਤੋਂ ਲੈਕੇ ਅਜ ਤਕ ਤਿੰਨਾਂ ਜੁਗਾਂ ਵਿਚ

Digitized by Panjab Digital Library | www.panjabdigilib.org

ਇਹੋ ਜਿਹੇ ਦਾਨ ਕਰਨ ਵਾਲੇ ਰਾਜੇ ਹੋਏ ਹਨ–ਉਹਨਾਂ ਦੀਆਂ ਕਥਾਵਾਂ ਬਹੁਤ ਹਨ ਜੋ ਸਾਰੀਆਂ ਕਹੀਆਂ ਨਹੀਂ ਜਾ ਸਕਦੀਆਂ ਜਿਨ੍ਹਾਂ ਨੇ ਸੰਸਾਰ ਵਿਚ ਆਕੇ ਜੱਗ ਧਰਮ ਆਦਿ ਕੀਤੇ ਹਨ।

ਕਲਜੁਗ ਤੋਂ ਆਦਿ ਜੋ ਭਏ ਮਹੀਪ ॥ ਇਹ ਭਾਰਥ ਖੰਡਿ ਮਹਿ ਜੰਬੂ ਦੀਪ ॥
ਤੂ ਬਲ ਪ੍ਰਤਾਪ ਬ੍ਰਣੋ ਸੁ ਤ੍ਰੈਣ ॥ ਰਾਜਾ ਯੁਧਿਸ਼ਟਰ ਭੂ ਭਰਤ ਏਣ ॥੧੧॥੧੩੬॥

ਭਾਵ–ਕਲਜੁਗ ਤੋਂ ਪਹਿਲੇ ਭਾਵ–ਸਤਜੁਗ ਤ੍ਰੇਤਾ ਦੁਆਪਰ ਤਿੰਨਾਂ ਜੁਗਾਂ ਵਿਚ ਜੋ ਚੋਟੀ ਦੇ ਤੇ ਗਿਣਤੀ ਦੇ ਮਸ਼ਹੂਰ ਰਾਜੇ ਭਾਰਥ ਖੰਡ ਵਿਚ ਅਤੇ ਜੰਬੂ ਦੀਪ ਵਿਚ ਹੋਏ ਹਨ, ਹੇ ਵਾਹਿਗੁਰੂ ਤੇਰੀ ਕਿਰਪਾ ਦੁਆਰਾ ਭਾਵ ਤੇਰਾ ਬਲ ਪਾ ਕੇ ਇਥੇ ਉਹਨਾਂ ਦਾ ਵਰਨਣ ਕਰਦਾ ਹਾਂ – ਜੋ ਇਕ ਰਾਜਾ ਯੁਧਿਸ਼ਟਰ ਭਾਰਤ ਦੀ ਧਰਤੀ ਤੇ ਧਰਮੀ ਰਾਜਾ ਹੋਇਆ ਹੈ। ਭਾਗਵਤ ਪੁਰਾਣ ਅਨੁਸਾਰ ਧਰਤੀ ਦੇ ਸੱਤਾਂ ਦੀਪਾਂ ਵਿਚੋਂ ਇਕ ਜੰਬੂ ਦੀਪ ਹੈ, ਜਿਸ ਦੇ ਚਾਰੇ ਪਾਸੇ ਖਾਰਾ ਸਮੁੰਦਰ ਹੈ ਜਿਸ ਦਾ ਵਿਸਥਾਰ ੧ ਲੱਖ ਜੋਜਨ ਲਿਖਿਆ ਹੋਇਆ ਹੈ। ਜਿਸ ਦੇ ਨੌਂ ਖੰਡਾਂ ਵਿਚੋਂ ਇਕ ਭਾਰਤ ਖੰਡ ਹੈ, ਜਿਸਦੇ ਉਤਰ ਵਲ ਹਿਮਾਲਾ ਪ੍ਰਬਤ ਤੇ ਦੱਖਣ ਵਲ ਸਮੁੰਦਰ ਦਸਿਆ ਹੈ। ਇਸ ਖੰਡ ਦਾ ਨਾਮ ਭਾਰਤ ਅਤੇ ਪ੍ਰਜਾ ਦਾ ਨਾਮ ਭਾਰਤੀ ਕਿਹਾ ਜਾਂਦਾ ਹੈ। ਜਿਨ੍ਹਾਂ ਦੇ ਯੁਧ ਕਰਨ ਬਾਰੇ ਕੌਰੋਂ ਤੇ ਪਾਂਡਵਾਂ ਦੇ ਇਤਿਹਾਸ ਦਾ ਗ੍ਰੰਥ ਬੇਦ ਬਿਆਸ ਜੀ ਨੇ (ਮਹਾਂ ਭਾਰਤ ਨਾਮਕ) ਪੁਰਾਣ ਲਿਖਿਆ ਹੈ ਅਤੇ ਕੁਝ ਹਿੱਸਾ ਭਾਗਵਤ ਪੁਰਾਣ ਵਿਚ ਭੀ ਮਿਲਦਾ ਹੈ। ਜਿਸ ਵਿਚ ਧਰਮ ਅਤੇ ਨੀਤੀ ਅਥਵਾ ਜਗ ਕਰਮ ਆਦਿ ਸਾਡੇ ਸਮਾਜ ਲਈ ਇਕ ਰੌਸ਼ਨ ਮਿਨਾਰ ਹੈ। ਅਤੇ ਕ੍ਰਿਸ਼ਨ ਜੀ ਦੀ ਜੀਵਨੀ ਦਾ ਭੀ ਇਕ ਖਾਸਾ ਭਾਗ ਹੈ। ਸਾਰਾ ਹਾਲ ਇਸ ਦੇ ਪੜ੍ਹਿਆਂ ਹੀ ਜਾਣਿਆਂ ਜਾ ਸਕਦਾ ਹੈ। ਯੁਧਿਸ਼ਟਰ ਤੇ ਭੀਮ ਸੈਨ, ਅਰਜਨ, ਨਿਕਲ, ਸਹਿਦੇਵ ਚਾਰ ਸਕੇ ਭਾਈ ਸਨ ਅਤੇ ਕੌਰੋਆਂ ਦੇ ਦੁਰਯੋਧਨ ਆਦਿ ੧੦੧ ਭਾਈ ਕਰਨ ਸਮੇਤ ਕਹੇ ਜਾਂਦੇ ਹਨ, ਮਹਾਂ ਭਾਰਤ ਤੋਂ ਬਾਅਦ ਰਾਜਾ ਪਰੀਛਤ ਪਾਂਡਵਾਂ ਦੀ ਹੀ ਸੰਤਾਨ ਸੀ, ਜਿਸ ਤੋਂ ਬਾਅਦ ਰਾਜਾ ਜਨਮੇਜਾ ਹੋਇਆ ਸੀ। ਇਹਨਾਂ ਦੇ ਪ੍ਰਮਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਥਾਈਂ ਮਿਲਦੇ ਹਨ, ਜੇ ਏਥੇ ਹਵਾਲੇ ਦਿਤੇ ਜਾਣ ਭਾਂ ਗ੍ਰੰਥ ਦਾ ਆਕਾਰ ਵਧਦਾ ਹੈ। ਪਰ ਇਸ ਸਾਰੀ ਕਥਾ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਦੀ ਜਾਣਕਾਰੀ ਲਈ ਹੀ ਨਹੀਂ ਸਗੋਂ ਇਸ ਤੋਂ ਸਿਖਿਆ ਲੈਣ ਲਈ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਵਿਚ ਬੜਾ ਹੀ ਛੋਟਾ ਅਕਾਰ ਕਰਕੇ ਦਸਿਆ ਹੈ।

ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜ੍ਹਾਇਆ ॥
ਤਿਨਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ ॥

ਜਾਂ

ਰਾਜਾ ਜਨਮੇਜਾ ਖੁਇ ਗਇਆ ॥ ਏਕੀ ਕਾਰਣ ਪਾਪੀ ਭਇਆ ॥ (ਗੁਰਬਾਣੀ)

ਪਰ ਜੇ ਮਹਾਂ ਭਾਰਤ ਕੌਰੋਆਂ ਪਾਂਡੋਆਂ ਤੇ ਕ੍ਰਿਸ਼ਨ ਜੀ ਬਾਰੇ ਗੁਰਬਾਣੀ ਵਿਚ ਅਨੇਕਾਂ ਥਾਵਾਂ ਤੇ ਅਨੇਕਾਂ ਪ੍ਰਮਾਣ ਸਾਡੀ ਸੂਝ ਤੇ ਸਿਖਿਆ ਲਈ ਲਿਖੇ ਜਾ ਸਕਦੇ ਹਨ, ਤਾਂ ਉਹਨਾਂ ਦੀਆਂ ਪੂਰਨ ਕਥਾਵਾਂ ਨੂੰ ਦਰਸਾਉਣ ਵਾਲਾ ਸ੍ਰੀ ਦਸਮੇਸ਼ ਪਿਤਾ ਸਾਕਤ ਕਵੀ ਕਿਵੇਂ ਹੋ ਸਕਦਾ ਹੈ ?

ਬਹੁ ਜਤਨ ਕਰਤਾ ਬਲਵੰਤ ਕਾਰੀ ਸੇਵੰਤ ਸੂਰਾ ਚਤੁਰਦਿਸਹ ॥
ਬਿਖਮ ਥਾਨ ਬਸੰਤ ਊਚਹ ਨਹ ਸਿਮ੍ਰੰਤ ਮਰਨੰ ਕਦਾਂਚਹ ॥

Digitized by Panjab Digital Library | www.panjabdigilib.org

ਹੋਵੰਤਿ ਆਗਿਆ ਭਗਵਾਨ ਪੁਰਖਹਿ ॥ ਨਾਨਕ ਕੀਟੀ ਸਾਸ ਅਕਰਖਤੇ ॥ ੭ ॥ ਸਲੋਕ ਸਹ: ਕ੍ਰਿ: ਮਹਲਾ ੫ ॥

ਇਸ ਸਾਰੇ ਬ੍ਰਿਤਾਂਤ ਨੂੰ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਗਿਆਨ ਪ੍ਰਬੋਧ ਵਿਚ ਦੇਖਿਆ ਜਾ ਸਕਦਾ ਹੈ ਪਰ ਜੇ ਗਿ: ਭਾਗ ਸਿੰਘ ਨੇ ਦੇਖ ਲਿਆ ਤਾਂ ਉਸ ਕਦੇ ਨਹੀਂ ਜੇ ਮੰਨਣਾ, ਉਹ ਤਾਂ ਫੇਰ ਭੀ ਇਹੋ ਕਹੇਗਾ ਕਿ ਇਹ ਤਾਂ ਸਾਕਤ ਕਵੀ ਦੀ ਲਿਖਤ ਹੈ।

ਅਗੇ ਅਜੈ ਸਿੰਘ ਬਾਰੇ ਭੀ ਇਤਿਹਾਸ ਲਿਖਿਆ ਹੈ ਜੋ ਰਾਜੇ ਜਨਮੇਜੇ ਦਾ ਹੀ ਪੋਤ੍ਰਾ ਸੀ ਇਹਨਾਂ ਦੇ ਜੀਵਨ ਦੇ ਦ੍ਰਿਸ਼ ਦਸ ਕੇ ਅੰਤ ਵਿਚ ਦਸਿਆ ਹੈ :-

ਤੈਸ ਹੀ ਮਖ ਕੀਜੀਐ ਸੁਨ ਰਾਜ ਰਾਜਿ ਪ੍ਰਚੰਡ ॥
ਜੀਤਿ ਦਾਨਵ ਦੇਸ ਕੇ ਬਲਵਾਨ ਪੁਰਖ ਅਖੰਡ ॥
ਤੈਸ ਹੀ ਮਖ ਮਾਰ ਕੈ ਸਿਰਿ ਇੰਦ੍ਰ ਛਤ੍ਰ ਫਿਰਾਇ ॥
ਜੈਸ ਸੁਰ ਸੁਖੁ ਪਾਇਓ ਤਿਵ ਸੰਤ ਹੋਹਿ ਸਹਾਇ ॥

ਇਥੇ ਸਗੋਂ ਦਸਿਆ ਹੈ ਕਿ ਐ ਰਾਜਨ ਜੇਕਰ ਜਗ ਕਰਨਾ ਹੈ ਤਾਂ ਜਿਵੇਂ ਕਿ ਦੇਵੀ ਸਰੂਪ ਵਿਚ ਸ਼ਕਤੀ ਨੇ ਦੇਸ਼ ਦੇ ਵਿਚ ਬੜੇ ਬਲਵਾਨ ਦੈਂਤ ਜਿਤ ਜਿਤ ਕੇ ਮਾਰ ਕੇ ਮੁਕਾਏ, ਦੇਵਤਿਆਂ ਨੂੰ ਸੁਖ ਦਿਤਾ ਸੀ ਜਿਸ ਦਾ ਭਾਵ ਹੈ ਕਿ ਦਸ਼ਟਾਂ ਦੇ ਮੰਹ ਮੋੜ ਕੇ ਸੰਤਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਪਰ ਅਸੀਂ ਤਾਂ ਮੋਟਾ ਸੋਟਾ ਲੈਕਚਰ ਜੋ ਵਿਦਵਾਨ ਸਾਨੂੰ ਇਹ ਰਾਹ ਦਰਸਾਉਂਦੇ ਹਨ, ਉਹਨਾਂ ਦੇ ਪਿਛੇ ਪੈ ਗਏ ਹਾਂ ਕਿ ਇਹ ਸਾਨੂੰ ਨੇਕ ਸਲਾਹ ਦਿੰਦੇ ਹਨ ਇਸ ਨੂੰ ਝੂਠੇ ਨਿਗੁਰੇ ਸਾਕਤ ਲੋਕਾਂ ਨੇ ਝੂਠ ਲਿਖਿਆ ਹੈ। ਦਾਖ ਨੂੰ ਹਥ ਨਾ ਅਪੜੇ ਥੂ ਕੌੜੀ ਵਾਲੀ ਗਲ ਹੈ। ਦੁਧ ਨੂੰ ਜਾਗ ਲਾਏ ਬਿਨਾਂ ਦਹੀਂ ਨਹੀਂ ਬਣਦਾ ਅਤੇ ਦਹੀਂ ਨੂੰ ਰਿੜਕੇ ਬਿਨਾਂ ਮਖਣ ਨਹੀਂ ਨਿਕਲਦਾ ਪਰ ਦਹੀਂ ਨੂੰ ਰਿੜਕਣ ਲਈ ਜਤਨ ਤੇ ਜ਼ੋਰ ਵੀ ਲਾਉਣਾ ਪੈਂਦਾ ਹੈ। ਜਿਸ ਲਈ ਦੁਧ ਨੂੰ ਹੀ ਸਪਰੇਟਾ ਦੁਧ ਕਹਿਣ ਲਗ ਪਏ ਤਾਂ ਕਿ ਨਾ ਦਹੀਂ ਜਮਾਉਣਾ ਪਏ ਅਤੇ ਨਾ ਹੀ ਰਿੜਕਣ ਤੇ ਜ਼ੋਰ ਲਾਉਣਾ ਪਏ।

੩ ॥ ੭ ॥ ੨ ॥ ੧੧ ॥ ੨੬ ॥ ੧੩੩ ॥

ੴ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾਗ ੭ ॥ ਅਧਯਾ: ੨ ॥ ਅਲੋਚਨਾਤਮਕ ॥
ਸ੍ਰੀ ਦਸਮ ਗੰਥ ਸਾਹਿਬ ਦੇ ਨਿਰਣੇ ਦਾ ਨਿਰਣਾ ॥ ਪ੍ਰਕਰਣ ਨੰ: ੧੨ ॥ ੨੭ ॥ ੧੩੩ ॥

ਅਥ ਚੌਬੀਸ ਅਉਤਾਰ

੧-ਗਿਆਨ ਪ੍ਰਬੋਧ ਤੋਂ ਅਗੇ ਪੰਨਾ ੧੫੫ ਤੋਂ ਸਾਰਥ ਅਰੰਭ ਹੁੰਦਾ ਹੈ, ਜਿਸ ਵਿਚ ਰਾਜਨੀਤੀ ਤੇ ਧਰਮ ਨੀਤੀ ਦਾ ਸੁਮੇਲ ਤੇ ਉਤਸ਼ਾਹ ਭੀ ਮਿਲਦਾ ਹੈ। ਜਿਸ ਵਿਚ ਭਾਰਤ ਵਰਸ਼ ਦੀਆਂ ਉਹ ਮਹਾਨ ਹਸਤੀਆਂ ਜਿਨ੍ਹਾਂ ਨੇ ਪ੍ਰਭੂ ਜੋਤਿ ਤੋਂ ਪ੍ਰਕਾਸ਼ ਪਾ ਕੇ ਧਰਮ ਕਰਮ ਵੇਦ ਤੇ ਵਿਦਿਆ ਅਥਵਾ ਸਾਧੂ ਸੰਤਾਂ ਭਗਤਾਂ ਦੀ ਰਖਿਆ ਕੀਤੀ ਅਤੇ ਦੁਸ਼ਟਾਂ ਨੂੰ ਭੀ ਦੰਡ ਭੀ ਦਿਤਾ ਤੇ ਧਰਾ ਦਾ ਭਾਰ ਭੀ ਹਲਕਾ ਫੁਲਕਾ

Digitized by Panjab Digital Library | www.panjabdigilib.org

ਕੀਤਾ । ਅਸੁਰ ਬੁਧੀ ਦਾ ਨਾਸ ਤੇ ਦੇਵ ਬੁਧੀ ਦਾ ਪ੍ਰਕਾਸ਼ ਕਰਕੇ ਉਤੇਜਤ ਕੀਤਾ। ਜਿਨ੍ਹਾਂ ਦੇ ਜੀਵਨ ਨਾਲ ਅਨੇਕ ਖੂਬੀਆਂ ਤੇ ਚਮਤਕਾਰ ਅਥਵਾ ਕੌਤਕ ਧਾਗੇ ਵਿਚ ਪਰੋ ਕੇ ਲੜੀ ਵਾਰ ਹਾਰ ਬਨਾਉਣ ਦੀ ਨਿਆਈਂ ਸਮੁੰਦਰ ਨੂੰ ਕੁਜੇ ਵਿਚ ਪਾ ਕੇ, ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਵਿਚ ਦਿਖਾਏ ਗਏ ਹਨ। ਜੋ ਪੁਰਾਣਾਂ ਆਦਿ ਦੇ ਉਲਥੇ ਕੀਤੇ ਹਨ, ਜਿਨ੍ਹਾਂ ਨੂੰ ਪੜ੍ਹਕੇ ਅਸੀਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭਾਵ ਤੇ ਟੂਕਾਂ ਸੁਖੈਨ ਭਲੀ ਪ੍ਰਕਾਰ ਸਮਝ ਸਕਦੇ ਹਾਂ ਅਤੇ (ਰਾਮ ਗਇਓ ਰਾਵਨ ਗਇਓ) ਆਦਿ ਦੀ ਠੀਕ ਤਸਵੀਰ ਨੂੰ ਪਹਿਚਾਣ ਸਕਦੇ ਹਾਂ।

ਆਪ ਨੇ ਸਭ ਤੋਂ ਪਹਿਲਾਂ ੧ ਓ ਕਾਰ ਵਾਹਿਗੁਰੂ ਜੀ ਕੀ ਫਤਹਿ ॥ ਪਾਤਸ਼ਾਹੀ ੧੦ ਲਿਖਿਆ ਹੈ। ਜੋ ਸ੍ਰੀ ਦਸਮੇਸ਼ ਜੀ ਕ੍ਰਿਤ ਬਾਣੀ ਦੀ ਪੂਰੀ ਪੂਰੀ ਗੁੰਟੀ (ਤਸੱਲੀ) ਦਿੰਦਾ ਹੈ। ਅਗੇ ਲਿਖਿਆ ਹੈ-

ਅਥ ਚੌਬੀਸ ਅਉਤਾਰ ॥

ਚਉਪਈ-ਅਬ ਚਉਬੀਸ ਉਚਰੋਂ ਅਵਤਾਰਾ ॥ ਜਿਹ ਬਿਧ ਤਿਨਕਾ ਲਖਾ ਅਖਾਰਾ ॥
ਸੁਨੀਅਹੁ ਸੰਤ ਸਭੈ ਚਿਤ ਲਾਈ ॥ ਬਰਨਤ ਸਿਆਮ ਜਥਾ ਮਤ ਭਾਈ ॥ ੧ ॥

ਜਿਸ ਦਾ ਭਾਵ ਹੈ ਕਿ ਮੈਂ ਹੁਣ ਚਉਬੀ ਅਵਤਾਰਾਂ ਦੀ ਕਥਾ ਉਚਾਰਨ ਕਰਦਾ ਹਾਂ, ਜਿਸ ਤਰ੍ਹਾਂ ਉਹਨਾਂ ਦਾ ਤਮਾਸ਼ਾ ਮੈਂ ਦੇਖਿਆ ਹੈ, ਪੜ੍ਹਿਆ ਜਾਂ ਸੁਣਿਆ ਨਹੀਂ, ਸਗੋਂ ਦੇਖਿਆ ਹੈ। ਐ ਪਾਠਕ ਤੇ ਸਰੋਤੇ ਸੰਤੋ ! ਤੁਸੀਂ ਇਸ ਨੂੰ ਚਿਤ ਦੀ ਬ੍ਰਿਤੀ ਨਾਲ ਸੁਣੋ, ਮੈਂ ਸਿਆਮ ਕਵੀ ਸਮਝੇ, ਕੀ ਇਥੇ ਪਾਤਸ਼ਾਹੀ ੧੦ ਲਿਖ ਕੇ ਲਿਖਣ ਵਾਲਾ ਪ੍ਰਗਟ ਕਰਦੇ ਹਨ ਜੋ ਗੁਰੂ ਗੋਬਿੰਦ ਸਿੰਘ ਦਸਮ ਪਿਤਾ ਜੀ ਹਨ ਜੋ ਕਹਿੰਦੇ ਹਨ ਕਿ ਮੈਂ ਆਪਣੀ ਬੁਧੀ ਅਨੁਸਾਰ ਆਪਣਾ ਅੱਖੀਂ ਡਿੱਠੇ ਚੌਵੀ ਅਵਤਾਰਾਂ ਦੇ ਖੇਲ ਇਥੇ ਲਿਖ ਰਿਹਾ ਹਾਂ।

੨-ਬਸ ਇਥੇ ਲਿਖਾਰੀ ਸਜਣਾਂ ਨੂੰ ਟਪਲਾ ਲੱਗਦਾ ਹੈ ਕਿ ਇਹ ਸਿਆਮ ਕਵੀ ਕੋਈ ਹੋਰ ਹੈ। ਅਗੇ ਗਿਆਨ ਪ੍ਰਬੋਧ ਤਕ ਸਿਧ ਹੋ ਚੁਕਾ ਹੈ-ਪਰ ਜੇਕਰ ਸਿਆਮ ਕਵੀ ਕੋਈ ਹੋਰ ਹੁੰਦਾ ਤਾਂ ਉਸ ਨੂੰ (ਅਬ) ਲਿਖਣ ਦੀ ਲੋੜ ਨਹੀਂ ਸੀ, ਜਿਸਦਾ ਭਾਵ ਸਾਫ ਹੈ ਕਿ ਹੁਣ ਮੈਂ ਗਿਆਨ ਪ੍ਰਬੋਧ ਉਪ੍ਰੰਤ ਚੌਵੀ ਅਵਤਾਰਾਂ ਦਾ ਲੇਖ ਲਿਖਣ ਲੱਗਾ ਹਾਂ ਪਾਤਸ਼ਾਹੀ ੧੦ ਦਾ ਵੇਰਵਾ ਨਾਲ ਹੈ । ਅਵਲ ਤਾਂ ਪੁਸਤਕ ਦੇ ਕਰਤਾ ਨੂੰ ਥਾਂ ਥਾਂ ਨਾਮ ਦੇਣ ਦੀ ਲੋੜ ਨਹੀਂ ਹੁੰਦੀ ਜਾਂ ਆਦਿ ਸਫੇ ਤੇ ਜਾਂ ਅੰਤ ਵਿਚ ਜੇ ਕਵਿਤਾ ਹੋਵੇ ਤਾਂ ਉਸਦੇ ਅੰਤ ਵਿਚ ਮੋਹਰ ਛਾਪ ਲਾਉਣੀ ਠੀਕ ਹੁੰਦੀ ਹੈ। ਪਰ ਇਥੇ ਤਾਂ ਸ੍ਰੀ ਦਸਮੇਸ਼ ਜੀ ਨੇ ਥਾਂ ਥਾਂ ਪਰ ਵੇਰਵੇ ਨਾਲ ਕਿਸੇ ਭਰਮ ਦੀ ਗੁੰਜਾਇਸ਼ ਹੀ ਨਹੀਂ ਛੱਡੀ, ਹੋ ਸਕਦਾ ਹੈ ਕਿ ਰਾਮ ਜਾਂ ਸ਼ਾਮ ਦੋਵੇਂ ਕਵੀ ਗੁਰੂ ਸਾਹਿਬ ਦੀ ਕਵੀਆਂ ਦੀ ਜਮਾਤ ਵਿਚ ਹੋਣ ਪਰ ਜੇ ਕਿਸੇ ਦਾ ਨਾਮ ਗੋਬਿੰਦ ਸਿੰਘ ਹੋਵੇ ਤਾਂ ਭੀ ਤਾਂ ਹੋ ਸਕਦਾ ਹੈ। ਇਸਦਾ ਮਤਲਬ ਇਹ ਤਾਂ ਨਹੀਂ ਕਿ ਗੁਰੂ ਸਾਹਿਬ ਦੇ ਆਪਣੇ ਨਾਮ ਤੋਂ ਮਕਰਿਆ ਹੀ ਜਾਵੇ।

ਟੀਕਾ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਭਾਗ ੨ ਟੀਕਾਕਾਰ ਪੰਡਿਤ ਨਰੈਣ ਸਿੰਘ ਗਿ: ਵਿਦਿਆ ਮਾਰਤੰਡ ਜੋ ਸ੍ਰੀ ਦਸਮੇਸ਼ ਜੀ ਦੀ ਜ਼ਬਾਨੀ ਕੀਤੇ ਅਰਥਾਂ ਦੇ ਸੀਨਾ ਬਸੀਨਾ ਚਲੀ ਆ ਰਹੀ ਲੜੀ ਦੇ ਹਾਰ ਦੇ ਮੋਤੀ ਹੋਏ ਹਨ ਜੋ ਤੁਸੀਂ ਸਫਾ ੬੮॥੫੬੨॥ ਪਰ ਦੇਖ ਸਕਦੇ ਹੋ ਜੋ ਐਉਂ ਲਿਖਦੇ ਹਨ :-

ਵਿਸ਼ੇਸ਼-ਸ੍ਰੀ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਬਵੰਜਾ ਕਵੀ ਰਹਿੰਦੇ ਸਨ, ਮਹਾਨ ਕੋਸ਼ ਦੇ ਕਰਤਾ ਜੀ ਨੇ ਉਹਨਾਂ ਬਵੰਜਾ ਦੇ ਨਾਮ ਦੇਕੇ ਤੇਰ੍ਹਵਾਂ ਕਵੀ 'ਸ਼ਿਆਮ' ਤੇ ੪੯ਵਾਂ ਕਵਿ ਰਾਮ ਕਿਹਾ ਹੈ। ਪਰ ਗਿਆਨੀ ਬਿਬੇਕਾ ਸਿੰਘ ਜੀ ਕਿਹਾ ਕਰਦੇ ਸਨ, ਜੋ ਸ਼ਿਆਮ ਤੇ ਰਾਮ, ਗੁਰੂ ਸਾਹਿਬ ਜੀ ਨੇ ਆਪਣੇ ਉਪਨਾਮ ਰੱਖੇ ਹੋਏ ਸਨ, ਜੈਸਾ ਕਿ ਕਵੀ ਜਨ ਅਕਸਰ ਆਪਣੀ ਇਕ ਛਾਪ ਰੱਖ ਲਿਆ ਕਰਦੇ ਹਨ,

Digitized by Panjab Digital Library | www.panjabdigilib.org

ਜਿਵੇਂ ਭਾਈ ਨੰਦ ਲਾਲ ਜੀ ਦਾ 'ਗੋਯਾ' ਸੀ, ਤਿਵੇਂ ਹੀ ਦਸਮੇਸ਼ ਸ੍ਵਾਮੀ ਜੀ ਦਾ 'ਰਾਮ' ਜਾਂ 'ਸ਼ਿਆਮ' ਪਦ ਛਾਪ ਸੀ।

ਇਸ ਗੱਲ ਨੂੰ ਮਹਾਨ ਕੋਸ਼ ਦੇ ਕਰਤਾ ਜੀ ਨੇ ਭੀ ਲਿਖਿਆ ਹੈ ਕਿ ਰਾਮ ਪਦ ਗੁਰੂ ਸਾਹਿਬ ਜੀ ਦੀ 'ਛਾਪ' (ਤਖੱਲਸ) ਹੈ। ਇਹ ਕਿੰਨੇ ਵਿਦਵਾਨਾਂ ਦਾ ਖਿਆਲ ਹੈ। ਵੇਖੋ ਸਫਾ ੩੦੯੩ ਦਾ ਨੋਟ।

੩–ਕੁਝ ਸੱਜਣ ਇਹ ਭੀ ਵੀਚਾਰ ਦਿੰਦੇ ਹਨ ਕਿ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਵਿਚ ਅਵਤਾਰਾਂ ਦਾ ਜਾਂ ਅਵਤਾਰ ਪੂਜਾ ਦਾ ਪ੍ਰਚਾਰ ਕੀਤਾ ਹੋਇਆ ਹੈ, ਉਹਨਾਂ ਨੂੰ ਇਹ ਬਾਣੀ ਪੜ੍ਹਕੇ ਵੀਚਾਰ ਕਰਨੀ ਚਾਹੀਦੀ ਹੈ–ਜਦ ਕਿ ਗਰ ਜੀ ਐਨ ਨਿਰਨਾ ਕਰਕੇ ਦਸਦੇ ਹਨ–

ਚੌਪਈ–ਜਬ ਜਬ ਹੋਤ ਅਰਿਸਟਿ ਅਪਾਰਾ ॥ ਤਬ ਤਬ ਦੇਹ ਧਰਤ ਅਵਤਾਰਾ ॥
ਕਾਲ ਸਭਨ ਕੋ ਪੇਖ ਤਮਾਸਾ ॥ ਅੰਤਹਕਾਲ ਕਰਤ ਹੈ ਨਾਸਾ ॥ ੨ ॥
ਕਾਲ ਸਭਨ ਕਾ ਕਰਤ ਪਸਾਰਾ ॥ ਅੰਤ ਕਾਲ ਸੋਈ ਖਾਪਨਹਾਰਾ ॥
ਆਪਨਿ ਰੂਪ ਅਨੰਤਨ ਧਰਹੀ ॥ ਆਪਹਿ ਮਧ ਲੀਨ ਪੁਨ ਕਰਹੀ ॥ ੩ ॥

ਇਹ ਗਲ ਸਾਰੇ ਹੀ ਮੰਨਦੇ ਹਨ ਕਿ ਜਦੋਂ ਜਦੋਂ ਭੀ ਧਰਤੀ ਪਰ ਪਾਪ ਅਨਿਆਇ ਤੇ ਜ਼ੁਲਮ ਵਧਦੇ ਹਨ ਉਦੋਂ ਹੀ ਸਰਵ ਸ਼ਕਤੀਮਾਨ ਸੰਸਾਰ ਤੇ ਸੰਤਾਂ ਭਗਤਾਂ ਦੀ ਰਖਜਾ ਹਿਤ ਦੇਹ ਧਾਰ ਕੇ ਕਿਸੇ ਨਾ ਕਿਸੇ ਰੂਪ ਵਿਚ ਪ੍ਰਗਟ ਹੁੰਦਾ ਹੈ, ਜਿਸਨੂੰ ਅਵਤਾਰ ਕਿਹਾ ਜਾਂਦਾ ਹੈ, ਪਰ ਆਪ ਸਭ ਦਾ ਤਮਾਸ਼ਾ ਤੱਕਦਾ ਹੈ ਅਖੀਰ ਨੂੰ ਉਸ ਸਰੀਰ ਦਾ ਨਾਸ ਕਰ ਦਿੰਦਾ ਹੈ, ਅਰ ਉਹ ਆਪਣੇ ਰੂਪ ਅਨੇਕਾਂ ਧਰਦਾ ਹੈ ਅਤੇ ਅੰਤ ਆਪਣੇ ਵਿਚ ਹੀ ਸਮੋ ਲੈਂਦਾ ਹੈ–ਇਹੀ ਗੀਤਾ ਦਸਦੀ ਹੈ।

ਯਦ ਯਦਾਹਿ ਧਰਮਸਿ ਗਿਲਾਨਸ ਭਵਤੁ ਭਾਰਤ ਦੀ ਵਿਆਖਜਾ ॥
[ਅਧਿਜਾ ੨ ॥ ਸਲੋਕ ੪੨

ਜੋ ਉਸ ਵੇਲੇ ਧਰਮ ਦੀ ਰਖਿਆ ਸੰਤਾਂ ਦੀ ਸਹਾਇਤਾ ਤੇ ਧਰਮ ਦੇ ਦੋਖੀਆਂ ਨੂੰ ਨਾਸ ਕਰਨ ਲਈ ਆਉਂਦਾ ਹੈ, ਜਿਸਦਾ ਨਾਮ ਜਗਤ ਵਿਚ ਅਵਤਾਰ ਸਿਧ ਹੋ ਜਾਂਦਾ ਹੈ। ਸੋ ਸ੍ਰੀ ਦਸਮੇਸ਼ ਜੀ ਦਾ ੨੪ ਅਵਤਾਰਾਂ ਦਾ ਇਤਿਹਾਸ ਲਿਖਣਾ ਅਵਤਾਰ ਪੂਜਾ ਦਾ ਸਿਧਾਂਤ ਨਹੀਂ, ਸਗੋਂ ਇਹ ਦਸਣਾ ਹੈ ਕਿ ਭਾਵੇਂ ਕੋਈ ਕਿਡਾ ਵਡੇ ਤੋਂ ਵਡਾ ਅਵਤਾਰ ਭੀ ਹੋਇਆ ਹੈ-ਉਸਨੂੰ ਬਨਾਉਣ ਵਾਲਾ ਭੀ ਉਹੀ ਅਕਾਲ ਪੁਰਖ ਹੈ ਅਤੇ ਅੰਤ ਸਭ ਨੂੰ ਖਾਪਣ ਵਾਲਾ ਭਾਵ ਖੈ ਕਰਨ ਵਾਲਾ ਭੀ ਉਹੀ ਹੈ–ਜਿਸਦੀ ਦੇਹ ਦਾ ਨਹੀਂ ਤਾਂ ਉਸਦੀ ਅੰਦਰਲੀ ਜੋਤਿ ਦਾ ਸਤਿਕਾਰ ਸ਼ਾਨ ਕਰਨਾ ਹੀ ਬਣਦਾ ਹੈ, ਆਪਣੇ ਮਾਲਕ ਅਤੇ ਮਾਤਾ ਪਿਤਾ ਦੇ ਕੀਤੇ ਕੰਮ ਨੂੰ ਸਵੀਕਾਰ ਕਰਨਾ ਨੌਕਰ ਜਾਂ ਪੁਤ੍ਰ ਦਾ ਮੁਢਲਾ ਫਰਜ਼ ਹੈ। ਪਰ ਗਿ: ਭਾਗ ਸਿੰਘ ਜੀ ਤਾਂ ਕਹਿੰਦੇ ਹਨ ਕਿ ਉਹ ਤਾਂ ਕੋਈ ਰੂਪ ਆਪਣਾ ਧਾਰ ਹੀ ਨਹੀਂ ਸਕਦਾ–ਜਦ ਕਿ ਉਸਦਾ ਰੂਪ ਰੰਗ ਹੈ ਹੀ ਕੋਈ ਨਹੀਂ ਤਾਂ ਦੁਸ਼ਟ ਦਮਨ ਨਾਲ ਉਸਨੇ ਗੱਲਾਂ ਕਿਵੇਂ ਕੀਤੀਆਂ ਅਤੇ ਇਥੇ ਆਉਣ ਲਈ ਹੁਕਮ ਕਿਵੇਂ ਕਰ ਦਿਤਾ। ਜਦ ਕਿ ਗੁਰਬਾਣੀ ਐਉਂ ਕਹਿੰਦੀ ਹੈ :-

ਆਪਿ ਉਪਾਵਣਹਾਰ ਆਪੇ ਹੀ ਮਾਰਦਾ ॥ ਸਭੁ ਕਿਛੁ ਜਾਣੈ ਜਾਣੁ ਬੁਝ ਵੀਚਾਰਦਾ ॥ ਅਨਿਕ ਰੂਪ ਖਿਨ ਮਹਿ ਕੁਦਰਤਿ ਧਾਰਦਾ ॥ ਜਿਸ ਨੋ ਲਾਏ ਸਚਿ ਤਿਸਹਿ ਉਧਾਰਦਾ ॥ ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ ॥ ਸਦਾ ਅਭਗੁ ਦੀਬਾਣੁ ਹੈ ਹਉ ਤਿਸੁ ਨਮਸਕਾਰਦਾ ॥
[ਸ: ੫੬੮ ॥ ਮ: ੫ ॥

Digitized by Panjab Digital Library | www.panjabdigilib.org

ਜਿਸਦਾ ਭਾਵ ਹੈ ਕਿ ਉਹ ਪਰੀ-ਪੂਰਨ ਪ੍ਰਮਾਤਮਾ ਸਭ ਕੁਝ ਸਮਰਥ ਹੈ। ਉਹ ਸਭ ਕੁਝ ਜਾਣਦਾ ਭੀ ਹੈ ਅਤੇ ਬੁਧੀ ਨਾਲ ਵੀਚਾਰਦਾ ਭੀ ਹੈ, ਜੇ ਚਾਹੁੰਦਾ ਹੈ ਤਾਂ ਅਨੇਕਾਂ ਰੂਪ ਇਕ ਸੈਕਿੰਡ ਵਿਚ ਆਪਣੀ ਕੁਦਰਤ ਦਵਾਰਾ ਧਾਰਨ ਕਰ ਲੈਂਦਾ ਹੈ। ਜਿਸ ਨੂੰ ਸੱਚੇ ਪਾਸੇ ਲਾ ਦੇਵੇ ਉਸ ਨੂੰ ਉਹ ਆਪ ਹੀ ਉਧਾਰਦਾ ਹੈ ਅਤੇ ਜਿਸਦੀ ਪੱਖ ਤੇ ਹੋ ਜਾਵੇ ਉਹ ਕਦੇ ਭੀ ਹਾਰਦਾ ਨਹੀਂ, ਨਾ ਹੀ ਉਹ ਕਿਸੇ ਦੇ ਪੇਚੇ ਵਿਚ ਆਉਂਦਾ ਹੈ, ਇਸ ਲਈ ਮੈਂ ਉਸ ਨੂੰ ਨਮਸਕਾਰ ਕਰਦਾ ਹਾਂ। ਬਸ ਇਹੋ ਵਿਸ਼ੇਸ਼ਤਾ ਸਿਧਾਂਤ ਸ੍ਰੀ ਦਸਮੇਸ਼ ਜੀ ਨੇ ਅਪਣਾਇਆ ਹੈ, ਜੋ ਉਹਨਾਂ ਦੀ ਬਾਣੀ ਵਿਚ ਅਨੇਕਾਂ ਥਾਵਾਂ ਤੇ ਬਾਰ ਬਾਰ ਆਉਂਦਾ ਹੈ।

੪-ਕਿਥੋਂ ਤਕ ਲਿਖੀਏ-ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੀ ਅਲੌਕਿਕ ਬਾਣੀ ਹੈ ਜਿਸਦੇ ਵਿਚ ਪਤਾ ਨਹੀਂ ਕੀ ਕੁਝ ਲੁਕਾ ਕੇ ਰਖਿਆ ਪਿਆ ਹੈ। ਜੀ ਚਾਹੁੰਦਾ ਹੈ ਲਿਖਦਾ ਹੀ ਜਾਵਾਂ ਪਰ ਪਾਠਕਾ ਜਨਾਂ ਲਈ ਔਖ ਹੈ ਵਡਾ ਗ੍ਰੰਥ ਪੜ੍ਹਿਆ ਨਹੀਂ ਜਾਂਦਾ ਇਸ ਲਈ ਸੰਕੋਚ ਕਰਨਾ ਹੀ ਉਚਿਤ ਹੈ। ਪਰ ਕੁਝ ਅੰਗ ਮੈਂ ਏਥੇ ਦੇ ਰਿਹਾ ਹਾਂ ਕਿ ਪਾਠਕ ਜਨ ਇਸ ਬਾਣੀ ਬਾਰੇ ਪਰਖ ਕੇ ਮਨ ਬਣਾ ਸਕਣ।

ਚੌਪਈ-ਬ੍ਰਹਮਾਦਿਕ ਸਭ ਹੀ ਪਚਹਾਰੇ ॥ ਬਿਸਨ ਮਹੇਸ੍ਵਰ ਕਉਨ ਬਿਚਾਰੇ ॥
ਚੰਦ ਸੂਰ ਜਿਨਿ ਕਰੇ ਬਿਚਾਰਾ ॥ ਤਾਤੇ ਜਾਨੀਯਤ ਹੈ ਕਰਤਾਰਾ ॥੧੪॥

ਸਦਾ ਅਭੇਖ ਅਭੇਖੀ ਰਹਈ ॥ ਤਾਤੇ ਜਗਤ ਅਭੇਖੀ ਕਹਈ ॥
ਅਲਖ ਰੂਪ ਕਿਨਹੂੰ ਨਹੀ ਜਾਨਾ ॥ ਤਿਹ ਕਰ ਜਾਤ ਅਲੇਖ ਬਖਾਨਾ ॥੧੫॥

ਰੂਪ ਅਨੂਪ ਸਰੂਪ ਅਧਾਰਾ ॥ ਭੇਖ ਅਭੇਖ ਸਭਨ ਤੇ ਨਿਆਰਾ ॥
ਦਾਇਕ ਸਭੋ ਅਜਾਚੀ ਸਭ ਤੇ ॥ ਜਾਨ ਲਯੋ ਕਰਤਾ ਹਮ ਤਬਤੇ ॥੧੬॥

ਲਗਨ ਸਗਨ ਤੇ ਰਹਿਤ ਨਿਰਾਲਮ ॥ ਹੈ ਯਹ ਕਥਾ ਜਗਤ ਮੈ ਮਾਲਮ ॥
ਜੰਤ੍ਰ ਮੰਤ੍ਰ ਤੰਤ੍ਰ ਨ ਰਿਝਾਯਾ ॥ ਭੇਖ ਕਰਤ ਕਿਨਹੂੰ ਨਹਿ ਪਾਯਾ ॥ ੧੭ ॥

ਜਗ ਆਪਨ ਆਪਨ ਉਰਝਾਨਾ ॥ ਪਾਰਬ੍ਰਹਮ ਕਾਹੂ ਨ ਪਛਾਨਾ ॥
ਇਕ ਮੜੀਅਨ ਕਬਰਨ ਮੈ ਜਾਹੀ ॥ ਦੁਹੂਅਨ ਮੈ ਪਰਮੇਸ੍ਵਰ ਨਾਹੀ ॥ ੧੮ ॥

ਇਹ ਦੋਊ ਮੋਹ ਬਾਦ ਮੋ ਪਚੇ ॥ ਇਨ ਤੇ ਨਾਥ ਨਿਰਾਲੇ ਬਚੇ ॥
ਜਾਤੇ ਛੂਟਿ ਗਯੋ ਭ੍ਰਮ ਉਰ ਕਾ ॥ ਤਿਹ ਆਗੈ ਹਿੰਦੂ ਕਿਆ ਤੁਰਕਾ ॥ ੧੯ ॥

ਹੁਣ ਏਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਕੀ ਹਿੰਦੂ ਕੀ ਮੁਸਲਮਾਨ ਦੋਨੋਂ ਹੀ ਫਿਰਕੇ ਮੋਹ ਤੇ ਵਾਦ ਵਿਵਾਦ ਵਿਚ ਫਸ ਗਏ ਹਨ, ਇਸ ਤੋਂ ਅਕਾਲ ਪੁਰਖ ਹੀ ਹੈ ਜੋ ਬਚਿਆ ਹੋਇਆ ਹੈ, ਜਿਸ ਦਾ ਗੁਰੂ ਗਿਆਨ ਦੁਆਰਾ ਹਿਰਦੇ ਵਿਚੋਂ ਇਹ ਵਹਿਮ ਚਲਾ ਗਿਆ, ਉਸ ਅਗੇ ਕੀ ਹਿੰਦੂ ਤੇ ਕੀ ਤੁਰਕ ਦੋਵੇਂ ਇਕੋ ਜਿਹੇ ਹਨ ਕਿਉਂਕਿ ਉਸ ਦੇ ਦਰ ਤੇ ਤਾਂ ਕਰਮਾਂ ਉਤੇ ਹੀ ਨਿਬੇੜਾ ਹੁੰਦਾ ਹੈ। ਪਰ ਇਥੇ ਕੁਝ ਵਿਦਵਾਨ ਇਹ ਟਪਲਾ ਖਾ ਜਾਂਦੇ ਹਨ ਕਿ ਕੋਈ ਹੋਰ ਕਵੀ ਲਿਖਾਰੀ ਹੋਵੇਗਾ, ਜੋ ਗੁਰੂ ਗੋਬਿੰਦ ਸਿੰਘ ਨੂੰ ਨਾਥ (ਨਿਰਾਲੇ ਬੱਚੇ) ਕਹਿੰਦਾ ਹੈ, ਪਰ ਲਿਖਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ ਅਤੇ ਉਹ ਨਾਥ ਆਪਣੇ ਮਾਲਕ ਅਕਾਲ ਪੁਰਖ ਨੂੰ ਸੰਬੋਧਨ ਕਰਕੇ ਕਹਿ ਰਹੇ ਹਨ। ਅਗੇ ਪੜ੍ਹੋ ਕਿ ਆਪ ਦਾ ਨਿਸ਼ਾਨਾ ਕੀ ਹੈ-

ਇਕ ਤਸਬੀ ਇਕ ਮਾਲਾ ਧਰਹੀ ॥ ਏਕ ਕੁਰਾਨ ਪੁਰਾਨ ਉਚਰਹੀ ॥
ਕਰਤ ਬਿਰੁੱਧ ਗਏ ਮਰ ਮੂੜਾ ॥ ਪ੍ਰਭ ਕੋ ਰੰਗ ਨ ਲਾਗਾ ਗੂੜਾ ॥ ੨੦ ॥

Digitized by Panjab Digital Library | www.panjabdigilib.org

ਇਹ ਕੋਈ ਝੂਠ ਨਹੀਂ ਅਜ ਭੀ ਇਸੇ ਤਰ੍ਹਾਂ ਹੋ ਰਿਹਾ ਹੈ, ਅਸੀਂ ਰਹਿਤ ਪਰ ਜ਼ੋਰ ਦਿੰਦੇ ਹਾਂ, ਦੂਜੇ ਕਿਸੇ ਭੀ ਫਿਰਕੇ ਦੇ ਬੰਦੇ ਨੂੰ ਨੇੜੇ ਨਹੀਂ ਢੁਕਣ ਨਹੀਂ ਦਿੰਦੇ, ਪਰ ਅੰਦਰ ਦੀ ਕੋਮਲਤਾ ਅਤੇ ਸ਼ਰਧਾ ਤੋਂ ਸਖਣੇ ਖਾਲੀ ਭਾਂਡੇ ਵਾਂਗ ਵਜਦੇ ਹਾਂ। ਸਾਥੀਆਂ ਨੂੰ ਇਸੇ ਰਾਹ ਦੀ ਸੇਧ ਦੇ ਰਹੇ ਹਾਂ।

ਜੋ ਜੋ ਰੰਗ ਏਕ ਕੇ ਰਾਚੇ ॥ ਤੇ ਤੇ ਲੋਕ ਲਾਜ ਤਜ ਨਾਚੇ ॥
ਆਦਿ ਪੁਰਖ ਜਿਨ ਏਕ ਪਛਾਨਾ ॥ ਦੁਤੀਆ ਭਾਵ ਨ ਮਨ ਮਹਿ ਆਨਾ ॥੨੧॥
ਜੇ ਜੇ ਭਾਵ ਦੁਤੀਆ ਮਹਿ ਰਾਚੇ ॥ ਤੇ ਤੇ ਮੀਤ ਮਿਲਣ ਸੇ ਬਾਚੇ ॥
ਏਕ ਪੁਰਖ ਜਿਨ ਨੈਕ ਪਛਾਨਾ ॥ ਤਿਨਹੀ ਪਰਮ ਤਤ ਕੋ ਜਾਨਾ ॥ ੨੨ ॥

ਭਾਵ-ਜੇਹੜੇ ਇਕ ਦੇ ਰੰਗ ਵਿਚ ਰਚ ਗਏ ਹਨ ਉਹ ਤਾਂ ਮੀਰਾਂ ਬਾਈ ਵਾਂਗ ਪੈਰਾਂ ਨੂੰ ਘੁੰਘਰੂ ਬੰਨ੍ਹਕੇ ਅਤੇ ਲੋਕ ਲਜਿਆ ਨੂੰ ਛੱਡ ਕੇ ਨੱਚਣ ਲਗ ਗਏ ਅਤੇ ਜਿਸ ਨੇ ਆਦਿ ਪੁਰਖ ੧ਓਂਕਾਰ ਦੀ ਪਰਖ ਪਹਿਚਾਣ ਕਰ ਲਈ ਉਹਨਾਂ ਨੂੰ ਨਾ ਕਿਤੇ ਸਾਕਤ ਮਤ ਨਾ ਹੀ ਕੋਈ ਹੋਰ ਦੇਵੀ ਦੇਵਤਾ ਸੁਪਨੇ ਵਿਚ ਭੀ ਦਿਖਾਈ ਨਹੀਂ ਦਿੰਦਾ। ਪਰ ਜਿਨ੍ਹਾਂ ਦੇ ਹਿਰਦੇ ਵਿਚ ਦ੍ਵੈਤ ਵਾਦ ਰੜਕਦਾ ਏ ਉਹ ਮਿਤ੍ਰ ਪਿਆਰੇ ਨੂੰ ਮਿਲਣ ਤੋਂ ਸੱਖਣੇ ਰਹਿ ਗਏ, ਅਸਲ ਗਲ ਤਾਂ ਇਹ ਹੈ ਕਿ ਜਿਸ ਨੇ ਇਕ ਅਕਾਲ ਪੁਰਖ ਦੀ ਪਹਿਚਾਨ ਕਰ ਲਈ ਹੈ, ਬਸ ਉਸ ਨੂੰ ਕਿਹਾ ਜਾ ਸਕਦਾ ਹੈ ਕਿ ਇਸ ਨੇ ਪਰਮ ਤੱਤ ਨੂੰ ਜਾਣ ਲਿਆ ਹੈ।

ਜਿਨ ਪ੍ਰਭ ਏਕ ਵਹੈ ਠਹਰਾਯੋ ॥ ਤਿਨ ਕਰਿ ਡਿੰਭ ਨ ਕਿਸੂ ਦਿਖਾਯੋ ॥
ਸੀਸ ਦੀਯੋ ਉਨ ਸਿਰਰ ਨਾ ਦੀਨਾ ॥ ਰੰਚ ਸਮਾਨ ਦੇਹ ਕਰ ਚੀਨਾ ॥੨੬॥

ਜਿਸ ਨੇ ਇਕ ਪ੍ਰਭੂ ਨੂੰ ਮੰਨ ਲਿਆ ਹੈ ਉਹ ਕਿਸੇ ਨੂੰ ਪਾਖੰਡ ਕਰਕੇ ਨਹੀਂ ਦਿਖਾਉਂਦੇ, ਭਾਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਵਾਂਗ ਸਿਰ ਤਾਂ ਦੇ ਦਿਤਾ ਪਰ ਆਪਣਾ ਸਿਰੜ ਨਹੀਂ ਛੱਡਿਆ। ਸਗੋਂ ਸਰੀਰ ਨੂੰ ਐਵੇਂ ਤੁਛ ਮਾਤਰ ਹੀ ਮੰਨਿਆ ਸੀ।

ਕਾਨ ਛੇਦ ਜੋਗੀ ਕਹਵਾਯੋ ॥ ਅਤਿ ਪਰਪੰਚ ਕਰ ਬਨਹਿ ਸਿਧਾਯੋ ॥
ਏਕ ਨਾਮੁ ਕੋ ਤੱਤ ਨ ਲਯੋ ॥ ਬਨ ਕੋ ਭਯੋ ਨ ਗ੍ਰਿਹ ਕੋ ਭਯੋ ॥੨੭॥

ਕਿਆ ਹੋਇਆ ਕੰਨ ਪੜਵਾ ਕੇ ਜੋਗੀ ਹੋ ਗਿਆ, ਬੜਾ ਪਾਖੰਡੀ ਹੋ ਕੇ ਜੰਗਲਾਂ ਨੂੰ ਚਲਾ ਗਿਆ। ਪਰ ਜੇਕਰ ਇਕ ਨਾਮ ਦਾ ਅਰਥ ਹੀ ਨਹੀਂ ਲਿਆ ਤਾਂ ਉਹ ਨਾ ਤਾਂ ਬਨ ਜੋਗਾ ਰਿਹਾ ਅਤੇ ਨਾ ਹੀ ਘਰ ਜੋਗਾ ਰਿਹਾ। ਇਸ ਲਈ ਸ੍ਰੀ ਦਸਮੇਸ਼ ਜੀ ਨੇ ਅਨੇਕਾਂ ਇਤਿਹਾਸਕ ਘਟਨਾਵਾਂ ਦੇ ਦੇ ਕੇ ਅਸਲ ਨਾਮ ਦੇ ਤੱਤ ਸਰੂਪ ਨੂੰ ਦਸਣ ਲਈ ਸ੍ਰੀ ਗੁਰੂ ਦਸਮ ਗ੍ਰੰਥ ਦੀ ਰਚਨਾ ਕੀਤੀ, ਅਫਸੋਸ ਅਜ ਸਿੱਖ ਪੰਥ ਇਸ ਦੇ ਚਾਨਣੇ ਪੱਖ ਨੂੰ ਜਾਨਣ ਤੇ ਛਾਨਣ ਦਾ ਜਤਨ ਨਹੀਂ ਕਰ ਰਿਹਾ ਸਗੋਂ ਇਸ ਤੱਤ ਸਰੂਪ ਨੂੰ ਅਲੋਪ ਕਰਨ ਤੇ ਤੁਲ ਗਿਆ ਹੈ ਤੇ ਹਨੇਰੇ ਰਾਹੀਂ ਪੈ ਗਿਆ ਏ।

ਚਉਪਈ-ਕਹਾ ਲਗੇ ਕਬਿ ਕਥੈ ਬਿਚਾਰਾ ॥ ਰਸਨਾ ਏਕ ਨ ਪਇਜਤ ਪਾਰਾ ॥
ਜਿਹਬਾ ਕੋਟਿ ਕੋਟਿ ਕੋਊ ਧਰੈ ॥ ਗੁਣ ਸਮੁੰਦ੍ ਤੂ ਪਾਰ ਨ ਪਰੈ ॥੨੮॥
ਪ੍ਰਿਥਮ ਕਾਲ ਸਭ ਜਗ ਕੋ ਤਾਤਾ ॥ ਤਾਤੇ ਭਯੋ ਤੇਜ ਬਖਯਾਤਾ ॥
ਸੋਈ ਭਵਾਨੀ ਨਾਮ ਕਹਾਈ ॥ ਜਿਨ ਸਿਗਰੀ ਯਹ ਸ੍ਰਿਸਟ ਉਪਾਈ ॥ ੨੯ ॥

Digitized by Panjab Digital Library | www.panjabdigilib.org

ਪ੍ਰਿਥਮੈ ਓਅੰਕਾਰ ਤਿਨ ਕਹਾ ॥ ਸੋ ਧੁਨ ਪੂਰ ਜਗਤ ਮੋ ਰਹਾ ॥
ਤਾਤੇ ਜਗਤ ਭਯੋ ਬਿਸਥਾਰਾ ॥ ਪੁਰਖ ਪਰਕ੍ਰਿਤ ਜਬ ਦੁਹੂੰ ਬਿਚਾਰਾ ॥੩੦॥

ਜਗਤ ਭਯੋ ਤਾਤੇ ਸਭ ਜਨੀਯਤ ॥ ਚਾਰ ਖਾਣਿ ਕਰ ਪ੍ਰਗਟ ਬਖਨੀਯਤ ॥
ਸਕਤਿ ਇਤੀ ਨਹੀ ਪ੍ਰਗਟ ਸੁਨਾਊਂ ॥ ਭਿੰਨ ਭਿੰਨ ਕਰ ਨਾਮ ਬਤਾਊਂ ॥੩੧॥

ਬਲੀ ਅਬਲੀ ਦੋਊ ਉਪਜਾਇ ॥ ਊਚ ਨੀਚ ਕਰ ਭਿੰਨ ਦਿਖਾਏ ॥
ਬਪੁ ਧਰਿ ਕਾਲ ਬਲੀ ਬਲਵਾਨਾ ॥ ਆਪਹਿ ਰੂਪ ਧਰਤ ਭਯੋ ਨਾਨਾ ॥੩੨॥

ਭਿੰਨ ਭਿੰਨ ਜਿਮੁ ਦੇਹ ਧਰਾਏ ॥ ਤਿਮੁ ਤਿਮੁ ਕਰਿ ਅਵਤਾਰ ਕਹਾਏ ॥
ਪਰਮ ਰੂਪ ਜੋ ਏਕ ਕਹਾਯੋ ॥ ਅੰਤ ਸਭੈ ਤਿੱਹ ਮਧਿ ਮਿਲਾਯੋ ॥੩੩॥

ਜਿਤਿਕ ਜਗਤ ਕੇ ਜੀਵ ਬਖਾਨੋ ॥ ਏਕ ਜੋਤ ਸਭਹੀ ਮਹਿ ਜਾਨੋ ॥
ਕਾਲ ਰੂਪ ਭਗਵਾਨ ਭਨੈਬੋ ॥ ਤਾਮੈ ਲੀਨ ਜਗਤਿ ਸਭ ਹ੍ਵੈਬੋ ॥੩੪॥

ਜੋ ਕਿਛੁ ਦਿਸਟ ਅਗੋਚਰ ਆਵਤ ॥ ਤਾਕਹੁ ਮਨ ਮਾਯਾ ਠਹਰਾਵਤ ॥
ਏਕਹਿ ਆਪ ਸਭਨ ਮੋ ਬਿਆਪਾ ॥ ਸਭ ਕੋਈ ਭਿੰਨ ਭਿੰਨ ਕਰ ਥਾਪਾ ॥੩੫॥

ਸਭ ਹੀ ਮਹਿ ਰਮ ਰਹਯੋ ਅਲੇਖਾ ॥ ਮਾਂਗਤ ਭਿੰਨ ਭਿੰਨ ਤੇ ਲੇਖਾ ॥
ਜਿਨ ਨਰ ਏਕ ਵਹੈ ਠਹਰਾਯੋ ॥ ਤਿਨ ਹੀ ਪਰਮ ਤੱਤੁ ਕਹ ਪਾਯੋ ॥੩੬॥

ਏਕੈ ਰੂਪ ਅਨੂਪ ਸਰੂਪਾ ॥ ਰੰਕ ਭਯੋ ਰਾਵਤ ਕਹੂੰ ਭੂਪਾ ॥
ਭਿੰਨ ਭਿੰਨ ਸਭਹਨ ਉਰਝਾਯੋ ॥ ਸਭ ਤੇ ਜੁਦੋ ਨ ਕਿਨਹੂੰ ਪਾਯੋ ॥੩੭॥

ਭਿੰਨ ਭਿੰਨ ਸਬਹੂੰ ਉਪਜਾਯੋ ॥ ਭਿੰਨ ਭਿੰਨ ਕਰਿ ਤਿਨੋ ਖਪਾਯੋ ॥
ਆਪ ਕਿਸੂ ਕੋ ਦੋਸ ਨ ਲੀਨਾ ॥ ਅਉਰਨ ਸਿਰਿ ਬੁਰਿਆਈ ਦੀਨਾ ॥੩੮॥

੫-ਗੁਰੂ ਜੀ ਕਹਿੰਦੇ ਹਨ ਕਿ ਮੈਂ ਇਹ ਵਿਚਾਰ ਕਿਥੋਂ ਤਕ ਬਿਆਨ ਕਰਾਂ, ਮੇਰੀ ਜ਼ਬਾਨ ਇਕ ਹੈ ਤੇ ਉਸ ਦੇ ਅਡੰਬਰ ਦਾ ਪਾਰ ਤੇ ਵਾਰ ਕੋਈ ਨਹੀਂ ਹੈ । ਇਕ ਜੀਭ ਦੀ ਤਾਂ ਕੀ ਸ਼ਕਤੀ ਹੈ ਜੇਕਰ ਕੋਈ ਕ੍ਰੋੜ ਜੀਭ ਭੀ ਪਾ ਲਵੇ ਤਾਂ ਭੀ ਉਸ ਦੇ ਗੁਣਾਂ ਦੇ ਸਮੁੰਦਰ ਦਾ ਥਹੁ ਨਹੀਂ ਪੈਂਦਾ। ਜਦੋਂ ਸਭ ਤੋਂ ਪਹਿਲਾਂ ਇਸ ਜਗਤ ਦਾ ਪਿਤਾ ਹੀ ਹੈਸੀ, ਫੇਰ ਉਸ ਤੋਂ ਇਕ ਤੇਜਸਵੀ ਮਹਾਂ ਚਾਨਣ ਜੋਤਿ ਪ੍ਰਗਟ ਹੋਈ। ਜਿਸ ਜੋਤਿ ਨੂੰ ਭਵਾਨੀ ਕਿਹਾ ਗਿਆ ਅਤੇ ਇਸੇ ਭਵਾਨੀ ਮਾਤਾ ਪ੍ਰਕ੍ਰਿਤੀ ਨੇ ਇਸ ਸਾਰੇ ਸੰਸਾਰ ਦੀ ਰਚਨਾ ਕੀਤੀ ਅਤੇ ਜੋ ਕੁਝ ਓਅੰਕਾਰ ਨਿਰੰਕਾਰ ਨੇ ਉਸ ਨੂੰ ਪਹਿਲੇ ਦਿਨ ਹੀ ਕਹਿ ਦਿਤਾ, ਉਹੀ ਓਅੰਕਾਰ ਰੂਪੀ ਧੁਨ ਸਾਰੇ ਜਗ ਵਿਚ ਪਸਰ ਗਈ (ਫੈਲ ਗਈ)। ਜਦੋਂ ਓਅੰਕਾਰ ਤੇ ਜੋਤਿ ਸਰੂਪ ਦੋਹਾਂ ਨੇ ਮਿਲਕੇ ਵਿਚਾਰ ਕੀਤੀ ਤਾਂ ਸਾਰੇ ਜਗਤ ਦਾ ਇਹ ਵਿਸਥਾਰ ਹੋਇਆ। ਜਿਸ ਗਲ ਨੂੰ ਸਾਰੇ ਲੋਕ ਜਾਣਦੇ ਹਨ ਕਿ ਚਾਰ ਖਾਣੀਆਂ ਕਰਕੇ ਇਹ ਰਚਨਾਂ ਰਚੀ ਗਈ। ਗੁਰੂ ਜੀ ਕਹਿੰਦੇ ਹਨ ਕਿ ਮੇਰੇ ਵਿਚ ਏਨੀ ਸ਼ਕਤੀ ਨਹੀਂ ਜੋ ਮੈਂ ਉਸ ਸਾਰੇ ਪਸਾਰੇ ਦਾ ਕੱਲਾ ਕੱਲਾ ਨਾਮ ਲੈ ਕੇ ਦਸਾਂ। ਪਰ ਜੋਰਾਵਰ ਦੈਂਤ ਤੇ ਕਮਜ਼ੋਰ ਦੇਵਤੇ ਦੋ ਪਾਰਟੀਆਂ ਬਣਾਈਆਂ, ਬਲੀ ਕਾਲ ਨੇ ਆਪ ਹੀ ਕਈ ਬਲਵਾਨ ਰੂਪ ਧਾਰਨ ਕਰਕੇ ਵੱਖਰੀਆਂ ਵੱਖਰੀਆਂ ਦੇਹਾਂ ਧਾਰਨ ਕਰਕੇ ਅਵਤਾਰ ਕਹਾਇਆ। ਅਖੀਰ ਨੂੰ ਪਰਮ ਜੋਤ ਇਕ ਓਅੰਕਾਰ ਨੇ ਸਭ ਨੂੰ ਆਪਣੇ ਹੀ ਵਿਚ ਮਿਲਾ ਲਿਆ। ਗੁਰੂ ਜੀ ਦਸਦੇ ਹਨ ਕਿ ਜਿੰਨੇ ਭੀ ਜਗਤ ਵਿਚ ਜੀਵ ਕਹੇ ਜਾਂਦੇ ਹਨ,

Digitized by Panjab Digital Library | www.panjabdigilib.org

ਇਕੋ ਜੋਤਿ ਸਭ ਦੇ ਵਿਚ ਪ੍ਰਵੇਸ਼ ਕਰ ਰਹੀ ਹੈ । ਜਦੋਂ ਉਹ ਭਗਵਾਨ ਆਪਣਾ ਕਾਲ ਰੂਪ ਬਣਾਉਂਦਾ ਹੈ ਤਾਂ ਸਾਰਾ ਜਗਤ ਇਸ ਵਿਚ ਸਮਾ ਜਾਂਦਾ ਹੈ । ਜੋ ਕੁਝ ਭੀ ਸੰਸਾਰਕ ਪਦਾਰਥ ਸਾਡੀਆਂ ਦੋ ਅੱਖਾਂ ਸਾਹਮਣੇ ਦਿਸਦਾ ਹੈ, ਇਸ ਨੂੰ ਹੀ ਸਾਡਾ ਮਨ ਮਾਇਆ ਮੰਨਦਾ ਹੈ ਪਰ ਉਹ ਆਪ ਹੀ ਸਭ ਵਿਚ ਵਿਆਪਿਆ ਹੋਇਆ ਹੈ ਅਤੇ ਸਭ ਨੂੰ ਹੀ ਜੁਦਾ ਜੁਦਾ ਕਰਕੇ ਬਣਾ ਰਿਹਾ ਹੈ ਅਤੇ ਸਭ ਦੇ ਵਿਚ ਉਹ ਅਲੇਖ ਲੇਖੇ ਪੱਤੇ ਤੋਂ ਬਾਹਰ ਅਤੇ ਲੇਖਾਂ ਤੋਂ ਬਿਨਾਂ ਵਿਆਪ ਰਿਹਾ ਹੈ ਅਤੇ ਫੇਰ ਸਾਰਿਆਂ ਤੋਂ ਆਪਣੇ ਆਪਣੇ ਕੀਤੇ ਕਰਮਾਂ ਦਾ ਹਿਸਾਬ ਭੀ ਮੰਗਦਾ ਹੈ। ਜਿਸ ਭੀ ਮਨੁਖ ਨੇ ਸਮ ਦ੍ਰਿਸ਼ਟੀ ਕਰਕੇ ਹਰ ਥਾਂ ਤੇ ਵਿਆਪਕ ਸਤਾ ਨੂੰ ਪਛਾਣ ਲਿਆ ਹੈ ਸਮਝੋ ਉਸ ਨੇ ਪਰਮ ਤੱਤ ਦੀ ਪ੍ਰਾਪਤੀ ਕਰ ਲਈ ਹੈ। ਉਹ ਇਕੋ ਹੀ ਰੂਪ ਸਾਰੇ ਸਰੂਪਾਂ ਦਾ ਸ਼ਿਰੋਮਣੀ ਹੈ ਅਤੇ ਕਿਤੇ ਰਾਜਾ ਬਣਿਆ ਬੈਠਾ ਹੈ, ਕਿਤੇ ਫਕੀਰ ਦੇ ਭੇਸ ਵਿਚ ਦਿਸਦਾ ਹੈ ਅਤੇ ਉਸ ਨੇ ਸਭ ਨੂੰ ਜੁਦੇ ਜੁਦੇ ਧੰਧਿਆਂ ਵਿਚ ਉਲਝਾਇਆ ਹੋਇਆ ਹੈ, ਫੇਰ ਸਭ ਤੇ ਜੁਦਾ ਭੀ ਹੈ, ਲੋਕ ਲਭਦੇ ਫਿਰਦੇ ਹਨ ਪਰ ਮਿਲਦਾ ਕਿਸੇ ਨੂੰ ਭੀ ਨਹੀਂ। ਆਪੇ ਹੀ ਸਭ ਦੀ ਕਲਾ ਕਰਕੇ ਪੈਦਾ ਕਰ ਦਿੰਦਾ ਹੈ ਅਤੇ ਫੇਰ ਉਸ ਨੂੰ ਫੜ ਕੇ ਮੁਕਾ ਭੀ ਦਿੰਦਾ ਹੈ, ਫੇਰ ਕਿਸੇ ਦੇ ਮਾਰਨ ਦੀ ਬੁਰਿਆਈ ਆਪਣੇ ਸਿਰ ਨਹੀਂ ਲੈਂਦਾ, ਅਲੱਗ ਦਾ ਅਲੱਗ ਤੇ ਬਰੀ ਦਾ ਬਰੀ ਹੈ ।

ਲੇਪ ਛੇਪ ਨ ਲਿਪਜਤੇ (ਸਹਸਕ੍ਰਿਤੀ ਸਲੋਕ)

੫ ॥ ੭ ॥ ੨ ॥ ੧੨ ॥ ੨੭ ॥ ੧੩੪ ॥

੧ ਓ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾਗ ੭ ॥ ਅਧਯਾ: ੨ ॥ ਅਲੋਚਨਾਤਮਕ ॥

ਸ੍ਰੀ ਦਸਮ ਗ੍ਰੰਥ ਸਾਹਿਬ ਦੇ ਨਿਰਣੇ ਦਾ ਨਿਰਣਾ ॥ ਪ੍ਰਕਰਣ ਨੰ: ੧੩ ॥ ੨੯ ॥ ੧੩੫ ॥

ਅਵਤਾਰਾਂ ਦੇ ਕਰਤਵ

੧-ਮੱਛ ਅਵਤਾਰ

ਭਾਵ ਕਿ-ਇਕ ਸੰਖਾਸੁਰ ਨਾਮੇ ਦੈਂਤ, ਸੰਖ ਵਿਚੋਂ ਪੈਦਾ ਹੋਇਆ ਅਤੇ ਬ੍ਰਹਮਾ ਪਾਸੋਂ ਵੇਦ ਖੋਹ ਕੇ ਲੈ ਗਿਆ ਅਤੇ ਸਮੁੰਦਰ ਵਿਚ ਜਾ ਡੋਬੇ, ਉਸ ਵੇਲੇ ਬ੍ਰਹਮਾ ਜੀ ਨੇ ਆਦਿਤ ਸ਼ਕਤਿ ਦਾ ਧਿਆਨ ਕੀਤਾ ਅਤੇ ਆਦਿ ਸ਼ਕਤਿ ਨੇ ਵਿਸ਼ਨੂੰ ਜੀ ਨੂੰ ਅਵਤਾਰ ਧਾਰਨ ਲਈ ਆਗਿਆ ਕੀਤੀ, ਜਿਸ ਨੂੰ ਪਾਕੇ ਮੱਛ ਦਾ ਅਵਤਾਰ ਧਾਰਨ ਕਰਕੇ ਸਮੁੰਦਰ ਵਿਚ ਉਸ ਨੇ ਆ ਤਰਥਲ ਪਾਇਆ ਅਤੇ ਸੰਖਾਸੁਰ ਨੂੰ ਲੜਨ ਲਈ ਮਜ਼ਬੂਰ ਕਰ ਦਿਤਾ, ਘੋਰ ਜੰਗ ਹੋਇਆ, ਅੰਤ ਨੂੰ ਮੱਛ ਅਵਤਾਰ ਨੇ ਸਾਰੇ ਦੈਂਤਾਂ ਸਮੇਤ ਸੰਖਾਸੁਰ ਨੂੰ ਮਾਰ ਮੁਕਾਇਆ ਅਤੇ ਮੁੜ ਕੇ ਆਪਣਾ ਨਿਜ ਸਰੂਪ ਹੀ ਧਾਰ ਲਿਆ ਅਤੇ ਦੇਵਤਿਆਂ ਨੂੰ ਸੁਖ ਦਿਤਾ। ਜੋ ਉਸ ਨੇ ਉਪਦੇਸ਼ ਕੀਤਾ ਸੀ, ਉਸ ਦਾ ਇਕ (ਮਤਸ) ਪੁਰਾਣ ਲਿਖਿਆ ਗਿਆ, ਜੋ ਅਠਾਰਾਂ ਪੁਰਾਣਾਂ ਵਿਚੋਂ ਇਕ ਹੈ।

Digitized by Panjab Digital Library | www.panjabdigilib.org

੨-ਕੱਛ ਅਵਤਾਰ

ਇਸ ਦਾ ਜ਼ਿਕਰ ਭਾਗਵਤ ਪੁਰਾਣ ਅਠਵੇਂ ਸਕੰਧ ਤੇ ੬ ਅਧਯਾਇ ਵਿਚ ਕੀਤਾ ਹੋਇਆ ਹੈ, ਦੇਵਤਿਆਂ ਦਾ ਇਕੱਠ ਸੀ, ਦੈਂਤ ਭੀ ਜਿਸ ਵਿਚ ਜਾ ਕੇ ਸ਼ਾਮਲ ਹੋ ਗਏ ਅਤੇ ਮਤਾ ਪਾਸ ਹੋਇਆ ਕਿ ਦੁਧ ਦੇ ਸਮੁੰਦਰ ਨੂੰ ਰਿੜਕਿਆ ਜਾਵੇ ਅਤੇ ਉਸ ਵਿਚੋਂ ਕੁਝ ਰਤਨ ਕਢੇ ਜਾਣ, ਤਾਂ ਹੁਣ ਰਿੜਕਣ ਲਈ ਮਧਾਣੀ ਦੀ ਲੋੜ ਸੀ, ਇਥੇ ਛੋਟੀ ਜਿਹੀ ਮਧਾਣੀ ਨਾਲ ਕੰਮ ਨਹੀਂ ਸੀ ਸਰਦਾ, ਸਲਾਹ ਬਣਾਈ ਕਿ ਮੰਦ੍ਰਾਚਲ ਪ੍ਰਬਤ ਨੂੰ ਮਧਾਣਾ ਬਣਾਇਆ ਜਾਵੇ, ਪਰ ਹੁਣ ਇਸ ਪਹਾੜ ਨੂੰ ਰਖਿਆ ਕਿਸ ਪਰ ਜਾਏ, ਜਿਸ ਦਾ ਬਹੁਤ ਵਡਾ ਭਾਰ ਸੀ। ਉਸ ਵੇਲੇ ਵਿਸ਼ਨੂੰ ਭਗਵਾਨ ਨੇ ਕਛੂ ਦਾ ਸਰੂਪ ਧਾਰਨ ਕਰਕੇ ਉਸ ਦੀ ਪਿਠ ਉਤੇ ਪਰਬਤ ਰਖ ਕੇ ਸ਼ੇਸ਼ਨਾਗ ਦਾ ਮਧਾਣਾ ਕਰਕੇ ਮੂੰਹ ਵਾਲੇ ਪਾਸੇ ਦੇਵਤੇ ਅਤੇ ਪੂਛ ਵਾਲੇ ਪਾਸੇ ਦੈਂਤ ਲਗ ਕੇ ਰਿੜਕਿਆ ਸੀ ਜਿਸ ਵਿਚੋਂ ਚੌਦਾਂ ਰਤਨ ਕਢੇ ਗਏ ਸਨ । ਉਹ ਰਤਨ ਅਜ ਤਕ ਸੰਸਾਰ ਦੇ ਕੰਮ ਆ ਰਹੇ ਹਨ । ਭਾਵੇਂ ਅੰਮ੍ਰਿਤ ਹੈ, ਭਾਵੇਂ ਜ਼ਹਿਰ, ਭਾਵੇਂ ਸ਼ਰਾਬ ਹੈ, ਭਾਵੇਂ ਕਪਲਾ ਗਊ। ਇਥੇ ਅਸੀਂ ਲੋਕ ਇਸ ਦੀ ਅਲੋਚਨਾ ਕਰਦੇ ਹਾਂ ਕਿ ਇਹ ਗੱਪਾਂ ਮਾਰੀਆਂ ਹਨ। ਗੁਰਬਾਣੀ ਵਿਚ ਬੇਅੰਤ ਪੁਰਾਣਾਂ ਦੇ ਹਵਾਲੇ ਦਿਤੇ ਹਨ, ਸਗੋਂ ਕਿਹਾ ਹੈ ਕਿ (ਬੇਦ ਪੁਰਾਨ ਕਹੋ ਮਤ ਝੂਠੇ ਝੂਠਾ ਜੋ ਨਾ ਵੀਚਾਰੈ) ਇਹ ਰਿਖੀਆਂ ਮੁਨੀਆਂ ਦੀ ਬਾਣੀ ਹੈ। ਕੁਦਰਤ ਵਿਚ ਕੁਝ ਭੀ ਅਸੰਭਵ ਨਹੀਂ, ਜਿਸ ਨੂੰ ਮਾਫਕ ਨਾ ਬੈਠੇ ਉਹ ਨਾ ਪੜ੍ਹੇ। ਅਜ ਤਾਂ ਸੌ ਵਿਚੋਂ ੯੮ ਬੰਦੇ ਗੁਰਬਾਣੀ ਤੋਂ ਭੀ ਘਿਰਣਾ ਕਰਦੇ ਹਨ, ਉਹ ਉਕਾ ਹੀ ਇਸ ਪਾਸੇ ਨਹੀਂ ਚਲ ਸਕਦੇ, ਇਸ ਦਾ ਮਤਲਬ ਇਹ ਨਹੀਂ ਜੋ ਗੁਰਬਾਣੀ ਵਿਚ ਕੋਈ ਕਮੀ ਹੈ, ਇਹ ਤਾਂ ਕਮੀ ਸਾਡੇ ਆਲੇ ਦੁਆਲੇ ਤੇ ਸਾਡੇ ਭਾਗਾਂ ਦੀ ਹੋ ਸਕਦੀ ਹੈ। ਸਾਧੂ, ਸੰਤ, ਰਿਸ਼ੀ ਮੁਨੀ, ਅਵਤਾਰ, ਗੁਰੂ ਤੇ ਪੀਰਾਂ ਦੇ ਜੀਵਨ ਪੜ੍ਹਨ ਨਾਲ ਘਾਟਾ ਨਹੀਂ ਪੈਂਦਾ ਸਗੋਂ ਉਤਮ ਪੁਰਖ ਦੇ ਜੀਵਨ ਵਿਚੋਂ ਕੁਝ ਨਾ ਕੁਝ ਲੱਭਦਾ ਹੀ ਹੈ। ਹਾਂ ਬਹੁਤ ਕਾਲ ਇਹ ਕਥਾਵਾਂ ਸੀਨਾਂ ਬਸੀਨਾਂ ਹੀ ਵਿਚਰਦੀਆਂ ਰਹੀਆਂ, ਜ਼ਬਾਨੀ ਯਾਦ ਵਿਚ ਕੁਝ ਨਾ ਕੁਝ ਫਰਕ ਪੈਂਦਾ ਹੀ ਰਹਿੰਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਇਹ ਸਾਰਾ ਇਤਿਹਾਸ ਰੱਦੀ ਦੀ ਟੋਕਰੀ ਵਿਚ ਹੀ ਫੈਂਕ ਦਿਤਾ ਜਾਵੇ। ਜਿਹੜੇ ਸਾਡੇ ਵੀਰ ਗੁਰਬਾਣੀ ਨੂੰ ਮੰਨਦੇ ਤਾਂ ਹਨ, ਪਰ ਅਸਲ ਭਾਵ ਨੂੰ ਨਾ ਜਾਣ ਕੇ ਗੁਰਬਾਣੀ ਦੀ ਉਲੰਘਣਾ ਕਰਦੇ ਹਨ, ਉਹਨਾਂ ਨੂੰ ਠੰਢੇ ਦਿਲ ਨਾਲ ਗੁਰਬਾਣੀ ਵਿਚਾਰ ਲੈਣੀ ਚਾਹੀਦੀ ਹੈ।

ਸ੍ਰੀ ਰੰਗ ਬੈਕੁੰਠ ਕੇ ਵਾਸੀ ॥ ਮਛੁ ਕਛੁ ਕੂਰਮੁ ਆਗਿਆ ਅਉਤਰਾਸੀ ॥
ਕੇਸਵ ਚਲਤ ਕਰਹਿ ਨਿਰਾਲੇ ਕੀਤਾ ਲੋੜਹਿ ਸੋ ਹੋਇਗਾ ॥੮॥ ਸ: ੧੦੮੩॥ ਮ: ੫॥

੩-ਸ੍ਰੀ ਰੰਗ ਮਾਇਆ ਦਾ ਪਤੀ ਬੈਕੁੰਠ ਵਿਚ ਵਸਣ ਵਾਲਾ, ਵਿਸ਼ਨੂੰ ਜੀ ਮਹਾਰਾਜ, ਮਛੁ ਤੇ ਕਛੁ ਅਵਤਾਰ ਹੇ ਵਾਹਿਗੁਰੂ ਇਹ ਸਭ ਤੇਰੇ ਹੁਕਮ ਦੀ ਖੇਡ ਹੈ । ਹੇ ਕੇਸਾਂ ਵਾਲੇ ਵਾਹਿਗੁਰੂ ਤੇਰੇ ਕੌਤਕ ਅਸਚਰਜ ਹੀ ਹਨ, ਜੋ ਤੂੰ ਚਾਹੁੰਦਾ ਹੈਂ ਸੋਈ ਹੁੰਦਾ ਹੈ। ਜਿਸ ਨੂੰ ਭਾਈ ਗੁਰਦਾਸ ਜੀ ਨੇ ਐਉਂ ਕਿਹਾ ਹੈ:-

ਹੁਕਮ ਬਿਨਾ ਝੂਲੈ ਨਹੀਂ ਪਾਤਾ ॥ ਹੋਇ ਹੈ ਸੋਇ ਜੋ ਕਰੇ ਬਿਧਾਤਾ ॥

ਜਦ ਇਹਨਾਂ ਅਵਤਾਰਾਂ ਦੀ ਹੋਂਦ ਨੂੰ ਗੁਰਬਾਣੀ ਮੰਨਦੀ ਹੈ, ਫੇਰ ਸਾਡੇ ਲਾਭ ਲਈ ਸ੍ਰੀ ਦਸਮੇਸ਼ ਜੀ ਇਸ ਦਾ ਬਿਆਨ ਕਰਦੇ ਨੇ, ਫੇਰ ਅਸੀਂ ਬ੍ਰਾਹਮਣਵਾਦ ਬ੍ਰਾਹਮਣਵਾਦ ਕਰਕੇ ਡੰਡਾ ਲੈ ਕੇ ਮਗਰ

Digitized by Panjab Digital Library | www.panjabdigilib.org

ਪੈ ਜਾਂਦੇ ਹਾਂ, ਇਹ ਕਿਥੋਂ ਦੀ ਗੁਰ ਸਿਖੀ ਹੋਈ। ਗੁਰੂ ਦੀ ਕਿਸੇ ਭੀ ਹਰਕਤ ਜਾਂ ਉਸ ਦੇ ਹੁਕਮ ਤੇ ਕਿੰਤੂ (ਬੇਵਿਸ਼ਵਾਸੀ) ਕਰਨ ਵਾਲਾ ਸਿਖ ਨਰਕਾਂ ਦਾ ਭਾਗੀ ਹੁੰਦਾ ਹੈ। ਇਸੇ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰ-ਗੱਦੀ ਦਿੱਤੀ ਸੀ, ਕਿ ਨਾ ਗੁਰੂ ਦੀ ਕੋਈ ਹਰਕਤ ਦਾ ਦ੍ਰਿਸ਼ ਸਿਖ ਤਕਣ, ਨਾ ਇਹਨਾਂ ਨੂੰ ਸ਼ੱਕ ਜਾਂ ਕਿੰਤੂ ਕਰਨਾ ਪਵੇ ਤਾਂ ਕਿ ਮੇਰੇ ਸਿਖ ਨਰਕਾਂ ਵਿਚ ਜਾਣੋਂ ਬਚ ਜਾਣ। ਪਰ ਅਸੀਂ ਗੁਰਬਾਣੀ ਤੇ ਗੁਰੂਆਂ ਦੀ ਹੀ ਹਰਕਤ ਤੇ ਸਿਵਲ ਨਾ ਫੁਰਮਾਨੀ ਕਰ ਦਿਤੀ ਹੈ।

੪-ਮੋਹਨੀ ਅਵਤਾਰ

੪-ਤੀਸਰਾ ਅਵਤਾਰ ਮਹਾਂ ਮੋਹਨੀ ਹੋਇਆ ਹੈ-ਜਦੋਂ ਸਮੁੰਦ੍ਰ ਰਿੜਕੰਕੇ ੧੪ ਰਤਨ ਅਤੇ ੧੪ ਉਪਰਤਨ ੮ ਧਾਤਾਂ ਕੱਢੀਆਂ ਗਈਆਂ ਸਨ। ਤਾਂ ਹੁਣ ਕੋਈ ਪੁਛੇ ਕਿ ਇਹਨਾਂ ਦੇ ਨਾਵਾਂ ਦਾ ਵੇਰਵਾ ਕੀ ਹੈ-ਪਾਠਕਾਂ ਦੀ ਜਾਣਕਾਰੀ ਲਈ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਅਨੁਸਾਰ ਹੇਠ ਦਿਤੇ ਗਏ ਹਨ :-

ਚੌਦਾਂ ਰਤਨ ਇਹ ਸਨ-(੧) ਧਨੁਖ (੨) ਬਾਣ (੩) ਸ਼ਰਾਬ (੪) ਐਰਾਪਤਿ ਹਾਥੀ (੫) ਘੋੜਾ (੬) ਅੰਮ੍ਰਿਤ (੭) ਲਛਮੀ (੮) ਕਲਪ ਬ੍ਰਿੱਛ (੯) ਜ਼ਹਿਰ (੧੦) ਰੰਭਾ (੧੧) ਕੌਸਤਕ ਮਨੀ (੧੨) ਕਲਪ ਬ੍ਰਿੱਛ (੧੩) ਚੰਦ੍ਰਮਾ (੧੪) ਕਾਮਧੇਨ ਗਊ।

ਇਹ ਹਨ ਅੱਗੇ ਉਪ ਰਤਨ-(੧) ਜੋਕ (੨) ਹਰੀੜ (੩) ਹਕੀਕ ਪੱਥਰ (੪) ਸ਼ਹਿਦ (੫) ਸੰਖ (੬) ਸੋਮਲਤਾ (੭) ਭੰਗ (੮) ਸੁਦਰਸ਼ਨ ਚੱਕ੍ਰ (੯) ਗਦਾ (੧੦) ਧਨੁਖ (੧੧) ਤਲਵਾਰ (੧੨) ਤ੍ਰਿਸ਼ੂਲ (੧੩) ਅਗਨ (੧੪) ਕਪਲ ਮੁਨੀ ਅਗੇ ਵੇਰਵਾ ਦਿਤਾ ਹੈ ਕਿ ਇਹ ਉਪ ਰਤਨ ਹਨ। (੧੪) ਧਨੰਤਰ ਵੈਦ ਚੌਧਵਾਂ ਰਤਨ ਹੈ।

ਅੱਗੇ ਧਾਤਾਂ ਦੱਸੀਆਂ ਹਨ-(੧) ਲੋਹਾ (੨) ਸਿੱਕਾ (੩) ਸੋਨਾ (੪) ਚਾਂਦੀ (੫) ਤਾਂਬਾ (੬) ਕਲੀ (੭) ਪਿੱਤਲ (੮) ਜਿਸਤ।

ਜਦੋਂ ਸੰਸਾਰ ਦੀ ਬਣਤਰ ਬਣਾਉਣੀ ਸੀ ਤਾਂ ਇਹ ਸਾਰੀਆਂ ਚੀਜ਼ਾਂ ਮੁਢਲੀਆਂ ਲੋੜਾਂ ਪੂਰੀਆਂ ਰਕਦੀਆਂ ਸਨ। ਜੇ ਇਹ ਸਾਰੀਆਂ ਚੀਜ਼ਾਂ ਨਾ ਹੋਣ ਤਾਂ ਅੱਜ ਭੀ ਸਾਡੇ ਸਾਰੇ ਕੰਮ ਰੁਕ ਸਕਦੇ ਹਨ। ਪਰ ਇਹ ਕਾਦਰ ਦੀ ਕੁਦਰਤ ਦਾ ਕ੍ਰਿਸ਼ਮਾਂ ਹੈ ਜੋ ਉਸ ਵੇਲੇ ਸਮੁੰਦ੍ਰ ਵਿਚੋਂ ਕੱਢੀਆਂ ਸਨ ਅਜ ਧਰਤੀ ਦੀ ਖੋਜ ਕਰਕੇ ਧਰਤੀ ਵਿਚੋਂ ਕਢੀਆਂ ਜਾ ਰਹੀਆਂ ਹਨ ਅਤੇ ਕਈ ਅਜ ਭੀ ਸਮੁੰਦ੍ਰ ਵਿਚੋਂ ਹੀ ਮਿਲਦੀਆਂ ਹਨ। ਜਿਸਦਾ ਬੰਦੋਬਸਤ ਸਿਰਜਨਹਾਰ ਨੇ ਪਹਿਲਾਂ ਹੀ ਕਰਕੇ ਰਖਿਆ ਹੋਇਆ ਹੈ, ਪਰ ਹਾਸਲ ਕਰਨ ਲਈ ਪਹਿਲਾਂ ਤੋਂ ਹੀ ਕਿਸੇ ਨਾ ਕਿਸੇ ਨੂੰ ਅਰ ਕੋਈ ਨਾ ਕੋਈ ਜਤਨ ਕਰਨਾ ਹੀ ਪੈਂਦਾ ਹੈ-ਜੋ ਅਨਹੋਣੀ ਗਲ ਨਹੀਂ ਜਿਸ ਲਈ ਗਿ: ਭਾਗ ਸਿੰਘ ਦੀ ਕਲਪਣਾ ਕਰਨੀ ਫਜ਼ੂਲ ਹੀ ਹੈ।

ਜਿਵੇਂ-ਅਜ ਭੀ ਹਰ ਸਭਾ ਸੁਸਾਇਟੀ ਵਿਚ ਅਵਲ ਤਾਂ ਵਧ, ਨਹੀਂ ਤਾਂ ੨ ਧੜੇ ਜ਼ਰੂਰੀ ਹੁੰਦੇ ਹਨ ਜਿਨ੍ਹਾਂ ਦਾ ਮੁੱਦਾ ਇਕ ਦੂਜੇ ਦੇ ਕੰਮ ਵਿਚ ਰੋਕ ਪਾਉਣਾ ਤੇ ਭੰਡਣਾ ਨਾ ਕਾਮਿਯਾਬੀ ਦੇ ਰਾਹ ਪਾਉਣਾ ਹੀ ਹੁੰਦਾ ਹੈ। ਗਿ: ਭਾਗ ਸਿੰਘ ਵਾਂਗ ਇਕ ਦੂਜੇ ਦੀ ਹਰ ਗਲ ਨੂੰ ਕੋਝੀ ਸ਼ਕਲ ਦੇਕੇ ਝਗੜਾ ਕਰਨਾ ਹੁੰਦਾ ਹੈ। ਇਸ ਤਰ੍ਹਾਂ ਸ੍ਰੀ ਦਸਮੇਸ਼ ਜੀ ਬਚਿਤ੍ਰ ਨਾਟਕ ਦਾ ਨਾਮ ਦੇ ਅਕਾਲ ਪੁਰਖ ਦੀ ਖੇਡ ਦੇ ਦ੍ਰਿਸ਼ ਦਿਖਾ ਰਹੇ ਹਨ ਜੋ ਕੈਤਕ ਆਦਿ ਸ਼ਕਤੀ ਵਲੋਂ ਦੈਂਤ ਤੇ ਦੇਵਤਿਆਂ ਦੇ ਰੂਪ ਵਿਚ ਅਖਾੜੇ ਰਚੇ

Digitized by Panjab Digital Library | www.panjabdigilib.org

ਗਏ ਹਨ। ਰਤਨ ਉਪਰਤਨ ਕਢੇ ਗਏ, ਜਿਸ ਦੀ ਵੰਡ ਤੇ ਦੋਹਾਂ ਧਿਰਾਂ ਦਾ ਝਗੜਾ ਹੋ ਗਿਆ, ਮਿਟਦਾ ਨਾ ਤਕ ਕੇ ਵਿਸ਼ਨੂੰ ਭਗਵਾਨ ਨੂੰ ਨਰ ਨਾਰਾਇਣ ਅਵਤਾਰ ਧਾਰਨਾ ਪਿਆ। ਲੜਾਈ ਹੋਈ ਦੋਹਾਂ ਧਿਰਾਂ ਦਾ ਅਤਿ ਨੁਕਸਾਨ ਹੋਇਆ, ਅਨੇਕਾਂ ਯੋਧੇ ਖਪ ਗਏ, ਅੰਤ ਬਿਨਾਂ ਹਾਰ ਜਿਤ ਦੋਵੇਂ ਧਿਰਾਂ ਦੌੜ ਗਈਆਂ। ਪਦਾਰਥਾਂ ਦਾ ਬਟਵਾਰਾ ਫੇਰ ਭੀ ਨਾ ਹੋਇਆ ਜਿਸ ਪਰ ਵਿਸ਼ਨੂੰ ਭਗਵਾਨ ਨੂੰ ਮੋਹਣੀ ਰੂਪ ਵਿਚ ਅਵਤਾਰ ਲੈਣਾ ਪਿਆ, ਜਿਸ ਨੇ ਦੋਹਾਂ ਦੀ ਵੰਡ ਮੁਕਾਈ ਅਤੇ ਅੰਮ੍ਰਿਤ ਦੇਵਤਿਆਂ ਨੂੰ ਤੇ ਦੈਂਤਾਂ ਨੂੰ ਸ਼ਰਾਬ ਧੋਖੇ ਨਾਲ ਪਿਲਾਈ ਗਈ । ਜੇ ਗਿ: ਭਾਗ ਸਿੰਘ ਜੀ ਅਜੇ ਭੀ ਕਹਿਣ ਇਹ ਸਭ ਗੱਪਾਂ ਹਨ ਤਾਂ ਇਹ ਨਿਸ਼ਾਨੀਆਂ ਭੀ ਹਨ (ਸਕੰਦ) ਪੁਰਾਣ ਅਨੁਸਾਰ ਜਦੋਂ ਅੰਮ੍ਰਿਤ ਦਾ ਕੁੰਭ ਸਵਰਗ ਨੂੰ ਲੈ ਜਾਣ ਲਗੇ ਤਾਂ ਸ਼ੁਕਰ ਦੇ ਭੜਕਾਏ ਹੋਏ ਦੈਂਤ ਟੁਟ ਕੇ ਪੈ ਗਏ ਅਤੇ ਅੰਮ੍ਰਿਤ ਕੁੰਭ ਦੀ ਖੋਹਾ ਖਾਹੀ ਵਿਚ ੧੨ ਦਿਨ ਲੜਾਈ ਹੁੰਦੀ ਰਹੀ ਅਤੇ ਇਸ ਦੌਰਾਨ, ੪ ਜਗਾਹ ਤੇ ਅੰਮ੍ਰਿਤ ਡੁਲ੍ਹ ਗਿਆ (੧) ਪ੍ਰਯਾਗ, (੨) ਨਾਸਿਕ (੩) ਹਰਦਵਾਰ, (੪) ਉਜੈਨ। ਉਨ੍ਹਾਂ ਚੌਹਾਂ ਥਾਵਾਂ ਤੇ ਉਸੀ ਪ੍ਰੰਪਰਾ ਅਨੁਸਾਰ ਅਜ ਤਕ ਕੁੰਭ ਦੇ ਨਾਮ ਦਾ ਮੇਲਾ (ਇਕੱਠ) ਹੁੰਦਾ ਹੈ, ਬੈਕੁੰਠ ਦਾ ਇਕ ਦਿਨ ਮਾਤ ਲੋਕ ਦੇ ਵਰ੍ਹੇ ਦੇ ਬਰਾਬਰ ਹੁੰਦਾ ਹੈ, ੧੨ ਦਿਨ ਜੰਗ ਹੋਇਆ ਸੀ । ੧੨ ਸਾਲ ਪਿਛੋਂ ਹੀ ਇਹ ਮੇਲਾ ਲਗਦਾ ਹੈ, ਜਿਸ ਤੋਂ ਬਾਅਦ ਹੀ ਮੋਹਣੀ ਰੂਪ ਵਿਚ ਅਵਤਾਰ ਹੋਇਆ ਜਿਸ ਨੇ ਇਸ ਵੰਡ ਨੂੰ ਮੁਕਾਇਆ ਸੀ। ਅਗੇ ਗੁਰਬਾਣੀ ਦੀ ਗਵਾਹੀ ਹਾਜ਼ਰ ਹੈ :-

ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ ॥
ਚਉਦਹ ਰਤਨ ਨਿਕਾਲਿਅਨੁ ਕਰਿ ਆਵਾਗਉਣੁ ਚਿਲਕਿਓਨੁ ॥
ਕੁਦਰਤਿ ਅਹਿ ਵੇਖਾਲੀਅਨੁ ਜਿਣਿ ਐਵਡ ਪਿੰਡ ਠਿਣਕਿਓਨੁ ॥ ਸਫਾ ੯੬੭ ॥

ਅਗੇ ਹੋਰ- ਜਿਨਿ ਬਾਸਕੁ ਨੇਤ੍ਰੈ ਘਤਿਆ ਕਰਿ ਨੇਹੀ ਤਾਣੁ ॥
ਜਿਨਿ ਸਮੁੰਦੁ ਵਿਰੋਲਿਆ ਕਰਿ ਮੇਰੁ ਮਧਾਣ ॥
ਚਉਦਹ ਰਤਨ ਨਿਕਾਲਿਅਨੁ ਕੀਤੋਨੁ ਚਾਨਾਣੁ ॥ ਸਫਾ ੯੬੮ ॥

ਜਿਸ ਤੋਂ ਸਮੁੰਦਰ ਦਾ ਰਿੜਕਣਾ ਅਤੇ ਪ੍ਰਬਤ ਦਾ ਮਧਾਣਾ ਕਰਨਾ, ਸ਼ੇਸ਼ ਨਾਗ ਦਾ ਨੇਤ੍ਰਾ ਕਰਨਾ ਅਤੇ ਚੌਦਾਂ ਰਤਨਾਂ ਦਾ ਕਢਣਾ, ਕੁਦਰਤ ਦਾ ਖੇਡ ਨਿਸਚੇ ਹੈ।

ਬੈਰਾਹ

੫-ਛੇਵਾਂ ਅਵਤਾਰ-ਵਿਸ਼ਨੂੰ ਜੀ ਨੇ ਬੈਰਾਹ ਰੂਪ ਵਿਚ ਲਿਆ ਸੀ ਜੋ ਹਰਨਾਕਸ਼ ਤੇ ਹਰਣਕਸ਼ਪ ਦੇ ਰੂਪ ਵਿਚ ਦਿਤੀ ਮਾਤਾ ਦੇ ਪੇਟੋਂ ਜਨਮ ਲੈ ਕੇ ਪਿਤਾ ਕਸ਼ਪ ਰਿਸ਼ੀ ਦੇ ਵਰ ਨਾਲ ਹੋਏ ਸੀ। ਜਿਨ੍ਹਾਂ ਨੇ ਧਰਤੀ ਤੇ ਸਮੁੰਦਰ ਪਰ ਪੂਰਾ ਅਧਿਕਾਰ ਬਣਾ ਲਿਆ ਸੀ ਅਤੇ ਵੇਦਾਂ ਸਮੇਤ ਧਰਤੀ ਨੰ ਭੀ ਪਤਾਲ ਵਿਚ ਲੈ ਗਏ ਅਤੇ ਆਪਣੇ ਟਾਕਰੇ ਵਿਚ ਲੜਨ ਵਾਲਾ ਵਿਅਕਤੀ ਲਭਦੇ ਫਿਰਦੇ ਸਨ, ਹੰਕਾਰ ਨੇ ਪੂਰਨ ਵਸ ਵਿਚ ਕਰ ਲਏ ਸਨ, ਉਹਨਾਂ ਨੂੰ ਮਾਰਨਾ ਤੇ ਉਹਨਾਂ ਦੇ ਹੰਕਾਰ ਦਾ ਸਿਰ ਭੰਨਣਾ ਅਥਵਾ ਧਰਤੀ ਤੇ ਵੇਦਾਂ ਨੂੰ ਮੁੜ ਕੇ ਸੁਰਜੀਤ ਕਰਨਾ, ਦੇਵਤਿਆਂ ਨੂੰ ਮੁੜ ਕੇ ਵਸਦੇ ਕਰਨਾ ਇਹ ਇਸੇ ਅਵਤਾਰ ਦਾ ਕੰਮ ਸੀ।

ਨਰਸਿੰਘ

੬-ਸਤਵਾਂ ਅਵਤਾਰ ਨਰ ਸਿੰਘ ਰੂਪ ਵਿਚ ਹੋਇਆ ਸੀ, ਜਿਸ ਨੇ ਭਗਤ ਪ੍ਰਹਲਾਦ ਦੀ ਰਖਿਆ

Digitized by Panjab Digital Library | www.panjabdigilib.org

ਕੀਤੀ (**ਹਰਣਾਕਸ ਦੁਸਟ ਹਰਿ ਮਾਰਿਆ ਪ੍ਰਹਲਾਦ ਤਰਾਇਆ**) ਜਿਸ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਥਾਂ ਪੂਰੇ ਸ਼ਬਦ ਮਿਲਦੇ ਹਨ । ਇਹਨਾਂ ਚਮਕਦੀਆਂ ਸਚਾਈਆਂ ਨੂੰ ਝੁਠਲਾਉਣਾ ਮੂੜਤਾ ਦਾ ਕਾਰਨ ਹੋ ਸਕਦਾ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਦਾ ਭਾਵ ਇਹੋ ਦਰਸਾਉਣਾ ਹੈ ਕਿ (**ਭਗਤਿ ਵਛਲ ਹਰਿ ਬਿਰਦ ਹੈ**) ਵਾਹਿਗੁਰੂ ਜੁਗਾਂ ਜੁਗਾਂਤ੍ਰਾਂ ਤੋਂ ਸਚਾਈ ਦੀ ਅਤੇ ਭਗਤੀ ਤੇ ਭਗਤਾਂ ਦੀ ਆਪ ਸਹਾਇਤਾ ਕਰਦਾ ਹੈ। ਸਾਨੂੰ ਇਹ ਦ੍ਰਿਸ਼ ਪੜ੍ਹ ਕੇ ਇਹਨਾਂ ਤੇ ਉਂਟਗਣ ਜਾਂ ਅਲੋਚਨਾਂ ਨਹੀਂ ਕਰਨੀ ਚਾਹੀਦੀ, ਸਗੋਂ ਭਗਤੀ ਭਾਵ ਨੂੰ ਦ੍ਰਿੜ੍ਹ ਕਰਨਾ ਹੈ । ਇਹ ਸਾਮਰਤਕ ਨਕਸ਼ੇ ਖਿੱਚ ਕੇ ਦਸੇ ਹਨ ਜਿਵੇਂ ਕਈ ਵਾਰੀ ਸੁਚੱਜੇ ਪਿਤਾ ਕਈ ਕਹਾਣੀਆਂ ਸੁਣਾ ਕੇ ਪੁਤ੍ਰ ਨੂੰ ਗਿਆਨ ਦਿੰਦੇ ਹਨ ਅਤੇ ਗੁਰੂ ਭੀ ਕਈ ਪ੍ਰਕਾਰ ਨਾਲ ਆਪਣੇ ਸਿਖ ਪੁਤ੍ਰਾਂ ਨੂੰ ਮਤ ਦਿੰਦਾ ਹੈ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਵਿਚ ਸਾਡੇ ਮਹਾਨ ਸੁਜੱਜੇ ਸਤਿਗੁਰਾਂ ਨੇ ਦਰਸਾਏ ਹਨ। ਜਿਸ ਦੇ ਪ੍ਰਮਾਣ ਬਹੁਤ ਮਿਲਦੇ ਹਨ। ਜਿਵੇਂ ਕਿ-

ਤਿਨ ਕਰਤੈ ਇਕ ਚਲਤੁ ਉਪਾਇਆ ॥ ਅਨਹਦ ਬਾਣੀ ਸਬਦੁ ਸੁਣਾਇਆ ॥
ਮਨਮੁਖਿ ਭੂਲੇ ਗੁਰਮੁਖਿ ਬੁਝਾਇਆ ॥ ਕਾਰਣ ਕਰਤਾ ਕਰਦਾ ਆਇਆ ॥ ੧ ॥

ਅਗੇ ਚਲਕੇ-ਪਿਤਾ ਪ੍ਰਹਲਾਦ ਸਿਉ ਗੁਰਜ ਉਠਾਈ ॥ ਕਹਾ ਤੁਮਾਰਾ ਜਗਦੀਸ ਗੁਸਾਈ ॥
ਜਗਜੀਵਨ ਦਾਤਾ ਅੰਤਿ ਸਖਾਈ ॥ ਜਹ ਦੇਖਾ ਤਹ ਰਹਿਆ ਸਮਾਈ ॥ ੮ ॥

ਥੰਮੁ ਉਪਾੜਿ ਹਰਿ ਆਪੁ ਦਿਖਾਇਆ ॥ ਅਹੰਕਾਰੀ ਦੈਤ ਮਾਰਿ ਪਚਾਇਆ ॥
ਹੋਰ ਅਗੇ- ਪ੍ਰਹਲਾਦ ਕੇ ਕਾਰਜਿ ਹਰਿ ਆਪੁ ਦਿਖਾਇਆ॥ਭਗਤਾ ਕਾ ਬੋਲ ਆਗੈ ਆਇਆ॥੧੦॥

ਬਾਵਨ

੭-ਅਠਵਾਂ ਅਵਤਾਰ ਬਾਵਨ ਜੀ ਹੋਏ ਹਨ ਜਦੋਂ ਕਿ ਨਰ ਸਿੰਘ ਅਵਤਾਰ ਨੇ ਹਰਨਾਖਸ਼ ਦੈਂਤ ਮਾਰ ਕੇ ਪ੍ਰਹਲਾਦ ਭਗਤ ਨੂੰ ਰਾਜ ਦਾ ਕਾਜ ਸੰਭਾਲ ਦਿਤਾ ਤਾਂ ਦੈਂਤਾਂ ਦਾ ਤਪ ਤੇਜ ਖਤਮ ਹੋ ਗਿਆ ਸੀ, ਪਰਜਾ ਸੁਖੀ ਤੇ ਪਰਜਾ ਦੀ ਭਗਤੀ ਅਤੇ ਧਰਮ ਵਿਚ ਰੁਚੀ ਵਧ ਗਈ ਸੀ; ਅੰਤ ਸਮਾਂ ਪਾਕੇ ਮੁੜ ਫੇਰ ਦੇਵ ਭਗਤੀ ਆਈ। ਬਹੁਤ ਕਾਲ ਤੋਂ ਬਾਅਦ ਬਲ ਰਾਜਾ ਹੋਇਆ ਜੋ ਜਗ ਆਦਿ ਦਾਨ ਤਾਂ ਕਰਦਾ ਸੀ ਪਰ ਹੰਕਾਰ ਵਿਚ ਮੱਤ ਗਿਆ ਸੀ। ਜਦੋਂ ਦੇਵ ਬੁਧੀ ਵਾਲੇ ਦੇਵਤਾ ਲੋਕ ਤੰਗ ਆ ਗਏ ਤਾਂ ਉਹਨਾਂ ਇਕੱਠ੍ਰ ਹੋਕੇ ਅਕਾਲ ਪੁਰਖ ਅਗੇ ਫਰਿਆਦ ਕੀਤੀ, ਜਿਸ ਤੋਂ ਪ੍ਰਸੰਨ ਹੋਕੇ ਅਕਾਲ ਸ਼ਕਤੀ ਨਿਰਗੁਣ ਸਰੂਪ ਨੇ ਵਿਸ਼ਨੂੰ ਭਗਵਾਨ ਨੂੰ ਅਵਤਾਰ ਧਾਰਨ ਲਈ ਆਗਿਆ ਕੀਤੀ ਜੈਸਾ ਕਿ ਸ੍ਰੀ ਦਸਮੇਸ਼ ਜੀ ਲਿਖਦੇ ਹਨ-

ਦੀਯੋ ਆਇਸੰ ਕਾਲ ਪੁਰਖੰ ਅਪਾਰੰ ॥ ਧਰੋ ਬਾਵਨਾ ਬਿਸਨੁ ਅਸਟਮਵਤਾਰੰ ॥
ਲਈ ਬਿਸਨੁ ਆਗਿਆ ਚਲਿਯੋ ਧਾਇ ਐਸੇ॥ਲਹਯੋ ਦਾਰਦੀ ਭੂਪ ਭੰਡਾਰ ਜੈਸੇ॥ ੩ ॥

ਜਿਸਦਾ ਭਾਵ ਹੈ ਕਿ ਅਕਾਲ ਪੁਰਖ ਨੇ ਵਿਸ਼ਨੂੰ ਭਗਵਾਨ ਨੂੰ ਬਾਵਨ ਰੂਪ ਧਾਰਨ ਕਰਨ ਲਈ ਆਦੇਸ਼ ਦਿਤਾ ਸੀ-ਜਿਸ ਵੇਲੇ ਅਕਾਲ ਪੁਰਖ ਦੀ ਆਗਿਆ ਮਿਲ ਗਈ, ਵਿਸ਼ਨੂੰ ਭਗਵਾਨ ਆਪਣੇ ਮਾਲਕ ਦੀ ਆਗਿਆ ਨੂੰ ਵਜਾਉਣ ਲਈ ਐਉਂ ਪ੍ਰਸੰਨਤਾ ਨਾਲ ਚਲਿਆ ਜਿਵੇਂ ਕਿਸੇ ਦਲਿਦਰ ਦੇ

Digitized by Panjab Digital Library | www.panjabdigilib.org

ਮਾਰੇ ਨੂੰ ਪਾਤਸ਼ਾਹੀ ਖਜ਼ਾਨੇ ਮਿਲ ਜਾਂਦੇ ਹਨ। ਜਿਹੜੇ ਸਾਡੇ ਗੁਰਸਿਖ ਵੀਰ ਗਿ: ਭਾਗ ਸਿੰਘ ਦੇ ਆਖੇ ਲਗਕੇ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਗੁਰਬਾਣੀ ਨੂੰ ਬ੍ਰਾਹਮਣਵਾਦ ਜਾਂ ਅਵਤਾਰਵਾਦ ਦਾ ਪ੍ਰਚਾਰ ਕਹਿੰਦੇ ਹਨ ਉਹ ਵੀਚਾਰਕੇ ਤੱਕਣ ਕਿ ਏਥੇ ਅਕਾਲ ਪੁਰਖ ਦੀ ਮਹਿੰਮਾ ਹੈ ਜਾਂ ਅਵਤਾਰਾਂ ਦੀ?ਉਹ ਤਾਂ ਹੁਕਮ ਦੇ ਬੱਧੇ ਕਾਰ ਕਮਾ ਰਹੇ ਹਨ। ਜੇ ਮਾਲਕ ਦਾ ਹੁਕਮ ਬਜਾਉਂਦੇ ਹਨ ਤਾਂ ਅਸੀਂ ਕੌਣ ਹਾਂ ਉਸ ਪਰੀ ਪੂਰਨ ਦੀ ਖੇਡ ਦੀ ਆਲੋਚਨਾ ਕਰਨ ਵਾਲੇ? ਜੇ ਮੁਖਮੰਤ੍ਰੀ ਪੰਜਾਬ ਸਾਡੇ ਕਿਸੇ ਕੰਮ ਨੂੰ ਸੁਧਾਰਨ ਲਈ ਡੀ.ਸੀ. ਨੂੰ ਘਲ ਦੇਵੇ ਤੇ ਸਾਡੇ ਦੁਖ ਸੁਣਕੇ ਡੀ. ਸੀ. ਸਾਹਿਬ ਉਹਨਾਂ ਦੀ ਨਵਿਰਤੀ ਕਰ ਦਿੰਦਾ ਹੈ ਤਾਂ ਕੀ ਅਸੀਂ ਜਿੱਥੇ ਮੁਖ ਮੰਤ੍ਰੀ ਦਾ ਦਿਲੀ ਸ਼ੁਕਰਾਨਾ ਕਰਾਂਗੇ ਤਾਂ ਡਿਪਟੀ ਕਮਿਸ਼ਨਰ ਸਾਹਿਬ ਦਾ ਸਤਕਾਰ ਨਹੀਂ ਕਰਾਂਗੇ। ਤਾਂ ਫੇਰ ਸਾਨੂੰ ਵਿਸ਼ਨੂੰ ਭਗਵਾਨ ਜਾਂ ਅਵਤਾਰਾਂ ਤੋਂ ਬੇ-ਤਹਾਸ਼ਾ ਨਫਰਤ ਕਿਉਂ ? ਫੇਰ ਇਹਨਾਂ ਅਵਤਾਰਾਂ ਦੇ ਕੰਮਾਂ ਦੀ ਪਰਸੰਸਾ ਤੇ ਇਸ ਇਤਿਹਾਸ ਦਾ ਜ਼ਿਕਰ ਤੇ ਗਵਾਹੀ ਗੁਰਬਾਣੀ ਵਿਚੋਂ ਪੂਰੀ ਪੂਰੀ ਮਿਲਦੀ ਹੈ ਤਾਂ ਫੇਰ ਇਹਨਾਂ ਨੂੰ ਅਸੀਂ ਗਪੌੜੇ ਕਹਿੰਦੇ ਜ਼ਰਾ ਭੀ ਨਹੀਂ ਝਿਜਕਦੇ। ਜੇ ਗੁਰੂ ਸਾਹਿਬ ਸਾਡੀ ਗਿਆਤ ਤੇ ਸਾਡੇ ਗਿਆਨ ਅਥਵਾ ਭਲਾਈ ਲਈ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਵਿਚ ਲਿਖ ਦਿਤੀ ਤਾਂ ਕੀ ਅਨਹੋਣੀ ਗੱਲ ਹੋ ਗਈ ਜਿਸ ਤੋਂ ਪਹਾੜ ਢਾਹਿਆ ਜਾ ਰਿਹਾ ਹੈ। ਅੰਤ ਵਿਚ ਸ੍ਰੀ ਦਸਮੇਸ਼ ਜੀ ਆਪਣੀ ਰਾਇ ਦਿੰਦੇ ਹਨ :-

ਜਹ ਸਾਧਨ ਸੰਕਟ ਪਰੇ ਤਹ ਤਹ ਭਏ ਸਹਾਇ ॥
ਦੁਆਰ ਪਾਲ ਹੁਐ ਦਰ ਬਸੇ ਭਗਤ ਹੇਤੁ ਹਰਿ ਰਾਇ ॥੨੬॥

ਚੌਪਈ ॥ ਅਸਟਮ ਅਵਤਾਰ ਬਿਸਨ ਅਸ ਧਰਾ ॥ ਸਾਧਨ ਸਬੈ ਕ੍ਰਿਤਾਰਥ ਕਰਾ ॥

ਗੁਰਬਾਣੀ ਐਉਂ ਦਸਦੀ ਹੈ-

ਕਹਿ ਕਬੀਰ ਭਗਤਿ ਵਸਿ ਕੇਸਵ ਅਜਹੂੰ ਬਲਿ ਕੇ ਦੁਆਰਿ ਖਰਿਓ ॥

ਜਿਸਨੂੰ ਭਾਈ ਗੁਰਦਾਸ ਜੀ ਨੇ ਵਾਰ ੧੦ ਪਉੜੀ ੩ ਵਿਚ ਐਉਂ ਲਿਖਿਆ ਹੈ-

ਬਲਿ ਰਾਜਾ ਘਰਿ ਆਪਣੈ ਅੰਦਰਿ ਬੈਠਾ ਜਗੁ ਕਰਾਵੈ ॥
ਬਾਵਨ ਰੂਪੀ ਆਇਆ ਚਾਰਿ ਵੇਦ ਮੁਖਿ ਪਾਠ ਸੁਣਾਵੈ ॥
ਰਾਜੇ ਅੰਦਰਿ ਸਦਿਆ ਮੰਗਿ ਸੁਆਮੀ ਜੋ ਤੁਧੁ ਭਾਵੈ ॥
ਅਛਲੁ ਛਲਣਿ ਤੁਧੁ ਆਇਆ ਸੁਕ੍ਰ ਪਰੋਹਿਤ ਕਹਿ ਸਮਝਾਵੈ ॥
ਕਰੋਂ ਅਢਾਈ ਧਰਤਿ ਮੰਗਿ ਪਿਛਹੁ ਦੇ ਤ੍ਰਿਹ ਲੋਅ ਨ ਮਾਵੈ ॥
ਦੁਇ ਕਰਿਵਾਂ ਕਰਿ ਤਿੰਨ ਲੋਅ ਬਲਿ ਰਾਜਾ ਲੈ ਮਗਰ ਮਿਣਾਵੈ ॥
ਬਲਿ ਛਲਿ ਆਪੁ ਛਲਾਇਅਨੁ ਹੋਇ ਦਇਆਲ ਮਿਲੈ ਗਲਿ ਲਾਵੈ ॥
ਦਿਤਾ ਰਾਜੁ ਪਤਾਲ ਦਾ ਹੋਇ ਅਧੀਨ ਭਗਤਿ ਜਸੁ ਗਾਵੈ ॥
ਹੁਇ ਦਰਵਾਨੁ ਮਹਾਂ ਸੁਖੁ ਪਾਵੈ ॥ ੩ ॥ ੧੦ ॥

ਇਸੇ ਨੂੰ ਸ੍ਰੀ ਦਸਮੇਸ਼ ਜੀ ਨੇ ਕੁਝ ਵਿਸਥਾਰ ਨਾਲ ਕਿਹਾ ਹੈ ਅਤੇ ਭਗਵਤ ਪੁਰਾਣ ਵਿਚ ਹੋਰ ਵਿਸਥਾਰ ਦਿਤਾ ਹੋਇਆ ਹੈ। ਸੀ ਗ਼ਰ ਗੰਥ ਸਾਹਿਬ ਵਿਚ ਟੂਕ ਮਾਤ੍ਰ ਹੀ ਦਿਤਾ ਗਿਆ ਹੈ।

Digitized by Panjab Digital Library | www.panjabdigilib.org

ਹੇ ਅਕਾਲ ਪੁਰਖ ! ਤੂੰ ਹੀ ਬ੍ਰਾਹਮਣ ਹੈਂ ਅਤੇ ਤੂੰ ਹੀ ਛਤ੍ਰੀ ਹੈਂ ਅਤੇ ਤੂੰਹੀ ਰਾਜਾ ਹੈਂ ਅਤੇ ਤੂੰ ਹੀ ਫਕੀਰ ਹੈਂ। ਸਾਇਆ ਭੀ ਤੂੰ ਹੈਂ, ਮਾਇਆ ਭੀ ਤੂੰ ਹੈਂ; ਦੰਡ ਦੇਣ ਵਾਲਾ ਭੀ ਤੂੰ ਹੈਂ, ਤੂੰ ਹੀ ਇਹ ਸਾਰੇ ਭੇਦ ਪੈਦਾ ਕੀਤੇ ਹਨ। ਸਿਰ ਤੂੰ ਹੈਂ ਅਤੇ ਇਹ ਦੇਹ ਸਰੀਰ ਭੀ ਤੂੰ ਹੈਂ ਅਤੇ ਇਨਸਾਨ ਦੇ ਜਾਨ ਪ੍ਰਾਨ ਭੀ ਤੂੰ ਹੀ ਹੈਂ,ਤੂੰ ਹੀ ਬਕਤਾ ਹੋ ਕੇ ਸੰਸਾਰ ਵਿਚ ਵਿਦਿਆ ਧਰ ਬਣਕੇ ਬੇਦ ਉਚਾਰਨ ਕੀਤੇ ਹਨ। ਤੀਰ,ਬਾਣ ਦਾ ਭਾਵੇਂ ਨਾਮ ਲਿਆ ਜਾਂਦਾ ਹੈ ਅਸਲ ਉਹਨਾਂ ਦੇ ਰਹਿਣ ਦਾ ਅਸਥਾਨ ਭੱਥਾ ਹੀ ਹੁੰਦਾ ਹੈ। ਇਸੇ ਤਰ੍ਹਾਂ ਸ਼ਸਤ੍ਰਾਂ ਦੇ ਭਾਵੇਂ ਨਾਮ ਲਏ ਹਨ ਪਰ ਹੇ ਵਾਹਿਗੁਰੂ ਤੁਸੀਂ ਹੀ ਮੇਰੇ ਸਦਾ ਕੰਮ ਕਰਦੇ ਹੋ। ਤੀਰਾਂ ਦਾ ਭੱਥਾ ਲੈ ਕੇ ਦੁਸ਼ਮਨ ਜਾਂ ਕਿਸੇ ਸ਼ਿਕਾਰ ਨੂੰ ਚਲਾਏ ਜਾਂਦੇ ਹਨ। ਪਰ ਵੈਰੀ ਨੂੰ ਤਾਂ ਤੁਸੀਂ ਪਹਿਲਾਂ ਹੀ ਮਾਰ ਦਿੰਦੇ ਹੋ, ਕ੍ਰਿਪਾਨ ਤਾਂ ਪਿਛੋਂ ਵਾਹੀ ਜਾਂਦੀ ਹੈ। ਭਾਵ ਕ੍ਰਿਪਾਨ ਇਕ ਬਹਾਨਾ ਹੈ, ਵੈਰੀ ਪਰ ਫਤਹਿ ਤੇਰੀ ਕਿਰਪਾ ਬਿਨਾਂ ਨਹੀਂ ਹੁੰਦੀ।

ਤੁਮ ਪਾਟਸ ਪਾਸੀ ਪਰਸ ਪਰਮ ਸਿੰਧ ਕੀ ਖਾਨ ॥
ਤੇ ਜਗ ਕੇ ਰਾਜਾ ਭਏ ਦੀਅ ਤਵ ਜਿੱਹ ਬਰਦਾਨ ॥ ੨੨ ॥
ਸੀਸਸ਼ਤ੍ਰ ਅਰਿ ਆਰ ਅਸ ਖੰਡੋ ਖੜਗ ਕ੍ਰਿਪਾਨ ॥
ਸਕ੍ਰ ਸਰੇਸਰ ਤੁਮ ਕੀਯੋ ਭਗਤ ਆਪਨੋ ਜਾਨ ॥ ੨੩ ॥
ਜਮਧਰ ਜਮਦਾੜਾ ਜਬਰ ਜੋਧਾਂਤਕ ਜਿਹ ਨਾਇ ॥
ਲੂਟ ਕੂਟ ਲੀਜਤ ਤਿਨੈ ਜੋ ਬਿਨ ਬਾਂਧੇ ਜਾਇ ॥ ੨੪ ॥
ਬਾਂਕ ਬਜ੍ਰ ਬਿਛੂਓ ਬਿਸਿਖ ਬਿਰਹ ਬਾਨ ਸਭ ਰੂਪ ॥
ਜਿਨ ਕੋ ਤੁਮ ਕਿਰਪਾ ਕਰੀ ਭਏ ਜਗਤ ਕੇ ਭੂਪ ॥ ੨੫ ॥

ਭਾ:-ਹੇ ਮੇਰੇ ਕਰਤਾਰ ! ਤੂੰ ਹੀ ਪਟਾ, ਪਾਸੀ, ਤੇ ਕੁਹਾੜਾ ਹੈਂ ਅਤੇ ਤੂੰ ਹੀ ਜਗਤ ਦੇ ਰਾਜੇ ਆਪਣਾ ਵਰਦਾਨ ਬਖਸ਼ ਕੇ ਬਣਾ ਦਿਤੇ ਹਨ। ਸ੍ਰੀ ਸ਼ਸਤ੍ਰ ਅਤੇ ਖੰਡੋ ਖੜਗ ਜਾਂ ਕ੍ਰਿਪਾਨ, ਆਦਿ ਦੇ ਕੇ ਤੈਂ ਹੀ ਇੰਦਰ ਨੂੰ ਦੇਵਤਿਆਂ ਦਾ ਰਾਜਾ ਬਣਾਇਆ ਹੈ, ਜਦ ਉਸ ਨੂੰ ਸਚਾ ਭਗਤ ਜਾਣ ਲਿਆ ਸੀ। ਜਮ ਧਰ, ਜਮਦਾੜਾ ਆਦਿ ਜੋ ਭੀ ਸ਼ਸਤ੍ਰ ਜੋ ਭੀ ਧਾਤ ਭਾਵ (ਲੋਹਾ ਪਿੱਤਲ) ਆਦਿ ਦੇ ਬਣੇ ਹੋਏ ਹਨ, ਜੇ ਕੋਈ ਇਹਨਾਂ ਧਾਤਾਂ ਦੇ ਬਣੇ ਹੋਏ ਸ਼ਸਤ੍ਰਾਂ ਨੂੰ ਆਪਣੇ ਸਰੀਰ ਨਾਲ ਬੰਨ੍ਹ ਕੇ ਕਿਤੇ ਜਾਂਦਾ ਹੈ; ਉਸ ਨੂੰ ਲੋਕ ਸੌਖੇ ਹੀ ਮਾਰ ਕੁਟ ਕੇ ਲੁਟ ਲੈਂਦੇ ਹਨ। ਜਿਨ੍ਹਾਂ ਵਿਚ ਬਾਂਕ, ਬਜਰ, ਬਿਛੂਓ ਆਦਿ ਨਾਉਂ ਦਸੇ ਹਨ, ਇਹ ਸ਼ਸਤ੍ਰ ਸਰੀਰ ਦੀ ਰਖਿਆ ਕਰਦੇ ਹਨ। ਪਰ ਜਿਨ੍ਹਾਂ ਨੂੰ ਤੇਰੇ ਬ੍ਰਿਹ (ਵਿਛੋੜੇ) ਦਾ ਬਾਣ ਲਗ ਗਿਆ ਹੈ ਇਹ ਸਾਰੇ ਹੀ ਸ਼ਸਤ੍ਰਾਂ ਦਾ ਰੂਪ ਹੈ ਜਿੰਨੇ ਭੀ ਉਪਰ ਗਿਣ ਕੇ ਦਸੇ ਹਨ, ਪਰ ਜੇ ਕਰ ਇਕ ਧਾਤ ਦੇ ਬਣੇ ਸ਼ਸਤ੍ਰਾਂ ਤੋਂ ਬਿਨਾਂ ਇਨਸਾਨ ਆਪਣੀ ਰਖਿਆ ਨਹੀਂ ਕਰ ਸਕਦਾ, ਜਿਸ ਦੇ ਜਿਗਰ ਵਿਚ ਤੇਰੇ ਵਿਛੋੜੇ ਦਾ ਬਾਣ ਲਗ ਗਿਆ ਹੋਵੇ ਉਸ ਦਾ ਕੀ ਹਾਲ,ਕੀ ਉਸ ਨੂੰ ਜਮ ਨਹੀਂ ਲੁਟ ਕੁਟ ਕਰਨਗੇ। ਗੁਰਬਾਣੀ ਕਹਿੰਦੀ ਹੈ-"**ਤਿਨ ਜਮ ਜਾਗਾਤੀ ਲੂਟਹਿ**"ਉਹਨਾਂ ਨੂੰ ਖਾਲੀ ਹਥ ਤਕ ਕੇ ਜਮ ਜਗਾਤੀਏ ਲੁਟ ਲੈਂਦੇ ਹਨ। ਇਸ ਲਈ ਤੂੰ ਇਹਨਾਂ ਸਾਰੇ ਸ਼ਸਤ੍ਰਾਂ ਦਾ ਰੂਪ ਹੈਂ ਜਿਸ ਦੇ ਉਤੇ ਤੇਰੀ ਕਿਰਪਾ ਹੋ ਗਈ, ਉਹ ਸਾਰੇ ਜਗਤ ਦਾ ਬਾਦਸ਼ਾਹ ਬਣ ਗਿਆ ਜਿਵੇਂ ਇੰਦ੍ਰ ਦੇਵਤਿਆਂ ਦਾ ਰਾਜਾ ਬਣ ਗਿਆ ਸੀ। ਅੰਤ ਵਿਚ-

ਸਸਤ੍ਰ ਸੇਰ ਸਮਰਾਂਭ ਕਰਿ ਸਿੱਪਰਾਰਿ ਸ਼ਮਸੇਰ ॥
ਮੁਕਤ ਜਾਲ ਜਮ ਕੇ ਭਏ ਜਿਨੈ ਕਹਯੋ ਇਕ ਬੇਰ ॥ ੨੬ ॥

Digitized by Panjab Digital Library | www.panjabdigilib.org

ਪਰਸਰਾਮ

੮-ਨੌਵਾਂ ਅਵਤਾਰ (ਪਰਸਰਾਮ) ਹੋਇਆ, ਕਿਉਂਕਿ ਛਤ੍ਰੀ ਲੋਗ ਰਾਜ ਭਾਗ ਤੇ ਪੂਰੇ ਅਧਿਕਾਰ ਜਮਾ ਚੁਕੇ ਸਨ, ਇਹੋ ਜਿਹਾ ਕੌਣ ਹੈ ਜਿਸਨੂੰ ਰਾਜ ਹਕੂਮਤ ਨੂੰ ਪਾਕੇ ਮਦ ਮਸਤੀ ਨਹੀਂ ਹੋਈ, ਖਤ੍ਰੀ ਭੀ ਆਪਣੇ ਆਪਨੂੰ ਬਹੁਤ ਬਲੀ ਤੇ ਉਤਮ ਜਾਣਦੇ ਸਨ। (ਹਰਿ ਜੀ ਹੰਕਾਰ ਨ ਭਾਵਈ ਬੇਦ ਕੂਕ ਸੁਣਾਵਹਿ) ਗੁਰਬਾਣੀ ਵਿਚ ਇਹ ਬੇਦਾਂ ਦੀ ਗਵਾਹੀ ਦਿਤੀ ਹੋਈ ਹੈ, ਹੰਕਾਰਿਆ ਸੋ ਮਾਰਿਆ, ਇਸ ਲਈ ਖਤ੍ਰੀਆਂ ਨੂੰ ਸਿਧੇ ਰਾਹ ਪਾਉਣ ਲਈ ਵਿਸ਼ਨੂੰ ਭਗਵਾਨ ਨੂੰ **ਪਰਸਰਾਮ** ਦਾ ਅਵਤਾਰ ਲੈਣ ਲਈ ਹੁਕਮ ਹੋਇਆ–ਕਿ ਜਮਦਗਨ ਰਿਸ਼ੀ ਦੇ ਘਰ ਜਾਕੇ ਜਨਮ ਲਵੋ ਤੇ ਦੇਵਤਾ ਲੋਕਾਂ ਦੀ ਸਹਾਇਤਾ ਕਰੋ। ਜੋ ਆਗਿਆ ਪਾਕੇ ਰੇਣਕਾ ਦੇ ਪੇਟੋਂ ਜਨਮ ਲੈ ਕੇ ਕੁਹਾੜਾ ਲੈਕੇ ਛਤ੍ਰੀਆਂ ਦਾ ਨਾਸ ਕਰਦਾ ਰਿਹਾ ਅਤੇ ੩ ਵਾਰੀ ਧਰਤੀ ਛਤ੍ਰੀਆਂ ਤੋਂ ਹੀਣ ਕੀਤੀ ਸੀ।

ਕਾਮਧੇਨ ਗਊ ਦੀ ਪੁਤ੍ਰੀ ਪਰਸਰਾਮ ਦੇ ਪਿਤਾ ਜਮਦਗਨ ਦੇ ਪਾਸ ਸੀ, ਸਹਸਰ ਬਾਹੂ ਉਸ ਗਊ ਨੂੰ ਲੈਣਾ ਚਾਹੁੰਦਾ ਸੀ, ਨਾ ਮਿਲਨੇ ਪਰ ਸਹਸਰਬਾਹੂ ਨੇ ਪ੍ਰਸਰਾਮ ਦੇ ਪਿਤਾ (ਜਮਦਗਨਿ) ਨੂੰ ਮਾਰ ਦਿਤਾ ਸੀ ਤੇ ਗਊ ਨੂੰ ਲੈ ਗਿਆ ਸੀ। ਜਿਸ ਲਈ ਆਪਣੇ ਪਿਤਾ ਦੇ ਕਤਲ ਦਾ ਵੈਰ (ਬੱਟਾ) ਲੈਣ ਲਈ ਪ੍ਰਸਰਾਮ ਨੇ ਛਤ੍ਰੀਆਂ ਨੂੰ ਉਕਾ ਹੀ ਮੁਕਾ ਦੇਣ ਦਾ ਪ੍ਰਣ ਕਰ ਲਿਆ ਸੀ। ਅਤੇ ਸਹਸਰ ਬਾਹੂ ਜੋ ਆਪਨੂੰ ੧੦੦੦ ਹਜ਼ਾਰ ਬਾਹਾਂ ਦੇ ਬਲ ਵਾਲਾ ਸਮਝਦਾ ਸੀ, ਨੂੰ ਪ੍ਰਸਰਾਮ ਨੇ ਜਾ ਵੰਗਾਰਿਆ ਜਿਸਨੂੰ ਸ੍ਰੀ ਦਸਮੇਸ਼ ਜੀ ਐਉਂ ਲਿਖਦੇ ਹਠ :–

ਭੁਜੰਗ–ਕਹੋ ਰਾਜ ਮੇਰੋ ਹਨਿਯੋ ਤਾਤ ਕੈਸੇ ॥ ਅਬੈ ਜੁੱਧ ਜੀਤੋਂ ਹਨੋਂ ਤੋਹਿ ਤੈਸੇ ॥
ਕਹਾ ਮੂੜ ਬੈਠੋ ਸੁ ਅਸਤ੍ਰੰ ਸੰਭਾਰੋ ॥ ਚਲੋ ਭਾਜ ਨਾਤੋ ਸਬੈ ਸਸਤ੍ਰ ਡਾਰੋ ॥ ੯ ॥

ਜਿਸ ਤੋਂ ਸਾਨੂੰ ਹੌਂਸਲਾ ਦਲੇਰੀ ਦਾ ਰਾਹ ਮਿਲਦਾ ਹੈ ਕਿ ਸੂਰਮੇਂ ਤੇ ਅਣਖੀ ਆਦਮੀ ਦਾ ਕੀ ਫਰਜ਼ ਹੈ। ਅਤੇ ਅੰਤ ਉਸ ਪ੍ਰਸਰਾਮ ਨੂੰ ਜਿਸ ਨੇ ਸੈਂਕੜੇ ਨਹੀਂ ਹਜ਼ਾਰਹਾਂ ਨਹੀਂ ਲਾਖੋਂ ਛੱਤ੍ਰੀ ਮਾਰ ਮੁਕਾਏ ਸਨ, ਉਸਨੂੰ ਭੀ ਰਾਮ ਚੰਦ੍ਰ ਜੀ ਅਗੇ ਗੋਡੇ ਟੇਕਣੇ ਪਏ ਸਨ। ਇਹ ਦੁਨੀਆਂ ਇਕ ਪ੍ਰਭੂ ਦਾ ਅਖਾੜਾ ਹੈ ਜੋ ਇਸੇ ਤਰ੍ਹਾਂ ਪਤਾ ਨਹੀਂ ਕਦੋਂ ਤੋਂ ਚਲਦਾ ਆਇਆ ਹੈ ਅਤੇ ਕਦ ਤਕ ਚਲਦਾ ਰਹੇਗਾ। ਜਿਸ ਨੂੰ ਸ੍ਰੀ ਦਸਮੇਸ਼ ਜੀ ਥੋੜੇ ਵਿਚ ਕਰਕੇ ਠੀਕ ਢੰਗ ਨਾਲ ਦਿਖਾ ਰਹੇ ਹਨ।

ਬ੍ਰਹਮਾ

੯– ਅਬ ਉਚਰੋਂ ਮੈ ਕਥਾ ਚਿਰਾਨੀ ॥ ਜਿਮ ਉਪਜਯੋ ਬ੍ਰਹਮਾ ਸੁਰ ਗਿਆਨੀ ॥
ਚਤੁਰਾਨਨ ਅਘ ਓਘਨ ਹਰਤਾ ॥ ਉਪਜਯੋ ਸਕਲ ਸ੍ਰਿਸਟ ਕੋ ਕਰਤਾ ॥ ੭ ॥

ਏਸ ਤਰ੍ਹਾਂ ਸ੍ਰੀ ਦਸਮੇਸ਼ ਜੀ ੧੦ਵਾਂ ਅਵਤਾਰ ਬ੍ਰਹਮਾ ਦਾ ਉਚਾਰਨ ਕਰਦੇ ਹਨ ਅਤੇ ਬ੍ਰਹਮਾ ਨੂੰ ਦੇਵਤਿਆਂ ਵਿਚੋਂ ਗਿਆਨੀ ਦੀ ਪਦਵੀ ਹਾਸਲ ਹੈ। ਜਿਸਦੇ ਚਾਰ ਮੁਖ ਅਤੇ ਬੜੀ ਪੁਰਾਣੀ ਕਹਾਣੀ ਕਿਹਾ ਹੈ ਜੋ ਇਸ ਮਾਤ ਲੋਕ ਮੰਡਲ ਦਾ ਕਰਤਾ ਵੀ ਹੈ ਜਿਸ ਬਾਰੇ ਅੰਤ ਵਿਚ ਲਿਖਦੇ ਹਨ–

ਦਸਮ ਅਵਤਾਰ ਬਿਸਨ ਕੋ ਬ੍ਰਹਮਾ॥ ਧਰਿਯੋ ਜਗਤਿ ਭੀਤਰ ਸੁਭ ਕਰਮਾ ॥
ਬ੍ਰਹਮ ਬਿਸਨ ਮਹਿ ਭੇਦੁ ਨ ਲਹੀਐ॥ਸਾਸਤ੍ਰ ਸਿਮ੍ਰਿਤ ਭੀਤਰ ਇਮ ਕਹੀਐ॥

Digitized by Panjab Digital Library | www.panjabdigilib.org

ਗੁਰੂ ਜੀ ਦੱਸਦੇ ਹਨ ਕਿ ਵਿਸ਼ਨੂੰ ਜੀ ਨੇ ਦਸਵਾਂ ਅਵਤਾਰ ਬ੍ਰਹਮਾ ਦਾ ਧਾਰਨ ਕੀਤਾ ਸੀ-ਜਿਸਨੇ ਜਗਤ ਵਿਚ ਚੰਗੇ ਦੇਵ ਕਰਮ ਚਲਾਏ ਤੇ ਦ੍ਰਿੜ੍ਹਾਏ ਅਤੇ ਸ਼ਾਸ਼ਤ੍ਰਾਂ ਤੇ ਸਿੰਮ੍ਰਤੀਆਂ ਦਾ ਕਹਿਣਾ ਹੈ ਕਿ ਬ੍ਰਹਮਾ ਤੇ ਵਿਸ਼ਨੂੰ ਜੀ ਵਿਚ ਕੋਈ ਅੰਤਰਾ ਨਾ ਜਾਣੋਂ। ਭਾਵੇਂ ਆਪਣੀ ਮਤ ਦੇ ਅਹੰਕਾਰ ਵਿਚ ਵੇਦਾਂ ਤੇ ਬ੍ਰਹਮਾ ਆਦਿ ਦੀ ਆਲੋਚਨਾ ਕਰਦੇ ਅਸੀਂ ਕਈ ਵਾਰੀ ਅਪਮਾਨ ਜਨਕ ਸ਼ਬਦ ਵਰਤ ਜਾਂਦੇ ਹਾਂ ਜੋ ਕਦਾਚਿਤ ਭੀ ਠੀਕ ਨਹੀਂ। ਬੇਸ਼ਕ ਵੇਦਾਂ ਤੋਂ ਉਪਰ ਵਾਰ ਪਵਿੱਤ੍ਰ ਤੇ ਸ੍ਰੇਸ਼ਟ ਬਾਣੀ ਸਾਨੂੰ ਗੁਰੂ ਸਾਹਿਬਾਨਾਂ ਤੋਂ ਵਿਰਸੇ ਵਿਚ ਮਿਲੀ ਹੈ-ਪਰ ਗੁਰਬਾਣੀ ਸਾਨੂੰ ਅਪਮਾਨ ਕਰਨ ਨੂੰ ਨਹੀਂ ਕਹਿੰਦੀ। ਬ੍ਰਹਮਾ ਜੀ ਸਾਡੇ ਸਭ ਤੋਂ ਪਹਿਲੇ ਤੇ ਵੱਡੇ ਬਜ਼ੁਰਗ ਹਨ, ਫੇਰ ਸਾਨੂੰ ਪੈਦਾ ਕਰਨ ਦੀ ਜ਼ਿੰਮੇਵਾਰੀ ਦੇ ਨੀਯਤਬਧ ਹਨ ਅਤੇ ਉਹਨਾਂ ਨੇ ਵੇਦਾਂ ਰਾਹੀਂ ਸਾਨੂੰ ਨੇਕ ਕਰਮ ਕਰਨ ਦੀ ਸਿਖਿਆ ਦਿੱਤੀ ਹੈ ਅਤੇ ਸਿਧ ਹੁੰਦਾ ਹੈ ਜਦੋਂ ਜਦੋਂ ਭੀ ਕਿਸੇ ਬ੍ਰਹਮੰਡ ਦੀ ਸਿਰਜਨਾ ਕੀਤੀ ਜਾਂਦੀ ਹੈ, ਪਹਿਲਾਂ ਬ੍ਰਹਮਾ ਜੀ ਹੀ ਵਜੂਦ ਵਿਚ ਆਉਂਦਾ ਹੈ ਅਤੇ ਬ੍ਰਹਮਾ ਜੀ ਇਸ ਤਰ੍ਹਾਂ ਪਹਿਲਾਂ ਵੇਦਾਂ ਦੀ ਰਚਨਾ ਕਰਦੇ ਹਨ, ਜਿਸ ਤੋਂ ਸੰਸਾਰ ਨੂੰ ਪੁੰਨ ਪਾਪ ਦੀ ਲਖਤਾ ਹੁੰਦੀ ਹੈ। ਗੁਰਬਾਣੀ ਨੇ ਸਾਫ ਕਿਹਾ ਹੈ (ਪੁੰਨ ਪਾਪ ਸਭ ਬੇਦ ਦ੍ਰਿੜ੍ਹਾਇਆ)

(੧) ਸਿਮ੍ਰਿਤਿ ਸਾਸਤ੍ਰ ਬੇਦ ਪੁਰਾਣ ॥ ਪਾਰਬ੍ਰਹਮ ਕਾ ਕਰਹਿ ਵਖਿਆਣ ॥ਸ:੮੬੭॥ਮ:੫॥

(੨) ਸਿਮ੍ਰਤਿ ਬੇਦ ਪੁਰਾਣ ਪੁਕਾਰਨਿ ਪੋਥੀਆ॥ਨਾਮ ਬਿਨਾ ਸਭਿ ਕੂੜ ਗਾਲੀ ਹੋਛੀਆ॥ਸ:੭੬੧॥

(੩) ਸਿਮ੍ਰਤਿ ਸਾਸਤ ਬੇਦ ਵਖਾਣੈ॥ ਭਰਮੇ ਭੂਲਾ ਤਤ ਨ ਜਾਣੈ॥
ਬਿਨ ਸਤਿਗੁਰ ਸੇਵੇ ਸੁਖੁ ਨ ਪਾਏ ਦੁਖੇ ਦੁਖ ਕਮਾਵਣਿਆ ॥ ਸ: ੧੧੪॥ ਮਹਲਾ ੩॥

(੪) ਆਵਹਿ ਜਾਹਿ ਅਨੇਕ ਮਰਿ ਮਰਿ ਜਨਮਤੇ ॥ ਬਿਨੁ ਬੂਝੇ ਸਭੁ ਵਾਦਿ ਜੋਨੀ ਭਰਮਤੇ ॥ਮ:੫॥

ਲੋੜ ਹੈ ਬੁਝਣ ਦੀ। ਜੇਕਰ ਵੇਦ ਨਾ ਦੱਸਦੇ ਤਾਂ ਸਾਨੂੰ ਰੱਬ ਦਾ ਪਤਾ ਕਿਥੋਂ ਮਿਲਣਾ ਸੀ ?

੧੦-ਇਸੇ ਤਰ੍ਹਾਂ ਗਿਆਰਵਾਂ ਅਵਤਾਰ ਰੁਦ੍ਰ ਬਣਿਆ ਹੈ, ਜੇ ਮੈਂ ਲਿਖਦਾ ਜਾਵਾਂ ਵਿਸਥਾਰ ਵਧ ਰਿਹਾ ਹੈ ਅਤੇ ਸ਼ਿਵ ਮਹਾਂਦੇਵ ਭਾਵ ਰੁਦ੍ਰ ਅਵਤਾਰ ਦੀ ਕਥਾ ਖਾਸੀ ਹੈ ਜਿਸ ਵਿਚ ਅਨੇਕਾਂ ਚਮਤਕਾਰ ਤੇ ਲੜਾਈਆਂ ਤੇ ਦੈਂਤਾਂ ਦੇ ਕਾਰਨਾਮੇ ਦਰਸਾਏ ਗਏ ਹਨ। ਬਾਰ੍ਹਵਾਂ ਅਵਤਾਰ **ਜਲੰਧਰ** ਨਾਮਕ ਹੋਇਆ ਹੈ-ਜਿਸਦਾ ਸ਼ਿਵਜੀ ਨਾਲ ਅਧਕ ਜੁਧ ਹੋਇਆ ਅਤੇ ਸ਼ਿਵਜੀ ਦੀ ਪੂਰੀ ਤਰ੍ਹਾਂ ਬਰਾਬਰੀ ਨਾਲ ਲੜਿਆ। ਅੰਤ ਸ਼ਿਵ ਜੀ ਨੇ ਅਕਾਲੀ ਜੋਤ ਦਾ ਧਿਆਨ ਕੀਤਾ ਜਿਸਦੇ ਬਲ ਤੇ ਸਹਾਇਤਾ ਨਾਲ ਜਾਲੰਧਰ ਨੂੰ ਮਾਰਿਆ । ਅੱਗੇ ਤੇਰ੍ਹਵਾਂ ਵਿਸ਼ਨ ਅਵਤਾਰ ਲਿਖਿਆ ਹੈ ਜੋ ਬਿਨਾਂ ਵਿਸਥਾਰ ਥੋੜੇ ਵਿਚ ਕਹਿਕੇ ਦਸਦ ਹਨ-

ਕਾਲ ਪੁਰਖ ਕੀ ਦੇਹਿ ਮੋ ਕੋਟਿਕ ਬਿਸਨ ਮਹੇਸ ॥
ਕੋਟਿ ਇੰਦ੍ਰ ਬ੍ਰਹਮਾ ਕਿਤੇ ਰਵਿ ਸਸਿ ਕ੍ਰੋਰ ਜਲੇਸ ॥ ੧ ॥

ਗੁਰੂ ਜੀ ਦੱਸਦੇ ਹਨ ਕਿ ਉਸ ਅਕਾਲ ਪੁਰਖ ਦੀ ਦੇਹ ਵਿਚ ਇਹ ਸਾਰੇ ਹੀ ਦੇਵਤੇ ਕ੍ਰੋੜਾਂ ਦੀ ਗਿਣਤੀ ਵਿਚ ਵਸਦੇ ਹਨ, ਪਰ ਭਾਈ ਭਾਗ ਸਿੰਘ ਨੇ ਤਾਂ ਟੰਗ ਅੜਾ ਦੇਣੀ ਹੈ ਕਿ ਅਕਾਲ ਪੁਰਖ ਦੀ ਦੇਹ ਹੀ ਹੈ ਨਹੀਂ, ਫੇਰ ਉਸ ਵਿਚ ਦੇਵਤੇ ਕਿਥੇ ਜਾ ਵੜੇ। ਮੈਂ ਦਸਣਾ ਚਾਹੁੰਦਾ ਹਾਂ ਕਿ ਭਾਈ ਭਾਗ ਸਿੰਘ ਜੀ ਇਹ ਸਾਰਾ ਸੰਸਾਰ ਹੀ ਨਹੀਂ ਸਗੋਂ ਸਾਰੇ ਬ੍ਰਹਮੰਡ ਹੀ ਅਕਾਲ ਪੁਰਖ ਦੀ ਦੇਹ ਹਨ। ਬਲਕਿ ਪੜ੍ਹਕੇ

Digitized by Panjab Digital Library | www.panjabdigilib.org

ਤੱਕੋ ਗੁਰੂ ਜੀ ਉਸਦੇ ਵੈਰਾਟ ਰੂਪ ਨੂੰ ਕਿਵੇਂ ਦਰਸਾਉਂਦੇ ਹਨ–

ਚੌਪਈ–ਸ੍ਰਮਿਤ ਬਿਸਨ ਤੱਹ ਰਹਤ ਸਮਾਈ ॥ ਸਿੰਧ ਬਿੰਧ ਜੱਹ ਗਨਜੋ ਨ ਜਾਈ ॥
ਸੇਸਨਾਗ ਸੇ ਕੋਟਕ ਤਹਾਂ ॥ ਸੋਵਤ ਸੈਨ ਸਰਪ ਕੀ ਜਹਾਂ ॥ ੨ ॥
ਸਹੰਸ੍ਰਸੀਸ ਤਵ ਧਰ ਤਨ ਜੰਗਾ ॥ ਸਹੰਸ੍ਰ ਪਾਵ ਕਰ ਸਹੰਸ ਅਭੰਗਾ ॥
ਸਹੰਸਰਾਛ ਸੋਭਤ ਹੈਂ ਤਾਕੇ ॥ ਲਛਮੀ ਪਾਵ ਪਲੋਸਤ ਵਾਂਕੇ ॥ ੩ ॥

ਅਤੇ ਏਥੇ ਹੀ ਚੌਦਾਂ ਅਵਤਾਰਾਂ ਦੀ ਕਥਾ ਸਮਾਪਤ ਹੋ ਜਾਂਦੀ ਹੈ।

ਅਰਹੰਤ

੧੧–ਪੰਦ੍ਰਵਾਂ ਅਰਹੰਤ ਨਾਮ ਕਰਕੇ ਅਵਤਾਰ ਦਸਿਆ ਹੈ, ਉਸ ਦੇ ਧਾਰਨ ਦਾ ਕਾਰਨ ਇਹ ਸੀ ਕਿ ਜਦੋਂ ਵੀ ਦੈਂਤ ਦੇਵਤਿਆਂ ਪਰ ਛਾ ਜਾਂਦੇ ਤਾਂ ਵਿਸ਼ਨੂੰ ਭਗਵਾਨ ਜਾਂ ਆਦਿ ਸ਼ਕਤਿ ਆ ਕੇ ਕਿਸੇ ਨਾ ਕਿਸੇ ਰੂਪ ਵਿਚ ਦੇਵਤਿਆਂ ਦੀ ਸਹਾਇਤਾ ਕਰਦੇ ਜਿਸ ਲਈ ਦੈਂਤ ਹਾਰਦੇ ਭੀ ਅਤੇ ਮਾਰੇ ਭੀ ਜਾਂਦੇ। ਜਿਸ ਨੂੰ ਅਨਭਵ ਕਰਕੇ ਦੈਂਤ ਇਕੱਠੇ ਹੋ ਕੇ ਇਸ ਦੀ ਵਿਚਾਰ ਕਰਨ ਲਗੇ (ਸੁਕ੍ਰਾਚਾਰੀਯ) ਦੇ ਮੰਦਰ ਵਿਚ ਇਹ ਮਸਲਾ ਚੁਕਿਆ ਤਾਂ ਉਹਨਾਂ ਦੇ ਗੁਰੂ ਸੁਕ੍ਰ ਨੇ ਇਹ ਸਲਾਹ ਦਿਤੀ ਕਿ ਦੇਵਤੇ ਜੱਗ ਆਦਿ ਪੁੰਨ ਦਾਨ ਭਗਤੀ ਕਰਦੇ ਹਨ, ਇਸ ਲਈ ਇਹਨਾਂ ਦੀ ਰਖਿਆ ਹੁੰਦੀ ਹੈ, ਤੁਸੀਂ ਭੀ ਇਸੇ ਤਰ੍ਹਾਂ ਕਰੋ ਤਾਂ ਤੁਹਾਡੀ ਭੀ ਜਿਤ ਹੋਵੇਗੀ। ਜਦੋਂ ਦੈਂਤਾਂ ਨੇ ਦੇਵਤਿਆਂ ਵਾਲੇ ਕਰਮ ਕਰਨੇ ਅਰੰਭ ਦਿਤੇ ਤਾਂ ਦੇਵਤਿਆਂ ਨੂੰ ਚਿੰਤਾ ਆ ਹੋਈ, ਅਕਾਲ ਪੁਰਖ ਨੇ ਵਿਸ਼ਨੂੰ ਜੀ ਨੂੰ (ਅਰਹੰਤ) ਅਵਤਾਰ ਧਾਰਨ ਦੀ ਆਗਿਆ ਕੀਤੀ ਅਤੇ ਉਸ ਨੇ ਆ ਕੇ (ਸਰਾਵਗ) ਮਤ ਨੂੰ ਆ ਜਨਮ ਦਿਤਾ, ਜੋ ਕੁਝ ਉਸ ਨੇ ਕੀਤਾ ਉਹ ਗੁਰੂ ਜੀ ਦਸਦੇ ਹਨ–

ਸਬਹੂੰ ਹਾਥ ਮੋਚਨਾ ਦੀਨਾ ॥ ਸਿਖਾ ਹੀਣ ਦਾਨਵ ਬਹੁ ਕੀਏ ॥
ਸਿਖਾ ਹੀਣ ਕੋਈ ਮੰਤ੍ਰ ਨ ਫੁਰੈ ॥ ਜੋ ਕੋਈ ਜਪੈ ਉਲਟ ਤਿਹ ਪਰੈ ॥

ਤਾਂ ਉਹਨਾਂ ਦੈਂਤਾਂ ਨੂੰ ਕਮਜ਼ੋਰ ਕਰਨ ਲਈ ਅਰਹੰਤ ਦੇ ਅਵਤਾਰ ਵਿਚ ਵਿਸ਼ਨੂੰ ਭਗਵਾਨ ਨੇ ਉਹਨਾਂ ਦੇ ਹਥਾਂ ਵਿਚ ਮੋਚਨੇ ਦੇ ਦਿਤੇ ਅਤੇ ਕੇਸਾਂ ਤੇ ਦਾੜ੍ਹੀਆਂ ਆਦਿ ਵਾਲਾਂ ਨੂੰ ਪੁਟਵਾਕੇ ਵਾਲ ਹੀਣ ਕਰ ਦਿਤਾ। ਕਿਉਂਕਿ ਵਾਲਾਂ ਤੋਂ ਬਿਨਾਂ ਜਪਿਆਂ ਕੋਈ ਮੰਤ੍ਰ ਵਰ ਜਾਂ (ਫਲ) ਨਹੀਂ ਦਿੰਦਾ, ਜੇ ਕੋਈ ਵਾਲਾਂ ਕੇਸਾਂ ਆਦਿ ਤੋਂ ਬਿਨਾਂ ਮੰਤ੍ਰਾਂ ਦਾ ਜਾਪ ਕਰਦਾ ਹੈ, ਉਹ ਸਗੋਂ ਉਲਟਾ ਪੈਂਦਾ ਹੈ।

ਗੁਰੂ ਜੀ ਨੇ ਇਹ ਕਿਤਨੀ ਗੂੜ ਨੁਕਤੇ ਦੀ ਗਲ ਦਸੀ ਹੈ ਅਤੇ ਏਹ ਵੇਦਕ ਪੁਰਾਣਾਂ ਦੀ ਵਾਰਤਾ ਹੈ। ਬਿਨਾਂ ਪੜ੍ਹੇ ਇਸ ਦਾ ਲਾਭ ਕਿਵੇਂ ਲਿਆ ਜਾ ਸਕਦਾ ਹੈ। ਸਿਰ ਮੂੰਹ ਦੇ ਵਾਲ ਪੁਟਵਾ ਦਿਤੇ, ਅਹਿੰਸਾ ਪਰਮੋ ਧਰਮ ਕਹਿਕੇ ਜੱਗ ਆਦਿਕ ਤੋਂ ਹਟਾ ਦਿਤੇ। ਇਉਂ ਦੇਵ ਕਰਮ ਛੁਡਵਾ ਕੇ ਦੈਂਤਾਂ ਦੇ ਦੈਂਤ ਮੁੜ ਕੇ ਬਣਾ ਦਿਤੇ ਅਤੇ ਸਭ ਕਰਮ ਧਰਮ ਮੁਕਾ ਦਿਤੇ ਤੇ ਉਹਨਾਂ ਨੂੰ ਇਹ ਉਪਦੇਸ਼ ਦਿਤਾ–

ਅੰਨਿ ਅੰਨਿ ਸੇ ਹੋਤੁ ਜਯੋਂ ਘਾਸਿ ਘਾਸਿ ਤੇ ਹੋਇ ॥
ਤੈਸੇ ਮਨੁੱਛ ਮਨੁੱਛ ਤੇ ਅਵਰ ਨ ਕਰਤਾ ਕੋਇ ॥ ੧੪ ॥

Digitized by Panjab Digital Library | www.panjabdigilib.org

ਇਸ ਗਿਆਨ ਨੂੰ ਸਭ ਦੇ ਮਨਾਂ ਵਿਚ ਪੱਕਾ ਕਰ ਦਿਤਾ ਜਿਸ ਤੋਂ ਉਹ ਦੈਂਤ ਕੁਲ ਕਮਜ਼ੋਰ ਪੈ ਗਈ। ਨਾਮ ਤੇ ਦਾਨ, ਅਥਵਾ ਇਸ਼ਨਾਨ ਸਭ ਹੀ ਛੁੜਾ ਦਿਤੇ। ਇਸੇ ਤਰ੍ਹਾਂ ੧੦੦੦ (ਹਜ਼ਾਰ) ਬਰਸ ਅਰਹੰਤ ਨੇ ਰਾਜ ਕੀਤਾ ਅਤੇ ਇਉਂ ਦੈਂਤ ਕੁਲ ਨੂੰ ਕੁਰਾਹੇ ਪਾ ਕੇ ਵਿਸ਼ਨੂੰ ਜੀ ਆਪਣੀ ਅਮਰਾ ਪੁਰੀ ਜਾ ਬਿਰਾਜੇ, ਹੁਣ ਅਸੀਂ ਝਾਤੀ ਮਾਰਨੀ ਹੈ ਕਿ ਅਜ ਅਸੀਂ ਕਿਸ ਰਾਹ ਤੁਰੇ ਜਾ ਰਹੇ ਹਾਂ। ਜਿਸ ਦਾ ਸਿੱਟਾ ਨਿਕਲਦਾ ਹੈ ਕਿ ਪੁਰਾਣਕ ਮਤ ਅਨੁਸਾਰ ਸਰੀਰ ਤੋਂ ਰੋਮ ਉਤਾਰਨੇ ਰਾਖਸ਼ਸ਼ੀ ਪ੍ਰਭਾਉ ਹੈ। ਪੁੰਨ ਦਾਨ ਦਯਾ ਧਰਮ ਵੇਦ ਸ਼ਾਸਤ੍ਰ ਗਿਆਨ ਦਾ ਘਟ ਜਾਣਾ, ਦੈਂਤਕ ਸੁਭਾਉ ਹੈ, ਜਿਸ ਕਰਕੇ ਦੁਖ ਰੋਗ, ਪ੍ਰੇਸ਼ਾਨੀਆਂ ਵਧ ਜਾਣਾ ਅਵਸ਼ਕ ਹੈ, ਝੂਠ ਦਾ ਬੋਲ ਬਾਲਾ ਤੇ ਸਚ ਆਮੱਸਿਆ ਹੁੰਦਾ ਜਾ ਰਿਹਾ ਹੈ। ਬੇਸ਼ਕ ਗੁਰ ਅਮਰਦਾਸ ਜੀ ਨੇ ਜੈਨੀਆਂ ਬਾਰੇ ਇਕ ਪਉੜੀ ਲਿਖੀ ਹੈ। ਜੋ ਇਉਂ ਹੈ-

ਪਉੜੀ- ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ ॥ ਤਿਨ ਮੁਖਿ ਨਾਹੀ ਨਾਮੁ ਨ ਤੀਰਥਿ ਨਾਇਆ ॥ ਹਥੀ ਸਿਰ ਖੋਹਾਇ ਨ ਭਦੁ ਕਰਾਇਆ ॥ ਕੁਚਿਲ ਰਹਹਿ ਦਿਨ ਰਾਤਿ ਸਬਦੁ ਨ ਭਾਇਆ ॥ ਤਿਨ ਜਾਤਿ ਨ ਪਤਿ ਨ ਕਰਮ ਜਨਮ ਗਵਾਇਆ ॥ ਮਨਿ ਜੂਠੈ ਵੇ ਜਾਤਿ ਜੂਠਾ ਖਾਇਆ ॥ ਗੁਰਮੁਖਿ ਓਅੰਕਾਰਿ ਸਚਿ ਸਮਾਇਆ ॥ ੧੬ ॥ ਸ: ੧੩੮੫ ॥ ਮ: ੩ ॥

ਪਾਠਕ ਜਨੋਂ ਵੀਚਾਰੋ ਤੇ ਤਕੋ ਕਿ ਇਸ ਗੁਰ ਸ਼ਬਦ ਤੋਂ ਸਾਨੂੰ ਇਹ ਤਾਂ ਪਤਾ ਲਗਦਾ ਹੈ ਕਿ ਕੋਈ ਜੈਨ ਮਾਰਗ ਮਤ ਭੀ ਹੈ ਅਤੇ ਉਹਨਾਂ ਨੂੰ ਕੁਰਾਹੇ ਪਾਇਆ ਗਿਆ, ਜੋ ਧੁਰੋਂ ਹੁਕਮ ਹੋਇਆ ਸੀ, ਅਤੇ ਉਹ ਨਾਮ ਨਹੀਂ ਜਪਦੇ, ਨਾ ਤੀਰਥ ਨ੍ਹਾਉਂਦੇ ਹਨ ਅਤੇ ਸਿਰ ਮੂੰਹ ਦੇ ਰੋਮ ਹਥਾਂ ਨਾਲ ਜਾਂ ਮੋਚਨੇ ਨਾਲ ਜੜ੍ਹ ਤੋਂ ਪੁਟ ਸੁਟਦੇ ਨੇ। ਨਾ ਰੋਮਾਂ ਨੂੰ ਲੰਮੇ ਹੋਣ ਦਿੰਦੇ ਨੇ ਨਾ ਹੀ ਕਿਸੇ ਹਥਿਆਰ ਭਾਵ ਕੈਂਚੀ ਉਸਤ੍ਰੇ ਨਾਲ ਮੁੰਨਦੇ ਹਨ। ਗੰਦੇ ਰਹਿੰਦੇ ਹਨ, ਗੁਰੂ ਦਾ ਸ਼ਬਦ ਨਹੀਂ ਸੁਣਦੇ, ਉਹ ਉਹਨਾਂ ਨੂੰ ਨਹੀਂ ਭਾਉਂਦਾ ਜਿਸ ਲਈ ਜਨਮ ਗੁਆ ਜਾਂਦੇ ਹਨ ਪਰ ਗੁਰਮੁਖ ਲੋਕ ਓਅੰਕਾਰ ਨੂੰ ਜਪ ਕੇ ਸਚੇ ਵਿਚ ਜਾ ਸਮਾਉਂਦੇ ਹਨ।

ਪਰ ਇਹ ਨਹੀਂ ਦਸਿਆ ਕਿ ਇਹ ਫਿਰਕਾ ਕਿਵੇਂ ਵਜੂਦ ਵਿਚ ਆਇਆ ਅਤੇ ਇਸ ਦੀ ਕੀ ਲੋੜ ਸੀ ? ਇਹਨਾਂ ਨੂੰ ਇਸ ਪਾਸੇ ਕਿਉਂ ਲਾਇਆ ਗਿਆ ? ਇਹਨਾਂ ਸਾਰੇ ਸਵਾਲਾਂ ਦੇ ਉਤਰ ਸ੍ਰੀ ਦਸਮੇਸ਼ ਜੀ ਨੇ ਦਿਤੇ ਹਨ, ਉਹ ਭੀ ਬੜੇ ਥੋੜੇ ਵਿਚ ਕਰਕੇ ਪੂਰੇ ਮੁਕੰਮਲ ਹਾਲ ਲਈ ਪ੍ਰਕਰਣ ਹੀ ਤਕਣੇ ਪੈਣਗੇ। ਸ੍ਰੀ ਦਸਮੇਸ਼ ਜੀ ਨੇ ਇਹ ਸਾਰੀ ਵਜੂਹਾਤ ਦਸ ਦਿਤੀ ਹੈ ਜੋ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਪੜ੍ਹੀ ਜਾ ਸਕਦੀ ਹੈ।

ਅੰਤ ਕੀ ਹੋਇਆ-ਇਹ ਕਿ ਜਿਵੇਂ ਕੋਈ ਸਾਇੰਸਦਾਨ ਜਾਂ ਕਾਰਖਾਨੇਦਾਰ ਮਾਡਲ ਤਿਆਰ ਕਰਦਾ ਹੈ, ਉਸ ਵਿਚ ਕੋਈ ਨਾ ਕੋਈ ਖਾਮੀ ਰਹਿੰਦੀ ਹੈ ਤਾਂ ਉਹ ਉਸ ਵਿਚ ਪ੍ਰੀਵਰਤਨ ਕਰ ਦਿੰਦਾ ਹੈ। ਇਸੇ ਤਰ੍ਹਾਂ ਇਹ ਅਕਾਲ ਪੁਰਖ ਦਾ ਖੇਡਖਾਨਾ ਹੈ। ਕੁਦਰਤ ਦੇ ਕੰਮਾਂ ਵਿਚ ਅਧੂਰਤਾ ਨਹੀਂ, ਪਰ ਇਸ ਕੰਮ ਨੂੰ ਉਸ ਨੇ ਪੂਰਨਤਾ ਦੇਕੇ ਅਗੇ ਲਈ ਮੁਕਾ ਭੀ ਨਹੀਂ ਦੇਣਾ ਹੁੰਦਾ। ਇਸ ਲਈ ਮੁੜ ਕੁਝ ਨਾ ਕੁਝ ਤਬਦੀਲੀ ਕਰਦਾ ਹੀ ਰਹਿੰਦਾ ਹੈ। ਜਿਵੇਂ ਇਕ ਬੱਚਾ ਜਨਮ ਲੈਂਦਾ ਹੈ, ਭਾਵੇਂ ਉਹ ਇਕ ਘੜੀ ਭੀ ਨਾ ਜੀਵੇ, ਜਿਸਨੂੰ ਜਨਮ ਲੈਣ ਤੋਂ ਬਾਅਦ ਉਸੇ ਵੇਲੇ ਦਫਨ ਜਾਂ ਸਾੜ ਦਿਤਾ ਜਾਂਦਾ ਹੈ ਪਰ ਕੁਦਰਤ ਉਸਦੇ ਅੰਗਾਂ ਵਿਚ ਕੋਈ ਘਾਟ ਨਹੀਂ ਆਉਣ ਦੇਂਦੀ, ਇਹ ਨਹੀਂ ਕਹਿੰਦੀ ਕਿ ਜਦ ਇਸ ਨੇ ਜੀਉਣਾ ਹੀ ਨਹੀਂ ਤਾਂ ਇਸ ਨੂੰ ਪੂਰਨਤਾ ਦੇਣ ਦੀ ਕੀ ਲੋੜ ? ਪਰ ਉਹ ਆਪਣੀ ਕਾਨੂੰਨੀ ਕਾਰਵਾਈ ਪੂਰੀ ਹੀ

Digitized by Panjab Digital Library | www.panjabdigilib.org

ਕਰੇਗੀ। ਉਸ ਦੇ ਅੰਗ ਜਾਂ ਉਸ ਦੇ ਹੁਸਨ ਵਿਚ ਰੰਚਕ ਭੀ ਫਰਕ ਨਹੀਂ ਕਰੇਗੀ, ਇਹ ਹੈ ਉਸ ਦੀ ਪੂਰਣਤਾ ਅਤੇ ਤਰਸਦਿਆਂ ਭਟਕਦਿਆਂ ਨੂੰ ਬੜਾ ਵਧੀਆ ਪੁਤਰ ਦੇ ਕੇ ਉਸ ਦੇ ਵਿਚ ਕੋਈ ਔਗਣ ਭਰ ਦੇਣਾ ਇਹ ਉਸ ਦੀ ਅਪੂਰਣਤਾ ਹੈ ਕਿ ਬਾਕੀ ਸਮਾਜ ਦੀਆਂ ਸਾਰੀਆਂ ਆਸਾਂ ਅਧੂਰੀਆਂ ਰਹਿ ਜਾਂਦੀਆਂ ਨੇ। ਇਹ ਹੈ ਅਪੂਰਣਤਾ। ਬਸ ਇਸੇ ਤਰ੍ਹਾਂ ਹਮੇਸ਼ਾ ਸੰਸਾਰ ਦੀ ਇਹ ਹਾਲਤ ਹੁੰਦੀ ਹੀ ਰਹਿੰਦੀ ਹੈ। ਗੁਰੂ ਜੀ ਦਸਦੇ ਹਨ ਕਿ :-

ਚੌਪਈ-ਸ੍ਰਾਵਗ ਮਤ ਸਭ ਹੀ ਜਨ ਲਾਗੇ ॥ ਧਰਮ ਕਰਮ ਸਭਹੀ ਤਜਿ ਭਾਗੇ ॥
ਤਿਆਗਿ ਦਈ ਸਭਹੂੰ ਹਰਿ ਸੇਵਾ ॥ ਕੋਇ ਨ ਮਾਨਤ ਭੇ ਗੁਰੁ ਦੇਵਾ ॥ ੧ ॥

ਸਾਧ ਅਸਾਧ ਸਭੈ ਹ੍ਵੈ ਗਏ ॥ ਧਰਮ ਕਰਮ ਸਭਹੂੰ ਤਜ ਦਏ ॥
ਕਾਲ ਪੁਰਖ ਆਗਿਆ ਤਬ ਦੀਨੀ ॥ ਬਿਸਨ ਚੰਦ ਸੋਈ ਬਿਧ ਕੀਨੀ ॥ ੨ ॥

ਹ੍ਵੈ ਮਨੁ ਰਾਜਾ ਅਵਤਰਾ ॥ ਮਨੁ ਸਿੰਮ੍ਰਤਹ ਪ੍ਰਚੁਰ ਜਗ ਕਰਾ ॥
ਸਕਲ ਕੁਪੰਥੀ ਪੰਥ ਚਲਾਏ ॥ ਪਾਪ ਕਰਮ ਤੇ ਲੋਕ ਹਟਾਏ ॥ ੩ ॥

ਰਾਜਵਤਾਰ ਭਯੋ ਮਨੁ ਰਾਜਾ ॥ ਸਭ ਹੀ ਸਾਜੇ ਧਰਮ ਕੇ ਸਾਜਾ ॥
ਪਾਪ ਕਰੈ ਤਾਕਉ ਗਹਿ ਮਾਰਾ ॥ ਸਕਲ ਪ੍ਰਜਾ ਕਹੁ ਮਾਰਗ ਡਾਰਾ ॥ ੪ ॥

ਜਿਸ ਵੇਲੇ ਜੈਨ ਮਤ ਦਾ ਭਰਪੂਰ ਹੱਲਾ ਭਾਰਤ ਵਰਸ਼ ਵਿਚ ਫੈਲ ਗਿਆ ਤਾਂ ਜੋ ਧਰਮ ਕਰਮ ਦੀਆਂ ਰੀਤਾਂ ਸਨ ਸਭ ਹੀ ਦੂਰ ਹੋ ਗਈਆਂ, ਹਰੀ ਤੇ ਗੁਰੂ ਦੋਹਾਂ ਨੂੰ ਤਿਆਗ ਦਿਤਾ ਗਿਆ ਸੀ। ਅਤੇ ਸਾਧ ਭੀ ਇਸ ਨਾਸਤਕਤਾ ਦੇ ਰਾਹ ਪੈ ਗਏ, ਉਸ ਵੇਲੇ ਅਕਾਲ ਪੁਰਖ ਨੇ ਵਿਸ਼ਨੂੰ ਭਗਵਾਨ ਨੂੰ ਫੇਰ ਆਦੇਸ ਦਿਤਾ ਕਿ ਤੂੰ ਮਨੂੰ ਰਾਜਾ ਦਾ ਅਵਤਾਰ ਲੈ ਅਤੇ ਮਨੂੰ ਸਿਮ੍ਰਤੀ ਨੂੰ ਪ੍ਰਚਲਤ ਕਰ। ਉਸ ਵੇਲੇ ਸ੍ਰੀ ਵਿਸ਼ਨੂੰ ਜੀ ਨੂੰ ਅਰਹੰਤ ਦਾ ਅਵਤਾਰ ਲੈ ਕੇ ਧਰਮ ਕਰਮ ਮੇਟਣ ਦਾ ਹੁਕਮ ਸੀ ਤਾਂ ਉਹ ਪੂਰੀ ਤਰ੍ਹਾਂ ਵਜਾਇਆ। ਜਦੋਂ ਹੁਕਮ ਹੋਇਆ ਕਿ ਧਰਮ ਕਰਮ ਪ੍ਰਚੱਲਤ ਕਰੋ ਤਾਂ ਉਸ ਦਾ ਪੂਰੀ ਤਰ੍ਹਾਂ ਮੰਨਣਾ ਕਰਕੇ ਜਿਹੜੇ ਸਰੇਵੜੇ ਆਪ ਹੀ ਤਿਆਰ ਕੀਤੇ ਸਨ ਆਪ ਹੀ ਮਨੂ ਦਾ ਅਵਤਾਰ ਬਦਲ ਕੇ ਆਪ ਹੀ ਨਾਸ ਕਰ ਦਿਤੇ। ਫੇਰ ਗਿ: ਭਾਗ ਸਿੰਘ ਕਿਵੇਂ ਕਹਿੰਦਾ ਹੈ ਕਿ ਅਕਾਲ ਪੁਰਖ ਦੁਸ਼ਟ ਦਮਨ ਨੂੰ ਕੋਈ ਹੁਕਮ ਨਹੀਂ ਦੇ ਸਕਦਾ ਤੇ ਨਾਲੇ ਇਹ ਅਵਤਾਰਾਂ ਦਾ ਪ੍ਰਚਾਰ ਕਰਨਾ ਹੈ ਜਦ ਕਿ ਇਤਿਹਾਸ ਐਨ ਸਿਧ ਕਰਦਾ ਹੈ ਅਤੇ ਸ੍ਰੀ ਦਸਮੇਸ਼ ਜੀ ਲਿਖਦੇ ਹੈਨ ਕਿ ਇਹ ਸਾਰੀ ਦੀ ਸਾਰੀ ਉਸ ਸ਼ਕਤੀਵਾਨ ਦੇ ਹੁਕਮ ਦੀ ਖੇਡ ਹੈ। ਇਉਂ ੧੬ਵਾਂ ਅਵਤਾਰ ਮਨੂ ਜੀ ਹੋਇ ਸਨ।

੧੨-ਜਦੋਂ ਧਰਮ ਕਰਮ ਵਿਚ ਸੰਸਾਰ ਪ੍ਰਵੇਸ਼ ਕਰ ਲਵੇ ਤਾਂ ਪਦਾਰਥ ਦੀ ਬ੍ਰਿਧੀ ਤੇ ਸੁਖਾਂ ਦੇ ਸਾਧਨ ਕੁਦਰਤੀ ਹਨ, ਜਦੋਂ ਧਨ ਪਦਾਰਥ ਵਧ ਜਾਣ ਤਾਂ ਰੋਗਾਂ ਦਾ ਉਪਜਣਾ ਭੀ ਅਵਸ਼ਕ ਹੋ ਜਾਂਦਾ ਹੈ। ਸ੍ਰੀ ਦਸਮੇਸ਼ ਜੀ ਦਸਦੇ ਹਨ-

ਚੌਪਈ-ਸਭ ਧਨਵੰਤ ਭਏ ਜਗ ਲੋਗਾ ॥ ਇਕ ਨ ਰਹਾ ਤਿਨੋ ਤਨ ਸੋਗਾ ॥

ਭਾਂਤ ਭਾਂਤ ਭੱਛਤ ਪਕਵਾਨਾ ॥ ਉਪਜਤ ਦੇਹ ਰੋਗ ਤਿਨ ਨਾਨਾ ॥ ੧ ॥

ਜਦੋਂ ਸਭ ਲੋਕ ਧਨੀ ਹੋ ਗਏ ਤਾਂ ਉਹਨਾਂ ਨੂੰ ਕੋਈ ਚਿੰਤਾ ਫਿਕਰ ਹੀ ਨਾ ਰਿਹਾ, ਕਈ ਤਰ੍ਹਾਂ ਦੇ ਖਾਣੇ ਕਈ ਤਰ੍ਹਾਂ ਦੇ ਪਕਵਾਨ ਖਾਣ ਲਗੇ ਜਿਸ ਕਰਕੇ ਸਰੀਰਕ ਰੋਗ ਬੀਮਾਰੀਆਂ ਨੇ ਆ ਜਨਮ ਲਿਆ।

Digitized by Panjab Digital Library | www.panjabdigilib.org

ਜਿਵੇਂ ਕਿ ਅਜ ਦੇ ਸਮੇਂ ਦੀ ਭੀ ਇਹ ਹਾਲਤ ਹੈ । ਜਿਉਂ ਜਿਉਂ ਸਾਡੇ ਖਾਣੇ ਵਿਚ ਬਦਪ੍ਰਹੇਜ਼ੀ ਆ ਰਹੀ ਹੈ, ਤਿਉਂ ਤਿਉਂ ਰੋਗ ਤੇ ਬੀਮਾਰੀਆਂ ਡਾਕਟਰਾਂ ਵੈਦਾਂ ਦੇ ਵਸ ਤੋਂ ਬਾਹਰ ਹੁੰਦੀਆਂ ਜਾ ਰਹੀਆਂ ਹਨ; ਫੇਰ ਸਾਇੰਸਦਾਨ ਨਵੀਆਂ ਨਵੀਆਂ ਔਸ਼ਧੀਆਂ ਤਿਆਰ ਕਰਦੇ ਹਨ । ਇਸੇ ਤਰ੍ਹਾਂ ਜਦੋਂ ਸਾਰੇ ਰੋਗਾਂ ਨੇ ਜਨਮ ਲੈ ਲਿਆ ਤਾਂ ਅਕਾਲ ਪੁਰਖ ਨੇ ਵਿਸ਼ਨੂੰ ਭਗਵਾਨ ਨੂੰ (ਧਨੰਤ੍ਰ) ਵੈਦ ਦਾ ਅਵਤਾਰ ਧਾਰਕੇ ਉਹਨਾਂ ਰੋਗਾਂ ਦੀਆਂ ਦਵਾਈਆਂ ਸਾਜਣ ਦਾ ਹੁਕਮ ਦਿਤਾ ਸੀ ।

ਦੋਹਰਾ–ਰੋਗ ਹਰਤ ਕਰ ਅਉਖਧੀ ਸਬਹੀ ਕਰੋ ਜਹਾਨ ॥
ਕਾਲ ਪਾਇ ਤੱਛਕ ਹਨਿਯੋ ਸੁਰ ਪੁਰ ਕੀਯੋ ਪਯਾਨ ॥ ੬ ॥

ਜਿਸ ਨੇ ਆ ਕੇ ਸੰਸਾਰ ਵਿਚ ਅਨੇਕਾਂ ਦਵਾਈਆਂ ਦੇ ਨੁਸਖੇ ਆਦਿ ਢੰਗ ਬਣਾਏ ਪਰ ਅੰਤ ਉਹ ਵੀ ਲੋਕਾਂ ਦੀਆਂ ਦਵਾਈਆਂ ਕਰਕੇ ਆਪਣੇ ਕਾਲ ਸਮੇਂ ਨਾਲ ਤੱਛਕ ਸਰਪ ਦਾ ਸ਼ਿਕਾਰ ਬਣਿਆ ਤੇ ਸੰਸਾਰ ਅਸਾਰ ਤੋਂ ਕੂਚ ਕਰ ਕੇ ਦੇਵ ਲੋਕ ਨੂੰ ਚਲਾ ਗਿਆ । ਜੋ ਸਾਨੂੰ ਅਕੱਟ ਜਵਾਬ ਦਿੰਦਾ ਹੈ ਕਿ ਧਨੰਤਰ ਵੈਦ ਅਤੇ ਬ੍ਰਹਮਾ ਦਾ ਅਵਤਾਰ ਕਹਾਉਣ ਵਾਲੇ ਭੀ ਇਸ ਕਾਲ ਦੇ ਸਮੇਂ ਨੂੰ ਨਹੀਂ ਟਾਲ ਸਕੇ ਤਾਂ ਅਸੀਂ ਕੇਹੜੀ ਵਸਤੂ ਹੋਏ ।

੧੩–ਅਗੇ ਸਫਾ ੧੮੫ ਤੋਂ ੧੮੮ ਤਕ ਬੜਾ ਹੀ ਥੋੜੇ ਵਿਚ ਚੰਦ੍ ਤੇ ਸੂਰਜ ਦਾ ਪ੍ਰਕਰਣ ਹੈ । ਜੋ ਵਿਸ਼ਨੂੰ ਦਾ ੧੮ਵਾਂ ਤੇ ੧੯ਵਾਂ ਅਵਤਾਰ ਮੰਨੇ ਜਾਂਦੇ ਹਨ । ਅਗੇ ੨੦ਵਾਂ ਸ੍ਰੀ ਰਾਮ ਚੰਦ੍ ਅਵਤਾਰ ਜਾਂ ਰਾਮਾਇਣ ਦੀ ਕਥਾ ਹੈ ਅਤੇ ਰਾਮਾਇਣ ਭਾਰਤ ਵਰਸ਼ ਵਿਚ ਇਕ ਮੁਤਬੱਰਕ ਇਤਿਹਾਸ ਹੈ । ਜਿਸ ਦੇ ਨਾਲ ਭਾਰਤ ਦੀ ਸੰਸਕ੍ਰਿਤੀ ਅਤੇ ਮਾਨਵਤਾ ਹੀ ਨਹੀਂ ਸਗੋਂ ਧਰਮ ਦਾ ਇਕ ਗੂੜਾ ਅੰਗ ਹੈ, ਜਿਸ ਵਿਚ ਮਾਨਵੀਯ ਫਰਜ਼ ਇਲਾਕੀ ਤਨਾਵਾਂ ਤੇ ਆਚਰਣ ਦਾ ਬਹੁਤ ਗੂੜ੍ਹਾ ਸਬੰਧ ਹੈ । ਜੇ ਕਿਤੇ ਰਮਾਇਣ ਵਜੂਦ ਵਿਚ ਨਾ ਆਉਂਦੀ ਤਾਂ ਹੋ ਸਕਦਾ ਸੀ ਕਿ ਸਾਡੀਆਂ ਭਾਰਤੀ ਧਰਮ ਕਰਮ ਦੀਆਂ ਲੀਕਾਂ ਹੀ ਮਿਟ ਜਾਂਦੀਆਂ ਤੇ ਇਨਸਾਨ ਪਸ਼ੂ ਬਿਰਤ ਹੋ ਜਾਂਦਾ, ਅਜ ਉਹ ਸਮਾਂ ਹੈ ਜਿਸ ਵਿਚ ਗੁਰਬਾਣੀ ਜਿਹਾ ਅਮੋਲ ਖਜ਼ਾਨਾ ਤੇ ਹੋਰ ਭੀ ਸਭੋ ਕੁਝ ਹੁੰਦਿਆਂ ਹੋਇਆਂ ਭੀ ਜਾਹਿਲ ਸਭਿਅਤਾ ਤੇ ਪਸ਼ੂ ਬਿਰਤੀ ਦੇਂਤ ਆਚਰਣ ਹੀਣਤਾ ਅਥਵਾ ਲੁਟੇਰਾ ਰੂਪ ਸਾਡਾ ਸਮਾਜ ਧਾਰਨ ਕਰਦਾ ਜਾ ਰਿਹਾ ਹੈ । ਕਿਉਂਕਿ ਧਾਰਮਕ ਗ੍ਰੰਥਾਂ ਤੋਂ ਘਿਰਣਾ ਅਲੋਚਕਾਂ ਹਥੋਂ ਵਧਾਈ ਜਾ ਰਹੀ ਹੈ, ਗੁਰਬਾਣੀ ਦਾ ਪਾਠ ਬਜ਼ਾਰੀ ਵਪਾਰ ਬਣ ਗਿਆ ਹੈ, ਸ਼ਰਧਾ ਨੂੰ ਕੜੀ ਢਾਹ ਲੱਗੀ ਹੋਈ ਹੈ, ਪ੍ਰਬੰਧਕਾਂ ਨੂੰ ਚੌਧਰ ਦੀ ਲਾਲਸਾ ਲੈ ਕੇ ਬਹਿ ਰਹੀ ਹੈ, ਸਰਕਾਰੀ ਮਸ਼ੀਨਰੀ ਨੂੰ ਅਲੈਕਸ਼ਨਾਂ ਦਾ ਜੰਗਾਲ ਪੈ ਰਿਹਾ ਹੈ, ਫਕੀਰਾਂ ਨੂੰ ਅਮੀਰੀ ਦਾ ਝਸ ਪੈ ਗਿਆ ਹੈ, ਬਾਕੀ ਜਨਤਾ ਦਾ ਰਾਖਾ ਰੱਬ ਹੀ ਰਹਿ ਗਿਆ ਹੈ, ਜੋ ਆਪਣੀ ਜਿੰਮੇਂਵਾਰੀ ਛੱਡਕੇ ਪਾਸੇ ਨਹੀਂ ਹੋ ਸਕਦਾ । ਰਾਮਾਇਣ ਦਾ ਭੀ ਇਸੇ ਛੇਵੇਂ ਭਾਗ ਦੇ ਤੀਸਰੇ ਅਧਜਾਇ ਵਿਚ ਨਿਰੀਖਣ ਕੀਤਾ ਗਿਆ ਹੈ । ਸ੍ਰੀ ਰਾਮ ਚੰਦ੍ ਜੀ ਨੇ ਭੀ ਦੈਂਤਾਂ ਦਾ ਸੰਘਾਰ ਤੇ ਭਗਤਾਂ ਨਾਲ ਪਿਆਰ ਕੀਤਾ ਸੀ, ਤਾੜਕਾ, ਮਾਰੀਚ, ਸਰੂਪਨਖਾਹ, ਬਾਲੀ, ਰਾਵਣ ਦੇ ਪੁਤ੍ ਦੇਵਾਂਤਕ, ਨਿਰਾਂਤਕ; ਰਾਵਣ ਦੇ ਭਾਈ ਕੁੰਭਕਰਨ ਤੇ ਤ੍ਰਿਮੁੰਡ; ਰਾਵਣ ਸਮੇਤ ਜੇ ਲਿਖਣ ਲਗੀਏ ਤਾਂ ਅਨੇਕਾਂ ਨਾਮ ਹਨ ਜਿਨ੍ਹਾਂ ਦਾ ਸਫਾਇਆ ਕੀਤਾ । ਰਾਮਾਇਣ ਦੀ ਪੂਰੀ ਜਾਣਕਾਰੀ ਲਈ ਅਠਵੇਂ ਭਾਗ ਦੀ ਉਡੀਕ ਕਰੋ ਜੋ ਅਠਵੇਂ ਨੌਵੇਂ ਤੇ ਦਸਵੇਂ ਤਿੰਨਾਂ ਭਾਗਾਂ ਵਿਚ ਹੈ, ਪਰ ਹੁਣ ਅਸੀਂ ਅਸਲ ਵਿਸ਼ੇ ਵਲ ਆਉਂਦੇ ਹਾਂ, ਜਿਸਨੂੰ ਗਿਆਨੀ ਭਾਗ ਸਿੰਘ ਨੇ ਅਲੋਚਨਾ ਦਾ ਵਿਸ਼ਾ ਬਣਾਇਆ ਹੈ ।

Digitized by Panjab Digital Library | www.panjabdigilib.org

੧੪-ਦੋਹਰਾ-ਰਾਮ ਕਥਾ ਜੁਗ ਜੁਗ ਅਟਲ ਸਭ ਕੋਈ ਭਾਖਤ ਨੇਤ ॥
ਸੁਰਗ ਬਾਸ ਰਘੁਬਰ ਕਰਾ ਸਗਰੀ ਪੁਰੀ ਸਮੇਤ ॥ ੬੫੬ ॥

ਗਿ: ਭਾਗ ਸਿੰਘ ਕਹਿੰਦਾ ਹੈ ਕਿ ਰਾਮ ਚੰਦ੍ਰ ਜੀ ਦੇ ਨਾਲ ਸਾਰੀ ਪੁਰੀ ਕਿਵੇਂ ਸੁਰਗ ਨੂੰ ਚਲੀ ਗਈ, ਜਿਸਦਾ ਅਸਲ ਭਾਵ ਇਹ ਹੈ ਕਿ ਆਦਿ ਤੋਂ ਲੈਕੇ ਅਜ਼ ਤਕ ਇਹ ਰੀਤ ਪ੍ਰਚਲਤ ਹੈ ਕਿ ਜਦੋਂ ਵੀ ਕੋਈ ਪ੍ਰਾਣੀ ਅਕਾਲ ਚਲਾਣਾ ਕਰ ਜਾਏ ਭਾਵੇਂ ਕਿਤਨਾ ਭੀ ਪਾਪੀ ਕਿਉਂ ਨਾ ਹੋਵੇ, ਆਮ ਤੌਰ ਪਰ ਉਸ ਨੂੰ ਇਹੋ ਕਿਹਾ ਜਾਂਦਾ ਹੈ ਕਿ ਸਾਡਾ ਫਲਾਂ ਸਬੰਧੀ ਸੁਰਗਵਾਸ ਹੋ ਗਿਆ ਜਾਂ ਕਰ ਗਿਆ ਅਤੇ ਰਾਮ ਕਥਾ ਕਈ ਜੁਗਾਂ ਤੋਂ ਪ੍ਰਚਲਤ ਆ ਰਹੀ ਹੈ ਜਿਸ ਨੂੰ ਸਾਰੇ ਹੀ ਬੜਾਈ ਦਿੰਦੇ ਹਨ। ਰਾਮਾਇਣ ਦੇ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਪਹਿਲਾਂ ਸੀਤਾ ਜੀ ਵਿਛੋੜਾ ਦੇ ਗਈ, ਜਿਸ ਨੂੰ ਰਾਮ ਚੰਦ੍ਰ ਜੀ ਨੇ ਮਹਿਸੂਸ ਕੀਤਾ ਅਤੇ ਆਪ ਸੁਰਗ ਸਿਧਾਰ ਗਏ। ਜਦੋਂ ਤਿੰਨਾਂ ਭਰਾਵਾਂ ਨੇ ਸੁਣਿਆ ਤਾਂ ਉਹਨਾਂ ਨੇ ਭੀ ਪ੍ਰਾਣ ਤਿਆਗ ਦਿਤੇ, ਜਦੋਂ ਉਹਨਾਂ ਦੀਆਂ ਇਸਤ੍ਰੀਆਂ ਨੇ ਦੇਖਿਆ ਤਾਂ ਉਹ ਭੀ ਨਾਲ ਹੀ ਸਤੀ ਹੋ ਗਈਆਂ। ਇਸ ਭਿਆਨਕ ਦ੍ਰਿਸ਼ ਨੂੰ ਤੱਕ ਕੇ ਨਗਰੀ ਦੇ ਲੋਕ ਭੀ ਬਰਦਾਸ਼ਤ ਨਾ ਕਰ ਸਕੇ ਅਤੇ ਸਰਜੂ ਨਦੀ ਵਿਚ ਛਾਲਾਂ ਮਾਰਕੇ ਬਹੁਤ ਸਾਰੇ ਲੋਕ ਸੁਰਗ ਸਿਧਾਰ ਗਏ। ਜਿਸ ਨਾਲ ਇਹ ਪੰਗਤੀ ਪੂਰੀ ਉਤਰਦੀ ਹੈ ਕਿ ਜਿਸ ਦਿਨ ਰਾਮ ਚੰਦ੍ਰ ਜੀ ਸ੍ਵਰਗ ਸੁਧਾਰੇ ਤਾਂ ਸਗ੍ਰੀ ਪੁਰੀ ਭੀ ਸਾਥ ਹੀ ਚਲੀ ਗਈ।

ਪਰ ਜੇ ਇਹ ਭੀ ਕਿੰਹਾ ਜਾਵੇ ਕਿ ਸ੍ਰੀ ਰਾਮ ਜੀ ਸਾਰੀ ਪੁਰੀ ਨੂੰ ਆਪਣੇ ਨਾਲ ਸ੍ਵਰਗ ਨੂੰ ਲੈ ਗਏ ਤਾਂ ਭੀ ਕੀ ਅਸਚਰਜ ਹੈ। ਉਹ ਇਕ ਧਰਮੀ ਮਹਾਂਪੁਰਸ਼ ਸੀ, ਉਹਨਾਂ ਦੇ ਰਾਜ ਵਿਚ ਪਾਪ ਕਰਨ ਦਾ ਕਿਸੇ ਨੂੰ ਹੌਂਸਲਾ ਹੀ ਨਹੀਂ ਸੀ ਪੈਂਦਾ, ਧਰਮੀ ਬੰਦੇ ਸਦਾ ਹੀ ਸੁਰਗ ਨੂੰ ਜਾਇਆ ਕਰਦੇ ਹਨ, ਇਹ ਵੀ ਕੋਈ ਅਸੰਭਵ ਗਲ ਨਹੀਂ। ਗੁਰਬਾਣੀ ਸਾਨੂੰ ਏਥੋਂ ਤਕ ਵਿਸ਼ਵਾਸ ਦਿਵਾਉਂਦੀ ਹੈ ਕਿ-

ਗੁਰ ਨਾਨਕ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥

ਜੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਵਾਲਾ ਤੇ ਨਾਮ ਸੁਣਨ ਵਾਲਾ, ਮੁਕਤਿ ਹੋ ਸਕਦਾ ਹੈ ਤਾਂ ਰਾਮ ਜਿਹੇ ਧਰਮੀ ਬੰਦੇ ਦੇ ਉਪਦੇਸ਼ ਤੇ ਆਦੇਸ਼ ਪਰ ਚਲਣ ਵਾਲੇ ਭੀ ਸੁਰਗ ਨੂੰ ਜਾ ਸਕਦੇ ਹਨ।

ਚੌਪਈ-ਜੋ ਇਹ ਕਥਾ ਸੁਨੈ ਅਰ ਗਾਵੈ ॥ ਦੂਖ ਪਾਪ ਤਿਹ ਨਿਕਟਿ ਨ ਆਵੈ ॥
ਬਿਸਨ ਭਗਤ ਕੀਏ ਫਲ ਹੋਈ ॥ ਆਧਿ ਬਿਆਧਿ ਛੁਵੈ ਸਕੈ ਨ ਕੋਈ ॥

ਜੇ ਕੋਈ ਇਹ ਧਰਮ ਨੀਤੀ ਤੇ ਮਹਾਂਪੁਰਸ਼ਾਂ ਦੀ ਕਥਾ ਕਰਦਾ ਹੈ ਜਾਂ ਸੁਣਦਾ ਹੈ ਤਾਂ ਉਸਦੇ ਪਾਪ ਘਟ ਜਾਣਗੇ, ਜਦੋਂ ਪਾਪ ਘਟ ਗਏ ਤਾਂ ਆ ਧਿ ਬਿਆਧਿ ਦੇ ਰੋਗ ਆਪਣੇ ਆਪ ਹੀ ਤਿੱਤਰ ਹੋ ਜਾਣੇ ਹੋਏ ਤਾਂ ਇਸ ਵਿਚ ਅਣਹੋਣੀ ਗਲ ਕਿਹੜੀ ਹੋਈ। ਜਦੋਂ ਅਸੀਂ ਚੰਗੇ ਕਿਰਦਾਰ ਤੇ ਚੰਗਾ ਵੀਚਾਰ ਬਣਾ ਲਵਾਂਗੇ ਤਾਂ ਇਹ ਵਿਸ਼ਨ ਭਗਤੀ ਕਰਨ ਤੋਂ ਕਿਵੇਂ ਘੱਟ ਹਨ।

੧੫-ਜਿਹੜਾ ਇਹ ਕਹਿਣਾ ਹੈ ਕਿ ਇਹ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਨੂੰ ਕਿਸੀ ਸਾਕਤ ਕਵੀ ਦਾ ਲਿਖਿਆ ਹੋਇਆ ਹੈ-ਪਹਿਲੀ ਗਲ ਤਾਂ ਇਹ ਕਿ ਰਾਮ ਜੀ ਦੇ ਜੀਵਨ ਨਾਲ ਸਾਕਤ ਦਾ ਕੀ ਮੇਲ? ਜੇ ਅਵਤਾਰ ਪੂਜਾ ਦੇ ਹਿਤ ਵਾਲਾ ਕਵੀ ਲਿਖਦਾ ਤਾਂ ਅੰਤ ਵਿਚ ਇਹ ਸਵੱਯਾ ਕੌਣ ਲਿਖ ਗਿਆ?

Digitized by Panjab Digital Library | www.panjabdigilib.org

ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਜੋ ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਜੋ ॥
ਸਿਮ੍ਰਿਤਿ ਸਾਸਤ੍ਰ ਬੇਦ ਸਬੈ ਬਹੁ ਭੇਦ ਕਹੈ ਹਮ ਏਕ ਨ ਜਾਨਜੋ ॥
ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਜੋ ਸਭ ਤੋਹਿ ਬਖਾਨਜੋ ॥੮੯੩॥

ਦੋਹਰਾ–ਨੋਤ੍ਰ ਤੁੰਗ ਕੇ ਚਰਨ ਤਰ ਸਤਦ੍ਰਵ ਤੀਰ ਤਰੰਗ ॥
ਸ੍ਰੀ ਭਗਵਤ ਪੂਰਨ ਕੀਯੋ ਰਘੁਬਰ ਕਥਾ ਪ੍ਰਸੰਗ ॥੮੯੧॥

ਭਾਵ–ਨੈਣਾਂ ਦੇਵੀ ਦੇ ਪਹਾੜ ਦੇ ਹੇਠਲੇ ਪਾਸੇ ਸਤਲੁਜ ਦੇ ਤ੍ਰੰਗਾਂ ਪਾਣੀ ਦੇ ਕਿਨਾਰੇ ਬੈਠਕੇ ਸ੍ਰੀ ਮਦ ਭਾਗਵਤ ਵਿਚੋਂ ਸ੍ਰੀ ਰਾਮ ਚੰਦ੍ਰ ਜੀ ਦਾ ਪ੍ਰਸੰਗ ਲਿੱਖਕੇ ਤਿਆਰ ਕੀਤਾ ਹੈ। ਪਰ ਜਿਹੜੇ ਆਪਣੇ ਆਪ ਨੂੰ ਪੱਕੇ ਸਿਖ ਕਹਾਉਣ ਵਾਲੇ ਹਨ ਉਹ ਕਦੋਂ ਮੰਨਦੇ ਹਨ ਗੁਰੂ ਸਾਹਿਬ ਦੀਆਂ ਅਕਟ ਗਵਾਹੀਆਂ ਅਤੇ ਸਾਡੀਆਂ ਦਿਤੀਆਂ ਦਲੀਲਾਂ। ਸਾਨੂੰ ਤਾਂ ਉਹ ਪਤਿਤ ਸਿਖ ਹੀ ਮੰਨਦੇ ਹਨ, ਗੁਰੂ ਜੀ ਨੂੰ ਝੂਠਾ ਤੇ ਸਾਕਤ ਕਵੀ ਦਸਦੇ ਹਨ, ਆਪਣੇ ਗੁਰੂ ਤੇ ਅਟੰਕਣ ਕਰਨਾ ਗੁਰੂ ਤੋਂ ਬੇਮੁਖਤਾਈ ਹੈ ਅਤੇ ਅਸ਼ਰਧਕ ਹੋਣਾ ਹੀ ਨਚਕਾਂ ਦਾ ਪਾਸ ਪੋਰਟ ਹੈ, ਇਸੇ ਭੈ ਤੋਂ ਸ੍ਰੀ ਦਸਮੇਸ਼ ਜੀ ਨੇ ਸਿਖ ਸੰਗਤਾਂ ਨੂੰ ਪ੍ਰਾ ਪੁਰਖੀ ਗੁਰਿਆਈਆਂ ਤੋਂ ਬਚਤ ਕੀਤਾ ਸੀ, ਪਰ ਹੁਣ ਅਸੀਂ ਹੋਰ ਰਾਹ ਲਭ ਲਿਆ ਹੈ।

ਦੋਹਰਾ–ਸਗਲ ਦੁਆਰ ਕੋ ਛਾਡਿ ਕੈ ਗਹਿਓ ਤੁਹਾਰੋ ਦੁਆਰ ॥
ਬਾਂਹ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ ॥੮੯੪॥

ਭਾਵ–ਸਾਰਿਆਂ ਦਰਾਂ ਨੂੰ ਛੱਡਕੇ ਇਕ ਤੇਰੇ ਦੁਆਰ ਨੂੰ ਪਕੜਿਆ ਹੈ ਅਤੇ ਮੇਰੀ ਆਪ ਦੇ ਚਰਨਾਂ ਵਿਚ ਪੁਜਕੇ ਬਾਂਹ ਫੜਨ ਦੀ ਲਾਜ ਰਖਣੀ, ਕਿਉਂਕਿ ਮੈਂ ਗੋਬਿੰਦ ਦਾਸ, ਹੇ ਸੰਸਾਰ ਤੇ ਹੁਕਮ ਰੂਪੀ ਤਲਵਾਰ ਵਾਲੇ ਮੈਂ ਤੇਰਾ ਦਾਸ ਹਾਂ।

ਨਿਰਗੁਣੁ ਸਰਗੁਣੁ ਆਪੇ ਸੋਈ ॥ ਤਤੁ ਪਛਾਣੈ ਸੋ ਪੰਡਿਤ ਹੋਈ ॥
ਆਪਿ ਤਰੈ ਸਗਲੇ ਕੁਲ ਤਾਰੈ ਹਰਿ ਨਾਮੁ ਮਨਿ ਵਸਾਵਣਿਆ ॥੧॥ ਸ: ੧੨੮॥ ਮ: ੩॥

ਆਪੇ ਛਿੰਝ ਪਵਾਇ ਮਲਾਖਾੜਾ ਰਚਿਆ ॥ ਲਥੇ ਭੜਥੂ ਪਾਇ ਗੁਰਮੁਖਿ ਮਚਿਆ ॥
ਮਨਮੁਖ ਮਾਰੇ ਪਛਾੜਿ ਮੂਰਖ ਕਚਿਆ॥ਆਪਿ ਭਿੜੈ ਮਾਰੇ ਆਪਿ ਆਪਿ ਕਾਰਜੁ ਰਚਿਆ ॥
ਸਭਨਾ ਖਸਮੁ ਏਕੁ ਹੈ ਗੁਰਮੁਖਿ ਜਾਣੀਐ ॥ ਹੁਕਮੀ ਲਿਖੇ ਸਿਰਿ ਲੇਖੁ ਵਿਣੁ ਕਲਮ ਮਸਵਾਣੀਐ ॥
ਸ: ੧੦੮੦ ॥ ਮਹਲਾ ੨ ॥

ਸ੍ਰੀ ਗੁਰ ਦਸਮ ਗ੍ਰੰਥ ਸਾਹਿਬ ਇਸ ਮੱਲਾਂ ਦੇ ਅਖਾੜੇ ਦੀ ਛਿੰਜ ਦਾ ਨਕਸ਼ਾ ਹੈ, ਪੜ੍ਹੋ ਅਗੇ ਧਿਆਨ ਦੇਕੇ ਅਤੇ ਵੀਚਾਰ ਦੇ ਨਾਲ ਪੜ੍ਹੋ।

੧੫ ॥ ੭ ॥ ੨ ॥ ੧੩ ॥ ੨੮ ॥ ੧੩੫ ॥

Digitized by Panjab Digital Library | www.panjabdigilib.org

੧ ੐ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾਗ ੭ ॥ ਅਧਯਾ: ੨ ॥ ਅਲੋਚਨਾਤਮਕ ॥
ਸ੍ਰੀ ਦਸਮ ਗ੍ਰੰਥ ਸਾਹਿਬ ਦੇ ਨਿਰਣੇ ਦਾ ਨਿਰਣਾ ॥ ਪ੍ਰਕਰਣ ਨੰ: ੧੪ ॥ ੨੯ ॥ ੧੩੬ ॥

ਅਵਤਾਰਾਂ ਦੇ ਕਰਤਵ—ਅਥ ਕ੍ਰਿਸ਼ਨਾ ਅਵਤਾਰ

੧–੨੧ਵੇਂ ਸ੍ਰੀ ਕ੍ਰਿਸ਼ਨ ਜੀ ਅਵਤਾਰ ਹੋਏ ਹਨ ਜੋ ਸਫਾ ੨੫੪ ਤੋਂ ਪ੍ਰਕਰਣ ਅਰੰਭ ਹੁੰਦਾ ਹੈ। ਸਭ ਤੋਂ ਪਹਿਲੇ (੧੐ ਵਾਹਿਗੁਰੂ ਜੀ ਕੀ ਫਤਹਿ) ਲਿਖਿਆ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਦੀ ਮੋਹਰ ਛਾਪ ਹੈ। ਅੰਕ ੪ ਤੋਂ ਅਗੇ ਆਪ (ਅਥ ਦੇਵੀ ਜੂ ਕੀ ਉਸਤਤ ਕਥਨੰ) ਸਿਰਲੇਖ ਹੇਠ ਅਕਾਲੀ ਜੋਤ ਦੀ ਉਪਮਾਂ ਕਰਦੇ ਹਨ, ਜਿਸ ਨੂੰ ਪੜ੍ਹਕੇ ਸਾਨੂੰ ਸਾਮਰਤੱਖ ਭੁਲੇਖਾ ਪੈਂਦਾ ਹੈ। ਪਰ ਇਸਦੇ ਬਾਰੇ ਅਗੇ ਬਹੁਤ ਕੁਝ ਵੀਚਾਰ ਹੋ ਚੁਕੀ ਹੈ, ਮੁੜਕੇ ਇਸਨੂੰ ਦੁਹਰਾਉਣਾ ਜੋਗ ਨਹੀਂ, ਇਸ ਬਾਰੇ ਪਾਠਕਾਂ ਦੀ ਤਸੱਲੀ ਹੋ ਚੁਕੀ ਹੈ।

ਸਰਬ ਜੋਤਿ ਰੂਪ ਤੇਰਾ ਦੇਖਿਆ ਸਗਲ ਭਵਨ ਤੇਰੀ ਮਾਇਆ ॥
ਰਾਰੈ ਰੂਪਿ ਨਿਰਾਲਮ ਬੈਠਾ ਨਦਰਿ ਕਰੇ ਵਿਚਿ ਛਾਇਆ ॥ ੩ ॥ ਸ: ੩੫॥ ਮਹਲਾ ੧ ॥

ਹੇ ਮੇਰੇ ਪ੍ਰਭੂ ਸਾਰੇ ਸੰਸਾਰ ਵਿਚ ਜਿੰਨੀਆਂ ਜੋਤਾਂ ਹਨ, ਇਹਨਾਂ ਵਿਚ ਤੇਰਾ ਹੀ ਰੂਪ ਦੇਖਦਾ ਹਾਂ ਅਤੇ ਹਰ ਥਾਂ ਪਰ ਤੇਰੀ ਮਾਇਆ ਵਰਤ ਰਹੀ ਹੈ, ਤੂੰ ਆਪਣਾ ਰੂਪ ਲੈਕੇ ਸਭ ਤੋਂ ਨਿਰਾਲਾ ਹੋਇਆ ਬੈਠਾ ਹੈਂ ਪਰ ਸਭ ਦੇਖ ਭੀ ਰਿਹਾ ਹੈਂ, ਜਿਵੇਂ ਛਾਇਆ ਪ੍ਰਤੀਤ ਹੁੰਦੀ ਹੈ ਪਰ ਫੜੀ ਨਹੀਂ ਜਾਂਦੀ ਪਰ ਇਹ ਜੋਤਿ ਗੁਰੂ ਤੋਂ ਬਿਨਾਂ ਪਰਗਟ ਨਹੀਂ। ਗੁਰਬਾਣੀ ਦਾ ਕਹਿਣਾ ਹੈ (ਗੁਰ ਸਾਖੀ ਜੋਤਿ ਪਰਗਟੁ ਹੋਇ) ਸ: ੬੬੨ ॥ ਮਹਲਾ ੧ ॥ ਗੁਰ ਨਾਨਕ ਦੇਵ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਹੀ ਇਹਨਾਂ ਇਸ਼ਾਰਿਆਂ ਨੂੰ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਤੱਖ ਨਕਸ਼ਾ ਖਿੱਚਿਆ ਹੈ ਅਤੇ ਸਾਡੇ ਦਿਲ ਤੇ ਦਿਮਾਗ ਵਿਚ ਉਸ ਜੋਤਿ ਦੀਆਂ ਖੂਬੀਆਂ ਤੇ ਸ਼ਕਤੀਆਂ ਭਰੀਆਂ ਹਨ ਤਾਂ ਕਿ ਅਸੀਂ ਦਰਗਾਹ ਵਿਚ ਮਕਬੂਲ ਪੈ ਸਕੀਏ, ਉਸ ਨੂੰ ਮੁੜਕੇ ਕਦੇ ਜਨਮ ਨਹੀਂ ਲੈਣਾ ਪਏਗਾ, ਜਿਸਦੇ ਦਿਲ ਦਿਮਾਗ ਤੇ ਹਰਿ ਦੀ ਜੋਤਿ ਸਮਾ ਗਈ।

ਹਰਿ ਦਰਗਹ ਭਾਵਹਿ ਫਿਰ ਜਨਮਿ ਨ ਆਵਹਿ ਹਰਿ ਹਰਿ ਹਰਿ ਜੋਤਿ ਸਮਾਈ ॥ ੧ ॥
ਪੰ: ੬੬੯ ॥ ਮਹਲਾ ੪ ॥
ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤੁ ਬਾਨੀ ॥ਸ: ੬੭੨ ॥ ਮਹਲਾ ੫ ॥

ਜਿਸ ਦੇਵੀ ਦੀ ਉਸਤਤ ਦੀਆਂ ਅੰਤਲੀਆਂ ਪੰਗਤੀਆਂ ਐਉਂ ਹਨ, ਜਿਨ੍ਹਾਂ ਵਿਚ ਦਸਿਆ ਹੈ ਕਿ ਇਹ ਉਸਤਤ ਉਹਨਾਂ ਦੇਵੀਆਂ ਦੀ ਨਹੀਂ ਜਿਨ੍ਹਾਂ ਮੂਰਤੀਆਂ ਅਗੇ ਅਸੀਂ ਮੱਥੇ ਰਗੜਦੇ ਫਿਰਦੇ ਹਾਂ, ਬਲਕਿ ਇਹ ਦੇਵੀ ਓਹ ਹੈ ਜਿਸ ਦੀ ਤਾਰੀਫ ਦਸਦੇ ਆਪ ਲਿਖਦੇ ਹਨ।

Digitized by Panjab Digital Library | www.panjabdigilib.org

ਸ੍ਵਯਾ– ਅੱਦ੍ ਸੁਤਾ ਹੂੰਕੀ ਜੋਤਿ ਨ ਯਾ, ਮਹਿਖਾਸੁਰ ਕੀ ਮਰਤ ਫੁਨਿ ਜੋਊ ॥
ਇੰਦ੍ ਕੋ ਰਾਜਹਿ ਕੀ ਦਵਈਆ, ਕਰਤਾ ਬਧ ਸੁੰਭ ਨਿਸੁੰਭਹਿ ਦੋਊ ॥
ਜੋ ਜਪ ਕੇ ਇਹ ਸੇਵ ਕਰੈ ਬਰ ਕੋ ਸੁ ਲਹੈ ਮਨ ਇੱਛਤ ਸੋਊ ॥
ਲੋਕ ਵਿਖੈ ਉਹ ਕੀ ਸਮਤੁੱਲ ਗਰੀਬ ਨਿਵਾਜ ਨ ਦੂਸਰ ਕੋਊ ॥ ੮ ॥ ਸ: ੩੫੫ ॥

੨-ਏਥੇ ਇਸ ਸ੍ਵਯੇ ਨੂੰ ਵਿਚਾਰ ਲਵੋ–ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਕਿਤੇ ਇਸ ਦਾ ਅਰਥ ਜੋ ਹੇਠਾਂ ਅੰਕ ੬ ਨਾਲ ਦਿਤਾ ਹੈ, ਉਸਨੂੰ ਪਾਰਬਤੀ ਲਿਖ ਦਿਤਾ ਹੈ, ਜਿਸਨੂੰ ਪੜ੍ਹਕੇ ਅਲੋਚਕਾਂ ਨੇ ਪਾਰਬਤੀ ਦੇਵੀ ਦੀ ਉਸਤਤ ਕਾਇਮ ਕਰ ਲਿਆ ਹੈ ਜੋ ਅਰਥ ਵਿਅਰਥ ਹੈ।

ਗੁਰੂ ਜੀ ਝਾਂ ਕਹਿੰਦੇ ਹਨ ਕਿ ਜਿਸ ਦੇਵੀ ਦਾ ਜ਼ਿਕਰ ਮੈਂ ਲਿਖ ਰਿਹਾ ਹਾਂ ਇਹ ਅਦੁਰਸੁਤਾ, ਪਾਰਬਤੀ ਹੂੰ ਕੀ ਜੋਤਿ ਨਯਾ ਭਾਵ ਅਦ੍ ਸੁਤਾ ਜਿਸ ਨੂੰ ਪਾਰਬਤੀ ਕਹਿੰਦੇ ਹਨ ਇਹ ਉਹ ਜੋਤਿ ਨਹੀਂ, ਸੁਆਲ ਹੁੰਦਾ ਹੈ ਫੇਰ ਕਿਹੜੀ ਹੈ ? ਉੱਤਰ ਆਪ ਦਿੰਦੇ ਹਨ ਕਿ ਇਹ ਉਹ ਦੇਵੀ ਹੈ ਜਿਸਨੇ ਮਹਿਖਾਸੁਰ ਨੂੰ ਮਾਰਿਆ ਸੀ। ਹੁਣ ਸੋਚੋ ਮਹਿਖਾਸੁਰ ਨੂੰ ਮਾਰਨ ਨਾਲ ਪਾਰਬਤੀ ਦਾ ਕੀ ਤਅੱਲਕ ਸੀ ਅਤੇ ਜਿਸਨੇ ਮਹਿਖਾਸੁਰ ਦੈਂਤ ਨੂੰ ਮਾਰਕੇ ਇੰਦ੍ ਆਦਿ ਦੇਵਤਿਆਂ ਨੂੰ ਰਾਜ ਦਵਾਇਆ ਸੀ ਅਤੇ ਜਿਸਨੇ ਸੁੰਭ ਤੇ ਨਸੁੰਭ ਦੋਹਾਂ ਦੈਂਤਾਂ ਨੂੰ ਮਾਰਿਆ ਸੀ। ਲਿਖਣ ਵਾਲੇ ਨੇ ਲਿਖ ਤਾਂ ਦਿਤਾ ਪਰ ਇਹ ਨਹੀਂ ਵੀਚਾਰਿਆ ਕਿ ਜਦ ਪਾਰਬਤੀ ਵੀਚਾਰੀ ਨੇ ਸੁੰਭ ਨਿਸੁੰਭ ਨਾਲ ਜੰਗ ਜੁਧ ਹੀ ਨਹੀਂ ਕੀਤਾ ਫਿਰ ਉਸਦਾ ਨਾਮ ਏਥੇ ਅਸੀਂ ਕਿਉਂ ਲਿਖਦੇ ਹਾਂ, ਇਹ ਮੁਕਾਲਤਾ ਕਿੱਡਾ ਵੱਡਾ ਪਹਾੜ ਦਾ ਰੂਪ ਧਾਰ ਗਿਆ, ਗੁਰੂ ਜੀ ਕਹਿੰਦੇ ਹਨ ਕਿਜੋ ਇਸ ਜੋਤਿ ਦੀ ਜਪ ਕੇ ਸੇਵਾ ਕਰੇਗਾ ਉਹ ਮਨ ਇੱਛਤ ਵਰ ਪ੍ਰਾਪਤ ਕਰ ਸਕਦਾ ਹੈ ਅਤੇ ਇਸ ਲੋਕ ਦੇ ਵਿਚ ਉਸ ਅਕਾਲੀ ਜੋਤਿ ਦੇ ਬਰਾਬਰ ਗ਼ੀਬਾਂ ਦੀ ਬਾਂਹ ਫੜਨ ਵਾਲਾ ਹੋਰ ਕੋਈ ਨਹੀਂ ਹੈ।

ਇਸ ਤੋਂ ਅਗੇ ਭਾਗਵਤ ਪੁਰਾਣ ਦੇ ਦਸਵੇਂ ਸਕੰਧ ਅਨੁਸਾਰ ਜੋ ਜੋ ਭੀ ਕ੍ਰਿਸ਼ਨ ਲੀਲਾ ਅੰਕਿਤ ਹੈ ਉਹ ਸਫਾ ੫੭੦ ਅੰਕ ੨੪੯੨ ਵਿਚ ਕਬਿਤ ਸ੍ਵਯੇ ਚੌਪਈਆਂ ਆਦਿ ਵਿਚ ਲਿਖੀ ਹੈ। ਉਸਦੇ ਵਿਚ ਨਾ ਕਿਸੇ ਦਾ ਪ੍ਰਚਾਰ ਹੈ ਨਾ ਲਿਖਾਰੀ ਦੀ ਆਪਣੀ ਤਮੰਨਾ ਹੈ ਜਿਸ ਬਾਰੇ ਆਪ ਨੇ ਸਾਫ ਲਿਖ ਦਿਤਾ ਹੈ ਕਿ ਮੈਂ ਇਹ ਸਭ ਕੁਝ ਧਰਮ ਯੁਧ ਦੇ ਚਾਇ ਲਿਖੇ ਹਨ, ਹੋਰ ਮੈਨੂੰ ਕੋਈ ਵਾਸ਼ਨਾ ਹੀ ਨਹੀਂ ਹੈ। ਪਰ ਅਲੋਚਕ ਜਨ ਕਿੰਤੂ ਕਰਦੇ ਹਨ, ਕ੍ਰਿਸ਼ਨ ਲੀਲਾ ਵਿਚ ਬਹੁਤ ਸਾਰੀਆਂ ਗੋਪੀਆਂ ਆਦਿ ਦੀਆਂ ਕਥਾਵਾਂ ਆਉਂਦੀਆਂ ਹਨ, ਗੁਰੂ ਜੀ ਨੇ ਇਹ ਕਿਉਂ ਲਿਖੀਆਂ ਜਿਸਦਾ ਉੱਤਰ ਸਾਫ ਹੈ, ਮਹਾਂ ਪੁਰਸ਼ਾਂ ਦੇ ਕੰਮਾਂ ਵਿਚ ਕਈ ਪੁਰਾਤਨ ਅੰਦਰੂਨੀ ਰਾਜ਼ ਹੁੰਦੇ ਹਨ, ਉਹ ਆਪ ਨਿਰਲੇਪ ਹੁੰਦੇ ਹਨ, ਕ੍ਰਿਸ਼ਨ ਜੀ ਨੂੰ ਗੁਰਬਾਣੀ ਨੇ ਗੁਰਮੁਖ ਕਰਕੇ ਲਿਖਿਆ ਹੈ, ਪਰ ਨਾਲ ਅਨੇਕਾਂ ਸ਼ੁਭ ਗੁਣ ਦੈਂਤਾਂ ਦਾ ਮਾਰਨਾ ਤੇ ਸੰਤਾਂ ਭਗਤਾਂ ਦੀ ਸਹਾਇਤਾ ਤੇ ਰਖਿਆ ਕਰਨੀ, ਇਹ ਦੋਵੇਂ ਰੁਖ ਨਾਲ ਹੀ ਰਹਿੰਦੇ ਹਨ। ਜਦ ਇਸ ਇਤਿਹਾਸ ਨੂੰ ਪੁਰਾਣਾਂ ਵਿਚ ਤੇ ਹੋਰ ਮਹਾਂ ਪੁਰਖਾਂ ਦੀ ਲੇਖਣੀਆਂ ਵਿਚ ਹਜ਼ਾਰਾਂ ਵਰ੍ਹਿਆਂ ਤੋਂ ਪ੍ਰੇਮ ਨਾਲ ਸਾਡਾ ਸਮਾਜ ਪੜ੍ਹਦਾ ਆ ਰਿਹਾ ਹੈ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਲਿਖਕੇ ਕੀ ਅਨਹੋਣੀ ਗਲ ਕਰ ਦਿਤੀ ਹੈ। ਇਤਿਹਾਸਕਾਰ ਨੂੰ ਗੁਣ ਅੌਗੁਣ ਲੈਕੇ ਕਿਸੇ ਦਾ ਤ੍ਰਿਸਕਾਰ ਨਹੀਂ ਸ਼ੋਭਦਾ। ਜਿਵੇਂ ਕਿ:–

ਜੋ ਉਪਮਾ ਬ੍ਰਿਜਨਾਥ ਕੀ ਗਾਇ ਹੈ ਅਉਰ ਕਬਿੱਤਨ ਬੀਚ ਕਰੈਂਗੇ ॥
ਪਾਪਨ ਕੀ ਤੇਊ ਪਾਵਕ ਮੈ ਕਬਿ ਸਿਆਮ ਭਨੈ ਕਬਹੂ ਨ ਜਰੈਂਗੇ ॥
ਚਿੰਤ ਸਭੈ ਮਿਟ ਹੈ ਜੁਰਹੀ ਛਿਨ ਮੈ ਤਿਨ ਕੇ ਅਘ ਬ੍ਰਿੰਦ ਟਰੈਂਗੇ ॥
ਜੋ ਨਰ ਸਜਾਮ ਜੁਕੇ ਪੁਰਸੇ ਪਗ ਤੇ ਨਰ ਫੇਰ ਨ ਦੇਹ ਧਰੈਂਗੇ ॥੨੪੯੩॥

Digitized by Panjab Digital Library | www.panjabdigilib.org

੩-ਇਸ ਵਿਚ ਕੋਈ ਸ਼ਕ ਨਹੀਂ ਕਿ ਸ੍ਰੀ ਦਸਮੇਸ਼ ਜੀ (ਕ੍ਰਿਸਨ ਬਿਸਨ ਕਬਹੂ ਨਾ ਧਿਆਊਂ) ਭੀ ਲਿਖਦੇ ਹਨ ਪਰ ਇਹ ਉਨ੍ਹਾਂ ਦੇ ਸਰਗੁਣ ਸਰੂਪ ਦੇ ਪ੍ਰਥਾਇ ਹੈ, ਜਿਥੇ ਨਿਰਗੁਣ ਆਤਮਾ ਦਾ ਸੰਬੰਧ ਆ ਜਾਂਦਾ ਹੈ ਉਥੇ ਆਪ ਉਸ ਦੀ ਉਪਮਾ ਕਰਦੇ ਹਨ। ਇਹ ਸੰਕੇਤ ਸਾਨੂੰ ਗੁਰਬਾਣੀ ਵਿਚੋਂ ਭੀ ਅਨੇਕਾਂ ਮਿਲਦੇ ਹਨ ਜਿਵੇਂ ਕਿ-

ੳ-ਬਿੰਦ੍ਰਾਬਨ ਮਨ ਹਰਨ ਮਨੋਹਰ ਕ੍ਰਿਸਨ ਚਰਾਵਤ ਗਾਊ ਰੇ ॥ ਸ: ੩੩੮ ॥ ਕਬੀਰ ਜੀ

ਅ-ਮੇਰੇ ਮੋਹਨ ਸ੍ਵਨੀ ਇਹ ਨ ਸੁਨਾਇ ॥ ਸ: ੮੨੦ ॥ ਮਹਲਾ ੫ ॥

ੲ-ਤਨੁ ਮਨੁ ਸਉਪਉ ਕ੍ਰਿਸਨ ਪਰੀਤਿ ॥ ਸ: ੪੧੩ ॥ ਮਹਲਾ ੧ ॥

ਸ-ਸਿਆਮ ਸੁੰਦ੍ ਤਜ ਨੀਂਦ ਕਿਉ ਆਈ ॥ ਆਦਿ ਆਦਿ ॥

ਗੁਰੂ ਜੀ ਇਸ ਸਾਰੇ ਸੰਸਾਰ ਨੂੰ ਬ੍ਰਿਜ ਕਹਿੰਦੇ ਹਨ ਅਤੇ ਇਸ ਸਾਰੇ ਸੰਸਾਰ ਦਾ ਮਾਲਕ ਬ੍ਰਿਜ-ਨਾਇਕ ਕਿਹਾ ਜਾਂਦਾ ਹੈ। ਬ੍ਰਿਜ ਨਾਇਕ ਜਾਂ ਸ਼ਿਆਮ ਅਥਵਾ ਹਰਿ ਜਾਂ ਕ੍ਰਿਸ਼ਨ ਇਹ ਸਾਰੇ ਨਾਮ ਗੁਰਬਾਣੀ ਨੇ ਪ੍ਰਗਟ ਕੀਤੇ ਹਨ, ਗੁਰਬਾਣੀ ਵਿਚ ਆਏ ਨਾਮ ਸਾਰੇ ਦੇ ਸਾਰੇ ਫਲ ਦਾਤਾ ਹਨ ਜਿਸ ਪਰ ਉਟੰਕਣ ਕਰਨ ਦੀ ਸਾਡੀ ਕੋਈ ਅਥਾਰਟੀ ਨਹੀਂ। ਸ੍ਰੀ ਦਸਮੇਸ਼ ਜੀ ਲਿਖਦੇ ਹਨ-

ਜੋ ਬ੍ਰਿਜ ਨਾਇਕ ਕੋ ਰੁਚ ਸੇ ਕਬਿ ਸਿਜਾਮ ਭਨੈ ਫੁਨ ਜਾਪ ਜਪੈਹੈਂ ॥
ਜੋ ਤਿਹ ਕੇ ਹਿਤ ਕੇ ਮਨ ਮੈ ਬਹੁ ਮੰਗਨ ਲੋਗਨ ਕਉ ਧਨ ਦੈਹੈਂ ॥
ਜੋ ਤਜਿ ਕਾਜ ਸਭੈ ਘਰ ਕੇ ਤਿਹ ਪਾਇਨ ਕੇ ਚਿਤ ਭੀਤਰ ਦੈਹੈਂ ॥
ਭੀਤਰ ਤੇ ਅਬ ਯਾ ਜਗ ਕੇ ਅਘ ਬ੍ਰਿੰਦਨ ਬੀਰ ਬਿਦਾ ਕਰ ਜੈਹੈਂ ॥੨੪੮॥

ਭਾਵ- ਜੋ ਬ੍ਰਹਮੰਡਾਂ ਦੇ ਮਾਲਕ ਵਾਹਿਗੁਰੂ ਦਾ, ਦਸਮੇਸ਼ ਜੀ ਕਹਿੰਦੇ ਹਨ ਲਗਨ ਨਾਲ ਜਾਪ ਜਪਦੇ ਹਨ ਅਤੇ ਜੋ ਉਸਦੇ ਪ੍ਰੇਮ ਵਿਚ ਮੰਗਤੇ ਲੋਕਾਂ ਨੂੰ ਧਨ ਦੇ ਕੇ ਤੇ ਉਸਦੀ ਮਦਦ ਕਰਦੇ ਹਨ, ਜੋ ਆਪਣੇ ਨਿਜੀ ਘਰ ਦੇ ਸਵਾਰਥ ਤਿਆਗ ਕੇ ਆਪਣਾ ਚਿਤ ਉਸਦੇ ਚਰਨਾਂ ਨਾਲ ਜੋੜਦਾ ਹੈ; ਉਹ ਆਪਣੇ ਐਸ ਲੋਕ ਦੇ ਪਾਪ ਤੇ ਕਲੇਵਰ ਉਸ ਕੋਲੋਂ ਹਰਨ ਹੋ ਜਾਂਦੇ ਹਨ।

ਪ੍ਰੇਮ ਕੀਓ ਨ, ਕੀਓ ਬਹੁਤੋ ਤਪ ਕਸ਼ਟ ਸਹਿਓ ਤਨ ਕਉ ਅਤਿ ਤਾਯੋ ॥

ਏਥੇ ਅਸੀਂ ਫੇਰ ਟਪਲਾ ਖਾਂਦੇ ਹਾਂ ਅਤੇ ਇਸਨੂੰ ਐਉਂ ਪੜ੍ਹ ਜਾਂਦੇ ਹਾਂ (ਪ੍ਰੇਮ ਕੀਓ ਨ ਕੀਓ ਬਹੁਤੋ ਤਪ) ਨ ਪ੍ਰੇਮ ਕੀਤਾ ਨਾ ਬਹੁਤਾ ਤਪ ਕੀਤਾ,ਇਹ ਅਗਲੀ ਪੰਗਤੀ ਪੜ੍ਹਨ ਨਾਲ ਖੰਡਨ ਹੋ ਜਾਏਗਾ। ਇਸ ਦਾ ਅਸਲ ਭਾਵ ਇਹੋ ਹੈ ਕਿ ਪ੍ਰੇਮ ਤਾਂ ਕੀਤਾ ਨਹੀਂ ਤਪ ਬਹੁਤਾ ਕਰਦਾ ਰਿਹਾ, ਉਸ ਨੇ ਐਵੇਂ ਕਸ਼ਟ ਹੀ ਸਹਿਆ ਅਤੇ ਸਰੀਰ ਹੀ ਤਪਾਇਆ।

ਕਾਂਸੀ ਮੈ ਜਾਇ ਪੜਿਓ ਅਤਹੀ ਬਹੁ ਬੇਦਨ ਕੋ ਕਰਿ ਸਾਰ ਨ ਆਯੋ ॥

ਕਾਂਸ਼ੀ ਜੀ ਵਿਚ ਜਾਕੇ ਬੜੀ ਪੜਤੀ ਪੜ੍ਹਦਾ ਰਿਹਾ ਪਰ ਬੇਦਾਂ ਦੇ ਤੱਥ ਨੂੰ ਸਮਝਿਆ ਹੀ ਨਹੀਂ।

ਦਾਨ ਦੀਏ ਬਸਿ ਹ੍ਵੈ ਗਯੋ ਸਿਆਮ ਸਭੈ ਅਪਨੋ ਤਿਹ ਦਰਬ ਗਵਾਯੋ ॥

Digitized by Panjab Digital Library | www.panjabdigilib.org

ਦਾਨ ਤਾਂ ਦਿਤਾ ਪਰ ਬੇਵਸ ਹੋਕੇ ਭਾਵ ਮਨ ਦੀ ਦ੍ਰਿੜ੍ਹਤਾ ਤੋਂ ਬਿਨਾਂ ਦਿਤਾ ਦਾਨ ਨਿਸਫਲ ਹੋ ਗਿਆ, ਸਮਝੋ ਉਸਨੇ ਆਪਣਾ ਧਨ ਗਵਾ ਭਾਵ (ਰੋੜ੍ਹ) ਹੀ ਛੱਡਿਆ ਹੈ, ਇਸ ਲਈ–

ਅੰਤਰਿ ਕੀ ਰੁਚਕੈ ਹਰਿ ਸਿਉ ਜਿਹ ਹੇਤ ਕੀਓ ਤਿਨ ਹੂ ਹਰਿ ਪਾਯੋ ॥੨੪੮੪॥

ਸ੍ਰੀ ਸ੍ਵਾਮੀ ਦਸਮੇਸ਼ ਜੀ ਅੰਦਰ ਹਿਰਦੇ ਦੀ ਲਗਨ, ਰੁਚੀ ਤੇ ਪ੍ਰੇਮ ਤੇ ਜ਼ੋਰ ਦਿੰਦੇ ਹਨ ਕਿ ਇਕ ਮਨ ਦੀ ਭਾਵਨਾ ਦੀ ਸੁਧੀ ਤੋਂ ਬਿਨਾਂ ਹਰਿ ਪਾਇਆ ਨਹੀਂ ਜਾ ਸਕਦਾ ਅਤੇ ੮੮ ਤਕ ਅਗਲੇ ਚਾਰ ਛੰਦ ਇਸੇ ਤਰ੍ਹਾਂ ਪ੍ਰੇਮ ਦੇ ਵੀਚ੍ਹਾਰ ਤੇ ਹੀ ਜ਼ੋਰ ਦਿਤਾ ਹੈ ਅਤੇ ਅੰਤਲੀ ਪੰਗਤੀ ਵਿਚ ਕਿਹਾ ਹੈ। **ਭਾਖਤ ਹੈ ਕਬਿ ਸੰਤ ਸੁਨੋ ਜਿਹ ਪ੍ਰੇਮ ਕੀਏ ਤਿਨ ਸ੍ਰੀ ਪਤਿ ਪਾਏ ॥** ਗੁਰੂ ਜੀ ਕਹਿੰਦੇ ਹਨ ਕਿ ਮੈਂ ਕਦੋਂ ਕਹਿ ਰਿਹਾ ਹਾਂ ਇਸ ਤੋਂ ਕੰਨ ਦੇ ਕੇ ਸੁਣ ਲਓ ਜਿਸ ਨੇ ਪ੍ਰੇਮ ਕੀਤਾ ਹੈ ਉਸੀ ਨੇ (ਲਛਮੀ) ਵਰ ਭਾਵ ਲਛਮੀ ਦੇ ਪਤੀ ਦੀ ਪ੍ਰਾਪਤੀ ਕੀਤੀ ਹੈ।

ਜਿਵੇਂ ਮਰਦਾਨੇ ਦੀ ਤਾਰ ਨਾਨਕ ਬੋਲਦੀ ਸੀ, ਇਸੇ ਤਰ੍ਹਾਂ ਇਸ ਬਾਣੀ ਦੀ ਇਕ ਇਕ ਪੰਗਤੀ ਵਿਚੋਂ ਸ੍ਰੀ ਦਸਮੇਸ਼ ਜੀ ਦੀ ਆਵਾਜ਼ ਆ ਰਹੀ ਹੈ, ਪਰ ਬੋਲੇ ਕੰਨ ਸੁਣ ਨਹੀਂ ਸਕਦੇ, ਈਰਖਾਲੂ ਹਿਰਦਾ ਬੁਝ ਨਹੀਂ ਸਕਦਾ। ਅਗੇ ਗਿ: ਭਾਗ ਸਿੰਘ ਨੇ (ਛਤ੍ਰੀ ਕੋ ਪੂਤ ਹੋ ਬਾਮਨ ਕੋ ਨਾਹਿ) ਪਰ ਅਲੋਚਨਾ ਕੀਤੀ ਹੈ, ਜਿਸਦਾ ਅਰਥ ਭਾਵ ਦਸਮੇਸ਼ ਬਾਣੀ ਬਿਸ਼ਨ ਸਿੰਘ ਖਾਲਸਾ ਕਾਲਜ ਦੇ ਰਚਿਤ ਵਿਚ ਦੇਖੀ ਜਾ ਸਕਦੀ ਹੈ। ਸ੍ਰੀ ਦਸਮੇਸ਼ ਜੀ ਆਪ ਛਤ੍ਰੀ ਬੰਸ ਦੇ ਸਿਰਮੌਰ ਗੁਰੂ ਤੇਗ ਬਹਾਦਰ ਜੀ ਦੇ ਪੁਤ੍ਰ ਸਨ, ਇਹ ਕੋਈ ਅਨਹੋਣੀ ਗਲ ਨਹੀਂ ਹੈ। ਜੋ ਪੂਰਾ ਸ਼ਲੋਕ ਐਉਂ ਹੈ :–

ਛਤ੍ਰੀ ਕੋ ਪੂਤ ਹੋ ਬਾਮਨ ਕੋ ਨਾਹਿ ਕੈ ਤਪ ਆਵਤ ਹੈ ਜੁ ਕਰੋ ॥
ਅਰੁ ਅਉਰ ਜੰਜਾਰ ਜਿਤੋ ਗ੍ਰਹ ਕੋ ਤੁਹਿ ਤਿਆਗ ਕਹਾ ਚਿਤ ਤਾ ਮੈ ਧਰੋ ॥
ਅਬ ਰੀਝ ਕੈ ਦੇਹੁ ਵਹੈ ਹਮ ਕਉ ਜੋਊ ਹਉ ਬਿਨਤੀ ਕਰ ਜੋਰ ਕਰੋ ॥
ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋ ॥੨੪੮੯॥

ਹੇ ਵਾਹਿਗੁਰੂ–ਮੈਂ ਛਤ੍ਰੀ ਦਾ ਪੁਤ੍ਰ ਹਾਂ ਬ੍ਰਾਹਮਣ ਦਾ ਨਹੀਂ ਹਾਂ ਜੋ ਤੁਹਾਡੀ ਆਗਿਆ ਹੈ ਉਹੀ ਕਰਾਂਗਾ, ਹੋਰ ਘਰਾਂ ਦੇ ਮੋਹ ਮਮਤਾ ਜਾਂ ਮਾਇਆ ਦੇ ਜੋ ਭੀ ਜੰਜਾਲ ਹਨ ਤੁਸਾਂ ਤਿਆਗ ਦਾ ਅਦੇਸ਼ ਦਿਤਾ ਹੈ ਇਸ ਲਈ ਮੈਂ ਇਹਨਾਂ ਨੂੰ ਆਪਣੇ ਚਿਤ ਵਿਚ ਥਾਂ ਹੀ ਨਹੀਂ ਦਿੰਦਾ। ਹੁਣ ਤੂੰ ਪ੍ਰਸੰਨ ਹੋ ਕੇ ਮੈਨੂੰ ਉਹੀ ਬਖਸ਼ਿਸ਼ ਕਰ ਜੋ ਮੈਂ ਹਥ ਜੋੜ ਕੇ ਬੇਨਤੀ ਕਰਦਾ ਹਾਂ, ਉਹ ਕੀ ਹੈ, ਇਹ ਕਿ ਜਦੋਂ ਮੇਰਾ ਅੰਤ ਸਮਾਂ ਆਵੇ ਤਾਂ ਘੋਰ ਜੰਗ ਕਰਦਾ ਹੋਇਆ ਮੈਦਾਨੇ ਜੰਗ ਵਿਚ ਮੈਂ ਆਪਣੇ ਪ੍ਰਾਣ ਦੇਵਾਂ।

ਦੋਹਰਾ–ਸਤ੍ਰਹ ਸੈ ਪੈਂਤਾਲ ਮਹਿ ਸਾਵਨ ਸੁਦਿ ਥਿਤ ਦੀਪ ॥
ਨਗਰ ਪਾਵਟਾ ਸੁਭ ਕਰਨ ਜਮਨਾ ਬਹੈ ਸਮੀਪ ॥ ੨੪੯੦ ॥
ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ ॥
ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ ॥

੧੭੪੫ ਬਿ: ਸਾਵਣ ਦਾ ਚਾਨਣਾ ਪੱਖ ਅਤੇ ਪਾਂਵਟਾ ਸ਼ਹਿਰ ਜਿਸ ਦੇ ਨਾਲ ਜਮਨਾ ਦਰਿਆ ਵਗਦਾ ਹੈ, ਭਾਗਵਤ ਦੇ ਦਸਵੇਂ ਸੰਕੰਧ ਦੀ ਕਥਾ ਭਾਖਾ ਬੋਲੀ ਵਿਚ ਬਣਾ ਕੇ ਕਹੀ ਹੈ, ਹੋਰ ਮਨ ਦੀ ਕੋਈ ਵਾਸ਼ਨਾ ਨਹੀਂ ਸੀ ਸਿਰਫ ਧਰਮ ਯੁਧ ਦੇ ਚਾਇ ਕਰਕੇ ਲਿਖੀ ਹੈ। ਅਗੇ–

Digitized by Panjab Digital Library | www.panjabdigilib.org

ਧੰਨ ਜੀਉ ਤਿਹ ਕੋ ਜਗ ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ ॥ ਸ੍ਵਯਾ ਦੇ ਕੇ ਸਮਾਪਤਿ ਕਰਦੇ ਹਨ। ਇਹ ਗੁਰੂ ਗੋਬਿੰਦ ਸਿੰਘ ਜੀ ਦੀ ਉਚਤਾ ਵਿਦਵਤਾ ਦਾ ਸਬੂਤ ਹੈ ਕਿ ਰਾਮ ਕਥਾ ਅਨੰਦ ਪੁਰ ਬੈਠ ਕੇ ਰਚੀ ਤਾਂ ਵੇਰਵਾ ਦੇ ਦਿਤਾ, ਜੇ ਕ੍ਰਿਸ਼ਨ ਲੀਲਾ ਪਾਂਵਟਾ ਸਾਹਿਬ ਵਿਚ ਲਿਖੀ ਤਾਂ ਭੁਲੇਖਾ ਨਹੀਂ ਰਹਿਣ ਦਿਤਾ। ਜੋ ਲੋਕ ਮਨ ਦੀਆਂ ਦਲੀਲਾ ਦਿੰਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਤਾਂ ਐਨਾ ਸਮਾਂ ਹੀ ਨਹੀਂ ਸੀ ਜੋ ਸ੍ਰੀ ਦਸਮ ਗ੍ਰੰਥ ਸਾਹਿਬ ਲਿਖਦੇ। ਇਹ ਗੱਲ ਨਿਰਮੂਲ ਹੈ, ਗੁਰੂ ਗੋਬਿੰਦ ਸਿੰਘ ਜੀ ਕੋਈ ਆਮ ਮਨੁਖ ਨਹੀਂ ਸਗੋਂ ਪ੍ਰੜਲ ਸ਼ਕਤੀ ਸਰੂਪ ਸਨ, ਉਹਨਾਂ ਅਗੇ ਇਹ ਇਕ ਤੁਛ ਕੰਮ ਸੀ ਇਸ ਤੋਂ ਬਿਨਾਂ ਹੋਰ ਕਈ ਪ੍ਰਕਾਰ ਦੀਆਂ ਰਚਨਾਵਾਂ ਆਪ ਨੇ ਕੀਤੀਆਂ ਹਨ ਜੈਸਾ ਕਿ ਸ੍ਰੀ ਸਰਬ ਲੋਹ ਪ੍ਰਕਾਸ਼ ਸਾਹਿਬ ਆਦਿ ਜੋ ਬੜੇ ਆਕਾਰ ਵਿਚ ਹਨ। ਇਸ ਤਰ੍ਹਾਂ ਸ੍ਰੀ ਕ੍ਰਿਸ਼ਨ ਜੀ ਦੀ ਭਾਗਵਤ ਕਥਾ ਦੇ ਵਿਚ ਹੀ ਸਫਾ ੩੦੯ ਪਰ।

੪–ਅਥ ਦੇਵੀ ਜੀ ਕੀ ਉਸਤਤ ਕਥਨੰ–ਦੇ ਸਿਰਲੇਖ ਹੇਠ ਹੀ ਆ ਜਾਂਦਾ ਹੈ ਜਿਸ ਨੂੰ ਪੜ੍ਹ ਕੇ ਚੰਗੇ ਬੁਧੀ ਜੀਵੀ ਭੀ ਗੁਰਮਤ ਦੇ ਪਾਰਖੂ ਅਤੇ ਸ਼ਰਧਾਲੂ ਭੀ ਅਤੇ ਗਿਆਨੀ ਤੇ ਲਿਖਾਰੀ ਵੀ ਡੋਲ ਜਾਂਦੇ ਹਨ ਅਤੇ ਕਹਿ ਉਠਦੇ ਹਨ ਕਿ ਜੇ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਸ੍ਰੀ ਦਸਮੇਸ਼ ਜੀ ਕ੍ਰਿਤ ਹੁੰਦਾ ਤਾਂ ਇਹ ਦੇਵੀ ਸਤੋਤ੍ਰ ਕਿਉਂ ਲਿਖਦੇ। ਜਿਸ ਕਿਆਫੇ ਨੂੰ ਲੈ ਕੇ ਅਲੋਚਨਾਂ ਦਾ ਮੁਢ ਬਝ ਜਾਂਦਾ ਰਿਹਾ, ਆਉ ਜ਼ਰਾ ਹੋਸ਼ ਹਵਾਸ ਠੀਕ ਕਰਕੇ ਅਤੇ ਨਿਰਪਖ ਹੋ ਕੇ ਇਸਦਾ ਨਿਰਨਾ ਕਰੀਏ।

ਭੁਜੰਗ ਪ੍ਰਯਾਤ ਛੰਦ ॥

ਤੂਹੀ ਅਸਤ੍ਰਣੀ ਸਸਤ੍ਰਣੀ ਆਪ ਰੂਪਾ ॥ ਤੂਹੀ ਅੰਬਕਾ ਜੰਭ ਹੰਤੀ ਅਨੂਪਾ ॥
ਤੂਹੀ ਅੰਬਕਾ ਸੀਤਲਾ ਤੋਤਲਾ ਹੈ ॥ ਪ੍ਰਿਥਵੀ ਭੂਮ ਅਕਾਸ ਤੈ ਹੀ ਕੀਆ ਹੈ ॥੪੨੧॥

ਤੂਹੀ ਮੁੰਡ ਮਰਦੀ ਕਪਰਦੀ ਭਵਾਨੀ ॥ ਤੂਹੀ ਕਾਲਕਾ ਜਾਲਪਾ ਰਾਜਧਾਨੀ ॥
ਮਹਾ ਜੋਗ ਮਾਇਆ ਤੂਹੀ ਈਸ੍ਵਰੀ ਹੈ ॥ ਤੂਹੀ ਤੇਜ ਅਕਾਸ ਥੰਭੇ ਮਹੀ ਹੈ ॥੪੨੨॥

ਤੂਹੀ ਰਿਸਟਣੀ ਪੁਸਟਣੀ ਜੋਗ ਮਾਇਆ ॥ ਤੂਹੀ ਮੋਹ ਸੋ ਚਉਦਹੂੰ ਲੋਕ ਛਾਇਆ ॥
ਤੂਹੀ ਸੁੰਭ ਨੈਸੁੰਭ ਹੰਤੀ ਭਵਾਨੀ ॥ ਤੂਹੀ ਚਉਦਹੂੰ ਲੋਗ ਕੀ ਜੋਤਿ ਜਾਨੀ ॥੪੨੩॥

ਪਹਿਲਾਂ ਤਾਂ ਚਉਦਹੂੰ ਲੋਕ ਕੀ ਜੋਤਿ ਜਾਣ ਲਉ, ਇਸੇ ਤਰ੍ਹਾਂ ੪੩੨ ਤਕ ਇਸ ਜੋਤਿ ਦੀ ਵਡਿਆਈ ਕਰਦੇ ਹਨ ਅਤੇ ਦੋਹਰੇ ਉਪ੍ਰੰਤ ੪੩੩ ਤੋਂ ਚੌਪਈ ਲਿਖੀ ਹੈ।

ਮੈ ਨ ਗਨੇਸਹਿ ਪ੍ਰਿਥਮ ਮਨਾਊਂ ॥ ਕਿਸਨ ਬਿਸਨ ਕਬਹੂੰ ਨ ਧਿਆਊਂ ॥

ਜਿਸ ਵਿਚ ਨਿਰੀ ਅਕਾਲ ਉਸਤਤਿ ਭਰੀ ਹੋਈ ਹੈ, ਜੇ ਅਸੀਂ ਬੀਬੇ ਰਾਣੇ ਹੋ ਕੇ ਸੋਚੀਏ ਤਾਂ ਕੀ ਪਹਿਲਾਂ ਦੇਵੀ ਦੀ ਉਸਤਤਿ ੨੧ ਤੋਂ ੩੨ ਤਕ ਕਰਦੇ ਜਾਂਦੇ ਦੇਵੀ ਦੀ ਉਸਤਤਿ ਤੋਂ ਮੁਕਰ ਕੇ ਅਕਾਲ ਪੁਰਖ ਦੀ ਵਡਿਆਈ ਤੇ ਬੇਨਤੀ ਕਰਨ ਲਗ ਪਏ, ਨਹੀਂ ਉਹਨਾਂ ਦਾ ਆਸ਼ਾ ਅਰੰਭ ਤੋਂ ਹੀ ਅਕਾਲ ਤੇ ਅਕਾਲੀ ਜੋਤਿ ਵਲ ਹੈ। ਜਿਸ ਨੂੰ ਆਪ ਨੇ ਸਰਬ ਲੋਹ ਪ੍ਰਕਾਸ਼ ਸਾਹਿਬ ਵਿਚ ਇਉਂ ਦਿਤਾ ਹੈ :–

ਨਵਲ ਨਾਥ ਨਿਰਬਾਨ ਸੁਬੁਧਿ ਦਾਇਕ ਮੰਗਲ ਕਰ ॥
ਕਾਲ ਬਿਨਾਸਨ ਰਹਿਤ ਕਾਲ ਸੁਤ ਦਾਇਕ ਨਰ ਹਰ ॥

Digitized by Panjab Digital Library | www.panjabdigilib.org

ਕਰੁਨਾ ਨਿਧਿ ਸੁ ਕ੍ਰਿਪਾਲੁ ਕਲਪ ਬ੍ਰਿਛ ਜਾਕੀ ਛਾਯਾ ॥
ਸੁ ਨਾਥ ਨਿਰੰਜਨ ਨਰਹਰੀ ਸਭ ਜਗਤ ਸਹਾਯਾ ॥
ਮਾਯਾ ਬ੍ਯਪ ਜਗ ਮਾਹਿ ਦੁਖ ਹਰਤਾ ਸਭ ਜਗਤ ਕੀ ॥
ਜਿਸ ਸੁਨਿਯਤ ਦੁਖ ਜਾਹਿ ਜਸੁ ਪੂਰਨ ਹਰ ਲੱਛਮੀ ॥ ੧੬ ॥
ਸ੍ਰੀ ਮਾਇਆ ਜਗ ਮੋਹਨੀ ਨਿਹਕਲੰਕ ਜਿਹ ਰੂਪ ॥
ਤੀਨ ਲੋਕ ਬੰਦਤ ਚਰਨ ਬ੍ਰਹਮਾ ਬਿਸਨ ਅਨੂਪ ॥ ੨੯ ॥ ਸ: ੧੧ ॥

ਗੁਰੂ ਜੀ ਕਿਤੇ ਉਸ ਨੂੰ ਨਵਲ ਨਾਥ, ਨਿਰਬਾਣ, ਕਾਲ ਦੀ ਨਾਸ ਕਰਤਾ ਅਤੇ ਆਪ ਕਾਲ ਤੋਂ ਰਹਿਤ, ਨਰ ਹਰ, ਕਰੁਣਾ ਨਿਧਿ, ਕਲਪ ਬ੍ਰਿਛ ਦਾ ਪਤਿ, ਨਾਥ, ਨਿਰੰਜਨ, ਨਰ ਹਰੀ, ਮਾਇਆ ਦੀਆਂ ਕਈ ਉਪਾਧੀਆਂ ਨਾਲ ਅਨੇਕਾਂ ਨਾਮ ਪ੍ਰਗਟ ਕਰਦੇ ਹਨ, ਜਿਸ ਤੋਂ ਹਰਿ ਨਾਮ ਨਾਲ ਅਕਾਲ ਪੁਰਖ ਹੀ ਸਿਧ ਹੁੰਦਾ ਹੈ ਤੇ ਇਕ ਇਕ ਅਖਰ ਅਕਾਲੀ ਜੋਤਿ ਦਾ ਪ੍ਰਤੀਕ ਹੈ।

ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦਾ ਕਰਤਾ ਤਾਂ ਬਿਨਾਂ ਅਕਾਲੀ ਜੋਤਿ ਤੋਂ ਹੋਰ ਕਿਸੇ ਨੂੰ ਉੱਕਾ ਹੀ ਨਹੀਂ ਮੰਨਦਾ। ਜਿਸ ਬਾਰੇ ਪੜ੍ਹ ਕੇ ਤੁਸੀਂ ਅਨੁਮਾਨ ਲਾ ਸਕਦੇ ਹੋ।

ਆਠ ਭੁਜਾ ਜਿਹ ਕੀ ਜਗ ਮਾਲਮ ਸੁੰਭ ਨਿਸੁੰਭ ਸੁੰਘਾਰਨ ਨਾਮ ਜਿਸੀ ਕੋ ॥
ਸਾਧਨ ਦੋਖਨ ਕੀ ਹਰਤਾ ਕਬਿ ਸਿਆਮ ਨ ਮਾਨਤ ਤ੍ਰਾਸ ਕਿਸੀ ਕੋ ॥
ਸਾਤ ਅਕਾਸ ਪਤਾਲ ਸਾਤਨ ਫੈਲ ਰਹਿਯੋ ਜਸ ਨਾਮ ਇਸੀ ਕੋ ॥

ਗੁਰੂ ਜੀ ਦਸਦੇ ਹਨ ਕਿ ਜਦੋਂ ਇਸ ਜੋਤਿ ਨੇ ਵੈਰਾਟ ਰੂਪ ਧਾਰਨ ਕੀਤਾ ਸੀ ਤਾਂ ੮ ਬਾਹਾਂ ਵਾਲਾ ਸਰੂਪ ਇਸੇ ਨੇ ਬਣਾਇਆ ਸੀ, ਜਿਸ ਨੂੰ ਸਾਰਾ ਸੰਸਾਰ ਜਾਣਦਾ ਹੈ, ਅਰ ਇਸੇ ਨੂੰ ਸੁੰਭ ਜਿਹੇ ਦੈਂਤਾਂ ਨੂੰ ਮਾਰਨ ਵਾਲੀ ਕਿਹਾ ਜਾਂਦਾ ਹੈ। ਅਰ ਸਾਧਾਂ ਦੇ ਦੁਖਾਂ ਦਾ ਨਾਸ ਕਰਨ ਵਾਲੀ ਹੈ, ਮੈਂ ਸਿਆਮ ਕਵਿ– (ਸ੍ਰੀ ਗੁਰੂ ਗੋਬਿੰਦ ਸਿੰਘ) ਹੋਰ ਕਿਸੇ ਦਾ ਡਰ ਭੈ ਨਹੀਂ ਰਖਦਾ। ਜਿਸਦਾ ਜਸ ਸਤਾਂ ਹੀ ਅਕਾਸ਼ਾਂ ਵਿਚ ਤੇ ਸਤਾਂ ਪਤਾਲਾਂ ਵਿਚ ਹੋ ਰਿਹਾ ਹੈ, ਏਥੇ ਬਸ ਨਹੀਂ ਅਗੇ ਸਫਾ ੫੪੩ ਪਰ ਹੋਰ ਲਿਖਦੇ ਹੰਨ।

ਅਉਰ ਕਹਾ ਭਯੋ ਜਉ ਜਗਦੀਸ ਬਿਨਾ ਸੁ ਗਨੇਸ ਮਹੇਸ ਮਨਾਯੋ ॥
ਲੋਕ ਪ੍ਰਲੋਕ ਕਹੈ ਕਬਿ ਸਿਯਾਮ ਸਦਾ ਤਿਹ ਆਪਨੋ ਜਨਮ ਗਵਾਯੋ ॥੨੨੮॥

ਜਿਥੇ ਇਤਿਹਾਸ ਲਿਖਣ ਦਾ ਪ੍ਰਯੋਜਨ ਉਹ ਜਿਉਂ ਦਾ ਤਿਉਂ ਤੇ ਸਤਿਕਾਰ ਪੂਰਵਕ ਲਿਖਣਾ ਚਾਹੀਦਾ ਹੈ ਅਤੇ ਸਤਿਗੁਰਾਂ ਨੇ ਲਿਖਿਆ ਹੈ ਪਰ ਜਦੋਂ ਨਿਰਪੱਖ ਹੋਕੇ ਰਾਏ ਦਿੰਦੇ ਹਨ ਉਥੇ ਐਨ ਸਪਸ਼ਟ ਕਰਦੇ ਹਨ ਕਿ ਐ ਗੁਰਸਿਖੋ, ਹੋਰ ਜਗਦੀਸ਼ ਤੋਂ ਬਿਨਾਂ ਕੌਣ ਹੋਇਆ ਹੈ ਜਿਸਦਾ ਭਾਵ ਹੈ ਕਿ ਜਗਦੀਸ਼ ਤੋਂ ਬਿਨਾਂ ਹੋਰ ਕੋਈ ਹੋਇਆ ਹੀ ਨਹੀਂ, ਗਣੇਸ਼ ਤੇ ਮਹੇਸ਼ ਆਦਿ ਦਾ ਜਪ ਕਰਕੇ ਐਵੇਂ ਜਨਮ ਨਾ ਬਰਬਾਦ ਕਰੋ। ਜਾਪ ਤੇ ਧਿਆਨ ਕਰਨ ਲਈ ਇਕੋ ਜਗਦੀਸ਼ ਦੀ ਹਸਤੀ ਯੋਗ ਹੈ।

੫- ਅਗੇ ਸਫਾ ੫੭੦ ਪਰ ੧ ਓ ਸਤਿਗੁਰ ਪ੍ਰਸਾਦਿ ਲਿਖਣ ਉਪ੍ਰੰਤ ਨਰ ਅਉਤਾਰ (ਅ। ਪਾਂਡੋ) ਦਾ ਸੰਖੇਪ ਜੀਵਨ ਦੇਕੇ ੨੨ਵੇਂ ਅਵਤਾਰ ਦਾ ਹਾਲ ਦਿਤਾ ਹੈ ਅਤੇ ਸਫਾ ੫੭੧ ਪਰ ਤੇ (ਬਉਧ) ਅਵਤਾਰ ਦਾ ਜ਼ਿਕਰ ਕੀਤਾ ਹੈ। ਅਗੇ ਇਸੇ ਸਫਾ ਪਰ (ਨਿਹਕਲੰਕੀ) ੨੪ਵਾਂ ਅਵਤਾ ਹਵਾਲਾ ਦਿੰਦੇ ਹਨ ਜਿਸਦਾ ਵਰਨਣ ਕਰਨਾ ਛਜੂ ਭਾਗੂ ਦਾ ਕੰਮ ਨਹੀਂ ਸੀ (ਬਲਕਿ) ਅਜ ਦੇ ਹਾਲਾ ਤ

Digitized by Panjab Digital Library | www.panjabdigilib.org

ਦੇ ਐਨ ਮੁਤਾਬਕ ਢੁਕਦਾ ਹੈ ਅਤੇ ਅੱਜ ਪ੍ਰਤੱਖ ਰੂਪ ਵਿਚ ਇਨ੍ਹਾਂ ਅੰਦਰਲੀਆਂ ਬਾਹਰਲੀਆਂ ਅੱਖਾਂ ਨਾਲ ਤੱਕ ਰਹੇ ਹਾਂ।

ਕਲਜੁਗ ਦੇ ਅੰਤ ਤਕ ਜੋ ਜੋ ਧਰਮ ਦੀ ਹਾਨੀ ਅਗੇ ਹੀ ਅਗੇ ਵਧ ਰਹੀ ਹੈ ਅਤੇ ਆਚਾਰ ਸਤਾਹ ਪਿਛੇ ਹਟ ਰਹੀ ਹੈ–ਉਸਦੇ ਲੱਛਣ ਆਪ ਨੇ ਐਉਂ ਬਿਆਨ ਕੀਤੇ ਹਨ :-

ਕਲਕੀ ਅਵਤਾਰ

ਅਬ ਮੈ ਮਹਾਂ ਸੁੱਧ ਮਤਿ ਕਰਿਕੈ ॥ ਕਹੋ ਕਥਾ ਚਿਤੁ ਲਾਇ ਬਿਚਰ ਕੈ ॥
ਚਉਬੀਸ ਮੋ ਕਲਕੀ ਅਵਤਾਰਾ ॥ ਤਾ ਕਰ ਕਹੋ ਪ੍ਰਸੰਗ ਸੁਧਾਰਾ ॥ ੧ ॥

ਭਾਰ ਕ੍ਰਿਤ ਹੋਤ ਜਬ ਧਰਣੀ ॥ ਪਾਪ ਗ੍ਰਸਤ ਕਛੁ ਜਾਤ ਨ ਬਰਣੀ ॥
ਭਾਂਤ ਭਾਂਤ ਤਨ ਹੋਤ ਉਤਪਾਤਾ ॥ ਪੁਤ੍ਰਹ ਸੇਜ ਸੋਵਤ ਲੈ ਮਾਤਾ ॥ ੨ ॥

ਸੁਤਾ ਪਿਤਾ ਤਨ ਰਮਤ ਨਿਸੰਕਾ ॥ ਭਗਨੀ ਭਰਤ ਭ੍ਰਾਤ ਕਹ ਅੰਕਾ ॥
ਭ੍ਰਾਤ ਬਹਨ ਤਨ ਕਰਤ ਬਿਹਾਰਾ ॥ ਇਸਤ੍ਰੀ ਤਜੀ ਸਕਲ ਸੰਸਾਰਾ ॥ ੩ ॥

ਸੰਕਰ ਬਰਣ ਪ੍ਰਜਾ ਸਭ ਹੋਈ ॥ ਏਕ ਗਿਜਾਤ ਕੋ ਰਹਾ ਨਾ ਕੋਈ ॥
ਅਤਿ ਬਿਭਚਾਰ ਸਸੀ ਬਰ ਨਾਰੀ ॥ ਧਰਮ ਰੀਤ ਕੀ ਪ੍ਰੀਤ ਬਿਸਾਰੀ ॥ ੪ ॥

ਗੁਰੂ ਜੀ ਦਸਦੇ ਹਨ ਕਿ ਹੁਣ ਮੈਂ ਆਪਣੀ ਬੁਧੀ ਨੂੰ ਸ਼ੁਧ ਕਰਕੇ ਅਤੇ ਦਿਲ ਲਾਕੇ ਵਿਚਾਰ ਕਹਿ ਰਿਹਾ ਹਾਂ। ਜਿਸ ਦਾ ਭਾਵ ਕਿ ਇਹ ਕਥਾ ਬੜੀ ਸੁਧਬੁਧੀ ਤੇ ਵੀਚਾਰ ਨਾਲ ਕਹਿਣ ਲਗਾ ਹਾਂ ਜੋ ਉਤਮ ਬੁਧੀ ਦੀ ਬੋਲਦੀ ਤਸਵੀਰ ਹੈ,ਜੇ ਇਸ ਵਿਚ ਜ਼ਰਾ ਭੀ ਸੰਕੋਚ ਤੋਂ ਕੰਮ ਲਿਆ ਜਾਏ ਤਾਂ ਜੋ ਗਿਆਨ ਆਪਣੇ ਗੁਰਸਿਖਾਂ ਨੂੰ ਦੇਣਾ ਚਾਹੁੰਦੇ ਹਨ ਉਹ ਪੂਰਨ ਗਿਆਨ ਨਹੀਂ ਹੋ ਸਕਦਾ, ਜਦੋਂ ਤਕ ਜੜ ਤੋਂ ਕਰੂੰਬਲ ਤਕ ਨਰੀਖਣ ਨਾ ਕੀਤਾ ਜਾਵੇ। ਆਪ ਦਸਦੇ ਹਨ, ਕਿ ਜਦੋਂ ਪ੍ਰਿਥਵੀ ਪਰ ਪਾਪਾਂ ਦਾ ਭਾਰ ਅਸਹਿ ਹੋ ਜਾਂਦਾ ਹੈ, ਤੇ ਸੰਸਾਰੀ ਜੀਵਨ ਵਿਚ ਸਰੀਰ ਕਰਕੇ ਭਾਂਤ ਭਾਂਤ ਦੇ ਉਪੱਦਰ ਹੋਣ ਲਗ ਪੈਂਦੇ ਹਨ। ਜਿਵੇਂ ਮਾਂ ਤੇ ਪੁਤ੍ਰ ਦੀ ਤਮੀਜ਼ ਭੀ ਮੁਕ ਜਾਂਦੀ ਹੈ, ਅਤੇ ਪਿਤਾ ਤੇ ਪੁਤ੍ਰੀ ਦਾ ਨਾਤਾ ਭੀ ਖਤਮ ਹੋ ਜਾਵੇ ਅਥਵਾ ਇਸਤ੍ਰੀ ਆਪਣੇ ਪਤੀ ਦੇ ਭਾਈ ਦੇ ਅੰਕ ਵਿਚ ਚਲੀ ਜਾਵੇ ਤਾਂ ਸਮਝੋ ਇਹ ਸ਼ੰਕਰ ਵਰਣ ਪਰਜਾ ਦੇ ਹੋ ਜਾਣ ਦੀਆਂ ਨਿਸ਼ਾਨੀਆਂ ਹਨ। ਅਤੇ ਭੈਣ ਭਾਈ ਦੇ ਰਿਸ਼ਤੇ ਨੂੰ ਭੀ ਨਾ ਤੱਕਿਆ ਜਾਵੇ, ਆਪਣੇ ਘਰ ਦੀਆਂ ਇਸਤ੍ਰੀਆਂ ਛੱਡੀਆਂ ਹੋਈਆਂ ਅਵਾਰਾ ਫਿਰਨਗੀਆਂ। ਅਸਲੀਅਤ ਜਾਨਣ ਵਾਲਾ ਭੀ ਕੋਈ ਨਹੀਂ ਰਹੇਗਾ ਅਤੇ ਇਸਤੀਆਂ ਭੀ ਵਿਭਚਾਰ ਵਸਿ ਹੋ ਜਾਣਗੀਆਂ :–

ਭਾਰਾ ਕ੍ਰਿਤ ਧਰਾ ਸਭ ਹੁਯ ਹੈ ॥ ਧਰਮ ਕਰਮ ਪਰ ਚਲੈ ਨ ਕੁਯ ਹੈ ॥
ਘਰ ਘਰ ਅਉਰ ਅਉਰ ਮਤ ਹੋਈ ॥ ਏਕ ਧਰਮ ਪਰ ਚਲੈ ਨ ਕੋਈ ॥ ੮ ॥

ਜਦੋਂ ਇਸ ਤਰ੍ਹਾਂ ਧਰਤੀ ਭਾਰ ਨਾਲ ਦਬ ਜਾਏਗੀ, ਧਰਮ ਕਰਮ ਦੀਆਂ ਰੀਤਾਂ ਭੁਲ ਜਾਣਗੀਆਂ, ਹਰ ਘਰ ਦਾ ਆਪਣਾ ਮਤ ਆਪਣੀ ਮਰਜ਼ੀ, ਇਕ ਕਿਸੇ ਭੀ ਧਰਮ ਪਰ ਨਿਸਚਾ ਨਹੀਂ ਰਹੇਗਾ।

ਹਿੰਦੂ ਤੁਰਕ ਮਤ ਦੋਹੂੰ ਪਰਹਰਿ ਕਰ ॥ ਚਲ ਹੈ ਭਿੰਨ ਭਿੰਨ ਮਤ ਘਰ ਘਰ ॥
ਏਕ ਏਕ ਕੇ ਮੰਤ੍ਰ ਨ ਗਹਿ ਹੈ ॥ ਏਕ ਏਕ ਕੇ ਸੰਗ ਨ ਰਹਿ ਹੈ ॥ ੧੧ ॥

Digitized by Panjab Digital Library | www.panjabdigilib.org

ਆਪ ਆਪ ਪਾਰਬ੍ਰਹਮ ਕਹੈ ਹੈ ॥ ਨੀਚ ਊਚ ਕਹ ਸੀਸ ਨ ਨੈ ਹੈ ॥
ਏਕ ਏਕ ਮਤ ਇਕ ਇਕ ਧਾਮਾ ॥ ਘਰ ਘਰ ਹੋਇ ਬੈਠ ਹੈ ਰਾਮਾ ॥ ੧੨ ॥

ਹਿੰਦੂ ਹਿੰਦੂ ਨਹੀਂ ਰਹੇਗਾ ਅਤੇ ਮੁਸਲਮਾਨ ਮੁਸਲਮਾਨ ਨਹੀਂ ਰਹੇਗਾ, ਹਰ ਘਰ ਦਾ ਆਪਣਾ ਆਪਣਾ ਜੁਦਾ ਜੁਦਾ ਮਤ ਹੋ ਜਾਵੇਗਾ। ਇਕ ਆਦਮੀ ਦੂਜ ਦੀ ਸਲਾਹ ਨਹੀਂ ਮੰਨੇਗਾ ਅਤੇ ਇਕ ਬੰਦਾ ਦੂਜੇ ਨਾਲ ਰਲਕੇ ਨਹੀਂ ਬੈਠੇਗਾ, ਭਾਈ ਭਾਈ ਨਾਲ ਨਹੀਂ ਮਿਲੇਗਾ, ਪਿਉ ਪੁਤ੍ਰ ਦੋਵਾਂ ਦੇ ਆਪਣੇ ਆਪਣੇ ਰਾਹ ਹੋਣਗੇ। ਹਰ ਬੰਦਾ ਆਪਣੇ ਆਪ ਨੂੰ ਹੀ ਰਬ ਮੰਨੇਗਾ, ਕੋਈ ਭੀ ਨੀਵਾਂ ਜਾਂ ਛੋਟਾ ਬਣਕੇ ਕਿਸੇ ਅਗੇ ਸਿਰ ਨੀਵਾਂ ਨਹੀਂ ਕਰੇਗਾ । ਹਰ ਘਰ ਵਿਚ ਆਪਣਾ ਮਤ ਤੇ ਆਪ ਹੀ ਰਾਮ ਬਣਕੇ ਬਹਿ ਜਾਣਗੇ।

ਪੜਿ ਹੈ ਕੋਈ ਨ ਭੂਲ ਪੁਰਾਨਾ ॥ ਕੋਊ ਨ ਪਕਰ ਹੈ ਪਾਨ ਕੁਰਾਨਾ ॥
ਬੇਦ ਕਤੇਬ ਜਵਨ ਕਰਿ ਲੈਹਿ ਹੈ ॥ ਤਾਕਹ ਗੋਬਰਾਗਨ ਮੈ ਦਹਿ ਹੈ ॥ ੧੩ ॥
ਚਲੀ ਪਾਪ ਕੀ ਜਗਤ ਕਹਾਨੀ ॥ ਭਾਜਾ ਧਰਮ ਛਾਡ ਰਜਧਾਨੀ ॥
ਭਿੰਨ ਭਿੰਨ ਘਰ ਘਰ ਮਤ ਚਲਾ ॥ ਯਾਤੇ ਧਰਮ ਭਰਮ ਉਡ ਟਲਾ ॥ ੧੪ ॥

ਗੁਰੂ ਜੀ ਦਸ ਰਹੇ ਹਨ ਕਿ ਅਗੇ ਐਸਾ ਸਮਾਂ ਆ ਰਿਹਾ ਹੈ, ਕਿ ਕੋਈ ਭੁਲ ਕੇ ਭੀ ਪੁਰਾਣ ਨਾ ਪੜ੍ਹੇਗਾ ਅਤੇ ਜੇ ਕਿਸੇ ਦੇ ਬੇਦ ਜਾਂ ਕੁਰਾਨ ਹਥ ਵਿਚ ਆ ਗਈ ਤਾਂ ਉਸਨੂੰ ਗੋਹਿਆਂ ਦੀ ਅੱਗ ਵਿਚ ਪਾਕੇ ਸਾੜ ਸੁਟਣਗੇ। ਕਿਉਂਕਿ ਜਗਤ ਵਿਚ ਹਰ ਥਾਂ ਪਾਪ ਦੀ ਕਥਾ ਵਾਰਤਾ ਚਲ ਰਹੀ ਹੈ, ਜਿਸ ਕਰਕੇ ਧਰਮ ਆਪਣੀ ਤੜੀ ਤਪੜੀ ਲੈਕੇ ਘਰ ਘਾਟ ਛੱਡਕੇ ਦੌੜਿਆ ਜਾ ਰਿਹਾ ਹੈ। ਹਰ ਘਰ ਦਾ ਆਪਣਾ ਮਤ ਆਪਣਾ ਧਰਮ ਹੋਵੇਗਾ। ਅਜ ਅਸੀਂ ਕੀ ਦੇਖ ਰਹੇ ਹਾਂ, ਬੇਦ ਪੁਰਾਨ ਕਿਸੇ ਪੜ੍ਹਨਾ ਤਾਂ ਕੀ ਸੀ ਗਿਆਨੀ ਤੇ ਪ੍ਰਚਾਰਕਾਂ ਨੇ ਕਮਰ ਕਸੇ ਹੀ ਇਸ ਪਾਸੇ ਨੂੰ ਮੂੰਹ ਕਰਕੇ ਕਰ ਲਏ ਹਨ, ਕਿ ਧਰਮ ਸ਼ਾਸਤ੍ਰਾਂ ਦੀ ਜਿੰਨੀ ਹੋ ਸਕੇ ਨਖੇਧੀ ਕਰੋ, ਜਿਨ੍ਹਾਂ ਮਹਾਂ ਪੁਰਸ਼ਾਂ ਨੇ ਧਰਮ ਗ੍ਰੰਥ ਲਿਖੇ ਹਨ ਉਹਨਾਂ ਨੂੰ ਭੰਡੋ। ਜੇ ਕੋਈ ਸ਼ਰਧਾਲੂ ਸ਼ਰਧਾ ਦੀ ਗਲ ਕਰੇ ਤਾਂ ਉਸ ਨੂੰ ਫੜ ਕੇ ਆਪਣੇ ਪੰਡਾਲ ਚੋਂ, ਆਪਣੀ ਪਾਰਟੀ ਚੋਂ, ਆਪਣੇ ਪੰਥ ਚੋਂ ਬਾਹਰ ਕਢ ਦਿਉ ਕਿਉਂਕਿ ਉਹ ਅੰਧ ਵਿਸ਼ਵਾਸੀ, ਹਿੰਦੂ ਧਰਮ ਦਾ ਸ਼ਰਧਾਲੂ ਹੈ। ਗੁਰੂ ਨਾਨਕ ਦਾ ਲਾਇਆ ਬੂਟਾ ਇਕ ਸੀ ਜਿਸ ਨੂੰ ਦਸਾਂ ਪਾਤਸ਼ਾਹੀਆਂ ਨੇ ਸਿੰਚਿਆ ਪਾਲਿਆ ਵਡਾ ਕੀਤਾ, ਸ੍ਰੀ ਦਸਮੇਸ਼ ਜੀ ਨੇ ਉਸਦਾ ਭਵਿੱਖ ਬਣਾਇਆ ਸੀ, ਪਰ ਅਜ ਗੁਰ ਸਿੱਖ ਜਥਿਆਂ ਦੇ ਕਿੰਨੇ ਟੋਲੇ ਕਿੰਨੇ ਰਾਹ, ਕਿੰਨੇ ਪੈਂਤੜੇ, ਕਿੰਨੇ ਬੁਤ ਵਜੂਦ ਧਾਰੀ ਬੈਠੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਤਿਆਰ ਕੀਤੇ ਅੰਮ੍ਰਿਤ ਦੀ ਭੀ ਰੂਪ ਰੇਖਾ ਬਦਲ ਗਈ, ਹਾਂ ਭਈ ਤੂੰ ਕਿਸ ਪਾਰਟੀ ਤੋਂ ਅੰਮ੍ਰਿਤ ਛਕਿਆ ਹੈ ਤਾਂ ਕਈ ਨਾਮ ਪੇਸ਼ ਹੋ ਜਾਣਗੇ। ਕਈ ਕਹਿੰਦੇ ਹਨ ਅੰਮ੍ਰਿਤ ਛਕਣ ਛਕਾਣ ਦੀ ਲੋੜ ਹੀ ਕੋਈ ਨਹੀਂ, ਇਹ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਭੁਲ ਸੀ,ਅਸੀਂ ਬਿਨਾਂ ਅੰਮ੍ਰਿਤ ਛਕੇ ਹੀ ਪੂਰੇ ਸਿੱਖ ਹਾਂ, ਪੁਛੋ ਨਿਰੰਕਾਰੀਆਂ ਤੇ ਰਾਧਾ ਸੁਵਾਮੀ ਆਦਿ ਮਤਾਂ ਦੇ ਬਾਨੀਆਂ ਨੂੰ। ਨਾ ਕਿਸੇ ਗ੍ਰੰਥ ਤੇ ਭਰੋਸਾ ਨਾ ਕੋਈ ਪੰਥ ਦੀ ਵੀਚਾਰ, ਨਾ ਸਿੱਖੀ ਦਾ ਸਰੂਪ ਨਾ ਰਹਿਤ ਦੀ ਵੀਚਾਰ ਜਿਸ ਬਾਰੇ ਗੁਰੂ ਜੀ ਨੇ ਅਗੇ ਜਾਕੇ ਕਿਹਾ ਹੈ :-

ਏਕ ਧਰਮ ਪਰ ਪ੍ਰਜਾ ਨ ਚਲ ਹੈ ॥ ਬੇਦ ਕਤੇਬ ਦੋਊ ਮਤ ਦਲ ਹੈ ॥
ਭਿੰਨ ਭਿੰਨ ਮਤ ਘਰ ਘਰ ਹੋਈ ॥ ਏਕ ਪੈਂਡ ਚਲ ਹੈ ਨ ਕੋਈ ॥ ੧੭ ॥

ਇਕ ਕਿਸੇ ਭੀ ਮਤ ਪਰ ਪਰਜਾ ਨਾ ਚਲੇਗੀ, ਬੇਦਾਂ ਦਾ ਹਿੰਦੂ ਮਤ ਅਤੇ ਕਤੇਬ ਦਾ ਮੁਸਲਮ

Digitized by Panjab Digital Library | www.panjabdigilib.org

ਮਤੁ ਪਰ ਅਕੀਦਾ ਨਹੀਂ ਰਹੇਗਾ, ਪਰਜਾ ਦੋਹਾਂ ਦੀ ਹੀ ਉਲੰਘਣਾ ਕਰੇਗੀ, ਇਕ ਨਾਲ ਪੈਰ ਜੋੜ ਕੇ ਦੂਜਾ ਪੈਰ ਭੀ ਨਹੀਂ ਚਲੇਗਾ। ਭਾਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤ੍ਰੈ ਕਾਲ ਦਰਸ਼ੀ ਸਨ, ਉਹਨਾਂ ਨੇ ਸਮੇਂ ਦੀ ਨਾੜੀ ਪਰਖੀ ਅਤੇ ਪਰਜਾ ਨੂੰ ਕਠਿਆਂ ਕਰਕੇ ਇਕੋ ਪੈਂਡੇ ਤੇ ਤੁਰਨ ਲਈ, ਸਾਂਝੀ ਸੰਗਤ ਸਾਂਝੀ ਪੰਗਤ, ਸਾਂਝਾ ਲੰਗਰ, ਸਾਂਝਾ ਇਸ਼ਟ ਦੇਵ ਇਕੋ ਬਾਟੇ ਦਾ ਸਾਂਝਾ ਅੰਮ੍ਰਿਤ ਅਥਵਾ ਸਾਰਿਆਂ ਲਈ ਇਕੋ ਸਰਬ ਸਾਂਝੀ ਬਾਣੀ ਜਿਸ ਵਿਚ ਚੌਹਾਂ ਹੀ ਵਰਨਾਂ ਲਈ ਬਿਨਾਂ ਕਿਸੇ ਜਾਤੀ ਭਾਵ ਦੇ ਵਿਤਕਰੇ ਤੋਂ ਉਪਦੇਸ਼ ਦਿਤਾ ਹੈ, ਪਰ ਲੋਕ ਇਸ ਰਾਹ ਨੂੰ ਭੀ ਨਹੀਂ ਅਪਣਾ ਰਹੇ, ਗੁਰੂ ਗੋਬਿੰਦ ਸਿੰਘ ਦੇ ਸਿਖ ਹੀ ਅਜ ਅਠਾਰਾਂ ਮਤ ਬਣਾਈ ਬੈਠੇ ਨੇ। ਜੋ ਇਕ ਪਾਸੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣਾ ਮੰਨਦੇ ਤੇ ਉਹਨਾਂ ਦੇ ਮਿਸ਼ਨ ਦਾ ਪ੍ਰਚਾਰ ਕਰਦੇ ਹਨ ਦੂਜੇ ਪਾਸੇ ਉਹਨਾਂ ਦਾ ਸਤਿਕਾਰ ਘਟਾਉਣ ਲਈ ਭਾਈ ਭਾਗ ਸਿੰਘ ਵਾਲੀ ਪੁਸਤਕ ਦਸਮ ਗ੍ਰੰਥ ਨਿਰਣਾਂ ਜਿਸ ਵਿਚ ਰੱਜ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਅਤੇ ਉਹਨਾਂ ਦੀ ਬਾਣੀ ਦੀ ਨਖੇਧੀ ਕੀਤੀ ਹੋਈ ਹੈ ਦਾ ਸਤਿਕਾਰ ਕਰਕੇ ਪ੍ਰਚਾਰ ਲਈ ਲੋਕਾਂ ਵਿਚ ਵੰਡੀ ਜਾ ਰਹੇ ਹਨ। ਜੇ ਕੋਈ ਰੋਕੇ ਤਾਂ ਬੜੇ ਮਾਣ ਤੇ ਫਖਰ ਨਾਲ ਕਹਿੰਦੇ ਹਨ ਕਿ ਹੁਣ ਤੁਸੀਂ ਪ੍ਰਚਾਰ ਕਰ ਚੁਕੇ ਹੋ, ਹੁਣ ਸਾਨੂੰ ਪਰਚਾਰ ਕਰਨ ਦਿਓ,ਇਕ ਪਾਸੇ ਉਸ ਗੁਰੂ ਦੀ ਫਤਹ ਦੇ ਜੈਕਾਰੇ-ਦੂਜੇ ਪਾਸੇ ਉਸੇ ਗੁਰੂ ਦੀ ਨਖੇਧੀ ਦੇ ਪਰਚਾਰੇ-ਸਲਾਮ ਭੀ ਅਤੇ ਜੁਆਬ ਭੀ ਦੋਵੇਂ ਗਲਾਂ ਝੂਠੀਆਂ ਕਰਦੇ ਹੋਏ ਭੀ, ਜਿਨ੍ਹਾਂ ਸ਼ਰਧਾਲੂਆਂ ਨੇ ਆਪਣੇ ਜੀਵਨ ਜਿੰਦੜੀਆਂ ਸਮਾਜ ਵਿਚ ਗੁਰੂ ਦੀ ਤੇ ਧਰਮ ਤੇ ਸ਼ਰਧਾ ਉਪਜਾਉਣ ਲਈ ਲਾ ਦਿਤੀਆਂ ਉਹਨਾਂ ਨੂੰ ਚਲੀਆਂ ਹੋਈਆਂ ਖਾਲੀ ਤੋਪਾਂ ਦਸਕੇ ਉਹਨਾਂ ਦੀਆਂ ਰਚੀਆਂ ਪੁਸਤਕਾਂ ਨੂੰ ਗੋਹੇ ਦੀ ਅੱਗ ਵਿਚ ਸਾੜ ਰਹੇ ਹਨ, ਅਤੇ ਦੂਜੇ ਪਾਸੇ ਗੁਰੂ ਦੇ ਸਿਖ ਭੀ ਅਤੇ ਪ੍ਰਚਾਰਕ ਭੀ।

ਮੈਂ ਤੇ ਕਹਾਂਗਾ ਜੇਕਰ ਸ਼ਰਧਾ ਭਾਵਨੀ ਨੂੰ ਪਾਣੀ ਦੇਣ ਲਈ ਮਨੋਂ ਕਲਪਤ ਸਾਖੀ ਭੀ ਲਿਖੀ ਜਾਵੇ ਤਾਂ ਉਹ ਪਵਿਤ੍ਰ ਹੈ। ਜੇ ਖੁਦਗਰਜ਼ੀ ਤੋਂ ਉਪਰ ਸਮਾਜਕ ਭਲਾਈ ਲਈ ਝੂਠ ਭੀ ਬੋਲਿਆ ਜਾਵੇ ਤਾਂ ਉਹ ਸਚਾਈ ਨਾਲੋਂ ਪਵਿਤ੍ਰ ਹੈ, ਜਿਸ ਨਾਲ ਸ਼ਰਧਾ ਭਾਵਨੀ ਤੇ ਸੱਟ ਵਜਦੀ ਹੋਵੇ। ਉਸ ਬਾਰੇ ਗੁਰਬਾਣੀ ਕਹਿੰਦੀ ਹੈ। ਤਕੋ, ਨਾਲੇ ਦਸੋ ਕਿ ਕੀ ਉਪਰੋਕਤ ਬਾਣੀ ਨਾਲ ਸਾਕਤ ਤੇ ਨਾਸਤਕ ਵਰਗ ਦਾ ਕੀ ਭਾਈਚਾਰਾ ਹੋ ਸਕਦਾ ਹੈ।

ਕਾਮਿ ਕਰੋਧਿ ਮੋਹਿ ਵਸਿ ਕੀਆ ਕਿਰਪਨ ਲੋਭ ਪਿਆਰੁ ॥
ਚਾਰੇ ਕਿਲਵਿਖ ਉਨਿ ਆਪ ਕੀਏ ਹੋਆ ਅਸੁਰ ਸੰਘਾਰੁ ॥
ਪੋਥੀ ਗੀਤ ਕਵਿਤ ਕਿਛੁ ਕਦੇ ਨ ਕਰਨ ਧਰਿਆ ॥
ਚਿਤਿ ਆਵੈ ਓਸੁ ਪਾਰਬ੍ਰਹਮ ਤਾ ਨਿਮਖ ਸਿਮਰਤ ਤਰਿਆ ॥ ੪ ॥ ਸ: ੭੦ ॥ ਮਹਲਾ ੫॥

ਕਾਮ, ਕਰੋਧ; ਮੋਹ ਭਾਵੇਂ ਤਿੰਨਾਂ ਦੇ ਵਸ ਪੈ ਚੁਕਾ ਹੈ, ਕੰਜੂਸ ਤੇ ਲੋਭੀ ਭੀ ਹੈ, ਅਤੇ ਇਹਨਾਂ ਚਾਰਾਂ ਹੀ ਪਾਪਾਂ ਦੇ ਵਸਿ ਹੋ ਚੁਕਾ ਹੈ ਅਰ ਬੁਧੀ ਪਰ ਦੈਂਤ ਭਾਵ ਰਾਕਸ਼ਸ਼ ਬੁਧੀ ਹੋ ਚੁਕੀ ਹੈ। ਨਾ ਕੋਈ ਪੋਥੀ ਪੜ੍ਹਦਾ ਹੈ। ਨਾ ਕਦੇ ਕੋਈ ਚੰਗਾ ਗੀਤ ਕੀਰਤਨ ਆਦਿਕ ਹੀ ਕਰਦਾ ਹੈ, ਨਾ ਕਦੇ ਕੰਨਾਂ ਨਾਲ ਸੁਣਦਾ ਹੀ ਹੈ, ਪਰ ਜੇਕਰ ਸ਼ਰਧਾ ਭਾਵਨੀ ਨਾਲ ਉਹ ਪਾਰਬ੍ਰਹਮ ਨੂੰ ਚੇਤੇ ਕਰਦਾ ਹੈ ਤਾਂ ਇਕ ਪਲ ਵਿਚ ਤਰ ਜਾਏਗਾ। ਜੇ ਸ਼ਰਧਾ ਭਾਵਨੀ ਹੀ ਹੈ ਨਹੀਂ, ਉਸ ਬਾਰੇ ਐਉਂ ਲਿਖਿਆ ਹੈ :-

ਸਾਸਤ ਸਿਮ੍ਰਿਤਿ ਬੇਦ ਚਾਰਿ ਮੁਖਾਗਰ ਬਿਚਰੈ ॥ ਤਪੇ ਤਪੀਸਰ ਜੋਗੀਆ ਤੀਰਥਿ ਗਵਨੁ ਕਰੇ ॥
ਖਟੁ ਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ ॥ ਰੰਗੁ ਨ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ॥

(੬) ਸ਼ਾਸਤ੍ਰ (੨੭) ਸਿਮ੍ਰਤੀਆਂ ਅਤੇ (੪) ਬੇਦ ਜੇ ਕੋਈ ਮੰਹ ਜ਼ਬਾਨੀ ਯਾਦ ਕੀਤੇ ਹੋਏ ਪੜ੍ਹਦਾ

Digitized by Panjab Digital Library | www.panjabdigilib.org

ਹੈ, ਅਤੇ ਧੂਣੀ ਆਦਿ ਕਈ ਤਰ੍ਹਾਂ ਦੇ ਕਠਨ ਤਪਾਂ ਵਿਚੋਂ ਤਪ ਭੀ ਕਰਦਾ ਹੈ। ਜਾਂ ਜੋਗੀ ਹੈ ਤਾਂ ਜੋਗ ਕਮਾਉਂਦਾ ਹੈ, ਫੇਰ ੬੮ ਤੀਰਥਾਂ ਪਰ ਵੀ ਜਾ ਆਵੇ-ਸ਼ਾਸਤ੍ਰ ਅਨੁਸਾਰ ੬ ਕਰਮ ਹਨ ਪਰ ਜੇ ਕੋਈ ਇਹਨਾਂ ਤੋਂ ਭੀ ਦੁਗਣੇ ਕਰਮ ਕਰਦਾ ਹੋਵੇ ਅਤੇ ਨ੍ਹਾ ਧੋਕੇ ਨਿਯਮ ਨਾਲ ਪੂਜਾ ਭੀ ਕਰਦਾ ਹੈ, ਜੇ ਮਨ ਪਰ ਰੰਗ ਨਹੀਂ ਚੜ੍ਹਿਆ ਸ਼ਰਧਾ ਤੇ ਭਾਵਨੀ ਨਹੀਂ ਹੈ, ਤਾਂ ਸਭ ਕੁਝ ਕਰਦਾ ਹੋਇਆ ਨਰਕਾਂ ਨੂੰ ਜਾਏਗਾ। ਆਓ ਪਿਆਰਿਓ ! ਲੋਕਾਂ ਦੀ ਤੇ ਆਪਣੀ ਸ਼ਰਧਾ ਨੂੰ ਵਧਾਓ, ਟਕੋਰਾਂ ਲਾ ਲਾਕੇ ਸ਼ਰਧਾ ਨੂੰ ਨਾ ਤੋੜੋ ਭੰਨੋਂ ਇਹ ਗੁਰੂ ਦਾ ਵਾਸਤਾ ਹੈ। ਇਸਨੂੰ ਅਵੱਸ਼ ਮੰਨੋਂ, ਅਜ ਅਸੀਂ ਤਕਦੇ ਹਾਂ ਕਿ ਪੋਚਵੀਂ ਦਸਤਾਰ ਹੋਵੇ ਸਾਰੇ ਸਿਖੀ ਦੇ ਚਿੰਨ੍ਹ ਹੋਣ ਤੇ ਪਾਠੀ ਜਾਂ ਰਾਗੀ ਹੋਵੇ, ਜੋ ਮਹਿਜ਼ ਪੈਸਾ ਕਮਾਉਣ ਲਈ ਹੀ ਵਰਤੇ ਭਾਵੇਂ ਸ਼ਰਧਾ ਹੈ ਜਾਂ ਨਹੀਂ; ਅਸੀਂ ਉਸਦੀ ਕਦਰ ਕਰਦੇ ਹਾਂ। ਪਰ ਜਿਨ੍ਹਾਂ ਲਿਖਾਰੀਆਂ ਨੇ ਸ਼ਰਧਾ ਭਾਵਨੀ ਨਾਲ ਲਿਖ ਲਿਖਕੇ ਸਮਾਜ ਦੀ ਸੇਵਾ ਕੀਤੀ ਹੈ, ਉਹਨਾਂ ਦਾ ਇਕ ਟਕਾ ਮੁਲ ਨਹੀਂ ਸਗੋਂ ਝੂਠੇ ਤੇ ਗਪਾਉੜੀਏ ਕਹਿਕੇ ਦੁਰਕਾਰੇ ਜਾ ਰਹੇ ਹਨ, ਜੋ ਸਾਡੀ ਕੌਮ ਦੀ ਅਧੋਗਤੀ ਦੀ ਨਿਸ਼ਾਨੀ ਹੈ। ਸ੍ਰੀ ਦਸਮੇਸ਼ ਜੀ ਲਿਖਦੇ ਹਨ :-

ਕਿਉ ਲੰਘ ਧਰਮ ਕਰਮਣੋ ਅਧਰਮ ਧਰਮ ਬਿਆਪ ਹੈ ॥
ਸੁ ਤਿਆਗ ਜੱਗਿ ਜਾਪਣੋ ਅਜੋਗ ਜਾਪ ਜਾਪ ਹੈ ॥
ਸੁ ਧਰਮ ਕਰਮਣੰ ਭਯੋ ਅਧਰਮ ਕਰਮ ਨਿਰਭ੍ਰਮੰ ॥
ਸੁ ਸਾਧ ਸੰਕ੍ਰਿਤੰ ਚਿਤੰ ਅਸਾਧ ਧਰਮ ਨਿਰਭਯੰ ਡੁਲੰ ॥ ੨੮ ॥ ਸ: ੧੭੩ ॥

ਧਰਮ ਤੇ ਕਰਮ ਦੇ ਕੰਮਾਂ ਨੂੰ ਛਡਕੇ ਲੋਕ ਪਾਪ ਕਰਮ ਨੂੰ ਹੀ ਧਰਮ ਦਾ ਕੰਮ ਦਸਣਗੇ, ਯੋਗ ਲਾਭ (ਠੀਕ) ਜਾਪ ਨੂੰ ਤਿਆਗ ਦੇਣਗੇ ਅਤੇ ਨਾ ਜਪਣ ਵਾਲਾ ਹੀ ਜਾਪ ਜਪਦੇ ਫਿਰਨਗੇ, ਅਤੇ ਧਰਮ ਜਾਂ ਧਰਮ ਦੇ ਕੰਮ ਕਰਨ ਵਾਲੇ ਡਰ ਕੇ ਦਿਨ ਕਟਣਗੇ ਪਰ ਅਧਰ੍ਮੀ ਲੋਕ ਨਿਸੰਕ ਵਿਚਰਨਗੇ। ਸਾਧ ਲੋਕ ਚਿੰਤਤ ਰਹਿਣਗੇ ਅਤੇ ਪਾਪੀ ਲੋਕ ਨਿਰਭੈ ਹੋਣਗੇ, ਜੋ ਅਜ ਸਾਹਮਣੇ ਵਰਤ ਰਿਹਾ ਹੈ :-

ਤਰਨਰਾਜ ਛੰਦ ॥

ਬਰਨ ਹੈ ਅਬਰਨ ਕੋ ॥ ਛਾਡਿ ਹਰਿ ਸਰਨ ਕੋ ॥ ੩੦ ॥
ਛਾਡ ਸਭ ਸਾਜ ਕੋ ॥ ਲਾਗ ਹੈ ਅਕਾਜ ਕੋ ॥ ੩੧ ॥
ਤਿਜਾਗ ਹੈ ਨਾਮ ਕੋ ॥ ਲਾਗ ਹੈ ਕਾਮ ਕੋ ॥ ੩੨ ॥
ਲਾਜ ਕੋ ਛੋਰ ਹੈ ॥ ਦਾਨ ਮੁਖ ਮੋਰ ਹੈ ॥ ੩੩ ॥
ਚਰਨ ਨਹੀ ਧਿਆਇ ਹੈ ॥ ਦੁਸ਼ਟ ਗਤਿ ਪਾਇ ਹੈ ॥ ੩੪ ॥
ਨਰਕ ਕਹਿ ਜਾਹਿਗੇ ॥ ਅੰਤ ਪਛੁਤਾਹਿਗੇ ॥ ੩੫ ॥
ਧਰਮ ਕਹਿ ਖੋਹਿਗੇ ॥ ਪਾਪ ਕਰ ਰੋਹਿਗੇ ॥ ੩੬ ॥
ਨਰਕ ਪੁਨ ਬਾਸ ਹੈ ॥ ਤ੍ਰਾਸ ਜਮ ਤ੍ਰਾਸ ਹੈ ॥ ੩੭ ॥

ਭਾਵ ਬਰਨ ਨੂੰ ਅਬਰਨ ਦਸਣਗੇ ਤੇ ਹਰਿ ਸ਼ਰਨ ਨੂੰ ਛੱਡ ਦਿਤਾ ਜਾਏਗਾ, ਸਾਰੇ ਨੀਯਤ ਕੀਤੇ ਸਾਜ ਛਡ ਕੇ ਉਹ ਕੰਮ ਕਰਨਗੇ ਜਿਨ੍ਹਾਂ ਦਾ ਕੋਈ ਅਰਥ ਨਹੀਂ ਹੋਵੇਗਾ, ਨਾਮ ਦਾ ਜਪਣਾ ਤਿਆਗ

Digitized by Panjab Digital Library | www.panjabdigilib.org

ਦੇਣਗੇ, ਕਾਮਾ ਵਸ ਹੋ ਕੇ ਨਿਰਾਰਥ ਕੰਮ ਕਰਨਗੇ, ਲਾਜ ਸ਼ਰਮ ਹਯਾ ਨਹੀਂ ਰਹੇਗੀ ਅਤੇ ਦਾਨ ਜਾਂ ਪੁੰਨ ਤੋਂ ਮੁਖ ਮੋੜ ਕੇ ਇਸ ਵਲ ਪਿਠ ਕਰ ਲੈਣਗੇ। (ਚਰਨ ਸਰਨ ਨਾਨਕ ਗਤਿ ਪਾਵਹਿ) ਪਰ ਨਹੀਂ ਮੰਨਣਗੇ ਦੁਸ਼ਟ ਚਾਲ ਚੱਲ ਪੈਣਗੇ। ਫੇਰ ਕੀ ਹੋਵੇਗਾ ? ਨਰਕਾਂ ਨੂੰ ਜਾਣਗੇ, (ਨਰਕ ਘੋਰ ਬਿਲਲਾਟ ਕਰਤਾ) ਭਾਵ ਨਰਕਾਂ ਵਿਚ ਰੋਣਗੇ, ਵਿਲਕਣਗੇ ਤੇ ਉਸ ਵੇਲੇ ਫੇਰ ਪਛਤਾਉਣਗੇ। ਜਦੋਂ ਧਰਮ ਨੂੰ ਖੋਹ ਬੈਠਣਗੇ ਫੇਰ ਪਾਪ ਕਰਕੇ ਰੋਣਗੇ, ਨਰਕਾਂ ਵਿਚ ਜਾ ਕੇ ਜਮਾਂ ਦੇ ਦੁਖ ਅਤੇ ਨਿਰੇ ਜਮਾਂ ਦੇ ਦੁਖ ਸਹਿਣਗੇ।

ਕੁਮਾਰ ਲਲਤ ਛੰਦ ॥

ਅਧਰਮ ਕਰਮ ਕੈ ਹੈ ॥ ਨ ਭੂਲ ਨਾਮ ਲੈ ਹੈ।
ਕਿਸੂ ਨ ਦਾਨ ਦੇਹਗੇ ॥ ਸੋ ਸਾਧ ਲੂਟ ਲੇਹਗੇ ॥ ੩੮ ॥

ਨਾ ਦੇਹ ਫੇਰ ਲੈ ਕੈ ॥ ਨਾ ਦੇਹ ਦਾਨ ਕੈ ਕੈ ॥
ਹਰਿਨਾਮ ਕੌਨ ਲੈ ਹੈ ॥ ਬਸੇਖ ਨਰਕ ਜੈ ਹੈ ॥ ੩੯ ॥

ਨ ਧਰਮ ਠਾਢ ਰਹਿ ਹੈ ॥ ਕਰੈ ਨਾ ਜਉਨ ਕਹਿ ਹੈ ॥
ਨ ਪ੍ਰੀਤ ਮਾਤ ਸੰਗਾ ॥ ਅਧੀਨ ਅਰਧੰਗਾ ॥ ੪੦ ॥

ਅਭੱਛ ਭਾਛ ਭੱਛੈ ॥ ਅਕੱਛ ਕਾਛ ਕੱਛੈ ॥
ਅਭਾਖ ਬੈਣ ਭਾਖੈਂ ॥ ਕਿਸੂ ਨ ਕਾਣ ਰਾਖੈਂ ॥ ੪੧ ॥

ਅਧਰਮ ਕਰਮ ਕਰਿ ਹੈ ॥ ਨ ਭਾਤ ਮਾਤ ਡਰਿ ਹੈ ॥
ਕੁਮੰਤ੍ਰ ਮੰਤ੍ਰ ਕੈ ਹੈ ॥ ਸੁ ਮੰਤ੍ਰ ਕੌਨ ਲੈ ਹੈ ॥ ੪੨ ॥

ਅਧਰਮ ਕਰਮ ਕੈ ਹੈ ॥ ਸੁ ਭਰਮ ਧਰਮ ਖੁਐ ਹੈ ॥
ਸੁ ਕਾਲ ਫਾਸ ਫਸ ਹੈ ॥ ਨਿਦਾਨ ਨਰਕ ਬਸਿ ਹੈ ॥ ੪੩ ॥

ਕੁਕਰਮ ਕਰਮ ਲਾਗੇ ॥ ਸੁਧਰਮ ਛਾਡ ਭਾਗੇ ॥
ਕਮਾਤ ਨਿੱਤ ਪਾਪੰ ॥ ਬਿਸਾਰ ਸਰਬ ਜਾਪੰ ॥ ੪੪ ॥

ਸੁ ਮੱਦ ਮੋਹ ਮਤੇ ॥ ਸੁ ਕਰਮ ਕੇ ਕੁਪੱਤੇ ॥
ਸੁ ਕਰਮ ਕ੍ਰੋਧ ਰਾਚੇ ॥ ਉਤਾਰ ਲਾਜ ਨਾਚੇ ॥ ੪੫ ॥

ਗਿਆਨੀ ਭਾਗ ਸਿੰਘ ਜੀਓ ! ਕੁਝ ਸੋਚ ਕੇ ਉਤਰ ਦਿਉ ਕਿ ਕੀ ਉਪ੍ਰੋਕਤ ਵਿਚਾਰ ਸਾਕਤ ਕਵੀ ਦੇ ਵਸ ਦੀ ਮਰਜ਼ ਹੈ। ਇਹ ਸਤਿਗੁਰੂ ਜੀ ਦਸਦੇ ਹਨ ਆਉਣ ਵਾਲੇ ਸਮੇਂ ਦੇ ਮਨੁਖਾਂ ਦਾ ਕਿਹੋ ਜਿਹਾ ਵਰਤਾਰਾ ਹੋਵੇਗਾ ? ਪਾਪ ਕਰਨਗੇ, ਭੁਲ ਕੇ ਭੀ ਨਾਮ ਮੂੰਹੋਂ ਨਹੀਂ ਨਿਕਲੇਗਾ, ਅਰ ਕਿਸੇ ਨੂੰ ਪੁੰਨ ਜਾਂ ਦਾਨ ਨਾ ਦੇਣਗੇ। ਸਗੋਂ ਕਿਸੇ ਸੰਤ ਜਾਂ ਮਹਾਂ ਪੁਰਸ਼ ਅਥਵਾ ਧਰਮ ਮੰਦਰਾਂ ਨੂੰ ਲੁਟਣਗੇ, ਫੇਰ ਭਾਵੇਂ ਅਨੇਕਾਂ ਨਰਕਾਂ ਵਿਚ ਜਾਣਗੇ ਅਤੇ ਨਾ ਹੀ ਕਿਸੇ ਧਰਮ ਤੇ ਟਿਕਣਗੇ ਭਾਵ ਨਿਸ਼ਚਾ ਰਖਣਗੇ ਅਤੇ ਜੋ ਕੁਝ ਮੁਖੋਂ ਕਹਿਣਗੇ ਉਹ ਕਰਨਗੇ ਨਹੀਂ, ਜ਼ਬਾਨੀ ਹੀ ਜਮ੍ਹਾਂ ਖਰਚ ਕਰਨਗੇ, ਜਿਵੇਂ ਅਜ ਦੇ ਆਗੂਆਂ ਦਾ ਹਾਲ ਹੈ ਤੇ ਨਾਲ ਹੀ ਪਰਜਾ ਦਾ। ਮਾਵਾਂ ਨਾਲ ਕਿਸੇ ਦਾ ਪਿਆਰ ਨਹੀਂ ਹੋਵੇਗਾ, ਸਗੋਂ ਅਜ ਮਾਂ

Digitized by Panjab Digital Library | www.panjabdigilib.org

ਨਾਲ ਬੋਲਣਾ ਨਹੀਂ ਚਾਹੁੰਦੇ, ਇਸਤ੍ਰੀ ਦੇ ਅਧੀਨ ਜਾਂ ਉਸ ਦੇ ਨੌਕਰ ਹਨ, ਉਸ ਅਗੇ ਪਾਣੀ ਭਰਦੇ ਫਿਰਦੇ ਹਨ। ਨਾ ਖਾਣ ਵਾਲੇ ਪਦਾਰਥ ਖਾ ਜਾਣਗੇ, ਗਿਣਤੀ ਤੋਂ ਬਾਹਰ ਮਿਣਦੇ ਫਿਰਨਗੇ ਅਤੇ ਨਾ ਬੋਲਣ ਵਾਲੇ ਬੋਲ ਬੋਲਣਗੇ, ਉਧਾਰ ਲੈ ਕੇ ਨਹੀਂ ਦੇਣਗੇ, ਵਡੇ ਛੋਟੇ ਗੁਰੂ ਪੀਰ ਵੇਦ ਸ਼ਾਸਤ੍ਰ ਮਾਂ ਬਾਪ ਕਿਸੇ ਦੀ ਪ੍ਰਵਾਹ ਨਹੀਂ ਕਰਨਗੇ। ਪਾਪ ਕਰਮ ਕਰਨ ਲਗੇ ਕਿਸੇ ਮਾਂ ਬਾਪ ਬਜ਼ੁਰਗ ਦਾ ਕੋਈ ਭੈ ਨਹੀਂ ਕਰਨਗੇ। ਜਿਵੇਂ ਅਜ ਅਸੀਂ ਤਕਦੇ ਹਾਂ, ਬੜੇ ਬੜੇ ਗਿਆਨੀ ਗੁਰਮੁਖ ਗੁਰਸਿੱਖਾਂ ਦੇ ਪੁਤ੍ਰ ਤੇ ਧੀਆਂ ਕਿਵੇਂ ਧਰਮ ਤੋਂ ਮੁਖ ਮੋੜ ਕੇ ਅਵਾਰਾ ਹੋ ਰਹੇ ਹਨ, ਕਿਸੇ ਦੀ ਜੁਰਅਤ ਹੈ ਕਿ ਰੋਕ ਸਕੇ। ਦਾੜ੍ਹੀਆਂ ਵਾਲੇ ਮਨੁਖਾਂ ਦਾ ਕੋਈ ਦਾਹੜੀ ਵਾਲਾ ਪੁਤ੍ਰ ਟੋਲਿਆਂ ਨਹੀਂ ਮਿਲਦਾ। ਜੋ ਨਹੀਂ ਬੋਲਣਾ ਸੋ ਬੋਲਣਗੇ ਅਤੇ ਕਿਸੇ ਦੀ ਦਿਤੀ ਚੰਗੀ ਸਲਾਹ ਨਹੀਂ ਸੁਣਨਗੇ ਅਤੇ ਜੋ ਧਰਮ ਦਾ ਭਰਮ ਕੁਝ ਬਣਿਆ ਹੋਇਆ ਹੈ ਉਹ ਸਭ ਚੁਕ ਕੇ ਪਰਾਂ ਸੁਟ ਦੇਣਗੇ। ਅੰਤ ਕਾਲ ਦੀ ਫਾਹੀ ਵਿਚ ਫਸਣਗੇ ਅਤੇ ਇਹੋ ਜਿਹੇ ਬੇ ਸਮਝ ਪਏ ਨਰਕਾਂ ਵਿਚ ਪੈਣਗੇ, ਮੋਹ ਦੇ ਵਸ ਹੋਕੇ ਅਸੀਂ ਆਪਣੀ ਉਲਾਦ ਦੇ ਇਸ ਭਵਿਖ ਲਈ ਨਹੀਂ ਸੋਚਦੇ। ਇਉਂ ਅਜ ਦੇ ਲੋਕ ਕੁਕਰਮ ਕਰਨ ਲਗ ਗਏ ਹਨ, ਧਰਮ ਛੱਡ ਕੇ ਦੌੜੇ ਫਿਰਦੇ ਨੇ, ਨਿਤ ਨੇਮ ਭਜਨ ਬੰਦਗੀ ਸਭ ਜਾਪ ਵਿਸਾਰ ਦਿਤੇ ਹਨ, ਮਾਇਆ ਮੋਹ ਦੀ ਮਸਤੀ ਵਿਚ ਕਰਮਾਂ ਦੇ ਕੁਪੱਤੇ ਹੋ ਗਏ ਹਾਂ ਅਤੇ ਕਾਮ ਕ੍ਰੋਧ ਵਿਚ ਲਿਪਾਇਮਾਨ ਹੋ ਕੇ ਸਭ ਸ਼ਰਮ ਹਯਾ ਉਤਾਰ ਕੇ ਪ੍ਰਤੱਖ ਨੱਚ ਪਏ ਹਾਂ।

ਪ੍ਰਿਆ ਛੰਦ ॥

ਦੁਖ ਦੰਦ ਹੈਂ ਸੁਖ ਕੰਦ ਜੀ ॥ ਨਹੀ ਬੰਦ ਹੈਂ ਜਗ ਬੰਦ ਜੀ ॥ ੬੦ ॥
ਨਹੀ ਬੇਦ ਬਾਕ ਪ੍ਰਮਾਨ ਹੈਂ ॥ ਮਤ ਭਿੰਨ ਭਿੰਨ ਬਖਾਨ ਹੈਂ ॥ ੬੧ ॥
ਨ ਕੁਰਾਨ ਕੋ ਮਤੁ ਲੇਹਗੇ ॥ ਨ ਪੁਰਾਨ ਦੇਖਨ ਦੇਹਗੇ ॥ ੬੨ ॥
ਨਹੀ ਏਕ ਮੰਤ੍ਰਹਿ ਜਾਪ ਹੈਂ ॥ ਦਿਨ ਦ੍ਵੈਕ ਥਾਪਨ ਥਾਪ ਹੈਂ ॥ ੬੩ ॥

ਬੇਦ ਦੇ ਬਚਨ ਪਰ ਭਰੋਸਾ ਨਹੀਂ ਰਹੇਗਾ, ਆਪੋ ਆਪਣੇ ਮਤ ਚਲਾਉਣਗੇ, ਨਾ ਕੋਈ ਕੁਰਾਨ ਦੇ ਮੁਤਾਬਕ ਹੀ ਚਲੇਗਾ, ਪੁਰਾਣ ਤਾਂ ਦੇਖਣਾ ਭੀ ਬੰਦ ਹੋ ਜਾਏਗਾ। ਇਕ ਥਾਂ ਨਹੀਂ ਟਿਕਣਗੇ, ਅਜ ਕੁਝ, ਕਲ ਕੁਝ, ਕਿਸੇ ਥਾਂ ਭੀ ਭਰੋਸਾ ਜਾਂ ਵਿਸ਼ਵਾਸ ਨਹੀਂ ਰਹੇਗਾ, ਜਿਸ ਪਾਸੇ ਨੂੰ ਹੀ ਅਜ ਸਾਡੇ ਵਿਦਵਾਨ ਵੀਰ ਤੁਰੇ ਜਾ ਰਹੇ ਹਨ। ਵੇਦਾਂ ਸ਼ਾਸਤ੍ਰਾਂ ਯੋਗ ਵਸ਼ਿਸ਼ਟ ਦੀ ਬਾਣੀ ਤੇ ਗੁਰਬਾਣੀ ਨਾਲੋਂ ਅਜ ਸ੍ਰੀ ਤੁਲਸੀ ਰਮਾਇਣ ਦੀ ਵੁਕਤ ਹੈ। ਇਹੋ ਪੂਰਨ ਜਾਪ ਹੈ, ਕੀ ਕਰੂ ਨਿਰੀ ਰਾਮ ਲੀਲ੍ਹਾ ਜਦ ਸਾਨੂੰ ਨਾ ਪੰਨ ਹੈ ਨਾ ਪਾਪ ਹੈ।

ਹੋਰ ਦੇਖੋ–

ਮਾਨ ਹੈਂ ਨ ਬੇਦਨ ਸਿਮ੍ਰਿਤਿ ਕਤੇਬਨ ਲੋਕ ਲਾਜ ਭਜਿ ਨਾਚੇ ॥
ਚੀਨ ਹੈਂ ਨ ਬਾਨੀ ਸੁਤਗ ਭਵਾਨੀ ਪਾਪ ਕਰਮ ਰਤਿ ਹੋਇ ਹੈ ॥
ਗੁਰ ਦੇਵ ਨ ਮਾਨੈ ਭਲਨ ਬਖਾਨੈ ਅੰਤ ਨਰਕ ਕਹ ਜੈ ਹੈਂ ॥ ੬੮ ॥

ਜਪ ਹੈ ਨ ਭਵਾਨੀ ਅਕਥ ਕਹਾਨੀ ਅਕਥ ਪਾਪ ਕਰਮ ਰਤ ਐਸੇ ॥
ਮਾਨਹ ਨ ਦੇਵੰ ਅਲਖ ਅਭੇਵੰ ਦੁਰ ਕ੍ਰਿਤੰ ਮੁਨਵਰ ਜੈਸੇ ॥

Digitized by Panjab Digital Library | www.panjabdigilib.org

ਚੀਨ ਹੈ ਨ ਬਾਤੰ ਪਰ ਝੀਯਾ ਰਾਤੰ ਧਰਮਣਿ ਕਰਮ ਉਦਾਸੀ ॥
ਜਾਨਿ ਹੈ ਨ ਬਾਤੰ ਅਧਿਕ ਅਗਿਆਤੰ ਅੰਤ ਨਰਕ ਕੇ ਵਾਸੀ ॥ ੬੯ ॥

ਨਾ ਬੇਦਾਂ ਨੂੰ ਮੰਨਣਗੇ ਨਾ ਸਿਮ੍ਰਿਤੀਆਂ ਅਥਵਾ ਕੁਰਾਨ ਨੂੰ ਅਤੇ ਨਾ ਹੀ ਗੁਰਬਾਣੀ ਨੂੰ ਸਮਝਣਗੇ ਅਤੇ ਨਾ ਹੀ ਭਵਾਨੀ (ਭਗਉਤੀ) ਨੂੰ ਪਛਾਣ ਸਕਣਗੇ, ਕਿਉਂਕਿ ਐਸੇ ਪਾਪ ਕਰਮ ਵਿਚ ਰਚ ਜਾਣਗੇ ਕਿ ਗੁਰਦੇਵ ਨੂੰ ਭੀ ਭੁਲ ਭੁਲੇਖਾ ਹੀ ਦਸਣਗੇ, ਜਦੋਂ ਗੁਰੂ ਤੋਂ ਨਿਸਚਾ ਟੁਟਿਆ ਤਾਂ ਫੇਰ ਅੰਤ ਨਰਕਾਂ ਨੂੰ ਜਾਣਗੇ। ਭਵਾਨੀ (ਭਗਉਤੀ) ਦਾ ਨਾਮ ਨਹੀਂ ਲੈਣਗੇ । ਜਿਸ ਦੀ ਕਹਾਣੀ ਸਾਡੇ ਕਥਨ ਤੋਂ ਬਾਹਰ ਹੈ ਜਿਸ ਤੋਂ ਐਸੇ ਪਾਪ ਕਰਮ 'ਚ ਰਚ ਜਾਣਗੇ ਜੋ ਵਾਹਿਗੁਰੂ ਅਲਖ ਅਭੇਉ ਜਿਸਦਾ ਪਾਰਾਵਾਰ ਨਹੀਂ ਪਾਇਆ ਜਾਂਦਾ। ਜਿਵੇਂ ਦੁਰਾਚਾਰੀ ਲੋਕ ਆਪ ਨੂੰ ਮੁਨੀਸ਼ਰ ਮੰਨਦੇ ਹਨ, ਇਸ ਤਰ੍ਹਾਂ ਇਹ ਲੋਕ ਬਾਤ ਨੂੰ ਸਮਝਣਗੇ ਹੀ ਨਹੀਂ, ਬਾਮ-ਪੰਥੀ ਮਨਮਤੀ ਸਾਕਤਾਂ ਵਾਂਗੂ ਪਰ ਇਸਤ੍ਰੀ ਗਮਨ ਨੂੰ ਹੀ ਧਰਮ ਮੰਨਣ ਵਾਲੇ ਧਰਮ ਕਰਮ ਤੋਂ ਸੰਨਿਆਸ ਲੈ ਲੈਣਗੇ। ਅਗਿਆਨ ਦੇ ਹਨੇਰੇ ਵਿਚ ਬਾਤ ਨੂੰ ਨਹੀਂ ਸਮਝਗੇ, ਅੰਤ ਨਰਕਾਂ ਦੇ ਵਾਸੀ ਹੋ ਜਾਣਗੇ ।

ਪਾਹਣ ਪੁਜੈ ਹੈ ਏਕ ਨ ਧਿਐ ਹੈ ਮਤ ਕੇ ਅਧਕ ਅੰਧੇਰਾ ॥
ਅੰਮ੍ਰਿਤ ਕਹੁ ਤਜਿ ਹੈ ਬਿਖ ਕਹੁ ਭਜ ਹੈ ਸਾਝਹਿ ਕਹਹਿ ਸਵੇਰਾ ॥
ਫੋਕਟ ਧਰਮਣਿ ਰਤਿ ਕੁਕ੍ਰਿਤ ਬਿਨਾ ਮਤ ਕਹੋ ਕਹਾ ਫਲ ਪੈ ਹੈ ॥
ਬਾਂਧੈ ਮ੍ਰਿਤਸਾਲੈ ਜਾਹਿ ਉਤਾਲੈ ਅੰਧ ਅਧੋਗਤਿ ਜੈ ਹੈ ॥੭੧॥

ਜਿਵੇਂ ਕਈ ਲੋਕ ਪੱਥਰਾਂ ਨੂੰ ਹੀ ਪੂਜੀ ਜਾਂਦੇ ਹਨ ਇਕ ਅਕਾਲ ਪੁਰਖ ਨੂੰ ਧਿਆਉਂਦੇ ਨਹੀਂ, ਉਹ ਮੱਤ ਦੇ ਅਤੀ ਹਨ੍ਹੇਰੇ ਵਿਚ ਹਨ, ਅੰਮ੍ਰਿਤ ਰੂਪੀ ਨਾਮ ਨੂੰ ਤਾਂ ਤਿਆਗੀ ਫਿਰਦੇ ਹਨ, ਪਾਪਾਂ ਦੀ ਜੜ੍ਹ ਤੰਬਾਕੂ ਜ਼ਹਿਰ ਨੂੰ ਖਾ ਰਹੇ ਹਨ, ਸੰਝ ਨੂੰ ਭਾਵ (ਰਾਤ) ਨੂੰ ਹੀ ਸਵੇਰ ਕਹੀ ਜਾਂਦੇ ਹਨ ।

ਸ੍ਰਿਸਟ ਇਸਟ ਤਜ ਦੀਨ ਕਰਤ ਅਰਿਸਟ ਪੁਸਟ ਸਬ ॥
ਬਿਸਟਿ ਸ੍ਰਿਸਟ ਤੇ ਮਿਟੀ ਭਏ ਪਾਪਿਸਟ ਭ੍ਰਿਸਟ ਤਬ ॥
ਇੱਕ ਇੱਕ ਨਿੰਦ ਹੈ ਇੱਕ ਇੱਕ ਕਹਿ ਹਸ ਚੱਲੈ ॥ ੭੪ ॥

ਤਜੀ ਆਨ ਜਹਾਨ ਕਾਨ ਕਾਹੂ ਨਹੀ ਮਾਨਹਿ ॥
ਤਾਤ ਮਾਤ ਕੀ ਨਿੰਦ ਨੀਚ ਊਚਹ ਸਮ ਜਾਨਹਿ ॥
ਧਰਮ ਭਰਮ ਕੋ ਗਇਓ ਭਈ ਬੂਣ ਪ੍ਰਜਾ ਸਬ ॥ ੭੫ ॥

ਚੰਗੇ ਸ੍ਰੇਸ਼ਟ ਇਸ਼ਟ ਦੇਵ ਨੂੰ ਪੁੱਠੀਆਂ ਸਿਧੀਆਂ ਗਲਾਂ ਕਰਨਗੇ, ਜਿਵੇਂ ਅਜ ਗੁਰਦੇਵ ਤੇ ਗੁਰਬਾਣੀ ਦੇ ਪੁਜਾਰੀ ਪੱਥਰ ਪੂਜਾ ਵਲ ਪਰੇਰੇ ਜਾ ਰਹੇ ਹਨ, ਜਾਂ ਹੋਰ ਕਿਸੇ ਪਾਖੰਡੀ ਦੇ ਟੇਟੇ ਦੜ੍ਹਕੇ ਪੁਠੇ ਸਿਧੇ ਰਾਹ ਪੈ ਰਹੇ ਹਨ। ਸ੍ਰੇਸ਼ਟ ਬੁਧੀ ਮਿਟਦੀ ਜਾ ਰਹੀ ਹੈ, ਪਾਪੀ ਹੋਕੇ ਭ੍ਰਿਸ਼ਟੇ ਜਾ ਰਹੇ ਹਨ। ਇਕ ਦੂਜੇ ਨੂੰ ਨਿੰਦੀ ਜਾ ਰਹੇ ਹਨ ਅਤੇ ਇਕ ਦੂਜੇ ਵਿਦਵਾਨ ਦੇ ਗੁਣ ਨਾ ਜਾਣਦਾ ਹੋਇਆ ਹਾਸੀ ਉਡਾ ਰਿਹਾ ਹੈ, ਮਿਸਾਲ ਦੇ ਤੌਰ ਤੇ ਜਿਵੇਂ ਗਿ: ਭਾਗ ਸਿੰਘ ਨੇ ਸਭ ਦੀ ਨਿੰਦਾ ਤੇ ਸਭ ਦੀ ਹੀ ਹਾਸੀ ਉਡਾਈ ਹੈ। ਜਹਾਨ ਵਿਚ ਨਾ ਕਿਸੇ ਦੀ ਆਣ ਨਾ ਡਰ ਨਾ ਭੈ ਮਾਤਾ ਪਿਤਾ ਦੀ ਭੀ ਨਿੰਦਿਆ ਕਰਦੇ ਹੋਏ ਨੀਚ ਲੋਕ ਆਪਣੇ ਆਪ ਨੂੰ ਬੜੇ ਉੱਚੇ ਤੇ ਪਵਿਤ੍ਰ ਮੰਨਣਗੇ, ਜਿਵੇਂ ਗਿ: ਭਾਗ ਸਿੰਘ ਪਧਰ ਤੇ ਸਭ ਨੂੰ ਅੰਞਾਣੇ ਤੇ ਬੇ-ਸਮਝ ਗੱਪੀ ਤੇ ਝੂਠੇ ਲਿਖੀ ਜਾਂਦਾ ਹੈ ।

Digitized by Panjab Digital Library | www.panjabdigilib.org

ਦੋਹਰਾ–ਠਉਰ ਠਉਰ ਨਵ ਮਤ ਚਲੇ ਉਠਾ ਧਰਮ ਕੋ ਦੌਰ ॥
ਸੁਕ੍ਰਿਤ ਜਹ ਕਹ ਦੂਰ ਰਹੀ ਪਾਪ ਭਇਓ ਸਰਮੌਰ ॥ ੭੮ ॥

ਅਸ ਦੁਰ ਕਰਮੰ ॥ ਛੁਟ ਜਗ ਧਰਮੰ ॥
ਮਤ ਪਿਤ ਭਰਮੇਂ ॥ ਧਸਤ ਨ ਘਰ ਮੇਂ ॥
ਸਿਖ ਮੁਖ ਮੋਰੈਂ ॥ ਭ੍ਰਿਤ ਨ੍ਰਿਪ ਛੋਰੈਂ ॥
ਤਜ ਤ੍ਰੀਆ ਭਰਤਾ ॥ ਬਿਸਰੈ ਕਰਤਾ ॥ ੯੦ ॥

ਭਾਵ–ਇਹੋ ਜਿਹੇ ਬੁਰੇ ਕਰਮ ਹੋ ਜਾਣਗੇ ਕਿ ਸਾਰੇ ਜਗ ਦਾ ਧਰਮ ਛੁਟ ਜਾਏਗਾ, ਮਾਤਾ ਪਿਤਾ ਜੋ ਘਰ ਦੇ ਮਾਲਕ ਹੁੰਦੇ ਸਨ ਉਹ ਬਾਹਰ ਭਟਕਦੇ ਫਿਰਨਗੇ, ਉਹਨਾਂ ਨੂੰ ਉਸ ਘਰ ਵਿਚ ਜਿਹੜਾ ਉਹਨਾਂ ਰਹਿਣ ਤੇ ਵਸਣ ਲਈ ਬਣਾਇਆ ਸੀ, ਉਸਦੇ ਅੰਦਰ ਵੜਨ ਭੀ ਨਹੀਂ ਦਿੱਤਾ ਜਾਏਗਾ ਅਤੇ ਇਸਤ੍ਰੀ ਆਪਣੇ ਪਤੀ ਨੂੰ ਛੱਡ ਜਾਏਗੀ ਅਤੇ ਕਰਤਾ ਪੁਰਖ ਜਿਸਨੇ ਪੈਦਾ ਕੀਤਾ ਹੈ ਉਹ ਭੀ ਭੁਲ ਜਾਏਗਾ, ਸਿੱਖ ਗੁਰੂ ਤੋਂ ਮੁਖ ਮੋੜ ਲੈਣਗੇ ਅਤੇ ਨੌਕਰ ਰਾਜੇ ਨੂੰ ਅਥਵਾ ਮਾਲਕ ਨੂੰ ਛੱਡ ਜਾਣਗੇ। ਬਲਕਿ ਸੰਸਾਰੀ ਜੀਵਾਂ ਦੀ ਏਹ ਦਸ਼ਾ ਹੋ ਜਾਵੇਗੀ।

॥ ਪਦਮਾਵਤੀ ਛੰਦ ॥

ਦੇਖੀਅਤ ਸਭ ਪਾਪੀ ਨਹ ਹਰਿ ਜਾਪੀ ਤਦਪ ਮਹਾਂ ਰਿਸ ਠਾਨੈ ॥
ਅਤਿ ਬਿਭਚਾਰੀ ਪਰ ਤ੍ਰੀਅ ਭਾਰੀ ਦੇਵ ਪਿਤ੍ਰ ਨਹੀ ਮਾਨੈ ॥
ਤਦਪ ਮਹਾਂਬਰ ਕਹਤ ਧਰਮ ਧਰ ਪਾਪ ਕਰਮ ਅਧਿਕਾਰੀ ॥
ਧ੍ਰਿਗ ਧ੍ਰਿਗ ਸਭ ਆਖੈ, ਮੁਖ ਪਰ ਨਹੀ ਭਾਖੈ ਦੇਹ ਪ੍ਰਿਸਟ ਚੜ ਗਾਰੀ ॥ ੯੨ ॥

ਭਾਵੇਂ ਮੈਨੂੰ ਸਾਰਾ ਜਹਾਨ ਦੇਖਦਾ ਹੈ ਕਿ ਮੈਂ ਬੜਾ ਹੀ ਪਾਪੀ ਹਾਂ ਤਾਂ ਭੀ ਆਪਣੇ ਆਪ ਨੂੰ ਯੁਧਿਸਟਰ ਹੀ ਮੰਨਾਂਗਾ ਕਿ ਮੈਂ ਬੜਾ ਸਚਾ ਸੁਚਾ ਤੇ ਧਰਮਾਤਮਾ ਹਾਂ। ਭਾਵੇਂ ਵਿਭਚਾਰੀਆਂ ਤੋਂ ਭੀ ਸ਼ਿਰੋਮਣੀ ਵਿਭਚਾਰੀ ਹੀ ਹੋਵਾਂ ਅਤੇ ਸਾਰੀਆਂ ਖਾਮੀਆਂ ਦੇ ਹੁੰਦੇ ਹੋਇਆਂ ਭੀ ਆਪ ਨੂੰ ਧਰਮੀ ਹੀ ਮੰਨਾਂਗਾ ਅਤੇ ਨਹੀਂ ਮੰਨਾਂਗਾ ਕਿ ਮੈਂ ਪਾਪ ਕਰਮਾਂ ਦਾ ਅਧਿਕਾਰੀ ਹਾਂ। ਸਾਰੀ ਲੋਕਾਈ ਲਾਣਤਾਂ ਪਾਈ ਜਾਵੇ, ਪਰ ਮੂੰਹ ਪਰ ਕੋਈ ਨਹੀਂ ਕਹਿੰਦਾ, ਉਂਵ ਪਿੱਠ ਪਿਛੋਂ ਸਭ ਗਾਲ੍ਹੀਆਂ ਦਿੰਦੇ ਹਨ ਪਰ ਮੈਂ ਆਪ ਨੂੰ ਮੁਨਵਰ ਹੀ ਮੰਨੀ ਜਾਵਾਂਗਾ। ਅਜ ਗੁਰੂ ਜੀ ਦੇ ਕਥਨ ਅਨੁਸਾਰ ਐਨ ਹਾਲਤ ਢੁਕਦੇ ਜਾ ਰਹੇ ਹਨ।

ਤਜ ਲਾਜ ਭਾਜ ॥ ਸੰਜੁਤ ਸਮਾਜ ॥
ਘਟ ਚਲਾ ਧਰਮ ॥ ਬਢਿਓ ਅਧਰਮ ॥੧੦੧॥
ਕ੍ਰੀੜਤ ਕੁਨਾਰ ॥ ਤਜ ਧਰਮ ਵਾਰ ॥
ਬਢਿ ਗਇਓ ਭਰਮ ॥ ਭਾਜੰਤ ਧਰਮ ॥੧੦੨॥
ਦੇਸਨ ਬਿਦੇਸ ॥ ਪਾਪੀ ਨਰੇਸ ॥
ਧਰਮੀ ਨ ਕੋਇ ॥ ਪਾਪ ਅਤਿ ਹੋਇ ॥੧੦੩॥
ਸਾਧੂ ਸਤ੍ਰਾਸ ॥ ਜੱਹ ਤੱਹ ਉਦਾਸ ॥
ਪਾਪੀਨਰਾਜ ॥ ਗ੍ਰਹ ਸਰਬ ਸਾਜ ॥੧੦੪॥

Digitized by Panjab Digital Library | www.panjabdigilib.org

ਲੋਕੀ ਸ਼ਰਮ ਤੇ ਹਯਾ ਨੂੰ ਛੱਡ ਦੇਣਗੇ, ਇਕ ਨਹੀਂ, ਦੋ ਨਹੀਂ, ਪੱਧਰ ਤੋਂ ਸਮਾਜ ਦੀ ਇਹ ਹਾਲਤ ਹੋ ਜਾਏਗੀ ਕਿ ਵਿਭਚਾਰਨ ਇਸਤ੍ਰੀਆਂ ਨਾਲ ਮੇਲ ਕਰਨਗੇ, ਆਪਣੀ ਧਰਮ ਪਤਨੀ ਨੂੰ ਤਿਆਗੀ ਫਿਰਨਗੇ । ਕੀ ਦੇਸ਼ ਵਿਚ ਕੀ ਬਦੇਸ਼ ਵਿਚ, ਰਾਜੇ ਪਾਪੀ ਹੋ ਜਾਣਗੇ, ਧਰਮੀ ਕੋਈ ਦਿਸੇਗਾ ਨਹੀਂ ਅਤੇ ਪਾਪਾਂ ਦੀ ਹਨੇਰੀ ਆ ਜਾਏਗੀ। ਸਾਧੂ ਸਭਾ ਜਾਂ ਸਚ ਦੇ ਹਾਮੀ ਦੁਖੀ ਤੇ ਡਰਕੇ ਸਹਿਮੇ ਹੋਏ ਦਿਸਣਗੇ ਅਤੇ ਪਾਪੀਆਂ ਪਾਸ ਰਾਜ ਅਤੇ ਹੋਰ ਸਭ ਪ੍ਰਕਾਰ ਦੇ ਸਾਜ ਨਾਲ ਭਰਪੂਰ ਹੋਣਗੇ ।

ਅਪੰਡਤ ਗੁਣ ਮੰਡਤ ਸੁਬੁਧ ਨਿਖੰਡਤ ਦੇਖੀਐ ॥
ਛਤ੍ਰੀ ਬਰ ਧਰਮ ਛਾਡ ਅਕਰਮ ਧਰਮ ਲੇਖੀਐ ॥

ਮੂਰਖ ਲੋਕ ਗਿਆਨ ਕਰਨਗੇ ਅਤੇ ਬੁਧੀਵਾਨਾਂ ਨੂੰ ਖੰਡਨ ਕਰਦੇ ਦੇਖੋਗੇ, ਛਤ੍ਰੀ ਸੂਰਮੇ ਧਰਮ ਨੂੰ ਛਡ ਕੇ ਕੁਕਰਮ ਕਰਦੇ ਦਿਸਣਗੇ। ਸੋ ਇਹ ਸਭ ਕੁਝ ਅਜ ਠੀਕ ਹੋ ਰਿਹਾ ਹੈ ।

ਕਲਜੁਗ ਚੜਿਯੋ ਅਸੰਭ ਜਗਤ ਕਵਨ ਬਿਧ ਬਾਚ ਹੈ ॥
ਰੰਗਹੁਏ ਕਹ ਤਬ ਛੁਟਿਹੋ ਕਲ ਕਾਲ ਤੇ ॥੧੧੮॥

ਕਲਜੁਗ ਆਪਣੇ ਪੂਰੇ ਜੋਬਨ ਪਰ ਪੁਜ ਜਾਏਗਾ ਜਿਸ ਤੋਂ ਬਚਣ ਲਈ ਜਗਤ ਨੂੰ ਕੋਈ ਰਸਤਾ ਨਹੀਂ ਮਿਲੇਗਾ । ਜੇ ਕਰ ਇਕ ਪ੍ਰਮੇਸ਼ਰ ਦੇ ਰੰਗ ਵਿਚ ਰੰਗੇ ਜਾਉਗੇ ਤਾਂ ਹੀ ਬਚਾ ਹੋ ਸਕੇਗਾ, ਇਸ ਕਲਹ ਰਪੀ ਕਾਲ ਤੋਂ ।

ਅਭੀਰ ਛੰਦ ॥
ਅਤ ਸਾਧੂ ਅਤ ਰਾਜਾ ॥ ਕਰਨ ਲਗੇ ਦੁਰਕਾਜਾ ॥
ਪਾਪ ਹਿਰਦੇ ਮਹਿ ਠਾਨ ॥ ਕਰਤ ਧਰਮ ਕੀ ਹਾਨ ॥੧੩੧॥

ਭਾਵੇਂ ਕੋਈ ਫਕੀਰ ਹੈ ਭਾਵੇਂ ਰਾਜਾ ਸਭ ਹੀ ਦੁਰਾਚਾਰੀ ਹੋ ਜਾਣਗੇ, ਹਰ ਕੰਮ ਦੇ ਵਿਚ ਹਰ ਵੇਲੇ ਹਿਰਦੇ ਵਿਚ ਪਾਪ ਦੀ ਧਾਰਨਾ ਅਤੇ ਧਰਮ ਨੂੰ ਹਾਨੀ ਜਾਂ ਠੇਸ ਹੀ ਪਹੁੰਚਾਉਣਗੇ ।

ਕੁੰਡਲੀਆ ਛੰਦ ॥
ਧਰਮ ਲੋਪ ਜਗ ਤੇ ਭਏ ਪਾਪ ਪ੍ਰਗਟ ਬਪੁ ਕੀਨ ॥
ਊਚ ਨੀਚ ਰਾਜਾ ਪ੍ਰਜਾ ਕ੍ਰਿਆ ਅਧਰਮ ਕੀ ਲੀਨ ॥
ਕ੍ਰਿਆ ਪਾਪ ਕੀ ਲੀਨ ਨਾਰ ਨਰ ਰੰਕ ਅਰ ਰਾਜਾ ॥
ਪਾਪ ਪ੍ਰਚੁਰ ਬਪੁ ਕੀਨ ਧਰਮ ਧਰ ਪੰਖਨ ਭਾਜਾ ॥੧੩੬॥ ਪੰ: ੫੮੦॥

ਮੈਂ ਇਹ ਵੰਨਗੀ ਮਾਤ੍ਰ ਕੁਝ ਹਿੱਸਾ, ਪਾਠਕਾਂ ਦੀ ਗਿਆਤ ਲਈ ਏਥੇ ਦਰਜ ਕੀਤਾ ਹੈ, ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਇਸ ਤੋਂ ਵਧ ਬਹੁਤ ਕੁਝ ਲਿਖਿਆ ਹੈ। ਜਿਸ ਦੇ ਕੁਲ ੧੩੬ ਛੰਦ ਹਨ। ਜਿਸ ਵਿਚ ਇਕ ਅਕਾਲ ਪੁਰਖ ਦੇ ਸਿਮਰਨ ਤੇ ਸਚਾਈ ਵਲ ਜ਼ੋਰ ਦਿਤਾ ਹੈ ਅਤੇ ਝੂਠ ਪਾਪ ਅਤੇ ਵਿਭਚਾਰ ਨੂੰ ਖੰਡਿਆ ਹੈ, ਜੋ ਇਕ ਮਹਾਨ ਉਤਮ ਤੇ ਧਰਮ ਦੇ ਪਿਆਰੇ ਵਲੋਂ ਹੀ ਹੋ ਸਕਦਾ ਹੈ। ਉਹ ਕਿਹੋ ਜਿਹੀ ਚਿੱਚੜ ਚੁੰਬਕ ਬੁਧੀ ਹੋ ਸਕਦੀ ਹੈ ਜੋ ਇਹਨਾਂ ਲੇਖਾਂ ਨੂੰ ਛੱਡ ਕੇ ਤੇ ਸਾਰੇ ਗੁਣਾਂ ਨੂੰ ਅਖੋਂ ਉਹਲੇ ਕਰਕੇ ਖੂਨ ਹੀ ਲਭਦੀ ਫਿਰਦੀ ਹੈ।

Digitized by Panjab Digital Library | www.panjabdigilib.org

੬-ਐਥੇ ਇਹ ਭੀ ਵਰਨਣ ਯੋਗ ਗਲ ਹੈ ਕਿ ਕਈ ਸਜਣ, ਕਲਕੀ ਅਵਤਾਰ ਨੂੰ ਭੀ ਗੁਰੂ ਗੋਬਿੰਦ ਸਿੰਘ ਜੀ ਦਾ ਆਉਣਾ ਕਿਹਾ ਕਰਦੇ ਹਨ । ਪਰ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਅਨੁਸਾਰ ਇਹ ਸਿਧ ਨਹੀਂ ਹੁੰਦਾ, ਕਿਉਂਕਿ ਕਲਕੀ ਅਵਤਾਰ ਨੇ ਜਿਥੇ ਅਸੁੰਭ ਰਾਜੇ ਨੂੰ ਮਾਰ ਕੇ ਬੇਅੰਤ ਜੰਗ ਯੁਧ ਕਰਕੇ ਅਨੇਕਾਂ ਦੇਸਾਂ ਨੂੰ ਜਿੱਤ ਕੇ ਬੜਾ ਜੱਲ੍ਹ ਤੇ ਜਲਾਲ ਹਾਸਲ ਕਰ ਲਿਆ ਸੀ ਅਤੇ ਧਰਮ ਦੇ ਝੰਡੇ ਨੂੰ ਮੁੜਕੇ ਸਵਤੰਤ੍ਰਾ ਨਾਲ ਝੁਲਾ ਦਿੱਤਾ ਸੀ ਅਤੇ ਕਲਜੁਗ ਤੋਂ ਮੁੜ ਕੇ ਸਤਿਜੁਗ ਦਾ ਆਦਿ ਬੰਨ੍ਹ ਦਿਤਾ ਸੀ, ਉਥੇ ਹੰਕਾਰ ਤੋਂ ਨਹੀਂ ਬਚ ਸਕਿਆ। ਅੰਤ ਆਪ ਨੂੰ ਪ੍ਰਮੇਸ਼ਰ ਕਹਾਇਆ । ਜੋ ਆਮ ਤੌਰ ਪਰ ਵਿਸ਼ਨੂੰ ਦੇ ਅਵਤਾਰਾਂ ਦੀ ਨਿਸ਼ਾਨੀ ਹੈ । ਆਖਰ ਮਹਦੀ ਮੀਰ ਪੈਦਾ ਹੋਇਆ। ਜਿਸ ਨੇ ਕਲਕੀ ਦੇ ਹੰਕਾਰ ਨੂੰ ਤੋੜ ਕੇ ਉਸ ਦਾ ਅੰਤ ਕੀਤਾ। ਗੁਰੂ ਜੋਤਿ ਉਸ ਨਿਰੰਕਾਰੀ ਜੋਤਿ ਦਾ ਹਿੱਸਾ ਹੈ; ਜਿਸ ਦਾ ਜਸ ਸ੍ਰੀ ਦਸਮੇਸ਼ ਜੀ ਅਤੇ ਗੁਰਬਾਣੀ ਕਰਦੇ ਆ ਰਹੇ ਹਨ, ਜਿਸ ਵਿਚ ਹੰਕਾਰ ਦਾ ਤੱਤ ਪੈਦਾ ਹੀ ਨਹੀਂ ਹੁੰਦਾ। ਨਾ ਹੀ ਉਸ ਜੋਤਿ ਜਿਸ ਨੂੰ ਚੰਡਕਾ ਜਾਂ ਭਗਉਤੀ ਅਥਵਾ ਭਵਾਨੀ ਕਿਹਾ ਗਿਆ ਹੈ ਉਸ ਤੋਂ ਕਦੀ ਹੰਕਾਰ ਪ੍ਰਗਟ ਹੋਇਆ ਦਿਸਿਆ ਹੈ। ਨਾ ਦਸਾਂ ਜੋਤਾਂ ਸਤਿਗੁਰਾਂ ਦੀਆਂ ਵਿਚ ਹੰਕਾਰ ਦਾ ਅਵਰਣ ਹੁੰਦਾ ਹੈ । ਅਗੇ ਚਲ ਕੇ ਬ੍ਰਹਮਾਂ ਦੇ ੭ ਅਵਤਾਰ ਹੋਇ ਹਨ ਜੋ ਹੰਕਾਰ ਤੋਂ ਨਹੀਂ ਬਚੇ ਸਗੋਂ ਗੁਰੂ ਸਾਹਿਬ ਨੇ ਉਹਨਾਂ ਦਾ ਜੀਵਨ ਉਲੀਕ ਕੇ ਜਿੱਥੇ ਉਹਨਾਂ ਦੀਆਂ ਖੂਬੀਆਂ ਵਰਣਨ ਕੀਤੀਆਂ ਹਨ, ਉਥੇ ਉਹਨਾਂ ਦਾ ਅੰਤ ਭੀ ਦਿਖਾਇਆ ਹੈ ਜੋ ਅਤਿ ਸਿਖਿਆਦਾਇਕ ਹੈ। ਪਹਿਲੇ ਨੰਬਰ ਤੇ ਉਸ ਅਗੰਭੀ ਅਨਹਦ ਰੂਪੀ ਬਚਿਤ੍ਰ ਕੌਤਕ ਦੀ ਦਾਤਾ ਅਕਾਲੀ ਜੋਤਿ ਦੇ ਕ੍ਰਿਸ਼ਮੇ ਦਸੇ ਹਨ, ਅਗੇ ਫੇਰ ਵਿਸ਼ਨੂੰ ਭਗਵਾਨ ਤੇ ਬ੍ਰਹਮਾ ਜੀ ਅਥਵਾ ਸ਼ਿਵ ਜੀ ਜੋੜ ਦੇ ਅਵਤਾਰ ਤੇ ਉਹਨਾਂ ਦੇ ਕੌਤਕ । ਤੀਜੇ ਨੰਬਰ ਤੇ ਰਾਜੇ ਮਹਾਰਾਜੇ ਜੋ ਧਰਮੀ ਹੋਏ ਤੇ ਜੱਗ ਆਦਿ ਨੂੰ ਇਕ ਧਰਮ ਦਾ ਮੋਢੀ ਅੰਗ ਮੰਨ ਕੇ ਜਪ ਤਪ ਆਦਿ ਭੀ ਕਰਦੇ ਰਹੇ, ਪਰ ਅੰਤ ਕੋਈ ਹੰਕਾਰ ਦਾ ਸ਼ਿਕਾਰ ਹੋ ਗਿਆ ਤੇ ਕੋਈ ਵਹਿਮ ਵਿਚ ਡੁਬ ਗਿਆ । ਉਹਨਾਂ ਦੇ ਚਿਤ੍ਰ ਸਾਡੇ ਸਾਹਮਣੇ ਰਖੇ। ਚੌਥੇ ਨੰਬਰ ਤੇ ਉਹ ਇਸਤ੍ਰੀਆਂ ਜਾਂ ਪੁਰਸ਼ ਜੋ ਰਾਜ ਮਦ ਅਥਵਾ ਧਨ ਪਦਾਰਥਾਂ ਨੂੰ ਪਾ ਕੇ ਕਾਮ ਕ੍ਰੋਧ ਵਿਸ਼ੇ ਵਾਸ਼ਨਾ ਵਿਚ ਫਸ ਕੇ ਇਸ ਨੂੰ ਸਭ ਕੁਝ ਮੰਨ ਕੇ ਇਸ ਵਿਚ ਲਿਪਾਇਮਾਨ ਹੋ ਕੇ ਖਚਤ ਜ਼ਿੰਦਗੀ ਬਰਬਾਦ ਕਰ ਗਏ। ਉਹਨਾਂ ਦਾ ਨਕਸ਼ਾ ਦੇ ਕੇ ਸਾਨੂੰ ਕਈ ਤਰ੍ਹਾਂ ਉਹਨਾਂ ਤੋਂ ਬਚਣ ਦੇ ਢੰਗ ਦਸਦੇ ਹਨ, ਜਿਸ ਲਈ ਕੋਈ ਅਸ਼ਲੀਲ ਕਥਾ ਕਹਾਣੀ ਉਹਨਾਂ ਦੇ ਇਸ ਸਚਾਈ ਦੇ ਰੁਖ ਪੇਸ਼ ਕਰਨ ਵਿਚ ਰੋਕ ਨਹੀਂ ਬਣਦੀ, ਜੋ ਰੁਕਦਾ ਹੈ ਉਹ ਸਚਾਈ ਪੇਸ਼ ਕਰ ਹੀ ਨਹੀਂ ਸਕਦਾ। ਗੁਰੂ ਗੋਬਿੰਦ ਉਹ ਜੋਤ ਹੈ ਜਿਸ ਦੇ ਸਾਹਮਣੇ ਨਾ ਜਬਰ ਨਾ ਜੰਗ ਨਾ ਵਹਿਮ ਕੋਈ ਰੋਕ ਨਹੀਂ ਬਣਦਾ ਤਦੇ ਕਹਿਣਾ ਪੈਂਦਾ ਹੈ (ਦਸਮੇਸ਼ ਤੇਰਾ ਸਾਨੀ ਕੋਈ ਦੂਜਾ ਹੂਆ ਨਾ ਹੋਗਾ)।

੭-ਇਤਿਹਾਸਕਾਰ ਸ੍ਰੀ ਦੌਲਤ ਰਾਇ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਇਤਿਹਾਸ ਵਿਚ ਸਫਾ ੨੩੬, ਉਰਦੂ ਵਿਚ ਲਿਖਦੇ ਹਨ ਕਿ ਨਾਦੇੜ ਮੇਂ ਜਾ ਕੇ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਾਰੀਅਲ ਆਦਿ ਭੇਟਾ ਰਖ ਕੇ ਮੱਥਾ ਟੇਕਿਆ ਅਤੇ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਆਦੇਸ਼ ਜਾਰੀ ਕੀਤਾ ਸੀ, ਦਸਮ ਗ੍ਰੰਥ ਭੀ ਇਸ ਵਿਚ ਸ਼ਾਮਲ ਸਮਝਾ ਜਾਣਾ ਚਾਹੀਦਾ ਹੈ । ਇਸ ਲਈ ਸਿੱਖ ਦੋਹਾਂ ਨੂੰ ਬਰਾਬਰ ਸਤਕਾਰ ਦਿੰਦੇ ਹਨ ਅਤੇ ਜ਼ਰੂਰ ਕਰਨਾ ਚਾਹੀਦਾ ਹੈ ਕਿਉਂਕਿ ਖਾਲਸੇ ਲਈ ਦਸਮ ਗ੍ਰੰਥ ਵਿਚ ਪੂਰੀ ਪੂਰੀ ਸਿੱਖ ਧਰਮ ਪਰ ਚਲਣ ਦੀ ਹਦਾਇਤ ਕੀਤੀ ਹੈ ।

੮-ਅੰਤ ਕਲਕੀ ਅਵਤਾਰ ਨੇ ਜਦੋਂ ਸਤਿਜੁਗ ਦਾ ਅਰੰਭ ਕਰ ਦਿਤਾ। ਸਾਰੀ ਪ੍ਰਿਥਵੀ ਆਪਣੇ ਅਧਿਕਾਰਾਂ ਵਿਚ ਲੈ ਲਈ, ਉਸ ਵੇਲੇ ਆਪਣੇ ਸਿਰ ਛੱਤ੍ਰ ਝੁਲਾਇਆ ਤੇ ਅਕਾਲ ਪੁਰਖ ਨੂੰ ਵਿਸਾਰ ਦਿਤਾ ਅਤੇ ਜਿਸ ਵੇਲੇ ਕੋਈ ਉਸ ਦੇ ਅੱਗੇ ਨਹੀਂ ਸੀ ਸਮਾਉਂਦਾ, ਨਾ ਹੀ ਕੋਈ ਦੇਵ ਅਤੇ ਨਾ ਹੀ ਅਦੇਵ, ਉਸ ਵੇਲੇ ਅਕਾਲ ਪੁਰਖ ਨੇ ਕੋਪ ਹੋ ਕੇ ਮਹਿੰਦੀ ਮੀਰ ਨੂੰ ਭੇਜ ਜਿਸ ਨੇ ਆ ਕੇ ਕਲਕੀ

Digitized by Panjab Digital Library | www.panjabdigilib.org

ਭਗਵਾਨ ਦਾ ਅੰਤ ਕੀਤਾ ਅਤੇ ਆਖਰ ਮਹਿੰਦੀ ਮੀਰ ਵੀ ਇਸ ਹੰਕਾਰ ਦੀ ਮਾਰ ਤੋਂ ਨਾ ਬਚ ਸਕਿਆ। ਜਿਸ ਲਈ ਕਲਕੀ ਅਵਤਾਰ ਅਤੇ ਮਹਿੰਦੀ ਮੀਰ ਦੀ ਮਿਸਾਲ ਅਗੇ ਰਖ ਕੇ ਗੁਰੂ ਜੀ ਆਪਣੇ ਸਿਖਾਂ ਨੂੰ ਇਉਂ ਉਪਦੇਸ਼ ਦਿੰਦੇ ਹਨ। ਸਫਾ ੬੭੦ ਤੇ ਇਸਦਾ ਅੰਤ ਦਸਦੇ ਹਨ।

ਜਿਨ ਏਕ ਦ੍ਰਿਸਟ ਨ ਆਨ ॥ ਤਿਸ ਲੀਨ ਕਾਲ ਨਿਦਾਨ ॥ ੩ ॥

ਬਿਨ ਏਕ ਦੂਸਰ ਨਾਹਿ ॥ ਸਭ ਰੰਗ ਰੂਪਨ ਮਾਹਿ ॥
ਜਿਨ ਏਕ ਕੋ ਨ ਪਛਾਨ ॥ ਤਿਹ ਬਿਰਥਾ ਜਨਮ ਬਿਤਾਨ ॥ ੪ ॥

ਬਿਨ ਏਕ ਦੂਸਰ ਨ ਔਰ ॥ ਜਲ ਥਲੇ ਸਭ ਠਉਰ ॥
ਜਿਨ ਏਕ ਸੱਤਿ ਨ ਜਾਨ ॥ ਸੋ ਜੂਨ ਜੂਨ ਭ੍ਰਮਾਨ ॥ ੫ ॥

ਤਜ ਏਕ ਜਾਕਾ ਦੂਜ ॥ ਮਮ ਜਾਨਤਾ ਸਨ ਸੂਝ ॥
ਤਿਹ ਦੂਖ ਭੂਖ ਪਿਆਸ ॥ ਦਿਨ ਰੈਨ ਨਰਬ ਉਦਾਸ ॥ ੬ ॥

ਨਹਿ ਚੈਨ ਐਨ ਸੁ ਵਾਹਿ ॥ ਨਿਤ ਰੋਗ ਹੋਵਤ ਤਾਹਿ ॥
ਨਿਤ ਦੂਖ ਭੂਖ ਮਰੰਤ ॥ ਨਹਿ ਚੈਨ ਦਿਉਸ ਬਿਤੰਤ ॥ ੭ ॥

ਤਨ ਪਾਦ ਕੁਸਟ ਚਲੰਤ ॥ ਬਪ ਗਲਤ ਨਿੱਤ ਗਲੰਤ ॥
ਨਹਿ ਨਿੱਤ ਦੇਹ ਅਰੋਗ ॥ ਨਿਤ ਪੁਤ੍ਰ ਪੌਤ੍ਰਨ ਸੋਗ ॥ ੮ ॥
ਨਿਤ ਨਾਸ ਤਿਹ ਪ੍ਰਵਾਰ ॥ ਨਹਿ ਅੰਤ ਦੇਹ ਉਧਾਰ ॥
ਨਿਤ ਰੋਗ ਸੋਗ ਗ੍ਰਸੰਤ ॥ ਮ੍ਰਿਤ ਸ੍ਵਾਨ ਅੰਤ ਮਰੰਤ ॥ ੯ ॥

ਏਥੇ ਗੁਰੂ ਜੀ ਇਕ ਵਾਹਿਗੁਰੂ ਅਕਾਲ ਪੁਰਖ ਬਾਰੇ ਦਸ ਰਹੇ ਹਨ। ਜੋ ਚੌਧਵੀਂ (੧੪) ਅਸ਼ਟ-ਪਦੀ ਦੇ ਐਨ ਅਨਕੂਲ ਹੈ।

ਸਲੋਕ–ਤਜਹੁ ਸਿਆਣਪ ਸੁਰਜਨਹੁ ਸਿਮਰਹੁ ਹਰਿ ਹਰਿ ਰਾਇ ॥
ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖ ਭਰਮੁ ਭਉ ਜਾਇ ॥ ੧ ॥

ਏਸੇ ਟੇਕ ਨੂੰ ਲੈ ਕੇ ਸੀ ਦਸਮੇਸ਼ ਜੀ ਦਸ ਰਹੇ ਹਨ ਕਿ ਜਿਸ ਨੇ ਇਕ ਓਂਕਾਰ ਨੂੰ ਮਨ ਵਿਚ ਨਹੀਂ ਰਖਿਆ, ਉਸ ਨੂੰ ਛੇਤੀ ਹੀ ਕਾਲ ਆ ਸਾਂਭਦਾ ਹੈ, ਕਿਉਂਕਿ ਇਕ ਬਿਨਾਂ ਦੂਜਾ ਹੈ ਹੀ ਕੋਈ ਨਹੀਂ ਇਸ ਸੰਸਾਰ ਦੇ ਕਿਸੇ ਭੀ ਰੰਗ ਜਾਂ ਰੂਪ ਦੇ ਵਿਚ। ਜਿਸ ਨੇ ਅਕਾਲ ਪੁਰਖ ਨੂੰ ਨਹੀਂ ਪਛਾਣਿਆ, ਉਸ ਦਾ ਸੰਸਾਰ ਵਿਚ ਜਨਮ ਲੈਣਾ ਬੇਅਰਥ ਹੈ। ਉਹ ਜੂਨਾਂ ਜੂਨਾਂ ਵਿਚ ਭਟਕਦਾ ਫਿਰੇਗਾ, ਜਿਸ ਨੇ ਇਕ ਨੂੰ ਛਡ ਕੇ ਹੋਰ ਕਿਸੇ ਨੂੰ ਰਬ ਮੰਨ ਲਿਆ ਹੈ, ਮੈਂ ਸਮਝਦਾ ਹਾਂ ਕਿ ਉਹ ਬੇਸਮਝ ਹੈ। ਉਹ ਹਮੇਸ਼ਾ ਦੁਖੀ ਤੇ ਭੁਖ ਮਰੀ ਅਤੇ ਬੇਚੈਨ ਹੀ ਰਹੇਗਾ, ਰਾਤ ਦਿਨ ਦੁਖੀ ਤੇ ਪ੍ਰੇਸ਼ਾਨ ਤੇ ਦੁਖਾਂ ਦੇ ਨਾਲ ਪੀੜਤ ਹੀ ਰਹੇਗਾ ਅਤੇ ਪੁਤ੍ਰ ਪੋਤਰੇ ਭੀ ਸੁਖੀ ਨਹੀਂ ਰਹਿ ਸਕਣਗੇ, ਅੰਤ ਕੁਤੇ ਦੀ ਮੌਤ ਮਰੇਗਾ। ਇਹ ਕੁਝ ਦਰਸਾ ਕੇ ਮਹਿੰਦੀ ਮੀਰ ਦਾ ਹਸ਼ਰ ਦਸਦੇ ਹਨ ਕਿ ਉਸ ਨੇ ਭੀ ਜਦੋਂ ਆਪ ਨੂੰ ਰੱਬ ਮੰਨ ਲਿਆ ਅਤੇ ਕਰਤਾ ਪੁਰਖ ਨੂੰ ਭੁਲਾ ਦਿਤਾ ਤਾਂ ਕਲਕੀ ਅਵਤਾਰ ਵਾਂਗ ਹੀ ਇਸ ਦਾ ਕੀ ਹਸ਼ਰ ਹੋਇਆ ਸੀ। ਜਿਸ ਨੂੰ ਗੁਰੂ ਜੀ ਨੇ ਇਉਂ ਅੰਤ ਵਿਚ ਦਿਤਾ ਹੈ।

Digitized by Panjab Digital Library | www.panjabdigilib.org

ਤੋਮਰ ਛੰਦ ॥

ਜਗ ਜੀਤਿਓ ਜਬ ਸਰਬ ॥ ਤਬ ਬਢਿਓ ਅਤਿ ਗਰਬ ॥
ਦੀ ਅਕਾਲ ਪੁਰਖ ਬਿਸਾਰ ॥ ਇਹ ਭਾਂਤ ਕੀਨ ਬੀਚਾਰ ॥੫੮੩॥

ਬਿਨ ਮੋਹ ਦੂਸਰ ਨ ਔਰ ॥ ਅਸ ਮਾਨਯੋ ਸਬ ਠਉਰ ॥
ਜਗੁ ਜੀਤ ਕੀਨ ਗੁਲਾਮ ॥ ਆਪਨ ਜਪਾਯੋ ਨਾਮ ॥੫੮੪॥

ਜਗ ਐਸ ਰੀਤ ਚਲਾਇ ॥ ਸਿਰ ਅਤ੍ ਪਤ੍ ਫਿਰਾਇ ॥
ਸਬ ਲੋਗ ਆਪਨ ਮਾਨ ॥ ਤਰ ਆਂਖ ਅਉਰ ਨ ਆਨ ॥੫੮੫॥

ਨਹ ਕਾਲ ਪੁਰਖ ਜਪੰਤ ॥ ਨਹਿ ਦੇਵਿ ਜਾਪ ਭਣੰਤ ॥
ਤਬ ਕਾਲ ਦੇਵ ਰਿਸਾਇ ॥ ਇਕ ਅਉਰ ਪੁਰਖ ਬਨਾਇ ॥੫੮੬॥

ਰੱਚਿ ਅਸ ਮਹਿਦੀ ਮੀਰ ॥ ਰਿਸਵੰਤ ਹਾਠ ਹਮੀਰ ॥
ਤਿਹ ਤਉਨ ਕੋ ਬਧੁ ਕੀਨ ॥ ਪੁਨ ਆਪ ਮੋ ਕੀਆ ਲੀਨ ॥੫੮੭॥

ਜਗ ਜੀਤ ਆਪਨ ਕੀਨ ॥ ਸਬ ਅੰਤ ਕਾਲ ਅਧੀਨ ॥
ਇਹ ਭਾਂਤ ਪੂਰਨ ਸੁਧਾਰ ॥ ਭਏ ਚੌਬੀਸੇ ਅਵਤਾਰ ॥੫੮੮॥

ਜਿਸ ਦਾ ਭਾਵ ਹੈ ਕਿ ਜਦੋਂ ਕਲਕੀ ਸਾਰਾ ਜਗ ਜਿਤ ਕੇ ਆਪਣੇ ਅਧੀਨ ਕਰ ਲਏਗਾ, ਤਾਂ ਹੰਕਾਰ ਨਾਲ ਭਰਪੂਰ ਹੋ ਕੇ ਅਕਾਲ ਪੁਰਖ ਨੂੰ ਭੁਲਾ ਦਿਤਾ ਅਤੇ ਮਨ ਵਿਚ ਇਹ ਆ ਗਿਆ ਕਿ ਮੇਰੇ ਬਿਨਾਂ ਹੋਰ ਕੌਣ ਹੈ, ਸਾਰਾ ਜਗ ਜਿਤ ਕੇ ਆਪਣੇ ਅਧੀਨ ਕਰ ਲਿਆ ਸੀ ਅਤੇ ਆਪਣਾ ਹੀ ਨਾਮ ਜਪਾਉਣਾ ਆਰੰਭ ਕਰ ਦਿਤਾ ਅਤੇ ਆਪਣੇ ਸਿਰ ਪਰ ਚੌਰ ਛੱਤ੍ ਝੁਲਾਉਣ ਲਗ ਪਿਆ। ਬਾਕੀ ਲੋਕਾਂ ਨੂੰ ਆਪਣੇ ਅਧੀਨ ਜਾਣ ਕੇ ਕਿਸੇ ਨੂੰ ਆਪਣੀ ਨਿਗਾਹ ਵਿਚ ਹੀ ਨਹੀਂ ਸੀ ਲਿਆਉਂਦਾ, ਤੇ ਨਾ ਅਕਾਲ ਪੁਰਖ ਦਾ ਨਾਮ ਜਪਦਾ ਸੀ, ਨਾ ਹੀ ਅਕਾਲੀ ਜੋਤਿ ਦਾ ਧਿਆਨ ਕਰੇਗਾ। ਉਸ ਵੇਲੇ ਅਕਾਲ ਪੁਰਖ ਕੋਪ ਕੇ ਮਹਿੰਦੀ ਮੀਰ ਬਣਾ ਦਿਤਾ ਜੋ ਹਮੀਰ ਵਾਂਗੂੰ ਬੜਾ ਹੀ ਹਠੀ ਸੀ, ਜਿਸਨੇ ਕਲਕੀ ਨੂੰ ਮਾਰ ਮੁਕਾਇਆ ਅਤੇ ਕਲਕੀ ਨੇ ਆਪਣੇ ਕੀਤੇ ਦਾ ਦੰਡ ਪਾ ਲਿਆ। ਭਾਵੇਂ ਉਸਨੇ ਸਾਰਾ ਜਗ ਜਿਤਕੇ ਆਪਣਾ ਕਰ ਲਿਆ ਪਰ ਅੰਤ ਸਭ ਦੇ ਸਭ ਕਾਲ ਦੇ ਅਧੀਨ ਹਨ। ਐਉਂ ਇਥੇ ਤਕ ਚੌਬੀਸ ਅਵਤਾਰ ਹੋਏ ਹਨ। ਜਾਂ ਹੋਣਗੇ ਜੋ ਹਰ ਜੁਗਾਂ ਦੀ ਚੌਕੜੀ ਵਿਚ ਹੁੰਦੇ ਹਨ।

ਮਹਿੰਦੀ ਮੀਰ

ਤਬ ਜਾਨ ਕਾਲ ਪ੍ਰਬੀਨ ॥ ਤਿਹ ਮਾਰਿਓ ਕਰਿ ਦੀਨ ॥
ਇਕ ਕੀਟ ਦੀਨ ਉਪਾਇ ॥ ਤਿਸ ਕਾਨ ਪੈਠੋ ਜਾਇ ॥ ੧੦ ॥

ਧਸਿ ਕੀਟ ਕਾਨਨ ਬੀਚ ॥ ਤਿਸ ਜੀਤਿਜੋ ਜਿਮ ਨੀਚ ॥
ਬਹੁ ਭਾਂਤਿ ਦੇ ਦੁਖ ਤਾਹਿ ॥ ਇਹ ਭਾਂਤਿ ਮਾਰਿਓ ਵਾਹਿ ॥ ੧੧ ॥

ਹਾਂ ਜੀ ਗੁਰੂ ਜੀ ਹੰਕਾਰ ਦਾ ਨਤੀਜਾ ਦਿੰਦੇ ਹਨ ਕਿ ਜੋ ਮਹਿੰਦੀ ਮੀਰ ਲੜਕੇ ਕਲਕੀ ਅਵਤਰ ਨੂੰ ਜਿਤ ਹੀ ਨਹੀਂ ਸਗੋਂ ਜਾਨ ਤੇ ਮਾਰ ਸਕਦਾ ਹੈ, ਅਤੇ ਜੋ ਆਪ ਤੋਂ ਬਿਨਾਂ ਹੋਰ ਕੋਈ ਦੂਜਾ ਰੱਬ ਨਹੀਂ

Digitized by Panjab Digital Library | www.panjabdigilib.org

ਸੀ ਮੰਨਦਾ ਅਤੇ ਆਪਣੇ ਕਰਤਾ ਪੁਰਖ ਨੂੰ ਹੰਕਾਰ ਦੇ ਢਹੇ ਚੜ੍ਹਕੇ ਭੁਲਾ ਬੈਠਾ ਸੀ ਤਾਂ ਉਸ ਦੀ ਅਕਾਲ ਪੁਰਖ ਨੇ ਇਕ ਕੀੜੇ ਦੇ ਹਥੋਂ ਜੋ ਉਸ ਦੇ ਕੰਨ ਵਿਚ ਧਸਿਆ ਸੀ, ਜਿਸ ਨੇ ਤੜਪਾ ਤੜਪਾ ਕੇ ਬੜੀ ਬੁਰੀ ਤਰ੍ਹਾਂ ਘਟੀਆ ਮੌਤ ਰਾਹੀਂ ਮਾਰਿਆ ਸੀ। ਜਿਸ ਨੂੰ ਪੜ੍ਹ ਕੇ ਸਾਨੂੰ ਇਕ ਬੜੀ ਕਰਾਰੀ ਠੋਕਰ ਵਜਦੀ ਹੈ, ਜੇ ਅਸੀਂ ਇਹ ਪੜ੍ਹਕੇ ਭੀ ਨਹੀਂ ਸਮਝਦੇ ਤਾਂ ਸਾਡਾ ਭੀ ਉਸ ਤੋਂ ਬੁਰਾ ਹਸ਼ਰ ਹੋ ਸਕਦਾ ਹੈ।

ਹੋਵਗ ਆਗਜਾ ਅਕਾਲ ਪੁਰਖਹ ਕੀਟੀ ਸਾਸ ਅਕਰਖਤੇ ॥
ਸਲੋਕ ਸਹਸ ਕ੍ਰਿਤੀ ॥

ਜਦੋਂ ਅਕਾਲ ਪੁਰਖ ਦੀ ਆਗਿਆ ਹੁੰਦੀ ਹੈ ਤਾਂ ਇਕ ਨਿਕੀ ਜਿਹੀ ਕੀੜੀ ਸਵਾਸ ਖਿੱਚ ਲੈਂਦੀ ਹੈ।

ਦਸਮੇਸ਼ ਜੀ ਕਹਿੰਦੇ ਹਨ :-

ਮਾਤੇ ਮਤੰਗ ਜਰੇ ਜਰ ਸੰਗ ਅਨੂਪ ਉਤੰਗ ਸੁਰੰਗ ਸਵਾਰੇ ॥
ਕੋਟ ਤੁਰੰਗ ਕੁਰੰਗ ਸੇ ਕੂਦਤ ਪਉਨ ਕੇ ਗਉਨ ਕੋ ਜਾਤ ਨਿਵਾਰੇ ॥
ਭਾਰੀ ਭੁਜਾਨ ਕੇ ਭੂਪ ਭਲੀ ਬਿਧਿ ਨਿਆਵਤ ਸੀਸ ਨ ਜਾਤ ਬਿਚਾਰੇ ॥
ਏਤੇ ਭਏ ਤੁ ਕਹਾ ਭਏ ਭੂਪਤਿ ਅੰਤ ਕੋ ਨਾਂਗੇ ਹੀ ਪਾਇ ਪਧਾਰੇ ॥ ੨ ॥ ਸ੍ਰੂਯੇ
ਏ ॥ ੭ ॥ ੨ ॥ ੧੪ ॥ ੨੯ ॥ ੧੩੬ ॥

੧ ਓ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾਗ ੭ ॥ ਅਧਯਾ: ੨ ॥ ਅਲੋਚਨਾਤਮਕ ॥

ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੇ ਨਿਰਣੇ ਦਾ ਨਿਰਣਾ ॥ ਪ੍ਰਕਰਣ ਨੰ: ੧੫ ॥ ੩੦॥ ੧੩੭ ॥

੭ ਅਵਤਾਰ ਬ੍ਰਹਮਾਂ ਦੇ — ਭਾਵ ਉਪ ਅਵਤਾਰ।

੧-ਜਿਥੇ ਭੀ ਸ੍ਰੀ ਦਸਮੇਸ਼ ਜੀ ਕਿਸੇ ਅਵਤਾਰ ਦਾ ਜੀਵਨ ਅਰੰਭ ਕਰਦੇ ਹਨ। ਪਹਿਲਾਂ

੧ ਓ ਸਤਿਗੁਰ ਪ੍ਰਸਾਦਿ ॥ ਅਵੱਸ਼ ਲਿਖਦੇ ਹਨ ਜਾਂ ਸ੍ਰੀ ਵਾਹਿਗੁਰੂ ਜੀ ਕੀ ਫਤਹ ਅਤੇ ਸ੍ਰੀ ਭਗਉਤੀ ਜੀ ਸਹਾਇ ॥ ਜੋ ਗੁਰਬਾਣੀ ਤੇ ਸ੍ਰੀ ਦਸਮੇਸ਼ ਬਾਣੀ ਦੀ ਪੁਸ਼ਟੀ ਹੀ ਨਹੀਂ ਕਰਦੀ ਸਗੋਂ ਗਰੰਟੀ ਮੰਨੀ ਜਾਂਦੀ ਹੈ। ਫੇਰ ਇਹ ਅਵਤਾਰ ਲੀਲ੍ਹਾ ਲਿਖੇ ਅਨੁਸਾਰ ਜਾਪਦਾ ਹੈ ਕਿ ਜੁਗਾਂ ਦੀ ਚੌਕੜੀ ਤੋਂ ਬਾਅਦ ਫੇਰ ਮੁੜਕੇ ਉਹੋ ਖੇਲ ਅਰੰਭ ਹੋ ਜਾਂਦਾ ਹੈ, ਜਿਸ ਦੀ ਬਾਕੀ ਚੌਕੜੀ ਦੇ ਅੰਤ ਵਿਚ ਸਮਾਪਤ ਹੁੰਦੀ ਹੈ। ਅਰ ਜਦੋਂ ਭੀ ਬ੍ਰਹਮਾਂ ਨਵੀਂ ਸਿਰਜਨਾਂ ਕਰਦਾ ਹੈ ਤਾਂ ਵੇਦਾਂ ਦਾ ਹੋਣਾ ਵੀ ਅਵੱਸ਼ਕ ਹੈ, ਜੰਤਕ ਰਚਨਾ ਤੋਂ

Digitized by Panjab Digital Library | www.panjabdigilib.org

ਪਹਿਲਾਂ ਉਸ ਦੇ ਨਿਯਮ ਉਪ ਨਿਯਮ ਕਾਇਮ ਕੀਤੇ ਜਾਂਦੇ ਹਨ । ਜਿਵੇਂ ਜਦੋਂ ਅਸੀਂ ਨਵੀਂ ਕੋਈ ਪੰਚਾਇਤ ਜਾਂ ਸੋਸਾਇਟੀ ਕਾਇਮ ਕਰਦੇ ਹਾਂ ਤਾਂ ਪਹਿਲਾਂ ਉਸ ਦੇ ਨਿਯਮ ਤੇ ਉਪ ਨਿਯਮ ਵੀ ਬਨਾਉਣੇ ਪੈਂਦੇ ਹਨ । ਅਸੀਂ ਵੇਦਾਂ ਨੂੰ ਨਿੰਦਦੇ ਹਾਂ। ਅਲੋਚਨਾਂ ਕਰਦੇ ਹਾਂ, ਕਈ ਉਟੰਕਨ ਦਿੰਦੇ ਹਾਂ ਪਰ (ਗਿਦੜ ਦਾਖ ਨਾ ਅਪੜੇ ਆਖੇ ਥੂ ਕੌੜੀ) ਵਾਲੀ ਗਲ ਹੀ ਹੈ। ਅਸੀਂ ਅਵਲ ਤਾਂ ਵੇਦ ਪੜ੍ਹ ਹੀ ਨਹੀਂ ਸਕਦੇ, ਜੋ ਕੋਈ ਪੜ੍ਹ ਕੇ ਸੁਣਾਏ ਤਾਂ ਸਮਝ ਨਹੀਂ ਸਕਦੇ, ਜੇ ਕੋਈ ਸਮਝਾਏ ਤਾਂ ਮੰਨਣ ਨਹੀਂ ਕਰਦੇ । ਜੇ ਕਿਤੇ ਬੇਦਾਂ ਨੂੰ ਪੜ੍ਹ ਕੇ ਮੰਨਿਆ ਜਾਵੇ ਤਾਂ ਸਾਨੂੰ ਇਕ ਭੀ ਬੰਦਾ ਰੋਡਾ ਜਾਂ ਸਿਰ ਮੋਨਾ ਨਾ ਮਿਲੇ, ਨਾ ਹੀ ਕੋਈ ਤੰਬਾਕੂ, ਸ਼ਰਾਬ ਆਦਿ ਨਸ਼ੇ ਵਰਤੇ। ਬੇਦਾਂ ਅਨੁਸਾਰ ਕੋਈ ਸ਼ਰਾਬ, ਸਿਗਰਟ, ਤੰਬਾਕੂ, ਅਫੀਮ, ਆਦਿ ਨਸ਼ਾ ਨਹੀਂ ਵਰਤ ਸਕਦਾ । ਵੇਦਾਂ ਨੂੰ ਮੰਨਣ ਵਾਲਾ ਚੋਰੀ, ਠਗੀ, ਨਿੰਦਿਆ, ਰਿਸ਼ਵਤ ਜਿਹਾ ਕੋਈ ਕੰਮ ਨਹੀਂ ਕਰ ਸਕਦਾ, ਪਰ ਅਸੀਂ ਤਾਂ ਉਸ ਵਿਚੋਂ ਸਿਵਾਏ ਵਾਦ ਵਿਵਾਦ ਤੋਂ ਹੋਰ ਵਸਤੂ ਕੋਈ ਸਿਖਦੇ ਹੀ ਨਹੀਂ ਜਾਂ ਫਿਰ ਪੜ੍ਹਨ ਵਾਲੇ ਪੰਡਿਤਾਂ ਨੇ ਖੱਟੀ ਵਾਲੇ ਨਿਯਮ ਅਪਣਾ ਲਏ ਹਨ, ਜੇ ਵੇਦਾਂ ਵਿਚ ਕੋਈ ਉਤਮ ਵਸਤੂ ਨਾ ਹੁੰਦੀ ਤਾਂ ਗੁਰਬਾਣੀ ਕਦੇ ਭੀ ਉਹਨਾਂ ਦੀ ਉਗਾਹੀ ਨਾ ਭਰਦੀ ਜਿਵੇਂ ਕਿ–

ਜੀਅਹੁ ਮੈਲੇ ਬਾਹਰਹੁ ਨਿਰਮਲ ॥ ਬਾਹਰਹੁ ਨਿਰਮਲ ਜੀਅਹੁ ਤ ਮੈਲੇ
ਤਿਨੀ ਜਨਮੁ ਜੂਐ ਹਾਰਿਆ ॥ ਏਹ ਤ੍ਰਿਸਨਾ ਵਡਾ ਰੋਗੁ ਲਗਾ
ਮਰਣੁ ਮਨਹੁ ਵਿਸਾਰਿਆ ॥ ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ
ਨਾਹੀ ਫਿਰਹਿ ਜਿਉ ਬੇਤਾਲਿਆ ॥ ਕਹੈ ਨਾਨਕੁ ਜਿਨ ਸਚੁ
ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥ ੧੯ ॥
[ਅਨੰਦ ਸਾਹਿਬ]

ਅਸੀਂ ਅਜ ਅੰਦਰਲੀ ਆਤਮਾ ਵਲੋਂ ਮੈਲੇ ਮਲੀਨ ਹੋ ਚੁਕੇ ਹਾਂ, ਉਤੋਂ ਦੇਖਣ ਨੂੰ ਚਿੱਟੇ ਕਪੜੇ ਪਾਕੇ (ਉਜਲ ਕੈਹਾਂ ਚਿਲਕਣਾ ਘੋਟਮ ਕਾਲੜੀ ਮਸ) ਵਾਲੀ ਗੱਲ ਬਣੀ ਹੋਈ ਹੈ ਕਿਉਂਕਿ ਸਾਡੇ ਅੰਦਰ ਆਸਾ, ਤ੍ਰਿਸ਼ਨਾਂ, ਨਫਰਤ ਆਦਿ ਵੱਡੇ ਵੱਡੇ ਰੋਗ ਸਾਨੂੰ ਚੰਬੜੇ ਪਏ ਹਨ, ਜਿਸ ਕਰਕੇ ਮਰਨਾ ਸਾਨੂੰ ਚੇਤੇ ਹੀ ਨਹੀਂ ਰਿਹਾ । ਵੇਦਾਂ ਵਿਚ ਬੜਾ ਹੀ ਉਤਮ ਪਵਿਤ੍ਰ ਨਾਮ ਦਸਿਆ ਹੈ । ਉਹ ਅਸੀਂ ਸੁਣਦੇ ਹੀ ਨਹੀਂ, (ਭਾਲੋਂ ਖੁਥੀ ਡੂਮਣੀ ਗਾਵੈ ਆਲ ਪਤਾਲ) ਐਉਂ ਬੇਤਾਲੇ ਹੋ ਕੇ ਸ਼ੁਦਾਈਆਂ ਵਾਂਗੂੰ ਭਟਕਦੇ ਫਿਰਦੇ ਹਾਂ । ਗੁਰਦੇਵ ਜੀ ਦਸਦੇ ਹਨ; ਸੱਚ ਨੂੰ ਛੱਡ ਕੇ ਨਿਰਪੱਖ ਨਹੀਂ ਹੁੰਦੇ, ਗੁਰਬਾਣੀ ਦਾ ਚਾਨਣਾ ਹੁੰਦੇ ਹੋਇਆਂ ਭੀ ਅਸਲ ਤੱਤ ਨੂੰ ਅਖੋਂ ਉਹਲੇ ਕਰਕੇ ਪੁੰਨ ਪਾਪ ਨੂੰ ਨਹੀਂ ਪਛਾਣਦੇ ।

ਗੁਰਬਾਣੀ ਕਹਿੰਦੀ ਹੈ–

ਸਿਮ੍ਰਿਤਿ ਸ਼ਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥
ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ॥

ਭਾਵੇਂ ਸਿੰਮ੍ਰਿਤੀਆਂ ਸ਼ਾਸਤ੍ਰ ਸਾਨੂੰ ਪੁੰਨ ਪਾਪ ਦਾ ਵਿਚਾਰ ਦਸਦੀਆਂ ਹਨ, ਪਰ ਅਸੀਂ ਗੁਰੂ ਦਾ ਲੜ ਛੱਡ ਬੈਠੇ ਹਾਂ,ਇਸ ਲਈ ਸਾਨੂੰ ਉਹ ਗਪਾਉੜੇ ਤੇ ਝੂਠ ਭਾਸਣ ਲਗ ਗਿਆ।ਜਿਸਨੂੰ ਸਮਝਾਉਣ ਲਈ ਮਹਾਨ ਜੋਤਿ ਨੇ ਸੁਹਣੀ ਸੁਰੀਲੀ ਭਾਖਾ ਵਿਚ ਤੇ ਉਹ ਵੀ ਰਾਗਾਂ ਤੇ ਕਵਿਤਾਵਾਂ ਵਿਚ ਅਕਾਲੀ ਬਾਣੀ (ਸਚੀ ਬਾਣੀ ਸਚ ਦੇ ਵੇਲੇ) ਸਾਡੇ ਕੰਨਾਂ ਵਿਚ ਪਾਈ ਪਰ ਅਸੀਂ ਭੂਕਨੇ ਦੇ ਭੂਕਨੇ ਹੀ ਰਹੇ । ਉਸ ਨੂੰ ਭੀ

Digitized by Panjab Digital Library | www.panjabdigilib.org

ਨਿਰੋਲ ਆਪਣਾ ਵਜੀਕਾ ਅਥਵਾ ਧਨ ਪ੍ਰਾਪਤੀ ਦਾ ਸਾਧਨ ਬਣਾ ਲਿਆ, ਨਾ ਬਾਣੀ ਪੜ੍ਹਨ ਨਾਲ ਪਿਆਰ, ਨਾ ਸ਼ਰਧਾ ਤੇ ਭਾਵਨੀ ਦਸਮੇਸ਼ ਜੀ ਦੇ ਕਹਿਣ ਅਨੁਸਾਰ–

ਕਾਮਨਾ ਅਧੀਨ ॥ ਕਾਮ ਕ੍ਰੋਧ ਮੈਂ ਪ੍ਰਬੀਨ ॥ ਏਕ ਭਾਵਨਾ ਬਹੀਨ ॥

ਕੀ ਕਾਮਯਾਬੀ ਪਾ ਸਕਦੇ ਹਾਂ। ਬਸ ਉਟੰਕਨ ਹੀ ਉਟੰਕਨ ਪੱਲੇ ਰਹਿ ਗਿਆ ਹੈ ਜਿਸ ਨੂੰ ਜਿਵੇਂ ਮਰਜ਼ੀ ਕਰਦੀ ਹੈ ਵਰਤੀ ਚਲੋ।

੨–ਹੁਣ ਸ੍ਰੀ ਦਸਮੇਸ਼ ਜੀ ਬ੍ਰਹਮਾ ਅਵਤਾਰ ਜੋ ਸਤਿਜੁਗ ਦੇ ਆਦਿ ਵਿਚ ਪ੍ਰਗਟ ਹੁੰਦਾ ਹੈ ਉਸਦਾ ਵੀਚਾਰ ਕਰਦੇ ਲਿਖਦੇ ਹਨ :–

ਜੇ ਜਪ ਹੈ ਕਲਿ ਨਾਮ ॥ ਤਿਸ ਪੂਰਨ ਹੋਇ ਹੈ ਕਾਮ ॥
ਤਿਸ ਦੂਖ ਭੂਖ ਨ ਪਿਯਾਸ ॥ ਨਿਤ ਹਰਖ ਕਹੂੰ ਨ ਉਦਾਸ ॥ ੩ ॥
ਬਿਨ ਏਕ ਦੂਸਰ ਨਾਹਿ ॥ ਸਭ ਰੰਗ ਰੂਪਨ ਮਾਹਿ ॥
ਜਿਹ ਜਾਪਿਆ ਤਿਹ ਜਾਪ ॥ ਤਿਨ ਕੇ ਸਹਾਈ ਆਪ ॥੪॥ ਸ: ੬੧੧॥

ਅਗੇ ਹੋਰ–

ਭਵ ਗੜਨ ਭੰਜਨ ਹਾਰ ॥ ਹੈ ਏਕ ਹੀ ਕਰਤਾਰ ॥
ਬਿਨ ਏਕ ਅਉਰ ਨ ਕੋਇ ॥ ਸਭ ਰੂਪ ਰੰਗੀ ਸੋਇ ॥੮॥

ਉਸ ਤੋਂ ਬਿਨਾਂ ਹੋਰ ਭਾਵੇਂ ਅਨੇਕਾਂ ਹੀ ਅਧਿਕਾਰੀ ਤੇ ਇੰਚਾਰਜ ਹਨ ਜੋ ਸਭ ਉਸ ਦੇ ਅਧੀਨ ਹਨ।

ਕਈ ਇੰਦ੍ ਪਾਨ ਪਹਾਰ ॥ ਕਈ ਬ੍ਰਹਮ ਬੇਦ ਉਦਾਰ ॥
ਕਈ ਬੈਠ ਦੁਆਰ ਮਹੇਸ ॥ ਕਈ ਸੇਸ ਨਾਗ ਅਸੇਸ ॥੯॥
ਕਈ ਸੂਰ ਚੰਦ ਸਰੂਪ ॥ ਕਈ ਇੰਦ੍ ਕੀ ਸਮ ਭੂਪ ॥
ਕਈ ਇੰਦ੍ ਉਪਇੰਦ੍ ਮੁਨਿੰਦ੍ ॥ ਕਈ ਮੱਛ ਕੱਛ ਫਨਿੰਦ੍ ॥੧੦॥
ਕਈ ਕੋਟ ਕ੍ਰਿਸਨ ਅਵਤਾਰ ॥ ਕਈ ਰਾਮ ਬਾਰ ਬੁਹਾਰ ॥
ਕਈ ਮੱਛ ਕੱਛ ਅਨੇਕ ॥ ਅਵਲੋਕ ਦੁਆਰ ਬਸੇਖ ॥੧੧॥
ਕਈ ਸੁਕ੍ਰ ਬ੍ਰਸਪਤ ਦੇਖ ॥ ਕਈ ਦੱਤ ਗੋਰਖ ਭੇਖ ॥
ਕਈ ਰਾਮ ਕ੍ਰਿਸਨ ਰਸੂਲ ॥ ਬਿਨ ਨਾਮ ਕੋ ਨ ਕਬੂਲ ॥੧੨॥
ਬਿਨ ਏਕ ਆਸ੍ ਨਾਮ ॥ ਨਹੀ ਔਰ ਕੌਨੈ ਕਾਮ ॥
ਜੋ ਮਾਨ ਹੈ ਗੁਰਦੇਵ ॥ ਤੇ ਜਾਨ ਹੈ ਅਨਭੇਵ ॥੧੩॥
ਬਿਨ ਤਾਸ ਅਵਰ ਨ ਜਾਨ ॥ ਚਿਤ ਆਨ ਭਾਵ ਨ ਆਨ ॥
ਇਕ ਮਾਨਿਜੈ ਕਰਤਾਰ ॥ ਜਿਤ ਹੋਇ ਅੰਤ ਉਧਾਰ ॥੧੪॥

ਮੇਰੇ ਪਿਆਰੇ ਪਾਠਕ ਵੀਰੋ ! ਗ੍ਰੰਥ ਦਾ ਆਕਾਰ ਵਧ ਰਿਹਾ ਹੈ, ਗੁਰੂ ਜੀ ਤਾਂ ਲਿਖਦੇ ਥਕਦੇ ਹੀ ਨਹੀਂ, ਪਰ ਮੈਂ ਵੰਨਗੀ ਮਾਤ੍ ਕੁਝ ਲਾਈਨਾਂ ਲਿਖ ਕੇ ਪਾਠਕਾਂ ਅਗੇ ਬੇਨਤੀ ਕਰਦਾ ਹਾਂ ਕਿ ਇਸ ਬਾਣੀ

Digitized by Panjab Digital Library | www.panjabdigilib.org

ਦੇ ਵਿਚਾਰ ਅਤੇ ਉਪਰ ਵਾਲੀ ਅਨੰਦ ਸਾਹਿਬ ਦੀ ਬਾਣੀ ਨੂੰ ਮੇਲ ਕੇ ਤਕੋ ਤਾਂ ਇਕ ਹੀ ਆਸ਼ਾ ਪ੍ਰਗਟ ਹੋਵੇਗਾ, ਫੇਰ ਪਤਾ ਨਹੀਂ ਭਾਈ ਭਾਗ ਸਿੰਘ ਦੇ ਹਿਮਾਤੀਆਂ ਨੂੰ ਕਿਥੋਂ ਸਾਕਤ ਪੁਣੇ ਦੀ ਬੂ ਆ ਰਹੀ ਹੈ। ਜਾਂ ਗੁਰਬਾਣੀ ਵਿਚ ਤੇ ਸ੍ਰੀ ਦਸਮੇਸ਼ ਬਾਣੀ ਵਿਚ ਕੀ ਅੰਤ੍ਰ ਹੈ।

੩-ਹਾਂ ਇਕ ਇਹ ਭੀ ਵਿਚਾਰ ਗੋਚਰੀ ਗਲ ਹੈ ਕਿ ਕਈ ਵਾਰ ਅਸੀਂ ਵਿਸ਼ਨੂੰ ਭਗਵਾਨ ਬਾਰੇ ਕਈ ਅਪਮਾਨ ਜਨਕ ਬਚਨ ਲਿਖ ਜਾਂ ਬੋਲ ਦਿੰਦੇ ਹਾਂ ਪਰ ਗੁਰਬਾਣੀ ਵਿਚ ਅਨੇਕ ਥਾਵਾਂ ਤੇ ਬਿਸਨ ਭਗਵਾਨ ਦੇ ਬੜੀ ਉਪਮਾ ਨਾਲ ਨਾਮ ਲਿਖੇ ਮਿਲਦੇ ਹਨ। ਜਿਨ੍ਹਾਂ ਬਾਰੇ ਸ੍ਰੀ ਦਸਮੇਸ਼ ਜੀ ਇਥੇ ਨਿਰਨਾ ਕਰਦੇ ਹਨ। ਪਹਿਲਾਂ ਉਪਰ ਦਸ ਹੀ ਚੁਕੇ ਹਨ ਕਿ ਉਸ ਇਕ ਅਕਾਲ ਦੇ ਅਧੀਨ ਅਨੇਕਾਂ ਕ੍ਰਿਸ਼ਨ ਵਿਸ਼ਨ ਆਦਿ ਦੇਵਤਾ ਹਨ। ਪਰ ਇਥੇ ਇਕ ਬੜੇ ਰਾਜ਼ ਵਾਲੀ ਗਲ ਦਸਦੇ ਹਨ ਕਿ ਜਿਸ ਵੇਲੇ ਸਰਬ ਸ਼ਕਤੀ ਪਰਦਾਤਾ ਨੇ ਬ੍ਰਹਮਾਂ ਨੂੰ ਬ੍ਰਹਮੰਡ ਰਚਨ ਦੀ ਆਗਿਆ ਦਿਤੀ ਤਾਂ ਹੁਕਮ ਮੰਨ ਕੇ ਬ੍ਰਹਮਾਂ ਨੇ ਕੰਮ ਅਰੰਭ ਦਿਤਾ ਤੇ ਪਹਿਲੇ ਨਿਯਮ ਅਨੁਸਾਰ ਚਾਰ ਵੇਦ ਰਚੇ, ਜਿਸ ਤੋਂ ਬ੍ਰਹਮਾ ਨੂੰ ਹੰਕਾਰ ਹੋ ਗਿਆ ਕਿ ਮੇਰੇ ਜਿਹਾ ਕੌਣ ਵਿਦਵਾਨ ਹੋ ਸਕਦਾ ਹੈ, ਜੋ ਚਾਰ ਵੇਦਾਂ ਦੀ ਰਚਨਾਂ ਕਰੇ। ਉਸ ਵੇਲੇ ਮਹਾਂ ਸ਼ਕਤਿ ਨੇ ਉਸ ਨੂੰ ਮਾਤ ਲੋਕ ਵਿਚ ਵਗਾਹ ਮਾਰਿਆ। ਜਿਸ ਤੋਂ ਬ੍ਰਹਮਾ ਜੀ ਦੀਆਂ ਅੱਖਾਂ ਖੁਲ੍ਹ ਗਈਆਂ ਤੇ ਹੰਕਾਰ ਟੁਟ ਗਿਆ ਤੇ ਪਸ਼ਚਾਤਾਪ ਕਰਨ ਲਗਾ ਅਤੇ ਫਿਰ ਸਿਰਮੌਰਿ ਸ਼ਕਤਿ ਦੀ ਅਰਾਧਨਾ ਕਰਨ ਲਗਾ ਅਤੇ ਲਿਖਿਆ ਹੈ ਸਫਾ ੬੧੨ ਪਰ ਕਿ ਬ੍ਰਹਮਾ ਜੀ ਨੇ ਫੇਰ ਦਸ ਲਖ ਬਰਸ ਤਪ ਕੀਤਾ ਸੀ ਤਾਂ ਜਾ ਕੇ ਦੇਵ ਪ੍ਰਗਟ ਹੋਏ, ਜਿਸ ਨੂੰ ਅਸੀਂ ਅਜ ਦੇਵੀ ਕਹਿ ਕੇ ਦੁਰਕਾਰ ਰਹੇ ਹਾਂ। ਬ੍ਰਹਮਾ ਜੀ ਨੇ ਬੇਨਤੀ ਕੀਤੀ ਕਿ, ਐ ਦੇਵ! ਮੇਰਾ ਹੁਣ ਕਿਵੇਂ ਉਧਾਰ ਹੋਵੇਗਾ ਤਾਂ ਅਗੋਂ ਜਾਗਦੀ ਜੋਤ ਨੇ ਕਿਹਾ ਸੀ ਕਿ ਤੂੰ ਮਨ ਚਿਤ ਕਰਕੇ ਮੇਰੇ ਰੂਪ ਦੀ ਸੇਵਾ ਕਰੀ ਹੈ; ਮੈਂ ਹੁਣ ਤੇਰੇ ਤੇ ਪ੍ਰਸੰਨ ਹਾਂ। ਉਸ ਵੇਲੇ ਬ੍ਰਹਮਾ ਜੀ ਚਰਨਾਂ ਵਿਚ ਲਿਪਟ ਗਏ ਸੀ ਜਿਸ ਨੂੰ ਸ੍ਰੀ ਦਸਮੇਸ਼ ਜੀ ਨੇ ਇਉਂ ਲਿਖਿਆ ਹੈ।

ਪਰਿ ਪਾਇ ਚੰਡ ਪ੍ਰਚੰਡ ॥ ਜਿਹ ਮੰਡ ਦੁਸ਼ਟ ਅਖੰਡ ॥
ਜ੍ਵਾਲਾਛ ਲੋਚਨ ਧੂਮ ॥ ਹਨ ਜਾਸ ਡਾਰੇ ਭੂਮ ॥
ਤਿਸ ਜਾਪਹੁ ਜਬ ਜਾਪ ॥ ਤਬ ਹੋਇ ਪੂਰਨ ਸ੍ਰਾਪ ॥
ਉਠ ਲਾਗ ਕਾਲ ਜਪੰਨ ॥ ਹਠਿ ਤਿਆਗ ਆਵ ਸਰੰਨ ॥ ੨੮ ॥

ਜੇ ਗੁਰੂ ਜੀ ਕਿਸੇ ਦੇਵੀ ਦਾ ਨਾਮ ਜਪਣ ਦੀ ਪ੍ਰੇਰਨਾ ਦਿੰਦੇ ਹੁੰਦੇ ਤਾਂ ਉਸ ਦੇਵੀ ਦਾ ਨਾਮ ਭੀ ਜ਼ਰੂਰ ਲਿਖ ਦਿੰਦੇ, ਮਨਸਾ ਦੇਵੀ, ਜਵਾਲਾ ਦੇਵੀ, ਗੰਗਾ ਦੇਵੀ, ਜਮਨਾ ਦੇਵੀ, ਨੈਣਾਂ ਦੇਵੀ ਆਦਿ ਪਰ ਨਹੀਂ ਆਪ ਨੇ ਸਾਫ ਥਾਂ ਥਾਂ ਸੰਕੇਤ ਦਿਤੇ ਹਨ। ਹੇ ਬ੍ਰਹਮਾਂ ਤੂੰ ਚਰਨੀਂ ਲਗ, ਕਿਸਦੇ ਚੰਡ, ਪ੍ਰਚੰਡ (ਜੋ ਜਾਗਤੀ ਜੋਤ ਲਟ ਲਟ ਮਚ ਰਹੀ ਹੈ) ਜਿਸ ਨੇ ਬੇਅੰਤ ਦੁਸ਼ਟਾਂ ਦਾ ਨਾਸ ਕੀਤਾ ਹੈ। ਲਾਲ ਅੱਗ ਵਾਂਗੂੰ ਲਾਲ ਅੱਖਾਂ ਵਾਲਾ ਦੈਂਤ ਅਤੇ ਧੂੰਏ ਵਰਗੀ ਅੱਖਾਂ ਵਾਲਾ ਧੂਮਰ ਨੇ ਦੈਂਤਾਂ ਨੂੰ ਮਾਰਕੇ ਜਿਸ ਨੇ ਧਰਤੀ ਦਾ ਭਾਰ ਲਾਹਿਆ ਹੈ। ਜਦ ਤੂੰ ਉਸਦਾ ਜਾਪ ਜਪੇਂਗਾ ਤਾਂ ਤੇਰਾ ਸਰਾਪ ਮੁੱਕ ਜਾਏਗਾ ਇਸ ਲਈ ਝਟ ਪਟ ਉਠਕੇ ਉਸ ਅਕਾਲ ਪੁਰਖ ਦਾ ਜਾਪ ਕਰ ਅਤੇ ਆਪਣੀ ਹੈਂਕੜ ਛੱਡਕੇ ਸ਼ਰਨ ਵਿਚ ਆ ਜਾ। ਜਿਸ ਬਾਰੇ ਗੁਰਬਾਣੀ ਵਿਚ ਐਉਂ ਦਸਿਆ ਹੈ।

ਪਰਮ ਜੋਤਿ ਪੂਰਨ ਪੁਰਖ ਸਭਿ ਜੀਅ ਤੁਮਾਰੈ ॥
ਜਿਉ ਤੂ ਰਾਖਹਿ ਤਿਉ ਰਹਾ ਪ੍ਰਭ ਅਗਮ ਅਪਾਰੇ ॥੩॥ਸ:੯੧੫॥ਮਹਲਾ੫॥

Digitized by Panjab Digital Library | www.panjabdigilib.org

ਜਿਸ ਨੂੰ ਸ੍ਰੀ ਦਸਮੇਸ਼ ਜੀ ਨੇ ਐਉਂ ਕਿਹਾ ਹੈ-

ਜੇ ਜਾਤ ਤਾਸ ਸਰੰਨਿ ॥ ਤੇ ਹੈ ਧਰਾ ਮੈ ਧੰਨ ॥
ਤਿਨ ਕਉਨ ਕਉਨੈ ਤ੍ਰਾਸ ॥ ਸਭ ਹੋਤ ਕਾਰਜ ਰਾਸ ॥ ੩੦ ॥

ਦਸ ਲੱਛ ਬਰਖ ਪ੍ਰਮਾਨ ॥ ਰਹਜੋ ਠਾਢ ਏਕ ਪਗਾਨ ॥
ਚਿਤ ਲਾਇ ਕੀਨੀ ਸੇਵ ॥ ਤਬ ਰੀਝਗੇ ਗੁਰਦੇਵ ॥ ੩੧ ॥

ਭਾਵ-ਕਿ ਜੋ ਉਸਦੀ ਸ਼ਰਨ ਵਿਚ ਜਾ ਢੁਕਦਾ ਹੈ, ਉਹਨਾਂ ਦਾ ਧਰਤੀ ਤੇ ਆਉਣਾ ਧੰਨਤਾ ਜੋਗ ਹੈ, ਅਰ ਉਸ ਨੂੰ ਕਿਸੇ ਤੋਂ ਕਿਸੇ ਦੁਖ ਦੇਣ ਦਾ ਡਰ ਨਹੀਂ ਅਤੇ ਉਸਦੇ ਸਭ ਕੰਮ ਸਿੱਧ ਹੁੰਦੇ ਹਨ। ਇਸ ਲਈ ਬ੍ਰਹਮਾ ਜੀ ਨੇ ਦਸ ਲਖ ਬਰਸ ਇਕ ਪੈਰ ਦੇ ਭਾਰ ਖਲੋਕੇ ਤਪ ਕੀਤਾ ਅਤੇ ਇਕ ਚਿੱਤ ਹੋਕੇ ਅਕਾਲੀ ਜੋਤਿ ਦਾ ਧਿਆਨ ਕੀਤਾ ਤਾਂ ਗੁਰਦੇਵ

ਆਦਿ ਅੰਤ ਏਕੈ ਅਵਤਾਰਾ ॥ ਸੋਈ ਗੁਰੂ ਸਮਝਿਹੁ ਹਮਾਰਾ ॥੯॥ ਚੌਪਈ ॥

ਹੁਣ ਏਥੇ ਜੋਤਿ ਦਾ ਸਰੂਪ ਭੀ ਦਸ ਗਏ ਹਨ ਅਤੇ ਗੁਰੂ ਦਾ ਸੰਕੇਤ ਭੀ ਦਿਤਾ ਗਿਆ ਅਤੇ ਅਗੇ ਫੇਰ ਦੇਵੀ ਸ਼ਬਦ ਭੀ ਵਰਤ ਦਿੰਦੇ ਹਨ ਜਿਵੇਂ ਕਿ-

ਜਬ ਭੇਦ ਦੇਵੀ ਦੀਨ ॥ ਤਬ ਸੇਵ ਬਹਮਾ ਕੀਨ ॥

ਇਹ ਗੁਰੂ ਜੀ ਦੀ ਆਪਣੀ ਮੌਜ ਹੈ ਪਰ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਵਿਚ ਕਿੰਨੇ ਨਾਮ ਵਰਤਦੇ ਹੋਏ ਅਕਾਲ ਪੁਰਖ ਦੀ ਭਗਤੀ ਕਰਨ ਦਾ ਆਦੇਸ਼ ਹੈ। ਹਾਂ ਬ੍ਰਹਮਾਂ ਪ੍ਰਤੀ ਇਹ ਗਲ ਭੀ ਕਹੀ ਹੈ ਕਿ ਬ੍ਰਹਮਾ ਅਤੇ ਮੇਰੇ ਵਿਚ ਤੇ ਵਿਸ਼ਨੂੰ ਵਿਚ ਭੇਦ ਨਾ ਜਾਣ, ਕਿਉਂਕਿ ਵਿਸ਼ਨੂੰ ਨੇ ਭੀ ਭਗਤੀ ਕਰਕੇ ਅਤੇ ਬਹੁਤ ਉਸਤਤਿ ਕੀਤੀ ਸੀ ਅਤੇ ਮੇਰੇ ਕੋਲੋਂ ਵਰ ਮੰਗਿਆ ਸੀ ਜਿਸ ਲਈ ਮੈਂ ਉਸ ਨੂੰ ਵਰ ਦਿਤਾ ਹੋਇਆ ਹੈ। ਜੋ ਇਉਂ ਹੈ-

ਇਕ ਬਿਸਨ ਮੋਹਿ ਧਿਆਨ ॥ ਬਹੁ ਸੇਵ ਮੋਹਿ ਰਿਝਾਨ ॥
ਤਿਨ ਮਾਂਗਿਆ ਬਰ ਐਸ ॥ ਮਮ ਦੀਨ ਤਾਕਹੁ ਤੈਸ ॥੩੭॥
ਮਮ ਤਾਸ ਭੇਦ ਨ ਕੋਇ ॥ ਸਬ ਲੋਕ ਜਾਨਤ ਸੋਇ ॥

ਜੇ ਹੁਣ ਅਕਾਲੀ ਜੋਤਿ ਬ੍ਰਹਮਾਂ ਨੂੰ ਇਹ ਵਰ ਦੇ ਦਿੰਦੀ ਹੈ ਕਿ ਮੇਰੇ ਵਿਚ ਤੇ ਤੇਰੇ ਵਿਚ ਕੋਈ ਭੇਦ ਨਹੀਂ ਅਰ ਸ੍ਰੀ ਦਸਮੇਸ਼ ਜੀ ਇਸ ਰਾਜ਼ ਨੂੰ ਪ੍ਰਗਟ ਕਰਦੇ ਹਨ ਤਾਂ ਅਸੀਂ ਕੌਣ ਹੁੰਦੇ ਹਾਂ ਜੋ ਇਸ ਗਲ ਪਰ ਉਟੰਕਣ ਕਰੀਏ। ਜਿਵੇਂ ਸਾਡੇ ਸਤਿਗੁਰਾਂ ਤੋਂ ਜੇ ਕਿਸੇ ਨੇ ਸੇਵਾ ਭਾਵ ਨਾਲ ਗੁਰੂ ਜੋਤਿ ਨੂੰ ਰੀਝਾ ਕੇ ਕੋਈ ਵਰ ਜਾਂ ਪਦਵੀ ਹਾਸਲ ਕਰ ਲਈ ਹੈ ਤਾਂ ਅਸੀਂ ਨਾ ਮੰਨਕੇ ਉਹਨਾਂ ਦੇ ਹੁਕਮ ਦੀ ਅਦੂਲੀ ਜਾਂ ਉਲੰਘਣਾ ਨਹੀਂ ਕਰਾਂਗੇ। ਜੇ ਉਸਤਤਿ ਨਹੀਂ ਕਰਨੀ ਤਾਂ ਨਿੰਦਾ ਭੀ ਕਿਉਂ ਕਰਨੀ ਹੈ। ਸਾਡੇ ਤਾਂ ਅਕਸਰ ਵੱਡੇ ਹੀ ਹਨ, ਭਾਵੇਂ ਵਿਸ਼ਨੂੰ ਜੀ ਆਪਣੀ ਡਿਊਟੀ ਹੀ ਦੇ ਰਹੇ ਹਨ ਪਰ ਸਾਡੇ ਲਈ ਤਾਂ ਦਾਤਾ ਤੇ ਬਖਸ਼ਿੰਦ ਹੀ ਹਨ। ਏਥੋਂ ਤਕ ਜਗਤ ਨਾਥ ਜਾਗਦੀ ਜੋਤਿ ਅਤੇ ਬ੍ਰਹਮਾ ਜੀ ਦੇ ਆਪਸੀ ਮੇਲ ਅਤੇ ਬ੍ਰਹਮਾ ਪ੍ਰਤੀ ਆਦੇਸ਼ ਆਦਿ ਦਾ ਵਰਨਣ ਸਮਾਪਤ ਕਰਕੇ ਗੁਰਦੇਵ, ਬ੍ਰਹਮਾਂ ਦੇ ਅਵਤਾਰਾਂ ਦੀ ਕਥ

Digitized by Panjab Digital Library | www.panjabdigilib.org

ਲਿਖਣ ਤੋਂ ਪਹਿਲਾਂ ਅਤਿ ਨਿੰਮ੍ਰਤਾ ਸਹਿਤ ਗ੍ਰੰਥ ਦਾ ਮੰਗਲਾ ਚਰਨ ਲਿਖਦੇ ਹੋਏ ਅਕਾਲ ਪੁਰਖ ਤੋਂ ਸ਼ਕਤੀ ਦਾ ਵਰਦਾਨ ਮੰਗਦੇ ਹਨ ਅਤੇ ਬ੍ਰਹਮਾ ਤੇ ਵਿਸ਼ਨੂੰ ਜੇ ਰਬ ਨਹੀਂ ਤਾਂ ਉਸ ਦੇ ਭਗਤ ਜ਼ਰੂਰ ਹਨ। ਰੱਬ ਦੇ ਭਗਤ ਦਾ ਸਤਿਕਾਰ ਕਰਨਾ ਭੀ ਆਵੱਸ਼ਕ ਹੈ, ਨਾ ਕਿ ਨਿਰਾਦਰੀ ਜਨਕ ਕੋਈ ਸ਼ਬਦ ਕਿਹਾ ਜਾਵੇ।

ਗੁਰਬਾਣੀ ਦਾ ਕਥਨ ਹੈ-

ਬ੍ਰਹਮ ਮਹੇਸ ਸਿਧਿ ਮੁਨਿ ਇੰਦ੍ਰਾ ਮੋਹਿ ਠਾਕੁਰ ਹੀ ਦਰਸਾਰੇ ॥ ਸਫਾ ੫੩੪ ॥

ਭਾਵ-ਬ੍ਰਹਮਾ, ਸ਼ਿਵਜੀ ਤੇ ਇੰਦ੍ਰ ਆਦਿ ਉਸ ਦੇ ਭਗਤ ਹੋਣ ਦੇ ਨਾਤੇ ਮੈਨੂੰ ਉਸੇ ਦਾ ਰੂਪ ਦਿਸਦੇ ਹਨ ।

ਸਾਈ ਭਗਤਿ ਜੋ ਤੁਧ ਭਾਵੈ ਤੂ ਸਰਬ ਜੀਆ ਪ੍ਰਤਿਪਾਲਾ ॥ ਸ: ੭੪੭ ॥ ਮਹਲਾ ੫ ॥

ਗੁਰੂ ਜੀ ਕਹਿੰਦੇ ਹਨ ਕਿ ਉਹੀ ਭਗਤੀ ਚੰਗੀ ਹੈ ਜੋ ਤੈਨੂੰ ਭਾਉਂਦੀ ਹੋਵੇ, ਤਾਂ ਫੇਰ ਇਸਦਾ ਅਰਥ ਸਾਫ ਹੀ ਹੈ ਕਿ,ਬ੍ਰਹਮਾ ਵਿਸ਼ਨੂੰ ਆਦਿ ਦੀ ਭਗਤੀ ਪਰਮ ਆਤਮ ਜੋਤਿ ਨੂੰ ਪਸੰਦ ਆਈ ਤਾਂ ਹੀ ਉਹਨਾਂ ਨੂੰ ਉਚ ਅਧਿਕਾਰ ਦਿਤੇ। ਅਜੇਹੀ ਨਹੀਂ ਸਗੋਂ ਭੂਤ ਭਵਿਖ ਵਿਚ ਭੀ ਉਹਨਾਂ ਦੀ ਪਦਵੀ ਸਾਰੇ ਸੰਸਾਰ ਤੋਂ ਉਚੀ ਰਖੀ ਗਈ ਹੈ। ਬਿਨਾਂ ਵਿਸ਼ਵਾਸ ਤੇ ਕੋਈ ਰਾਜ ਪ੍ਰਬੰਧ ਦਾ ਮੁਖੀ ਨਹੀਂ ਥਾਪਿਆ ਜਾਂਦਾ ਜਿਸ ਤੋਂ ਸਿਧ ਹੁੰਦਾ ਹੈ ਕਿ ਅਕਾਲ ਪੁਰਖ ਦੇ ਭਗਤਾਂ ਦਾ ਸਤਕਾਰ ਕਰਨਾ ਗੁਰਬਾਣੀ ਦਾ ਮੁਖ ਆਦੇਸ਼ ਹੈ ਅਤੇ ਜਦੋਂ ਅਸੀਂ ਇਹਨਾਂ ਨੂੰ ਹਰੀ ਦੇ ਪਰਮ ਭਗਤ ਮੰਨਾਂਗੇ ਤਾਂ ਸਾਨੂੰ ਇਹਨਾਂ ਦੀ ਨਿੰਦਾ ਕਰਨੀ ਨਹੀਂ ਬਣਦੀ,ਗੁਰਬਾਣੀ ਕਹਿੰਦੀ ਹੈ, ਮੈਂ ਨਹੀਂ ਜੇ ਕਹਿੰਦਾ।

ਹਰਿ ਕੀ ਭਗਤਿ ਕਰਹਿ ਤਿਨ ਨਿੰਦਹਿ ਨਿਗੁਰੇ ਪਸੂ ਸਮਾਨਾ ॥ ੨ ॥
[ਸ: ੧੩੯ ॥ ਮਹਲਾ ੫ ॥

੩-ਪਰ ਅਜ ਸਾਡਾ ਇਤਕਾਦ ਟੁਟ ਚੁਕਾ ਹੈ। ਸਾਡਾ ਭਰੋਸਾ ਕਿਤੇ ਭੀ ਨਹੀਂ ਟਿਕ ਰਿਹਾ, ਬੇਦ ਝੂਠੇ ਹਨ, ਸ਼ਾਸਤ੍ਰ ਝੂਠੇ ਹਨ। ਪੁਰਾਣ ਮਨੋ-ਕਲਪਤ ਹਨ,ਏਥੋਂ ਤੀਕ ਕਿ ਅਗੇ ਗੁਰਬਾਣੀ ਜਾਂ ਦਸਮ ਗਰੰਥ ਦੀ ਬਾਣੀ ਭੀ ਅਜ ਸਾਨੂੰ ਕੱਚੀ ਬਾਣੀ ਦਿਸਦੀ ਹੈ। ਗੁਰਬਾਣੀ ਤੋਂ ਉਪ੍ਰੰਤ ਹੁਣ ਹੋਰ ਸਾਨੂੰ ਕਿਹੜੀ ਸੱਚੀ ਬਾਣੀ ਮਿਲ ਸਕਦੀ ਹੈ ਜਿਸ ਦੇ ਅਸੀਂ ਪ੍ਰਮਾਣ ਜਾਂ ਸਬੂਤ ਅਥਵਾ ਉਦਾਹਰਨ ਪੇਸ਼ ਕਰੀਏ। ਅਜ ਤਕ ਕੋਈ ਭੀ ਫਿਰਕਾ ਆਪਣੇ ਗੁਰੂ ਜਾਂ ਪੀਰ ਨੂੰ ਝੂਠਾ ਸਾਬਤ ਕਰਨ ਦੀ ਦਲੇਰੀ ਨਹੀਂ ਕਰਦਾ । ਕਈ ਲੋਕ ਭਾਵੇਂ ਮੁਹੰਮਦ ਸਾਹਿਬ ਦੇ ਦਿਤੇ ਹੁਕਮਾਂ ਤੇ ਅਲੋਚਨਾਂ ਕਰਦੇ ਹਨ। ਜਿਵੇਂ ਕਿ ੭ ਲੋਕ ਜਾਂ ੭ ਆਕਾਸ਼ ਤੇ ੭ ਪਾਤਾਲ, ਜਦ ਕਿ ਗੁਰੂ ਨਾਨਕ ਦੇਵ ਜੀ ਨੇ ਅਨੇਕਾਂ ਲਿਖ ਕਰਕੇ ਮੌਕੇ ਤੇ ਮੌਲਵੀ ਰੁਕਨ ਦੀਨ ਨੂੰ ਅਖੀਂ ਦਿਖਾ ਦਿਤੇ ਹਨ ਪਰ ਮੋਮਨ ਦੇ ਮੁਖੋਂ ਇਹੋ ਨਿਕਲਦਾ ਹੈ ਕਿ ਸਾਡੇ ਮੁਹੰਮਦ ਦਾ ਹੁਕਮ ਹੈ। ਹਿੰਦੂ ਸਾਸ਼ਤ੍ਰਾਂ ਵਿਚੋਂ ਅਨੇਕਾਂ ਮਿਥਿਹਾਸਕ ਸਬੂਤ ਮਿਲਦੇ ਹਨ ਪਰ ਫੇਰ ਭੀ ਪੁਜਾਰੀ ਲੋਕ ਉਸ ਤੋਂ ਮੁਨਕਰ ਨਹੀਂ ਹੁੰਦੇ। ਪਰ ਅੱਜ ਗੁਰੂ ਦੇ ਸਿਖ ਆਪਣੇ ਹੀ ਗੁਰੂ ਦੇ ਕੰਮਾਂ ਤੇ ਅਲੋਚਨਾਂ ਕਰਦੇ ਹਨ । ਅਰ ਅਲੋਚਨਾ ਕਰਦਾ ਕਰਦਾ ਗੁਰਬਾਣੀ ਤਕ ਪੁਜ ਗਿਆ ਹੈ ਜਿਸ ਦਾ ਅਸੀਂ ਇਕ ਅਖਰ ਭੀ ਬਦਲ ਨਹੀਂ ਸਕਦੇ।

ਗੁਰਮਤ ਪ੍ਰਕਾਸ਼ ਸਾਚਾ ਸਿਖ ਧਰਮ ਦਾ ਧਾਰਮਕ ਪਰਚਾ ਹੈ। ਜਿਸ ਨੂੰ ਅਸੀਂ ਬੜੀ ਸ਼ਰਧਾ ਨਾਲ

Digitized by Panjab Digital Library | www.panjabdigilib.org

ਕਈ ਸਾਲਾਂ ਤੋਂ ਬੜੇ ਹੀ ਪ੍ਰੇਮ ਨਾਲ ਪੜ੍ਹਦੇ ਆ ਰਹੇ ਹਾਂ ਅਤੇ ਕਈ ਸਜਣਾਂ ਨੂੰ ਪ੍ਰੇਰ ਕੇ ਪੜ੍ਹਨ ਲਈ ਬੇਨਤੀਆਂ ਕਰਕੇ ਚੰਦੇ ਭੀ ਭਿਜਵਾਏ ਹਨ। ਅਗਸਤ ੧੯੮੧ ਦੇ ਪਰਚੇ ਸਫਾ ਨੰ: ੮ ਪਰ ਲਿਖਿਆ ਹੈ। **ਗੁਰਬਾਣੀ ਵਿਚ ਅਨਮਤੀ ਵਿਚਾਰ**-ਜਿਸ ਤੋਂ ਸੋਚਣਾ ਪੈਂਦਾ ਹੈ ਕਿ ਹੁਣ ਅਸੀਂ ਅਸਲ ਗੁਰਮਤਿ ਦੇ ਵਿਚਾਰ ਕਿਥੋਂ ਹਾਸਲ ਕਰਾਂਗੇ, ਗੁਰਬ ਣੀ ਤੋਂ ਉਪਰ ਹੁਣ ਸਾਡੇ ਕੋਲ ਅਸਲ ਗੁਰਮਤਿ ਕਿਥੋਂ ਆਏਗੀ। ਅਗੇ ਲਿਖਿਆ ਹੈ ਕਿ ਪੁਰਾਣਕ ਕਥਾਂ ਦੇ ਹਵਾਲੇ ਜੋ ਗੁਰਬਾਣੀ ਵਿਚ ਲਿਖੇ ਹੋਏ ਹਨ ਨੂੰ ਪੜ੍ਹਨਾ ਹੈ ਪ੍ਰਚਾਰ ਲਈ ਵਰਤਣਾ ਭੀ ਹੈ ਪਰ ਇਹਨਾ ਨੂੰ ਸਚ ਨਹੀਂ ਮੰਨਣਾ ਅਤੇ ਨਾ ਹੀ ਸੰਗਤ ਵਿਚ ਇਹਨਾਂ ਦਾ ਇਸ ਤਰ੍ਹਾਂ ਫਰਣਨ ਕਰਨਾ ਹੈ ਕਿ ਇਹ ਸੱਚ ਭਾਸਣ, ਸਗੋਂ ਸਪਸ਼ਟ ਕਰਕੇ ਦਸਣਾ ਹੈ ਕਿ ਇਹ ਮਨੋ-ਕਲਪਤ ਹਨ, ਤਾਂ ਕਿ ਸੁਣਨ ਪਿਛੋਂ ਕਿਸੇ ਨੂੰ ਇਹਨਾਂ ਦੇ ਸੱਚ ਹੋਣ ਦਾ ਭੁਲੇਖਾ ਨਾ ਲਗ ਸਕੇ।

ਮੈਂ ਬਹੁਤ ਹੀ ਨਿੰਮ੍ਰਤਾ ਨਾਲ ਬੇਨਤੀ ਕਰਦਾ ਹਾਂ ਕਿ ਇਸ ਤਰ੍ਹਾਂ ਜਿੱਥੇ ਤਕ ਸਾਡੀ ਸ਼ਰਧਾ ਟੁਟਦੀ ਹੈ, ਨਾਲੇ ਗੁਰਬਾਣੀ ਦੀ ਨਿਰਾਦਰੀ ਭੀ ਹੁੰਦੀ ਹੈ। ਕਿਉਂਕਿ ਗੁਰਬਾਣੀ ਇਕ ਸਚੀ ਬਾਣੀ ਹੈ ਅਤੇ ਬਾਣੀਆਂ ਵਿਚੋਂ ਸ਼ਿਰੋਮਣੀ ਬਾਣੀ ਹੈ ਅਤੇ ਅਨਮਤੀ ਵਿਚਾਰਾਂ ਦਾ ਇਸ ਤੇ ਸੰਕਲਪ ਨਹੀਂ ਉਠਣਾ ਚਾਹੀਦਾ। ਲਿਖਣ ਵਾਲਿਆਂ ਰਾਮਾਇਣ ਨੂੰ ਭੀ ਮਨੋ-ਕਲਪਤ ਵਾਰਤਾ ਲਿਖ ਛਿਤਾ ਹੈ। ਪਰ ਬਾਲਮੀਕੀ ਰਾਮਾਇਣ ਸਿਧ ਕਰਦੀ ਹੈ ਕਿ ਰਾਮਾਇਣ ਸੀਤਾ ਜੀ ਦੀ ਜ਼ਬਾਨੀ ਆਪ ਬੀਤੀ ਵਾਰਤਾ, ਜਿਸ ਵੇਲੇ ਸੀਤਾ ਜੀ ਨੂੰ ਜੰਗਲਾਂ ਦੇ ਵਿਚ ਬਨਵਾਸ ਦਾ ਸੰਕਟ ਕੱਟਣ ਲਈ ਰਿਸ਼ੀ ਬਾਲਮੀਕ ਜੀ ਦਾ ਸਹਾਰਾ ਮਿਲਿਆ ਸੀ ਉਸ ਵੇਲੇ ਲਿਖੀ ਗਈ। ਪਰ ਹੁਣ ਸਾਡੇ ਪਾਸ ਉਹ ਕਿਹੜਾ ਜੋਤਸ਼ ਜਾਂ ਆਲਾ ਹੈ ਜਿਸ ਨਾਲ ਰਾਵਣ ਦਾ ਜਾਂ ਸ੍ਰੀ ਰਾਮ ਚੰਦ੍ਰ ਦਾ ਇਤਿਹਾਸ ਮਨੋ ਕਲਪਤ ਕਰਾਰ ਦਿਤਾ ਜਾਵੇ। ਹਰ ਵਿਚਾਰ ਵਿਚ ਬਹੁਤੀ ਸਚਾਈ ਤੇ ਕੁਝ ਝੂਠ ਤਾਂ ਹੋ ਸਕਦਾ ਹੈ, ਅਕਸਰ ਸੰਸਾਰ ਲੱਖ ਵਰ੍ਹੇ ਤੋਂ ਚਲਿਆ ਆ ਰਿਹਾ ਹੈ। ਇਸ ਵਿਚ ਅਨੇਕਾਂ ਘਟਨਾਵਾਂ ਅਜ ਸਾਡੇ ਵੇਖਦਿਆਂ ਭੀ ਵਰਤਦੀਆਂ ਹਨ, ਤਾਂ ਕੀ ਹੁਣ ਤੋਂ ਪਹਿਲੇ ਕੁਝ ਹੋਇਆ ਹੀ ਨਹੀਂ ਜੋ ਸਭ ਦੇ ਸਭ ਨੂੰ ਮਨੋ-ਕਲਪਤ ਕਰਾਰ ਦਿਤਾ ਜਾਵੇ। ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਭੁਲ ਗੁਰੂ ਹਨ ਜੋ ਕਦੀ ਭੁਲ ਜਾਂ ਭੁਲੇਖੇ ਵਿਚ ਆ ਹੀ ਨਹੀਂ ਸੀ ਸਕਦੇ। ਫੇਰ ਅਨਮਤੀ ਵਿਚਾਰ ਉਹ ਆਪਣੀ ਬਾਣੀ ਵਿਚ ਕਿਵੇਂ ਦਰਜ ਕਰ ਸਕਦੇ ਸਨ ? ਜਦ ਕਿ ਕਈਆਂ ਬਾਣੀਆਂ ਨੂੰ ਆਪ ਨੇ ਦਰਜ ਕਰਨੋਂ ਨਾਂਹ ਭੀ ਕਰ ਦਿਤੀ ਸੀ ਅਰ ਆਪਣੀ ਕਸਵੱਟੀ ਪਰ ਘਸਾਏ ਬਿਨਾਂ ਇਕ ਅੱਖਰ ਭੀ ਲਿਖਣਾ ਨਹੀਂ ਸਨ ਮੰਨੇ ਅਤੇ ਨਾ ਹੀ ਕਿਸੇ ਤੋਂ ਡਰ ਕੇ ਕੋਈ ਘਟ ਵਧ ਕੀਤੀ ਅਤੇ ਆਪਣੇ ਪੁਤ੍ਰ ਰਾਮ ਰਾਇ ਨੂੰ ਭੀ ਮੁਆਫ ਨਹੀਂ ਕੀਤਾ। ਮੰਨ ਲੌ ਅਸੀਂ ਨਿਰਗੁਣ ਦੇ ਉਪਾਸ਼ਕ ਹਾਂ ਪਰ ਸਰਗੁਣ ਸਰੂਪ ਤੋਂ ਬਿਨਾਂ ਭੀ ਨਿਰਗੁਣ ਦਾ ਕੰਮ ਨਹੀਂ ਚਲਦਾ ਜਿਵੇਂ ਪੁਰਖ ਪਰਕ੍ਰਿਤੀ ਤੋਂ ਬਿਨਾਂ ਸੰਸਾਰ ਨਹੀਂ ਚਲ ਸਕਦਾ, ਨਿਰਗੁਣ ਨੂੰ ਆਪਣੇ ਨਾਲ ਸ਼ਕਤੀ ਵਰਤਣੀ ਪੈਂਦੀ ਹੈ ਅਤੇ ਸਾਰੇ ਕੌਤਕ ਸਰਗੁਣ ਸਰੂਪ ਵਿਚ ਹੀ ਹੋ ਸਕਦੇ ਹਨ। ਗੁਰਬਾਣੀ ਦਾ ਕਥਨ ਹੈ:-

ਸਰਗੁਣ ਨਿਰਗੁਣ ਥਾਪੈ ਨਾਉ ॥ ਦੁਹ ਮਿਲਿ ਏਕੈ ਕੀਨੋ ਠਾਉ ॥ ੩॥
ਕਹੁ ਨਾਨਕ ਗੁਰਿ ਭ੍ਰਮੁ ਭਉ ਖੋਇਆ ॥ ਅਨਦ ਰੂਪ ਸਭ ਨੈਨ ਅਲੋਇਆ ॥੪॥
[ਸ: ੩੮੭ ॥ ਮਹਲਾ ੫ ॥

ਨਿਰਗੁਣ ਤੇ ਸਰਗੁਣ ਅਸ ਂ ਸਾਰਾ ਅਨਦ ਰੂਪ (ਅਕਾਲ ਦਾ ਸਰੂਪ ਜਾਨਣਾ ਹੈ।

ਇਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪ ਹੈ ਹਰਿ ਰੂਪ ਨਦਰੀ ਆਇਆ ॥੩੬॥
[ਆਨੰਦ ਸਾਹਿਬ

Digitized by Panjab Digital Library | www.panjabdigilib.org

ਅਸਾਂ ਗੁਰਬਾਣੀ ਨੂੰ ਝੂਠ ਨਹੀਂ ਸਗੋਂ ਸਤ ਸਰੂਪ ਮੰਨਣਾ ਹੈ।

ਸਤਿਗੁਰ ਕੀ ਬਾਣੀ ਸਤਿ ਸਰੂਪ ਹੈ ਗੁਰਬਾਣੀ ਬਣੀਐ ॥

ਗੁਰਬਾਣੀ ਸਤ ਸਰੂਪ ਹੈ ਜਿਸ ਨੂੰ ਜਪ ਕੇ ਅਸੀਂ ਜੋਤਿ ਸਰੂਪ ਬਨਣਾ ਹੈ। ਜੇਕਰ ਗੁਰਬਾਣੀ ਨੂੰ ਅਸੀਂ ਅਨਮਤੀ ਕੱਚੀ ਬਾਣੀ ਜਾਣ ਲਵਾਂਗੇ ਫੇਰ ਤਾਂ ਇਸਦੀ ਸ਼ਰਧਾ ਤੋਂ ਖਾਲੀ ਹੋ ਜਾਵਾਂਗੇ। ਲੇਖ ਲਿਖਣ ਲਗਿਆਂ ਸਾਨੂੰ ਇਹ ਗਲ ਕਦੇ ਭੀ ਭੁਲ ਨਹੀਂ ਜਾਣੀ ਚਾਹੀਦੀ ਕਿ ਕਿਤੇ ਅਸੀਂ ਉਸ ਤੋਂ ਵਿਰੁਧ ਲਿਖ ਕੇ ਨਿੰਦਾ ਦੇ ਭਾਗੀ ਹੋ ਜਾਈਏ। ਮਹਾਂ ਵਾਕ ਹੈ:-

ਜਿਨ ਗੁਰਮੁਖਿ ਹਰਿ ਆਰਾਧਿਆ ਤਿਨ ਸੰਤ ਜਨਾ ਜੈ ਕਾਰੁ ॥
ਕੋਈ ਨਿੰਦਾ ਕਰੇ ਪੂਰੇ ਸਤਿਗੁਰੂ ਕੀ ਤਿਸ ਨੋ ਫਿਟੁ ਫਿਟੁ ਕਹੈ ਸਭੁ ਸੰਸਾਰੁ ॥
[ਸ: ੩੦੩ ॥ ਮਹਲਾ ੪ ॥

ਕਿਉਂਕਿ ਇਹ ਗੁਰਬਾਣੀ ਵਿਚੋਂ ਸਾਨੂੰ ਕਿਤੇ ਭੀ ਲਿਖਿਆ ਨਹੀਂ ਮਿਲਦਾ ਕਿ ਅਸੀਂ ਇਹ ਪ੍ਰਮਾਣ ਮਨੋ ਕਲਪਤ ਦ੍ਰਿਸ਼ਟਾਂਤ ਲਈ ਹੀ ਲਿਖ ਰਹੇ ਹਾਂ, ਇਹ ਸੱਚੇ ਨਹੀਂ। ਧਰਮ ਨੂੰ ਅਸੀਂ ਸਾਰੇ ਮੰਨਦੇ ਹਾਂ। ਸ਼ਿਰੋਮਣੀ ਧਰਮ ਦੇ ਹਾਮੀ ਨੂੰ ਭੀ ਧਰਮਰਾਜ ਕਿਹਾ ਜਾ ਸਕਦਾ ਹੈ, ਯੁਧਿਸ਼ਟਰ ਨੂੰ ਧਰਮ ਪੁਤ੍ਰ ਕਿਹਾ ਕਰਦੇ ਸੀ। ਅਕਾਲ ਪੁਰਖ ਨੇ ਤਾਂ ਸਾਰੇ ਕੰਮਾਂ ਦੀ ਡਿਊਟੀਆਂ ਆਪਣੇ ਆਪਣੇ ਥਾਂ ਤੇ ਕਰਿੰਦੇ ਕਾਇਮ ਕਰਕੇ ਵੰਡੀਆਂ ਹੋਈਆਂ ਹਨ ਅਤੇ ਆਪ ਉਹ ਕੁਝ ਭੀ ਨਹੀਂ ਕਰਦਾ, ਪਰ ਸਭ ਕੁਝ ਕਰ ਭੀ ਆਪ ਰਿਹਾ ਹੈ।

ਆਪੇ ਧਰਤੀ ਸਾਜੀਅਨੁ ਆਪੇ ਆਕਾਸੁ ॥ ਵਿਚਿ ਆਪੇ ਜੰਤ
ਉਪਾਇਅਨੁ ਮੁਖਿ ਆਪੇ ਦੇਇ ਗਿਰਾਸ ॥ ਸ: ੩੦੨ ॥ ਮ: ੪ ॥

ਕਾਰਨ ਕਰਨ ਕਰਾਵਨੋ ਸਭ ਬਿਧਿ ਏਕੈ ਹਾਥ ॥ ਜਿਤੁ
ਜਿਤੁ ਲਾਵਹੁ ਤਿਤੁ ਤਿਤੁ ਲਗਹਿ ਨਾਨਕ ਜੰਤ ਅਨਾਥ ॥

ਜੇ ਕੋਈ ਡਿਉਟੀ ਕਰਦਾ ਹੈ ਉਹ ਭੀ ਉਸੀ ਦਾ ਕਰਾਇਆ ਕਰਦਾ ਹੈ। ਜੋ ਮਾਲਕ ਦੀ ਮੌਜ ਦੀ ਖੇਡ ਹੈ। ਅਰ ਇਸੇ ਖੇਡ ਨੂੰ ਸ੍ਰੀ ਦਸਮੇਸ਼ ਜੀ ਅਗੇ ਨਿਰੂਪਣ ਕਰ ਰਹੇ ਹਨ।

ਸਤਿਗੁਰ ਕੀ ਬਾਣੀ ਸਤਿ ਸਰੂਪ ਹੈ ਗੁਰਬਾਣੀ ਬਣੀਐ ॥

ਅਸਾਂ ਸਤਿਗੁਰ ਦੀ ਬਾਣੀ ਨੂੰ ਸਤ ਸਰੂਪ ਜਾਨਣਾ ਹੈ ਅਤੇ ਗੁਰਬਾਣੀ ਨੂੰ ਮੰਨ ਕੇ ਜੋਤ ਸਰੂਪ ਬਣਨਾ ਹੈ, ਜੇ ਅਸੀਂ ਗੁਰਬਾਣੀ ਨੂੰ ਸਤ ਹੀ ਨਹੀਂ ਮੰਨਣਾ ਫੇਰ ਅਸੀਂ ਆਪ ਕਿਵੇਂ ਸਤ ਸਰੂਪ ਹੋ ਸਕਦੇ ਹਾਂ।

Digitized by Panjab Digital Library | www.panjabdigilib.org

ਚਲਦੇ ਪ੍ਰਕਰਣ ਅਨੁਸਾਰ ਦਸਮੇਸ਼ ਜੀ ਲਿਖਦੇ ਹਨ :-

ਨਰਾਜ ਛੰਦ ॥

ਸੁਧਾਰਿ ਅਵਤਾਰ ਕੋ ਬਿਚਾਰ ਦੂਜ ਭਾਖਿ ਹੈ ॥ ਬਿਸੇਖ ਚਤੁ ਆਨ ਕੇ
ਅਸੇਖ ਸ੍ਵਾਦ ਚਾਖਿ ਹੈ ॥ ਅਕਰਖ ਦੇਵ ਕਾਲਿਕਾ ਅਨਿਰਖ
ਸਬਦ ਉਚਰੋ ॥ ਸੁ ਬੀਨ ਬੀਨ ਕੇ ਬਡੇ ਪ੍ਰਬੀਨ ਅਛ੍ਰ ਕੋ ਧਰੋ ॥ ੧ ॥ ਪੰ: ੬੧੩ ॥

੪-ਵਿਸ਼ਨ ਅਵਤਾਰਾਂ ਦੇ ਸੁਧਾਰ ਤੋਂ ਪਿਛੋਂ ਹੁਣ ਮੈਂ ਦੂਜੇ ਬ੍ਰਹਮਾ ਦੇ ਭਾਵ (ਉਪ) ਅਵਤਾਰਾਂ ਦਾ ਹਾਲ ਕਹਿੰਦਾ ਹਾਂ ਜਿਸ ਵਿਚੋਂ ਉਚੀ ਬੁਧੀ ਵਾਲੇ ਸਿਆਣੇ ਪੁਰਖਾਂ ਨੂੰ ਅਨੇਕਾਂ ਸਵਾਦ ਆਉਣਗੇ। ਅਨੇਕਾਂ ਸਵਾਦਿਸ਼ਟ ਪਦਾਰਥ ਛਕਣ ਨੂੰ ਮਿਲਣਗੇ । ਪਹਿਲਾਂ ਮੈਂ ਦੇਵਾਂ ਦੇ ਦੇਵ ਕਾਲਿ ਜੋਤਿ ਦਾ ਧਿਆਨ ਕਰਦਾ ਹਾਂ, ਫੇਰ ਜੋ ਕਦੇ ਨਾ ਦੇਖੇ ਹੋਣ ਉਹ ਸ਼ਬਦ ਉਚਾਰਨ ਕਰਦਾ ਹਾਂ। ਜੋ ਚੁਣ ਚੁਣ ਕੇ ਅਤੇ ਮੇਲ ਮੇਲ ਕੇ ਸੋਹਣੇ ਅਰਥਾਂ ਵਿਚ ਉਚਾਰਦਾ ਹਾਂ।

ਬਿਚਾਰ ਆਦਿ ਈਸੁਰੀ ਅਪਾਰ ਸਬਦ ਰਾਖੀਐ ॥
ਚਿਤਾਰ ਕ੍ਰਿਪਾ ਕਾਲ ਕੀ ਜੋ ਚਾਹੀਐ ਸੁ ਭਾਖੀਐ ॥
ਨ ਸੰਕ ਚਿਤ ਆਨੀਐ ਬਨਾਇ ਆਪੁ ਲੇਹਗੇ ॥
ਸੁਕ੍ਰਿੱਤ ਕਾਬ ਕਿੱਤਕੀ ਕਬੀਸ ਔਰ ਦੇਂਹਗੇ ॥ ੨ ॥

ਸਮਾਨ ਗੁੰਗ ਕੇ ਕਵਿ ਸੁਦੇਸ ਕਾਵਿ ਭਾਖ ਹੈ ॥
ਅਕਾਲ ਕਾਲ ਕੀ ਕ੍ਰਿਪਾ ਬਨਾਇ ਗ੍ਰੰਥ ਰਾਖਿ ਹੈ ॥
ਸੁਭਾਖਿਜਾ ਕਉਮਦੀ ਪੜੈ ਗੁਨੀ ਅਸੰਖ ਰੀਝ ਹੈ ॥
ਬੀਚਾਰ ਆਪਨੀ ਕ੍ਰਿੱਤੰ ਬਿਸੇਖ ਚਿੱਤ ਖੀਝ ਹੈ ॥੩॥

ਭਾਵ ਕਿ-ਐ ਆਦਿ ਈਸ਼ਰੀ (ਈਸ਼੍ਵਰੀ ਸ਼ਕਤੀ) ਨੂੰ ਮੈਂ ਯਾਦ ਕਰਕੇ ਬੇਨਤੀ ਕਰਦਾ ਹਾਂ ਕਿ ਤੂੰ ਮੈਨੂੰ ਬੇਅੰਤ ਸ਼ਬਦਾਂ ਦੀ ਵਿਚਾਰ ਬਖਸ਼। ਫੇਰ ਕਹਿੰਦੇ ਹਨ ਕਿ ਐ ਮੇਰੇ ਮਨ ਤੂੰ ਇਹ ਸ਼ੰਕਾ ਨਾ ਕਰ ਉਹੀ ਸਰਬ ਸ਼ਕਤੀਵਾਨ ਆਪ ਕਵਿਤਾ ਬਨਾਉਣਗੇ ਅਤੇ ਚੰਗੀ ਰਚਨਾ ਕਰਨ ਦੀ ਤੇ ਕਵਿਤਾ ਬਨਾਉਣੀ ਦੀ ਦਾਤ ਦੇਣਗੇ । ਜਿਵੇਂ ਗੁੰਗੇ ਤੋਂ ਗੀਤਾ ਦੀ ਕਥਾ ਕਰਵਾਈ ਸੀ, ਦੇਸ ਭਾਖਾ ਵਿਚ ਚੰਗੀ ਕਵਿਤਾ ਕਰਾਉਣਗੇ ਅਤੇ ਉਸ ਅਕਾਲ ਪੁਰਖ ਦੀ ਕ੍ਰਿਪਾ ਨਾਲ ਗ੍ਰੰਥ ਬਣ ਜਾਏਗਾ । ਕਉਮਦੀ ਸ਼ੰਕਰਾਚਾਰਯ ਦਾ ਬਣਿਆ ਹੋਇਆ ਮਸ਼ਹੂਰ ਗ੍ਰੰਥ ਵਾਂਗ ਜੇਹੜੇ ਗੁਣੀ ਲੋਕ ਵਿਦਵਾਨ ਇਸ ਗ੍ਰੰਥ ਨੂੰ ਪੜ੍ਹਨਗੇ ਉਹ ਪੂਰ ਤਰ੍ਹਾਂ ਮੁਤਾਸਰ ਹੋਣਗੇ ਅਤੇ ਆਪਣੀ ਕ੍ਰਿਤ ਜਾਣ ਕੇ ਬਹੁਤ ਚਿਤ ਦੇਣਗੇ ਕਿਉਂਕਿ ਜਿਵੇਂ ਆਪਣਾ ਰਚਨਾ ਪਰ ਹਰ ਸਜਣ ਨੂੰ ਫਖਰ ਤੇ ਮਾਣ ਹੁੰਦਾ ਹੈ, ਇਸੇ ਤਰ੍ਹਾਂ ਇਸ ਰਚਨਾ ਨੂੰ ਭੀ ਅਪਨਾਉਣਗੇ। ਪਰ ਕਿਡੇ ਦੁਖ ਦੀ ਗੱਲ ਹੈ ਸਾਡੇ ਵਿਦਵਾਨ ਵੀਰ ਬਜਾਏ ਇਸ ਰਚਨਾ ਪਰ ਲੱਟੂ ਹੋਣ ਦੇ ਸਗੋਂ ਇਸ ਦਾ ਬਾਈਕਾਟ ਕਰਨ ਪਰ ਤੁਲੇ ਹੋਇ ਹਨ।

ਬਚਿਤ੍ਰ ਕਾਬਯ ਕੀ ਕਥਾ ਪਵਿਤ੍ਰ ਆਜ ਭਾਖੀਐ ॥
ਸੁ ਸਿੱਧ ਬ੍ਰਿਧ ਦਾਇਨੀ ਸਮ੍ਰਿਧ ਬੈਣ ਰਾਖੀਐ ॥
ਪਵਿਤ੍ਰ ਨਿਰਮਲੀ ਮਹਾਂ ਬਚਿਤ੍ਰ ਕਾਬਿਜ ਕੱਬੀਐ ।

Digitized by Panjab Digital Library | www.panjabdigilib.org

ਪਵਿਤ੍ਰ ਸਬਦ ਉਪਜੈ ਚਰਿਤ੍ਰ ਕੋ ਨ ਕਿੱਜੀਐ ॥੪॥
ਸ੍ਰ ਸੇਵ ਕਾਲ ਦੇਵ ਕੀ ਅਭੇਵ ਜਾਨ ਕੀਜੀਏ ॥
ਪ੍ਰਭਾਤ ਉੱਠ ਤਾਸ ਕੋ ਮਹਾਤ ਨਾਮੁ ਲੀਜੀਏ ॥
ਅਸੰਖ ਦਾਨ ਦੇਹਗੇ ਦੁਰੰਤ ਸਤ੍ਰ ਘਾਇ ਹੈ ॥
ਸੁ ਪਾਨ ਰਾਖ ਆਪਨੋ ਅਜਾਨ ਕੋ ਬਚਾਇ ਹੈ ॥ ੫ ॥

ਨ ਸੰਤ ਬਾਰ ਬਾਕ ਹੈ ਅਸੰਤ ਜੂਝ ਹੈ ਬਲੀ ॥
ਬਿਸੇਖ ਸੈਨ ਭਾਜ ਹੈ ਸਿਤੰ ਸਰੇਣ ਨਿਰਦਲੀ ॥
ਕਿ ਆਨ ਆਪ ਹਾਥ ਕੈ ਬਚਾਇ ਮੋਹਿ ਲੇਹਗੇ ॥
ਦੁਰੰਤ ਘਾਟ ਅਉਘਟੇ ਕਿ ਦੇਖ ਨੈਨ ਦੇਹਗੇ ॥੬॥ ਸ: ੬੧੪ ॥

ਪਹਿਲੇ ਗੁਰੂ ਜੀ ਨੇ ਬੜੇ ਹੀ ਸੰਕੋਚ ਨਾਲ ਬ੍ਰਹਮਾ ਜੀ ਦਾ ਪਹਿਲਾ ਅਵਤਾਰ ਸ੍ਰੀ ਬਾਲਮੀਕ ਜੀ ਬਾਰੇ ਲਿਖਿਆ ਹੈ। ਜਿਸ ਨੇ ਜੰਗਜੂ ਮਹਾਂ ਪੁਰਸ਼ ਸ੍ਰੀ ਰਾਮ ਚੰਦ੍ਰ ਦਾ ਇਤਿਹਾਸ ਸਤਾਂ ਕਾਂਡਾਂ ਵਿਚ ਉਚਾਰਨ ਕੀਤਾ ਹੈ। ਉਪ੍ਰੰਤ ਫੇਰ ਅਕਾਲ ਪੁਰਖ ਤੇ ਵਿਸ਼ਵਾਸ ਜਿਤਾਉਂਦੇ ਹਨ ਜੋ ੬ ਛੰਦ ਪਾਠਕ ਜਨਾਂ ਦੀ ਗਿਆਤ ਲਈ ਇਥੇ ਦਿਤੇ ਹਨ। ਗੁਰੂ ਜੀ ਦਸਦੇ ਹਨ ਕਿ ਇਹ ਬਚਿਤ੍ ਨਾਟਕ ਕਵਿਤਾ ਵਿਚ ਜੋ ਬੜੀ ਹੀ ਪਵਿਤ੍ ਕਰ ਰਿਹਾ ਹਾਂ। ਹੇ ਸਾਰੀਆਂ ਰਿਧੀਆਂ ਸਿਧੀਆਂ ਦੇਣ ਵਾਲੀ ਅਕਾਲੀ ਜੋਤਿ! ਮੇਰੇ ਅੰਦ੍ ਚੰਗੇ ਬੈਣ ਭਰਦੇਹ ਤੇ ਮਹਾਂ ਨਿਰਮਲੀ ਜੋਤਿ ਮੈਨੂੰ ਮਹਾਂ ਬਚਿਤ੍ ਕਵਿਤਾ ਕਥਨ ਦਾ ਬਲ ਦੇਹ ਤਾਂ ਕਿ ਮੇਰੇ ਮੁਖੋਂ ਪਵਿਤ੍ ਸ਼ਬਦ ਨਿਕਲਣ, ਕੋਈ ਚਲਾਕੀ ਨਾ ਕੀਤੀ ਜਾਵੇ। ਇਸ ਲਈ ਮੈਂ ਕਾਲ ਦੇਵ ਦੀ ਸੇਵਾ ਬੇਅੰਤ ਜਾਣ ਕੇ ਕਰਦਾ ਹਾਂ ਅਤੇ ਸਵੇਰੇ ਉਠ ਕੇ ਮਹਾਂ ਉਤਮ ਨਾਮ ਜਪਦਾ ਹਾਂ, ਉਹ ਅਸੰਖ ਦਾਤਾਂ ਦਾਨ ਦੇਣ ਵਾਲਾ ਹੈ ਅਤੇ ਦੁਸ਼ਟ ਤੇ ਦੋਖੀਆਂ ਨੂੰ ਨਾਸ਼ ਕਰਨ ਵਾਲਾ ਹੈ, ਮੇਰੇ ਸਿਰ ਪਰ ਭੀ ਆਪਣਾ ਹੱਥ ਰਖਕੇ ਮੈਨੂੰ ਅਜਾਣ ਨੂੰ ਬਚਾਉਣਗੇ ਜੋ ਸੰਤਾਂ ਦਾ ਵਾਲ ਵਿੰਗਾ ਨਹੀਂ ਹੋਣ ਦਿੰਦਾ ਅਤੇ ਦੈਂਤਾਂ ਨਾਲ ਬਲ ਨਾਲ ਜੁਧ ਕਰਦਾ ਹੈ, ਬੇਅੰਤ ਦੁਸ਼ਟਾਂ ਦੀ ਫੌਜ ਉਸਦੇ ਅੱਗੇ ਦੌੜੀ ਜਾਂਦੀ ਹੈ ਜੋ ਚਿੱਟੇ ਬਾਣਾਂ ਨਾਲ ਦਲ ਮਲ ਦਿੱਤੀ ਹੈ। ਉਹ ਆਪ ਆਕੇ ਆਪਣਾ ਹੱਥ ਦੇਕੇ ਮੇਰੀ ਰੱਖਿਆ ਕਰਨਗੇ, ਜੋ (ਅਉਖੀ ਘਾਟੀ ਮੁਸ਼ਕਲ ਪੈਂਡੇ) ਮੇਰੇ ਸਾਹਮਣੇ ਆਉਣਗੇ ਉਹਨਾਂ ਨੂੰ ਤੱਕਣ ਲਈ ਮੈਨੂੰ ਗੂੜ੍ ਗਿਆਨ ਦੇ ਪਵਿੱਤ੍ ਨੇਤ੍ ਬਖਸ਼ੇਗਾ।

ਐ ਸੰਤ ਜਨੋਂ ਜ਼ਰਾ ਵਿਚਾਰ ਕੇ ਤੱਕੋ ਇਹ ਸ੍ਰੀ ਦਸਮੇਸ਼ ਜੀ ਦੀ ਕਿੰਨੀ ਪਵਿਤ੍ ਬਾਣੀ ਹੈ ਪਰ ਗਿ: ਭਾਗ ਸਿੰਘ ਜੀ ਨੂੰ ਇਕ ਸ਼ਬਦ ਦੇਖਣ ਨੂੰ ਨਹੀਂ ਮਿਲਿਆ ਉਸ ਦਾ ਕਿਵੇਂ ਭਲਾ ਹੋਵੇਗਾ ਜੋ ਇਸ ਨੂੰ ਚਿੱਕੜ ਤੇ ਗੰਦ ਦੱਸਦਾ ਹੈ। ਭਾਵੇਂ ਗ੍ਰੰਥ ਵਧ ਰਿਹਾ ਹੈ, ਮੈਂ ਥੋੜੇ ਵਿਚ ਰੱਖਣਾ ਚਾਹੁੰਦਾ ਹਾਂ ਪਰ ਖਾਸ ਖਾਸ ਪਦਾਰਥ ਪਾਠਕਾਂ ਦੇ ਅੱਗੇ ਨਾ ਪਰੋਸੇ ਜਾਣ ਤਾਂ ਪਾਠਕ ਵੀਰ ਉਹਨਾਂ ਦੇ ਰਸ ਦਾ ਆਨੰਦ ਕਿਵੇਂ ਮਾਣ ਸਕਣਗੇ।

੫-ਪਹਿਲਾ ਅਵਤਾਰ ਬ੍ਰਹਮਾ ਨੇ ਬਾਲਮੀਕ ਜੀ ਦਾ ਧਾਰਨ ਕੀਤਾ ਅਤੇ ਉਸਨੇ ਧਰਮ ਦਾ ਪ੍ਰਚਾਰ ਕੀਤਾ। ਦੂਜਾ ਅਵਤਾਰ ਕਸ਼ਪ ਜੀ ਦਾ ਹੋਇਆ ਜਿਸਨੇ ਚਾਰ ਵਿਆਹ ਕਰਕੇ ਕਈ ਮੁੰਡੇ ਕੁੜੀਆਂ ਨੂੰ ਜਨਮ ਦਿਤਾ ਅਤੇ ਧਰਤੀ ਪਰ ਮਨੁਖੀ ਜਿਣਸ 'ਚ ਵਾਧਾ ਕੀਤਾ ਅਤੇ ਉਹਨਾਂ ਬੱਚਿਆਂ ਨੂੰ ਧਰਮ ਦੀ ਵਿਦਿਆ ਪੜ੍ਹਾਈ, ਜਿਨ੍ਹਾਂ ਨੇ ਵਿਦਵਾਨ ਹੋਕੇ ਜਿਥੇ ਧਰਮ ਦਾ ਪ੍ਰਚਾਰ ਕੀਤਾ ਨਾਲ ਵੇਦਾਂ ਸ਼ਾਸਤ੍ਰਾਂ ਤੇ ਧਾਰਮਕ ਗ੍ਰੰਥਾਂ ਨੂੰ ਭੀ ਜਨਮ ਦਿਤਾ। ਤੀਜਾ ਬਚੇਸ ਨਾਮ ਦਾ ਅਵਤਾਰ ਧਾਰਨ ਕੀਤਾ, ਜਿਸ ਨੇ ਇੰਦਰ ਦੇਵਤਾ ਦੀ ਸਹਾਇਤਾ ਕੀਤੀ ਸੀ। ਚੌਥਾ ਅਵਤਾਰ ਮਨੂ ਨਾਮ ਕਰਕੇ ਹੋਇਆ ਜੋ ਦੁਆਪਰ

Digitized by Panjab Digital Library | www.panjabdigilib.org

ਜੁਗ ਦੇ ਅੰਤ ਵਿਚ ਸ੍ਰੀ ਕ੍ਰਿਸ਼ਨ ਕਾਲ ਦੇ ਨੇੜੇ ਤੇੜੇ ਹੋਇਆ ਸੀ, ਜਿਨ੍ਹਾਂ ਦਾ ਪੂਰਨ ਬ੍ਰਿਤਾਂਤ ਬੇਦ ਬਿਆਸ ਜੀ ਨੇ ਲਿਖਿਆ ਹੈ, ਜਿਸਨੇ ਅਨੇਕਾਂ ਜੰਗ ਲੜੇ ਤੇ ਬੇਅੰਤ ਜੋਧੇ ਸੂਰਮੇ ਨਾ ਮਰਨ ਵਾਲੇ ਮਾਰੇ ਅਤੇ ਅਨੇਕਾਂ ਜਿੱਤਾਂ ਜਿੱਤ ਕੇ ਅਨੇਕਾਂ ਜਗ ਆਦਿ ਕੀਤੇ ਅਤੇ ਅਨੇਕਾਂ ਸਾਜ ਸਾਜੇ, ਬੇਅੰਤ ਵਾਜੇ ਵਜਾਏ ਤੇ ਖੂਬ ਮਹਿਕਾਂ ਵੰਡੀਆਂ। ਅੰਤ ਸਾਰੇ ਸੁਖ ਭੋਗ ਕੇ ਕਾਲ ਦੇ ਅਧੀਨ ਸਾਰੇ ਸਮੇਂ ਸਮੇਂ ਮਾਤ ਲੋਕ ਤੋਂ ਸੁਰਗ ਲੋਕ ਨੂੰ ਚਲਾਣਾ ਕਰ ਗਏ।

ਪ ॥ ੭ ॥ ੨ ॥ ੧੫ ॥ ੩੦ ॥ ੧੩੭ ॥

੧ ਓ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾ: ੭ ॥ ਅਧਜਾਇ ੨ ॥ ਪ੍ਰਕਰਣ ਨੰ: ੧੬ ॥ ੩੧ ॥ ੧੩੮ ॥

ਅਲੋਚਨਾਤਮਕ–ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੇ ਨਿਰਨੇ ਦਾ ਨਿਰਨਾ ਪ੍ਰ: ਨੰ: ੧੫ ॥ ੩੧ ॥ ੧੩੭ ॥

ਪ੍ਰਿਥੂ ਰਾਜ

ਪ-ਪੰਜਵਾਂ ਪ੍ਰਿਥੂ ਰਾਜ ਦਾ ਕੁਝ ਹਾਲ ਖਾਸ ਵਰਨਣ ਜੋਗ ਹੈ, ਜਿਸ ਪਰ ਕਈ ਅਲੋਚਕਾਂ ਨੇ ਅਲੋਚਨਾਂ ਵਿਚ ਕਈ ਟਿੱਪਣੀਆਂ ਦਿੱਤੀਆਂ ਹਨ ਅਤੇ ਨਿਸੰਗ ਲੇਖ ਦਾ ਨਾਮ ਭੀ ਦਿਤਾ ਹੈ। ਪਰ ਇਹ ਘਟਨਾ ਮਨੂੰ ਦੇ ਜੀਵਨ ਵਿਚ ਇਕ ਅਸਚਰਜ ਥਾਂ ਰੱਖਦੀ ਹੈ ਅਤੇ ਕਾਦਰ ਦੀ ਕੁਦਰਤ ਦੀ ਮੂੰਹੋਂ ਬੋਲਦੀ ਤਸਵੀਰ ਹੈ, ਜਿਸ ਨੂੰ ਪੜ੍ਹਕੇ ਇਨਸਾਨ ਹੈਰਾਨੀ ਨਾਲ ਸੋਚਣ ਤੇ ਮਜਬੂਰ ਹੁੰਦਾ ਹੈ ਕਿ ਕੁਦਰਤ ਕਿਵੇਂ (ਜਲ ਤੇ ਥਲ ਕਰ ਥਲ ਤੇ ਕੂਆ ਕੂਪ ਤੇ ਮੇਰ) ਕਰ ਦਿੰਦੀ ਹੈ। ਸ੍ਰੀ ਦਸਮੇਸ਼ ਜੀ ਨੇ ਗੁਰਬਾਣੀ ਦੀ ਇਸ ਪੰਗਤੀ ਨੂੰ ਸਾਮਰਤੱਕ ਇਸ ਪ੍ਰਕਰਣ ਵਿਚ ਦਿਖਾਇਆ ਹੈ, ਪ੍ਰਿਥੂ ਰਾਜ ਇਕ ਉਹ ਬਲਵਾਨ ਹੋਇਆ ਹੈ, ਜਿਸ ਨੇ ਆਪਣੇ ਬਾਣ ਮਾਰ ਮਾਰ ਕੇ ਧਰਤੀ ਨੂੰ ਪਧਰਾ ਕਰਨ ਲਈ ਪਹਾੜ ਇਕ ਪਾਸੇ ਜਾ ਸਟੇ ਸਨ ਅਤੇ ਜਿਥੇ ਨੂੰ ਉਸ ਦੇ ਰਥ ਦੇ ਪਹੀਏ ਲੰਘ ਗਏ ਉਥੋਂ ਧਰਤੀ ਨਿਘਰ ਗਈ ਅਤੇ ਸਮੁੰਦਰ ਦਾ ਰੂਪ ਧਾਰ ਗਈ, ਜਿਸ ਤੋਂ ਅਜ ਸਤ ਸਮੁੰਦ੍ਰ ਵਜੂਦ ਵਿਚ ਆਏ ਦਸੇ ਜਾਂਦੇ ਹਨ। ਸਚ ਝੂਠ ਰਬ ਜਾਣੇ, ਪਰ ਅਜ ਅਸੀਂ ਭਾਈ ਭਾਗ ਸਿੰਘ ਜਿਹੇ ਲਿਖਾਰੀਆਂ ਦੇ ਆਖੇ ਲਗਕੇ ਸਭ ਗੱਪਾਂ ਜਾਂ ਝੂਠ ਦੇ ਪਹਾੜ ਦਸ ਤ੍ਰਿਸਕਾਰ ਕਰੀ ਜਾਂਦੇ ਹਾਂ। ਭਾਵੇਂ ਸੱਚ ਹੈ ਭਾਵੇਂ ਝੂਠ ਸਾਨੂੰ ਇਸ ਨਾਲ ਗਰਜ਼ ਨਹੀਂ, ਅਸੀਂ ਇਹਨਾਂ ਲੇਖਾਂ ਤੋਂ ਕੁਝ ਸਿਖਣਾ ਹੈ ਅਤੇ ਕੁਦਰਤ ਨੂੰ ਸਮਰੱਥ ਜਾਣ ਕੇ ਉਸ ਤੇ ਉਟੰਕਣ ਨਹੀਂ ਸਗੋਂ ਸਤਕਾਰਨਾ ਹੈ। ਕੁਦਰਤੇ ਕਾਦਰ ਦੇ ਅਧੀਨ ਹੀ ਇਹ ਸੰਸਾਰ ਦਾ ਤਮਾਸ਼ਾ ਹੋ ਰਿਹਾ ਹੈ, ਅਸੀਂ ਨਾ ਹੀ ਕੁਦਰਤ ਨੂੰ ਚੈਲੰਜ ਕਰ ਸਕਦੇ ਹਾਂ ਅਤੇ ਨਾ ਹੀ ਕੁਝ ਉਸ ਤੋਂ ਬਾਹਰ ਦੇਖ ਸਕਦੇ ਹਾਂ, ਨਾ ਹੀ ਉਸ ਨੂੰ ਕਿਸੇ ਗਲ ਤੋਂ ਅਸਮਰਥ ਕਹਿ ਸਕਦੇ ਹਾਂ। ਅਜ ਅਸੀਂ ਤਕਦੇ ਹਾਂ ਕਿ ਕਿਡੇ ਕਿਡੇ ਵਜ਼ਨੀ ਤੇ ਆਕਾਰ ਦੇ ਰਾਕਟ ਜਾਂ ਉਪ ਗ੍ਰਹਿ ਆਦਿ ਜਿਨ੍ਹਾਂ ਦੇ ਅਨੇਕਾਂ ਨਾਮ ਰਖੇ ਗਏ ਹਨ, ਧਰਤੀ ਤੋਂ ਆਪਣੇ ਆਪ ਉਠਦੇ ਕਿੱਡੀ ਵੱਡੀ ਤੇਜ਼ੀ ਨਾਲ ਸ਼ੂਕਰਾਂ ਪਾਉਂਦੇ ਅਕਾਸ਼ ਵਿਚ ਜਾ ਚੜ੍ਹਦੇ ਹਨ, ਫੇਰ ਸਾਰੀ ਧਰਤੀ ਦਵਾਲੇ ਚੱਕਰ ਵੀ ਲਾਉਂਦੇ ਹਨ। ਰਸਤੇ ਦੀਆਂ ਘਟਨਾਵਾਂ ਤੋਂ ਜਾਣੂ ਕਰਵਾਉਂਦੇ ਹਨ, ਫੋਟੋਆਂ

Digitized by Panjab Digital Library | www.panjabdigilib.org

ਭੁਜਦੇ ਨੇ ਜੋ ਇਕ ਇਨਸਾਨੀ ਕਰਾਮਾਤ ਕਹੀ ਜਾਂਦੀ ਹੈ। ਪਰ ਕੁਦਰਤ ਕੁਦਰਤ ਹੈ, ਉਸ ਦਾ ਕੋਈ ਟਾਕਰਾ ਨਹੀਂ ਕਰ ਸਕਿਆ। ਉਸ ਦੇ ਅਗੇ ਕੋਈ ਸੂਰਮਾਂ ਨਹੀਂ ਅੜ ਸਕਿਆ, ਉਹ ਅੱਖ ਦੇ ਫੋਰ ਵਿਚ ਹੇਠ ਦੀ ਉਪਰ ਤੇ ਉਪਰ ਦੀ ਹੇਠ ਕਰ ਸਕਦੀ ਹੈ। ਜਿਸ ਨੂੰ ਭੀ ਉਸ ਕੁਦਰਤ ਵਿਚੋਂ ਇਕ ਕਤਰਾ ਪ੍ਰਾਪਤ ਹੋ ਗਿਆ, ਉਹੋ ਪ੍ਰਬਤਾਂ ਨੂੰ ਫੰਡ ਜਾਣ ਕੇ ਰੇੜ੍ਹੀ ਫਿਰਦਾ ਦਿਸਦਾ ਹੈ। ਆਓ ਜ਼ਰਾ ਪ੍ਰਿਥੂ ਰਾਜ ਦੇ ਜੀਵਨ ਤੇ ਬੇਦ ਬਿਆਸ ਦੇ ਬਹੁਤੇ ਲਿਖੇ ਵਿਚੋਂ ਥੋੜਾ ਸਿਧਾਂਤ ਸ੍ਰੀ ਦਸਮੇਸ਼ ਜੀ ਵਲੋਂ ਲਿਖੀ ਇਕ ਹੈਰਾਨ ਕੰਨ ਘਟਨਾ ਤੇ ਨਿਗਾਹ ਮਾਰੀਏ॥

੬-ਇਕ ਦਿਨ ਪ੍ਰਿਥੀ ਰਾਜ ਇਕ ਜੰਗਲ ਵਿਚ ਸ਼ਿਕਾਰ ਦੇ ਧਿਆਨ ਨਾਲ ਬੜੇ ਭਿਆਨਕ ਜੰਗਲ ਵਿਚ ਚਲਾ ਗਿਆ ਜਿਥੇ ਅਨੇਕਾਂ ਸ਼ੇਰ ਬਘੇਲੇ ਨਿਰਭੈ ਬਿਚਰਦੇ ਸਨ। ਉਸ ਜੰਗਲ ਵਿਚ ਇਕ ਇਸਤ੍ਰੀ ਬੜੀ ਸੁੰਦਰ ਨੌਜੁਆਨ (ਸ਼ਕੁੰਤਲਾ ਨਾਮ ਦੀ) ਆਪਣੀ ਦਰਖਤਾਂ ਦੇ ਬਣੇ ਟਾਹਣੀਆਂ, ਪੱਤਿਆਂ ਦੀ ਕੁਟੀਆ ਅਗੇ ਖੜੀ ਸੀ। ਕੁਦਰਤ ਨੇ ਸੰਜੋਗ ਜੋੜਨਾ ਸੀ, ਸਿਆਣਿਆਂ ਦਾ ਕਥਨ ਹੈ ਕਿ ਇਕੱਲੀ ਇਸਤ੍ਰੀ ਦੇ ਪ੍ਰਛਾਵੇਂ ਵਿਚ ਮਰਦ ਨੂੰ ਨਹੀਂ ਜਾਣਾ ਚਾਹੀਦਾ ਭਾਵੇਂ ਆਪਣੀ ਰਿਸ਼ਤੇਦਾਰ ਜਾਂ ਧੀ ਭੈਣ ਭੀ ਕਿਉਂ ਨਾ ਹੋਵੇ। ਅੱਗ ਤੋਂ ਘੀ ਨੂੰ ਦੂਰ ਰਖਿਆ ਜਾਂਦਾ ਹੈ, ਨੇੜੇ ਰਖਣ ਨਾਲ ਉਸ ਨੂੰ ਕੋਈ ਭੀ ਤਾਕਤ ਪਿਘਲਣ ਤੋਂ ਰੋਕ ਨਹੀਂ ਸਕਦੀ। ਭਾਵੇਂ ਧਰਮ ਦਾ ਡੰਡ ਬੜਾ ਜ਼ਬਰਦਸਤ ਵੇਦ ਸ਼ਾਸਤ੍ਰਾਂ ਦੇ ਰੂਪ ਵਿਚ ਇਨਸਾਨੀ ਮੋਢਿਆਂ ਤੇ ਰਖਿਆ ਹੋਇਆ ਹੈ ਅਤੇ ਚਿਤ੍ ਗੁਪਤ ਭੀ ਨਾਲ ਮੋਢਿਆਂ ਤੇ ਬਿਠਾਏ ਹੋਏ ਹਨ ਜੋ ਸਾਡੀ ਗੁਪਤ ਤੇ ਪ੍ਰਗਟ ਹਰਕਤਾਂ ਨੂੰ ਨੋਟ ਕਰਦੇ ਹਨ, ਪਰ ਇਸ ਤੋਂ ਵੇਦਾਂ ਦਾ ਲਿਖਾਰੀ ਬ੍ਰਹਮਾਂ ਭੀ ਨਹੀਂ ਬਚ ਸਕਿਆ ਨਾ ਬ੍ਰਹਮਾਂ ਦੇ ਅਵਤਾਰ। ਭਾਈ ਭਾਗ ਸਿੰਘ ਰਿਸ਼ੀਆਂ ਨੂੰ ਭੀ ਇਹ ਬਿਮਾਰੀ ਦਸਦਾ ਹੈ, ਉਸ ਨੂੰ ਸ਼ਾਇਦ ਆਪਣੀਆਂ ਹਰਕਤਾਂ ਯਾਦ ਨਾ ਰਹੀਆਂ ਹੋਣ। ਕਰਮਗਤੀ ਦਾ ਚੱਕਰ ਕੁਦਰਤ ਦਾ (ਸੰਜੋਗ ਵਿਜੋਗ ਦੁਇ ਕਾਰ ਚਲਾਵਹਿ) ਦੇ ਅਧੀਨ ਨੌ ਜੁਆਨ ਪ੍ਰਿਥੂ ਰਾਜ ਨੇ ਅਗੇ ਹੋ ਕੇ ਸ਼ਕੁੰਤਲਾ ਦੀ ਬਾਂਹ ਫੜ ਲਈ, ਉਸ ਨੇ ਅਗੋਂ ਕੁਝ ਗਿਲਾ ਗਲੂਚ ਨਾ ਕੀਤਾ ਜਿਸ ਤੋਂ ਆਪਸੀ ਮਿਲਾਪ ਹੋ ਗਿਆ ਅਤੇ ਰਾਜੇ ਨੇ ਇਕ ਮੁੰਦਰੀ ਨਿਸ਼ਾਨੀ ਦੇ ਦਿਤੀ ਤੇ ਆਪਣਾ ਪਤਾ ਦਸ ਕੇ ਕਹਿ ਦਿਤਾ ਕਿ ਜੇ ਕੋਈ ਲੋੜ ਪੈ ਜਾਵੇ ਤਾਂ ਮੈਨੂੰ ਆ ਕੇ ਮਿਲ ਪਵੀਂ ਤੇ ਆਪ ਵਾਪਸ ਆਪਣੀ ਰਾਜਧਾਨੀ ਵਿਚ ਆ ਗਿਆ। ਉਸੇ ਦਿਨ ਸ਼ਕੁੰਤਲਾ ਨੂੰ ਹਮਲ ਠਹਿਰ ਗਿਆ ਅਤੇ ਸਮਾਂ ਪਾ ਕੇ ਉਸ ਦੇ ਪੇਟੋਂ ਬੜੇ ਸੁੰਦਰ ਤੇਜਸਵੀ ਪੁਤ੍ ਨੇ ਜਨਮ ਲਿਆ, ਜੋ ਕੁਝ ਸਮਾਂ ਪਾ ਕੇ ਤਕੜਾ ਹੋਣ ਲਗਾ। ਯਾਦ ਰਹੇ ਕਿ ਮੈਂ ਗ੍ਰੰਥ ਦੇ ਵਾਧੇ ਤੋਂ ਬਚਣ ਲਈ ਮੂਲ ਏਥੇ ਨਹੀਂ ਦੇ ਰਿਹਾ।

ਜਦੋਂ ਬੱਚਾ ਕੁਝ ਤਕੜਾ ਹੋ ਗਿਆ ਤਾਂ ਸ਼ਕੁੰਤਲਾ ਉਸ ਬੱਚੇ ਨੂੰ ਨਾਲ ਲੈ ਕੇ ਰਾਜੇ ਦੇ ਪਾਸ ਪ੍ਰਜੀ ਅਤੇ ਉਸ ਨੂੰ ਸਾਰੀ ਗਲ ਯਾਦ ਕਰਾਈ ਤੇ ਦਸਿਆ ਕਿ ਇਹ ਬਾਲਕ ਤੇਰਾ ਪੁਤ੍ ਹੈ ਅਤੇ ਉਹ ਮੁੰਦ੍ਰੀ ਨਿਸ਼ਾਨੀ ਵਜੋਂ ਜਾ ਦਿਖਾਈ ਅਤੇ ਕਿਹਾ ਕਿ ਹੁਣ ਤੂੰ ਮੇਰੇ ਨਾਲ ਸ਼ਾਦੀ ਦਾ ਸਬੰਧ ਕਾਇਮ ਕਰ,ਜਿਸ ਲਈ ਰਾਜੇ ਨੇ ਨਿਰਉਤਰ ਹੋ ਕੇ ਉਸ ਨੂੰ ਆਪਣੀ ਰਾਣੀ ਥਾਪ ਲਿਆ, ਉਸ ਸਮੇਤ ਰਾਜੇ ਪ੍ਰਿਥੂ ਰਾਜ ਦੇ ਸਤ ਪੁਤ੍ ਹੋਏ ਜੋ ਇਕ ਤੋਂ ਇਕ ਸੂਰਮਾ ਤੇ ਬਲਵਾਨ ਸੀ ਅਤੇ ਚੰਗੇ ਕੰਮ ਕਰਨ ਲਗੇ। ਬੇਅੰਤ ਯੁਧ ਕੀਤੇ, ਸਤਾਂ ਦੀਪਾਂ ਵਿਚ ਆਪਣਾ ਰਾਜ ਕਾਇਮ ਕਰ ਲਿਆ। ਪ੍ਰਿਥੂ ਰਾਜ ਦਾ ਪ੍ਰਤਾਪ ਚੰਦ ਸੂਰਜ ਵਾਂਗ ਸੰਸਾਰ ਵਿਚ ਚਮਕ ਪਿਆ, ਇਹ ਸਾਰੇ ਖੇਲ ਕਰਕੇ ਅੰਤ ਕਾਲ ਅੱਗੇ ਬੇਚਾਰਾ ਹੋ ਕੇ ਏਸ ਲੋਕ ਤੋਂ ਕੂਚ ਕਰ ਗਿਆ ਅਤੇ ਵਜ਼ੀਰਾਂ ਤੇ ਰਿਸ਼ਤੇਦਾਰਾਂ ਨੇ ਮਿਲਕੇ ਸਤੇ ਦੀਪ ਸਤਾਂ ਪੁਤ੍ਰਾਂ 'ਚ ਇਕ ਇਕ ਵੰਡ ਦਿਤਾ, ਭਾਰਥ ਨਾਮ ਦੇ ਪੁਤ੍ ਦੇ ਹਿਸੇ ਜੋ ਖੰਡ ਆਇਆ ਉਸ ਦਾ ਨਾਮ ਭਾਰਥ ਰਖਿਆ ਗਿਆ। ਸਤੇ ਪੁਤ੍ ਵਿਦਵਾਨ ਹੋਏ ਅਤੇ ਗੁਰੂ ਜੀ ਦਾ ਦਸਣਾ ਹੈ ਕਿ ਕੁਦਰਤ ਕਰੀਮ ਦਾ ਅਜਬ ਕਾਰਖਾਨਾ ਹੈ। ਕਿਥੇ ਉਜਾੜ ਬੀਆਬਾਨ ਵਿਚ ਪੱਤਿਆਂ ਦੀ ਝੁੱਗੀ, ਕਿਥੇ ਸਤ ਦੀਪ ਤੇ ਨੌ ਖੰਡ ਪ੍ਰਿਥਵੀ ਦਾ ਰਾਜ ਤੇ ਉਸ ਦੀ

Digitized by Panjab Digital Library | www.panjabdigilib.org

ਪਟਰਾਣੀ । ਜਦੋਂ ਉਹ ਭੀ ਪੀੜ੍ਹੀ ਪੈ ਕੇ ਬਹੁਤੇ ਹੋ ਗਏ ਤੇ ਫੇਰ ਜ਼ੁਲਮ ਤੇ ਪਾਪਾਂ ਪਰ ਉਤਰ ਆਏ, ਜਿਸ ਤੋਂ ਸ੍ਰੀ ਦਸਮੇਸ਼ ਜੀ ਦੂਸਰਾ ਰੁਖ ਦਿਖਾਉਂਦੇ ਹਨ ।

ਆਪ ਅਰਥ ਅਨਰਥ ਅਪਰਥ ਸਮਰਥ ਕਰਤ ਅਨੰਤ ॥
ਅੰਤ ਹੋਤ ਠਟੀ ਕਛੂ ਪ੍ਰਭ ਕੋਟ ਕਿਯੋਂ ਨ ਕਰੰਤ ॥
ਜਾਨ ਬੂਝ ਪੁਰੰਤ ਕੂਪ ਲਹੰਤ ਮੂੜ ਨ ਭੇਵ ॥
ਅੰਤ ਕਾਲ ਤਬੈ ਬਚੈ ਜਬ ਜਾਨਹ ਗੁਰਦੇਵ ॥ ੫੭ ॥ ਸ: ੬੭੮ ॥

ਤ੍ਰੈ ਕਾਲ ਦਰਸੀ ਸਤਿਗੁਰੂ ਜੀ ਆਪਣੇ ਸਿੱਖਾਂ ਨੂੰ ਜਾਣੂ ਕਰਾਉਂਦੇ ਹਨ ਕਿ ਕੁਦਰਤ ਬੜੀ ਬੇ ਪ੍ਰਵਾਹ ਹੈ, ਇਕ ਭਿਖਾਰਨ ਦੀ ਕੁਖੋਂ ਜੰਮਣ ਵਾਲਿਆਂ ਨੂੰ ਪ੍ਰਿਥਵੀ ਪਤ ਬਣਾ ਦਿੰਦੀ ਹੈ। ਪਰ ਜਦੋਂ ਅਧਿਕਾਰਾਂ ਨੂੰ ਪਾ ਕੇ ਇਹ ਮੂਰਖ ਬੰਦਾ ਆਪਣੇ ਅਰਥ ਸੁਖਾਂ ਲਈ ਪਾਪਾਂ ਨੂੰ ਹੀ ਪੁੰਨ ਸਮਝਕੇ ਬਹੁਤ ਸਾਰੀਆਂ ਬੁਰਿਆਈਆਂ ਤੇ ਜ਼ੁਲਮ ਕਰਦਾ ਹੈ ਅਤੇ ਜਮਾਂ ਦੇ ਵਸ ਪੈ ਜਾਂਦਾ ਹੈ। ਭਾਵ ਕ੍ਰੋੜਾਂ ਜਤਨ ਭੀ ਕਰ ਲਵੇ ਪਰ ਉਸ ਦੇ ਵਸ ਪੈਣੋਂ ਬਚ ਨਹੀਂ ਸਕਦਾ। ਇਹ ਜੀਵ ਜਾਣ ਬੁਝ ਕੇ ਖੂਹ ਵਿਚ ਜਾ ਪੈਂਦਾ ਹੈ, ਪਰ ਇਹ ਮੂਰਖ ਉਸ ਕੁਦਰਤ ਨੂੰ ਨਹੀਂ ਜਾਣਦਾ, ਉਸ ਤੋਂ ਤਾਂ ਉਹੀ ਬਚ ਸਕਿਆ ਹੈ ਜਿਸ ਨੇ ਗੁਰਦੇਵ, ਸਤਿਗੁਰਾਂ ਨੂੰ ਸਮਝਿਆ ਜਾਂ ਉਸ ਮਾਲਕ ਦੀ ਸ਼ਰਨ ਲਈ ਹੈ।

ਅੰਤ ਹੋਤ ਠਟੀ ਭਲੀ ਪ੍ਰਭ ਮੂੜ ਲੋਗ ਨ ਜਾਨ ॥
ਆਪ ਅਰਥ ਪਛਾਨਹੀ ਤਜ ਦੀਹ ਦੇਵ ਨਿਧਾਨ ॥
ਧਰਮ ਜਾਨ ਕਰੰਤ ਪਾਪਨ ਯੋਨ ਜਾਨਤ ਮੂੜ ॥
ਸਰਬ ਕਾਲ ਦਿਆਲ ਕੋ ਕਹ ਪ੍ਰਯੋਗ ਗੂੜ ਅਗੂੜ ॥ ੫੮ ॥

ਪਾਪ ਪੁੰਨ ਪਛਾਨਹੀ ਕਰਿ ਪੁੰਨ ਕੀ ਸਮ ਪਾਪ ॥
ਪਰਮ ਜਾਨ ਪਵਿਤ੍ਰ ਜਾਪਨ ਜਪੈ ਲਾਗ ਕੁਜਾਪ ॥
ਸਿੱਧ ਠਉਰ ਨ ਮਾਨਹੀ ਬਿਠ ਸਿੱਧ ਠਉਰ ਪੁਜੰਤ ॥
ਹਾਥ ਦੀਪਕ ਲੈ ਮਹਾ ਪਸੁ ਮਧਿ ਕੂਪ ਪਰੰਤ ॥ ੫੯ ॥

ਸਿੱਧ ਠਉਰ ਨ ਮਾਨਹੀ ਅਨਸਿੱਧ ਪੂਜਤ ਠਉਰ ॥
ਕੈਕ ਦਿਵਸ ਚਲਾਹ ਗਜੜ ਭੀੜ ਕੀ ਸੀ ਦਉਰ ॥
ਪੰਖ ਹੀਨ ਕਹਾਂ ਉਡੈ ਅਰ ਨੈਨ ਹੀਨ ਨਿਹਾਰ ॥
ਸ਼ਸਤ੍ਰ ਹੀਨ ਜੁਧਾਨ ਪੈਠਬ ਅਰਥ ਹੀਨ ਬੀਚਾਰ ॥ ੬੦ ॥

ਭਾਵ-ਅੰਤ ਨੂੰ ਮੂਰਖ ਲੋਕਾਂ ਨਾਲ ਇਹੋ ਜਿਹੀ ਹੀ ਦਸ਼ਾ, ਹਾਲਤ ਹੁੰਦੀ ਹੈ, ਜੇਹੜੇ ਆਪਣੀ ਖੁਦ ਗਰਜ਼ੀ ਵਿਚ ਆਪਣਾ ਭਲਾ ਨਹੀਂ ਜਾਣ ਸਕਦੇ ਅਤੇ ਮਾਲਕ ਨੂੰ ਵਿਸਾਰ ਦਿੰਦੇ ਹਨ ਅਤੇ ਪਾਪਾਂ ਨੂੰ ਹੀ ਪੁੰਨ ਕਰਕੇ ਮੂਰਖ ਲੋਕ ਕਰੀਂ ਜਾਂਦੇ ਹਨ ਅਤੇ ਠੀਕ ਨਾ ਠੀਕ ਦੀ ਪਹਿਚਾਨ ਨਹੀਂ ਕਰਦੇ ਅਤੇ ਪੁੰਨ ਦੇ ਭੁਲੇਖੇ ਵਿਚ ਹੀ ਪਾਪ ਕਰੀਂ ਜਾਂਦੇ ਹਨ ਤੇ ਜਾਪ ਦੀ ਥਾਂ ਤੇ ਕੁਜਾਪ ਕਰਦੇ ਹਨ। ਜਿਸ ਥਾਂ ਤੇ ਸਾਮਰਤੱਖ ਸਿਧੀ ਹੈ, ਉਸ ਨੂੰ ਤਾਂ ਮੰਨਦੇ ਨਹੀਂ ਅਤੇ ਨਿਰੇ ਪਾਖੰਡ ਨੂੰ ਦੇਖ ਕੇ ਕੁਜਾਪ ਨੂੰ ਹੀ ਜਪੀ ਜਾਂਦਾ ਹੈ। ਬੇਦ ਸ਼ਾਸਤ੍ਰ ਗੁਰਬਾਣੀ ਰੂਪ ਦੀਵੇ ਹਥ ਵਿਚ ਹਨ ਪਰ ਇਹ ਪਸੂ ਬਿਰਤੀ ਜੀਵ ਖੂਹ ਵਿਚ

Digitized by Panjab Digital Library | www.panjabdigilib.org

ਗਿਰ ਰਿਹਾ ਹੈ। ਇਹ ਲੋਕ ਕਿੰਨਾਂ ਚਿਰ ਤਕ ਕੰਧ ਉਪਰ ਚੜ੍ਹ ਕੇ ਦੌੜਦੇ ਜਾਣਗੇ। ਇਸ ਤਰ੍ਹਾਂ ਗੁਰਬਾਣੀ ਕਹਿੰਦੀ ਹੈ । (ਭੀਤ ਊਪਰੇ ਕੇਤਕ ਧਾਈਐ ਅੰਤ ਓਰਕੋ ਆਹਾ) ਸ੍ਰੀ ਦਸਮੇਸ਼ ਬਾਣੀ ਅਤੇ ਗੁਰਬਾਣੀ ਦੋਹਾਂ ਦਾ ਸੁਰ ਐਨ ਇਕ ਹੀ ਹੈ। ਫਰਕ ਹੈ ਪੜਚੋਲ ਕਰਨ ਦਾ ਜਾਂ ਗੁਰਬਾਣੀ ਵਿਚ ਇਤਿਹਾਸਕ ਸਿਰਫ ਟੂਕਾਂ ਹੀ ਦਿਤੀਆਂ ਹਨ ਪਰ ਸ੍ਰੀ ਦਸਮੇਸ਼ ਜੀ ਨੇ ਜ਼ਰਾ ਖੋਲ੍ਹ ਕੇ ਨਿਸੰਕ ਹੋ ਕੇ ਖੁਲ੍ਹੇ ਸ਼ਬਦ ਵਰਤੇ ਹਨ ਜੋ ਮਹਾਂ ਪੁਰਸ਼ਾਂ ਨੂੰ ਰੋਕ ਨਹੀਂ ਪਾਇਆ ਕਰਦੇ। ਗੁਰਬਾਣੀ ਵਿਚ ਅਨੇਕਾਂ ਹੀ ਮਿਲਦੇ ਹਨ। ਅਗੇ ਗੁਰੂ ਜੀ ਮਿਸਾਲਾਂ ਦਿੰਦੇ ਹਨ ਕਿ ਜਿਵੇਂ ਖੰਭਾਂ ਤੋਂ ਬਿਨਾਂ ਪੰਛੀ ਨਹੀਂ ਉਡ ਸਕਦਾ ਅਤੇ ਅੱਖਾਂ ਤੋਂ ਬਿਨਾਂ ਕੋਈ ਦੇਖ ਨਹੀਂ ਸਕਦਾ, ਸ਼ਸਤ੍ਰਾਂ ਤੋਂ ਬਿਨਾਂ ਯੁਧ ਨਹੀਂ ਕੀਤਾ ਜਾ ਸਕਦਾ। ਜੇ ਅਰਥ ਹੀ ਠੀਕ ਨਹੀਂ ਕੀਤੇ ਗਏ ਤਾਂ ਉਸ ਦੀ ਵਿਚਾਰ ਕਿਸ ਕੰਮ ਹੈ। ਇਹ ਹੀ ਨਹੀਂ ਸਗੋਂ ਅਗੇ ਹੋਰ ਭੀ ਇਹ ਸਾਰੀਆਂ ਮਿਸਾਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ ਮੇਲ ਖਾਂਦੀਆਂ ਹਨ।

੭-ਐਉਂ ਅੰਤ ਭਾਰਤ ਰਾਜ ਦਾ ਖਾਤਮਾ ਹੋ ਗਿਆ। ਉਸ਼ਤੋਂ ਬਾਅਦ ਬੇਅੰਤ ਹੋਰ ਰਾਜੇ ਹੋਏ ਜੋ ਸਾਰੇ ਗਏ ਗਿਣੇ ਨਹੀਂ ਜਾ ਸਕਦੇ, ਇਹ ਦਸਕੇ ਗੁਰੂ ਜੀ ਕਹਿੰਦੇ ਹਨ ਕਿ ਮੈਂ ਕੁਝ ਕੁ ਜੋ ਸ੍ਰੇਸ਼ਟ ਰਾਜੇ ਗਿਣਤੀ ਦੇ ਹਨ ਉਹਨਾਂ ਦਾ ਹੀ ਬਿਆਨ ਕਰਦਾ ਹਾਂ। ਇਸ ਤੋਂ ਅੱਗੇ ਚਲਕੇ ਸਗਰ ਨਾਮ ਦਾ ਰਾਜਾ ਹੋਇਆ ਜਿਸ ਨੇ ਸ਼ਿਵਜੀ ਦਾ ਤਪ ਸਾਧਿਆ ਅਤੇ ਉਸ ਤੋਂ ਵਰ ਪ੍ਰਾਪਤ ਕੀਤਾ। ਜਿਸ ਦੇ ਇਕ ਲਖ ਪੁਤ੍ਰ ਹੋਏ ਅਤੇ ਬੜੇ ਬਲਵਾਨ ਸਨ, ਘਰ ਦੀ ਫੌਜ ਬਣ ਗਈ, ਜਿਧਰ ਨੂੰ ਮੂੰਹ ਕਰਕੇ ਪੈ ਜਾਣ ਹਨੇਰੀ ਲਿਆ ਦੇਣ। ਜਿਥੇ ਕੋਈ ਰਾਜਾ ਮਹਾਰਾਜਾ ਢਿੱਸੇ, ਉਸ ਪਰ ਟੁਟਕੇ ਪੈ ਜਾਣ, ਉਹ ਆਪਣੀਆਂ ਜਾਨਾਂ ਬਚਾਉਣ ਲਈ ਕੋਈ ਇਸਤ੍ਰੀਆਂ ਦਾ ਭੇਸ ਬਣਾ ਕੇ ਨਿਕਲ ਗਿਆ, ਕੋਈ ਮਾਰਿਆ ਗਿਆ, ਕੋਈ ਸ਼ਰਨ ਆ ਗਿਆ। ਕਈ ਜੱਗ ਕੀਤੇ, ਭਾਰਥ ਖੰਡ ਵਿਚ ਅਧਮੂਲ ਮਚਾ ਦਿਤਾ। ਹੰਕਾਰ ਨੇ ਮਤ ਮਾਰ ਦਿਤੀ, ਆਖਰ ਆਪਣੀ ਹਦ ਕਾਇਮ ਕਰ ਲਈ ਅਤੇ ਜਿਥੇ ਕਿਥੇ ਟੋਏ ਪੁੱਟਣੇ ਅਰੰਭ ਕਰ ਦਿਤੇ। ਨਾ ਕੋਈ ਅੱਗੇ ਆ ਸਕੇ ਨਾ ਕੋਈ ਉਹਨਾਂ ਨੂੰ ਰੋਕ ਸਕੇ, ਨਾ ਕੋਈ ਕਿਸੇ ਦਾ ਡਰ ਅਰ ਨਾ ਰੋਕ। ਕਿਧਰੇ ਗਜ ਮੇਧ ਕਰਦੇ ਹਨ ਕਿਧਰੇ ਬਾਜਮੇਧ, ਪਿਆ ਸਿਰਾਂ ਤੇ ਚੌਰ ਛਤ੍ਰ ਚਲਦੇ ਹਨ, ਹਰ ਪਾਸਿਓਂ ਜਿੱਤਾਂ ਦੇ ਸੁਨੇਹੇ ਮਿਲਦੇ ਹਨ, ਦੁਸ਼ਮਨ ਕੋਈ ਦਿਸਦਾ ਹੀ ਨਹੀਂ, ਪੂਰਬ ਜਿੱਤਿਆ, ਪਛਮ ਮਾਰ ਲਿਆ, ਦੱਖਣ ਅੰਤ ਉਤਰ ਵਲ ਜਾ ਪਏ ਅਤੇ ਜਦੋਂ ਲੱਗੇ ਟੋਏ ਪੁੱਟਣ, ਉਸ ਵੇਲੇ ਬਿਧਨਾ ਉਲਟ ਗਈ ਪਰ ਉਹ ਨਾ ਜਾਣ ਸਕੇ।

ਮਹਾਂ ਮੁਨੀ ਜੀ ਆਪਣੇ ਧਿਆਨ ਵਿਚ ਮਗਨ ਸਮਾਧੀ ਸਥਿਤ ਬੈਠੇ ਸਨ, ਉਧਰ ਰਾਜ ਪੁਤ੍ਰਾਂ ਦਾ ਛੱਡਿਆ ਘੋੜਾ ਰਿਸ਼ੀ ਜੀ ਦੇ ਪਿੱਛੇ ਆ ਕੇ ਖੜੋ ਗਿਆ; ਉਧਰ ਰਾਜਕੁਮਾਰਾਂ ਸਮੇਤ ਸਾਰੀ ਸੈਨਾ ਉਥੇ ਪੁਜ ਗਈ। ਘੋੜੇ ਨੂੰ ਤਕਕੇ ਹੰਕਾਰ ਵਿਚ ਮੱਤੇ ਉਹਨਾਂ ਦੇ ਬਾਦਸ਼ਾਹ ਨੇ ਗੁੱਸੇ ਵਿਚ ਆਕੇ ਤਪੱਸਵੀ ਦੀ ਪਿੱਠ ਵਿਚ ਲੱਤ ਮਾਰ ਦਿਤੀ, ਮੁਨੀ ਵਰ ਦੀ ਸਮਾਧੀ ਟੁਟ ਗਈ ਤੇ ਜਦੋਂ ਉਸਨੇ ਅੱਖਾਂ ਖੋਲ੍ਹੀਆਂ ਤਾਂ ਇਹੋ ਜਿਹੀ ਅਗਨ ਨੇਤ੍ਰਾਂ ਚੋਂ ਨਿਕਲੀ ਕਿ ਸਾਰੀ ਦੀ ਸਾਰੀ ਫੌਜ ਸਮੇਤ ਰਾਜ ਕੁਮਾਰ ਸੜਕੇ ਸੁਆਹ ਹੋ ਗਏ। ਜਦੋਂ ਰਾਜੇ ਸਗਰ ਨੂੰ ਇਹ ਖਬਰ ਪੁਜੀ ਤਾਂ ਉਹ ਸੁਣਕੇ ਸਵਰਗ ਸਿਧਾਰ ਗਿਆ, ਜਿਸਦਾ ਸਿੱਟਾ ਇਹ ਹੋਇਆ ਕਿ ਉਹ ਐਡਾ ਵੱਡਾ ਕਬੀਲਾ ਤੇ ਐਡਾ ਵਡਾ ਪਰਤਾਪ ਇਕ ਮਿੰਟ ਭਰ ਵਿਚ ਮੁਕ ਗਿਆ (ਹਰਿ ਜੀ ਹੰਕਾਰ ਨ ਭਾਵਈ ਬੇਦ ਕੂਕ ਸੁਣਾਵਹਿ) ਗੁਰੂ ਜੀ ਨੇ ਇਸ ਪੰਗਤੀ ਨੂੰ ਸਾਮਰਤੱਖ ਕਰਕੇ ਦਿਖਾਇਆ ਹੈ। ਜੋ ਬਾਲਮੀਕੀ ਰਾਮਾਇਣ ਵਿਚ ਵੀ ਦੇਖ ਸਕਦੇ ਹੋ।

੮-ਅਗੇ ਬੈਨ ਰਾਜਾ ੬ਵਾਂ ਅਵਤਾਰ ਬ੍ਰਹਮਾ ਜੀ ਦਾ ਹੋਇਆ ਜਿਸ ਨੇ ਪਰਜਾ ਨੂੰ ਅਤਿ ਸੁਖ ਦਿਤਾ ਅਤੇ ਧਰਮ ਦਾ ਰਾਜ ਕਰਕੇ ਆਪਣਾ ਨਾਮ ਸੰਸਾਰ ਵਿਚ ਰੋਸ਼ਨ ਕਰ ਗਿਆ ਅਤੇ ਨੇਕੀ ਲੈਕੇ ਤੇ

Digitized by Panjab Digital Library | www.panjabdigilib.org

ਪਰਜਾ ਨੂੰ ਸੁਖ ਦੇਕੇ ਜੋਤਿ ਵਿਚ ਜੋਤਿ ਮਿਲਾ ਗਿਆ ਜਿਸਦਾ ਜੀਵਨ ਸੰਕੇਤਕ ਹੀ ਛਿੱਤਾ ਹੈ। ਪ੍ਰਸੰਗ ਲੰਬਾ ਹੈ ਕਿਥੋਂ ਤਕ ਲਿਖਿਆ ਜਾਏ ਭਾਵ ਇਹੋ ਕਿ ਕਿੰਨੇ ਸੂਤਮੇ ਤੇ ਧਰਮੀ ਲੋਕ ਹੋਏ ਅਤੇ ਕਿੰਨੇ ਜੱਗ ਆਦਿ ਕਰਦੇ ਹੋਏ ਧਰਮੀ ਕਹਾਉਂਦੇ ਹੋਏ ਹੰਕਾਰ ਦੇ ਰਾਹ ਪੈ ਗਏ। ਜਿਨ੍ਹਾਂ ਵਿਚੋਂ ਨਵੀਂ ਨਵੀਂ ਸਿਖਿਆ ਅਤੇ ਅਜੀਬ ਤੋਂ ਅਜੀਬ ਵਾਰਦਾਤ ਸਾਹਮਣੇ ਆਉਂਦੀ ਹੈ. ਗੁਰਮੁਖ ਲੋਕ ਇਸ ਤੋਂ ਬਹੁਤ ਹੀ ਵੀਚਾਰ ਭਰਪੂਰ ਲਾਭ ਲੈਂਦੇ ਹਨ, ਪਰ ਮਨਮੁਖਾਂ ਦੇ ਮਨ ਵਿਚ ਇਹ ਅਮੁਲੇ ਪਦਾਰਥ ਸਮਾ ਨਹੀਂ ਸਕਦੇ। ਜਿਸ ਬਾਰੇ ਅੰਤ ਸ੍ਰੀ ਦਸ਼ਮੇਸ ਜੀ ਦੱਸਦੇ ਹਨ ਕਿ :-

ਜੀਤ ਫਿਰੈ ਸਭ ਦੇਸ ਦਿਸਾਨ ਕੋ ਬਾਜਤ ਢੋਲ ਮ੍ਰਿਦੰਗ ਨਗਾਰੇ ॥
ਗੁੰਜਤ ਗੂੜ ਗਜਾਨ ਕੇ ਸੁੰਦਰ ਹਿੰਸਤ ਹੀ ਹਯ ਰਾਜ ਹਜਾਰੇ ॥
ਭੂਤ ਭਵਿੱਖ ਭਵਾਨ ਕੇ ਭੂਪਤ ਕਉਨ ਗਨੈ ਨਹੀ ਜਾਤ ਬਿਚਾਰੇ ॥
ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨ ਅੰਤ ਕੋ ਅੰਤ ਕੋ ਧਾਮ ਸਿਧਾਰੇ ॥੩॥ ਸ੍ਵਯਾ ਪਾ: ੧੦

ਭਾਵੇਂ ਕੋਈ ਸਭ ਦੇਸ਼ ਤੇ ਸਾਰੀਆਂ ਦਿਸ਼ਾਂ ਨੂੰ ਭੀ ਜਿੱਤ ਲਵੇ ਅਤੇ ਬੇਅੰਤ ਖੁਸ਼ੀਆਂ ਦੇ ਵਾਜੇ ਵਜਦੇ ਹੋਣ, ਹਾਥੀਆਂ ਦੇ ਸੋਹਣੇ ਝੁੰਡ ਗੂੰਜ ਰਹੇ ਹੋਣ ਅਤੇ ਅਨੇਕਾਂ ਘੋੜੇ ਰਾਜ ਦਰਬਾਰ ਵਿਚ ਹਿਣਕਦੇ ਹੋਣ ਅਤੇ ਜੋ ਅੱਜ ਤੇ ਪਿੱਛੇ ਤੇ ਅੱਗੇ ਨੂੰ ਹੋਣੇ ਹਨ, ਉਹਨਾਂ ਨੂੰ ਕਉਣ ਗਿਣੇ ? ਜੋ ਨਹੀਂ ਦੱਸੇ ਜਾ ਸਕਦੇ। ਅੰਤ ਫੈਸਲਾ ਦਿੰਦੇ ਹਨ ਕਿ ਸ੍ਰੀ ਮਾਇਆ ਦੇ ਪਤੀ ਸ੍ਰੀ ਅਕਾਲ ਪੁਰਖ ਦੀ ਮਿਹਰ ਤੋਂ ਬਾਅਦ ਅਖੀਰ ਜਮ ਲੋਕ ਦੇ ਰਾਹ ਪੈ ਗਏ। ਇਸ ਲਈ ਸਾਨੂੰ ਹਰ ਵੇਲੇ ਉਸਤੋਂ ਡਰਕੇ ਅਤੇ ਹੰਕਾਰ ਤੋਂ ਸੁਚੇਤ ਹੋਕੇ ਰਹਿਣਾ ਚਾਹੀਦਾ ਹੈ। ਸੋਚੋ ਕੀ ਇਹ ਸਾਡੀ ਨਿਤਨੇਮ ਦੀ ਬਾਣੀ ਤਾਂ ਨਹੀਂ।

੮ ॥ ੭ ॥ ੨ ॥ ੧੬ ॥ ੩੧ ॥ ੧੩੮ ॥

੧ ਓ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾਗ ੭ ॥ ਅਧਯਾ: ੨ ॥ ਅਲੋਚਨਾਤਮਕ ॥
ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੇ ਨਿਰਣੇ ਦਾ ਨਿਰਣਾ ॥ ਪ੍ਰਕਰਣ ਨੰ: ੧੭ ॥ ੩੨ ॥ ੧੩੯ ॥

ਸ਼ਿਵਜੀ ਦੇ ਅਵਤਾਰ—ਦਿਤਾ ਤ੍ਰੈ ਜੀ

੧—ਪਹਿਲੇ ਤੁਹਾਨੂੰ ਗੁਰੂ ਜੀ ਨੇ ੨੪ ਅਵਤਾਰ ਵਿਸ਼ਨੂੰ ਜੀ ਦੇ ਦਿਖਾਏ ਕਿ ਭਾਵੇਂ ਵਿਸ਼ਨ ਦੇਵ ਦੇ ਅਵਤਾਰ ਮਨੁਖੀ ਰੂਪ ਦੇ ਵਿਚ ਮਨੁੱਖ ਸ਼੍ਰੇਣੀ ਵਿਚ ਉਤਮ ਤੇ ਸਤਕਾਰ ਪਾਤਰ ਸਨ। ਜਿਨ੍ਹਾਂ ਨੂੰ ਲੋਕਾਂ ਨੇ ਰਬ ਦੇ ਰੂਪ ਵਿਚ ਤੱਕਿਆ ਤੇ ਪੂਰੀ ਪੂਰੀ ਮਾਨਤਾ ਦਿਤੀ। ਪਰ ਉਚ ਪਦਵੀਆਂ ਪਾ ਕੇ ਹੰਕਾਰ ਤੋਂ ਨਹੀਂ ਬਚ ਸਕੇ । ਗੁਰਬਾਣੀ ਦਾ ਕਥਨ ਹੈ-(**ਕੀਆ ਗਰਬ ਨ ਆਵੈ ਰਾਸ**) ਇਸੇ ਆਸ਼ੇ ਨੂੰ ਲੈ ਕੇ ਸ੍ਰੀ ਦਸਮੇਸ਼ ਜੀ ਵੱਡੇ ਤੋਂ ਵੱਡੇ ਅਸਚਰਜ ਤੋਂ ਅਸਚਰਜ ਪ੍ਰਮਾਣ ਦੇ ਰਹੇ ਹਨ, ਜਿਨ੍ਹਾਂ ਦਾ ਨਤੀਜਾ ਅਗੇ ਜਾ ਕੇ ਅੰਤ ਵਿਚ ਕਢਣਗੇ ਜੋ ਅਗੇ ਚਲ ਕੇ ਆਵੇਗਾ। ੨੪ ਅਵਤਾਰ ਵਿਸ਼ਨ ਦੇਵ ਦੇ ਪਿਛੋਂ ਸ੍ਰੀ ਬ੍ਰਹਮਾ

Digitized by Panjab Digital Library | www.panjabdigilib.org

ਜੀ ਹੰਕਾਰ ਕਰ ਬੈਠੇ ਜਿਸਦੇ ਬਦਲੇ ਉਸ ਨੂੰ ਸਤ ਜਨਮ ਉਪ ਅਵਤਾਰਾਂ ਦੇ ਰੂਪ ਵਿਚ ਧਾਰਨ ਕਰਨੇ ਪਏ, ਜੋ ਤੁਸੀਂ ਇਸ਼ਾਰੇ ਮਾਤਰ ਪੜ੍ਹ ਚੁਕੇ ਹੋ, ਹੋਰ ਬਹੁਤੀ ਜਾਣਕਾਰੀ ਸ੍ਰੀ ਦਸਮ ਗ੍ਰੰਥ ਤੋਂ ਹੋ ਸਕਦੀ ਹੈ ਜਾਂ ਭਾਗਵਤ ਪੁਰਾਣ ਤੋਂ। ਪਰ ਗਰਬ ਭਾਵ-(ਹੰਕਾਰ) ਬਾਰੇ ਗੁਰੂ ਜੀ ਇਉਂ ਦਸਦੇ ਹਨ।

ਜੇ ਗਰਬ ਲੋਕ ਕਰੰਤ ॥ ਤੇ ਜਾਨ ਕੂਪ ਪਰੰਤ ॥
ਮੁਰ ਨਾਮ ਗਰਬ ਪ੍ਰਹਾਰ ॥ ਸੁਨ ਲੇਹ ਰੁਦ੍ਰ ਬੀਚਾਰ ॥੩॥

ਜਿਵੇਂ ਵਿਸ਼ਨੂੰ ਭਗਵਾਨ ਨੂੰ ਗਰਬ ਹੋ ਗਿਆ ਸੀ ਇਸੇ ਤਰ੍ਹਾਂ ਸ਼ਿਵਜੀ ਭੋਲੇ ਨਾਥ ਨੂੰ ਭੀ ਆਪਣੇ ਪਰ ਮਾਣ ਹੋ ਗਿਆ ਤਾਂ ਉਸ ਵੇਲੇ ਅਕਾਲ ਪੁਰਖ ਨੇ ਕਿਹਾ ਸੀ ਕਿ ਐ ਭੋਲੇ ਨਾਥ, ਜੋ ਲੋਕ ਗਰਬ ਕਰਦੇ ਹਨ ਉਹ ਜਾਣੋ ਕਿ ਜਾਣ ਬੁਝ ਕੇ ਖੂਹ ਗਿਰਦੇ ਹਨ।

ਕੀਆ ਗਰਬ ਕੋ ਮੁਖ ਚਾਰ ॥ ਕਛੁ ਚਿੱਤ ਮੈਂ ਅਬਿਚਾਰ ॥
ਜਬ ਧਰੇ ਤਿਨ ਤਨ ਸਾਤ ॥ ਤਬ ਬਨੀ ਤਾਕੀ ਬਾਤ ॥

ਅਕਾਲੀ ਜੋਤ ਵਲੋਂ ਸ਼ਿਵਜੀ ਨੂੰ ਕਹਿਣਾ ਹੈ ਕਿ ਇਕ ਵਾਰੀ ਬ੍ਰਹਮਾ ਨੇ ਗਰਬ ਕੀਤਾ ਜਿਸ ਲਈ ਉਸ ਨੂੰ ਸਤ ਜਨਮ ਮਾਤ ਲੋਕ ਵਿਚ ਲੈਣੇ ਪਏ ਤਾਂ ਕਿਤੇ ਉਸ ਦੀ ਕਲਿਆਣ ਹੋਈ ਸੀ। ਇਸੇ ਤਰ੍ਹਾਂ ਤੂੰ ਭੀ ਮਾਤ ਲੋਕ ਵਿਚ ਜਾ ਕੇ ਜਨਮ ਰੂਪ ਧਾਰਨ ਕਰ, ਜਿਸ ਲਈ ਸ਼ਿਵਜੀ ਦਾ ਪਹਿਲਾ ਅਵਤਾਰ ਦਿਤਾ ਤ੍ਰੈ ਜੀ ਹੋਏ, ਉਸ ਦੇ ਜੀਵਨ ਤੋਂ ਸਿਖਿਆ ਲੈਣ ਲਈ ਸਤਿਗੁਰਾਂ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਉਸਦਾ ਖਾਸ ਜੀਵਨ ਦਿਤਾ ਹੈ ਪਰ ਤਤ ਸਾਰ ਰੂਪ ਵਿਚ ਅਸੀਂ ਪਾਠਕ ਸਜਨਾਂ ਦੇ ਅਗੇ ਕੁਝ ਪਦਾਰਥ ਪੇਸ਼ ਕਰਦੇ ਹਾਂ।

੨-(ਅਤ੍ਰੈ ਜੀ) ਪ੍ਰਸਿਧ 'ਅਤ੍ਰੈ' ਰਿਸ਼ੀ ਹੋਏ ਹਨ, ਜਿਨ੍ਹਾਂ ਦੀ ਧਰਮ ਸੁਪਤਨੀ ਅਨਸੂਯਾ ਜੀ ਸਨ, ਜਿਸ ਵੇਲੇ ਸ੍ਰੀ ਰਾਮ ਲਛਮਣ ਮਾਤਾ ਸੀਤਾ ਜੀ ਬਨਵਾਸ ਨੂੰ ਗਏ ਸੀ, ਉਸ ਵੇਲੇ ਅਨਸੂਯਾ ਨੇ ਆਪਣੇ ਧਾਮ ਪਰ ਆਏ ਇਹਨਾਂ ਤਿੰਨਾਂ ਦਾ ਬੜਾ ਸਤਿਕਾਰ ਕੀਤਾ ਸੀ ਅਤੇ ਸੀਤਾ ਨੂੰ ਆਪਣੀ ਪੁਤ੍ਰੀ ਕਹਿ ਕੇ ਉਸਨੂੰ ਗ੍ਰਿਹਸਤ ਜੀਵਨ ਬਾਰੇ ਉਪਦੇਸ਼ ਭੀ ਦਿਤਾ ਸੀ ਅਤੇ ਉਹਨਾਂ ਦੇ ਘਰ ਵਿਚ ਹੀ ਦਿਤਾ ਤ੍ਰੈ ਦੇ ਰੂਪ ਵਿਚ ਸ਼ਿਵਜੀ ਦਾ ਅਵਤਾਰ ਹੋਇਆ ਸੀ, ਜਿਸ ਦੀ ਸੰਖੇਪ ਕਥਾ ਇਉਂ ਹੈ।

ਅਤ੍ਰੈ ਰਿਸ਼ੀ ਨੇ ਸ਼ਿਵ ਜੀ ਦੀ ਅਰਾਧਨਾ ਕੀਤੀ ਅਤੇ ਬਹੁਤ ਸਾਰੀ ਜੋਗ ਸਾਧਨਾ ਕੀਤੀ। ਸ਼ਿਵਜੀ ਪ੍ਰਸੰਨ ਹੋ ਗਏ ਤੇ ਆ ਕੇ ਦਰਸ਼ਨ ਦਿਤੇ ਅਰ ਵਰ ਮੰਗਣ ਲਈ ਕਿਹਾ, ਤਾਂ ਰਿਸ਼ੀ ਜੀ ਨੇ ਮੰਗ ਕੀਤੀ ਕਿ ਮੇਰੇ ਘਰ ਤੇਰੇ ਜਿਹਾ ਤੇਜਸਵੀ ਪੁਤਰ ਹੋਵੇ, ਭੋਲੇ ਨਾਥ ਨੇ ਤਥਾ ਅਸਤੂ ਕਹਿ ਕੇ ਆਪਣਾ ਰਾਹ ਲਿਆ ਅਤੇ ਅਤ੍ਰੈ ਜੀ ਆਪਣੀ ਕੁਟੀਆ ਵਿਚ ਚਲੇ ਗਏ ਤੇ ਅੰਤਰ ਧਿਆਨ ਹੋ ਗਏ।

ਉਧਰ ਅਨਸੂਯਾ ਆਪਣੇ ਮਾਪਿਆਂ ਦੇ ਪਾਸ ਜੋਬਨ ਦੀ ਖਾਨ ਤੇ ਗੁਣਾਂ ਦੀ ਪ੍ਰਧਾਨ ਜੋ ਆਪਣੀ ਸ਼ਾਨ ਆਪ ਹੀ ਸੀ ਨੇ ਪ੍ਰਣ ਕਰ ਲਿਆ ਕਿ ਮੈਂ ਉਸ ਨਾਲ ਸ਼ਾਦੀ ਕਰਵਾਉਣੀ ਹੈ ਜੋ ਇਹ ਬਚਨ ਦੇਵੇ ਕਿ ਮੈਂ ਇੰਦ੍ਰੀ ਸਪਰਸ਼, ਭਾਵ-ਭੋਗ ਨਹੀਂ ਕਰਾਂਗਾ, ਜੋ ਸ਼ਰਤ ਅਤ੍ਰੈ ਜੀ ਨੇ ਮੰਨ ਕੇ ਉਸ ਨੂੰ ਵਿਆਹ ਕੇ ਘਰ ਲੈ ਆਇਆ, ਪਰ ਹੁਣ ਪੁਤ੍ਰ ਕਿਵੇਂ ਪੈਦਾ ਹੋ ਸਕੇ, ਉਧਰ ਸ਼ਿਵਜੀ ਦਾ ਦਿਤਾ ਵਰ ਐਵੇਂ ਨਹੀਂ ਸੀ ਜਾ ਸਕਦਾ। ਕਈ ਬਰਸ ਬੀਤ ਗਏ ਤਾਂ ਵਿਸ਼ਨ ਦੇਵ, ਇੰਦ੍ਰ ਦੇਵ ਤੇ ਬ੍ਰਹਮਾ ਜੀ ਅਤ੍ਰੈ ਜੀ ਦੇ ਅਸਥਾਨ ਪਰ ਆ ਗਏ ਅਤੇ ਰਿਸ਼ੀ ਤੇ ਰਿਸ਼ਰਾਣੀ ਨੇ ਮਿਲਕੇ ਉਹਨਾਂ ਦੀ ਬਹੁਤ ਆਉ ਭਗਤ ਤੇ ਸਤਿਕਾਰ ਕੀਤਾ, ਜਿਸ ਪਰ ਬ੍ਰਹਮਾਂ ਜੀ ਨੇ ਪ੍ਰਸੰਨ ਹੋ ਕੇ ਅਨਸੂਯਾ ਨੂੰ ਅਸੀਸ ਦਿਤੀ ਕਿ ਤੂੰ ਪੁਤ੍ਰਵੰਤੀ ਹੋ ਜਾਵੇਂ। ਜਿਸ ਨੂੰ

Digitized by Panjab Digital Library | www.panjabdigilib.org

ਸੁਣ ਕੇ ਰਿਸ਼ ਰਾਣੀ ਤਿੜਕ ਉਠੀ ਕਿ ਮੈਨੂੰ ਇਹ ਵਰ ਕਿਉਂ ਦੇ ਦਿਤਾ ਜਦ ਕਿ ਮੇਰਾ ਪ੍ਰਣ ਹੈ ਮੈਂ ਕਾਮ ਚੇਸ਼ਟਾ ਅਧੀਨ ਭੋਗ ਨਹੀਂ ਕਰਨਾ, ਇਸ ਲਈ ਆਪਣੇ ਆਪੇ ਤੋਂ ਬਾਹਰ ਹੋ ਕੇ ਸਿਰ ਦੇ ਵਾਲ ਪੁਟਣ ਤੇ ਰੋਣ ਪਿਟਣ ਲਗ ਗਈ ਅਤੇ ਪਾਗਲਾਂ ਵਾਂਗ ਗੁਸੇ ਵਿਚ ਆ ਕੇ ਬੋਲਣ ਲਗ ਪਈ ਜਿਸ ਨੂੰ ਤਕ ਕੇ ਦੇਵਤਾ ਅੰਤ੍ ਧਿਆਨ ਹੋ ਗਏ ਅਤੇ ਰਿਸ਼ਰਾਣੀ ਨੇ ਕ੍ਰੋਧ ਨਾਲ ਦੁਹਥੜ ਜਾਂ ਹਥ ਪਰ ਹਥ ਮਾਰਿਆ, ਜਿਸ ਵਿਚੋਂ ਦਿਤਾ ਤ੍ਰੈ ਜੀ ਦਾ ਜਨਮ ਹੋਇਆ, ਜੋ ਬਹੁਤ ਹੀ ਸੁੰਦਰ ਤੇਜਸ੍ਵੀ ਤੇ ਪ੍ਰਤਾਪੀ ਅਤੇ ੧੪ ਵਿਦਿਆ ਨਿਧਾਨ ਸੀ ਅਤੇ ਉਸਨੇ ਹੀ ਸੰਨਿਆਸ ਜੋਗ ਧਰਮ ਨੂੰ ਜਨਮ ਦਿੱਤਾ ਸੀ ਜੋ ਸੰਨਿਆਸੀਆਂ ਦਾ ਬਾਦਸ਼ਾਹ ਅਤੇ ਸ਼ਾਂਤੀ ਦਾ ਸਰੂਪ ਸੀ ਜਿਸਦੀ ਸ਼ੋਭਾ ਕਰਦੇ ਹੋਏ ਗੁਰੂ ਜੀ ਇਕ ਪੰਗਤੀ ਐਉਂ ਲਿਖਦੇ ਹਨ।

ਪ੍ਰਮੰ ਪਵਿਤ੍ ਭਏ ਦੇਵ ਦੱਤ ॥ ਅਛਿੱਜ ਤੇਜ ਅਰੁ ਬਿਮਲ ਮੱਤ ॥ ਸ: ੬੩੮

ਜੋ ਸੱਚ ਧਰਮ ਦਾ ਹਾਮੀ ਤੇ ਪਾਪ ਕਪਟ ਦਾ ਵੈਰੀ ਸੀ ਅਤੇ ਜਨਮ ਤੋਂ ਹੀ, ਕਰਮ ਜੋਗ ਵਿਚ ਅਸਥਿਤ ਹੋ ਗਿਆ ਅਤੇ ਕੀ ਰਾਜੇ ਕੀ ਮਹਾਰਾਜੇ ਸਭ ਉਸਦੇ ਚਰਨੀਂ ਲੱਗਦੇ ਸਨ। ਸੀਸ ਜਟ ਦੀਆਂ ਜਟਾਂ ਥਲੇ ਮਿਰਗਛਾਲ ਅਤੇ ਭੋਗ ਪਦਾਰਥਾਂ ਤੋਂ ਨਿਰਾਸ਼ ਹੋਕੇ ਇਕੋ ਆਸ਼ਾ ਲੈਕੇ ਲੰਗੋਟ ਬਧ ਆਸਣ ਅਸਥਿਤ ਰਹਿੰਦਾ ਸੀ। ਪੂਰਨ ਬ੍ਰਹਮ ਗਿਆਨੀ ਸੀ ਅਤੇ ਜਿਸ ਨੇ ਪਾਪ ਨੂੰ ਆਪਣੇ ਸਰੀਰ ਦੇ ਲਾਗੇ ਹੀ ਨਹੀਂ ਸੀ ਲੱਗਣ ਦਿੱਤਾ ਅਤੇ ਕਾਮ ਕਦੇ ਭੁਲ ਕੇ ਭੀ ਉਸਦੇ ਨੇੜੇ ਨਹੀਂ ਸੀ ਢੁਕਦਾ। ਜਦੋਂ ਇਸ ਤਰ੍ਹਾਂ ਇਕ ਚਿੱਤ ਇਕ ਮਨ ਲੀਨ ਹੋਕੇ ਦਤ ਰਾਇ ਨੇ ਬਹੁਤ ਕਾਲ ਤਕ ਧਿਆਨ ਕੀਤਾ ਤਾਂ ਅਕਾਲ ਪੁਰਖ ਪ੍ਰਸੰਨ ਹੋ ਗਏ ਅਤੇ ਅਕਾਸ਼ ਬਾਣੀ ਹੋਈ, ਜਿਸ ਨੂੰ ਗੁਰਦੇਵ ਨੇ ਐਉਂ ਲਿਖਿਆ ਹੈ :-

ਪਾਧੜੀ ਛੰਦ-

ਗੁਰ ਹੀਣ ਮੁਕਤ ਨਹੀ ਹੋਤ ਦੱਤ ॥ ਤੁਹਿ ਕਹੋ ਬਾਰ ਸੁਨ ਬਿਮਲ ਮੱਤ ॥
ਗੁਰਿ ਕਰਹਿ ਪ੍ਰਿਥਮ ਤਬ ਹੋਹਿ ਮੁਕਤਿ ॥ ਕਹਿ ਦੀਨ ਕਾਲ ਭਿਹ ਜੋਗ ਜੁਗਤ ॥
੬੩ ॥ ਸ: ੬੩੮ ॥

੪-ਭਾਵ-ਅਕਾਲ ਪੁਰਖ ਵਲੋਂ ਅਕਾਸ਼ ਬਾਣੀ ਹੋਈ ਕਿ ਐ ਉੱਜਲ ਮੱਤ ਵਾਲੇ ਦਤ ! ਜਾਕੇ ਪਹਿਲੇ ਗੁਰੂ ਧਾਰਨ ਕਰ ਨਹੀਂ ਤਾਂ ਕਦੇ ਮੁਕਤੀ ਨਹੀਂ ਹੋਵੇਗੀ। ਗੁਰਬਾਣੀ ਦਾ ਭੀ ਕਹਿਣਾ ਹੈ (ਗੁਰ ਭਗਤਿ ਹੀਣ ਨਹੀਂ ਮੁਕਤਿ ਰਾਇ) ਜਿਸ ਤੇ ਦਤ ਜੀ ਨੇ ਅਕਾਲ ਪੁਰਖ ਦੀ ਅਨੇਕ ਪ੍ਰਕਾਰ ਨਾਲ ਉਸਤਤ ਕੀਤੀ ਜੋ ਦਸਮੇਸ਼ ਜੀ ਨੇ ਮੁਕੰਮਲ ੬੪੦ ਸਫ਼ੇ ਪਰ ਲਿਖ ਕੇ ਕਿਹਾ ਹੈ ਕਿ ਜੋ ਦਤ ਜੀ ਨੇ ਸ੍ਰੀ ਅਕਾਲ ਦੀ ਉਸਤਤ ਉਸ ਵੇਲੇ ਕੀਤੀ ਸੀ ਉਹ ਬਹੁਤ ਹੈ, ਪਰ ਮੈਂ ਥੋੜੇ ਵਿਚ ਲਿਖ ਥਿਹਾ ਹਾਂ। ਜੋ ਐਉਂ ਹੈ :-

ਇਹ ਭਾਤ ਦੱਤ ਅਸਤੋਤ੍ ਪਾਠ ॥ ਮੁਖ ਪੜ੍ਹਤ ਅੱਛ ਗਯੋ ਪਾਪ ਨਾਠ ॥
ਕੋ ਸਕੈ ਬ੍ਰਨ ਮਹਿਮਾ ਅਪਾਰ ॥ ਸੰਛੇਪ ਕੀਨ ਤਾਤੇ ਉਚਾਰ ॥੭੮॥ ਸ: ੬੪੦ ॥

ਭਾਵੇਂ ਗੁਰੂ ਜੀ ਕਹਿੰਦੇ ਹਨ ਕਿ ਮੈਂ ਸੰਖੇਪ ਨਾਲ ਇਹ ਉਸਤਤ ਬਿਆਨ ਕਰਦਾ ਹਾਂ, ਪਰ ਆਪਦਾ ਹਿਰਦਾ ਹੀ ਐਸਾ ਹੈ ਕਿ ਜਦੋਂ ਅਕਾਲ ਉਸਤਤਿ ਵਿਚ ਜੁੜ ਜਾਣ ਤਾਂ ਰੁਕਣਾ ਜਾਂ ਹਟਣਾ ਉਹਨਾਂ ਦੇ ਵਸ ਵਿਚ ਨਹੀਂ ਸੀ ਰਹਿੰਦਾ, ਜਿਵੇਂ ਦਰਿਆ ਦਾ ਬਹਾਉ ਕਦੇ ਰੁਕਣਾ ਨਹੀਂ ਮੰਨਦਾ ਅੱਗੇ ਹੀ ਅੱਗੇ ਵਧਦਾ ਹੈ। ਇਸੇ ਤਰ੍ਹਾਂ ਸ੍ਰੀ ਦਸਮੇਸ਼ ਜੀ ਦਾ ਬਹਾਉ ਇਸ ਪਾਸਿਓਂ ਠਲ੍ਹਿਆ ਨਹੀਂ ਸੀ

Digitized by Panjab Digital Library | www.panjabdigilib.org

ਆਂਦਾ, ੬੪ ਅੰਕ ਤੋਂ ਲੈ ਕੇ ੧੦੮ ਅੰਕ ਤਕ ਆਪ ਇਸ ਤਰ੍ਹਾਂ ਅਰੋਕ ਉਸਤਤਿ ਲਿਖਦੇ ਹਨ, ਜਿਵੇਂ ਕਿ :-

ਕਈ ਕੋਟ ਇੰਦ੍ਰ ਜਿਹ ਪਾਨਹਾਰ ॥ ਕਈ ਚੰਦ ਸ੍ਰੂਰ ਕ੍ਰਿਸਨਾਵਤਾਰ ॥
ਕਈ ਬਿਸਨ ਰੁਦ੍ਰ ਰਾਮਾ ਰਸ੍ਰੂਲ ॥ ਬਿਨ ਭਗਤਿ ਯੋ ਨ ਕੋਈ ਕਬ੍ਰੂਲ ॥੯੫॥ਸ:੬੪੧॥
ਕਈ ਦੱਤ ਸੱਤ ਗੋਰਖ ਦੇਵ ॥ ਮੁਨ ਮਨ ਮਛਿੰਦ੍ਰ ਨਹੀ ਲਖਤ ਭੇਵ ॥
ਬਹੁ ਭਾਂਤ ਮੰਤ੍ਰ ਮਤ ਕੈ ਪ੍ਰਕਾਸ ॥ ਬਿਨ ਏਕ ਆਸ ਸਭ ਹੀ ਨਿਰਾਸ ॥ ੯੬ ॥

ਪਤਾ ਨਹੀਂ ਗਿ: ਭਾਗ ਸਿੰਘ ਜੀ ਕਿਹੜੇ ਨਸ਼ੇ ਦੀ ਲੋਰ ਵਿਚ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਪੜ੍ਹ ਰਹੇ ਹਨ, ਉਹਨੂੰ ਇਹਨਾਂ ਪਦਾਰਥਾਂ ਵਿਚੋਂ ਕੋਈ ਦਿਸਿਆ ਹੀ ਨਹੀਂ। ਗੁਰੂ ਜੀ ਦੱਸਦੇ ਹਨ ਕਿ ਕਈ ਕ੍ਰੋੜ ਇੰਦ੍ਰ ਉਸਦਾ ਪਾਣੀ ਭਰਦੇ ਹਨ ਅਰ ਕਈ ਚੰਦ ਸੂਰਜ ਤੇ ਕ੍ਰਿਸ਼ਨ ਜਿਹੇ ਅਵਤਾਰ ਵਿਸ਼ਨੂੰ ਜੀ ਦੇ ਤੇ ਕਈ ਸ਼ਿਵਜੀ ਤੇ ਰਾਮ ਜਾਂ ਰਸੂਲ ਹੋਏ ਹਨ ਪਰ ਉਸ ਅਕਾਲ ਪੁਰਖ ਦੀ ਭਗਤਿ ਤੋਂ ਬਿਨਾਂ ਕੋਈ ਭੀ ਕਬੂਲ ਨਹੀਂ ਪੈਂਦਾ। ਕਈ ਦਤਾ ਤ੍ਰੈ ਜਾਂ ਸਤ, ਗੋਰਖ ਮਛੰਦ੍ਰ ਨਾਥ ਭੀ ਉਸ ਨੂੰ ਨਹੀਂ ਜਾਣ ਸਕੇ, ਭਾਵੇਂ ਉਹਨਾਂ ਨੇ ਕਈ ਪ੍ਰਕਾਰ ਤੇ ਮੰਤ੍ਰ ਤੇ ਮਤ ਚਲਾਏ, ਜਿਸਨੇ ਭੀ ਇਕ ਅਕਾਲ ਪੁਰਖ ਦੀ ਆਸ ਛੱਡ ਦਿਤੀ ਉਹ ਹੀ ਏਥੋਂ ਨਿਰਾਸ਼ ਹੋ ਕੇ ਗਿਆ ਹੈ।

ਤਵ ਗੁਣ ਅਤਿ ਊਚ ਅੰਬਰ ਸਮਾਨ ॥ ਮਮ ਅਲਪ ਬੁੱਧਿ ਬਾਲਕ ਅਜਾਨ ॥
ਕਿਮ ਸਕੈ ਬਰਨ ਤੁਮਰੇ ਪ੍ਰਭਾਵ ॥ ਤਵ ਪਰਾ ਸਰਣ ਤਜਿ ਸਭਿ ਉਪਾਵ ॥੧੦੩॥

ਹੇ ਮੇਰੇ ਵਾਹਿਗੁਰੂ ! ਤੇਰੇ ਗੁਣ ਤਾਂ ਆਸਮਾਨ ਜਿੰਨੇ ਉੱਚੇ ਹਨ, ਪਰ ਮੈਂ ਛੋਟੀ ਜਿਹੀ ਬੁਧੀ ਵਾਲਾ ਤੇਰਾ ਅਜਾਣ ਬੱਚਾ ਹਾਂ, ਫੇਰ ਮੈਂ ਕਿਵੇਂ ਤੇਰੇ ਪ੍ਰਭਾਵ ਨੂੰ ਕਹਿ ਸਕਦਾ ਹਾਂ, ਇਸ ਲਈ ਸਾਰੇ ਹੀਲੇ ਛੱਡਕੇ ਮੈਂ ਤਾਂ ਤੇਰੀ ਸ਼ਰਨ ਆਣ ਲਈ ਹੈ।

ਜਿਹ ਏਕ ਰੂਪ ਕਿੰਨੇ ਅਨੇਕ ॥ ਪਗ ਛੋਰ ਆਨ ਤਿਹ ਧਰੋਂ ਟੇਕ ॥੧੦੮॥

ਇਸੇ ਤਰ੍ਹਾਂ ਅਕਾਲ ਉਸਤਤਿ ਕਰਦਿਆਂ ਜਦੋਂ ਦਤਾ ਤ੍ਰੈ ਜੀ ਨੂੰ ਬੇਅੰਤ ਹੀ ਬਰਸਾਂ ਬੀਤ ਗਈਆਂ ਫੇਰ ਤਦ ਅਕਾਸ਼ ਬਾਣੀ ਹੋਈ :-

ਦੱਤ ਸੱਤਿ ਕਹੋ ਤੁਝੇ ਗੁਰ ਹੀਣ ਮੁਕਤ ਨ ਹੋਇ ॥
ਰਾਵ ਰੰਕ ਪ੍ਰਜਾਵਜਾ ਇਮ ਭਾਖਈ ਸਭ ਕੋਇ ॥
ਕੋਟ ਕਸਟਨ ਕਿਉ ਕਰੋ ਨਹੀ ਐਸ ਦੇਹ ਉਧਾਰ ॥
ਜਾਇਕੈ ਗੁਰ ਕੀਜੀਐ ਸੁਨਿ ਸੱਤਿ ਅਤ੍ਰ ਕੁਮਾਰ ॥੧੧੦॥

ਐ ਅਤ੍ਰੈ ਰਿਸ਼ੀ ਦੇ ਪੁਤ੍ਰ ! ਇਹ ਸੱਚੀ ਗਲ ਸੁਣ ਲੈ ਕਿ ਜਾਕੇ ਗੁਰੂ ਧਾਰਨ ਕਰ ਨਹੀਂ ਤਾਂ ਕਦੇ ਭੀ ਇਸ ਦੇਹ ਦਾ ਉਧਾਰ ਨਹੀਂ ਹੋਣਾ, ਭਾਵੇਂ ਕੋਈ ਰਾਜਾ ਹੈ ਜਾਂ ਮੰਗਤਾ ਫਕੀਰ ਹੈ ਸਾਰੀ ਪ੍ਰਜਾ ਤੇ ਮੈਂ ਤੈਨੂੰ ਸੱਚ ਕਹਿੰਦਾ ਹਾਂ ਕਿ ਗੁਰੂ ਤੋਂ ਬਿਨਾਂ ਮੁਕਤੀ ਨਹੀਂ ਹੋਣੀ ਭਾਵੇਂ ਇਸ ਦੇਹ ਪਰ ਕ੍ਰੋੜਾਂ ਹੀ ਕਸ਼ਟ ਲੈ ਲਵੇ।

Digitized by Panjab Digital Library | www.panjabdigilib.org

ਪ-ਪਰ ਅੱਜ ਅਸੀਂ ਗੁਰੂ ਵਾਲੇ ਭੀ ਹਾਂ ਅਤੇ ਗੁਰੂ ਦੀ ਖੁੰਬ ਭੀ ਖੂਬ ਠੱਪਦੇ ਹਾਂ, ਜਪ ਤਪ ਕਰਨਾ ਸਾਡੇ ਗੁਰੂ ਵਲੋਂ ਸਾਨੂੰ ਮਨਾਂ ਹੈ, ਕਸ਼ਟ ਭੀ ਮੁਲ ਲੈਣ ਦੀ ਲੋੜ ਨਹੀਂ, ਮੁਕਤੀ ਦੇ ਪੱਕੇ ਮੁਦਈ ਹਾਂ।

ਐਉਂ ਅਕਾਲੀ ਬਾਣੀ ਤੇ ਸਿਦਕ ਰੱਖਕੇ ਪਹਿਲਾਂ ਗੁਰੂ ਅਕਾਲ ਪੁਰਖ ਨੂੰ ਹੀ ਮੰਨਿਆ ਕਿ ਜਿਸਨੇ ਮੈਨੂੰ ਉਪਦੇਸ਼ ਦਿਤਾ ਹੈ ਇਹੋ ਮੇਰਾ ਗੁਰੂ ਹੈ-ਐਉਂ ਮਾਤਾ ਪਿਤਾ ਦਾ ਮੋਹ ਤਿਆਗ ਕੇ ਵੈਰਾਗ ਅਵਸਥਾ ਧਾਰ ਲਈ ਜਿਸ ਨੂੰ ਐਉਂ ਲਿਖਿਆ ਹੈ :-

ਦਿਤਾ ਤ੍ਰੈ ਨੇ ੨੪ ਗੁਰੂ ਧਾਰਨੇ

ਪ੍ਰਿਥਮ ਅਕਾਲ ਗੁਰੂ ਕੀਆ ਜਿਹ ਕੋ ਕਬੈ ਨਹੀ ਨਾਸ ॥
ਜਤ੍ ਤਤ੍ ਦਿਸਾ ਵਿਸਾ ਜਿਹ ਠਉਰ ਸਰਬ ਨਿਵਾਸ ॥
ਅੰਡ ਜੇਰਜ ਸੇਤਜ ਉਤਭੁਜ ਕੀਨ ਜਿਸ ਪਸਾਰ ॥
ਤਾਹਿ ਜਾਨ ਗੁਰੂ ਕੀਯੋ ਮਨਿ ਸਤਿ ਦੱਤਿ ਸੁਧਾਰ ॥੧੧੬॥

ਦੂਸਰਾ ਗੁਰੂ ਆਪਣੇ ਮਨ ਨੂੰ ਥਾਪਿਆ ਗੁਰਬਾਣੀ ਭੀ ਇਹ ਮੰਨਦੀ ਹੈ ਕਿ (ਮਨ ਮਾਨੇ ਸਭ ਸਿਧ ਹੋਇ) (ਮਨੂਆ ਗੁਰ ਮੇਰੀ ਮਨਸਾ ਮਾਇਆ) ਮਨ ਨੂੰ ਐਸਾ ਸਾਧਿਆ ਕਿ ਨਾ ਆਸ਼ਾ, ਨਾ ਤ੍ਰਿਸ਼ਨਾਂ, ਨਾ ਭੁਖ ਨਾ ਪਿਆਸ, ਨਾ ਕਾਮ ਨੇੜੇ ਢੁਕ ਸਕੇ ਨਾ ਕ੍ਰੋਧ ਲਈ ਥਾਂ; ਲੋਭ ਦਾ ਸਵਾਲ ਹੀ ਨਹੀਂ ਸੀ, ਮੋਹ ਰੂਪੀ ਗ੍ਰਿਹਸਥ ਜਾਲ ਤੋਂ ਅਲੱਗ ਤੇ ਹੰਕਾਰ ਭੀ ਨਹੀਂ ਸੀ। ਜਿਸ ਕ੍ਰਿਯਾ ਦਾ ਐਸਾ ਪ੍ਰਭਾਵ ਬਣਿਆ ਕਿ ਦੇਸ਼ ਦੇਸ਼ਾਂਤ੍ਰਾਂ ਤੋਂ ਰਾਜੇ ਮਹਾਰਾਜੇ ਆ ਆ ਕੇ ਚਰਨੀਂ ਲੱਗਣ ਲਗੇ ਅਤੇ ਸਭ ਨੇ ਸਿਰਾਂ ਪਰ ਜਟਾਂ ਧਾਰਨ ਕਰ ਲਈਆਂ ਅਤੇ ਦਤਾ ਤ੍ਰੈ ਦੀ ਸਿਖਿਆ ਪਰ ਚੱਲਣ ਲਗ ਪਏ ਅਤੇ ਸਭ ਰਾਜ ਸਾਜ ਤਿਆਗਕੇ ਉਦਾਸ ਹੋਕੇ ਦਤ ਜੀ ਦੀ ਚਰਨੀਂ ਲੱਗਕੇ ਅਤੇ ਗੁਰੂ ਮੰਨਕੇ ਸੰਨਿਆਸ ਲੈਣ ਲਗੇ ਤੇ ਹਰ ਪਾਸੇ ਅਨੇਕਾਂ ਪ੍ਰਕਾਰ ਨਾਲ ਇਹਨਾਂ ਦੀ ਸਿਖਿਆ ਅਨੁਸਾਰ ਮੱਤ ਫੈਲ ਗਿਆ। ਇਕ ਤਾਂ ਸ੍ਰਿਸ਼ਟ ਮੱਤ, ਦੂਜੇ ਸੁੰਦ੍ਰਤਾ ਅਪਾਰ, ਤੀਜਾ ਬਿਦਿਆਵਾਨ, ਜਿਧਰ ਜਾਏ ਸੈਂਕੜੇ ਲੋਕ ਘਰ ਘਾਟ ਤੇ ਕੰਮ ਕਾਰ ਛੱਡਕੇ ਪਿੱਛੇ ਲੱਗ ਤੁਰਦੇ; ਜਿਧਰ ਤੱਕੋ ਉਧਰ ਸੰਨਿਆਸੀ ਹੀ ਸੰਨਿਆਸੀ ਦਿਸਣ ਲੱਗੇ।

੬-ਤੀਸਰਾ ਗੁਰੂ ਮਕੜੀ-

ਮੁਨੀ ਰਾਇ ਦੇ ਧਿਆਨ ਵਿਚ ਇਕ ਮਕੜੀ ਆ ਗਈ, ਜੋ ਬੜੇ ਪ੍ਰੇਮ ਦੀਆਂ ਤਾਰਾਂ ਖਿੱਚ ਰਹੀ ਸੀ ਅਤੇ ਉਸੀ ਤਾਰਾਂ ਦੇ ਵਿਚ ਮਸਤ ਹੋਕੇ ਵਿਚਰ ਰਹੀ ਸੀ, ਉਸੀ ਪ੍ਰੇਮ ਤਾਰ ਦੇ ਵਿਚ ਉਲਝ ਉਲਝ ਕੇ ਮਸਤ ਸੀ, ਜਿਸ ਨੂੰ ਤਕ ਕੇ ਮੁਨੀ ਨੇ ਉਸਨੂੰ ਤੀਜਾ ਗੁਰੂ ਮੰਨਿਆ ਕਿ ਇਉਂ ਇਕ ਈਸ਼ਵਰ ਦੀ ਪ੍ਰੇਮ ਤਾਰ ਵਿਚ ਮਨ ਨੂੰ ਜੋੜ ਕੇ ਰੱਖਣਾ ਹੈ, ਅਰ ਰੱਖਣਾ ਚਾਹੀਦਾ ਹੈ (ਐਸੀ ਪ੍ਰਭੂ ਖਿੰਚ ਤਨੀ ਤੋਰੀ ਨ ਤ੍ਰੁਟੈ ਛੋਰੀ ਨ ਛ੍ਰੁਟੈ) ਗੁਰਬਾਣੀ ਭੀ ਇਸ ਦਾ ਦਮ ਭਰਦੀ ਹੈ।

੭-ਚੌਥਾ ਬਗਲਾ ਗੁਰੂ-

ਜਦੋਂ ਮੁਨੀ ਰਾਜ ਨੇ ਇਕ ਬਗਲੇ ਨੂੰ ਤੱਕਿਆ ਤਾਂ ਉਹ ਮੱਛੀ ਪਕੜਨ ਲਈ ਨਿਰਾਧਾਰ ਇਕ ਪੈਰ ਭਾਰ ਅਡੋਲ ਅਹਿਲ ਖੜਾ ਤੱਕਿਆ ਤਾਂ ਦਤਾ ਤ੍ਰੈ ਜੀ ਨੇ ਉਸ ਤੋਂ ਇਹ ਗੁਣ ਪ੍ਰਾਪਤ ਕੀਤਾ ਕਿ ਇਕ ਬਗਲਾ ਮੱਛੀ ਪ੍ਰਾਪਤੀ ਲਈ ਕਿੰਨਾਂ ਸਮਾਧੀ ਸਥਿਤ ਹੋ ਜਾਂਦਾ ਹੈ ਤਾਂ ਸਾਨੂੰ ਭੀ ਆਪਣੇ ਮਾਲਕ ਦੀ ਪ੍ਰਾਪਤੀ ਲਈ ਏਸੇ ਤਰ੍ਹਾਂ ਇਕ ਟਿਕ ਹੋਕੇ ਜੋਗ ਸਾਧਣਾਂ ਉਚਿਤ ਹੈ, ਇਸ ਲਈ ਉਸਨੂੰ ਗੁਰੂ ਮੰਨ ਕੇ ਇਹ ਗੁਣ ਪ੍ਰਾਪਤ ਕੀਤਾ।

Digitized by Panjab Digital Library | www.panjabdigilib.org

੮–ਪੰਜਵਾਂ ਮੱਛ ਗੁਰੂ–

ਇਕ ਮੱਛ ਨੂੰ ਤੱਕਿਆ ਕਿ ਉਹ ਚੂਹੇ ਦੀ ਤਾੜ ਵਿਚ ਪਾਣੀ ਤੋਂ ਬਾਹਰ ਉਪਰ ਆਕੇ ਚੂਹੇ ਨੂੰ ਪਕੜਨ ਲਈ ਐਉਂ ਸੁਰਤੀ ਲਾਈ ਹੋਈ ਸੀ, ਜਿਸ ਨੂੰ ਤੱਕ ਕੇ ਸਮਾਧੀ ਵਾਲੇ ਧਿਆਨ ਧਾਰੀ ਭੀ ਸ਼ਰਮਿੰਦੇ ਹੁੰਦੇ ਸਨ, ਇਸ ਲਈ ਉਸ ਮੱਛ ਤੋਂ ਭੀ ਸਿਖਿਆ ਲੈਕੇ ਉਸਨੂੰ ਗੁਰੂ ਮੰਨਿਆ ਸੀ।

੯–ਛੇਵਾਂ ਪੇਂਜਾ ਗੁਰੂ–

ਗੁਰਬਾਣੀ ਦਾ ਵੀ ਆਦੇਸ਼ ਹੈ (ਘੁੰਗਰੂ ਵਾਜੈ ਜੇ ਮਨ ਲਾਗੈ) ਭਾਵ–ਭਾਵੇਂ ਕੋਲ ਘੁੰਗਰੂ ਟਲੀਆਂ ਆਦਿ ਵਾਜੇ ਕਿਉਂ ਨਾ ਵਜਦੇ ਰਹਿਣ ਜੇ ਮਨ ਮਾਲਕ ਦੇ ਚਰਨਾਂ 'ਚ ਜੁੜ ਜਾਵੇ ਤਾਂ ਇਹਨਾਂ ਦੀ ਪ੍ਰਵਾਹ ਨਹੀਂ ਕਰਦਾ, ਤਾਂ ਮੁਨੀ ਜੀ ਨੇ ਇਕ ਪੇਂਜੇ ਨੂੰ ਤੱਕਿਆ ਕਿ ਉਹ ਰੂੰਈ ਪਿੰਜ ਰਿਹਾ ਹੈ, ਅਰ ਕੋਲੋਂ ਇਕ ਬਾਦਸ਼ਾਹ ਦੀ ਫੌਜ ਲੰਘੀ ਜਾ ਰਹੀ ਹੈ ਪਰ ਪੇਂਜਾ ਆਪਣੀ ਪਿੰਜਾਈ ਦੀ ਧੁਨ ਵਿਚ ਲੱਗਾ ਹੋਇਆ ਹੈ ਅਤੇ ਉਸ ਨੂੰ ਖਬਰ ਤਕ ਨਹੀਂ ਹੋਈ, ਇਹ ਤੱਕ ਕੇ ਮੁਨੀ ਜੀ ਨੇ ਉਸ ਨੂੰ ਗੁਰੂ ਮੰਨਿਆ ਤੇ ਉਸ ਤੋਂ ਇਹ ਗੁਣ ਲਿਆ ਕਿ ਆਪਣੇ ਮਾਲਕ ਦੀ ਪ੍ਰੀਤ ਦੀ ਧੁਨੀ ਐਨੀ ਪੱਕੀ ਹੋਣੀ ਚਾਹੀਦੀ ਹੈ ਕਿ ਭਾਵੇਂ ਫੌਜ ਰਸਾਲੇ ਤੇ ਪਲਟਨਾਂ ਕੋਲ ਦੀ ਲੰਘ ਜਾਣ ਪਰ ਆਪਣੀ ਜੁੜੀ ਧੁਨ ਵਿਚ ਫਰਕ ਨਾ ਆਵੇ, ਜਿਸ ਤੋਂ ਆਪ ਨੇ ਪੇਂਜੇ ਨੂੰ ਗੁਰੂ ਮੰਨਿਆ ਸੀ।

੧੦–ਸਤਵਾਂ ਮਛੇਰਾ ਗੁਰੂ–

ਅਗੇ ਇਕ ਮਛੇਰਾ ਤੱਕਿਆ ਜਿਸ ਨੇ ਮੱਛੀ ਪਕੜਨ ਲਈ ਪਾਣੀ ਵਿਚ ਜਾਲ ਸੁੱਟਿਆ ਹੋਇਆ ਸੀ ਅਤੇ ਤਾਰ ਡੋਰ ਹਥ ਵਿਚ ਫੜੀ ਹੋਈ ਸੀ, ਬਾਕੀ ਕੰਧੇ ਪੁਰ ਨੂੰ ਪਿੱਠ ਪਿਛੇ ਸੁਟੀ ਹੋਈ ਸੀ, ਮੱਛੀ ਦੀ ਤਾੜ ਵਿਚ ਐਉਂ ਬੈਠਾ ਸੀ ਜਿਵੇਂ ਸ੍ਵਾਸ ਹੈ ਹੀ ਨਹੀਂ। ਉਸ ਨੂੰ ਤਕ ਕੇ ਉਸ ਤੋਂ ਭੀ ਸਿਖਿਆ ਲਈ ਅਤੇ ਸਤਵਾਂ ਗੁਰੂ ਮੰਨਿਆ।

੧੧–ਅਠਵਾਂ ਚੇਰੀ ਗੁਰੂ–

ਇਕ ਦਿਨ ਜੋਗੀਸ੍ਵਰ ਦੱਛ ਪ੍ਰਜਾ ਪਤਿ ਦੇ ਅਸਥਾਨ ਪਰ ਚਲਾ ਗਿਆ, ਜਿਥੇ ਜਾ ਕੇ ਤੱਕਿਆ ਕਿ ਇਕ ਚੇਲੀ ਆਪਣੇ ਗੁਰਦੇਵ ਲਈ ਚੰਦਨ ਘਿਸਾ ਰਹੀ ਸੀ। ਦਤ ਜੀ ਭੀ ਆਪਣੇ ਨਾਲ ਕਿੰਨੇ ਸੰਨਿਆਸੀਆਂ ਸਮੇਤ ਉਸ ਦੇ ਕੋਲ ਨੂੰ ਖਹਿ ਕੇ ਲੰਘ ਗਏ। ਪਰ ਉਸ ਚੇਲੀ ਨੇ ਅੱਖ ਉਪਰ ਚੁਕ ਕੇ ਨਹੀਂ ਤੱਕਿਆ ਕਿ ਇਥੇ ਕੋਈ ਆਇਆ ਭੀ ਹੈ ਕਿ ਨਹੀਂ, ਜਿਸ ਨੂੰ ਤੱਕ ਕੇ ਦਿਤਾ ਤ੍ਰੈ ਜੀ ਬੜੇ ਪ੍ਰਭਾਵਤ ਹੋਏ ਤੇ ਉਸ ਨੂੰ ਗੁਰੂ ਮੰਨ ਲਿਆ ਅਤੇ ਕਿਹਾ ਸੀ ਕਿ ਇਹ ਹੈ ਨਾਥ ਨਿਰੰਜਨ ਦੀ ਪ੍ਰਾਪਤੀ ਦਾ ਢੰਗ, ਜਦੋਂ ਅਸੀਂ ਭੀ ਇਸੇ ਤਰ੍ਹਾਂ ਜੁੜਾਂਗੇ ਤਾਂ ਨਾਥ ਨਿਰੰਜਨ ਦੀ ਪ੍ਰਾਪਤੀ ਹੋ ਸਕਦੀ ਹੈ।

੧੨– ਨੌਵਾਂ ਗੁਰੂ ਵਣਜਾਰਾ–

ਤਾਂ ਮੁਨੀਸ੍ਵਰ ਤਤ ਬੇਤਾ ਅਰ ਉਦਾਸ ਚਿਤ ਆਪਣੀ ਲਗਨ ਨਾਲ ਹਰੀ ਪ੍ਰਭੂ ਦੇ ਨਾਲ ਜੁੜਿਆ ਹੋਇਆ ਛੇ ਗੁਣਾਂ ਸਮੇਤ ਨਾਮ ਰਸ ਵਿਚ ਭਿਜਿਆ ਹੋਇਆ, ਭਰਮ ਮੋਹ ਤੋਂ ਰਹਿਤ, ਭਾਗ ਵਸਾਲੀ ਜਾ ਰਿਹਾ ਸੀ ਤਾਂ ਇਕ ਵਣਜਾਰਾ ਤਕਿਆ ਜੋ ਆਪਣੇ ਵਣਜ ਵਪਾਰ ਦੀ ਲਗਨ ਵਿਚ ਧੁਪ ਛਾਉਂ ਦੀ ਨਾ ਪ੍ਰਵਾਹ ਕਰਦਾ ਹੋਇਆ ਧਨ ਦੀ ਆਸ ਲੈ ਕੇ ਰਾਤ ਦਿਨ ਲਗਨ ਨਾਲ ਤੁਰਿਆ ਜਾ ਰਿਹਾ ਸੀ। ਦਤ ਜੀ ਨੇ ਤੱਕ ਕੇ ਉਸ ਨੂੰ ਗੁਰੂ ਮੰਨਿਆ ਅਤੇ ਕਿਹਾ ਸੀ ਜੇਕਰ ਇਸ ਤਰ੍ਹਾਂ ਕਿਸੇ ਰੋਕ ਅਗੇ ਨਾ ਰੁਕ ਕੇ ਪ੍ਰਭੂ ਸਿਮਰਨ ਕਰੀਏ ਤਾਂ ਪਰਮ ਪੁਰਖ ਨੂੰ ਪਾ ਸਕਦੇ ਹਾਂ।

Digitized by Panjab Digital Library | www.panjabdigilib.org

੧੩-ਦਸਵਾਂ ਮਾਲਣ ਗੁਰੂ-

ਅੱਗੇ ਤੱਕਿਆ ਕਿ ਇਕ ਮਾਲਣ ਬੂਟਿਆਂ ਦੀ ਰਾਖੀ ਵਿਚ ਲਗਾਤਾਰ ਅਵਾਜ਼ਾਂ ਦੇ ਰਹੀ ਹੈ, ਕੀ ਮਜਾਲ ਜੇ ਉਹ ਥਕੀ ਹੋਵੇ ਜਾਂ ਸੁਤੀ ਹੋਵੇ । ਜਿਸ ਨੂੰ ਤਕ ਕੇ ਦਿਤਾ ਤ੍ਰੈ ਜੀ ਨੇ ਤੱਤ ਲਿਆ ਜੋ ਜਾਗਦੇ ਹਨ ਉਹੀ ਸਾਂਈ ਦੀ ਦਾਤ ਲੈ ਸਕਦੇ ਹਨ, ਜੋ ਸੌਂਦੇ ਹਨ ਉਹ ਵਾਂਝੇ ਰਹਿ ਜਾਂਦੇ ਹਨ ।

ਜੋ ਜਾਗਨ ਲਹਨ ਸੋ ਸਾਂਈ ਕੰਨਹੁ ਦਾਤ ॥ [ਬਾਬਾ ਫਰੀਦ ਜੀ ॥

੧੩-ਵਿਸਥਾਰ ਵਧ ਰਿਹਾ ਹੈ, ਇਸ ਲਈ ਅਸਾਂ ਵੀਚਾਰਨਾਂ ਤਾਂ ਇਹ ਹੈ ਕਿ ਜੋ ਤੱਤ ਬੇਤਾ ਲੋਕ ਹੁੰਦੇ ਹਨ, ਉਹ ਨਿਰੇ ਗੁਣਾਂ ਦੇ ਗਾਹਕ ਹੁੰਦੇ ਹਨ, ਉਹ ਨਹੀਂ ਤਕਦੇ, ਕਾਲੀ ਗੋਰੀ ਚਮੜੀ ਜਾਂ ਉੱਚੀ ਨੀਚੀ ਨੁਹਾਰ, ਜੋਗੀ ਰਾਜ ਨੇ ਉਹਨਾਂ ਤੋਂ ਭੀ ਗੁਣ ਲਿਆ ਤੇ ਆਪਣੇ ਮਾਨ ਤੇ ਸਤਿਕਾਰ ਯੋਗ ਗੁਰੂ ਮੰਨਿਆ ਜੋ ਆਪਣੀ ਖੁਰਾਕ ਲਈ ਮੱਛੀ ਚੂਹੇ ਆਦਿ ਦੀ ਤਾੜ ਵਿਚ ਸਨ । ਪਰ ਸਾਨੂੰ ਗੁਰੂ ਨੇ ਇਹੋ ਬੁਧੀ ਦਿਤੀ ਹੈ ਕਿ ਜਿਨ੍ਹਾਂ ਗ੍ਰੰਥਾਂ ਦੀ ਸੇਧ ਲੈਕੇ ਆਦਿ ਕਾਲ ਤੋਂ ਅਜ ਤਕ ਦੁਨੀਆਂ ਚਲਦੀ ਆ ਰਹੀ ਹੈ, ਉਹਨਾਂ ਦੀ ਨਿੰਦਿਆ ਹੀ ਕਰੀਏ । ਜੇਕਰ ਅਜ ਬਿਜਲੀ ਆ ਗਈ ਹੈ ਤਾਂ ਦੀਵੇ ਤੇ ਲੈਂਪ ਭੰਨ ਤੋੜ ਤਾਂ ਨਹੀਂ ਦੇਣੇ ਚਾਹੀਦੇ । ਅਕਸਰ ਉਹਨਾਂ ਦੇ ਨਾਲ ਹੀ ਕਈਆਂ ਜੁਗਾਂ ਤੋਂ ਕੰਮ ਚਲ ਰਿਹਾ ਹੈ । ਅਜ ਭੀ ਕਈ ਵਾਰੀ ਉਹਨਾਂ ਦੀ ਲੋੜ ਪੈਂਦੀ ਹੈ ਜਦ ਕਿ ਉਹਨਾਂ ਬਿਨਾਂ ਨਹੀਂ ਸਰਦਾ, ਪਰ ਅਸੀਂ ਤਾਂ ਆਪਣੇ ਗੁਰਦੇਵ ਦੀ ਰਚੀ ਗੁਰਬਾਣੀ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਜਾਂ ਉਹਨਾਂ ਦੇ ਲਿਖੇ ਇਤਿਹਾਸ ਇਕ ਵਢ ਤੋਂ ਹੀ ਗੋਹੇ ਦੀ ਅੱਗ ਵਿਚ ਫੂਕਣ ਨੂੰ ਤਿਆਰ ਬੈਠੇ ਹਾਂ ਅਤੇ ਇਕ ਭੀ ਗੁਣ ਵਾਲੀ ਗਲ ਸਾਨੂੰ ਉਹਨਾਂ ਵਿਚ ਨਹੀਂ ਦਿਸ ਰਹੀ । ਪਤਾ ਨਹੀਂ ਸਾਡਾ ਕੀ ਹਾਲ ਹੋਵੇਗਾ। ਕਾਂ ਇਕ ਬੜਾ ਸਿਆਣਾ ਜਾਨਵਰ ਹੈ ਪਰ ਗੰਦਗੀ ਹੀ ਫੋਲਦਾ ਰਹਿੰਦਾ ਹੈ, ਉਸ ਨੇ ਕਦੇ ਕਪੂਰ ਦਾ ਲਾਲਸਾ ਨਹੀਂ ਕੀਤੀ; ਹੋ ਸਕਦਾ ਹੈ ਕਿ ਅਸੀਂ ਕਾਂ ਨੂੰ ਹੀ ਗੁਰੂ ਮੰਨਿਆ ਹੋਵੇ ।

੧੪-ਮੇਰੇ ਦਾਤਾ ਜੀ ਦੇ ਜਹਾਨ ਵਾਲੀ ਸ੍ਰੀ ਦਸਮੇਸ਼ ਪਿਤਾ ਜੀ ੪੭੫ ਅੰਕ ਪੰਨਾ ੧੬੭ ਤੋਂ ਚਲ ਕੇ ਆਪਣੇ ਵਲੋਂ ਆਦੇਸ਼ ੪੬੮ ਅੰਕ ਤੱਕ ਸਿਖਿਆ ਦਿੰਦੇ ਹਨ ਕਿ ਉਸ ਇਕ ਦੀ ਪਹਿਚਾਣ ਕਰੋ, ਫੇਰ ਤੁਹਾਡੇ ਗੁਰੂ ਕਰਨੇ ਤੇ ਭੇਖ ਮਤ ਸਭ ਪਵਿਤ੍ਰ ਹਨ, ਪਰ ਜੇ ਇਕ ਦੀ ਪਹਿਚਾਣ ਨਹੀਂ ਹੋਈ ਤਾਂ ਜੋ ਭੀ ਕੁਝ ਤੁਸੀਂ ਕਰਦੇ ਹੋ ਸਭ ਅਪਵਿਤ੍ਰ ਹੈ । ਗੁਰਬਾਣੀ ਦਸਦੀ ਹੈ ।

ਕੋਈ ਪੜੈ ਬੇਦ ਕੋਈ ਕਤੇਬ ॥ ਕੋਈ ਓਢੈ ਨੀਲ ਕੋਈ ਸੁਪੈਦ ॥੩॥
ਕੋਈ ਕਹੈ ਤੁਰਕ ਕੋਈ ਕਹੈ ਹਿੰਦੂ ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੁ॥੪॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥੫॥੯॥
[ਸ: ੮੮੫ ਮਹਲਾ ੫ ॥

ਦੇਖਾ ਦੇਖੀ ਸੰਸਾਰ ਦੀ ਚਾਲ ਹੈ, ਜਿਸ ਅਨੁਸਾਰ ਕੋਈ ਤੀਰਥਾਂ ਤੇ ਜਾਂਦਾ ਹੈ, ਕੋਈ ਮੱਕੇ ਦੇ ਹੱਜ ਨੂੰ ਜਾਂਦਾ ਹੈ, ਕੋਈ ਨੀਲੇ ਚਿਟੇ ਕਪੜਿਆਂ ਤੇ ਹੀ ਵਿਸ਼ਵਾਸ ਰਖਦਾ ਹੈ, ਇਸੇ ਤਰ੍ਹਾਂ ਕੋਈ ਬੇਦ ਪੜ੍ਹਦਾ ਹੈ, ਕੋਈ ਕੁਰਾਨ ਪੜ੍ਹਦਾ ਹੈ । ਇਕ ਕਹਿੰਦਾ ਹੈ ਕਿ ਮੈਂ ਹਿੰਦੂ ਹਾਂ, ਦੂਜਾ ਕਹਿੰਦਾ ਹੈ ਕਿ ਮੈਂ ਮੁਸਲਮਾਨ ਹਾਂ, ਇਕ ਸੁਰਗ ਦੀ ਇੱਛਾ ਰਖਦਾ ਹੈ ਅਤੇ ਦੂਜਾ ਬਹਿਸ਼ਤ ਦੀ, ਪਰ ਗੁਰੂ ਜੀ ਕਹਿੰਦੇ ਹਨ ਕਿ ਜਿਸ ਨੇ ਆਪਣੇ ਮਾਲਕ ਦੇ ਹੁਕਮ ਦੀ ਪਹਿਚਾਣ ਕਰ ਲਈ ਸਮਝੋ ਉਸ ਨੇ ਆਪਣੇ ਮਾਲਕ ਦੇ ਭੇਦ

Digitized by Panjab Digital Library | www.panjabdigilib.org

ਨੂੰ ਲਭ ਲਿਆ ਹੈ । (ਪੜਣਾ ਗੁਣਨਾ ਸੰਸਾਰ ਕੀ ਕਾਰ ਹੈ।) ਇਸੀ ਪੜ੍ਹਨੇ ਨੂੰ ਇਕ ਧੰਧਾ ਹੀ ਬਣਾ ਲਿਆ ਹੋਇਆ ਹੈ, ਅਜ ਵੇਦਾਂ ਦੇ ਵਪਾਰੀ ਇਸ ਚੋਂ ਹੀ ਪੈਸਾ ਕਮਾ ਰਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੋ ਸਾਡਾ ਮੁਕਤਿ ਦਾਤਾ ਹੈ, ਇਸ ਨੂੰ ਭੀ ਅਸੀਂ ਮਾਇਕ ਵਪਾਰ ਸਮਝ ਬੈਠੇ ਹਾਂ, ਕੋਈ ਹੀ ਹੈ ਜੋ ਪੜ੍ਹ ਕੇ ਵਿਚਾਰਦਾ ਹੈ। ਜੇ ਵਿਚਾਰਿਆ ਜਾਵੇ ਤਾਂ ਫੇਰ ਸ਼ਾਨੂੰ ਕੁਝ ਭੀ ਮੰਗਣ ਦੀ ਲੋੜ ਨਹੀਂ, ਕਿਉਂਕਿ ਉਹ ਤਾਂ (**ਬਿਨ ਬੋਲਿਆ ਸਭ ਕੁਝ ਜਾਣਦਾ**) ਅਸੀਂ ਜਤਾਉਣ ਲਈ ਸਭ ਕੁਝ ਬੋਲਦੇ ਹਾਂ । ਬੇਦਾਂ ਨੇ ਭੀ ਇਕ ਦੀ ਪਛਾਣ ਤੇ ਜ਼ੋਰ ਦਿਤਾ ਹੈ। ਕੁਰਾਨ ਬਾਰੇ ਭੀ ਕਿਹਾ ਜਾਂਦਾ ਹੈ (ਅੱਲਾ ਬਹੁਤ ਬੜਾ ਹੈ ਕੁਰਾਨ ਮੇਂ ਲਿਖਾ ਹੈ)। ਸ੍ਰੀ ਗੁਰੂ ਗ੍ਰੰਥ ਸਾਹਿਬ ਆਰੰਭ ਹੀ ੧ਓ ਤੋਂ ਹੁੰਦਾ ਹੈ ਅਤੇ ਅੰਤ ਤਕ ਇਹੋ ਫਲਸਫਾ ਚਲਾ ਜਾਂਦਾ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਰਿ ਥਾਂ ਸੌ ਫੇਰ ਪਾ ਕੇ ਅੰਤ ਇਕੋ ਅਕਾਲ ਤੇ ਅਕਾਲੀ ਜੋਤਿ ਪਰ ਜ਼ੋਰ ਦਿਤਾ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਜੀ ਦੋਹਾਂ ਦਾ ਮਸਾਵੀ ਵਿਸ਼ਾ ਹੈ। ਲੋੜ ਭੇਦ ਬੁਝਣ ਦੀ ਹੈ । ਪੜ੍ਹੋ ਦਸਮੇਸ਼ ਕੀ ਕਹਿੰਦੇ ਹਨ–

ਬਿਨ ਏਕ ਨਾਹਿਨ ਸਾਂਤਿ ॥ ਸਭ ਤੀਰਥ ਕਿਯੂਨ ਅਨਾਤ ॥
ਜਬ ਸੇਵ ਹੋਇ ਕਿ ਨਾਮ ॥ ਤਬ ਹੋਇ ਪੂਰਨ ਕਾਮ ॥੪੭੮ ॥
ਬਿਨ ਏਕ ਚੋਬਿਸ ਫੋਕ ॥ ਸਬ ਹੀ ਧਰਾ ਸਭ ਲੋਕ ॥
ਜਿਨ ਏਕ ਕਉ ਪਹਿਚਾਨ ॥ ਤਿਨ ਛਉਬਿਸੋ ਰਸਿ ਮਾਨ ॥੪੭੯॥

੧੫-ਗੁਰੂ ਜੀ ਦਸਦੇ ਹਨ, ਬਿਨਾਂ ਇਕ ਅਕਾਲ ਪੁਰਖ ਦੀ ਟੇਕ ਤੋਂ ਕਦੇ ਸ਼ਾਂਤਿ ਨਹੀਂ ਮਿਲਦੀ । ਜਿਸ ਤੋਂ ਬਿਨਾਂ ਸਭ ਤੀਰਥ ਕਰਨੇ ਵਿਅਰਥ ਹਨ, ਜਦੋਂ ਇਕ ਨਾਮ ਤੇ ਭਰੋਸਾ ਕਰ ਲਉਗੇ ਤਾਂ ਸਾਰੇ ਕੰਮ ਪੂਰਨ ਹੋਣਗੇ । ਜੇ ਇਕ ਨੂੰ ਨਹੀਂ ਜਾਣਿਆਂ ਤਾਂ ਚੌਵੀ ਗੁਰੂ ਕਰਨੇ ਫੋਕ (ਛਿਲਕਾ) ਹੀ ਹੈ ਕਿਆ ਦੀਨ, ਕਿਆ ਦੁਨੀਆਂ । ਜਿਸ ਨੇ ਇਕ ਦੀ ਪਹਿਚਾਣ ਕਰ ਲਈ ਭਾਵ ਇਕ ਦੇ (ਭੇਦ) ਨੂੰ ਲਭ ਲਿਆ, ਉਸ ਨੂੰ ਸਮਝੋ ਚੌਵੀ ਹੀ ਗੁਰੂ ਧਾਰਨ ਦਾ ਸਵਾਦ ਆ ਗਿਆ ਹੈ।

ਏਕਹਿ ਜਉ ਮਨ ਆਨਾ ॥ ਦੂਸਰ ਭਾਵ ਨ ਜਾਨਾ ॥ ਪੰ: ੬੬੭ ॥

ਚੌਵੀ ਗੁਰੂ ਧਾਰਨ ਕਰਨ ਉਪ੍ਰੰਤ ਰਿਖੀ ਰਾਜ ਜੀ ਆਪਣੇ ਚੇਲਿਆਂ ਸਮੇਤ ਪਹਾੜਾਂ ਪਰ ਜਾ ਕੇ, ਦਸ ਲਖ ਵੀਹ ਹਜ਼ਾਰ ਬਰਸ ਘੋਰ ਤਪ੍ਸਿਆ ਕੀਤੀ ਤੇ ਅਕਾਲ ਪੁਰਖ ਦਾ ਧਿਆਨ ਕੀਤਾ ਅਤੇ ਦੇਸ ਦਿਸਾਂਤ੍ਰਾਂ ਵਿਚ ਭਗਵੇ ਕਪੜੇ ਤੇ ਜਟਾਧਾਰੀ ਸੰਨਿਆਸੀ ਪੈਦਾ ਕੀਤੇ । ਆਪਣਾ ਅੰਤ ਸਮਾਂ ਜੋਗ ਬਲ ਨਾਲ ਜਾਣ ਕੇ ਆਪਣੀ ਜੋਤ ਜੋਤੀ ਨਾਲ ਜਾ ਮਿਲਾਈ। ਗੁਰੂ ਜੀ ਦੱਸਦੇ ਹਨ ਕਿ ਦਿਤਾ ਤ੍ਰੈ ਨੇ ਇਕ ਅਕਾਲ ਦੀ ਭਗਤੀ ਕਰਕੇ ਕਿੱਡਾ ਉੱਚਾ ਮਰਾਤਬਾ ਪਾਇਆ ਕਿ ਸਾਰੇ ਸੰਸਾਰ ਨੂੰ ਅਤੇ ਰਾਜੇ ਮਹਾਰਾਜਿਆਂ ਦੇ ਮਨਾਂ ਨੂੰ ਜਿੱਤ ਕੇ ਸਭ ਦੇ ਦਿਲ ਤੇ ਰਾਜ ਕੀਤਾ । ਪਰ ਜੇਕਰ ਇਕ ਅਕਾਲ ਪੁਰਖ ਦੀ ਜਾਣ ਪਛਾਣ ਨਹੀਂ ਕੀਤੀ ਇਹੋ ਜਿਹੇ ਅਨੇਕਾਂ ਪਦਾਰਥਾਂ ਦੇ ਮਾਲਕ ਕਿਸੇ ਕੰਮ ਨਹੀਂ ।

ਚੰਦ੍ ਮੁਖੀ ਬਨਿਤਾ ਬਹੁਤੇ ਘਰਿ ਮਾਲ ਭਰੇ ਨਹੀਂ ਜਾਤ ਸੰਭਾਰੈ ॥
ਨਾਮ ਬਹੀਨ ਅਧੀਨ ਭਏ ਜਮ ਅੰਤਿ ਕੌ ਨਾਂਗੇ ਹੀ ਪਾਇ ਸਿਧਾਰੇ ॥੪੯੧॥ਸ: ੬੬੮ ॥

ਆਪ ਦੱਸਦੇ ਹਨ ਕਿ ਜਿਨ੍ਹਾਂ ਦੇ ਘਰ ਵਿਚ ਚੰਦ੍ਰਮਾਂ ਜਿਹੇ ਮੁੰਹ ਵਾਲੀਆਂ ਬੇਅੰਤ ਇਸਤ੍ਰੀਆਂ ਹਨ ਜਾਂ ਬੇਅੰਤ ਘਰਾਂ ਵਿਚ ਹਨ ਅਤੇ ਮਾਲ ਪਦਾਰਥ ਨਾਲ ਘਰ ਭਰੇ ਪਏ ਹਨ ਜੋ ਸਾਂਭੇ ਭੀ ਨਹੀਂ ਜਾਂਦੇ ।

Digitized by Panjab Digital Library | www.panjabdigilib.org

ਪਰ ਇਕ ਨਾਮ ਤੋਂ ਖਾਲੀ ਹੋਣ ਕਰਕੇ ਅੰਤ ਜਮਾਂ ਦੇ ਵਸ ਪੈ ਗਏ ਅਤੇ ਨੰਗੇ ਪੈਰੀਂ ਤੇ ਸਿਰ ਏਸ ਜਹਾਨ ਤੋਂ ਕੂਚ ਕਰ ਗਏ।

ਕਾਹੇ ਕਉ ਬਸਤ੍ਰ ਧਰੋ ਭਗਵੇ ਮੁਨ ਤੇ ਸਭ ਪਾਵਕ ਬੀਚ ਜਲੈ ਗੀ ॥
ਕਯੋਂ ਇਮ ਰੀਤ ਚਲਾਵਤ ਹੋ ਦਿਨ ਦੁਇ ਚਲੈ ਸਭਦਾਨ ਚਲੈਗੀ ॥
ਕਾਲ ਕਰਾਲ ਕੀ ਰੀਤ ਮਹਾਂ ਇਹ ਕਾਹੂ ਜੁਗੇਸ ਛਲੀ ਨ ਛਲੈਗੀ ॥
ਸੁੰਦਰਿ ਦੇਹਿ ਤੁਮਾਰੀ ਮਹਾਮੁਨਿ ਅੰਤਿ ਮਸਾਨ ਹੈ ਧੂਰ ਰਲੈਗੀ ॥੪੯੪॥ ਸ: ੬੬੯ ॥

ਭਾਵ–ਓ ਭਾਈ ਸੰਤੋ ਕਾਹਦੇ ਲਈ ਭਗਵੇਂ ਬਸਤ੍ਰ ਧਾਰਦੇ ਹੋ, ਇਹ ਤਾਂ ਸਭ ਹੀ ਅੱਗ ਵਿਚ ਸਾੜੇ ਜਾਣੇ ਹਨ, ਫੇਰ ਕਾਹਦੇ ਲਈ ਇਹ ਰੀਤਾਂ ਤੋਰਦੇ ਹੋ ਦੋ ਦਿਨ ਭਾਵੇਂ ਚਲਾ ਲਓ, ਇਹ ਰੀਤ ਸਦਾ ਨਹੀਂ ਚਲਣੀ। ਕਾਲ ਬਲੀ ਦੀ ਜੋ ਰੀਤ ਹੈ ਉਹ ਬੜੀ ਕਰੜੀ ਹੈ ਜੋ ਕਿਸੇ ਤੋਂ ਰੋਕੀ ਨਹੀਂ ਜਾ ਸਕਦੀ, ਐ ਮੁਨੀਆਂ ਵਿਚੋਂ ਸ੍ਰੇਸ਼ਟ ਮੁਨੀ ਜਨੋਂ ਇਹ ਤੁਹਾਡੀ ਬੜੀ ਸੋਹਣੀ ਦੇਹ ਅੰਤ ਸਿਵੇ ਦੀ ਸੁਆਹ ਹੋਕੇ ਮਿੱਟੀ ਵਿਚ ਮਿਲ ਜਾਣੀ ਹੈ।

ਅਤ੍ਰ ਪ੍ਰਾਸਰ ਨਾਰਦ ਸਾਰਦ ਬਿਆਸ ਤੇ ਆਦਿ ਜਿਤੇ ਮੁਨ ਭਾਇ ॥
ਗਾਲਬ ਆਦਿ ਅਨੰਤ ਮੁਨੀਸ੍ਵਰ ਬ੍ਰਹਮ ਹੂੰ ਤੇ ਨਹੀ ਜਾਤ ਗਨਾਇ ॥
ਅਗਸਤ ਪੁਲਸਤ ਬਸ਼ਿਸ਼ਟ ਤੇ ਆਦਿ ਨ ਜਾਨ ਪਰੇ ਕਿਹੁ ਦੇਸ ਸਿਧਾਇ ॥
ਮੰਤ੍ਰ ਚਲਾਇ ਬਨਾਇ ਮਹਾਂ ਮਤਿ ਫੇਰ ਮਿਲੇ ਪਰ ਫੇਰ ਨ ਆਇ ॥੪੯੭॥ਸ: ੬੬੯ ॥

ਗੁਰੂ ਜੀ ਕੁਝ ਰਿਸ਼ੀਆਂ ਦੇ ਨਾਮ ਦਸਕੇ ਕਹਿੰਦੇ ਹਨ ਕਿ ਜਿਹੜੇ ਸਾਰੇ ਹੋ ਚੁਕੇ ਨੇ ਉਹ ਤਾਂ ਬ੍ਰਹਮਾ ਜੀ ਤੋਂ ਨਹੀਂ ਗਿਣੇ ਜਾ ਸਕਦੇ । ਪਰ ਫੇਰ ਉਹਨਾਂ ਦਾ ਅਜ ਕੋਈ ਪਤਾ ਨਹੀਂ ਚਲਦਾ ਕਿ ਕਿਸ ਮੁਲਕ ਵਿਚ ਚਲੇ ਗਏ ਹਨ। ਆਪੋ ਆਪਣਾ ਮੰਤ੍ਰ ਬਣਾ ਕੇ ਅਤੇ ਬੜੇ ਬੜੇ ਮਤ ਚਲਾ ਕੇ ਮੁੜ ਕੇ ਕਿਸੇ ਨੂੰ ਨਹੀਂ ਮਿਲੇ, ਨਾ ਹੀ ਕਿਸੇ ਨੇ ਫੇਰਾ ਮਾਰਿਆ ਨਾ ਹੀ ਮੁੜ ਕੇ ਕੋਈ ਆਇਆ। ਮੈਂ ਤਾਂ ਏਥੇ ਚੰਦ ਲਾਈਨਾਂ ਪਾਠਕਾਂ ਦੇ ਅਗੇ ਰਖੀਆਂ ਹਨ, ਪੂਰਾ ਅਨੰਦ ਤਾਂ ਪੂਰਾ ਪਾਠ ਪੜ੍ਹਨ ਨਾਲ ਹੀ ਮਿਲ ਸਕਦਾ ਹੈ।

੧੫ ॥ ੭ ॥ ੨ ॥ ੧੭ ॥ ੩੨ ॥ ੧੩੯ ॥

Digitized by Panjab Digital Library | www.panjabdigilib.org

੧ ਓ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾ: ੭ ॥ ਅਧਯਾ: ੨ ॥ ਅਲੋਚਨਾਤਮਕ ॥ ਪ੍ਰਕਰਣ ਨੰ: ੧੭ ॥ ੩੨ ॥ ੧੩੯ ॥

ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੇ ਨਿਰਣੇ ਦਾ ਨਿਰਣਾ ॥

ਸ਼ਿਵਜੀ ਦੇ ਅਵਤਾਰ

ਪਾਰਸ ਨਾਥ

੧-ਪਹਿਲਾ ਰੁਖ ਗੁਰੂ ਜੀ ਨੇ ਸ਼ਿਵਜੀ ਦੇ ੧ ਅਵਤਾਰ ਦਿਤਾ ਤ੍ਰੈ ਜੋ ਮਹਾਨ ਸੰਤ, ਜਤੀ ਤਪੀ ਤੇ ਜਪੀ ਸੰਨਿਆਸ ਦੇ ਮੋਢੀ ਦਾ ਦਿਖਾਇਆ ਹੈ। ਪਰ ਸੰਸਾਰ ਦੀ ਚਾਲ ਤੁਰੀ ਆ ਰਹੀ ਹੈ। ਇਕ ਦੂਜੇ ਨੂੰ ਨਾ ਹੀ ਪਸੰਦ ਕਰਦਾ ਹੈ ਨਾ ਖਾਤੂ ਵਿਚ ਲਿਆਉਂਦਾ ਹੈ, ਹਰ ਕੋਈ ਆਪ ਨੂੰ ਪੂਰਾ ਤੇ ਦੂਜੇ ਨੂੰ ਅਧੂਰਾ ਕਹਿ ਕੇ ਉਸ ਨੂੰ ਪਛਾੜਕੇ ਅਗੇ ਨਿਕਲਣਾ ਚਾਹੁੰਦਾ ਹੈ। ਆਪਣੇ ਚਲਾਇ ਮੱਤ ਵਿਚ ਰੱਬ ਨੂੰ ਕੀਲਦਾ ਹੈ। ਜਿਵੇਂ ਕੁਝ ਕੁ ਮਤਾਂ ਦਾ ਵਰਣਨ ਅਗੇ ਅਸੀਂ ਪੰਜਵੇਂ ਭਾਗ ਹਿੰਦੂ ਸਿੱਖ ਦੇ ਫੇਰ ਵਿਚ ਕਰ ਚੁਕੇ ਹਾਂ, ਇਸ ਲਈ ਉਸ ਨੂੰ ਪੜ੍ਹਕੇ ਜਾਣਕਾਰੀ ਹੋ ਸਕਦੀ ਹੈ, ਪਰ ਅਸੀਂ ਸ਼ਾਮ੍ਤਖ ਭੀ ਸੰਸਾਰ ਵਿਚ ਵਰਤਦਾ ਤੱਕ ਰਹੇ ਹਾਂ। ਇਸੇ ਤਰ੍ਹਾਂ ਸ੍ਰੀ ਦਸਮੇਸ਼ ਜੀ ਉਹਨਾਂ ਪ੍ਰਬਲ ਹਸਤੀਆਂ ਜੋ ਪਹਿਲੇ ਜੁਗਾਂ ਵਿਚ ਹੋ ਚੁਕੀਆਂ ਹਨ, ਉਹਨਾਂ ਨਾਲ ਸਾਡੀ ਜਾਣ ਪਛਾਣ ਕਰਾ ਕੇ ਉਸ ਦੇ ਨਤੀਜੇ ਤੋਂ ਜਾਣੂੰ ਕਰਾਉਂਦੇ ਹਨ ਤਾਂ ਕਿ ਅਸੀਂ ਆਪਣੇ ਬਚਾ ਲਈ ਕੁਝ ਸੋਚ ਸਮਝ ਸਕੀਏ।

ਦਿਤਾ ਤ੍ਰੈ ਤੋਂ ਬਾਅਦ ਹੀ ਪਾਰਸ ਨਾਥ ਸ਼ਿਵਜੀ ਦਾ ਦੂਸਰਾ ਅਵਤਾਰ ੧ ਲਖ ਦਸ ਹਜ਼ਾਰ ਬਰਸ ਪਿਛੋਂ ਹੋਇਆ ਸੀ। ਜੋ ਸੂਰਜ ਵਾਂਗ਼ ਤੇਜ੍ਵੀ ਚੰਦ੍ਰਮਾਂ ਵਾਂਗ ਸੁੰਦਰ ਅਤੇ ਵਿਦਿਆ ਧਰ ਜੋ ਸਾਰੇ ਹੀ ਗੁਣਾਂ ਵਿਚ ਪੂਰਨ ਸੀ। ਪੰ: ੬੬੯ ਅੰਕ ੧ ਤੋਂ ਅਰੰਭ ਕਰਕੇ ਸ੍ਰੀ ਦਸਮੇਸ਼ ਜੀ ਨੇ ਪੰ: ੭੨ ਤੇ ਅੰਕ ੨੮ ਤਕ ਉਸਦੀਆਂ ਖੂਬੀਆਂ ਹੀ ਲਿਖੀਆਂ ਹਨ। ਸਾਰੇ ਜਗਤ ਵਿਚ ਉਸ ਦੇ ਰੂਪ ਦੀ ਵਿਦਿਆ ਦੀ ਅਥਵਾ ਪ੍ਰਭਾਉ ਦੀ ਧਾਂਕ ਮਚ ਗਈ ਸੀ। ਆਪਣੇ ਜੋਬਨ ਪਰ ਆ ਕੇ ਉਸ ਨੇ ਯੱਗ ਰਚਿਆ ਜਿਸ ਵਿਚ ਦੇਸ ਦੇਸਾਂਤ੍ਰਾਂ ਦੇ ਰਾਜੇ ਮਹਾਰਾਜੇ ਅਵਧੂਤ, ਸਾਧੂ ਜੋਗੀ ਬ੍ਰਾਹਮਣ ਬੁਲਾਏ ਗਏ ਅਤੇ ਬੇਦਾਂ ਤੇ ਸਾਸ਼ਤ੍ਰਾਂ ਦੇ ਪਾਠ ਕਰਾਏ ਗਏ, ਅਨੇਕ ਪ੍ਰਕਾਰ ਦੇ ਲੰਗਰ ਤੇ ਸਿਰੋਪਾਓ ਅਥਵਾ ਮਾਣ ਪਤ੍ ਬਹੁਤ ਕੁਝ ਦਾਨ ਕੀਤਾ ਸੀ, ਉਪ੍ਰੰਤ ਜੰਗ ਕਰਕੇ ਬੇਅੰਤ ਰਾਜੇ ਅਧੀਨ ਕਰ ਲਏ, ਬਹੁਤ ਸਾਰੀਆਂ ਜਿੱਤਾਂ ਜਿੱਤਣ ਉਪ੍ਰੰਤ ਚੰਡੀ ਦੀ ਪੂਜਾ ਕਰੀ ਤੇ ਅਨੇਕ ਨਾਵਾਂ ਨਾਲ ਦੇਵੀ ਅਸਤੋਤ੍ ਸ੍ਰੀ ਦਸਮੇਸ਼ ਜੀ ਨੇ ਲਿਖਿਆ ਹੈ ਜੋ ੭੪ ਅੰਕ ਤਕ ਸਫਾ ੬੭੫ ਤਕ ਚਲਦਾ ਹੈ, ਅਗੇ ਬਿਸ਼ਨ ਪਦੇ ਆ ਜਾਂਦੇ ਹਨ, ਆਮ ਲੋਕ ਇਥੋਂ ਭੀ ਦੇਵੀ ਉਸਤਤਿ ਦੇ ਭਰਮ ਤੋਂ ਨਹੀਂ ਬਚਦੇ, ਪਰ ਗਹੁ ਨਾਲ ਪੜ੍ਹਿਆਂ ਪਤਾ ਲਗਦਾ ਹੈ ਕਿ ਜਿਸ ਜੋਤ ਨੇ ਪਹਿਲਾਂ ਅਨੇਕਾਂ ਦੈਂਤਾਂ ਦਾ ਨਾਸ ਕੀਤਾ ਅਤੇ ਜੋ ਸਾਰੇ ਜਗਤ ਦੀ ਕਰਤਾ ਹੈ, ਇਹ ਅਸਤੋਤ੍ ਉਸੇ ਦਾ ਹੀ ਹੈ ਜੋ ਪਾਰਸ ਨਾਥ ਨੇ ਕਿਹਾ ਸੀ ਤੇ ਸਤਿਗੁਰਾਂ ਨੇ ਏਥੇ ਅੰਕਤ ਕੀਤਾ ਹੈ।

ਸ੍ਵੈਯਾ ॥ ਤ੍ਵ ਪ੍ਰਸਾਦਿ ਕਥਤਾ ॥

ਸੋਭਤ ਪਾਨ ਕ੍ਰਿਪਾਨ ਉਜਾਰੀ ॥ ਜਾਤਨ ਇੰਦ੍ ਕੋਟਿ ਕਈ ਖੰਡੇ ਬਿਸਨ ਕ੍ਰੋਰ ਤ੍ਰਿਪੁਰਾਰੀ ॥ ਜਾਰਹੁ ਰਾਮੁ ਉਚਰ ਮੁਨਜਨ ਸਬ ਸੇਵਤ ਧਿਆਨ ਲਗਾਏ ॥ ਤਸ ਤੁਮ ਰਾਮ ਕ੍ਰਿਸ਼ਨ ਕਈ ਕੋਟਕ ਬਾਰ ਉਪਾਇ ਮਿਟਾਏ ॥੬॥੮੦॥

Digitized by Panjab Digital Library | www.panjabdigilib.org

ਜਿਸ ਦੇ ਹਥ ਵਿਚ ਕਾਲ ਰੂਪੀ ਕ੍ਰਿਪਾਨ ਚਮਕ ਰਹੀ ਹੈ। ਜਿਸ ਨੇ ਕ੍ਰੋੜਾਂ ਇੰਦ੍ਰਾਂ ਦਾ ਨਾਸ ਕੀਤਾ ਅਤੇ ਕ੍ਰੋੜਾਂ ਬਿਸ਼ਨ ਜਿਸ ਦਾ ਰਾਮ ਚੰਦ੍ ਭੀ ਜਾਪ ਜਪਦਾ ਸੀ ਅਤੇ ਹੋਰ ਭੀ ਸਾਰੇ ਰਿਸ਼ੀ ਮੁਨੀ ਭਗਤ ਜਨ ਧਿਆਨ ਲਾਉਂਦੇ ਹਨ। ਜਿਸ ਨੇ ਰਾਮ ਕ੍ਰਿਸ਼ਨ ਕਈ ਵਾਰ ਉਪਾਏ ਤੇ ਖਪਾਏ।

ਨਰ ਹਰਿ ਜਾਨ ਕਾਹਿ ਨ ਲੇਤ ॥ ਤੈ ਭਰੋਸ ਪਰਜੋ ਪਸੁ ਜਿਹ ਮੋਹਿ ਬੱਧਿ ਅਚੇਤ ॥
ਰਾਮ ਕ੍ਰਿਸਨ ਰਸੂਲ ਕੋ ਉਠਿ ਲੇਤ ਨਿਤਪ੍ਰਤ ਨਾਉ ॥
ਕਹਾ ਵੈ ਅਬ ਜੀਅਤ ਜਗ ਮੈ ਕਹਾ ਤਿਨ ਕੋ ਗਾਉ ॥੧੦॥੮੪॥

ਸੋਰਠਾ ॥
ਤਾਸ ਕਿਉ ਨ ਪਛਾਨਹੀ ਜੋ ਹੋਹਿ ਹੈ ਅਬ ਹੈ ॥
ਨਿਹਫਲ ਕਾਹੇ ਭਜਤ ਪਾਹਨ ਤੋਹਿ ਕਛੁ ਫਲ ਦੈ ॥
ਤਾਸ ਸੇਵਹੁ ਜਾਸ ਸੇਵਤਿ ਹੋਹਿ ਪੂਰਨ ਕਾਮ ॥
ਹੋਹਿ ਮਨਸਾ ਸਕਲ ਪੂਰਨ ਲੈਤ ਜਾਕੋ ਨਾਮ ॥੧੧॥੮੫॥

ਭਾਵ–ਹੇ ਜੀਵ ! ਉਸ ਨਰਾਂ ਨੂੰ ਹਰਿਆ ਕਰਨ ਵਾਲੇ ਨੂੰ ਕਿਉਂ ਨਹੀਂ ਜਾਣਦਾ, ਐ ਪਸ਼ੂ (ਮੂਰਖ) ਤੈਨੂੰ ਭਰੋਸਾ ਹੋ ਗਿਆ ਹੈ ਕਿ ਇਹ ਜੜ੍ ਤੈਨੂੰ ਕੁਛ ਦੇਵੇਗਾ, ਜਿਨ੍ਹਾਂ ਰਾਮ ਚੰਦ੍ ਜਾਂ ਰਸੂਲ ਦੀਆਂ ਮੂਰਤਾਂ ਨੂੰ ਤੱਕ ਕੇ ਨਿਤ ਉਠ ਕੇ ਨਾਮ ਜਪਦਾ ਹੈਂ, ਉਹ ਹੈਨ ਕਿੱਥੇ, ਕੀ ਅਜ ਜਿਉਂਦੇ ਹਨ, ਉਹ ਜਗਤ ਵਿਚ ਜਾਂ ਜਿਥੇ ਉਹ ਗਏ ਹਨ, ਉਸ ਗ੍ਰਾਉਂ ਦਾ ਕੀ ਨਾਮ ਹੈ। ਉਸ ਨੂੰ ਕਿਉਂ ਨਹੀਂ ਪਛ ਣਦ, ਜੋ ਅਗਾਂਹ ਨੂੰ ਹੋਵੇਗਾ ਅਤੇ ਇਸ ਵੇਲੇ ਹੈ ਤੇ ਪਹਿਲਾਂ ਸੀ। ਐਵੇਂ ਬੇਅਰਥ ਕਿਉਂ ਪੱਥਰਾਂ ਨੂੰ ਪੂਜ ਰਿਹਾ ਹੈਂ। ਕੀ ਇਹ ਤੈਨੂੰ ਕੁਛ ਫਲ ਦੇਣਗੇ, ਕਿਉਂ ਬਿਨਾਂ ਭਾਵ ਭਜਦਾ ਫਿਰਦਾ ਹੈਂ। ਇਸ ਲਈ ਉਸ ਨੂੰ ਸੇਵੋ ਜਿਸ ਦੇ ਸਿਮਰਨ ਕਰਨ ਨਾਲ ਸਭੇ ਕਾਜ ਪੂਰਨ ਹੋ ਜਾਣ ਅਤੇ ਤੇਰੀਆਂ ਸਭ ਭਾਵਨਾਵਾਂ ਜਿਸ ਦਾ ਨਾਮ ਲੈਣ ਨਾਲ ਪੂਰੀਆਂ ਹੋ ਜਾਣ।

੨–ਜਦੋਂ ਇਸ ਤਰ੍ਹਾਂ ਨਾਲ ਪਾਰਸ ਨਾਥ ਨੇ ਆਦਿ ਭਵਾਨੀ ਦੀ ਪੂਜਾ ਸੇਵਾ ਅਰਾਧਨਾ ਕੀਤੀ ਤਾਂ ਪ੍ਰਸੰਨ ਹੋ ਕੇ ਦੇਵੀ ਸ਼ਕਤੀ ਪ੍ਰਗਟ ਹੋ ਗਈ। ਉਸ ਵੇਲੇ ਬੜੇ ਡਰਾਉਣੇ ਸ਼ਬਦ ਹੋਏ। ਜਿਵੇਂ ਕਈ ਵਾਰੀ ਕੋਈ ਸ਼ਖਸ ਆਪਣੀ ਲਗਨ ਨਾਲ ਜਦੋਂ ਕਿਸੇ ਦੇਵਤਾ ਜਾਂ ਜਿੰਨ ਭੂਤ ਅਥਵਾ ਕਿਸੇ ਸ਼ਕਤੀ ਨੂੰ ਮੰਤ੍ਰਾਂ ਰਾਹੀਂ ਪ੍ਰਗਟ ਕਰਦਾ ਹੈ ਤਾਂ ਉਸ ਵੇਲੇ ਕਈ ਤਰ੍ਹਾਂ ਦੇ ਭਿਆਨਕ ਦ੍ਰਿਸ਼ ਦਿਖਾਈ ਦਿੰਦੇ ਹਨ। ਸਰਪ ਫਿਰਦੇ ਦਿਸਦੇ ਹਨ ਜਾਂ ਸ਼ੇਰ ਬੁਕਦੇ ਸੁਣੀਂਦੇ ਨੇ, ਇਸੇ ਤਰ੍ਹਾਂ ਜਦੋਂ ਪਾਰਸ ਨਾਥ ਨੇ ਦੇਵ ਕਾਲਕਾ ਦਾ ਉਗਰ ਤਪ ਕੀਤਾ ਤਾਂ ਡਰਾਉਣੇ ਸ਼ਬਦ ਤੇ ਡਰਾਉਣੀਆਂ ਸ਼ਕਲਾਂ ਦਿਖਾਈ ਦਿਤੀਆਂ, ਜਿਨ੍ਹਾਂ ਦਾ ਅਲੰਕਾਰ ਸ੍ਰੀ ਦਸਮੇਸ਼ ਜੀ ਨੇ ਇਉਂ ਚਿਤ੍ਰਿਆ ਹੈ। ਜੋ ਪਹਿਲਾ ਪਦਾ ਤੁਸੀਂ ਦੇਵੀ ਰੂਪ ਵਿਚ ਪੜ੍ਹਿਆ ਹੈ, ਉਸ ਨੂੰ ਦੇਵ ਰੂਪ ਵਿਚ ਅਗੇ ਲਿਖਿਆ ਹੈ :–

ਬਿਸਨ ਪਦਾ ॥ ਰਾਮਕਲੀ ॥ ਤ੍ਵ ਪ੍ਰਸਾਦਿ ॥
ਇਹ ਬਿਧ ਕੀਨੀ ਜਬੈ ਬਡਾਈ ॥
ਰੀਝੇ ਦੇਵ ਦਿਆਲ ਤਿੱਹ ਊਪਰ ਪੂਰਣ ਪੁਰਖ ਸਦਾਈ ॥
ਆਪਨਿ ਮਿਲੇ ਦੇਵ ਦਰਸਨਿ ਭਯੋ ਸਿੰਘ ਕਰੀ ਅਸਵਾਰੀ ॥
ਲੀਨੇ ਛੱਤ੍ ਲੰਕਰਾ ਕੂਦਤ ਨਾਚਤ ਗਣ ਦੈਤਾਈ ॥੧੨॥੮੬॥

Digitized by Panjab Digital Library | www.panjabdigilib.org

ਰਾਮਕਲੀ ॥ ਝਮਕਤ ਅਸਤ੍ਰ ਸਸੱਤ੍ਰਨਿ ਕੀ ਬਾਜਤ ਡਉਰ ਅਪਾਰ ॥
ਨਿਰਤਤ ਪ੍ਰੇਤ ਨਾਨਾ ਬਿਧ ਡਹਕਤ ਫਿਰਤ ਬੈਤਾਰ ॥
ਕੁਹਕਤਿ ਕਾਕਨੀ ਕੁਹਰਤ ਡਹਰਤ ਕਠਨ ਮਸਾਨ ॥
ਘਹਰਤਿ ਗਗਨਿ ਸਘਨ ਰਿਖ ਦਹਲਤ ਬਿਡਰਤ ਬਜੋਮ ਬਿਵਾਨ॥੧੩॥੮੭॥

ਆਉ ਪਾਠਕ ਜਨੋ ਪਹਿਲਾਂ ਇਹਦਾ ਅਰਥ ਕਰ ਲਈਏ, ਸਭ ਤੋਂ ਪਹਿਲੇ ਗੁਰੂ ਜੀ (ਤ੍ਵ ਪ੍ਰਸਾਦਿ) ਲਿਖ ਕੇ ਅਕਾਲ ਪੁਰਖ ਦੀ ਕ੍ਰਿਪਾ ਮੰਗਦੇ ਹਨ । ਫੇਰ ਲਿਖਦੇ ਹਨ ਕਿ ਜਦੋਂ ਪਾਰਸ ਨਾਥ ਨੇ ਇਉਂ ਤਪਸਿਆ ਤੇ ਉਸਤਤਿ ਵਡਿਆਈ ਕੀਤੀ ਤਾਂ (ਦੇਵ ਦਿਆਲ) ਦਿਆਲੂ ਅਕਾਲ ਪੁਰਖ ਜੀ ਉਸ ਪਰ ਪ੍ਰਸੰਨ ਹੋ ਗਏ। ਕੌਣ ਪੂਰਨ ਪੁਰਖ, ਉਸ ਤੇ ਸ਼ੁਦਾਈ ਹੋ ਗਏ (ਰੀਝ ਗਏ), ਆਪ ਨਹੀਂ ਮਿਲੇ ਸਗੋਂ ਉਨ੍ਹਾਂ ਨੇ ਆਪਣੀ ਮਾਇਆ ਕੁਦਰਤ ਰਾਣੀ ਨੂੰ ਦਰਸ਼ਨਾਂ ਲਈ ਭੇਜ ਦਿਤਾ। ਜੋ ਸ਼ੇਰ ਪਰ ਸਵਾਰ ਦਿਸਦੀ ਸੀ। ਜਿਸ ਵੇਲੇ ਆਦਿ ਸ਼ਕਤਿ ਆ ਕੇ ਪ੍ਰਗਟ ਹੁੰਦੀ ਹੈ, ਉਸ ਤੋਂ ਪਹਿਲੇ ਉਸਦੇ ਆਗਮਨ ਵਿਚ ਪਾਰਸ ਨਾਥ ਨੂੰ ਕੀ ਕੀ ਦਿਸਿਆ । ਜਿਵੇਂ ਕਿ ਸਿਰ ਪਰ ਛੱਤ੍ਰ ਲੈ ਕੇ ਕੋਈ ਹਨੂੰਮਾਨ ਜਾਂ ਬਾਂਦਰ ਕੁਦਦਾ ਹੈ ਅਤੇ ਦੈਂਤਾਂ ਦਾ ਟੋਲਾ ਨਾਚ ਕਰਦਾ ਧਮਾਲ ਪਾਉਂਦਾ ਹੈ, ਅਰ ਚਾਰੇ ਪਾਸੇ ਅਸਤ੍ਰ ਸਸਤ੍ਰ ਦਿਖਾਈ ਦਿੰਦੇ ਹਨ। ਬਹੁਤ ਸਾਰੇ ਡਉਰੂ ਵਜਦੇ ਹਨ। ਕਈ ਤਰ੍ਹਾਂ ਦੇ ਪ੍ਰੇਤ ਨਚਦੇ ਦਿਸਦੇ ਹਨ, ਬੈਤਾਲ ਦਿਖਾਈ ਦਿੰਦੇ ਹਨ । ਕਉਣੀ ਕਾਂ ਕਾਂ ਕਰਦੀ ਸੁਣਦੀ ਹੈ, ਬੜੇ ਭੈ ਦੇਣ ਵਾਲੇ ਭੂਤਾਂ ਦੀ ਅਵਾਜ਼ ਆ ਰਹੀ ਹੈ ਅਤੇ ਅਸਮਾਨ ਗਰਜ ਰਿਹਾ ਹੈ, ਜਿਸ ਨੂੰ ਤੱਕ ਕੇ ਰਿਖੀ ਦਹਿਲ ਗਿਆ ਡਰ ਗਿਆ ਅਤੇ ਉਸ ਵੇਲੇ ਅਸਮਾਨ ਤੋਂ ਆਕੇ ਬਿਵਾਨ ਆ ਉਤਰਿਆ। ਜੋ ਇਹ ਉਸ ਵੇਲੇ ਤੇਜ ਪ੍ਰਤਾਪ ਦੇ ਆਮਦ ਦਾ ਨਜ਼ਾਰਾ ਦਿਖਾਇਆ ਗਿਆ ਹੈ ਹੋਰ ਥਾਂ ਕੁਝ ਵੀ ਨਹੀਂ ਜੋ ਰਿਸ਼ੀ ਦਾ ਇਮਤਿਹਾਨ ਹੀ ਸੀ। ਜਦੋਂ ਜੋਤ ਪ੍ਰਗਟ ਹੋਈ ਤਾਂ ਉਥੇ ਉਹ ਸ਼ੇਰ ਸ਼ਰਾਬਾ ਕੁਝ ਵੀ ਨਹੀਂ ਸੀ, ਜਿਸ ਨੂੰ ਪੜ੍ਹ ਕੇ ਸਾਡੀ ਮਾਨਯੋਗ ਸੂਝਵਾਨ ਕਮੇਟੀ ਨੂੰ ਟਪਲਾ ਲਗਾ ਤੇ ਉਸ ਨੋਟ ਲਿਖ ਦਿਤਾ ਕਿ-

ਇਨ੍ਹਾਂ ਗਲਾਂ ਤੋਂ ਸਿਧ ਹੁੰਦਾ ਹੈ ਕਿ ਇਹ ਰਾਮ ਸ਼ਾਮ ਕਵੀ ਦੀ ਬਾਣੀ ਹੈ, ਗੁਰੂ ਜੀ ਦੀ ਮੁਖਵਾਕ ਨਹੀਂ ਹੈ। ਰਾਮ ਸ਼ਾਮ ਦੋ ਕਵੀ ਗੁਰੂ ਜੀ ਦੇ ਨੌਕਰ ਸਨ।

ਪਾਠਕ ਵੀਰੋ ! ਇਹ ਐਨ ਸਿਧ ਹੋ ਚੁਕਾ ਹੈ ਕਿ ਰਾਮ ਸ਼ਾਮ ਕਵੀ ਦੀ ਕੋਈ ਬਾਣੀ, ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਵਿਚ ਨਹੀਂ, ਪਰ ਇਸ ਟਪਲੇ ਨੂੰ ਲੈ ਕੇ ਚੰਦ ਲਿਖਾਰੀਆਂ ਨੇ ਲਿਖਣਾ ਆਰੰਭ ਦਿਤਾ ਅਤੇ ਸੋਨੇ ਨੂੰ ਪਿਤਲ ਬਣਾਨ ਦਾ ਪੂਰਾ ਪੂਰਾ ਜਤਨ ਕੀਤਾ ਗਿਆ । ਅਗਲੀਆਂ ਪੰਗਤੀਆਂ ਤੋਂ ਭੂਤ ਪ੍ਰੇਤ ਆਦਿ ਦੀ ਸਭ ਛਾਇਆ ਦੂਰ ਹੋ ਜਾਂਦੀ ਹੈ, ਪੜ੍ਹੋ ਪ੍ਰੇਮ ਨਾਲ, ਆਖੋ ਧੰਨ ਗੁਰੂ ਗੋਬਿੰਦ ਸਿੰਘ ਜੀ।

ਦੇਵੀ ਬਾਚ ॥ ਸਾਰੰਗ ॥ ਪੰ: ੬੭੭ ॥

ਕਛੁ ਵਰ ਮਾਂਗਹੁ ਪੂਤ ਸਿਯਾਨੇ ॥
ਭੂਤ ਭਵਿੱਖ ਨਹੀ ਤੁਮਰੀ ਸਰ ਸਾਧ ਚਰਤ ਹਮ ਜਾਨੇ ॥
ਜੋ ਬਰਦਾਨ ਚਹੋ ਸੋ ਮਾਂਗੋ ਸਭ ਹਮ ਤੁਮੈ ਦਿਵਾਰ ॥
ਕੰਚਨ ਰਤਨ ਬ੍ਰਜ ਮੁਕਤਾਹਲ ਲੀਜਹਿ ਸਕਲ ਸੁਧਾਰ ॥੧੪॥੯੯॥

ਭਗਵਤੀ ਜੀ ਕਹਿ ਰਹੀ ਹੈ ਕਿ ਹੇ ਪੁਤ੍ਰ ਪਾਰਸ ਨਾਥ ! ਤੇਰੇ ਬਰਾਬਰ ਦਾ ਤਪਸਵੀ ਅਗੇ ਪਿਛੇ ਨਹੀਂ ਹੋਇਆ ਤੇਰੇ ਵਿਚ ਅਸਾਂ ਸਾਧਾਂ ਵਾਲੇ ਪੂਰੇ ਗੁਣ ਦੇਖੇ ਹਨ। ਇਸ ਲਈ ਜੋ ਤੂੰ ਚਾਹੁੰਦਾ ਹੈਂ ਸੋਈ

Digitized by Panjab Digital Library | www.panjabdigilib.org

ਵਰ ਮੰਗ ਲੈ, ਮੈਂ ਤੈਨੂੰ ਅਕਾਲ ਪੁਰਖ ਤੋਂ ਉਹੀ ਦਿਵਾ ਦਿਆਂਗੀ । ਸੋਨਾ ਜਾਂ ਜਵਾਹਰਾਤ ਜੋ ਭੀ ਤੂੰ ਚਾਹੇਂ ਐਸ ਵੇਲੇ ਉਹੀ ਤੈਨੂੰ ਮਿਲ ਜਾਏਗਾ । ਤਾਂ ਹੁਣ ਪਾਰਸਨਾਥ ਜੀ ਵਰ ਮੰਗਦੇ ਹਨ ।

ਪਾਰਸ ਨਾਥ ਬਾਚ ॥
ਸਬ ਹੀ ਪੜੋ ਬੇਦ ਬਿਦਿਆ ਬਿਧਿ ਸਬ ਹੀ ਸਸਤ੍ਰ ਚਲਾਊ ॥
ਸਬ ਹੀ ਦੇਸ ਜੇਰ ਕਰਿ ਆਪਨ ਆਪੇ ਮਤਾ ਮਤਾਊ ॥
ਕਹਿ ਤਥਾਸਤੁ ਭਈ ਲੋਪ ਚੰਡਕਾ ਤਾਸ ਮਹਾ ਬਰ ਦੈ ਕੈ ॥
ਅੰਤ੍ ਧਿਯਾਨ ਹੁਐ ਗਈ ਆਪਨ ਪਰ ਸਿੰਘ ਅਰੂੜਤ ਹੁਐ ਕੈ ॥੧੫॥੮੯॥

ਪਾਰਸ ਨਾਥ ਜੀ ਵਰ ਮੰਗਦੇ ਹਨ ਕਿ ਮੈਂ ਸਾਰੀ ਹੀ ਬੇਦ ਬਿਦਿਆ ਪੜ੍ਹ ਜਾਵਾਂ ਭਾਵ ਜਾਣੂ ਹੋ ਜਾਵਾਂ ਅਤੇ ਸਾਰੇ ਹੀ ਸ਼ਸਤ੍ਰ ਚਲਾਉਣ ਦਾ ਬਲ ਮੇਰੇ ਵਿਚ ਆ ਜਾਵੇ ਅਰ ਸਾਰੇ ਹੀ ਦੇਸ ਮੇਰੇ ਮਤਹਿਤ ਹੋ ਜਾਵਣ, ਬਸ ਮੈਂ ਫੁਲ ਮੁਖਤਿਆਰ ਬਣ ਜਾਵਾਂ ਤਾਂ ਕਿ ਮੈਨੂੰ ਕਿਸੇ ਤੋਂ ਸਲਾਹ ਭੀ ਪੁਛਣ ਦੀ ਲੋੜ ਨਾ ਪਵੇ । ਹੁਣ ਤੱਕੋ ਕਿਥੇ ਗਏ ਉਹ ਭੂਤ ਪ੍ਰੇਤਾਂ ਦੇ ਨਾਚ ਅਤੇ ਢੋਲ ਢਮੱਕੇ ਜੋ ਕੁਝ ਭੀ ਨਹੀਂ ਸੀ ਸਿਰਫ

ਅਸਲ ਤੱਤ ਨੂੰ ਪਕੜ ਲਿਆ ਤਾਂ ਫਿਰ ਉਹ ਅਨੁਭਵ ਨਾ ਜਾਣੇ ਜਾਣ ਵਾਲੀ ਅਨਭਵੀ ਜੋਤਿ ਦਾ ਪ੍ਰਕਾਸ਼ ਹੋ ਗਿਆ, ਜਿਸ ਨੂੰ ਹੱਦ ਤੋਂ ਪਰੇ ਦਾ ਨਾਦ ਕਹਿੰਦੇ ਨੇ ਵਜ ਪਿਆ ਅਤੇ ਸਾਰੇ ਦੇਸ ਤੇ ਬਦੇਸਾਂ ਦੇ ਰਾਜੇ ਪਾਰਸ ਨਾਥ ਨੇ ਜਿਤ ਕੇ ਅਨਭੈ (ਬੇ-ਡਰ) ਹੋ ਕੇ ਰਾਜ ਕੀਤਾ । ਇਸ ਜੋਤਿ ਬਾਰੇ ਗੁਰਬਾਣੀ ਇਉਂ ਕਹਿੰਦੀ ਹੈ-

ਸਰਬ ਜੋਤਿ ਤੇਰੀ ਪਸਰਿ ਰਹੀ ॥ ਜਹ ਦੇਖਾ ਤਹ ਨਰਹਰੀ ॥
[ਸ: ੮੭੬ ॥ ਮਹਲਾ ੧ ॥

ਬਸ ਐਉਂ ਬਲ ਨੂੰ ਪਾ ਕੇ ਪਾਰਸ ਨਾਥ ਨੇ ਜੰਗੀ ਬਿਗਲ ਵਜਾ ਦਿਤੇ । ਦੇਸ ਬਦੇਸ ਦੇ ਸਭੀ ਰਾਜੇ ਆਪਣੇ ਜੇਰ ਕਰ ਲਏ । ਜਿਹੜੇ ਸ਼ਰਨ ਵਿਚ ਆ ਗਏ ਉਹ ਬਖਸ਼ ਦਿਤੇ । ਜੋ ਜਰਾ ਅੜਿਆ ਉਹ ਮਾਰ ਮੁਕਾਇਆ । ਅੰਤ ਬਹੁਤ ਬੜਾ ਇਕੱਠ ਕੀਤਾ ਜਿਸ ਵਿਚ ਰਾਜੇ ਮਹਾਰਾਜੇ ਬੁਲਾ ਲਏ ਅਤੇ ਜੋ ਦਿਤਾ ਤ੍ਰੈ ਦੇ ਪੁਜਾਰੀ ਜਟਾ ਧਾਰੀ ਸੰਨਿਆਸੀ ਸਨ, ਉਹ ਭੀ ਸਾਰੇ ਬੁਲਾਏ ਤੇ ਆਦੇਸ਼ ਦਿਤਾ ।

ਕੈ ਤੁਮ ਹਮ ਕੋ ਪਰਚੋ ਦਿਖਾਓ ॥ ਨਾਤ ਜਿਤੇ ਹੋ ਜਟਧਾਰੀ ਸਭ ਹੀ ਜਟਾ ਮੁੰਡਾਓ ॥

ਭਾਵ ਪਾਰਸ ਨਾਥ ਨੇ ਉਹਨਾਂ ਨੂੰ ਕਿਹਾ ਜਾਂ ਤਾਂ ਮੈਨੂੰ ਕੋਈ ਕ੍ਰਿਸ਼ਮਾ ਦਿਖਾਉ ਨਹੀਂ ਤਾਂ ਫਿਰ ਸਾਰੇ ਆਪਣੀਆਂ ਜਟਾਂ ਮੁੰਡਾ ਦਿਓ । ਜਿਸ ਪਰ ਸਿਆਣੇ ਸਾਧੂਆਂ ਨੇ ਉਤਰ ਦਿਤਾ ਸੀ ਕਿ ਸਾਨੂੰ ਨਹੀਂ ਪਤਾ ਅਸੀਂ ਆਪਣੇ ਗੁਰੂ ਦਿਤਾ ਤ੍ਰੈ ਦਾ ਹੁਕਮ ਮੰਨਿਆਂ ਹੈ ਜੋ ਭੀ ਹੁਕਮ ਉਹਨਾਂ ਸਾਨੂੰ ਦਿਤਾ ਅਸਾਂ ਉਸਨੂੰ ਅੰਮ੍ਰਿਤ ਕਰ ਸਤ ਬਚਨ ਕਿਹਾ ਹੈ ਜਿਸ ਪਰ ਪਾਰਸ ਨਾਥ ਨੇ ਇਕ ਲੰਮਾ ਚੌੜਾ ਉਪਦੇਸ਼ ਦਿਤਾ ਸੀ । ਜਿਸ ਨੂੰ ਸੁਣ ਕੇ ਕੁਝ ਸਿਆਣੇ ਸਾਧੂ ਚਰਨੀ ਆ ਲਗੇ ਪਰ ਕੁਝ ਪਹਾੜਾਂ ਨੂੰ ਭਜ ਗਏ । ਕੁਝ ਵਾਦ ਵਿਵਾਦ ਕਰਨ ਲਗੇ ਜੋ ਲੜ ਲੜਾ ਕੇ ਮਾਰੇ ਗਏ । ਅੰਤ ਘੋਰ ਯੁਧ ਮਚ ਗਿਆ । ਦੇਖਦੇ ਦੇਖਦੇ ਜਟਾ ਧਾਰੀ ਸਾਧੂਆਂ ਦਾ ਸਫਾਇਆ ਹੋ ਗਿਆ । ਬੜਾ ਖਾਸਾ ਇਸ ਲੜਾਈ ਦਾ ਵਰਣਨ ਹੈ । ਬੜਾ ਭਾਰੀ ਸੰਗਰਾਮ ਹੋਇਆ ਅਤੇ ਬੇਅੰਤ ਸਾਧੂ ਬੁਰੀ ਤਰ੍ਹਾਂ ਮਾਰ ਮਾਰ ਮੁਕਾ ਦਿਤੇ ਜੋ ਸ਼ਰਨ ਵਿਚ ਆ ਗਿਆ ਉਹ ਬਚਾ ਲਿਆ ਗਿਆ,ਉਸਨੂੰ ਸਨਮਾਨਿਆ ਗਿਆ । ਅੰਤ ਜੋ ਭਜ ਨਠ ਕੇ ਬਚੇ ਸਨ ਉਹਨਾਂ ਨੂੰ ਟੋਲ ਟੋਲ ਕੇ ਮਾਰ ਦਿਤਾ, ਇਉਂ ਸੰਨਿਆਸੀਆਂ ਦਾ ਖਾਤਮਾ ਕਰਕੇ ਆਪਣਾ ਘੋਨ ਮੋਨ ਪੰਥ ਚਲਾ ਦਿਤਾ । ਏਸ ਤਰ੍ਹਾਂ ਪਾਰਸ ਨਾਥ ਨੇ ੧੦੦੦ ਦਸ ਸੈ ਬਰਸ ਰਾਜ ਜੋਗ ਕੀਤਾ ਅਤੇ ਸੰਨਿਆਸੀਆਂ ਦੇ ਪਿਛੇ ਲਗਿਆ ਰਿਹਾ, ਜਿਥੇ ਭੀ ਮਿਲ ਗਿਆ ਜਿਉਂਦਾ ਨਾ ਜਾਣ ਦਿਤਾ ਜਾਂ ਆਪਣੇ ਮਤਵਿਚ ਲੈ ਆਂਦਾ।ਜਟਾ ਧਾਰੀ ਮਤ ਇਉਂ ਖਤਮ ਕਰ ਦਿਤਾ, ਰਾਜੇ ਮਹਾਰਾਜੇ ਉਸ ਤਰ੍ਹਾਂ ਜਿਤ ਲਏ, ਨੌ ਖੰਡ ਸਤ ਦੀਪ ਪ੍ਰਿਥਵੀ ਪਰ ਆਪਣਾ ਰਾਜ ਅਧਿਕਾਰ ਜਮਾ ਲਿਆ ਤੇ ਕਰਨ ਕਾਰਨ ਪ੍ਰਭੂ ਅਕਾਲ ਪੁਰਖ ਭੁਲ ਗਿਆ, ਹੁਣ ਆਪ ਹੀ ਸਭ ਧਰਤੀ ਦਾ ਕਰਤਾ ਧਰਤਾ ਬਣ ਕੇ ਆਪ ਨੂੰ ਹੀ ਪਰਮੇਸ਼ਰ ਮੰਨ ਬੈਠਾ । ਦੇਸ ਦੇਸਾਂ ਤੋਂ ੨੦੦੦੦੦ ਦੋ ਲੱਖ ਰਾਜਾ ਬੰਨ੍ਹ ਕੇ ਮੰਗਵਾ ਲਿਆ । ਹੋਰ ਰਾਜੇ ਮਹਾਰਾਜੇ ਹਾਥੀ ਘੋੜੇ ਗਊ ਝੋਟੇ ਗੌਂਡੇ ਆਦਿ ਦਾ ਮਾਸ ਹਵਨ ਵਿਚ ਪਾ ਕੇ ਜਗ ਕਰਿਆ ਕਰਦੇ ਸਨ, ਪਰ ਪਾਰਸ ਨਾਥ ਨੇ (ਭੂਪ ਮੇਧ) ਭਾਵ ਰਾਜਿਆਂ ਦਾ ਮਾਸ ਹਵਨ ਕਰਨ ਦਾ ਪ੍ਰੋਗਰਾਮ ਬਣਾਇਆ, ਜਿਸ ਲਈ ਇਕ ਲੱਖ ਰਾਜੇ ਦੇ ਮਾਸ ਨੂੰ ਹਵਨ ਵਿਚ ਪਾਉਣ ਲਈ ੨ ਲਖ ਰਾਜੇ ਪਕੜ ਮੰਗਾਏ ਅਤੇ ਕਿਹਾ ਸੀ ਕਿ ਜਿਵੇਂ ਸਤਿਜੁਗ ਵਿਚ ਰਾਜੇ ਜੰਭ ਨੇ ਭੂਪ ਮੇਧ ਜਗ ਕੀਤਾ ਸੀ ਮੈਂ ਭੀ ਉਸੀ ਤਰ੍ਹਾਂ ਇਕ ਲਖ ਰਾਜੇ ਦੀ ਬਲੀ ਦੇਣ ਲਈ ਜਗ ਕਰਾਂਗਾ । ਉਸ ਵੇਲੇ ਮੰਤ੍ਰੀ ਨੇ ਸਲਾਹ ਦਿਤੀ ਕਿ ਐ ਰਾਜਨ ਜੇ ਤੂੰ ਨਿਰਪ ਮੇਧ ਜਗ ਕਰਨਾ ਚਾਹੁੰਦਾ ਹੈਂ ਤਾਂ ਇਕ ਲਖ ਰਾਜੇ ਦਾ ਮਾਸ ਦਾ ਹਵਨ ਕਰਨਾ ਪਏਗਾ ਅਤੇ ਇਕ ਲਖ ਹਾਥੀ ਸੂਰਨ ਨਾਲ ਮੜ੍ਹ ਕੇ ਦਾਨ ਕਰਨਾ

Digitized by Panjab Digital Library | www.panjabdigilib.org

ਹੋਵੇਗਾ ਅਤੇ ਇਸੇ ਤਰ੍ਹਾਂ ਹੋਰ ਬਹੁਤ ਸਾਰੀ ਸਮਗ੍ਰੀ ਦੀ ਲੋੜ ਪਵੇਗੀ ਜਿਸ ਪਰ ਪਾਰਸ ਨਾਥ ਨੇ ਸਭ ਪ੍ਰਵਾਨ ਕਰ ਲਈ ਅਤੇ ਕਿਹਾ ਸੀ ਕਿ ਸੋਨੇ ਦੇ ਹਾਥੀ ਤੇ ਪਦਾਰਥਾਂ ਦੀ ਕੋਈ ਥੋੜ ਨਹੀਂ, ਕਿਉਂਕਿ ਸੰਸਾਰ ਭਰ ਦੇ ਰਾਜੇ ਤੇ ਜੋਗੀ ਜਿਤ ਜਿਤ ਕੇ ਮੈਂ ਸਭ ਕੁਝ ਆਪਣੇ ਅਧਿਕਾਰਾਂ ਵਿਚ ਲੈ ਲਿਆ ਸੀ।

ਮੰਤ੍ਰੀ ਨੇ ਸਲਾਹ ਦਿਤੀ ਕਿ ਐ ਰਾਜਨ ਧਰਤੀ ਉਪਰ ਕੁਲ ਰਾਜਿਆਂ ਦੀ ਗਿਣਤੀ ਪੰਜ ਲਖ ਹੈ, ਸਾਰਿਆਂ ਨੂੰ ਬੁਲਾ ਕੇ ਇਹ ਪੁਛਣਾ ਚਾਹੀਦਾ ਹੈ ਕਿ ਕੋਈ ਰਾਜ ਜਾਂ ਰਾਜਾ ਤੇਰੇ ਜਿੱਤਣ ਤੋਂ ਬਾਹਰ ਤਾਂ ਨਹੀਂ ਬਚ ਗਿਆ, ਜਿਸ ਨੂੰ ਸੁਣਕੇ ਸਾਰੇ ਰਾਜੇ ਬੁਲਾਕੇ ਇਕ ਇਕ ਨੂੰ ਪੁੱਛਿਆ ਸੀ ਕਿ ਦਸੋ ਹੁਣ ਕੋਈ ਰਾਜਾ ਮੇਰੀ ਜਿੱਤ ਤੋਂ ਬਾਹਰ ਤਾਂ ਨਹੀਂ ਰਹਿ ਗਿਆ। ਜਦੋਂ ਇਕ ਇਕ ਨੂੰ ਬਲਾਕੇ ਇਹ ਪਛਿਆ ਜਾ ਰਿਹਾ ਸੀ ਤਾਂ ਉਸ ਵੇਲੇ ਇਕ ਰਾਜੇ ਨੇ ਬੇਨਤੀ ਕੀਤੀ ਕਿ ਮਹਾਰਾਜ ਮੈਨੂੰ ਪਹਿਲਾਂ ਮਾਫੀ ਦਾ ਬਚਨ ਦਿਓ ਫੇਰ ਮੈਂ ਦਸਾਂਗਾ ਤਾਂ ਬਚਨ ਲੈਕੇ ਰਾਜੇ ਨੇ ਕਿਹਾ ਸੀ ਕਿ ਐ ਰਾਜਿਆਂ ਦੇ ਮਹਾਰਾਜੇ ਇਕ (ਵਿਵੇਕ) ਨਾਮੀ ਰਾਜਾ ਤੇਰੀ ਜਿੱਤ ਤੋਂ ਬਾਹਰ ਰਹਿ ਗਿਆ ਹੈ, ਪਰ ਉਸਦਾ ਥਾਂ ਟਿਕਾਣਾ ਪਤਾ ਮੈਂ ਨਹੀਂ ਦਸ ਸਕਦਾ, ਉਸ ਦਾ ਪਤਾ ਮਛੰਦ੍ ਨਾਥ ਜੋਗੀ ਨੂੰ ਹੈ, ਪਰ ਉਹ ਸਮੁੰਦ੍ ਦੇ ਵਿਚ ਮੱਛ ਦੇ ਪੇਟ ਵਿਚ ਸਮਾਧੀ ਸਥਿਤ ਹੈ, ਉਸ ਨੂੰ ਬੁਲਾਕੇ ਪੁਛਿਆ ਜਾ ਸਕਦਾ ਹੈ, ਉਹ ਵਿਵੇਕ ਦਾ ਸਾਰਾ ਪਤਾ ਦੇ ਸਕਦਾ ਹੈ।

੫-ਬਸ ਫੇਰ ਕੀ ਸੀ ਪਾਰਸ ਨਾਥ ਵੱਡੇ ਹੰਕਾਰ ਵਿਚ ਸੀ, ਅੱਜ ਉਸਦੇ ਸਾਹਮਣੇ ਵਡੇ ਤੋਂ ਵਡਾ ਕੰਮ ਤੁਛ ਬਰਾਬਰ ਦਿੱਸਦਾ ਸੀ, ਦੁਨੀਆਂ ਭਰ ਦੇ ਜਾਲ ਇਕੱਠੇ ਕਰ ਲਏ, ਸਾਰੇ ਲਾਓ ਲਸ਼ਕਰ ਲੈ ਕੇ ਸਮੁੰਦ੍ ਵਿਚੋਂ ਜਾਲ ਲਾਕੇ ਅਨੇਕਾਂ ਮੱਛੀਆਂ ਕੱਛੂ ਜਾਨਵਰ ਕੱਢ ਕੱਢ ਕੇ ਲੱਗੇ ਸੁਟਣ ਬਾਹਰ, ਬੇਸ਼ੁਮਾਰ ਜੀਵ ਜੰਤੂ ਮਰ ਰਹੇ ਸਨ, ਜਿਨ੍ਹਾਂ ਜੀਵਾਂ ਦੀ ਪੁਕਾਰ ਲੈ ਕੇ ਸਮੁੰਦ੍ ਬ੍ਰਾਹਮਣ ਦੇ ਰੂਪ ਵਿਚ ਆਇਆ ਅਤੇ ਆਕੇ ਕਿਹਾ ਸੀ ਕਿ ਜੇਕਰ ਹੀਰੇ ਮੋਤੀ ਲਾਲ ਜੁਹਾਰਾਤ ਚਾਹੀਦੇ ਹਨ ਜਿੰਨੇ ਚਾਹੋ ਮਿਲ ਸਕਦੇ ਹਨ ਪਰ ਇਹਨਾਂ ਜੀਵਾਂ ਦਾ ਵਿਨਾਸ਼ ਨਾ ਕਰ। ਜਿਸ ਕੰਮ ਲਈ ਤੂੰ ਇਹਨਾਂ ਨੂੰ ਮਾਰ ਰਿਹਾ ਹੈਂ, ਉਹ ਏਥੋਂ ਨਹੀਂ ਮਿਲਣਾ। ਜੇਕਰ ਤੂੰ ਮਛੰਦ੍ ਜੋਗੀ ਲੱਭਣਾ ਹੈ ਤਾਂ ਖੀਰ ਸਮੁੰਦ੍ ਭਾਵ (ਦੁਧ ਸਮੁੰਦ੍) ਵਿਚ ਜਾਕੇ ਜਾਲ ਸੁੱਟ ਜਿਸਨੂੰ ਲੱਭਦਾ ਫਿਰਦਾ ਹੈਂ ਉਹ ਇਸ ਪਾਣੀ ਦੇ ਸਮੁੰਦ੍ ਵਿਚ ਨਹੀਂ, ਮੈਂ ਤੈਨੂੰ ਇਹ ਸੱਚ ਆਖਦਾ ਹਾਂ।

ਸਵੇਰੇ ਉਠਕੇ ਲੱਖਾਂ ਸੂਰਮੇ ਇਕੱਤ੍ ਕਰਕੇ ਦੁੱਧ ਸਮੁੰਦ੍ ਉਪਰ ਜਾ ਪੁਜੇ ਅਤੇ ਸੂਤ੍ ਦਾ ਬੜਾ ਵੱਡਾ ਜਾਲ ਉਸ ਵਿਚ ਜਾ ਸੁੱਟਿਆ, ਅਨੇਕਾਂ ਜੀਵ ਜਾਲ ਵਿਚ ਫਸੇ ਪਰ ਮੁਨੀ ਮਛੰਦ੍ ਵਾਲਾ ਮੱਛ ਨਹੀਂ ਮਿਲਿਆ ਕਿਉਂਕਿ ਜਿਸ ਵਿਚ ਜੋਗੀ ਸੁਰਤ ਜੋੜੀ ਬੈਠਾ ਸੀ ਇਹ ਜਾਲ ਉਸਦੇ ਨੇੜੇ ਭੀ ਨਹੀਂ ਸੀ ਜਾ ਸਕਦਾ। ਕਿਸੇ ਨੇ ਮੰਤ੍ ਦਿੱਤਾ ਕਿ ਐ ਰਾਜਨ ਇਕ ਗਿਆਨ ਨਾਮਕ ਜਾਲ ਹੈ-ਉਹ ਸੁਟਿਆ ਜਾਏ ਤਾਂ ਕਾਮਯਾਬ ਹੋ ਜਾਉਗੇ, ਅੰਤ ਉਹੀ ਉਪਾਉ ਕੀਤਾ ਜਿਸ ਵਿਚ ਇਕ ਬੜਾ ਮੱਛ ਆ ਗਿਆ, ਅੰਤ ਉਸਦਾ ਪੇਟ ਚੀਰਕੇ ਮੁਨੀ ਨੂੰ ਬਾਹਰ ਕੱਢਿਆ ਅਤੇ ਅਸ਼ਟ ਧਾਤਾਂ ਦਾ ਪੁਤਲਾ ਬਣਾਕੇ ਮੁਨੀ ਦੇ ਅੱਗੇ ਰੱਖ ਦਿੱਤਾ ਗਿਆ, ਬਾਕੀ ਸਭ ਲੋਕ ਪਿੱਛੇ ਹੱਟਕੇ ਬੈਠੇ ਖਲੋਤੇ ਸਨ। ਜਦੋਂ ਮੁਨੀ ਨੇ ਅੱਖ ਖੋਲ੍ਹੀ ਅਤੇ ਉਸ ਅਸ਼ਟਧਾਤ ਦੇ ਪੁਤਲੇ ਪਰ ਪਈ ਤਾਂ ਉਹ ਭਸਮ ਹੋ ਗਿਆ। ਉਪ੍ਰੰਤ ਰਾਜੇ ਨੇ ਜਾਕੇ ਆਪਣਾ ਸਵਾਲ ਮੁਨੀ ਮਛੰਦ੍ ਨਾਥ ਅੱਗੇ ਰੱਖਿਆ-ਕਿ ਐ ਮਹਾਂ ਮੁਨੀ ਜੀ ਮੈਨੂੰ ਦੱਸੋ ਕਿ ਇਸ ਸੰਸਾਰ ਵਿਚ ਹੁਣ ਕਿਹੜਾ ਰਾਜਾ ਹੈ ਜੋ ਮੈਂ ਨਹੀਂ ਜਿੱਤਿਆ ਅਤੇ ਜਿਸ ਨੇ ਮੇਰਾ ਭੈ ਨਹੀਂ ਮੰਨਿਆ, ਜਿਸਨੂੰ ਸਤਿਗੁਰਾਂ ਨੇ ਐਉਂ ਉਚਾਰਿਆ ਹੈ।

ਕਉਨ ਭੂਪ ਭੂਮ ਮੈ ਬਤਾਇ ਮੋਹਿ ਦੀਜੀਯੈ॥
ਜੋ ਮੋਹਿ ਤ੍ਰਾਸਿ ਨਾ ਤ੍ਰਸਯੋ ਕਿਰਪਾ ਰਿਖੀਸ ਕੀਜੀਯੈ॥

Digitized by Panjab Digital Library | www.panjabdigilib.org

ਸੁ ਅਉਰ ਕਉਨ ਹੈ ਹਠੀ ਸੁ ਜਉਨ ਮੋ ਨ ਜੀਤਯੋ ॥
ਅਤ੍ਰਾਸ ਕਉਨ ਠਉਰ ਹੈ ਜਹਾ ਨ ਮੋਹ ਬੀਤਿਯੋ ॥੧੫੪॥

ਨਰਾਜ ਛੰਦ–ਨਸੰਕ ਚਿੱਤ ਆਨੀਯੈ ਨਿਸੰਕ ਭਾਖ ਦੀਜੀਯੈ ॥
ਸੁ ਕੋ ਅਜੀਤ ਹੈ ਰਹਾ ਉਚਾਰ ਤਾਸ ਕੀਜੀਯੈ ॥
ਨਰੇਸ ਦੇਸ ਦੇਸ ਕੇ ਅਸੇਸ ਜੀਤ ਮੈ ਲੀਯੇ ॥
ਛਿਤੇ ਸਭੈ ਸਭੇਸ ਕੋ ਗੁਲਾਮ ਆਨ ਹੁਐ ਰਹੇ ॥ ੧੫੫ ॥

ਤਿਖੀ ਰਾਜ ਉਹ ਕੇਹੜਾ ਬਾਦਸ਼ਾਹ ਹੈ ਜੋ ਮੇਰੇ ਭੈ ਤੋਂ ਬਾਹਰ ਹੈ ਅਤੇ ਇਹੋ ਜਿਹਾ ਕਿਹੜਾ ਸੂਰਮਾ ਹੈ ਜੋ ਮੈਂ ਨਹੀਂ ਜਿਤਿਆ, ਉਹ ਕਿਹੜਾ ਥਾਂ ਹੈ ਜਿਥੇ ਮੇਰਾ ਡਰ ਨਹੀਂ ਪਿਆ ? ਕਿਰਪਾ ਕਰਕੇ ਬਿਨਾਂ ਕਿਸੇ ਸ਼ੰਕਾ ਤੋਂ ਮੈਨੂੰ ਦਸ ਦਿਓ, ਅਤੇ ਜੋ ਮੇਰੇ ਜਿਤਣ ਤੋਂ ਰਹਿੰਦਾ ਹੈ, ਉਸਦਾ ਨਾਮ ਦਸ ਦਿਓ। ਜਿਨੇ ਭੀ ਰਾਜੇ ਦੇਸ ਦੇਸ਼ਾਂਤ੍ਰਾਂ ਦੇ ਸਨ ਉਹ ਸਾਰੇ ਮੈਂ ਜਿਤ ਲਏ ਹਨ ਜਿੰਨੇ ਭੀ ਧਰਤੀ ਤੇ ਰਾਜੇ ਸਨ ਸਭ ਨੂੰ ਮੈਂ ਆਪਣੇ ਨੌਕਰ ਬਣਾ ਲਿਆ ਹੈ।

ਨਰਾਜ ਛੰਦ–ਅਸੇਖ ਰਾਜ ਰਾਜ ਕਾਜ ਮੋ ਲਗਇਕੈ ਦੀਏ ॥
ਅਨੰਤ ਤੀਰਥ ਨਾਤ ਕੈ ਅੱਛਿਨ ਪੁੰਨ ਮੈ ਕੀਏ ॥
ਅਨੰਤ ਛਤ੍ਰੀਆਨ ਛੈ ਦੁਰੰਤ ਰਾਜ ਮੈ ਕਰੋ ॥
ਸੋ ਕੋ ਤਿਹੁ ਜਹਾਨ ਮੈ ਸਮਾਜ ਜਉਨ ਤੇ ਟਰੋ ॥ ੧੫੬ ॥

ਅਨੰਗ ਰੰਗ ਰੰਗ ਕੇ ਸੁਰੰਗ ਬਾਜ ਮੈ ਹਰੇ ॥
ਬਸੇਖ ਰਾਜਸੂਇ ਜਗ ਬਾਜ ਮੇਧ ਮੈ ਕਰੇ ॥
ਨ ਭੂਮ ਐਸ ਕੋ ਰਹੀ ਨ ਜੱਗ ਖੰਭ ਜਾਨੀਯੈ ॥
ਜਗਤ੍ ਕਰਣ ਕਾਰਣ ਕਰੁ ਦੁਤੀਜ ਮੋਹਿ ਮਾਨੀਯੈ ॥ ੧੫੭ ॥

ਅਨੇਕਾਂ ਰਾਜੇ ਮੈਂ ਕੰਮਾਂ ਕਾਰਾਂ ਪਰ ਲਾ ਦਿਤੇ ਹਨ, ਅਤੇ ਅਨੇਕਾਂ ਤੀਰਥ ਨਾਤੇ ਅਰ ਬੇਅੰਤ ਪੁੰਨ ਮੈਂ ਕੀਤੇ। ਬੇਅੰਤ ਛਤ੍ਰੀਆਂ ਨੂੰ ਮਾਰਕੇ ਦੂਰ ਤਕ ਰਾਜ ਮੈਂ ਕਰ ਰਿਹਾਂ ਹਾਂ, ਤਿੰਨਾਂ ਲੋਕਾਂ ਵਿਚ ਇਹੋ ਜਿਹਾ ਥਾਂ ਕੇਹੜਾ ਹੈ ਜਿਥੇ ਮੈਂ ਨਹੀਂ ਪੁਜ ਸਕਿਆ। ਅਨੇਕਾਂ ਦੁਨੀਆਂ ਦੇ ਸੁਖ ਸੁਆਦ ਅਤੇ ਛੈਲ ਘੋੜੇ ਮੇਰੇ ਪਾਸ ਹਨ ਤੇ ਬੇਅੰਤ ਰਾਜ ਸੂਇ, ਗਜ ਮੇਧ, ਬਾਜ ਮੇਧ ਹਾਥੀ ਘੋੜਿਆਂ ਦੇ ਹਵਨ ਕਰਕੇ ਜਗ ਮੈਂ ਕੀਤੇ ਹਨ। ਨਾ ਕੋਈ ਇਹੋ ਜਿਹੀ ਭੂਮ ਧਰਤੀ ਬਾਕੀ ਰਹੀ ਹੈ ਨਾ ਜਗਾ ਧਰਤੀ ਬਾਕੀ ਛਡੀ ਹੈ, ਇਸ ਲਈ ਜਗਤ ਦਾ ਕਰਤਾ ਦਸਰਾ ਮੈਂ ਹਾਂ।

ਏ-ਇਹ ਹੈ ਮੁਖਤਸਰ ਜਿਹਾ ਹੰਕਾਰ ਦਾ ਸਿਖਰ ਵਾਲਾ ਡੰਡਾ ਤੇ ਸੂਰਮਿਆਂ ਵਿਚੋਂ ਸਿਖਰ ਦੀ ਚੋਟੀ। ਇਹ ਠੀਕ ਹੈ ਪੜ੍ਹਕੇ ਹੈਰਾਨੀ ਅਵੱਸ਼ ਹੁੰਦੀ ਹੈ, ਅਸੀਂ ਇਹਨਾਂ ਕਾਰਨਾਮਿਆਂ ਨੂੰ ਅਨਭਵ ਭੀ ਨਹੀਂ ਕਰ ਸਕਦੇ, ਕੁਦਰਤ ਵਿਚ ਕੋਈ ਭੀ ਗੱਲ ਅਸੰਭਵ ਨਹੀਂ। ਗਿ: ਭਾਗ ਸਿੰਘ ਵਾਂਗ ਹਰ ਗਲ ਗਲ ਨੂੰ ਗੱਪ ਕਹਿ ਦੇਣੀ ਸਿਆਣਪ ਨਹੀਂ, ਜੇਕਰ ਇਹ ਹੈਰਾਨ ਕੁਨ ਪ੍ਰਸੰਗ ਨਾ ਹੋਣ ਤਾਂ ਬਚਿਤ੍ ਨਾਟਕ ਨਹੀਂ ਸੀ ਬਣਦਾ। ਗੁਰੂ ਸਾਹਿਬ ਨੇ ਇਕ ਵਢੇ ਤੋਂ ਭਾਗਵਤ ਨਹੀਂ ਲਿਖੀ, ਨਾ ਹੀ ਸਾਰਾ ਮਾਰਕੰਡੇ ਪੁਰਾਣ ਹੀ ਲਿਖਿਆ, ਸਗੋਂ ਉਹਨਾਂ ਚੋਂ ਚੋਣਵੀਆਂ ਉਹਨਾਂ ਤੋਂ ਬਾਹਰਲੀਆਂ ਭੀ ਘਟਨਾਵਾਂ ਦਸੀਆਂ ਹਨ ਜੋ

Digitized by Panjab Digital Library | www.panjabdigilib.org

ਬਚਿਤ੍ ਨਾਟਕ ਨਾਲ ਮੇਲ ਖਾਂਦੀਆਂ ਸਨ। ਅਗੇ ਚਲਕੇ ਤਕੋ ਗੁਰੂ ਜੀ ਇਸ ਦਾ ਸਿੱਟਾ ਕੀ ਕਢਦੇ ਹਨ, ਅਤੇ ਸ੍ਰੀ ਮਛੰਦ੍ਰਨਾਥ ਜੋਗੀਸ਼੍ਵਰ ਇਸ ਹੰਕਾਰੀ ਰਾਜੇ ਨੂੰ ਕਿਵੇਂ ਸਿਧੇ ਰਾਹ ਪਾਉਣ ਲਈ ਇਸਦੇ ਹੰਕਾਰ ਦਾ ਭਾਂਡਾ ਭੰਨਦੇ ਹਨ। ਮੇਰੇ ਸੁਹਿਰਦ ਸੂਝਵਾਨ ਪਾਠਕੋ! ਸਾਰਾ ਨਹੀਂ ਪਰ ਕੁਝਕ ਹਿੰਡਸ ਮੈਂ ਆਪ ਦੇ ਸਾਹਮਣੇ ਰਖਦਾ ਹਾਂ ਜਰਾ ਇਕ ਚਿਤ ਹੋਕੇ ਪੜ੍ਹਨ ਦੀ ਖੇਚਲ ਤੁਸੀਂ ਕਰ ਲੌ।

੭–ਜਿਸ ਵੇਲੇ ਸ੍ਰੀ ਪਾਰਸ ਨਾਥ ਨੇ ਆਪਣੀ ਸਾਰੀ ਹਉਮੈ ਭਰੀ ਕਾਰ ਗੁਜ਼ਾਰੀ–ਮੁਨੀਸ਼ ਦੇ ਸਾਹਮਣੇ ਪੇਸ਼ ਕੀਤੀ ਤਾਂ ਫਿਰ ਅਗੋਂ ਮੁਨੀ ਜੀ ਉਸ ਨੂੰ ਕੀ ਦਸਦੇ ਹਨ।

ਮਛਿੰਦ੍ ਬਾਚ ॥ ਪਾਰਸ ਨਾਥ ਸੋ ॥

ਸਵੈਯਾ–ਕਹਾ ਭਯੋ ਜੋ ਸਭ ਹੀ ਜਗ ਜੀਤ ਸੁ ਲੋਗਨ ਕੋ ਬਹੁ ਤ੍ਰਾਸ ਦਿਖਾਯੋ ॥
ਅਉਰ ਕਹਾ ਜੁ ਪੈ ਦੇਸ ਬਿਦੇਸਨ ਮਹਿ ਭਲੇ ਗਜਗਹਿ ਬਧਾਯੋ ॥
ਜੋ ਮਨ ਜੀਤਤ ਹੈ ਸਭ ਦੇਸ ਵਹੈ ਤੁਮਰੈ ਨ੍ਰਿਪ ਹਾਥ ਨ ਆਯੋ ॥
ਲਾਜ ਗਈ ਕਛੁ ਕਾਜ ਸਰਯੋ ਨਹੀ ਲੋਕ ਗਯੋ ਪਰਲੋਕ ਨ ਪਾਯੋ ॥ ੧੫੯ ॥

ਭਾਵ–ਐ ਰਾਜਨ! ਕਿਆ ਹੋਇਆ ਜੇ ਤੈਂ ਸਾਰਾ ਹੀ ਜਗ ਜਿੱਤ ਕੇ, ਲੋਕਾਂ ਨੂੰ ਡਰਾ ਕੇ ਦੁਖੀ ਕੀਤਾ ਹੈ, ਅਰ ਇਹ ਭੀ ਕਿਆ ਬੜੀ ਗਲ ਹੈ, ਦੇਸਾਂ ਬਦੇਸਾਂ ਵਿਚ ਹਾਥੀ ਘੋੜੇ ਅਕੱਠੇ ਕਰ ਲਏ, ਜੇਹੜਾ ਮਨ ਸਾਰੇ ਜਗਤ ਨੂੰ ਜਿੱਤ ਕੇ ਆਪਣੇ ਬਸ ਕਰੀ ਬੈਠਾ ਹੈ, ਐ ਰਾਜਨ ਉਹ ਤਾਂ ਤੇਰੇ ਹਥ ਨਹੀਂ ਆਇਆ। ਮਾਲਕ ਦੇ ਸਾਹਮਣੇ ਉਤਰ ਦੇਹ ਭੀ ਹੋਣਾ ਪਿਆ, ਕੋਈ ਆਪਣਾ ਕੁਝ ਸੁਧਾਰ ਭੀ ਨਾ ਹੋਇਆ, ਇਹ ਲੋਕ ਭੀ ਗਿਆ ਅਤੇ ਪ੍ਰਲੋਕ ਦੀ ਭੀ ਪ੍ਰਾਪਤੀ ਨਾ ਹੋਈ।

ਸਵੈਯਾ–ਭੂਮ ਕੋ ਕਉਨ ਗੁਮਾਨ ਹੈ ਭੂਪਤ ਸੋ ਨਹੀ ਕਾਹੂ ਕੈ ਸੰਗ ਚਲੈ ਹੈ ॥
ਹੈ ਛਲਵੰਤ ਬਡੀ ਬਸੁਧਾ ਯਹਿ ਕਾਹੂ ਕੀ ਹੈ ਨਾ ਕਾਹੂ ਹੁਐ ਹੈ ॥
ਭਉਨ ਭੰਡਾਰ ਸਬੈ ਬਰਨਾਰੁ ਸੁ ਅੰਤਿ ਤੁਝੈ ਕੋਊ ਸਾਥ ਨ ਦੈ ਹੈ ॥
ਆਨ ਕੀ ਬਾਤ ਚਲਾਤ ਹੋ ਕਾਹੇ ਕਉ ਸੰਗਿ ਕੀ ਦੇਹ ਨ ਸੰਗ ਸਧੈ ਹੈ ॥ ੧੬੦ ॥

ਦੁਨੀਆਂ ਭਰ ਦੇ ਲੋਕ ਸਾਰੇ ਡਰਦੇ ਮਾਰੇ ਪਾਰਸ ਨਾਥ ਨੂੰ ਉਪਦੇਸ਼ ਭੀ ਨਹੀਂ ਸੀ ਕਰ ਸਕਦੇ, ਇਸ ਲਈ ਉਹ ਤੱਤ ਵੇਤਾ ਮਹਾਂ ਪੁਰਸ਼ ਜਿਸ ਦੀ ਅੱਖ ਦੀ ਤਕਣੀ ਨਾਲ ਅੱਠਾਂ ਧਾਂਤਾਂ ਦਾ ਬਣਿਆ ਪੁਤਲਾ ਭਸਮ, ਸੁਆਹ, ਹੋ ਗਿਆ ਸੀ ਜੋ ਆਤਮਾ ਕਰਕੇ ਪਾਰਸ ਨਾਥ ਤੋਂ ਬਹੁਤ ਬਲੀ ਸੀ, ਇਹ ਉਸੀ ਦਾ ਕੰਮ ਸੀ ਜੋ ਕਹਿ ਰਿਹਾ ਹੈ, ਕਿ ਇਸ ਧਰਤੀ ਦਾ ਕੀ ਗੁਮਾਨ ਕਰਦਾ ਹੈਂ ਰਾਜਨ, ਇਹ ਕਦੇ ਕਿਸੇ ਦੇ ਨਾਲ ਨਹੀਂ ਜਾਂਦੀ ਅਤੇ ਧਰਤੀ ਤਾਂ ਧੋਖੇਹਾਰੀ ਹੈ ਕਿ ਇਹ ਨਾ ਕਿਸੀ ਦੀ ਬਣੀ ਹੈ ਨਾ ਹੀ ਬਣਦੀ ਹੈ। ਇਹਨਾਂ ਘਰ ਬਾਰ ਧੰਨਲਰ ਤੇ ਪਦਾਰਥਾਂ ਦਾ ਭੀ ਕੀ ਭਰੋਸਾ ਹੈ, ਅਖੀਰ ਕੋਈ ਵਸਤ ਇਹਨਾਂ ਵਿਚੋਂ ਨਾਲ ਨਹੀਂ ਜਾਂਦੀ। ਹੋਰ ਤਾਂ ਕਿਸੇ ਦੀ ਕੀ ਗੱਲ ਕਰਦੇ ਹੋ, ਇਹ ਨਾਲ ਰਹਿਣ ਵਾਲੀ ਦੇਹ ਭੀ ਸਾਥ ਨਹੀਂ ਦਿੰਦੀ। ਕੀ ਗੁਰਬਾਣੀ ਜਾਂ ਦਸਮ ਬਾਣੀ ਦੇ ਉਪਦੇਸ਼ ਵਿਚ ਕੋਈ ਅੰਤ੍ ਹੈ ?

ਰਾਜ ਕੇ ਸਾਜ ਕੋ ਕਉਨ ਗੁਮਾਨ ਨਿਦਾਨ ਜੁ ਆਪਨ ਸੰਗ ਨ ਜੈ ਹੈ ॥
ਭਉਨ ਭੰਡਾਰ ਭਰੇ ਘਰ ਬਾਰ ਸੁ ਏਕ ਹੀ ਬਾਰ ਬਿਗਾਨ ਕਹੈ ਹੈ ॥

Digitized by Panjab Digital Library | www.panjabdigilib.org

ਪੁਤ੍ਰ ਕਲਤ੍ਰ ਸੁ ਮਿਤ੍ਰ ਸਖਾ ਕੋਈ ਅੰਤਿ ਸਮੈ ਤੁਹਿ ਸਾਥ ਨ ਦੈ ਹੈ ॥
ਚੇਤ ਰੇ ਚੇਤ ਅਚੇਤ ਮਹਾਂ ਪਸ਼ ਸੰਗ ਬੀਯੋ ਸੋ ਭੀ ਸੰਗ ਨ ਜੈ ਹੈ ॥ ੧੬੧ ॥
ਕਉਨ ਭਰੋਸ ਭਟਾਨ ਕੋ ਭੂਪਤ ਭਾਰ ਪਰੇ ਜਿਨ ਭਾਰ ਸਹੈਗੇ ॥
ਭਾਜ ਹੈ ਭੀਰ ਭਿਯਾਨਕ ਹੂਐ ਫਰ ਭਾਰਥ ਸੋ ਨਹੀਂ ਭੇਰ ਚਹੈਗੇ ॥
ਏਕ ਉਪਚਾਰ ਨ ਚਾਲ ਹੈ ਰਾਜਨ ਮਿਤ੍ਰ ਸਬੈ ਮ੍ਰਿਤ ਨੀਰ ਬਹੈਗੇ ॥੧੬੨ ॥

ਐ ਪਸ਼ੂ ਜੀਵ ! ਵਾਹਿਗੁਰੂ ਨੂੰ ਯਾਦ ਕਰ ਲੈ, ਜਿਹੜੇ ਹਰ ਵੇਲੇ ਦੇ ਤੇਰੇ ਸੰਗੀ ਹਨ ਉਹ ਭੀ ਤੇਰਾ ਸਾਥ ਨਹੀਂ ਦੇਣਗੇ। ਕਿਆ ਭਰੋਸਾ ਹੈ ਇਨ੍ਹਾਂ ਸੂਰਮਿਆਂ ਦਾ, ਐ ਰਾਜਨ ! ਜਦੋਂ ਮੁਸੀਬਤ ਬਣੀ ਤਾਂ ਕਿਸੇ ਨਹੀਂ ਵੰਡਾਉਣੀ । ਜਦੋਂ ਭੀੜ ਬਣੀ ਤਕਣਗੇ, ਉਸ ਵੇਲੇ ਸਭ ਦੌੜ ਜਾਣਗੇ ਤੇਰੇ ਕਿਸੇ ਦੋਖੀ ਦੁਸ਼ਮਨ ਦਾ ਟਾਕਰਾ ਕਰਨਾ ਪਸੰਦ ਨਾ ਕਰਨਗੇ। ਕੋਈ ਭੀ ਪੁਰਸ਼ਾਰਥ ਜਾਂ ਉਪਾਏ ਨਹੀਂ ਚਲੇਗਾ। ਐ ਰਾਜਨ ! ਜਿਹੜੇ ਤੇਰੇ ਅਹਿਮ ਮਿਤ੍ਰ ਦਿਸਦੇ ਹਨ ਉਹ ਮਰਨ ਪਿਛੋਂ ਦੋ ਘੜੀ ਮਕਾਣ ਦੇਣ ਲਈ ਜਾਂ ਚਾਰ ਅਥਰੂ ਸੁਟ ਦੇਣਗੇ। ਪਰ ਹੰਕਾਰ ਮੱਤੇ ਪਾਰਸ ਨਾਥ ਦੇ ਅਜੇ ਭੀ ਕੋਈ ਗਲ ਅਕਲ ਵਿਚ ਨਹੀਂ ਆਈ, ਸਗੋਂ ਪੁਛਦਾ ਹੈ–

ਮੁਨ ਕਉਨ ਹੈ ਵਹ ਰਾਉ ॥ ਤਿਹ ਆਜ ਮੁਹਿ ਬਤਾਉ ॥
ਤਿਹ ਜੀਤ ਹੋ ਜਬ ਜਾਇ ॥ ਤਬ ਭਾਖੀਅਉ ਮੁਹਿ ਰਾਇ ॥ ੧੬੩ ॥

ਪਾਰਸ ਨਾਥ ਕਹਿੰਦਾ ਹੈ, ਐ ਮੁਨੀ ! ਦਸ ਕਿਹੜਾ ਰਾਜਾ ਹੈ ਜੋ ਮੈਂ ਨਹੀਂ ਜਿਤਿਆ, ਮੈਨੂੰ ਉਸ ਦਾ ਨਾਮ ਦਸ ਦੇਹ, ਜਦ ਮੈਂ ਉਹਨੂੰ ਜਿਤ ਕੇ ਆਵਾਂਗਾ ਤਾਂ ਮੈਨੂੰ ਬਾਦਸ਼ਾਹ ਕਹਿਣਾ।

ਯੋਗੀ ਰਾਜ ਮਛਿੰਦ੍ ਜੀ ਕਹਿੰਦੇ ਹਨ ਪਾਰਸ ਨਾਥ ਨੂੰ ਕਿ ਐ ਰਾਜਨ ਤੈਂ ਬੇਸ਼ਕ ਸੰਸਾਰ ਭਰ ਦੇ ਰਾਜੇ ਜਿਤ ਲਏ ਹਨ ਪਰ ਉਹ ਨਹੀਂ ਜਿਤਿਆ ਜਾਣਾ। ਉਸ ਦਾ ਨਾਉਂ ਅਬਬੇਕ ਹੈ ਜੋ ਮਨ ਰਾਜੇ ਦਾ ਵਜ਼ੀਰ ਹੈ ਅਤੇ ਤੇਰੇ ਹਿਰਦੇ ਵਿਚ ਉਸਦਾ ਘਰ ਹੈ। ਜਿਸ ਦਾ ਸਰੂਪ ਅਨ ਉਪਮਾ ਹੈ ਅਤੇ ਉਸ ਨੇ ਰਾਜਾ ਬਲ, ਬਾਵਨ, ਕ੍ਰਿਸ਼ਨ, ਬਿਸ਼ਨ, ਰਘੁਪਤਿ, ਰਾਵਣ, ਸੁਭਾਸੁਰ ਸੂਰਮਾ, ਮਹਿਖਾਸੁਰ, ਮਧ ਕੀਟ ਆਦਿ ਕੀ ਦੇਵ ਕੀ ਦੈਂਤ ਕੋਈ ਭੀ ਨਹੀਂ ਛਡਿਆ ਅਤੇ ਕਿਸੇ ਦੇ ਭੀ ਕਾਬੂ ਨਹੀਂ ਆਇਆ। ਏਥੇ ਗੁਰੂ ਜੀ ਬਬੇਕ ਤੇ ਅਬਬੇਕ ਦਾ ਨਕਸ਼ਾ ਖਿਚਦੇ ਹਨ, ਜੋ ਇਕ ਖਾਸਾ ਵਿਸਥਾਰ ਨਾਲ ਸਬੰਧ ਰਖਦਾ ਹੈ ਪਰ ਅਸਾਂ ਤਾਂ ਕੁਝ ਕੁ ਨੁਕਤੇ ਹੀ ਲੈਣੇ ਹਨ। ਉਹ ਇਹ ਹਨ–

੮–ਹੁਣ ਮੁਨੀ ਜੀ ਦਸਦੇ ਹਨ ਅਤੇ ਉਸ ਪ੍ਰਸੰਗ ਨੂੰ ਸ੍ਰੀ ਦਸਮੇਸ਼ ਜੀ ਤਰਤੀਬ ਦਿੰਦੇ ਹਨ। ਇਕ ਪਾਸੇ ਬੜਾ ਬਲੀ ਮਨ ਰਾਜਾ ਹੈ, ਪਰ ਉਸ ਦੇ ਦੋ ਜਰਨੈਲ ਹਨ ਬਬੇਕ ਤੈ ਅਬਬੇਕ। ਬਬੇਕ ਆਪ ਬੜਾ ਬਲਵਾਨ ਹੈ ਪਰ ਇਸ ਦੀ ਫੌਜ ਛੋਟੀ ਹੈ ਜਿਸ ਵਿਚ ਚਮਕ ਦਮਕ ਨਹੀਂ ਹੈ, ਦੂਜੇ ਪਾਸੇ ਅਬਬੇਕ ਹੈ, ਉਸ ਦੇ ਪਾਸ ਸਾਰੇ ਪਦਾਰਥਾਂ ਤੇ ਵਾਜਿਆਂ ਦਾ ਚਮਤਕਾਰ ਹੈ। ਜੋ ਮਨ ਨੂੰ ਆਪਣੇ ਨਾਲ ਖਿਚ ਲੈਂਦਾ ਹੈ। ਜੇਕਰ ਉਥੇ ਬਬੇਕ ਦਾ ਪਹਿਰਾ ਹੋਵੇ ਤਾਂ ਅਬਬੇਕ ਦਾ ਬਲ ਚਲ ਨਹੀਂ ਸਕਦਾ, ਪਰ ਅਬਬੇਕ ਦੇ ਸਾਥੀ ਜਿਵੇਂ ਕਿ ਦੋਵੇਂ ਇਕੋ ਮਾਂ ਦੇ ਪੁਤ੍ ਹਨ ਅਤੇ ਦੋਵੈਂ ਬੜੇ ਸੂਰਮੇ ਬਹਾਦੁਰ ਨੇ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਵੈਰ, ਮੂਰਖਤਾ ਆਲਸ, ਅਗਿਆਨ ਕਰੂਰਤਾ, ਇਹ ਸਭ ਅਬਬੇਕ ਦੀ ਸੈਨਾਂ ਹੈ ਜੋ ਮਨ ਦੀ ਅਗਵਾਈ ਕਰਦੇ ਹਨ। ਦੂਜੇ ਪਾਸੇ ਬਬੇਕ ਦੇ ਨਾਲ ਗਿਆਨ, ਧਰਮ ਆਚਾਰ, ਸ਼ਾਂਤੀ, ਖਿਮਾਂ ਆਦਿਕ ਹਨ । ਇਹਨਾਂ ਦੀ ਚੜ੍ਹਤ ਹੈ, ਇਹਨਾਂ ਦੇ ਅਵਾਹਨਾ ਦਾ ਕੀ ਰੂਪ ਰੰਗ ਹੈ, ਇਹਨਾਂ ਦੀ ਲੜਾਈ ਕਿਵੇਂ

Digitized by Panjab Digital Library | www.panjabdigilib.org

ਹੁੰਦੀ ਹੈ, ਇਹਨਾਂ ਦੇ ਅਵਾਹਨ ਕੀ ਹਨ, ਇਹ ਇਕ ਲੰਮਾ ਪਰਸੰਗ ਹੈ, ਜੋ ਟੀਕੇ ਤੋਂ ਬਿਨਾ ਹੋਰ ਕੋਈ ਨਹੀਂ ਜਾਣ ਸਕਦਾ । ੧੬੮ ਅੰਕ ਸਫਾ ੬੮੬ ਤੋਂ ਅਰੰਭ ਕਰ ਕੇ ਅੰਕ ੩੪੫ ਅਤੇ ਸਫਾ ੭੦੮ ਤਕ ਚਲਦਾ ਹੈ। ਜੇ ਸਾਰਾ ਲਿਖਾਂ ਤਾਂ ਇਕ ਪੁਸਤਕ ਇਹੋ ਰੂਪਵਾਨ ਹੋ ਜਾਂਦੀ ਹੈ। ਜਿਸ ਦੇ ਅਗੇ ਪਾਰਸ ਨੂੰ ਭੀ ਗੋਡੇ ਟੇਕਣੇ ਪਏ ਅਤੇ ਮੰਨਣਾ ਪਿਆ ਕਿ ਮੈਂ ਇਹਨਾਂ ਨੂੰ ਨਹੀਂ ਜਿਤ ਸਕਿਆ। ਇਸ ਲਈ ਹੁਣ ਮੇਰਾ ਸੰਸਾਰ ਵਿਚ ਜੀਉਣ ਨੂੰ ਧਿਰਕਾਰ ਹੈ ਅਤੇ ਇਉਂ ਨਿਰਾਸਤਾ ਨਾਲ ਰਿਸ਼ੀ ਅਗੇ ਢਹਿ ਕੇ ਬੋਲਦਾ ਹੈ।

ਜੌ ਇਨ ਜੀਤਿ ਸਕੌ ਨਹ ਭਾਈ ॥ ਤਉ ਮੈ ਜਰਉ ਚਿਤਾਹਿ ਜਰਾਈ ॥
ਮੈ ਇਨ ਕਹਿ ਮੁਨ ਜੀਤ ਨ ਸਾਕਾ ॥ ਅਬ ਮੁਹ ਬਲ ਪੌਰਖ ਸਬ ਥਾਕਾ ॥ ੧੨੨ ॥ ੩੪੯॥
ਐਸ ਭਾਂਤ ਮਨ ਬੀਚ ਬਚਾਰਾ ॥ ਪ੍ਰਗਟ ਸਭਾ ਸਭ ਸੁਨਤ ਉਚਾਰਾ ॥
ਮੈ ਬਡ ਭੂਪ ਬਡੇ ਬਰਿਆਰੂ ॥ ਮੈ ਜੀਤਯੋ ਇਹ ਸਭ ਸੰਸਾਰੂ ॥ ੧੨੩ ॥੩੫੦॥
ਜਿਨਿ ਮੋਕੋ ਇਹ ਬਾਤ ਬਤਾਈ ॥ ਤਿਨ ਕਉ ਜਾਨੁ ਠਗਾਉਰੀ ਲਾਈ ।
ਦੇ ਦੈਬੀਰ ਬਡੇ ਬਰਿਆਰਾ ॥ ਇਨ ਜੀਤੇ ਜੀਤੋ ਸੰਸਾਰਾ ॥ ੧੨੪ ॥੩੫੧॥

ਇਹ ਏਨੀਆਂ ਮਿਸਾਲਾਂ ਦੇ ਕੇ ਸਾਨੂੰ ਗੁਰੂ ਜੀ ਨੇ ਇਕ ਪਤੇ ਦੀ ਗਲ ਦਸੀ ਹੈ, ਕਿ ਉਸ ਵੇਲੇ ਪਾਰਸ ਨਾਥ ਨੇ ਅੰਤ ਵਿਚ ਇਉਂ ਕਿਹਾ ਸੀ ਕਿ ਜੇਕਰ ਮੈਂ ਇਹਨਾਂ ਸੂਰਮਿਆਂ ਬਬੇਕ ਤੇ ਅਬਬੇਕ (ਗਿਆਨ ਤੇ ਅਗਿਆਨ) ਨੂੰ ਨਹੀਂ ਜਿਤ ਸਕਦਾ ਤਾਂ ਮੇਰਾ ਜਿਉਣਾ ਬੇਅਰਥ ਹੈ ਅਤੇ ਮੇਰਾ ਜ਼ੋਰ ਸ਼ਕਤਿ ਨਿਕਾਰੇ ਹਨ । ਆਪਣੇ ਮਨ ਵਿਚ ਸੋਚ ਕੇ ਸਾਰੀ ਸਭਾ ਦੇ ਵਿਚ ਲਲਕਾਰ ਕੇ ਕਹਿ ਦਿਤਾ ਸੀ ਕਿ ਬੇਸ਼ਕ ਮੈਂ ਬਹੁਤ ਵਡਾ ਬਾਦਸ਼ਾਹ ਸੀ, ਬਹੁਤ ਬਹਾਦਰ ਸੀ, ਜਿਸ ਨੇ ਸਾਰੇ ਸੰਸਾਰ ਨੂੰ ਜਿਤ ਲਿਆ ਸੀ। ਪਰ ਜਿਸ ਨੇ ਮੇਨੂੰ ਇਸ ਪਾਸੇ ਦੀ ਸਲਾਹ ਦਿਤੀ ਉਸਨੇ ਮੈਨੂੰ ਬੜਾ ਧੋਖਾ ਦਿਤਾ। ਹੁਣ ਮੈਨੂੰ ਪਤਾ ਲਗਾ ਹੈ ਕਿ ਬਿਬੇਕ ਤੇ ਅਬਬੇਕ ਇਹ ਦੋਵੇਂ ਸੂਰਮੇ ਬਹੁਤ ਬੜੇ ਜੋਧੇ ਹਨ, ਜਿਸ ਨੇ ਇਹਨਾਂ ਨੂੰ ਜਿਤ ਲਿਆ ਉਹਨਾਂ ਨੇ ਸਾਰੇ ਜਗਤ ਨੂੰ ਹੀ ਜਿਤ ਲਿਆ ਹੈ। ਦਸੋ ਇਸ ਵਿਚ ਕਿਹੜੀ ਗਲ ਝੂਠੀ ਜਾਂ ਓਪਰੀ ਹੈ, ਗੁਰਬਾਣੀ ਦੇ ਐਨ ਅਨਕੂਲ ਹੈ, ਮਹਾਂਵਾਕ ਹੈ (ਮਨ ਜੀਤੇ ਜਗ ਜੀਤ) ਬਸ ਇਉਂ ਉਹ ਪਾਰਸ ਨਾਥ ਜਟਾ ਧਾਰੀ ਜੋਗੀਆਂ ਨੂੰ ਮੁਕਾ ਕੇ ਸੰਸਾਰ ਭਰ ਨੂੰ ਜਿਤਕੇ, ਦੁਨੀਆਂ ਭਰ ਦੇ ਪਦਾਰਥ ਇਕੱਠੇ ਕਰ ਕੇ ਅੰਤ ਆਪਣੀ ਚਿਖਾ ਆਪ ਬਣਾ ਕੇ, ਇਸ਼ਨਾਨ ਕਰਕੇ, ਅਗਨ ਭੇਟ ਹੋ ਕੇ ਸੁਆਹ ਦੀ ਚੁਟਕੀ ਬਣ ਕੇ ਰਹਿ ਗਿਆ ਅਤੇ ਸਭ ਰਾਜ ਭਾਗ ਜਿਉਂ ਦਾ ਤਿਉਂ ਛਡ ਕੇ ਕਿਨਾਰਾ ਕਰ ਗਿਆ। ਹੁਣ ਸਾਰੇ ਅਵਤਾਰਾਂ ਤੇ ਰਾਜਿਆਂ ਮਹਾਂਰਾਜਿਆਂ ਦੇ ਜੀਵਨ ਨੂੰ ਦਿਖਾ ਕੇ ਸ਼ਹਿਨਸ਼ਾਹ ਆਲਮ ਸਚ ਦੇ ਮੁਜਸਮ ਸ੍ਰੀ ਦਸਮੇਸ਼ ਜੀ ਆਪਣੇ ਵਲੋਂ ਆਦੇਸ਼ ਦਿੰਦੇ ਹਨ। ਜਿਸ ਦੇ ਵਿਚ ਉਪ੍ਰੋਕਤ ਕਥਾ ਦਾ ਮੂਲ ਨਿਚੋੜ ਹੈ ਅਤੇ ਜਿਸ ਪ੍ਰਯੋਜਨ ਲਈ ਇਹ ਪ੍ਰਸੰਗ ਲਿਖੇ ਹਨ ਉਹਨਾਂ ਦਾ ਸਿਧਾਂਤ ਤੇ ਪ੍ਰਮਾਰਥ ਉਘੇੜਿਆ ਹੈ।

੯-ਸਭ ਤੋਂ ਪਹਿਲੇ ੧ ਓ ਸਤਿਗੁਰ ਪ੍ਰਸਾਦਿ ॥ ਫੇਰ ਰਾਮਕਲੀ ਪਾਤਸ਼ਾਹੀ ੧੦ ॥ ਲਿਖਿਅ ਹੋਇਆ ਹੈ। ਅਗੇ ਲਿਖਦੇ ਹਨ-

ਰੇ ਮਨ ਐਸੋ ਕਰ ਸੰਨਿਆਸਾ ॥ ਬਨ ਸੇ ਸਦਨ ਸਬੈ
ਕਰਿ ਸਮਝਹੁ ਮਨ ਹੀ ਮਾਹਿ ਉਦਾਸਾ ॥ ੧ ॥ ਰਹਾਉ ॥

ਜੇ ਸੰਨਿਆਸ ਧਾਰਨ ਕਰਨਾ ਹੈ ਤਾਂ ਇਹ ਸ਼ਬਦ ਹਜ਼ਾਰਿਆਂ ਦਾ ਪਹਿਲਾ ਸ਼ਬਦ ਹੈ, ਇਸ ਨੂੰ ਪੜ੍ਹ

Digitized by Panjab Digital Library | www.panjabdigilib.org

ਲਉ ਤੇ ਸੰਨਿਆਸੀ ਘਰ ਬੈਠੇ ਬਣ ਸਕਦੇ ਹੋ, ਜੇ ਕਰ ਜੋਗੀ ਬਨਣਾ ਚਾਹੁੰਦੇ ਹੋ ਤਾਂ ਇਹ ਦੂਸਰਾ ਸ਼ਬਦ- **ਰੇ ਮਨ ਇਹ ਬਿਧ ਜੋਗ ਕਮਾਓ ॥** ਪੜ੍ਹ ਕੇ ਅਮਲ ਕਰੋ, ਪੂਰਨ ਜੋਗੀ ਬਣ ਜਾਓਗੇ । ਜੇਕਰ ਚਰਨੀਂ ਲਗਣਾ ਚਾਹੁੰਦੇ ਹੋ ਤਾਂ ੩ ਸ਼ਬਦ-"**ਪ੍ਰਾਨੀ ਪਰਮ ਪੁਰਖ ਪਗ ਲਾਗੋ**" ਨੂੰ ਪੜ੍ਹ ਲਵੋ । ਜੇਕਰ ਅਰਦਾਸ ਰੂਪ ਸ਼ਬਦ ਪੜ੍ਹਨਾ ਚਾਹੋ ਤਾਂ ਚੌਥਾ ਸ਼ਬਦ-"**ਤੋ ਕਹ ਲਾਜ ਹਮਾਰੀ**" । ਜੇਕਰ ਮਾਨਯੋਗ ਦੇਵਤਾ ਦੀ ਚੋਣ ਕਰਨੀ ਹੈ ਤਾਂ-'**ਬਿਨ ਕਰਤਾਰ ਨ ਕਿਰਤਮ ਮਾਨੋ**" ਪੜ੍ਹ ਲਓ । ਜੇ ਆਪਣੇ ਮਿਤ੍ਰ ਵਾਹਿਗੁਰੂ ਨਾਲ ਸੁਰਤ ਨੂੰ ਜੋੜਕੇ ਆਪਣਾ ਕੁਝ ਹਾਲ ਬਿਆਨ ਕਰਨਾ ਹੈ ਤਾਂ-"**ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ॥**" ਜੇ ਦਸਮੇਸ਼ ਜੀ ਤੋਂ ਉਪਦੇਸ਼ ਲੈਣਾ ਚਾਹੁੰਦੇ ਹੋ ਤਾਂ "ਕੇਵਲ ਕਾਲਈ ਕਰਤਾਰ" ਜੇਕਰ ਅਕਾਲ ਪੁਰਖ ਦੀ ਉਚਤਾ ਨੂੰ ਜਾਨਣਾ ਹੈ ਤਾਂ-"**ਸੋ ਕਿਮੁ ਮਾਨਸ ਰੂਪ ਕਹਾਏ**" ਪੜ੍ਹ ਲਓ । ਜੋ ਦਸਵੇਂ ਸ਼ਬਦ ਤਕ ਇਸੇ ਵਿਸ਼ੇ ਤੇ ਉਪਦੇਸ਼ ਦਿਤਾ ਹੈ। ਕਿਥੇ ਭਾਈ ਭਾਗ ਸਿੰਘ ਇਹਨਾਂ ਸ਼ਬਦ ਹਜ਼ਾਰਿਆਂ ਨੂੰ ਹੀਰ ਰਾਂਝੇ ਦਾ ਰੋਣਾ ਲਿਖਦੇ ਹਨ। ਸਚ ਹੀ ਹੈ ਜਦੋਂ ਦਿਨ ਮੰਦੇ ਆ ਜਾਣ ਤਾਂ ਬੁਧ ਮਾਰੀ ਜਾਂਦੀ ਹੈ । ਇਹ ਸ਼ਬਦ ਹਜ਼ਾਰੇ ਸੁੰਦਰ ਗੁਟਕੇ ਤੇ ਕਈ ਨਿਤਨੇਮ ਵਿਚ ਵੀ ਮਿਲ ਸਕਦੇ ਹਨ, ਬੁਧੀਮਾਨ ਵੀਰ ਇਹਨਾਂ ਨੂੰ ਪੜ੍ਹਕੇ ਸ੍ਰੀ ਦਸਮੇਸ਼ ਜੀ ਦੇ ਅਮੁਲੇ ਰਤਨ ਹਾਸਲ ਕਰ ਸਕਦੇ ਹਨ ।

੧੦-ਇਸ ਤੋਂ ਅਗੇ ਪੰ· ੭੧੨ ਪਰ ੩੩ ਸਵਯੇ ਅਰੰਭ ਹੁੰਦੇ ਹਨ ਜੋ ਪੜ੍ਹਨ ਨਾਲ ਸਬੰਧ ਰਖਦੇ ਹਨ ਅਰ ਉਥੇ ਭੀ ਆਪ ਦੀ ਛਾਪ ਪਹਿਲੇ ੧ ਓ ਸਤਿਗੁਰ ਪ੍ਰਸਾਦਿ ਲਿਖਿਆ ਹੈ । ਫੇਰ ਸ੍ਰੀ ਮੁਖਵਾਕ ਪਾਤਸ਼ਾਹੀ ੧੦ ॥ ਸਵੈਯਾ ॥

ਜਾਗਤ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥

ਜੇਕਰ ਗੋਰਾਂ ਵਿਚ ਨੰਗਿਆਂ ਨਚਣ ਵਾਲੇ ਭੰਗੀ ਪੋਸਤੀ ਸ਼ਰਾਬੀ, ਮਹਾਂ ਕਾਲ ਕਵੀ ਲਿਖਾਰੀ ਹੁੰਦਾ ਤਾਂ ਉਹ ਇਹ ਬਾਣੀ ਕਿਵੇਂ ਲਿਖ ਸਕਦਾ ਸੀ । ਕ੍ਰਿਪਾ ਕਰਕੇ ਇਹਨਾਂ ੩੩ ਸਵੈਯਾਂ ਦਾ ਪਾਠ ਕਰ ਲੌ ਤੁਸੀਂ ਚਾਹੋਗੇ ਕਿ ਇਹ ਬਾਣੀ ਅਸੀਂ ਨਿਤਨੇਮ ਵਿਚ ਸ਼ਾਮਲ ਕਰਕੇ ਰੋਜ਼ ਹੀ ਪੜ੍ਹਿਆ ਕਰੀਏ । ਅਫਸੋਸ ਕਿ ਅਸੀਂ ਇਸ ਖਜ਼ਾਨੇ ਦੀ ਬੇ ਪਰਵਾਹੀ ਕਰਕੇ ਦਲਿਦਰੀ ਭੁਖਿਆਂ ਦੇ ਟੋਲੇ ਦੇ ਸਾਥੀ ਹੋ ਕੇ ਰਹਿ ਗਏ ਹਾਂ ਤੇ ਨੰਗ ਭੁਖ ਦੇ ਸ਼ਿਕਾਰ ਹੋ ਗਏ ਹਾਂ । ਇਸ ਅਵੇਸਲਾ ਪਨ ਤੋਂ ਹੁਣ ਸਾਨੂੰ ਸੁਚੇਤ ਹੋ ਜਾਣਾ ਚਾਹੀਦਾ ਹੈ । ਜਿਸ ਦੀ ਦੈਂਤਾਂ ਤੇ ਭਗਤਾਂ ਦੀ ਤੇ ਕਾਲ ਦੀ ਗਵਾਹੀ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਪੂਰੀ ਪੂਰੀ ਮਿਲਦੀ ਹੈ ।

ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ॥ ਆਤਮੁ ਚੀਨੇ ਸੁ ਤਤ ਬੀਚਾਰੇ ॥੮॥
ਸਾਚੁ ਰਿਦੈ ਸਚੁ ਪ੍ਰੇਮ ਨਿਵਾਸ ॥ ਪ੍ਰਣਵਤਿ ਨਾਨਕੁ ਹਮ ਤਾਕੇ ਦਾਸ ॥
੯ ॥ ੮ ॥ ਗਉੜੀ ਮਹਲਾ ੧ ॥ ਬ੍ਰਹਮੇ ਗਰਬੁ ਕੀਆ ਨਹੀ ਜਾਨਿਆ ॥
ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥ ਜਹ ਪ੍ਰਭ ਸਿਮਰੇ ਤਹੀ ਮਨ
ਮਾਨਿਆ ॥ ਐਸਾ ਗਰਬੁ ਬੁਰਾ ਸੰਸਾਰੇ ॥ ਜਿਸੁ ਗੁਰੁ ਮਿਲੈ ਤਿਸੁ
ਗਰਬੁ ਨਿਵਾਰੇ ॥ ੧ ॥ ਰਹਾਉ ॥ ਬਲਿ ਰਾਜਾ ਮਾਇਆ ਅਹੰਕਾਰੀ ॥
ਜਗਨ ਕਰੈ ਬਹੁ ਭਾਰ ਅਫਾਰੀ ॥ ਬਿਨ ਗੁਰ ਪੂਛੇ ਜਾਇ ਪਇਆਰੀ ॥
੨ ॥ ਹਰੀ ਚੰਦੁ ਦਾਨੁ ਕਰੈ ਜਸ ਲੇਵੈ ॥ ਬਿਨ ਗੁਰ ਅੰਤੁ ਨ ਪਾਇ

Digitized by Panjab Digital Library | www.panjabdigilib.org

ਅਭੇਵੈ ॥ ਆਪਿ ਭੁਲਾਇ ਆਪੇ ਮਤਿ ਦੇਵੈ ॥ ੩ ॥ ਦੁਰਮਤਿ ਹਰਣਾਖਸੁ ਦੁਰਾਚਾਰੀ ॥ ਪ੍ਰਭ ਨਾਰਾਇਣ ਗਰਬ ਪ੍ਰਹਾਰੀ ॥ ਪ੍ਰਹਲਾਦ ਉਧਾਰੇ ਕਿਰਪਾਧਾਰੀ ॥ ੪ ॥ ਭੂਲੇ ਰਾਵਣ ਮੁਗਧੁ ਅਚੇਤਿ ॥ ਲੂਟੀ ਲੰਕਾ ਸੀਸ ਸਮੇਤਿ ॥ ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥ ੫ ॥ ਸਹਸ ਬਾਹੁ ਮਧੁਕੀਟ ਮਹਿਖਾਸਾ ॥ ਹਰਣਾਖਸੁ ਲੇ ਨਖਹੁ ਬਿਧਾਸਾ ॥ ਦੈਂਤ ਸੰਘਾਰੇ ਬਿਨੁ ਭਗਤਿ ਅਭਿਆਸਾ ॥ ੬ ॥ ਜਰਾਸੰਧਿ ਕਾਲ ਜਮਨ ਸੰਘਾਰੇ ॥ ਰਕਤ ਬੀਜ ਕਾਲ ਨੇਮ ਬਿਦਾਰੇ ॥ ਦੈਤ ਸੰਘਾਰਿ ਸੰਤ ਨਿਸਤਾਰੇ ॥ ੭ ॥ ਆਪੇ ਸਤਿਗੁਰ ਸਬਦੁ ਬੀਚਾਰੇ ॥ ਦੂਜੈ ਭਾਇ ਦੈਤ ਸੰਘਾਰੇ ॥ ਗੁਰਮੁਖਿ ਸਾਚਿ ਭਗਤਿ ਨਿਸਤਾਰੇ ॥ ੮ ॥ ਬੂਡਾ ਦੁਰਜੋਧਨੁ ਪਤਿ ਖੋਈ ॥ ਰਾਮੁ ਨ ਜਾਨਿਆ ਕਰਤਾ ਸੋਈ ॥ ਜਨ ਕਉ ਦੂਖਿ ਪਚੈ ਦੁਖ ਹੋਈ ॥ ੯ ॥ ਜਨਮੇਜੈ ਗੁਰ ਸਬਦੁ ਨ ਜਾਨਿਆ ॥ ਕਿਉ ਸੁਖੁ ਪਾਵੈ ਭਰਮ ਭੁਲਾਨਿਆ ॥ ਇਕ ਤਿਲ ਭੂਲੇ ਬਹੁਰਿ ਪਛੁਤਾਨਿਆ ॥ ੧੦ ॥ ਕੰਸੁ ਕੇਸੁ ਚਾਂਡੂਰੁ ਨ ਕੋਈ ॥ ਰਾਮੁ ਨ ਚੀਨਿਆ ਅਪਨੀ ਪਤਿ ਖੋਈ ॥ ਬਿਨੁ ਜਗਦੀਸ ਨ ਰਾਖੈ ਕੋਈ ॥ ੧੧ ॥

ਇਹ ਸਾਰੇ ਹੀ ਨਾਮ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਵਿਚ ਗਿਣ ਕੇ ਪੂਰੇ ਕਰ ਲਓ। ਜਿਨ੍ਹਾਂ ਨੂੰ ਆਪ ਨੇ ਖੋਲ ਕੇ ਪਰੇ ਵੇਰਵੇ ਨਾਲ ਸਮਝਾਇਆ ਹੈ।

੧੧-ਭਾਵ ਕਿ ਸੰਤਾਂ ਦੇ ਪਿਆਰ ਤੇ ਰਹਿਣ ਲਈ ਹੀ ਪ੍ਰਭੂ ਨੇ ਤਿੰਨਾਂ ਲੋਕਾਂ ਦੀ ਰਚਨਾ ਕੀਤੀ ਹੈ ਪਰ ਜਦੋਂ ਕੋਈ (ਆਤਮ ਰਾਮ ਨਿਹਾਰਿਆ) ਦੇ ਮਹਾਂ ਵਾਕ ਅਨੁਸਾਰ ਆਤਮਾ ਨੂੰ ਦੇਖ ਭਾਵ ਜਾਣ ਲੈਂਦਾ ਹੈ ਉਹ ਇਸ ਤੱਤ ਦੀ ਵਿਚਾਰ ਭੀ ਹਾਸਲ ਕਰ ਲੈਂਦਾ ਹੈ ਅਰ ਉਸ ਦੇ ਹਿਰਦੇ ਵਿਚ ਸਚ ਦਾ ਤੇ ਪ੍ਰੇਮ ਦਾ ਵਾਸਾ ਹੋ ਜਾਂਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਇਹੋ ਜਿਹੇ ਪੁਰਸ਼ਾਂ ਦੇ ਤਾਂ ਅਸੀਂ ਭੀ ਦਾਸ ਹਾਂ।

ਸ਼ਬਦ ਬਹੁਤ ਵਡਾ ਹੈ, ਪਰ ਇਸੇ ਤੋਂ ਤਖਮੀਨਾ ਲਾਇਆ ਜਾ ਸਕਦਾ ਹੈ ਕਿ ਗੁਰਬਾਣੀ ਵਿਚ ਇਹ ਅਨੇਕਾਂ ਹੀ ਇਤਿਹਾਸਕ ਟੂਕਾਂ ਦਿਤੀਆਂ ਹੋਈਆਂ ਹਨ, ਪਰ ਇਸ ਨਾਲ ਅਸੀਂ ਕਿਵੇਂ ਸਮਝ ਸਕਦੇ ਹਾਂ ਕਿ ਇਹ ਇਤਿਹਾਸ ਕਿਵੇਂ ਬੀਤਿਆ ਸੀ। ਥ੍ਰਹਮਾ ਜੀ ਨਾਲ ਕੀ ਵਰਤੀ ਸੀ ਅਤੇ ਬਲ ਰਾਜੇ ਦਾ ਇਤਿਹਾਸ ਕਿਵੇਂ ਹੈ, ਹਰਣਾਖਸ਼ ਤੇ ਪ੍ਰਹਲਾਦ ਨਾਲ ਕੀ ਬੀਤੀ, ਰਾਵਣ ਦਾ ਸਿਰ ਤੇ ਲੰਕਾ ਕਿਵੇਂ ਗਈ, ਸਹੰਸਰ ਬਾਹੂ ਕੌਣ ਸੀ, ਮਧ ਕੀਟਬ ਨਾਮ ਦੈਂਤਾਂ ਨੇ ਕੀਤਾ ਸੀ। ਜਰਾਸਿੰਧ ਕੌਣ ਹੋਇਆ ਹੈ ? ਕਾਲ ਜਮਨ ਕਿਸ ਨੇ ਮਾਰਿਆ ਸੀ ? ਦੁਰਜੋਧਨ ਦਾ ਕੀ ਇਤਿਹਾਸ ਹੈ, ਕੰਸ ਤੇ ਚੰਡੂਰ ਆਦਿ ਨਾਲ ਕੀ ਵਰਤੀ ? ਇਹਨਾਂ ਦੇ ਉਤਰ ਸਾਨੂੰ ਗੁਰਬਾਣੀ ਨਹੀਂ ਦਿੰਦੀ, ਕਿਉਂਕਿ ਉਹ ਤਾਂ ਟੂਕ ਮਾਤ੍ਰ ਹੀ ਦਸਦੀ ਹੈ। ਇਹਨਾਂ ਦੀ ਜਾਣਕਾਰੀ ਜਾਂ ਤਾਂ ਸਾਨੂੰ ਵੇਦਾਂ ਜਾਂ ਪੁਰਾਣਾਂ ਤੋਂ ਮਿਲ ਸਕਦੀ ਹੈ। ਜੋ ਬਹੁਤ ਵਿਸਥਾਰ ਵਿਚ ਨੇ, ਨਾਲੇ ਸਾਨੂੰ ਉਹਨਾਂ ਦੇ ਪੜ੍ਹਨ ਦਾ ਅਭਿਆਸ ਵੀ ਨਹੀਂ ਰਿਹਾ। ਇਹ ਸਭ ਕੁਝ ਦਸਣ ਲਈ ਸ੍ਰੀ ਦਸਮੇਸ਼ ਜੀ ਨੇ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਰਚਿਆ ਹੈ ਜੋ ਐਸੇ ਅਜੀਬ ਢੰਗ ਨਾਲ ਲਿਖਿਆ ਗਿਆ ਹੈ ਕਿ ਬਹੁਤ ਥੋੜੇ ਸ਼ਬਦਾਂ ਵਿਚ ਬਹੁਤ ਵਡੇ ਇਤਿਹਾਸ ਤੇ ਚਾਨਣ ਪਾਉਂਦਾ ਹੈ। ਜੇਕਰ ਸਚ ਪੁਛੋ ਤਾਂ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਆਦਿ ਗ੍ਰੰਥ ਸਾਹਿਬ ਦਾ ਹੀ ਤਰਜਮਾ ਹੈ, ਪਰ ਪੜ੍ਹਨ ਲਈ ਸਮਾਂ

Digitized by Panjab Digital Library | www.panjabdigilib.org

ਤੇ ਬੁਧੀ ਨੂੰ ਖੇਚਲ ਦੇਣੀ ਪੈਂਦੀ ਹੈ । ਇਹ ਪਾਠਕ ਜਨ ਵਿਚਾਰ ਕੇ ਦਸਣ ਕਿ ਇਹ ਸਾਕਤ ਮਤ ਦੀ ਬਾਣੀ ਕਿਵੇਂ ਹੋਈ ? ਇਸ ਨੂੰ ਸੋਚੋ ਸਮਝੋ ਤੇ ਵਿਚਾਰੋ ।

ਰਾਜੇ ਧਰਮ ਕਰਹਿ ਪਰਥਾਏ ॥ ਆਸਾ ਬੰਧੇ ਦਾਨ ਕਰਾਏ ॥
ਰਾਮ ਨਾਮ ਬਿਨੁ ਮੁਕਤਿ ਨ ਹੋਈ ਥਾਕੇ ਕਰਮ ਕਮਾਈ ਹੇ ॥
[ਸ: ੧੦੨੪ ॥ ਮਹਲਾ ੧ ॥

ਬਸ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਨੂੰ ਸ੍ਰੀ ਦਸਮੇਸ਼ ਜੀ ਨੇ ਮੁਕੰਮਲ ਕੀਤਾ ਹੈ ।

ਮਾਨਵ ਇੰਦ੍ਰ ਗਜਿੰਦ੍ਰ ਨਰਾਧਪ ਜੌਨ ਤ੍ਰਿਲੋਕ ਕੋ ਰਾਜ ਕਰੈਂਗੇ ॥
ਕੋਟਿ ਇਸਨਾਨ ਗਜਾਦਿਕ ਦਾਨ ਅਨੇਕ ਸੁਅੰਬਰ ਸਾਜ ਬਰੈਂਗੇ ॥
ਬ੍ਰਹਮ ਮਹੇਸਰ ਬਿਸਨ ਸਚੀ ਪਤਿ ਅੰਤ ਫਸੇ ਜਮ ਫਾਸ ਪਰੈਂਗੇ ॥
ਜੇ ਨਰ ਸ੍ਰੀ ਪਤਿ ਕੇ ਪ੍ਰਸ ਹੈਂ ਪਗ ਤੇ ਨਰ ਫੇਰ ਨ ਦੇਹ ਧਰੈਂਗੇ ॥
[ਸ੍ਰਯਾ ਪਾਤਸ਼ਾਹੀ ੧੦ ॥

ਜਿਹੜਾ ਇਹ ਕਿਹਾ ਜਾਂਦਾ ਹੈ ਕਿ ਬੇਦ ਪੁਰਾਨ ਸਾਰੇ ਮਿਥਿਹਾਸ ਹੈ, ਇਹਨਾਂ ਦਾ ਜ਼ਿਕਰ ਹੀ ਨਹੀਂ ਕਰਨਾ, ਜਿਸ ਗ੍ਰੰਥ ਵਿਚ ਇਹਨਾਂ ਦਾ ਜ਼ਿਕਰ ਆ ਜਾਵੇ ਉਸੇ ਨੂੰ ਨਾ ਪ੍ਰਮਾਣਕ ਤੇ ਝੂਠਾ ਕਿਹਾ ਜਾਂਦਾ ਹੈ, ਜਿਸ ਨਾਲ ਗੁਰਬਾਣੀ ਭੀ ਝੂਠੀ ਹੁੰਦੀ ਹੈ, ਕਿਉਂਕਿ ਗੁਰਬਾਣੀ ਵਿਚ ਤਾਂ ਅੰਤ ਹੀ ਨਹੀਂ ਕਿਤਨੇ ਕੁ ਵੇਦਾਂ ਪੁਰਾਣਾਂ ਦੀਆਂ ਟੂਕਾਂ ਦਿਤੀਆਂ ਹੋਈਆਂ ਹਨ ਅਤੇ ਭਾਈ ਗੁਰਦਾਸ ਜੀ ਨੇ ਭੀ ਗੁਰਬਾਣੀ ਨੂੰ ਸਮਝਾਉਣ ਲਈ ਅਨਗਿਣਤ ਇਤਿਹਾਸਕ ਪੱਖ ਖੋਲ੍ਹ ਕੇ ਦਸਣ ਲਈ ਪਉੜੀਆਂ ਲਿਖੀਆਂ ਹਨ । ਜੇ ਅਸੀਂ ਗੁਰਬਾਣੀ ਨੂੰ ਭੀ ਸੱਚ ਨਹੀਂ ਮੰਨਦੇ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੋ ਉਪ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਅਤੇ ਭਾਈ ਗੁਰਦਾਸ ਜੀ ਜਿਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਹੈ, ਸੂਰਜ ਪ੍ਰਕਾਸ਼ ਜੋ ਸਾਡੇ ਸਤਿਕਾਰ ਯੋਗ ਗੁਰੂ ਸਾਹਿਬਾਂ ਦੀ ਜੋਤਿ ਦਾ ਪੂਰਾ ਇਤਿਹਾਸ ਹੈ, ਇਹਨਾਂ ਸਾਰਿਆਂ ਨੂੰ ਝੂਠੇ ਤੇ ਨਾ ਪ੍ਰਮਾਣਕ ਕਹਿਕੇ ਹੋਰ ਕਿਹੜੇ ਧਰਮ ਗ੍ਰੰਥ ਦੀ ਬਾਂਹ ਫੜਾਂਗੇ ? ਜਦੋਂ ਕਿ ਬਾਣੀ ਦਾ ਆਦੇਸ਼ ਹੈ–

ਪਰਮੇਸਰ ਕੇ ਦੁਆਰੈ ਜਿ ਹੋਇ ਬਤੀਤੈ ਸੁ ਨਾਨਕ ਆਖਿ ਸੁਣਾਵੈ ॥
[ਸ: ੩੧੩ ॥ ਮਹਲਾ ੫ ॥

ਤਾਂ ਫੇਰ ਇਸ ਬਾਣੀ ਵਿਚ ਜੋ ਭੀ ਸੰਕੇਤ ਮਿਲਦਾ ਹੈ ਉਸ ਨੂੰ ਮੰਨਿਆ ਕਿਉਂ ਨਾ ਜਾਵੇ ?

ਪਾਰਸ ਨਾਥ ਪ੍ਰ: ਸਮਾਪਤ ।

੧੧ ॥ ੭ ॥ ੨ ॥ ੧੭ ॥ ੩੨ ॥ ੧੩੯ ॥

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾਗ ੭ ॥ ਅਧਯਾ: ੨ ॥ ਅਲੋਚਨਾਤਮਕ ॥

ਸ਼੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੇ ਨਿਰਣੇ ਦਾ ਨਿਰਣਾ ॥ ਪ੍ਰਕਰਣ ਨੰ: ੧੮ ॥ ੩੩ ॥ ੧੪੦॥

ਸਸਤ੍ਰ ਨਾਮ ਮਾਲਾ

੧-ਇਸ ਤੋਂ ਪਹਿਲਾਂ ਸ੍ਰੀ ਦਸਮੇਸ਼ ਸੁਲਤਾਨੇ ਜਹਾਨ ਦੀ ਆਪਣੀ ਅਮਿਟ ਛਾਪ ੧ ਸ੍ਵੈਯਾ ਪੰਨਾ ੭੧੬ ਪਰ ਲਿਖਿਆ ਹੈ, ਜੋ ਕਟਿਆ ਨਹੀਂ ਜਾ ਸਕਦਾ, ਝੁਠਲਾਇਆ ਨਹੀਂ ਜਾਂਦਾ, ਨਿਸ਼ਾਨ ਸਾਹਿਬ ਵਾਂਗ ਸਸਤ੍ਰ ਨਾਮ ਮਾਲਾ ਤੋਂ ਪਹਿਲੇ ਹੀ ਅਸਮਾਨ ਵਿਚ ਝੂਲਦਾ ਦਿਖਾਈ ਦਿੰਦਾ ਹੈ । ਜਦ ਕਿ ਗੁਰੂ ਜੀ ਨੇ ਆਪਣੇ ਜੰਗ ਜੂ ਰੰਗੀਲੇ ਖਾਲਸੇ ਨੂੰ ਲੰਗਰ ਪਹਿਲੋਂ ਛਕਾ ਦਿਤਾ ਅਤੇ ਬਾਹਰੋਂ ਆਏ ਬ੍ਰਾਹਮਣਾਂ ਦੇ ਜਥੇ ਨੂੰ ਪਿਛੇ ਪਾ ਦਿਤਾ । ਜਿਸ ਲਈ ਪੰਡਤਾਂ ਵਿਚ ਬੜਾ ਰੋਸ ਫੈਲ ਗਿਆ ਕਿਉਂਕਿ ਬ੍ਰਾਹਮਣ ਹਮੇਸ਼ਾਂ ਪਹਿਲਾਂ ਖਾਣ ਗਿੱਝੇ ਹੋਏ ਸਨ, ਪਿਛੋਂ ਖਾਣ ਨਾਲ ਇਹ ਰਸੋਈ ਜੂਠੀ ਹੋਈ ਮੰਨਦੇ ਸਨ । ਇਸੇ ਲਈ ਉਹਨਾਂ ਦੇ ਆਗੂ ਨੇ ਗੁਰਦੇਵ ਜੀ ਅਗੇ ਆਪਣਾ ਗਿਲਾ ਰਖਿਆ ਸੀ, ਜਿਸ ਪਰ ਖਾਲਸੇ ਦੇ ਸਿਰਜਨਹਾਰ ਨੇ ਇਹ ਉੜ੍ਹ ਦਿਤਾ ਸੀ :-

ਸਵੈਯਾ ॥

ਜੁੱਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਸੋ ਦਾਨ ਕਰੇ ॥
ਅਘ ਓਘ ਟਰੇ ਇਨਹੀ ਕੇ ਪ੍ਰਸਾਦਿ ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ ॥
ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ ਇਨਹੀ ਕੀ ਕ੍ਰਿਪਾ ਸਭ ਸਤ੍ਰੁ ਮਰੇ ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀਂ ਮੋਸੇ ਗਰੀਬ ਕਰੋਰ ਪਰੇ ॥ ੨ ॥

ਸਵੈਯਾ ॥

ਸੇਵ ਕਰੀ ਇਨਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀ ਕੋ ॥
ਦਾਨ ਦਯੋ ਇਨਹੀ ਕੋ ਭਲੋ ਅਰੁ ਆਨ ਕੋ ਦਾਨ ਨ ਲਾਗਤ ਨੀਕੋ ॥
ਆਗੈ ਫਲੈ ਇਨਹੀ ਕੋ ਦਯੋ ਜਗ ਮੈ ਜਸੁ ਅਉਰ ਦਯੋ ਸਭ ਫੀਕੋ ॥
ਮੋ ਗ੍ਰਹ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ ॥੩॥

ਐ ਮੇਰੇ ਗੁਰਦੇਵ ਦੇ ਦੂਲੇ ਗੁਰਮੁਖ ਵੀਰੋ ! ਕੀ ਅਜ ਅਸੀਂ ਉਸ ਸਾਹਿਬ ਦੇ, ਜਿਸ ਨੇ ਸਾਨੂੰ (ਹਮ ਰੁਲਤੇ ਫਿਰਤੇ ਕੋਈ ਪਾਤ ਨਾ ਪੂਛਤਾ ਗੁਰ ਸਤਿਗੁਰ ਸੰਗ ਕੀਰੇ ਹਮ ਥਾਪੇ) ਦੇ ਮਹਾਂਵਾਕ ਅਨੁਸਾਰ ਜਦ ਕਿ ਸਾਨੂੰ ਕਾਫਰ ਕੁੱਤੇ ਕਿਹਾ ਜਾਂਦਾ ਸੀ, ਨੂੰ ਚੁਕ ਕੇ ਗਲ ਨਾਲ ਲਾ ਕੇ ਕਹਿੰਦਾ ਹੈ, (ਤਨ ਤੇ ਮਨ ਤੇ ਸਿਰ ਲਉ ਧਨ ਹੈ ਸਭ ਹੀ ਇਨਹੀ ਕੋ) ਕਹਿਣ ਵਾਲੇ ਤੇ ਸਭ ਕੁਝ ਤੇਰੀ ਭੇਟ ਚੜ੍ਹਾ ਦੇਣ ਵਾਲੇ ਦੀ ਦਰਦ ਧਾਨੀ ਦਾ ਇਹੀ ਸਿਲਾ ਦੇ ਰਿਹਾ ਹੈ ਕਿ ਉਸ ਦੀ ਬਾਣੀ ਨੂੰ, ਅਨ ਅਰਥ ਬਾਣੀ ਕਹਿੰਦਾ ਹੈ ਅਤੇ ਉਸ ਨੂੰ ਸਾਕਤ ਕਵੀ ਕਹਿਣ ਵਿਚ ਫਖਰ ਕਰਦਾ ਹੈ ਅਤੇ ਉਸਦੀ ਸ਼ਾਨ ਤੋਂ ਵਿਰੁਧ ਲਿਖਣ ਵਾਲੇ ਨੂੰ ਉਲਟਾ ਮਾਣ ਦਿੰਦਾ ਹੈ। ਕਿਥੇ ਹੈ ਸਾਡੀ ਸ਼ਰਮ, ਕਿਥੋਂ ਤਕ ਆ ਗਈ ਸਾਡੇ ਵਿਚ ਅਕ੍ਰਿਤਘਣਤਾ, ਕੀ ਕੱਲ ਅਸੀਂ ਜਰਵਾਣਿਆਂ

Digitized by Panjab Digital Library | www.panjabdigilib.org

ਅਗੇ ਕੀੜਿਆਂ ਮਕੌੜਿਆਂ ਵਾਂਗ ਰੁਲਦੇ ਨਹੀਂ ਸੀ ਫਿਰ ਰਹੇ, ਕੀ ਕੁਕੜਾਂ ਬਟੇਰਿਆਂ ਵਾਂਗ ਸਾਡੇ ਸਿਰ ਨਹੀਂ ਸੀ ਵਢੇ ਜਾਂਦੇ। ਕਬੂਤਰਾਂ ਵਾਂਗ ਸਾਡੀਆਂ ਮਾਵਾਂ ਭੈਣਾਂ ਨੂੰ ਨਹੀਂ ਸੀ ਫੜ ਲਿਆ ਜਾਂਦਾ । ਕੀ ਅਜ ਅਸੀਂ ਉਸੇ ਖਾਲਸੇ ਦੇ ਸਿਰਜਕ ਨੂੰ ਇਹੋ ਪਿਆਰ ਭੇਟ ਕਰ ਰਹੇ ਹਾਂ।

ਸ੍ਰੀ ਮਾਨ ਡਾ: ਜੋਧ ਸਿੰਘ ਜੀ ਚੰਗੇ ਖੁਲ੍ਹੇ ਸ਼ਬਦਾਂ ਵਿਚ ਪਖਿਆਨ ਬਾਰੇ ਲਿਖਦੇ ਹਨ, ਜੋ ਬੋਰੀ ਵਿਚੋਂ ਇਕ ਚਿਮਚ ਸਾਮਾਨ ਪਾਠਕਾਂ ਦੀ ਭੇਟ ਹੈ। ਉਹ ਲਿਖਦੇ ਹਨ, ਕਿ ਕਈ ਵਿਦਵਾਨ (ਪਾਖਿਆਨ) ਚਰਿਤ੍ਰ ਰਚਨਾਤ ਦੇ ਆਧਾਰ ਤੇ ਕਹਿੰਦੇ ਹਨ ਕਿ ਇਸ ਦੇ (ਕਾਮ) ਉਦੀਪਤ ਕਰਨ ਵਾਲੇ (ਅਖਿਆਨ) ਅਤੇ ਭਤ ਸਬੰਧੀ ਤਥਾ ਕਥਤ ਅਸ਼ਲੀਲ ਸ਼ਬਦਾਵਲੀ ਇਸ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਨਾਲ ਜੋੜਨ ਵਿਚ ਕਾਫੀ ਵੱਡੇ ਸੰਦੇਹ ਦਾ ਕਾਰਨ ਹੈ । ਭਾਰਤ ਵਰਸ਼ ਵਿਚ ਹਜ਼ਾਰਾਂ ਸਾਲਾਂ ਤੋਂ ਭਿੰਨ ਭਿੰਨ ਤਰੀਕਿਆਂ ਨਾਲ ਕਾਮ (ਸੈਕਸ) ਦੇ ਵਿਰੁਧ ਸੰਘਰਸ਼ ਚਲਦਾ ਚਲਿਆ ਆ ਰਿਹਾ ਹੈ, ਅਨੇਕਾਂ ਲੱਖਾਂ ਕ੍ਰੋੜਾਂ ਤਪਸਵੀ, ਮੁਨੀ, ਸੰਨਿਆਸੀ ਹੋ ਗੁਜ਼ਰੇ ਪਰ ਸ਼ਾਇਦ ਹੀ ਕੋਈ ਇਕਾ ਦੁਕਾ (ਅਕਾਮ) ਨੂੰ ਪ੍ਰਾਪਤ ਕਰ ਸਕਿਆ ਹੋਵੇ।

ਅਗੇ ਡਾ: ਸਾ: ਨੇ ਕਾਮ ਦੀ ਫੋਟੋ ਖਿਚੀ ਹੈ ਤੇ ਉਸ ਦੇ ਰਾਜ ਨੂੰ ਕਈ ਤਸ਼ਬੀਹਾਂ ਦੇ ਕੇ ਦਸਿਆ ਹੈ, ਅੰਤ ਵਿਚ ਜੀਵਨ ਨੂੰ (ਸੰਤੁਲਿਤ) ਬਣਾਉਣ ਦੇ ਸੁਝਾ ਦੇ ਕੇ ਭਾਰਤੀ ਚਿੰਤਨ ਦੇ ਇਤਿਹਾਸ ਨੂੰ ਦਰਸਾਉਂਦੇ ਕਹਿੰਦੇ ਹਨ ਕਿ ਰਾਮ ਦੇ ਜੀਵਨ ਨੂੰ (ਚਰਿਤ੍ਰ) ਕਹਿੰਦੇ ਹਾਂ ਤੇ ਕ੍ਰਿਸ਼ਨ ਜੀਵਨ ਨੂੰ ਲੀਲਾ ਰੂਪ ਵਿਚ ਜਾਣਦੇ ਹਾਂ । ਰਾਮ-ਜੀਵਨ ਸਾਨੂੰ ਵਿਹਾਰਕ ਜੀਵਨ, ਮਰਿਆਦਾ, ਗੰਭੀਰਤਾ ਦੀ ਸਿਖਿਆ ਅਤੇ ਕ੍ਰਿਸ਼ਨ ਜੀਵਨ ਤੋਂ, ਸਹਿਜ ਰੂਪ ਵਿਚ, ਲੀਲਾ ਰੂਪ ਵਿਚ ਜੀਣ ਦੀ ਸਿਖਿਆ ਦਿੰਦਾ ਹੈ। ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ (ਚਰਿਤ੍ਰ ਪਖਿਆਨੇ) ਜੀਵਨ ਦੇ ਵਿਭਿੰਨ ਦ੍ਰਿਸ਼ਟੀਕੋਣਾਂ (ਦੁਸ ਸਾਹਿਕ) ਕਿਰਦਾਰਾਂ ਅਤੇ ਕਾਮ ਸ਼ਕਤੀ ਦੇ ਗੰਭੀਰ ਪਲਾਂ ਦੇ ਪ੍ਰਤੀ ਸਾਵਧਾਨ ਕ੍ਰਰਨ ਵਾਲੀ ਰਚਨਾ ਹੈ। ਜਿਸ ਨੂੰ ਉਪਯੋਗਤਾਵਾਦ ਨੂੰ ਧਿਆਨ ਵਿਚ ਰਖ ਕੇ ਲਿਖਿਆ ਗਿਆ ਹੈ । ਇਹ ਠੀਕ ਹੈ ਤ੍ਰਿਆ ਚਰਿਤ੍ਰਾਂ ਵਿਚ ਕਥਿਤ ਤੌਰ ਉਤੇ ਕੁਝ ਅਸ਼ਲੀਲ ਸ਼ਬਦਾਂ ਦੀ ਵਰਤੋਂ ਹੋਈ ਮੰਨੀ ਜਾਂਦੀ ਹੈ। ਪਰ ਇਹ ਅਸ਼ਲੀਲਤਾ ਵਿਚ ਵੀ, ਰੋਜ਼ ਸਿਨਮਿਆਂ ਅਤੇ ਟੈਲੀਵੀਜ਼ਨ ਉਤੇ ਦਿਖਾਈ ਜਾਣ ਵਾਲੀ, ਅਸ਼ਲੀਲਤਾ ਦੇ ਮੁਕਾਬਲੇ ਕੁਝ ਵੀ ਨਹੀਂ। ਸ੍ਰੀ ਰਾਮ ਕ੍ਰਿਸ਼ਨ ਲੀਲ੍ਹਾ ਜਿਸ ਵਿਚ ਹੈ ਹੀ ਕਾਮ ਵਾਸ਼ਨਾਵਾਂ ਦਾ ਵਰਣਨ ਨੂੰ ਸਾਰੇ ਪੜ੍ਹਿਆ ਜਾ ਸਕਦਾ ਹੈ ਤੇ ਉਹ ਧਾਰਮਿਕ ਰੋਲ ਅਦਾ ਕਰਦਾ ਹੈ ਤੇ ਉਸ ਨੂੰ ਲੀਲ੍ਹਾ ਜਾਣਕੇ ਬਿਨਾਂ ਕਿਸੇ ਭਿੰਨ ਭੇਦ ਦੇ ਪੜ੍ਹਿਆ ਸੁਣਿਆ ਤੇ ਤਕਿਆ ਜਾਂਦਾ ਹੈ, ਫੇਰ ਸ੍ਰੀ ਦਸਮੇਸ਼ ਜੀ ਦੀ ਕਾਨੀ ਤੇ ਇਤਰਾਜ਼ ਕਿਉਂ ?

ਸਸਤ੍ਰ ਨਾਮ ਮਾਲਾ

੨-ਸ਼ਸਤ੍ਰ ਕਿਸੇ ਭੀ ਨਾਮ ਨਾਲ ਹੋ ਸਕਦਾ ਹੈ, ਕਈ ਸ਼ਕਲਾਂ ਵਿਚ ਹੋ ਸਕਦਾ ਹੈ, ਜੋ ਆਪਣੀ ਆਪਣੀ ਥਾਂ ਤੇ ਸਮੇਂ ਸਮੇਂ ਅਨੁਸਾਰ ਚਲਾਇਆ ਜਾਂਦਾ ਹੈ । ਮਾਲਾ ਵਿਚ ਮਣਕੇ ਕਈ ਰੰਗਾਂ ਦੇ ਕਈ ਸ਼ਕਲਾਂ ਦੇ ਛੋਟੇ ਬੜੇ ਹੋ ਸਕਦੇ ਹਨ, ਪਰ ਡੋਰ ਵਿਚ ਪਰੋਏ ਸਾਰੇ ਮਾਲਾ ਦਾ ਅੰਗ ਹੁੰਦੇ ਹਨ ਜੋ ਸਾਰੇ ਦੇ ਸਾਰੇ ਸਿਮਰਨੇ ਹੀ ਕਹੇ ਜਾ ਸਕਦੇ ਨੇ। ਇਸ ਤਰ੍ਹਾਂ ਬਹੁਤ ਸਾਰੇ ਸ਼ਸਤ੍ਰਾਂ ਦੇ ਨਾਮ ਇਕੱਤ੍ਰ ਕਰਕੇ ਮਾਲਾ ਦੇ ਰੂਪ ਵਿਚ ਗੁਰਦੇਵ ਨੇ ਸਾਨੂੰ ਉਹਨਾਂ ਦੀ ਜਾਣਕਾਰੀ ਕਰਾਈ ਹੈ ਅਤੇ ਅਕਾਲ ਪੁਰਖ ਦੀ ਰੱਜ ਕੇ ਉਪਮਾ ਤੇ ਉਸਤਤਿ ਕੀਤੀ ਹੈ। ਪਰ ਗਿ: ਭਾਗ ਸਿੰਘ ਨੇ ਤਿੰਨ ਚਾਰ ਸਫਿਆਂ ਦਾ ਇਕ ਬੜਾ ਵਡਾ ਲੇਖ ਲਿਖ ਮਾਰਿਆ ਹੈ। ਜੇ ਕਰ ਜਿਉਂ ਕਾ ਤਿਉਂ ਲਿਖਿਆ ਜਾਵੇ ਤਾਂ ਇਕ ਵਡਾ ਵਿਸਥਾਰ ਹੋ ਜਾਂਦਾ ਹੈ, ਪਰ ਮੈ

Digitized by Panjab Digital Library | www.panjabdigilib.org

ਪੰਜ ਸਤ ਲਾਇਨਾਂ ਪਾਠਕਾਂ ਦੇ ਬੋਧ ਲਈ ਅਗੇ ਲਿਖਦਾ ਹਾਂ। ਵਲੋਂ ਗਿ: ਭਾਗ ਸਿੰਘ ਮੂਲ-ਇਸ ਗ੍ਰੰਥ ਦੇ ਪਹਿਲੇ ਅਧਿਆਇ ਦੇ ਸ਼ੁਰੂ ਵਿਚ ਹੀ ਸ਼ਸਤ੍ਰਾਂ ਨੂੰ ਪੀਰ ਮੰਨਿਆ ਗਿਆ ਹੈ, ਜੋ ਗੁਰਮਤਿ ਦੇ ਵਿਰੁਧ ਹੈ, ਕਿਉਂਕਿ ਸਿੱਖ ਪੰਥ ਲਈ ਸ਼ਸਤ੍ਰਧਾਰੀ ਹੋਣਾ ਅਤੇ ਸਸ਼ਤ੍ਰਾਂ ਦੀ ਸਫਾਈ ਤਥਾ ਸੁਰਤ ਸੰਭਾਲ ਰਖਣੀ ਤਾਂ ਜ਼ਰੂਰੀ ਹੈ ਪਰ ਸ਼ਸਤ੍ਰਾਂ ਅਗੇ ਮੱਥਾ ਟੇਕਣਾ, ਚੜ੍ਹਾਵੇ ਚਾੜ੍ਹਨੇ ਆਦਿਕ ਉਸ ਤਰ੍ਹਾਂ ਨਿਰੋਲ ਮਨਮਤਿ ਹੈ ਜਿਵੇਂ ਕਿ ਇਕ ਅਕਾਲ ਪੁਰਖ ਤੋਂ ਬਿਨਾਂ ਕਿਸੇ ਦੇਵੀ ਦੇਵਤੇ ਦੀ ਪੂਜਾ ਕਰਨੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਕਿਸੇ ਨੂੰ ਗੁਰੂ ਮੰਨਣਾ ਗੁਰਮਤਿ ਵਿਰੁਧ ਹੈ।

ਤਾਂ ਤੇ ਉਪ੍ਰੋਕਤ ਸ਼ਸਤ੍ਰ ਨਾਮ ਮਾਲਾ ਪੁਰਾਣ ਕਿਸੇ ਸਾਕਤ ਮਤੀਏ ਕਵੀ ਨੇ ਆਪਣੀ ਮਨਾਉਤ ਅਨੁਸਾਰ ਲਿਖਿਆ ਹੈ। ਇਥੇ ਹੁਣ ਹੋਰ ਬਹੁਤਾ ਲਿਖਣ ਦੀ ਲੋੜ ਨਹੀਂ ਜਦ ਕਿ ਗਿ: ਜੀ ਦੀ ਉਪ੍ਰੋਕਤ ਦਲੀਲ ਸਮੇਤ ਗਿਆਨੀ ਭਾਗ ਸਿੰਘ ਅਤੇ ਉਸ ਨੂੰ ਪੜ੍ਹਾਉਣ ਵਾਲੇ ਅਧਿਆਪਕ ਸਮੇਤ ਉਕੀ ਨਿਰਮੂਲ ਹੈ, ਆਉ ਹੁਣ ਸ਼ਸਤ੍ਰ ਨਾਮ ਮਾਲਾ ਗੁਰਬਾਣੀ ਬਾਰੇ ਵਿਚਾਰ ਕਰੀਏ।

੩ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਨਿਯਮ ਅਨੁਸਾਰ ਪਹਿਲੇ, ੧ਓ ਸ੍ਰੀ ਵਾਹਿਗੁਰੂ ਜੀ ਕੀ ਫਤਹਿ ਲਿਖਦੇ ਹਨ, ਫੇਰ ਸ੍ਰੀ ਭਗਉਤੀ ਜੀ ਸਹਾਇ ॥ ਜਿਸ ਦੇ ਅਰਥ ਹੋ ਹੀ ਚੁਕੇ ਹੋਏ ਨੇ। ਅਥ ਸ੍ਰੀ ਸ਼ਸਤ੍ਰ ਨਾਮ ਮਾਲਾ ਪੁਰਾਣ ਲਿਖਤੇ ॥ ਪਾਤਸ਼ਾਹੀ ੧੦ ॥ ਇਹ ਨਿਰਨੇ ਹੋ ਚੁਕਾ ਹੈ ਕਿ ਪਾਤਸ਼ਾਹੀ ੧੦ ਪਰ ਅਸੀਂ ਕੋਈ ਟਿਪਣੀ ਨਹੀਂ ਦੇ ਸਕਦੇ ਕਿਸੇ ਨੂੰ ਕੋਈ ਦਲੇਰੀ ਨਹੀਂ ਪੈ ਸਕਦੀ ਜੋ ਥਾਂ ਥਾਂ ਆਪ ਨੂੰ ਪਾਤਸ਼ਾਹੀ ੧੦ ਲਿਖ ਸਕੇ। ਗਿ: ਭਾਗ ਸਿੰਘ ਕਹਿੰਦਾ ਹੈ ਕਿ ਇਹ ੩੬ ਪੁਰਾਣਾਂ ਵਿਚੋਂ ਕੋਈ ਪੁਰਾਣ ਹੀ ਨਹੀਂ। ਉਤ੍ਰ ਵਿਚ ੩੬ ਪੁਰਾਣ ਨਾ ਗਿ: ਭਾਗ ਸਿੰਘ ਨੇ ਪੜ੍ਹੇ ਤੇ ਨਾ ਅਸੀਂ ਕਿਸੇ ਥਾਂ ਤੋਂ ਉਹਨਾਂ ਦੇ ਨਾਮ ਲੈ ਕੇ ਲਿਖ ਦਿਤੇ ਜਾ ਸਕਦੇ ਹਨ, ਸਭ ਕੋਈ ਲਿਖ ਸਕਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਨਭਵੀ ਗਿਆਨ ਹੈ ਜਿਸ ਬਾਰੇ ਪਹਿਲਾਂ ਲਿਖਿਆ ਜਾ ਚੁਕਾ ਹੈ, ਅਸੀਂ ਉਹਨਾਂ ਦੇ ਅੰਤ੍ਰੀਵ ਭਾਵਾਂ ਨੂੰ ਲੈਣਾ ਹੈ ਕਿ ਉਹ ਆਪ ਕਿਸ ਨੂੰ ਮਥਾ ਟੇਕਦੇ ਹਨ ਅਤੇ ਸਾਨੂੰ ਮੱਥਾ ਟੇਕਣ ਲਈ ਕਿਸ ਪਾਸੇ ਉਂਗਲੀ ਕਰਦੇ ਨੇ।

ਦੋਹਰਾ ॥

ਸਾਂਗ ਸਰੋਹੀ ਸੈਫ ਅਸ ਤੀਰ ਤੁਪਕ ਤਰਵਾਰ ॥
ਸੱਤ੍ਰਾਂਤਕ ਕਵਚਾਂਤਿ ਕਰ ਕਰੀਐ ਰੱਛ ਹਮਾਰ ॥ ੧ ॥

ਅਸ ਕ੍ਰਿਪਾਨ ਧਾਰਾ ਧਰੀ ਸੇਲ ਸੂਫ ਜਮਦਾਢ ॥
ਕਵਚਾਂਤਕ ਸਤ੍ਰਾਂਤ ਕਰ ਤੇਗ ਤੀਰ ਧਰਬਾਢ ॥ ੨ ॥

ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰ ਤੀਰ ॥
ਸੈਫ ਸਰੋਹੀ ਸੈਹਥੀ ਯਹੀ ਹਮਾਰੈ ਪੀਰ ॥ ੩ ॥

ਭਾਵ-ਇਹ ਉਪਰ ਲਿਖੇ ਸਾਰੇ ਸ਼ਸਤ੍ਰਾਂ ਦੇ ਨਾਮ ਹਨ, ਅੰਤ ਉਹਨਾਂ ਦੇ ਸਤਿਕਾਰ ਵਿਚ ਪੀਰ ਜਿਸ ਨੂੰ ਵਿਗੜੇ ਤਿਗੜਿਆਂ ਪੀਰ ਭੀ ਕਹੀਦਾ ਏ, ਸ਼ਬਦ ਵਰਤਿਆ ਹੈ, ਕਿਉਂਕਿ ਸ਼ਸਤ੍ਰ ਸ਼ੂਰਮੇ ਦਾ ਜਿਥੇ ਗਹਿਣਾ ਹੈ ਉਸ ਦਾ ਸ਼ਿੰਗਾਰ ਭੀ ਅਤੇ ਰਖਿਆ ਭੀ ਕਰਦਾ ਹੈ ਤੇ ਦੁਸ਼ਮਨ ਲਈ ਭੈ ਦੇ ਕੇ ਵੈਰੀ ਨੂੰ ਸਿਰ ਨਹੀਂ ਚੜ੍ਹਨ ਦਿੰਦਾ। ਸ਼ਸਤ੍ਰ ਤੋਂ ਬਿਨਾਂ ਬੰਦਾ ਇਕ ਸਹੇ ਦੀ ਨਿਆਈਂ ਹੈ, ਕੰਨੋਂ ਫੜ ਕੇ ਕੋਈ ਕਿਧਰੇ ਲਈ ਫਿਰੇ। ਆਮ ਤੌਰ ਤੇ ਪਿੰਡਾਂ ਦੇ ਮੁੰਡੇ ਸੋਟੀ ਪਰ ਲੋਹੇ ਪਿਤਲ ਦੀਆਂ ਸੰਮਾਂ ਲਾਉਂਦੇ ਹੁੰਦੇ ਸੀ

Digitized by Panjab Digital Library | www.panjabdigilib.org

ਅਤੇ ਉਹਨੂੰ ਰਗੜ ਕੇ ਲਿਸ਼ਕਾ ਕੇ ਤੇਲ ਲਾ ਕੇ ਖੂਬ ਪਿਆਰ ਕਰਿਆ ਕਰਦੇ ਸਨ। ਸੰਮਾਂ ਵਾਲੀ ਡਾਂਗ ਗਭਰੂ ਦੇ ਹਥ ਹੋਵੇ, ਜੁਆਨ ਦਾ ਰੋਅਬ ਚੌਗਣਾ ਬਣ ਜਾਂਦਾ ਸੀ, ਕਈ ਮੇਲਿਆਂ ਤੇ ਜਾਣਾ ਡਾਂਗ ਖੜਕ ਪੈਣੀ, ਖਾਲੀ ਹਥੀਂ ਲੋਕ ਕੁੱਟ ਖਾ ਕੇ ਆ ਜਾਂਦੇ ਪਰ ਡਾਂਗ ਵਾਲਾ ਕਿਸੇ ਦੀ ਪ੍ਰਵਾਹ ਨਾ ਕਰਦਾ ਸਗੋਂ ਬੋਲੀਆਂ ਪਾਉਂਦੇ, ਕਿ "ਮੋੜੀਂ ਭਾਈ ਡਾਂਗ ਵਾਲਿਆ।" ਇਸ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ਼ਸਤ੍ਰਾਂ ਦੇ ਧਨੀ ਅਤੇ ਯੋਧਿਆਂ ਦੇ ਸਿਰਤਾਜ ਆਪਣੇ ਖਾਲਸੇ ਨੂੰ ਚੜ੍ਹਦੀ ਕਲਾ ਵਿਚ ਦੇਖਣ ਦੇ ਚਾਹਵਾਨ ਸਨ, ਉਹਨਾਂ ਆਪਣੇ ਸਿੰਘਾਂ ਨੂੰ ਇਸੇ ਤਰ੍ਹਾਂ ਸ਼ਸਤ੍ਰਾਂ ਨਾਲ ਜੋੜਿਆ ਹੈ ਤਾਂ ਕਿ ਸਿੰਘਾਂ ਦੇ ਬੱਚੇ ਖੇਡ ਭੀ ਸ਼ਸਤ੍ਰਾਂ ਨਾਲ ਹੀ ਖੇਡਣ। ਪਰ ਜੇ ਸਾਨੂੰ ਸ਼ਸਤ੍ਰਾਂ ਦੇ ਨਾਵਾਂ ਦਾ ਭੀ ਪਤਾ ਨਾ ਹੋਵੇ ਤਾਂ ਅਸੀਂ ਉਹੋ ਗੁਲੀ ਡੰਡਾ ਹੀ ਪੱਕਾ ਕਰਨਾ ਹੈ ਨਾ, ਅਜ ਜਦੋਂ ਗੁਰੂ ਦੇ ਲਾਡਲੇ ਨਿਹੰਗ ਸਿੰਘ ਕਈ ਪ੍ਰਕਾਰ ਦੇ ਸ਼ਸਤ੍ਰਾਂ ਦੀ ਖੇਡ ਖੇਡਦੇ ਹਨ ਤਾਂ ਉਸ ਵੇਲੇ ਮੇਰੇ ਜਿਹੇ ਤੇ ਗਿਆਨੀ ਭਾਗ ਸਿੰਘ ਜਿਹੇ ਦਿਖਾਵੇ ਦੇ ਸਿੰਘਾਂ ਦੇ ਨਮੂਨੇ ਹੈਰਾਨ ਹੋ ਕੇ ਰਹਿ ਜਾਂਦੇ ਨੇ। ਸ਼ਸਤ੍ਰ ਨੂੰ ਮਾਂਜਣਾ ਸ਼ਸਤ੍ਰ ਦਾ ਸਤਿਕਾਰ ਕਰਨਾ ਸ਼ਸਤ੍ਰ ਦੀ ਸੰਭਾਲ ਕਰਨਾ ਸੂਰਮੇ ਦੀ ਡਿਊਟੀ ਜ਼ਿਮੇਂਵਾਰੀ ਤੇ ਫਰਜ਼ ਤੋਂ ਬਾਹਰ ਨਹੀਂ। ਜਿਥੋਂ ਤਕ ਪੂਜਣ ਜਾਂ ਮੱਥਾ ਟੇਕਣ ਜਾਂ ਨਾਮ ਜਪਣ ਦਾ ਸਬੰਧ ਹੈ ਉਸ ਲਈ ਅਗਲੀਆਂ ਪੰਗਤੀਆਂ ਪੜੋ।

ਗੁਰੂ ਗੋਬਿੰਦ ਜੀ ਦੀਆਂ ਰਮਜ਼ਾਂ ਨੂੰ ਸ੍ਰੀ ਦਸਮੇਸ਼ ਜੀ ਆਪ ਹੀ ਜਾਣਦੇ ਹਨ, ਸੂਰਜ ਦੀਆਂ ਕਿਰਨਾਂ ਬਾਰੇ ਅਸੀਂ ਕੁਝ ਭੀ ਨਹੀਂ ਕਹਿ ਸਕਦੇ, ਕਹੋ ਮੁਖੋਂ ਇਕ ਵਾਰ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬੇ ਕਮਾਲ ਕੀ ਲਿਖਦੇ ਹਨ। ਤਕੋ-

ਤੀਰ ਤੂਹੀ ਸੈਥੀ ਤੂਹੀ ਤੁਹੀ ਤਬਰ ਤਰਵਾਰ ॥
ਨਾਮ ਤਿਹਾਰੋ ਜੋ ਜਪੈ ਭਏ ਸਿੰਧ ਭਵ ਪਾਰ ॥ ੪ ॥

ਕਾਲ ਤੂਹੀ ਕਾਲੀ ਤੂਹੀ ਤੂਹੀ ਤੇਗ ਅਰ ਤੀਰ ॥
ਤੂਹੀ ਨਿਸਾਨੀ ਜੀਤ ਕੀ ਆਜੁ ਤੂਹੀ ਜਗ ਬੀਰ ॥ ੫ ॥

ਤੂਹੀ ਸੂਲ ਸੈਥੀ ਤਬਰ ਤੂ ਨਿਖੰਗ ਅਰੁ ਬਾਨ ॥
ਤੂਹੀ ਕਟਾਰੀ ਸੇਲ ਸਭ ਤੁਮ ਹੀ ਕਰਦ ਕ੍ਰਿਪਾਨ ॥ ੬ ॥

ਸਸਤ੍ਰ ਅਸਤ੍ਰ ਤੁਮ ਹੀ ਸਿਪਰ ਤੁਮਹੀ ਕਵਚ ਨਿਖੰਗ ॥
ਕਵਚਾਂਤਕ ਤੁਮਹੀ ਬਨੇ ਤੁਮ ਬਿਜਾਪਕ ਸਰਬੰਗ ॥ ੭ ॥

ਭਾ: ੪-ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਕਾਲ ਪੁਰਖ ਨੂੰ ਸੰਬੋਧਨ ਕਰਕੇ ਉਸ ਨੂੰ ਆਪਣੀ ਟੇਕ ਬਣਾਉਂਦੇ ਹਨ ਤੇ ਕਹਿੰਦੇ ਹਨ ਕਿ ਬੇਸ਼ਕ ਤੀਰ ਤੇ ਤਲਵਾਰ ਸਾਡੀ ਰਖਯਾ ਕਰਦੇ ਹਨ ਪਰ ਤੇਰੇ ਬਲ ਤੋਂ ਬਿਨਾਂ ਇਹ ਸ਼ਸਤ੍ਰ ਸਾਡੇ ਕਿਸ ਕੰਮ ਹਨ। ਤੀਰ ਜਾਂ ਤਲਵਾਰ ਸਾਡੇ ਕੋਲ ਪਈ ਹੈ ਜੇ ਸਾਡੇ ਪਾਸ ਉਸ ਨੂੰ ਚੁਕਣ ਦਾ ਜਾਂ ਸਮੇਂ ਸਿਰ ਚਲਾਉਣ ਦਾ ਬਲ ਨਾ ਹੋਵੇ ਤਾਂ ਨਿਰਾਰਥ ਹੀ ਹਨ। ਇਸ ਲਈ ਹੇ ਮੇਰੇ ਮਾਲਕ ਮੇਰਾ ਤਾਂ ਤੀਰ ਭੀ ਤੂੰ ਹੈਂ, ਸੈਥੀ ਭੀ ਤੂੰ ਹੈਂ ਅਤੇ ਤਬਰ ਅਰ ਤਲਵਾਰ ਭੀ ਤੂੰਹੀ ਹੈ। ਜੋ ਭੀ ਤੇਰਾ ਨਾਮ ਜਪਦਾ ਹੈ ਉਹ ਇਸ ਭਵ ਸਿੰਧ ਰੂਪ ਸੰਸਾਰ ਸਾਗਰ ਤੋਂ ਪਾਰ ਹੋ ਜਾਂਦਾ ਹੈ। ਅਕਾਲ ਪੁਰਖ ਭੀ ਤੂੰਹੀ ਹੈਂ, ਜਿਤ ਦੇਣ ਦੀ ਅਸਲ ਨਿਸ਼ਾਨੀ ਜਾਂ ਨਿਸ਼ਾਨਾਂ ਤੂੰਹੀ ਹੈਂ ਅਤੇ ਅਜ ਬਰਾਬਰ ਦਾ ਸੂਰਮਾਂ ਹੋਰ ਕੋਈ ਨਹੀਂ ਹੈ। ਮੇਰੇ ਲਈ ਤਾਂ ਤੂੰਹੀ ਸੇਲ ਤੇ ਸੈਥੀ, ਤਬਰ ਤੇ ਨਿਖੰਗ ਜਾਂ ਧਨੁਖਬਾਣ ਹੈ, ਅਥਵਾ ਕਟਾਰੀ ਸੇਲਾ, ਕਰਦ ਕ੍ਰਿਪਾਨ ਸਭ ਕੁਝ ਤੂੰਹੀ ਹੈਂ। ਤੂੰਹੀਂ ਮੇਰਾ ਸਸ਼ਤ੍ਰ ਹੈਂ ਅਤੇ ਤੂੰਹੀ ਅਸਤ੍ਰ ਹੈਂ,

Digitized by Panjab Digital Library | www.panjabdigilib.org

ਸਿਪਰ, ਕਵਚ ਜਾਂ ਨਿਖੰਗ ਅਤੇ ਤੂੰਹੀ ਉਹਨਾਂ ਨੂੰ ਚਲਾਉਣ ਵਾਲਾ ਬਣਿਆ ਹੈਂ ਅਤੇ ਤੂੰ ਸਾਡੇ ਸਾਰੇ ਅੰਗਾਂ ਵਿਚ ਵਿਆਪਕ ਹੋ ਰਿਹਾ ਹੈਂ।

ਰੋਪੜ ਵਿਚ ਹੀ ਇਕ ਡਡੂ ਨਾਮ ਕਰਕੇ ਬਾਲਮੀਕੀ ਸਪਾਂ ਦੀ ਪ੍ਰਵਾਹ ਨਹੀਂ ਸੀ ਕਰਦਾ, ਜਿੰਦੇ ਨੂੰ ਜਾ ਪਕੜਦਾ ਸੀ ਪਰ ਉਦੋਂ ਤਕ ਜਦ ਤਕ ਉਸ ਦੀ ਕ੍ਰਿਪਾ ਰਹੀ। ਇਸੇ ਮਾਣ ਵਿਚ ਇਕ ਸੱਪ ਨੂੰ ਹਥ ਜਾ ਪਾਇਆ, ਉਸ ਨੇ ਇਹੋ ਜਿਹਾ ਡੰਗ ਚਲਾਇਆ ਥਾਂ ਹੀ ਪਿਆ ਰਿਹਾ, ਮੁਰਦੇ ਦੇ ਪਾਸ ਹਥਿਆਰਾਂ ਦਾ ਢੇਰ ਲਾ ਦਿਉ ਕੀ ਕਰੇਗਾ, ਇਕ ਕਵੀ ਨੇ ਬੜੀ ਸੋਹਣੀ ਮਿਸਾਲ ਪੇਸ਼ ਕੀਤੀ ਹੈ-

ਤੁਸੀਂ ਵੰਡ ਖਾਣੇ ਸਿੰਘ ਸਰਦਾਰ ਹੋ । ਬਰਛੀ ਤੋਪ ਤੁਫੰਗ ਤੁਸੀਂ ਤਲਵਾਰ ਹੋ।
[ਮਹਾਂ ਕਾਵਿ ਦੇ ਕਰਤਾ ਸ: ਜਸਵੰਤ ਸਿੰਘ

ਗੁਰਬਾਣੀ ਵਿਚ ਭੀ ਆਉਂਦਾ ਹੈ:-

ਤੂੰ ਮੇਰਾ ਬਹੁ ਮਾਣ ਕਰਤੇ ਤੂ ਮੇਰਾ ਬਹੁ ਮਾਣ ॥
ਜੋਰ ਤੁਮਾਰੇ ਸੁਖ ਵਸਾਂ ਸਚ ਸਬਦ ਨੀਸਾਣ ॥
ਸ੍ਰੀ ਤੂੰ ਸਭ ਕਾਰਨ ਤੂਹੀ ਤੂ ਬਿਦਿਯਾ ਕੋ ਸਾਰ ॥
ਤੁਮ ਸਭ ਕੋ ਉਪਜਾਵਹੀ ਤੁਮਹੀ ਲੇਹੁ ਉਬਾਰ ॥ ੮ ॥
ਤੁਮਹੀ ਦਿਨ ਰਜਨੀ ਤੂਹੀ ਤੁਮਹੀ ਜੀਅਨ ਉਪਾਇ ॥
ਕਉਤਕ ਹੇਰਨ ਕੇ ਨਮਿਤ ਤਿਨ ਮੋ ਬਾਦ ਬਢਾਇ ॥ ੯ ॥

ਹੇ ਮੇਰੇ ਕਰਤਾਰ ਸ੍ਰੀ ਭਾਵ ਮਾਇਆ ਰੂਪ ਜੋਤਿ ਭੀ ਤੂੰ ਹੀ ਹੈਂ ਅਤੇ ਸਾਰੇ ਕਾਰਨ ਦਾ ਕਰਨ-ਹਾਰ ਭੀ ਤੂੰ ਹੈਂ ਤੇ ਤੂੰਹੀ ਵਿਦਿਆ ਦਾ ਤੱਤ ਸਰੂਪ ਹੈਂ, ਤੂੰਹੀ ਸਭ ਨੂੰ ਪੈਦਾ ਕਰਦਾ ਹੈਂ ਅਤੇ ਫੇਰ ਤੂੰਹੀ ਬਚਾਉਣ ਵਾਲਾ ਹੈਂ। ਤੂੰਹੀ ਦਿਨ ਹੈਂ ਤੇ ਰਾਤ ਭਾਵ ਚਾਨਣਾ ਪਖ ਤੇ ਹਨ੍ਹੇਰਾ ਪਖ ਤੂੰ ਆਪ ਹੀ ਹੈਂ ਅਤੇ ਤੂੰਹੀ ਸਾਰੇ ਜੀਅ ਜੰਤ ਪੈਦਾ ਕੀਤੇ ਹਨ । ਪਰ ਕੌਤਕ (ਤਮਾਸ਼ਾ) ਦੇਖਣ ਹਿਤ ਦੋ ਪਾਰਟੀਆਂ ਦੇਵਤੇ ਅਤੇ ਦੈਂਤ ਬਣਾਕੇ ਉਹਨਾਂ ਵਿਚ ਵੈਰ ਭਾਵ (ਵਾਦ ਵਿਵਾਦ) ਪੈਦਾ ਕਰ ਦਿਤਾ। ਮੈਂ ਗਿ: ਭਾਗ ਸਿੰਘ ਤੋਂ ਪੁਛਦਾ ਹਾਂ ਕਿ ਕੀ ਹਥਿਆਰਾਂ ਦਾ ਜਾਪ ਕਰ ਰਹੇ ਹਨ, ਕੀ ਸ਼ਸਤ੍ਰ ਦੁਨੀਆਂ ਨੂੰ ਪੈਦਾ ਕਰ ਕੇ ਲੜਾਉਣ ਲਈ ਪ੍ਰੇਰਨਾ ਦੇ ਸਕਦੇ ਹਨ, ਫੇਰ ਇਹ ਗੁਰੂ ਜੀ ਕਿਵੇਂ ਸ਼ਸਤ੍ਰਾਂ ਦਾ ਜਾਪ ਕਰਦੇ ਹੋਏ-

ਅਸ ਕ੍ਰਿਪਾਨ ਖੰਡੋ ਖੜਗ ਸੈਫ ਤੇਗ ਤਰਵਾਰ ॥
ਰੱਛ ਕਰੋ ਹਮਰੀ ਸਦਾ ਕਵਚਾਂਤਕ ਕਰਵਾਰ ॥ ੧੦ ॥

ਤੂਹੀ ਕਟਾਰੀ ਦਾੜ ਜਮ ਤੂੰ ਬਿਛੂਓ ਅਰ ਬਾਨ ॥
ਤੋਪ ਤਪਚ ਜੇ ਲੀਜੀਐ ਰੱਛ ਦਾਸ ਮੁਹਿ ਜਾਨੁ ॥ ੧੧ ॥

ਬਾਂਕ ਬਜ੍ਰ ਬਿਛੂਓ ਤੁਹੀ ਤੁਹੀ ਤਬਰ ਤਰਵਾਰ ॥
ਤੁਹੀ ਕਟਾਰੀ ਸੈਹਥੀ ਕਰੀਐ ਰੱਛ ਹਮਾਰ ॥ ੧੨ ॥

ਤੁਮੀ ਗੁਰਜ ਤੁਮ ਹੀ ਗਦਾ ਤੁਮ ਹੀ ਤੀਰ ਤੁਫੰਗ ॥
ਦਾਸ ਜਾਨ ਮੋਰੀ ਸਦਾ ਰੱਛ ਕਰੋ ਸਰਬੰਗ ॥ ੧੩ ॥

Digitized by Panjab Digital Library | www.panjabdigilib.org

ਭਾ: ਅਸ ਮੈਨੇ ਹੇ ਮੇਰੇ ਪਰਵਦਗਾਰ ਤੂੰਹੀ ਕ੍ਰਿਪਾਨ ਹੈਂ ਅਤੇ ਤੂੰਹੀ ਖੰਡਾ ਰੂਪ ਹੋ ਕੇ ਖੜਕਦਾ ਹੈਂ ਅਤੇ ਤੂੰਹੀ ਸੈਫ ਤੇਗ ਤੇ ਤਲਵਾਰ ਹੈਂ ਅਤੇ ਤੁਸੀਂ ਹੀ ਮੇਰੀ ਰਛਾ ਕਰਦੇ ਹੋ ਹਮੇਸ਼ਾਂ ਜਿਵੇਂ ਕਵਚਾਂਤਕ ਅਤੇ ਕੁਹਾੜਾ ਕਰਦਾ ਹੈ ।ਤੂੰਹੀ ਮੇਰੀ ਕਟਾਰੀ ਹੈਂ, ਤੂੰਹੀਂ ਜਮ ਦਾੜਾ ਹੈਂ, ਤੂੰਹੀਂ ਬਿਛੂਆ ਹੈਂ ਅਰ ਤੂੰਹੀਂ ਧਨੁਖ ਬਾਣ ਹੈਂ ਅਤੇ ਤੂੰਹੀਂ ਤੋਪ ਰੂਪ ਹੈਂ ਅਤੇ ਤੂੰਹੀਂ ਤੋਪ ਦੇ ਗੋਲੇ ਦਾਗਣ ਵਾਲਾ ਤੋਪਚੀ ਹੈਂ। ਮੈਨੂੰ ਆਪਣਾ ਦਾਸ ਜਾਣ ਕੇ ਮੇਰੀ ਰਛਾ ਕਰੋ। ਤੂੰਹੀਂ ਮੇਰਾ ਬਾਂਕਾ, ਬਜ੍ਰ ਤੇ ਬਿਛੂਆ ਹੈਂ, ਤੂੰ ਹੀ ਤਬਰ ਤੇ ਤਲਵਾਰ ਹੈਂ ਅਥਵਾ ਤੂੰਹੀਂ ਕਟਾਰੀ ਸੈਹਥੀ ਹੈਂ, ਇਸ ਲਈ ਮੇਰੀ ਰੱਛਾ ਕਰੋ। ਤੂੰਹੀਂ ਮੇਰੀ ਗੁਰਜ ਹੈਂ ਅਤੇ ਤੂੰਹੀਂ ਗਦਾ ਹੈਂ, ਤੂੰਹੀਂ ਤੀਰ ਤੇ ਤੁਫੰਗ ਹੈਂ। ਹੇ ਸਰਬ ਵਿਆਪੀ ਅਕਾਲ ਪੁਰਖ ! ਮੈਨੂੰ ਆਪਣਾ ਦਾਸ ਜਾਣ ਕੇ ਮੇਰੀ ਰੱਛਾ ਕਰੋ ਜੀ।

ਛੁਰੀ ਕਲਮ ਰਿਪ ਕਰਦ ਭਨਿ ਖੰਜਰ ਬੁਗਦਾ ਨਾਇ ॥
ਅਰਧ ਰਿਜਕ ਸਭ ਜਗਤ ਕੋ ਮੁਹਿ ਤੁਮ ਲੇਹੁ ਬਚਾਇ ॥ ੧੪ ॥
ਪ੍ਰਿਥਮ ਉਪਾਵਹੁ ਜਗਤ ਤੁਮ ਤੁਮਹੀਂ ਪੰਥ ਬਨਾਇ ॥
ਆਪ ਤੁਹੀ ਝਗਰਾ ਕਰੇ ਤੁਮਹੀ ਕਰੋ ਸਹਾਇ ॥ ੧੫ ॥
ਮੱਛ ਕੱਛ ਬਾਰਾਹ ਤੁਮ ਤੁਮ ਬਾਵਨ ਅਵਤਾਰ ॥
ਨਾਰਸਿੰਘ ਬਉਧਾ ਤੁਹੀਂ ਤੁਹੀਂ ਜਗਤ ਕੋ ਸਾਰ ॥ ੧੬ ॥
ਤੁਹੀਂ ਰਾਮ ਸ੍ਰੀ ਕ੍ਰਿਸਨ ਤੁਮ ਤੂਹੀਂ ਬਿਸਨ ਕੋ ਰੂਪ ॥
ਤੁਹੀਂ ਪ੍ਰਜਾ ਸਭ ਜਗਤ ਕੀ ਤੁਹੀਂ ਆਪ ਹੀ ਭੂਪ ॥ ੧੭ ॥

ਭਾ: ਚਾਕੂ-ਕਾਨੀ ਜਿਸ ਦੀ ਕਲਮ ਕਰੀਦੀ ਹੈ ਤੇ ਕਰਦ ਕਹਿ ਲਉ ਜਾਂ ਤਲਵਾਰ ਬੁਗਧਾ। ਇਹ ਸਭ ਸ਼ਸਤ੍ਰਾਂ ਦੇ ਨਾਮ ਹਨ, ਪਰ ਹੇ ਜਗਤ ਦੇ ਅਰਾਧਨ ਜੋਗ ! ਤੁਸੀਂ ਆਪਣੀ ਮੇਹਰ ਕਰਕੇ ਮੈਨੂੰ ਬਚਾ ਲਵੋ। ਤੁਸੀਂ ਹੀ ਪਹਿਲਾਂ ਜਗਤ ਨੂੰ ਪੈਦਾ ਕਰਦੇ ਹੋ, ਫੇਰ ਤੁਸੀਂ ਹੀ ਉਹਨਾਂ ਨੂੰ ਕੁਰਾਹੇ ਪਾ ਦਿਤਾ ਹੈ, ਪਾਰਟੀਆਂ ਬਣਾ ਕੇ ਤੁਸੀਂ ਆਪ ਹੀ ਉਹਨਾਂ ਵਿਚ ਝਗੜਾ ਕਰਵਾ ਦਿਤਾ ਹੈ ਅਤੇ ਫੇਰ ਤੁਸੀਂ ਸਹਾਇਤਾ ਕਰਦੇ ਹੋ। ਮੱਛ, ਕਛ, ਬਾਵਨ, ਬੈਰਾਹ, ਇਹ ਅਵਤਾਰ ਕਹੇ ਜਾਂਦੇ ਨੇ ਪਰ ਕੀ ਨਰ ਸਿੰਘ ਕੀ ਬਉਧ ਅਵਤਾਰ ਹਨ ਪਰ ਸਾਰੇ ਜਗਤ ਦਾ ਸਾਰ (ਤੱਤ) ਤੂੰਹੀਂ ਹੈਂ। ਤੂਹੀ ਰਾਮ ਤੇ ਤੂਹੀ ਸ੍ਰੀ ਕ੍ਰਿਸ਼ਨ ਹੈਂ ਅਤੇ ਤੂਹੀਂ ਬਿਸ਼ਨ ਦਾ ਰੂਪ ਅਤੇ ਤੂੰਹੀਂ ਸਾਰੇ ਜਗਤ ਦੀ ਪਰਜਾ ਰੂਪ ਹੈਂ ਫੇਰ ਤੂਹੀਂ ਉਸ ਪਰਜਾ ਦਾ ਰਾਜਾ (ਬਾਦਸ਼ਾਹ) ਹੈਂ ।

ਤੁਹੀਂ ਬਿਪ੍ਰ ਛੱਤ੍ਰੀ ਤੁਹੀਂ ਤੁਹੀਂ ਰੰਕ ਅਰ ਰਾਉ ॥
ਸਾਮ ਦਾਮ ਅਰ ਡੰਡ ਤੂੰ ਤੁਮਹੀ ਭੇਦ ਉਪਾਉ ॥੧੮॥

ਸੀਸ ਤੁਹੀਂ ਕਾਯਾ ਤੁਹੀਂ ਤੈ ਪ੍ਰਾਨੀ ਕੇ ਪ੍ਰਾਨ ॥
ਤੈ ਬਿਦਿਯਾ ਜਗ ਬਕਤ੍ਰ ਹੋਇ ਕਰੇ ਬੇਰ ਬਖਿਯਾਨ ॥ ੧੯ ॥

ਬਿਸਿਖ ਬਾਨ ਧਨੁਖਾਗ੍ਰਭਨ ਸਰ ਕੇ ਬਰੱਜਿ ਨਾਮ ॥
ਤੀਰ ਖਤੰਗ ਤਤਾਰਚੋ ਸਦਾ ਕਰੋ ਮਮ ਕਾਮ ॥ ੨੦ ॥

ਤੈਣੀਰਾ ਲੇ ਸਤ੍ਰ ਅਰਿ ਮ੍ਰਿਗ ਅੰਤਕ ਸਸਥਾਨ ॥
ਤੁਮ ਬੈਰਣ ਪ੍ਰਿਥਮੈ ਹਨੋ ਬਹੁਰੋ ਬਜੈ ਕ੍ਰਿਪਾਨ ॥ ੨੧ ॥

Digitized by Panjab Digital Library | www.panjabdigilib.org

ਸੈਫ ਸਰੋਹੀ ਸੱਤ੍ਰ ਅਰਿ ਸਾਰੰਗਾਰਿ ਜਿਹ ਨਾਮ ॥
ਸਦਾ ਹਮਾਰੇ ਚਿਤ ਬਸੈ ਸਦਾ ਕਰੋ ਮਮ ਕਾਮ ॥ ੨੭ ॥

ਭਾਵ-ਗੁਰੂ ਜੀ ਕਹਿੰਦੇ ਹਨ ਕਿ ਸ਼ਸਤ੍ਰਾਂ ਦੇ ਨਾਮਾਂ ਦਾ ਸਮੁਦਾਇ ਕਰਕੇ ਲਿਖਦਾ ਹਾਂ ਕਿ ਉਹ ਜਮਾਂ ਦੇ ਜਾਲ ਤੋਂ ਮੁਕਤੀ ਪਾ ਗਿਆ ਹੈ, ਹੇ ਅਕਾਲ ਪੁਰਖ ! ਜਿਸ ਨੇ ਤੇਰਾ ਨਾਮ ਇਕ ਵਾਰ ਭੀ ਲੈ ਲਿਆ ਹੈ। ਅੰਤ ਵਿਚ ਸਮਾਪਤੀ ਕਰਦੇ ਇਤਿ ਸ੍ਰੀ ਨਾਮ ਮਾਲਾ ਪੁਰਾਣੇ ਸ੍ਰੀ ਭਗਉਤੀ ਉਸਤਤ, ਜਿਸ ਦਾ ਭਾਵ ਹੈ ਨਾਮ ਦੀ ਮਾਲਾ ਪੁਰਾਣ, ਪਰ ਹੈ ਇਹ ਭਗਉਤੀ ਉਸਤਤ, ਜੋ ਗੁਰੂ ਜੀ ਭਗਉਤੀ ਅਕਾਲ ਪੁਰਖ ਨੂੰ ਮੰਨਦੇ ਹਨ, ਅਸੀਂ ਤੁਸੀਂ ਹਰ ਰੋਜ਼ ਪੜ੍ਹਦੇ ਹਾਂ-"ਪ੍ਰਿਥਮ ਭਗਉਤੀ ਸਿਮਰਕੈ ਗੁਰੁ ਨਾਨਕ ਲਈ ਧਿਆਇ ॥" ਗੁਰੂ ਨਾਨਕ ਦੇਵ ਜੀ ਤੋਂ ਪਹਿਲੇ ਦਰਜੇ ਪਰ ਇਕੋ ਇਕ ਓਅੰਕਾਰ ਹੀ ਹੋ ਸਕਦਾ ਹੈ ਜਿਸ ਨੂੰ ਭਗਉਤੀ ਤੇ ਸ਼ਸਤ੍ਰ ਮਾਲਾ ਦਾ ਅਲੰਕਾਰ ਵਰਤਿਆ ਹੈ।

੫-ਇਹ ਸ਼ਸਤ੍ਰ ਨਾਮ ਮਾਲਾ ਦਾ ਸਾਰ ਆ ਚੁਕਾ ਹੈ । ਪਰ ਜੇ ਕਹੋ ਕਿ ਅਗੇ ਅਜੇ ੧੩੧੯ ਅੰਕਾਂ ਵਿਚੋਂ ਇਹ ਤਾਂ ਸਿਰਫ ੨੭ ਅੰਕ ਹੀ ਆਏ ਹਨ, ਸੋ ਇਸ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਗੁਰੂ ਜੀ ਦਾ ਭਾਵ ਅੰਤ ਤਕ ਇਹੋ ਜਾ ਰਿਹਾ ਹੈ, ਆਪ ਜੜ੍ਹ ਵਸਤੂ ਦੇ ਪੁਜਾਰੀ ਨਹੀਂ ਹਨ, ਨਾ ਹੀ ਕਿਤੇ ਸਿਖਾਂ ਨੂੰ ਜੜ੍ਹ ਵਸਤੂ ਪੂਜਣ ਦਾ ਆਦੇਸ਼ ਦਿੰਦੇ ਹਨ। ਕਈ ਟੀਕਾਕਾਰਾਂ ਨੂੰ ਭੀ ਭੁਲੇਖਾ ਲਗ ਸਕਦਾ ਹੈ। ਗੁਰਬਾਣੀ ਅਥਾਹ ਸਮੁੰਦ੍ ਹੈ, ਹਰ ਬੰਦਾ ਭੁਲਣਹਾਰ ਹੋ ਸਕਦਾ ਹੈ, ਬਿਵਾਨ ਇਸ ਨੂੰ ਸ਼ਸਤ੍ਰਾਂ ਦੀ ਪੂਜਾ ਕਹਿ ਦਿਤਾ। ਕਿਸੇ ਨੇ (ਭਗਉਤੀ) ਨੂੰ ਹੀ ਦੇਵੀ ਕਹਿ ਦਿਤਾ ਮੇਰੇ, ਵਰਗੇ ਅਸ਼ਰਧਕ ਵੀਰਾਂ ਨੇ ਇਸ ਨੂੰ ਸਿਰ ਪੁਰ ਚੁਕ ਲਿਆ । ਇਕ ਤੋਂ ਅਗੇ ਦੂਜਾ ਬਸ ਇਹ ਇਕ ਲਹਿਰ ਚਲ ਪਈ ਜਿਸ ਨੂੰ ਠੱਲ ਪਾਉਣਾ ਸੌਖਾ ਨਹੀਂ ਹੈ । ਜੇ ਸਾਰੇ ਗੁਰ ਸਿਖ ਵੀਰ ਰਲਕੇ ਹੰਭਲਾ ਮਾਰਨ ਤਾਂ ਕੋਈ ਔਖਾ ਵੀ ਨਹੀਂ ।

ਮੈਂ ਨਾ ਟੀਕਾਕਾਰ ਹਾਂ ਨਾ ਟੀਕੇ ਦਾ ਪ੍ਰੋਗ੍ਰਾਮ ਹੈ, ਮੈਂ ਤਾਂ ਭਾਈ ਭਾਗ ਸਿੰਘ ਦੇ ਲਿਖੇ ਨਿਰਣੇ ਦਾ ਨਿਰਣਾ ਹੀ ਕਰਨਾ ਚਾਹੁੰਦਾ ਹਾਂ। ਵੰਨਗੀ ਮਾਤ੍ ਅਗਲੇ ਹਿੱਸੇ ਵਿਚੋਂ ਦੋ ਚਾਰ ਲਾਇਨਾਂ ਹੋਰ ਪਾਠਕਾਂ ਦੀ ਤਸੱਲੀ ਲਈ ਪੇਸ਼ ਕਰਦਾ ਹਾਂ :-

ਸ਼੍ਰਿਸਟ ਨਾਮ ਪਹਲੇ ਕਹੋ ਬਹੁਰ ਉਚਾਰੋ ਨਾਥ ॥
ਸਕਲ ਨਾਮੁ ਮਮ ਈਸ ਕੇ ਸਦਾ ਬਸੋ ਜੀਅ ਸਾਥ ॥ ੩੧ ॥
ਸਿੰਘ ਸਬਦ ਭਾਖੋ ਪ੍ਰਥਮ ਬਹਨ ਬਹੁਰ ਉਚਾਰਿ ॥
ਸਭੈ ਨਾਮ ਜਗ ਮਾਤ ਕੇ ਲੀਜਹੁ ਸਕਬਿ ਸੁਧਾਰ ॥ ੩੨ ॥
ਰਿਪ ਖੰਜਨ ਮੰਡਨ ਜਗਤ ਖਲ ਖੰਡਨ ਜਗ ਮਾਹਿ ॥
ਤਾਕੇ ਨਾਮ ਉਚਾਰੀਐ ਜਿੱਹ ਸੁਨ ਦੁਖ ਟਰ ਜਾਹਿ ॥ ੩੩ ॥
ਸਬ ਸਸਤ੍ਰਨ ਕੇ ਨਾਮ ਕਹਿ ਪ੍ਰਿਥਮ ਅੰਤਿ ਭਾਖੁ ॥
ਸਭ ਹੀ ਨਾਮ ਕ੍ਰਿਪਾਨ ਕੇ ਜਾਣ ਹ੍ਰਿਦੈ ਮਹਿ ਰਾਖੁ ॥ ੩੪ ॥

ਭਾਵ-ਜਦੋਂ ਧਰਤੀ ਦੇ ਮਾਲਕ ਦਾ ਨਾਮ ਲੈਣਾ ਹੈ-ਤਾਂ ਪਹਿਲੇ; ਧਰਤੀ ਦਾ ਨਾਮ ਲੈ ਫੇਰ ਪਿਛੋਂ ਕਹੋ (ਸ੍ਰਿਸਟ ਪਤਿ) ਭਾਵ ਸ੍ਰਿਸ੍ਟ ਨਾਥ। ਇਸੇ ਤਰ੍ਹਾਂ ਗੁਰੂ ਜੀ ਕਹਿੰਦੇ ਹਨ ਕਿ ਪਹਿਲਾਂ ਕਿਸੇ ਸ਼ਸਤ੍ ਦਾ ਨਾਮ ਲਿਖਿਆ ਤੇ ਫੇਰ ਜੋ ਮੇਰਾ ਇਸ਼ਟ (ਈਸ੍ਵਰ)ਹੈ ਉਸਦਾ ਨਾਮ ਲੈਕੇ ਕਹਿੰਦੇ ਹਨ ਹੇ ਮੇਰੇ ਈਸ਼੍ਵਰ ਤੁਸੀਂ

Digitized by Panjab Digital Library | www.panjabdigilib.org

ਸਦਾ ਮੇਰੇ ਜੀਅ ਦੇ ਨਾਲ ਵਸੇ ਰਹੋ। ਜਿਵੇਂ ਸ਼ੇਰ ਸਬਦ ਹੈ ਪਰ ਇਹ ਦੇਵੀ ਦੁਰਗਾ ਭਵਾਨੀ ਦੀ ਸਵਾਰੀ ਹੈ ਜਿਸਨੂੰ ਬਾਹਨ ਕਿਹਾ ਜਾਂਦਾ ਹੈ-ਇਸਨੂੰ ਹੁਣ ਐਥੇ ਪਹਿਲਾਂ ਸ਼ੇਰ ਦਾ ਨਾਮ ਲੈਣਾ ਹੈ ਫੇਰ ਉਸਦੇ ਸਵਾਰ ਦਾ। ਪਰ ਇਹ ਸਭ ਹੀ ਨਾਮ ਜਗਤ ਮਾਤਾ ਦੇ ਹਨ, ਇਸ ਲਈ ਕਵੀ ਜਨੋ ਇਹ ਨੋਟ ਕਰ ਲੋ ਭਾਵ (ਸਧਾਰ ਲੋ) ਜੋ-ਬੈਰੀ ਦੇ ਮਾਰਨ ਵਾਲਾ ਤੇ ਜਗਤ ਦਾ ਕਰਤਾ ਅਤੇ ਜਗਤ ਵਿਚ ਮੂਰਖਾਂ ਦੇ ਨਾਸ ਕਰਨ ਵਾਲਾ ਹੈ ਉਸਦੇ ਹੀ ਨਾਮ ਮੈਂ ਉਚਾਰਨ ਕਰਦਾ ਹਾਂ ਜਾਂ ਤੁਸੀਂ ਉਸਦਾ ਨਾਮ ਉਚਾਰਨ ਕਰੋ, ਜਿਸ ਨਾਮ ਨੂੰ ਸੁਣਨ ਕਰਕੇ ਸਾਰੇ ਦੁਖ ਦੂਰ ਹੋ ਜਾਣ। ਸਾਰੇ ਸ਼ਸਤ੍ਰਾਂ ਦੇ ਨਾਮ ਪਹਿਲਾਂ ਕਰਕੇ ਫੇਰ ਮਾਲਕ ਦਾ ਨਾਮ ਕਿਹਾ ਹੈ। ਇਸ ਲਈ ਇਹ ਸਾਰੇ ਹੀ ਨਾਮ ਕ੍ਰਿਪਾ ਨਿਧਾਨ ਦੇ ਹਨ, ਇਹਨਾਂ ਨੂੰ ਹਿਰਦੇ ਦੇ ਵਿਚ ਧਾਰਨ ਕਰਕੇ ਰਖੋ।

ਮੇਰਾ ਵੀਚਾਰ ਹੈ ਕਿ ਹੁਣ ਪਾਠਕ ਵੀਰਾਂ ਨੂੰ ਇਸ ਬਾਰੇ ਕੋਈ ਸ਼ੰਕਾ ਪਿਛੇ ਨਹੀਂ ਰਹਿਣੀ ਚਾਹੀਦੀ। ਨਾਲੇ ਇਸ ਪ੍ਰਕਰਣ ਦੇ ਵਿਚ ਇਹ ਭੀ ਇਹ ਵੀ ਵਿਸ਼ੇਸ਼ ਗੁਣ ਹੈ ਕਿ ਜੇਕਰ ਕਵੀਜਨ ਟੀਕੇ ਨਾਲ ਜਾਂ ਕਿਸੇ ਮਹਾਂ ਪੁਰਖ ਦੀ ਜ਼ਬਾਨੀ ਇਸ ਪ੍ਰਕਰਣ ਦੀ ਸਟੱਡੀ ਕਰ ਲੈਣ ਤਾਂ, ਕਵਿਤਾ ਦੇ ਉਚ ਭਾਵਾਂ ਨੂੰ ਹਾਸਲ ਕਰ ਸਕਦੇ ਹਨ, ਕਿ ਕਬਿਤ ਵਿਚ ਕਿਹੜਾ ਸ਼ਬਦ ਪਹਿਲਾਂ ਬੋਲਣਾ ਹੈ ਜਾਂ ਕਿਹੜਾ ਪਿਛੋਂ ਅਥਵਾ ਕਿਹੜਾ ਦੋ ਬਾਰ ਜਾਂ ਕਿਹੜਾ ਤਿੰਨ ਵਾਰ।ਇਸੇ ਤਰ੍ਹਾਂ ਦੋਹਰੇ ਤੇ ਅਨੇਕਾਂ ਛੰਦਾਂ ਦੀ ਚਾਲ ਇਸ ਪ੍ਰਕਰਣ ਵਿਚ ਹੈ; ਜੇਕਰ ਕੋਈ ਕਵੀਜਨ ਇਹਨਾਂ ਦੀ ਸਟੱਡੀ ਕਰ ਲਵੇ ਤਾਂ ਉਸਦਾ ਕੋਈ ਸਾਨੀ ਨਹੀਂ ਹੋ ਸਕੇਗਾ। ਪ੍ਰੰਤੂ ਟੀਕੇ ਤੋਂ ਬਿਨਾਂ ਪੂਰੇ ਭਾਵ ਜਾਣੇ ਨਹੀਂ ਜਾਂਦੇ, ਟੀਕਾ-ਇਕੋ ਇਕ ਸਾਡੇ ਗੁਰਬਾਣੀ ਦੇ ਪੰਡਿਤ ਨਰਾਇਣ ਸਿੰਘ ਜੀ ਨੇ ਕੀਤਾ ਹੈ ਜੋ ਅਜ ਅਲੋਪ ਹੋ ਰਿਹਾ ਹੈ। ਸਿਰ ਤੋੜ ਜਤਨ ਕਰਨ ਤੋਂ ਬਾਅਦ ਵੀ ਮੈਨੂੰ ਉਹ ਹਾਸਲ ਨਹੀਂ ਹੋ ਸਕਿਆ, ਜਿਸ ਬਾਰੇ ਸਾਡੇ ਸ਼੍ਰੋਮਣੀ ਪੰਥ ਨੂੰ ਵੀਚਾਰਨਾ ਚਾਹੀਦਾ ਹੈ।

੫ ॥ ੭ ॥ ੨ ॥ ੧੮ ॥ ੩੩ ॥ ੧੪੦ ॥

ੴ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾ: ੭ ॥ ਅਧਯਾ: ੨ ॥ ਅਲੋਚਨਾਤਮਕ ॥ ਪ੍ਰਕਰਣ ਨੰ: ੧੯ ॥ ੩੪ ॥ ੧੪੧ ॥

ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੇ ਨਿਰਣੇ ਦਾ ਨਿਰਣਾ ॥

ਪਖਜਾਨ ਚਰਿਤ੍ਰਾਂ ਬਾਰੇ

੧-ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੇ ਕੁਲ ੧੪੨੮ ਪੰਨੇ ਹਨ ਪਰ ੮੦੮ ਪੰਨੇ ਹੋਰ ਸਾਰੀਆਂ ਬਾਣੀਆਂ ਵਿਚ ਹਨ ਤੇ ੬੨੦ ਪੰਨੇ ਇਹਨਾਂ ਪਖਿਜਾਨ ਚਰਿਤ੍ਰਾਂ ਵਿਚ ਹਨ। ਗੁਰੂ ਸਾਹਿਬ ਨੇ ਇਹਨਾਂ ਨੂੰ

Digitized by Panjab Digital Library | www.panjabdigilib.org

ਪਖਜਾਨ ਚਰਿਤ੍ਰ ਕਰਕੇ ਲਿਖਿਆ ਹੈ, ਆਮ ਲੋਕੀ ਇਹਨਾਂ ਨੂੰ ਤ੍ਰਿਯਾ ਚਰਿਤ੍ਰ ਕਰਕੇ ਕਹਿੰਦੇ ਹਨ, ਜੋ ਨਿਸਚੇ ਹੀ ਇਹ ਇਸਤ੍ਰੀ ਪੁਰਸ਼ਾਂ ਦੇ ਸਾਂਝੇ ਚਰਿਤ੍ਰ ਹਨ। ਜਿਵੇਂ ਕਰਮ ਕਰਨ ਨੂੰ ਕਰਤੂਤ ਕਿਹਾ ਜਾਂਦਾ ਹੈ, ਉਹ ਭਲੀ ਭੀ ਹੋ ਸਕਦੀ ਹੈ ਅਤੇ ਬੁਰੀ ਭੀ, ਇਸੇ ਤਰ੍ਹਾਂ, ਚਰਿਤ੍ਰ ਚੰਗਾ ਵੀ ਹੋ ਸਕਦਾ ਹੈ ਅਤੇ ਮੰਦਾ ਭੀ। ਚਰਿਤ੍ਰ ਉਸ ਨੂੰ ਕਹਿੰਦੇ ਨੇ ਜੋ ਬਹੁਤੀ ਹੁਸ਼ਿਆਰੀ ਨਾਲ ਕਿਸੇ ਨੂੰ ਧੋਖਾ ਦੇ ਸਕੇ ਅਤੇ ਉਸਨੂੰ ਪਤਾ ਨਾ ਲਗਣ ਦੇਵੇ, ਦਿਨ ਨੂੰ ਰਾਤ ਤੇ ਰਾਤ ਨੂੰ ਦਿਨ, ਜਿਵੇਂ ਇਕ ਠਗ ਠੱਗੀ ਕਰਦਾ ਹੈ, ਤਾਂ ਪਹਿਲਾਂ ਜਿਸ ਨਾਲ ਠੱਗੀ ਕਰਨੀ ਹੁੰਦੀ ਹੈ ਉਸ ਦੀ ਮੱਤ ਮਾਰਦਾ ਹੈ, ਉਸ ਨੂੰ ਸਬਜ਼ ਬਾਗ ਦਿਖਾਉਂਦਾ ਹੈ ਅਤੇ ਉਸ ਨੂੰ ਵਿਸ਼ਵਾਸ ਨਾਲ ਜਿਤਦਾ ਹੈ, ਪਰ ਸੂਝਵਾਨ ਲੋਕ ਤਾੜ ਲੈਂਦੇ ਨੇ ਕਿ ਇਹ ਠਗ ਹੈ, ਇਸ ਤੋਂ ਕਿਵੇਂ ਬਚਣਾ ਹੈ ਤੇ ਉਸ ਦੀਆਂ ਗੱਲਾਂ ਦੇ ਝਾਂਸੇ ਵਿਚ ਨਹੀਂ ਆਉਂਦੇ, ਪਰ ਸਿਧੇ ਸਾਦੇ ਅਵੇਸਲੇ ਸਜਣ ਉਸ ਦੀਆਂ ਗੱਲਾਂ ਵਿਚ ਫਸ ਕੇ ਠਗੇ ਤੇ ਲੁਟੇ ਜਾਂਦੇ ਨੇ। ਰਾਜੇ ਭੋਜ ਨੂੰ ਉਸ ਦੀ ਚਲਾਕ ਰਾਣੀ ਨੇ ਆਪਣੀਆਂ ਗੱਲਾਂ ਵਿਚ ਫਸਾ ਕੇ ਉਸ ਨੂੰ ਖੋਤਾ ਬਣਾ ਕੇ ਉਪਰ ਚੜ੍ਹ ਬੈਠੀ ਸੀ। ਰਾਜਾ ਭਰਥਰੀ ਨੂੰ ਜਦ ਅੰਮ੍ਰਿਤ ਫਲ ਬਦਲੇ ਆਪਣੀ ਰਾਣੀ ਦੀਆਂ ਕਰਤੂਤਾਂ ਦਾ ਗਿਆਨ ਹੋਇਆ ਤਾਂ ਉਹ ਰਾਜ ਭਾਗ ਛਡ ਕੇ ਜੋਗੀ ਹੋ ਗਿਆ ਸੀ। ਇਸੀ ਤਰ੍ਹਾਂ ਕਈ ਚਾਲਾਕ ਇਸਤ੍ਰੀਆਂ ਆਪਣੇ ਪਤੀਆਂ ਦੇ ਹਥੋਂ ਬੜੀ ਬੁਰੀ ਨਰਕ ਜ਼ਿੰਦਗੀ ਜਿਹੀ ਬਤੀਤ ਕਰਦੀਆਂ ਹਨ। ਜਿਨ੍ਹਾਂ ਮਸਲਿਆਂ ਨੂੰ ਧਿਆਨ ਵਿਚ ਰਖ ਕੇ ਇਹਨਾਂ ਦੁਖਾਂਤਾਂ ਤੋਂ ਬਚਣ ਲਈ ਉਹ ਇਤਿਹਾਸਕ ਕਾਰਨਾਮੇ ਜੋ ਆਮ ਤੌਰ ਪਰ ਰਾਜੇ ਮੇਹਾਰਾਜੇ ਜਾਂ ਧਨੀ ਸ਼ਾਹੂਕਾਰ ਅਥਵਾ ਪੜ੍ਹੇ ਲਿਖੇ ਤਾਂਤ੍ਰਕ ਜੋਗੀ ਜਨਾਂ ਦੇ ਇਹਨਾਂ ਚਰਿਤ੍ਰਾਂ ਵਿਚ ਲਿਖ ਕੇ ਸ੍ਰੀ ਦਸਮੇਸ਼ ਜੀ ਨੇ ਜਿਥੇ ਸਿੱਖ ਨੂੰ ਆਤਮਕ ਜੀਵਨ ਤੇ ਧਾਰਮਕ ਜੀਵਨ ਉਚਾ ਤੇ ਪਵਿਤ੍ਰ ਕਰਨ ਲਈ ਅਨੇਕਾਂ ਉਪਦੇਸ਼ ਦਿਤੇ ਹਨ, ਉਹਨਾਂ ਫਰੇਬੀ ਲੋਕਾਂ ਤੇ ਗਿਰੇ ਹੋਏ ਜੀਵਨ ਦੇ ਘਟੀਆ ਲੋਕਾਂ ਦੇ ਕਾਰਨਾਮੇ ਜੋ ਰੱਬ ਦੀਆਂ ਦਾਤਾਂ ਨੂੰ ਪਾ ਕੇ ਵਿਸ਼ੇ ਵਿਕਾਰਾਂ ਦਾ ਹੀ ਜੀਵਨ ਬਣਾ ਬੈਠੇ ਹਨ ਉਹਨਾਂ ਦੇ ਜੀਵਨ ਸਾਹਮਣੇ ਰਖਕੇ, ਉਹਨਾਂ ਤੋਂ ਸੁਤੰਤ੍ਰ ਜੀਵਨ ਰਖ ਕੇ ਉਹਨਾਂ ਤੋਂ ਬਚਣ ਦਾ ਉਪਦੇਸ਼ ਦਿਤਾ ਹੈ। ਜਿਵੇਂ ਸੂਫੀ ਲੋਕਾਂ ਨੇ ਹੀਰ ਰਾਂਝੇ ਦੇ ਉਸ ਘਟੀਆ ਜੀਵਨ ਨੂੰ ਜੋ ਸਮਾਜ ਦੀਆਂ ਅੱਖਾਂ ਅਗੇ ਅੰਤ ਦਾ ਨਿੰਦਨੀਯ ਸੀ, ਨੂੰ ਸਾਹਮਣੇ ਰੱਖ ਕੇ ਉਸ ਵਿਚੋਂ ਪ੍ਰੇਮ ਤਾਰ ਲੈ ਕੇ ਆਪਣੇ ਮਨ ਦੀਆਂ ਤਣਾਵਾਂ ਰਬ ਨਾਲ ਜੋੜਨ ਲਈ ਧਾਰਮਕ ਤੇ ਸਮਾਜਕ ਰਸਮਾਂ ਨੂੰ ਉਲੰਘਣ ਕਰਨ ਵਾਲੇ ਜੋੜੇ ਦੀ ਉਦਾਹਰਨ ਲੈਂਦੇ ਹਨ। ਇਸ ਲਈ ਕਿਸੇ ਕਰਮ ਅਬਕਰਮ ਤੋਂ ਬਚਣ ਲਈ ਉਸ ਦਾ ਸਰੂਪ ਦੇਖਣਾ ਜਾਂ ਉਸਦਾ ਦ੍ਰਿਸ਼ ਆਪਣੀਆਂ ਅੱਖਾਂ ਨਾਲ ਤੱਕਣਾ ਅਵਸ਼ਕ ਹੈ। ਜਦੋਂ ਸਾਨੂੰ ਕਿਸੇ ਬੱਚੇ ਨੂੰ ਕਿਸੇ ਖਤਰੇ ਤੋਂ ਬਚਣ ਲਈ ਪ੍ਰੇਰਣਾ ਦੇਣੀ ਹੋਵੇ ਤਾਂ, ਕੋਈ ਕਥਾ ਵਾਰਤਾ ਜਾਂ ਕਹਾਣੀ ਲਭਣੀ ਪਏਗੀ ਜਿਸ ਨੂੰ ਸੁਣਾ ਕੇ ਅਸੀਂ ਉਸ ਨੂੰ ਵਰਜ ਸਕਦੇ ਹਾਂ। ਪਰ ਜੇ ਅਸੀਂ ਇਹ ਸ਼ਰਮ ਕਰੀਏ ਕਿ ਆਹ ਗੱਲ ਉਸਦੇ ਸਾਹਮਣੇ ਕਹਿਣ ਯੋਗ ਨਹੀਂ ਤਾਂ ਉਹ ਗੁਪਤ ਨੁਕਸ ਬੱਚੇ ਦੇ ਜੀਵਨ ਨੂੰ ਬਰਬਾਦ ਕਰ ਸਕਦਾ ਹੈ। ਸ੍ਰੀ ਦਸਮੇਸ਼ ਜੀ ਉਹ ਪੀਰ ਸਨ ਜੋ ਆਪਣੇ ਮੁਰੀਦ ਨੂੰ ਆਪਣੇ ਜਿਹਾ ਦੇਖਣ ਦੇ ਚਾਹਵਾਨ ਸਨ, ਇਸ ਲਈ ਉਹਨਾਂ ਨੇ ਨਿਸ਼ੰਕ ਹੋ ਕੇ ਉਹ ਪਿਛਲੇ ਸਮੇਂ ਦੀਆਂ ਵਾਪਰੀਆਂ ਘਟਨਾਵਾਂ ਸਾਡੇ ਸਾਹਮਣੇ ਸੁਤੰਤ੍ਰ ਰੂਪ ਵਿਚ ਦਿਖਾ ਕੇ ਫੇਰ ਆਪਣੇ ਵਲੋਂ ਆਦੇਸ਼ ਦਿਤਾ ਹੈ ਕਿ ਇਹਨਾਂ ਘਟਨਾਂ ਚੋਂ ਕੀ ਪ੍ਰਾਪਤ ਹੋਇਆ ਪਰ ਇਸ ਤੋਂ ਬਚਣਾ ਕਿਉਂ ਜ਼ਰੂਰੀ ਹੈ ਅਤੇ ਇਹਨਾਂ ਦਾ ਨਤੀਜਾ ਕੀ ਹੁੰਦਾ ਹੈ ਤੇ ਸਾਨੂੰ ਵੈਦਕ ਤੌਰ ਕਰ ਜਾਂ ਸਮਾਜਿਕ ਧਰਮ ਅਨੁਸਾਰ ਅਥਵਾ ਗੁਰਬਾਣੀ ਦੇ ਅਧਾਰ ਤੇ ਇਹਨਾਂ ਘਟਨਾਂ ਤੋਂ ਬਚਣਾ ਕਿਉਂ ਅਵੱਸ਼ਕ ਹੈ।

ਜਿਨ੍ਹਾਂ ਸਜਨਾਂ ਨੇ ਂਗਿ: ਭਾਗ ਸਿੰਘ ਜਿਹੇ ਲਿਖਾਰੀਆਂ ਦੀ ਲਿਖੀ ਅਸ਼ਰਧਕ ਲਿਖਤ ਪੜ੍ਹ ਲਈ ਹੈ ਉਹ ਕਹਿੰਦੇ ਹਨ ਕਿ ਤੁਸੀਂ ਕਿਤੇ ਪੜ੍ਹ ਕੇ ਤਾਂ ਸੁਣਾਓ ਜੇ ਜੁਤੀਆਂ ਨਾ ਪੈਣ। ਮੈਂ ਕਹਿੰਦਾ ਹਾਂ ਕਿ

Digitized by Panjab Digital Library | www.panjabdigilib.org

ਅਜ ਅਖਬਾਰਾਂ ਵਿਚ ਕਿੰਨੀ ਫਿਲਮੀ ਦੁਨੀਆਂ ਤੇ ਕਿਤਨੀਆਂ ਫਾਹਸ਼ ਘਟਨਾਵਾਂ ਤੇ ਕਹਾਣੀਆਂ ਹੀ ਨਹੀਂ ਸਗੋਂ ਫਾਹਿਸ਼ ਚਿਤ੍ਰ ਵੀ ਦੇਖੇ ਜਾ ਰਹੇ ਹਨ ਤੇ ਕਹਾਣੀਆਂ ਉਹ ਜਿਨ੍ਹਾਂ ਨੂੰ ਪੜ੍ਹਕੇ ਸਾਡੇ ਬਚੇ ਬਚੀਆਂ ਨੌਜੁਆਨ ਪੀੜ੍ਹੀ, ਕੁਰਾਹੇ ਪੈਣ ਦੇ ਢੰਗ ਤੇ ਜੀਵ ਨੂੰ ਤਬਾਹੀ ਵਲ ਧਕੇਲ ਬਹਿੰਦੇ ਹਨ। ਤਕ ਕੇ ਹੀ ਅੰਦਾਜ਼ਾ ਲਗਦਾ ਹੈ ਕਿਵੇਂ ਰੋਜ਼ ਦੀਆਂ ਅਖਬਾਰਾਂ ਵਿਚ ਨਿਰੰਤਰ ਲੇਖ ਲਿਖੇ ਤੇ ਛਾਪੇ ਜਾ ਰਹੇ ਹਨ। ਚਿਕਾਰਡ, ਸਖੀਕਰ ਟੀ. ਵੀ. ਆਦਿ ਮਾਵਾਂ ਧੀਆਂ ਤੇ ਪੁਤਰਾਂ ਦੇ ਹੁੰਦਿਆਂ ਕਿਥੇਂ ਤੀਕ ਪੁਜਦੇ ਹਨ; ਜੁਤੀਆਂ ਮਾਰਨ ਦਾ ਕੋਈ ਹੌਸਲਾ ਨਹੀ ਕਰਦਾ।

੨–ਸ੍ਰੀ ਕ੍ਰਿਸ਼ਨ ਜੀ ਅਰਜਨ ਨੂੰ ਕਾਮ ਦੀ ਉਤਪਤੀ ਤੇ ਕਰਤੂਤ ਦਸਦੇ ਕਹਿੰਦੇ ਹਨ ਕਿ ਅਰਜਨ, ਪਹਿਲੇ ਹਰਖ (ਪ੍ਰਸੰਨਤਾ) ਤੇ ਕਾਮ ਉਪਜਿਆ ਤਬ ਆਪਣੀ ਇਸਤ੍ਰੀ ਸੇ ਸੰਗ ਕੀਆ, ਜਬ ਬੀਰਜ ਗਿਰਾ ਤਬ ਮ੍ਰਿਤਕ ਕੀ ਨਿਆਈਂ ਚਿੰਤਾਤੁਰ ਹੋਇ ਕਰ ਗਿਰ ਪੜਾ ਸੋਇ ਗਿਆ। ਇਹ ਆਪਣੀ ਇਸਤ੍ਰੀ ਕੇ ਸੰਗ ਕੀਏ ਕਾ ਫਲ ਹੈ, ਫਿਰ ਸੰਤਾਨ ਭਈ ਤਿਸਤੇ ਅਤਿਸੈ ਮੋਹ ਕੋ ਪ੍ਰਾਪਤ ਹੋਇ ਕੈ ਅਗਿਆਨ ਅੰਧੇਰ ਕਰ ਅੰਧਾ ਭਇਆ ਜਨਮ ਮਰਨ ਕਾ ਅਧਿਕਾਰੀ ਭਇਆ, ਇਹ ਆਪਣੀ ਇਸਤ੍ਰੀ ਕੇ ਸੰਗ ਕਾ ਫਲ ਹੈ! ਕਦਾਚਿਤ ਪਰ ਨਾਰੀ ਸਾਥ ਪ੍ਰੀਤ ਕਰੀ ਸੰਗ ਕੀਆ ਕਿਸੀ ਇਤਰ ਕੇ ਹਾਥ ਆਇਆ ਤੋ ਵੀ ਖੁਆਰੀ, ਰਾਜਾ ਦੇ ਹਾਥ ਆਇਆ ਤੋ ਦੰਡ ਦੇਤਾ ਹੈ, ਦਰਬ ਛੀਨ ਲੇਤਾ ਹੈ, ਕੈਦ ਕਰਤਾ ਹੈ, ਰਾਜ ਦੰਡ ਭਰਨਾ ਪੜਾ। ਪ੍ਰਲੋਕ ਕੀ ਸਾਸਨਾ ਬਹੁਤ ਸਹਾਰਨੀ ਪੜੀ, ਜਮ ਜੰਦਾਰ ਸਾਸਨਾ ਦੇਵੇਗਾ। ਪ੍ਰਲੋਕ ਬਿਗੜ ਗਿਆ, ਬਾਕੀ ਕੁਝ ਨਾ ਰਿਹਾ। ਗੀ: ਅ: ੩:।

ਜਿਵੇਂ ਕ੍ਰਿਸ਼ਨ ਜੀ ਆਪਣੇ ਭਗਤ ਅਰਜੁਨ ਨੂੰ, ਕਾਮ ਦੇ ਅਵਗੁਣ ਦਸ ਕੇ ਖਬਰਦਾਰ ਤੇ ਅਵਰਣਾਂ ਤੋਂ ਜਾਣੂ ਕਰਾਉਂਦੇ ਹਨ, ਤਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਆਪਣੇ ਸ਼ਰਧਾਲੂ ਸਿੱਖਾਂ ਨੂੰ ਇਸ ਦੀਆਂ ਕਰਤੂਤਾਂ ਤੋਂ ਗਿਆਤ ਕਰਦੇ ਹਨ ਜੋ ਇਹਨਾਂ ਚਰਿਤ੍ਰਾਂ ਰਾਹੀਂ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ। ਜਿਵੇਂ ਗੁਰਬਾਣੀ ਦੇਖੋ–

(ੳ) ਹੇ ਕਾਮੰ ਨਰਕ ਬਿਸਰਾਮੰ ਬਹੁ ਜੋਨੀ ਭ੍ਰਮਾਵਣੰ ॥ ਪੰ: ੧੩੫੮ ॥

(ਅ) ਗੁਰ ਉਪਦੇਸੁ ਸੁਨਿਓ ਨਹਿ ਕਾਨਨਿ ਪਰ ਦਾਰਾ ਲਪਟਾਇਓ ॥ਪੰ: ੧੨੩੨॥

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਉਂ ਲਿਖ ਦਿਤਾ ਕਿ ਐ ਪ੍ਰਾਣੀ! ਤੂੰ ਕਿਉਂ ਪਰ ਇਸਤ੍ਰੀ ਨਾਲ ਲਿਪਾਇਮਾਨ ਹੋਇਆ ਹੈਂ। ਸ੍ਰੀ ਦਸਮੇਸ਼ ਜੀ ਨੇ ਸਿਧੇ ਸ਼ਬਦਾਂ ਵਿਚ ਪਰ ਇਸਤ੍ਰੀ ਨਾਲ ਭੋਗ ਬਿਲਾਸ ਕਰਨ ਦੇ ਗੁਣ ਦੋਸ਼ ਪ੍ਰਗਟ ਕੀਤੇ ਹਨ। ਜਿਵੇਂ ਕਿ ਗੁਰੂ ਨਾਨਕ ਦੇਵ ਜੀ ਵੀ ਲਿਖਦੇ ਹਨ :–

ਟਟੈ ਟੰਚੁ ਕਰਹੁ ਕਿਆ ਪ੍ਰਾਣੀ ॥ ਆਸਾ ਮ: ੧ ਪਟੀ ॥

ਕੀ ਸਾਹਿਬ ਇਥੇ ਟੈਂਕਾ ਨਹੀਂ ਸੀ ਲਿਖ ਸਕਦੇ, ਨਹੀਂ ਹਕੀਕੀ ਆਸ਼ਕਾਂ ਨੂੰ ਮਜਾਜ਼ੀ ਦਾ ਕੋਈ ਭੈ ਨਹੀਂ ਹੁੰਦਾ।

੩–ਜਿਸ ਵੇਲੇ ਬਾਲੀ ਦੇ ਮਰਨ ਉਪ੍ਰੰਤ ਕਿਸਕਿੰਧਾ ਦਾ ਰਾਜ ਤੇ ਉਸ ਦੀ ਰਾਣੀ ਤਾਰਾ ਰਾਣੀ ਸੁਗਰੀਵ ਦੇ ਅਧਿਕਾਰ ਹੇਠ ਆ ਗਏ ਤੋ ਚੌਮਾਸਾ ਵੀ ਲੰਘ ਗਿਆ, ਲਛਮਨ ਸੁਗਰੀਵ ਦੇ ਮਹਲ ਵਿਚ ਕ੍ਰੋਧ ਨਾਲ ਪੁਜਾ ਜੋ ਸੁਗਰੀਵ ਕੀਤਾ ਇਕਰਾਰ ਸੀਤਾ ਤਲਾਸ਼ ਦਾ ਕਿਉਂ ਨਹੀਂ ਪੂਰਾ ਕਰਦਾ। ਲਛਮਣ ਜੀ ਦਾ ਆਉਣਾ ਸੁਣ ਕੇ ਸੁਗਰੀਵ ਕੰਬ ਗਿਆ। ਸ਼ਰਾਬੀ ਹਾਲਤ ਵਿਚ ਲਛਮਣ ਦੇ ਸਾਹਮਣੇ ਆਉਣ ਤੋਂ

Digitized by Panjab Digital Library | www.panjabdigilib.org

ਝਿਜਕਿਆ ਤੇ ਤਾਰਾ ਨੂੰ ਉਸ ਦਾ ਕ੍ਰੋਧ ਠੰਢਾ ਕਰਨ ਲਈ ਭੇਜਿਆ ਤੇ ਉਹ ਆ ਕੇ ਲਛਮਣ ਨੂੰ ਕਹਿੰਦੀ ਹੈ–

ਤੁਹਾਡਾ ਜੋ ਕੰਮ ਕਰਨਾ ਹੈ ਉਸਦਾ ਮੈਨੂੰ ਚੰਗੀ ਤਰ੍ਹਾਂ ਗਿਆਨ ਹੈ, ਹੇ ਸ੍ਰੇਸ਼ਟ ਸਨੁੱਖ ਸਰੀਰਕ ਵਿਸ਼ਾ ਵਾਸ਼ਨਾਵਾਂ ਦੇ ਅਸਹਿ ਵੇਗ ਤੋਂ ਵੀ ਮੈਂ ਭਲੀ ਭਾਂਤ ਪਰਿਚਿਤ ਹਾਂ। ਮੈਂ ਜਾਣਦੀ ਹਾਂ ਕਿ ਸੁਗਰੀਵ ਕਾਮ ਦੇ ਵਸ ਕਿਸੇ ਸੁੰਦਰੀ ਦੇ ਪਿਆਰ ਵਿਚ ਰੁਝਿਆ ਹੋਇਆ ਹੈ। ਇਹ ਵੀ ਸੱਚ ਹੈ ਕਿ ਕਾਮ ਵਾਸ਼ਨਾਂ ਵਿਚ ਰੁਝੇ ਹੋਣ ਕਾਰਨ ਉਸਦਾ ਮਨ ਹੋਰ ਕੰਮ ਵਿਚ ਨਹੀਂ ਲਗਦਾ। (੫੩-੫੪) ਤੁਸੀਂ ਇਕ ਦਮ ਕ੍ਰੋਧ ਦੇ ਵਸ ਪੈ ਗਏ ਹੋ। ਇਸ ਤੋਂ ਜਾਪਦਾ ਹੈ ਕਿ ਤੁਸੀਂ ਕਾਮ ਸ਼ਾਸਤ੍ਰ ਤੋਂ ਬਿਲਕੁਲ ਅਨਜਾਣ ਹੋ। ਕਾਮ ਵਾਸ਼ਨਾ ਵਿਚ ਰੁਝਿਆ ਮਨੁੱਖ ਸਮੇਂ ਤੇ ਸਥਾਨ ਦੀ ਅਤੇ ਧਰਮ ਅਰਥ ਦੀ ਕੋਈ ਚਿੰਤਾ ਨਹੀਂ ਕਰਦਾ। ਰਾਜਾ ਸੁਗਰੀਵ ਵਿਸ਼ੇ-ਭੋਗਾਂ ਦੇ ਵਸ ਹੋ ਕੇ ਮੇਰੇ ਕੋਲ ਹੀ ਸਨ। ਕਾਮ ਵਾਸ਼ਨਾ ਦੀ ਤੀਬਰਤਾ ਵਿਚ ਉਨ੍ਹਾਂ ਆਪਣੀ ਸੁਭਾਵਕ ਲੱਜਾ ਨੂੰ ਭੁਲਾ ਦਿਤਾ ਹੈ ਤੇ ਪਿਆਰ ਨਾਲ ਤਾਰਾ ਲਛਮਣ ਨੂੰ ਮਹਲ ਦੇ ਅੰਦਰ ਲੈ ਗਈ ਜਿੱਥੇ ਗਹਿਣਿਆਂ ਹਾਰਾਂ ਨਾਲ ਸਜੀਆਂ ਹੋਈਆਂ ਇਸਤ੍ਰੀਆਂ ਉਸ ਨੂੰ ਸਭ ਪਾਸਿਓਂ ਘੇਰ ਕੇ ਖਲੋਤੀਆਂ ਸਨ। (੪੭ ॥ ਬਾ: ਮੀ: ਰਾ: ਅ: ੩੩) ਕਿਸਕਿੰਧਾ ਕਾਂ:।

ਜਿਵੇਂ ਮਹਾਂ ਮੁਨੀ ਸ੍ਰੀ ਬਾਲਮੀਕ ਜੀ ਨੂੰ ਵੀ ਇਤਿਹਾਸਕ ਘਟਨਾ ਜਿਉਂ ਦੀ ਤਿਉਂ ਲਿਖਣੀ ਪਈ ਹੋਰ ਵੀ ਕਿੱਸੇ ਕਵਿਤਾਵਾਂ ਜਾਂ ਕਿਤਾਬਾਂ ਲਿਖੀਆਂ ਹੋਈਆਂ ਹਨ, ਇਹੋ ਕਹਾਣੀਆਂ ਕਿਸੇ ਨਾ ਕਿਸੇ ਪੁਰਾਣ ਵਿਚ ਸਾਰੀਆਂ ਦੀਆਂ ਸਾਰੀਆਂ ਛਪੀਆਂ ਹੋਈਆਂ ਹਨ ਪਰ ਕਿਸੇ ਨੂੰ ਜੁਤੀਆਂ ਮਾਰਨ ਦਾ ਹੌਸਲਾ ਨਹੀਂ ਪਿਆ। ਉਪਦੇਸ਼ ਦੇ ਹਿਤ ਲਈ ਜੇ ਸ੍ਰੀ ਦਸਮੇਸ਼ ਜੀ ਨੇ ਸਾਡੇ ਭਲੇ ਲਈ ਲਿਖ ਦਿਤੀਆਂ ਤਾਂ ਗੁਰੂ ਦੇ ਸਿੰਘ ਹੀ ਜਤੀਆਂ ਮਾਰਨ ਨੰ ਤਿਆਰ ਹੋ ਗਏ।

੪–ਜਦੋਂ ਅਸੀਂ ਕਿਸੇ ਭੀ ਭਲੇ ਬੁਰੇ ਲੇਖ ਨੂੰ ਪੜ੍ਹਦੇ ਹਾਂ ਉਥੇ ਲਿਖਾਰੀ ਦੀ ਨੀਯਤ ਪਰਖਣੀ ਪੈਂਦੀ ਹੈ ਕਿ ਇਹ ਕਿਸ ਨੀਯਤ ਨਾਲ ਲਿਖ ਰਿਹਾ ਹੈ। ਇਕ ਚੋਰ ਚੋਰੀ ਕਰਦਾ ਹੈ ਅਤੇ ਚੋਰ ਕਿਸੇ ਦਾ ਘਰ ਪਾੜਦਾ ਹੈ, ਅੰਦਰ ਵੜਕੇ ਉਹ ਮਾਲ ਹਰ ਲੈਂਦਾ ਹੈ ਜਦੋਂ ਪਕੜਿਆ ਜਾਂਦਾ ਹੈ ਤਾਂ ਉਸਨੂੰ ਮਾਰ ਕੁਟਾਈ ਹੁੰਦੀ ਹੈ ਅਤੇ ਉਸ ਦਾ ਹੁਲੀਆ ਵਿਗਾੜ ਦਿਤਾ ਜਾਂਦਾ ਹੈ, ਅੰਤ ਪੁਲੀਸ ਦੇ ਹਵਾਲੇ ਕਰ ਦਿਤਾ ਜਾਂਦਾ ਹੈ, ਉਸ ਨੂੰ ਕਰੜੀ ਸਜ਼ਾ ਹੁੰਦੀ ਹੈ । ਜਿਸ ਨੂੰ ਇਸ ਵਾਰਦਾਤ ਦੀ ਖਬਰ ਹੈ, ਉਹ ਆ ਕੇ ਆਪਣੇ ਘਰ ਜਾਂ ਹੋਰ ਸੱਜਣਾਂ ਪਾਸ ਇਹ ਸਟੋਰੀ ਸੁਣਾਉਂਦਾ ਹੈ, ਜਿਸਦੇ ਦੋ ਭਾਵ ਹੋਇਆ ਕਰਦੇ ਹਨ। ਇਕ ਤਾਂ ਇਹ ਕਿ ਇਕ ਗੱਲ ਹੋਈ ਜਿਸ ਦਾ ਉਸ ਨੂੰ ਪਤਾ ਸੀ ਉਹ ਜਿਉਂ ਦੀ ਤਿਉਂ ਕਿਸੇ ਨੂੰ ਦਸਣੀ, ਦੂਜਾ ਭਾਵ ਇਹ ਕਿ ਦੂਜੇ ਸਜਨਾਂ ਨੂੰ ਇਸ ਤੋਂ ਸਿਖਿਆ ਦੇਣੀ ਕਿ ਚੋਰ ਨੇ ਇਉਂ ਚੋਰੀ ਕੀਤੀ, ਉਸ ਦਾ ਆਹ ਫਲ (ਸਿਟਾ) ਨਿਕਲਿਆ ਕਿ ਉਸ ਚੋਰ ਨੂੰ ਮਾਰ ਮਾਰਕੇ ਦੁੱਬਾ ਬਣਾ ਦਿਤਾ ਗਿਆ, ਅੰਤ ਉਸ ਨੂੰ ਕਰੜੀ ਕੈਦ ਭੁਗਤਣੀ ਪਈ, ਇਸ ਲਈ ਚੋਰੀ ਕਰਨਾ ਕੰਮ ਬਹੁਤ ਬੁਰਾ ਹੈ, ਜੇ ਕੋਈ ਇਸ ਗਲ ਨੂੰ ਸੁਣਦਾ ਹੈ, ਉਹ ਕੰਨਾਂ ਨੂੰ ਹਥ ਲਾਵੇ ਅਤੇ ਚੋਰੀ ਜਿਹੇ ਭੈੜੇ ਕਿੱਤੇ ਤੋਂ ਨਫਰਤ ਕਰੇ। ਪਰ ਜੇ ਗਿਆਨੀ ਭਾਗ ਸਿੰਘ ਨੂੰ ਪਤਾ ਲਗ ਜਾਏ ਤਾਂ ਉਸ ਨੇ ਸਾਫ ਲਿਖ ਦੇਣਾ ਹੈ ਕਿ ਇਹ ਤਾਂ ਚੋਰੀ ਕਰਨ ਦਾ ਪ੍ਰਚਾਰ ਕੀਤਾ ਗਿਆ ਹੈ।

ਮੈਂ ਇਸ ਪ੍ਰਕਰਣ ਨੂੰ ਤੂਲ ਨਾ ਦਿੰਦਾ ਹੋਇਆ ਇਹ ਪਾਠਕ ਜਨਾਂ ਨੂੰ ਬੇਨਤੀ ਕਰਦਾ ਹਾਂ ਕਿ ਗਿ: ਭਾਗ ਸਿੰਘ ਦੇ ਉਂਟ ਪਟੰਗਣ ਉਟੰਕਣ ਜਾਂ ਅਲੋਚਾਨਾਵਾਂ ਦਾ ਸਮਾਧਾਨ ਭਾਵ ਉਤ੍ ਬੜੀ ਭਰਪੂਰ ਦਲੀਲ ਦੇ ਕੇ ਗਿ: ਹਰਬੰਸ ਸਿੰਘ ਚੰਡੀਗੜ੍ਹ ਨੇ (ਸ੍ਰੀ ਦਸਮ ਗ੍ਰੰਥ ਦਰਪਣ) ਲਿਖ ਕੇ ਬੜੀ ਯੋਗਤਾ ਨਾਲ ਕੀਤਾ ਹੈ ਅਤੇ ਗਿ ਭਾਗ ਸਿੰਘ ਦੇ ਸਵਾਲਾਂ ਦੇ ਬਾਦਲੀਲ ਉਤਰ ਦਿਤੇ ਹਨ, ਉਸ ਨੂੰ ਪ੍ਰਾਪਤ ਕਰਕੇ

Digitized by Panjab Digital Library | www.panjabdigilib.org

ਪੜ੍ਹ ਲੈਣ ਅਤੇ ਗਿ: ਭਾਗ ਸਿੰਘ ਦੀਆਂ ਦਲੀਲਾਂ ਦਾ ਚੰਗੀ ਤਰ੍ਹਾਂ ਨਾਪ ਤੋਲ ਕੀਤੇ ਬਿਨਾਂ ਆਪਣੇ ਗੁਰੂ ਤੋਂ ਬੇਮੁਖ ਹੋਣ ਤੋਂ ਬਚਣ।

੫-ਜਿਥੋਂ ਤਕ ਪਖਿਆਨ ਚਰਿਤਰ ਦਾ ਅਸ਼ਲੀਲ ਹੋਣ ਦਾ ਸਬੰਧ ਜੁਟਾਇਆ ਜਾਂਦਾ ਹੈ ਉਕਾ ਹੀ ਨਿਰਮੂਲ ਹੈ। ਸ੍ਰੀ ਤੁਲਸੀ ਦਾਸ ਜੀ ਰਾਮ ਦੇ ਅਨਿੰਨ ਭਗਤ ਹੋਏ ਹਨ, ਜੋ ਰਾਮ ਨੂੰ ਅਰ ਮਾਤਾ ਸੀਤਾ ਨੂੰ ਪਰਮੇਸ਼ਰ ਦੀ ਥਾਂ ਮੰਨਦੇ ਸਨ। ਪਰ ਜਦੋਂ ਸੀਤਾ ਦੀ ਖੂਬਸੂਰਤੀ ਦਾ ਪ੍ਰਕਰਣ ਚਲਿਆ ਤਾਂ ਤਾਂ ਉਸ ਦੀ ਖੂਬਸੂਰਤੀ ਲਿਖਦੇ ਹਨ। ਜਦੋਂ ਅਗੇ ਜਾ ਕੇ ਰਾਵਣ ਚੁਕ ਕੇ ਲੈ ਜਾਂਦਾ ਹੈ ਤੇ ਉਸ ਨੂੰ ਕਾਮ ਵਾਸ਼ਨਾਂ ਅਧੀਨ ਆਪਣੀ ਅਰਧੰਗੀ ਬਨਾਉਣਾ ਚਾਹੁੰਦਾ ਹੈ। ਮਾਤਾ ਸੀਤਾ ਦੇ ਰਾਵਣ ਨਾਲ ਉਤਰ ਪ੍ਰਸ਼ਨ ਹੁੰਦੇ ਹਨ, ਤਿਰਜਟੀ ਸੀਤਾ ਜੀ ਨੂੰ ਰਾਵਣ ਦੇ ਮਹਿਲਾਂ ਵਿਚ ਰਾਵਣ ਨਾਲ ਸੇਜਾ ਸਖ ਮਾਨਣ ਲਈ ਪ੍ਰੇਰਨਾਂ ਕਰਦੀ ਹੈ। ਕਿਆ ਗੁਸਾਈਂ ਤੁਲਸੀ ਦਾਸ ਜੀ ਨੂੰ ਇਹ ਕਿਹਾ ਜਾਵੇ ਕਿ ਇਸ ਨੇ ਇਹ ਆਪਣੀ ਸ਼ਰਧਾ ਦੇ ਉਲਟ ਲਿਖਿਆ ਹੈ, ਜਾਂ ਕਾਮੁਕ ਕਹਾਣੀ ਕਿਉਂ ਲਿਖੀ ਹੈ ਅਥਵਾ ਇਹ ਅਸ਼ਲੀਲਤਾ ਦਾ ਪ੍ਰਚਾਰ ਕੀਤਾ ਹੈ। ਜੋ ਮੈਂ ਉਪ੍ਰੋਕਤ ਵਿਚਾਰਾਂ ਨੂੰ ਮੁਖ ਰਖ ਕੇ ਅੰਦਰੋਂ ਹੀ ਦਲੀਲ ਕਾਇਮ ਕਰਨ ਦਾ ਜਤਨ ਕਰਾਂਗਾ ਤੇ ਇਹ ਭੀ ਕਹਾਂਗਾ ਕਿ ਜਿਹੜੇ ਲੋਕ ਕਾਮੁਕ ਰੁਚੀ ਤੇ ਅਸ਼ਲੀਲ ਰਚਨਾਵਾਂ ਤੇ ਸਿਨਮੇ ਆਦਿ ਦੇ ਪ੍ਰੇਮੀ ਹਨ, ਉਹ ਚਰਿਤ੍ਰ ਪਖਯਾਨ ਨੂੰ ਪੜ੍ਹਨ ਦੀ ਖੇਚਲ ਹੀ ਨਾ ਕਰਨ ਕਿਉਂਕਿ ਉਹਨਾਂ ਦੇ ਮਨਾਂ ਵਿਚ ਜਿਹੜੇ ਭਾਵ ਜਨਮ ਲੈ ਚੁਕੇ ਹਨ, ਉਹ ਟਪਕ ਕੇ ਸਾਹਮਣੇ ਆ ਜਾਂਦੇ ਹਨ, ਇਹ ਤਾਂ ਉਸਦੇ ਪੜ੍ਹਨ ਯੋਗ ਹਨ ਜੋ ਇਹ ਨਿਸਚਾ ਰਖਦਾ ਹੈ ਕਿ ਇਹ ਸਾਡੇ ਗੁਰਦੇਵ ਦੀ ਦਿਤੀ ਸਾਡੇ ਲਈ ਇਕ ਸਿਖਿਆ ਦਾ ਮਾਧਿਅਮ ਹੈ। ਅਰ ਅਸੀਂ ਇਹ ਪੜ੍ਹ ਕੇ ਕਿਹੜੇ ਕਿਹੜੇ ਪਖ ਤੋਂ ਸਾਵਧਾਨ ਰਹਿਣਾ ਹੈ, ਇਹਨਾਂ ਮਕਾਰੀਆਂ ਤੋਂ ਕਿਵੇਂ ਬਚਣਾ ਹੈ ਜਾਂ ਕਿਹੜੇ ਅਯੋਗ ਕੰਮ ਹਨ ਜਿਹੜੇ ਅਸਾਂ ਨਹੀਂ ਕਰਨੇ? ਇਹੋ ਸਾਰੀਆਂ ਕਹਾਣੀਆਂ ਅਜ ਤਕ ਵੇਦਾਂ ਸ਼ਾਸਤ੍ਰਾਂ ਪੁਰਾਣਾਂ ਵਿਚ ਲਿਖੀਆਂ ਪੜ੍ਹੀਆਂ ਜਾਂਦੀਆਂ ਰਹੀਆਂ ਉਥੇ ਇਹ ਅਸ਼ਲੀਲ ਨਹੀਂ ਸਨ ਪਰ ਸ੍ਰੀ ਦਸਮੇਸ਼ ਜੀ ਦੀ ਲੇਖਣੀ ਥਲੇ ਆ ਕੇ ਅਸ਼ਲੀਲ ਕਿਉਂ। ਜੇ ਕਹੋ ਪਖਿਯਾਨੇ ਸ੍ਰੀ ਦਸਮੇਸ਼ ਜੀ ਦੇ ਉਚਰੇ ਹੋਏ ਨਹੀਂ ਤਾਂ ਉਹਨਾਂ ਦਾ ਲਿਖਿਆ ਪਹਿਲਾ ਪ੍ਰਕਰਣ ਜੋ ਭਗੌਤੀ ਉਸਤਤ ਹੈ, ਉਸਨੂੰ ਵਿਚਾਰ ਲਿਆ ਜਾਵੇ ਕਿ ਕਿਵੇਂ ਇਕ ਇਕ ਬਚਨ ਵਿਚੋਂ ਆਪ ਮੁਹਾਰੇ ਅਲੰਕਾਰ ਤੇ ਸੰਸਕ੍ਰਿਤੀ ਸੂਰਜ ਦੀਆਂ ਕਿਰਨਾਂ ਵਾਂਗ ਆਪ ਤੋਂ ਆਪ ਨਿਕਲ ਪੈਂਦੀਆਂ ਹਨ। ਜਦ ਕਿ ਇਹ ਸਭ ਕੁਝ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੀ ਅਧਾਰ ਤੇ ਲਿਖਿਆ ਹੋਇਆ ਹੈ।

੬-ਸਭ ਤੋਂ ਪਹਿਲੇ ੧ ਓ ਵਾਹਿਗੁਰੂ ਜੀ ਕੀ ਫਤਹਿ॥ ਹੈ ਅਗੇ (ਸ੍ਰੀ ਭਗੌਤੀ ਏਨਮਹ) ਹੈ। ਇਸ ਤੋਂ ਅਗੇ **ਅਥ ਪਖਜਾਨ ਚਰਿਤ੍ਰ ਲਿਖਯਤੇ** ਪਾਤਸ਼ਾਹੀ ੧੦॥ ਸਾਫ ਲਿਖਿਆ ਹੋਇਆ ਹੈ, ਜਿਸ ਲਈ ਸ਼ਕ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ। ਹੋਰ ਲੌ ਅਗੇ ਵਿਸ਼ਾ ਵਸਤੂ ਜੋ ਆਪ ਹਰ ਪ੍ਰਕਰਣ ਦੇ ਆਦਿ ਵਿਚ ਵਾਹਿਗੁਰੂ ਅਕਾਲ ਪੁਰਖ ਸ੍ਰੀ ਭਗੌਤੀ ਜੀ ਦੀ ਅਸਤੌਤ੍ਰ ਲਿਖਦੇ ਹੁੰਦੇ ਹਨ, ਉਹ ਪ੍ਰਾਰੰਭਕਰਦੇ ਹਨ। ਭੁਜੰਗ ਛੰਦ॥ ਉਪ੍ਰੰਤ ਤ੍ਵਪ੍ਰਸਾਦ ਤੇਰੀ ਕਿਰਪਾ ਮੰਗਦੇ ਹਨ। ਜਿਨ੍ਹਾਂ ਅਲੰਕਾਰਾਂ ਵਿਚ ਪਿਛੇ ਕਈ ਪ੍ਰਸੰਗ ਲਿਖੇ ਮਿਲਦੇ ਹਨ ਜੋ ਅਲੰਕਾਰ, ਸ਼ਸਤ੍ਰ ਨਾਮ ਮਾਲਾ ਵਿਚ ਲਿਖੇ ਪੜ੍ਹੇ ਜਾਂਦੇ ਹਨ। ਉਹਨਾਂ ਨੂੰ ਹੁਣ ਅਗੇ ਪੜ੍ਹ ਕੇ ਤੱਕੋ ਅਤੇ ਜਜਮਿੰਟ ਕਰੋ। ਇਥੇ ਕਿਸੇ ਨੂੰ ਵਕਾਲਤ ਕਰਨ ਦੀ ਲੋੜ ਨਹੀਂ, ਗੁਰਬਾਣੀ ਆਪਣੀ ਵਕਾਲਤ ਆਪ ਹੀ ਦਰਸਾਏਗੀ। ਪੰਨਾ ੮੦੯

ਤੁਹੀ ਖੜਗਧਾਰਾ ਤੁਹੀ ਬਾਢਵਾਰੀ॥ ਤੁਹੀ ਤੀਰ ਤਰਵਾਰ ਕਾਤੀ ਕਟਾਰੀ॥
ਹਲੱਬੀ ਜੁਨੱਬੀ ਮਗਰਬੀ ਤੁਹੀ ਹੈਂ॥ ਨਿਹਾਰੋ ਜਹਾਂ ਆਪ ਠਾਢੀ ਵਹੀ ਹੈਂ॥੧॥
ਤੁਹੀ ਜੋਗ ਮਾਯਾ ਤੁਹੀ ਬਾਕ ਬਾਨੀ॥ ਤੁਹੀ ਆਪ ਰੂਪਾ ਤੂਹੀ ਸ੍ਰੀ ਭਵਾਨੀ॥
ਤੂਹੀ ਬਿਸ਼ਨ ਤੂ ਬ੍ਰਹਮ ਤੂ ਰੁਦ੍ਰ ਰਾਜੈ॥ ਤੂਹੀ ਬਿਸ੍ਵ ਮਾਤਾ ਸਦਾ ਜੈ ਬਿਰਾਜੈ॥੨॥

Digitized by Panjab Digital Library | www.panjabdigilib.org

ਹੇ ਬਿਸ੍ਵ ਕਰਤਾ ਦੀ ਜੋਤਿ, ਤਲਵਾਰ ਦੀ ਧਾਰ, ਜੋ ਬੈਰੀ ਦਾ ਨਾਸ ਕਰਦੀ ਹੈ ਉਹ ਤੂੰ ਹੀ ਹੈਂ ਤੇ ਬਿੰਗੀ ਤਲਵਾਰ ਭੀ ਤੂੰਹੀ ਹੈਂ, ਤੀਰ ਜਾਂ ਤਲਵਾਰ, ਕਾਤੀ ਕੀ ਕਟਾਰੀ ਮੇਰੇ ਲਈ ਤਾਂ ਸਭ ਕੁਝ ਤੂੰਹੀ ਹੈਂ। ਚੌਹਾਂ ਦਿਸ਼ਾਂ ਵਿਚ ਜਿਥੇ ਭੀ ਮੈਂ ਦੇਖਦਾ ਹਾਂ ਉਥੇ ਨਿਰੰਤਰ ਖੜੀ ਮੈਨੂੰ ਦਿਸਦੀ ਹੈਂ। ਤੂੰਹੀ ਜਗਤ ਦੀ ਮਾਤਾ ਹੈਂ ਅਤੇ ਤੈਂ ਹੀ ਸਰਸਤੀ ਦੇਵੀ ਦੇ ਰੂਪ ਵਿਚ ਬਾਣੀ ਉਚਾਰਨ ਕੀਤੀ ਹੈ ਅਤੇ ਤੂੰ ਆਪਣਾ ਆਪ ਹੀ ਰੂਪ ਹੈਂ ਜਿਸ ਦੇ ਬਰਾਬਰ ਦਾ ਹੋਰ ਕੋਈ ਨਹੀਂ ਹੋ ਸਕਦਾ ਅਤੇ ਤੂੰ ਹੀਂ ਸ੍ਰੀ ਭਵਾਨੀ ਹੈਂ, ਤੂੰ ਹੀ ਬਿਸਨੁ ਤੂੰਹੀ ਬ੍ਰਹਮਾਂ ਹੈਂ ਅਤੇ ਤੂਹੀ ਸ਼ਿਵਜੀ ਹੈਂ, ਅਥਵਾ ਤੂੰਹੀ ਸਾਰੇ ਸੰਸਾਰ ਦ ਪੈਦਾ ਕਰਨ ਵਾਲੀ ਸੰਸਾਰ ਦੀ ਜਨਮ ਦਾਤਾ ਹੈਂ। ਦੇਵਤੇ, ਦੈਂਤ, ਜੱਛ ਆਦਿ ਤੈਂ ਹੀ ਪੈਦਾ ਕੀਤੇ ਹਨ, ਸਦਾ ਜੈ ਦੀ ਜੈ ਤੇਰੇ ਚਰਨਾਂ ਵਿਚ ਬਰਾਜ ਰਹੀ ਹੈ। ਜ਼ਰਾ ਮੇਲਕੇ ਤੱਕੋ ਤਾਂਇਹ ਪਹਿਲੇ ਪ੍ਰਕਰਣ ਦੀ ਪੁਸ਼ਟੀ ਕਰਦਾ ਹੈ, ਜਾਂ ਪਹਿਲਾ ਪ੍ਰਕਰਣ ਇਸ ਦੀ ਤ੍ਰਜਮਾਨੀ ਕਰਦਾ ਹੈ। ਥੋੜ੍ਹਾ ਹੋਰ ਅਗੇ ਚਲੋ :-

ਤੂ ਬੌਧਾ ਤੁਹੀ ਮੱਛ ਕੋ ਰੂਪ ਕੈ ਹੈ ॥ ਤੁਹੀ ਕੱਛ ਹ੍ਵੈਕੈ ਸਮੁੰਦ੍ਰਹਿ ਮਥੈ ਹੈ ॥
ਤੁਹੀ ਆਪ ਦਿਜ ਰਾਮ ਕੋ ਰੂਪ ਧਰਿਹੈ ॥ ਨਿਛਤ੍ਰਾ ਪ੍ਰਿਥੀ ਬਾਰ ਇੱਕੀਸ ਕਰਿ ਹੈ ॥੧੫॥

ਤੂਹੀ ਆਪ ਕੋ ਨਿਹਕਲੰਕੀ ਬਨੈ ਹੈ ॥ ਸਭੇ ਹੀ ਮਲੇਛਾਨ ਕੋ ਨਾਸ ਕੈ ਹੈ ॥
ਮਇਯਾ ਜਾਨ ਚੇਰੋ ਮਯਾ ਮੋਹਿ ਕੀਜੈ ॥ ਚਹੋਂ ਚਿੱਤ ਮੈ ਜੋ ਵਹੈ ਮੋਹਿ ਦੀਜੈ ॥੧੬॥

ਜਿਸ ਦਾ ਅਰਥ ਸੁਖੈਨ ਹੀ ਹੈ, ਆਪ ਸਮਝ ਹੀ ਗਏ ਹੋਵੋਗੇ ਪਰ ਮੋਟੇ ਜਿਹੇ ਇਹ ਹਨ ਕਿ ਤੂੰ ਹੀ ੨੪ ਅਵਤਾਰ ਧਾਰੇ, ਤੈਂ ਹੀ ਪ੍ਰਸਰਾਮ ਹੋਕੇ ੨੧ ਵਾਰ ਧਰਤੀ ਨੂੰ ਛੱਤ੍ਰ ਹੀਣ ਕੀਤਾ, ਐ ਮਾਤਾ ਮੈਨੂੰ ਆਪਣਾ ਸੇਵਕ ਜਾਣਕੇ ਮੇਰੇ ਪਰ ਕ੍ਰਿਪਾ ਦ੍ਰਿਸ਼ਟੀ ਕਰਨੀ ਅਤੇ ਜੋ ਮੈਂ ਚਾਹੁੰਦਾ ਹਾਂ ਉਹ ਭੀ ਬਖਸ਼ਿਸ਼ ਕਰਨੀ। ਇਹ ਉਹ ਆਪ ਜਾਣਦੇ ਹਨ ਕਿ ਚਿਤ ਵਿਚ ਕੀ ਸੀ ਏਥੇ ਜ਼ਾਹਿਰ ਨਹੀਂ ਕੀਤਾ। ਪਰ ਕੁਝ ਛੰਦ ਲਿਖੇ ਹਨ ਜਿਨ੍ਹਾਂ ਨੂੰ ਪੜ੍ਹਕੇ ਗਿ: ਭਾਗ ਸਿੰਘ ਜੀ ਤੇ ਉਹਨਾਂ ਦੇ ਹਾਮੀ ਸਹਿਜੇ ਹੀ ਕਹਿ ਦੇਣਗੇ ਕਿ ਇਹ ਸਾਰੇ ਮਹਾਂ ਕਾਲ ਤੇ ਕਾਲੀ ਉਸਤਤ ਹੈ।

ਸ੍ਵੈਯਾ- ਮੁੰਡ ਕੇ ਮਾਲ ਦਿਸਾਨ ਕੇ ਅੰਬਰ ਬਾਮ ਕਰਯੋ ਗਲ ਮੈ ਅਸਿ ਭਾਰੋ ॥
ਲੋਚਨ ਲਾਲ ਕਰਾਲ ਦਿਪੈ ਦੋਊ ਭਾਲ ਬਿਰਾਜਤ ਹੈ ਅਨਿਯਾਰੋ ॥
ਛੁਟੇ ਹੈ ਕਾਲ ਮਹਾ ਬਿਕਰਾਲ ਬਿਸਾਲ ਲਸੈ ਰਦ ਪੰਤਿ ਉਜਯਾਰੋ ॥
ਛਾਡਤ ਜ੍ਵਾਲ ਲਏ ਕਰ ਬਿਆਲ ਸੁ ਕਾਲ ਸਦਾ ਪ੍ਰਤਿਪਾਲ ਤਿਹਾਰੋ ॥੧੭॥

ਭਾਨ ਸੇ ਤੇਜ ਭਜਾਨਕ ਭੂਤਜ ਭੂਤਰ ਸੇ ਜਿਨ ਕੇ ਤਨ ਭਾਰੇ ॥
ਭਾਰੀ ਗੁਮਾਨ ਭਰੇ ਮਨ ਭੀਤਰ ਭਾਰ ਪਰੇ ਨਹਿ ਸੀ ਪਗ ਧਾਰੇ ॥
ਭਾਲਕ ਜਯੋਂ ਭਭਕੈ ਬਿਨੁ ਭੈਰਨ ਭੈਰਵ ਭੇਰਿ ਬਜਾਇ ਨਗਾਰੇ ॥
ਤੇ ਭਟ ਭੂਮਿ ਗਿਰੇ ਰਨ ਭੂਮਿ ਭਵਾਨੀ ਜੂਕੇ ਭਲਕਾਨ ਕੇ ਮਾਰੇ ॥੧੮॥

ਜਿਹੜੀਆਂ ਭਿਆਨਕ ਰੂਹਾਂ ਗਲਾਂ ਵਿਚ ਮੁਰਦਿਆਂ ਦੇ ਸਿਰ ਪਾਈ ਫਿਰਦੀਆਂ ਸਨ, ਇਸਤ੍ਰੀਆਂ ਦੇ ਕਪੜੇ ਪਹਿਨੇ ਹੋਏ ਗਲੇ ਵਿਚ ਵਡੇ ਭਾਰੇ ਭਾਲੇ ਪਾਏ ਹੋਏ ਲਾਲ ਅੱਖਾਂ ਵਾਲੇ ਜੋ ਬਹੁਤ ਭਿਆਨਕ ਦਿੱਸਦੇ ਸਨ, ਬੜੇ ਅਣਿਆਰੇ ਤਿਖੇ ਨੇਤ੍ਰਾਂ ਵਾਲੇ ਅਤੇ ਖੁਲ੍ਹੇ ਬਾਲ, ਬੜੀ ਭਿਆਨਕ ਸ਼ਕਲਾਂ ਬਹੁਤ ਹੀ ਲਿਸ਼ਕਦੇ ਤੇ ਚਮਕ ਵਾਲੇ ਜਿਵੇਂ ਬੜੇ ਵੱਡੇ ਸੱਪ ਮਣੀ ਵਾਲੇ ਰੋਸ਼ਨੀ ਦਿੰਦੇ ਹੋਣ ਅਤੇ ਮੁਖ ਵਿਚੋਂ ਅੱਗ ਨਿਕਲਦੀ ਹੋਵੇ, ਉਹ ਭੀ ਤੇਰੇ ਸਾਹਮਣੇ ਨਹੀਂ ਠਹਿਰ ਸਕੇ, ਕਿਉਂਕਿ ਅਕਾਲ ਪੁਰਖ ਤੇਰੇ ਨਾਲ ਹੈ।

Digitized by Panjab Digital Library | www.panjabdigilib.org

ਜਿਹੜੇ ਸੂਰਜ ਵਾਂਗੂੰ ਤੇਜ ਵਾਲੇ ਅਤੇ ਬੜੇ ਭਿਆਨਕ ਭੂਤਰੇ ਹੰਕਾਰੇ ਹੋਏ ਅਤੇ ਭੂਤਾਂ ਵਰਗੇ ਵੱਡੇ ਵੱਡੇ ਸਰੀਰਾਂ ਵਾਲੇ ਹੰਕਾਰੇ ਹੋਏ ਜਿਨ੍ਹਾਂ ਨੇ ਭੀਰ ਨੂੰ ਤੱਕ ਕੇ ਕਦੇ ਪਿਛੇ ਪੈਰ ਨਹੀਂ ਸੀ ਹਟਾਇਆ। ਬਿਨਾਂ ਹੀ ਭੈ ਤੋਂ ਜੋ ਭਭਕਦੇ ਸੀ, ਰਣ ਵਿਚ ਜ਼ਰਾ ਵੀ ਪੈਰ ਪਿਛੇ ਨੂੰ ਨਹੀਂ ਸੀ ਮੋੜਦੇ, ਗੁਮਾਨ (ਹੰਕਾਰ) ਦੇ ਭਰੇ ਹੋਏ, ਧਉਸੇ ਤੇ ਨਗਾਰੇ ਵਜਾਉਂਦੇ ਹੋਏ ਲਲਕਾਰਕੇ ਖੇਤ ਵਿਚ ਭਿੜਦੇ ਸਨ। ਇਹੋ ਜਿਹੇ ਸੂਰਮੇ ਰਣ ਦੇ ਵਿਚ ਸ਼ਕਤੀ ਮਾਤਾ ਦੇ ਹਥੋਂ ਮਾਰੇ ਹੋਏ ਧਰਤੀ ਤੇ ਗਿਰੇ ਦੇਖੇ ਹਨ।

ਮੇਰ ਕਿਯੋ ਤ੍ਰਿਣ ਤੇ ਮੋਹਿ ਜਾਇ ਗਰੀਬ ਨਿਵਾਜ ਨ ਦੂਸਰ ਤੋ ਸੋ ॥
ਭੂਲ ਛਿਮੋ ਹਮਰੀ ਪ੍ਰਭੂ ਆਪੁਨ ਭੂਲਨਹਾਰ ਕਹੂੰ ਕੋਊ ਮੋ ਸੋ ॥
ਸੇਵ ਕਰੈ ਤੁਮਰੀ ਤਿਨਕੇ ਛਿਨ ਮੈ ਧਨ ਲਾਗਤ ਧਾਮ ਭਰੋਸੋ ॥
ਯਾ ਕਲਿ ਮੈਂ ਸਭ ਕਾਲਿ ਕ੍ਰਿਪਾਨ ਕੀ ਭਾਰੀ ਭੁਜਾਨ ਕੋ ਭਾਰੀ ਭਰੋਸੋ ॥੪੭॥

ਭਾਵ-ਐ ਤੀਲੇ ਤੋਂ ਪਹਾੜ ਕਰਨ ਵਾਲੇ ਮਾਲਕ! ਮੇਰੇ ਜਿਹਾ ਹੋਰ ਕੋਈ ਗਰੀਬ ਨਹੀਂ, ਤੇਰੇ ਜਿਹਾ ਨਿਵਾਜਕ ਹੋਰ ਕੋਈ ਦੂਜਾ ਨਹੀਂ। ਇਸ ਲਈ ਮੇਰੀ ਭੁਲ ਬਖਸ਼ਣੀ, ਹੇ ਪ੍ਰਭੂ ਮੇਰੇ ਜਿਹਾ ਹੋਰ ਕੋਈ ਭੁਲਣਹਾਰ ਨਹੀਂ ਹੈ। ਜਿਸ ਨੇ ਵੀ ਤੈਨੂੰ ਸਿਮਰਿਆ ਹੈ ਉਸਦੇ ਅੱਖ ਦੇ ਫੋਰ ਵਿਚ ਤੂੰ ਘਰ ਭਰ ਕੇ ਅੰਬੀਰ ਬਣਾ ਦਿੱਤੇ ਹਨ। ਇਸ ਲਈ ਇਸ ਕਲਾ ਦੇ ਹਰ ਸਮੇਂ ਵਿਚ ਹੇ ਮਹਾਂ ਕਾਲ ਤੇਰੇ ਕ੍ਰਿਪਾਨ ਰੂਪੀ ਬਲ ਦਾ ਮੈਨੂੰ ਬਹੁਤ ਭਾਰੀ ਭਰੋਸਾ ਹੈ। ਦਾਸ ਨੇ ੪੮ ਸ੍ਵਯਾਂ ਵਿਚੋਂ ਪੰਜ ਚਾਰ ਕੁ ਹੀ ਪਾਠਕ ਜਨਾਂ ਦੇ ਪੇਸ਼ ਕੀਤੇ ਹਨ, ਜਿਸ ਵਿਚ ਨਿਰੋਲ ਅਕਾਲ ਪੁਰਖ ਦੀ ਅਨੂਪਮ ਤੇ ਅਨੂਠੀ ਮਹਿਮਾ ਹੈ, ਸਾਕਤ ਪੁਣਾ ਗੋਤਾ ਲਾਉਣ ਤੇ ਕਿਤੇ ਨਿਰੀਖਣ ਨਹੀਂ ਹੁੰਦਾ।

੬ ॥ ੭ ॥ ੨ ॥ ੧੯ ॥ ੩੪ ॥ ੧੪੧ ॥

੧ ਓ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾਗ ੭ ॥ ਅਧਯਾ: ੨ ॥ ਪ੍ਰਕਰਣ ਨੰ: ੨੦ ॥ ੩੫ ॥ ੧੪੨ ॥

ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੇ ਨਿਰਣੇ ਦਾ ਨਿਰਣਾ ॥ ਚਰਿਤ੍ਰ ਆਰੰਭ ॥

੧-ਪਹਿਲਾ ਪ੍ਰਸੰਗ ਚਿੱਤ੍ਰਵਤੀ ਨਗਰੀ ਦੇ ਰਾਜੇ (ਚਿਤ੍ਰ ਸਿੰਘ) ਨਾਮਕ ਦਾ ਲਿਖਿਆ ਹੈ ਜੋ ਅਤਿ ਸੁੰਦਰ ਜਵਾਨ ਸੀ, ਇਕ ਇੰਦ੍ਰ ਲੋਕ ਦੀ ਅਪੱਛਰਾ ਉਸਨੂੰ ਤੱਕਕੇ ਮੋਹਿਤ ਹੋ ਗਈ ਤੇ ਰਾਜੇ ਅੱਗੇ ਆਪਣੀ ਇੱਛਾ ਜ਼ਾਹਿਰ ਕੀਤੀ, ਜਿਸ ਤੇ ਰਾਜੇ ਨੇ ਉਸਨਾਲ ਵਿਆਹ ਕਰ ਲਿਆ, ਉਸ ਅਪੱਛਰਾ ਦੇ ਇਕ ਪੁਤ੍ਰ ਨੇ ਜਨਮ ਲਿਆ, ਜਿਸਦੀ ਆਭਾ ਆਪ ਐਉਂ ਲਿਖਦੇ ਹਨ।

ਦੋਹਰਾ-ਦੁਤਿਕਾ ਰਾਇ ਸੋਂ ਭੇਦ ਕਹਜੋ ਸਮਝਾਇ ॥
ਬਰੀ ਰਾਇ ਸੁਖ ਪਾਇ ਮਨ ਦੁੰਦਭਿ ਢੋਲ ਬਜਾਇ ॥੫॥

Digitized by Panjab Digital Library | www.panjabdigilib.org

ਏਕ ਪੁੱਤ੍ਰ ਤਾਤੇ ਭਯੋ ਅਮਿਤ ਰੂਪ ਕੀ ਖਾਨਿ ॥
ਮਹਾ ਰੁਦ੍ਰ ਹੂੰ ਰਿਸਿ ਕਰੇ ਕਾਮਦੇਵ ਪਹਿਚਾਨ ॥੬॥ ਪੰ: ੮੧੩ ॥

ਉਪ੍ਰੋਕਤ ਅਪੱਛਰਾ ਕੁਛ ਕਾਲ ਆਨੰਦ ਭੋਗ ਕੇ ਜਦੋਂ ਰਾਜੇ ਨੂੰ ਬਲਹੀਨ ਬੁਢਾਪਾ ਗ੍ਰਸਤ ਤੱਕਿਆ ਤਾਂ ਸੁਰ ਲੋਕ ਜਾ ਬਿਰਾਜੀ ਜਿਸਦੇ ਵਿਛੋੜੇ ਵਿਚ ਰਾਜਾ ਦੁਖਿਤ ਹੋਇਆ ਤੇ ਬਹੁਤ ਸਾਰੀ ਟੋਲ ਭਾਲ ਕੀਤੀ। ਫਿਰਦਿਆਂ ਫਿਰਾਂਦਿਆਂ (ਉੜੀਸਾ) ਵਿਚ (ਡਛ ਰਾਇ) ਰਾਜੇ ਦੀ ਪੁਤ੍ਰੀ ਤੇ ਨਿਗਾਹ ਜਾ ਪਈ ਜੋ ਸੁੰਦਰਤਾਂ ਦਾ ਸਿਖਰ ਸੀ। ਚਿਤ੍ਰ ਸੈਨ ਨੇ ਦਲ ਜੋੜ ਕੇ ਡਛ ਰਾਇ ਨਾਲ ਜੁਧ ਕੀਤਾ ਤੇ ਉਸਦੇ ਸਭ ਜੁਆਨ ਮਾਰ ਸੁਟੇ, ਰਾਜਾ ਵੀ ਮਾਰਿਆ ਗਿਆ। ਉਸਦੀ (ਚਿੱਤ੍ਰਮਤੀ) ਪੁਤ੍ਰੀ ਨੂੰ ਲੈ ਆਇਆ (੧੮) ਬ੍ਰਾਹਮਣਾਂ ਪਾਸ ਪੜ੍ਹਨ ਭੇਜੀ ਪਰ ਉਹ ਬੋਲੀ ਹੀ ਨਾ, ਰਾਜੇ ਨੇ ਯਤਨ ਕੀਤਾ ਪਰ ਉਹ ਰਾਜੇ ਦੀ ਉਮਰ ਵਲ ਤੱਕ ਕੇ ਤੇ ਆਪਣੇ ਹੁਸਨ ਦੇ ਮਾਣ ਵਿਚ ਗੁੰਗੀ ਹੀ ਹੋ ਗਈ, ਜਬਰ ਦੇ ਅਧੀਨ ਅੰਦਰੋਂ ਸੜਨ ਲੱਗੀ। ਘਰ ਵਿਚ ਹੀ ਰਾਜੇ ਦਾ ਪੁਤ੍ਰ ਜੋ ਹਮ ਉਮਰ ਸੀ ਉਸ ਨੂੰ ਆਪਣੇ ਨਾਲ ਵਿਹਾਰ ਕਰਨ ਲਈ ਕਹਿੰਦੀ ਹੈ, ਪਰ ਉਹ ਅਪੱਛਰਾ ਦਾ ਪੁੱਤਰ ਐਗਰੀ ਨਹੀਂ ਹੁੰਦਾ। ਸ਼ਰਮਿੰਦਾ ਹੋ ਕੇ ਚਿਤ੍ਰਮਤੀ ਚਿੱਤ੍ਰ ਸਿੰਘ ਰਾਜੇ ਨੂੰ ਕਹਿੰਦੀ ਹੈ ਕਿ ਇਹ ਤੇਰਾ ਪੁਤਰ ਬੜਾ ਦੁਸ਼ਟ ਹੈ, ਆਹ ਵੇਖ ਮੇਰਾ ਮੂੰਹ ਤੇ ਕੰਨ ਕਪੜੇ ਇਸ ਸਾਰੇ ਪਾੜ ਦਿੱਤੇ ਹਨ, ਜੋ ਉਸ ਨੇ ਆਪਣੇ ਹੀ ਨੌਹਾਂ ਨਾਲ ਕਈ ਝਰੀਟਾਂ ਤੇ ਲਹੂ ਚਲਾ ਲਿਆ ਸੀ।

ਚੌਪਈ-ਬਚਨ ਸੁਨਤ ਕ੍ਰੁੱਧਤ ਨ੍ਰਿਪ ਭਯੋ ॥ ਮਾਰਨ ਹੇਤ ਸੁਤਹਿ ਲੈ ਗਯੋ ॥
ਮੰਤ੍ਰਿਨ ਆਨਿ ਰਾਵ ਸਮਝਾਯੋ ॥ ਤ੍ਰਿਯਾ ਚਰਿੱਤ ਨ ਕਿਨਹੂੰ ਪਾਯੋ ॥੩੦॥ਪੰ: ੮੧੫॥

ਇਹ ਸੁਣਕੇ ਰਾਜਾ ਕ੍ਰੋਧਿਤ ਹੋ ਗਿਆ, ਪੁਤਰ ਨੂੰ ਮਾਰ ਦੇਣ ਦਾ ਹੁਕਮ ਦੇ ਦਿੱਤਾ ਤੇ ਬੰਦੀਵਾਨ ਬਣਾ ਦਿੱਤਾ। ਸਿਆਣਾ ਮੰਤ੍ਰੀ ਰਾਜੇ ਨੂੰ ਅਨੇਕ ਪ੍ਰਕਾਰ ਦੇ ਚਰਿਤ੍ਰ ਸੁਣਾ ਕੇ ਮੱਤ ਦਿੰਦਾ ਹੈ ਕਿ ਇਹਨਾਂ ਇਸਤ੍ਰੀਆਂ ਦੇ ਇਹਨਾਂ ਚਰਿਤ੍ਰਾਂ ਪਰ ਨਿਸਚਾ ਨਹੀਂ ਕਰਨਾ ਚਾਹੀਦਾ, ਜੋ ਕਹਿੰਦੀਆਂ ਕੁਛ ਹੋਰ ਨੇ ਤੇ ਕਮਾਉਂਦੀਆਂ ਕੁਛ ਹੋਰ ਨੇ, ਜਿਵੇਂ ਰਾਜੇ ਸਲਵਾਨ ਨੇ ਲੂਣਾ ਦੇ ਆਖੇ ਲੱਗਕੇ, ਪੂਰਨ ਭਗਤ ਨੂੰ ਮਰਵਾ ਦਿੱਤਾ ਸੀ ਤੇ ਖੜਗ ਸੈਨ ਨੇ ਰੂਪ ਬਸੰਤ ਨੂੰ ਘਰੋਂ ਕੱਢ ਦਿੱਤਾ ਸੀ। ਇਹ ਬੀਤੇ ਪ੍ਰਸੰਗ ਕਹਿੰਦਾ ਹੈ। ਜਿਸ ਵਿਚ ਇਹ ਦੱਸਿਆ ਹੈ ਕਿ ਵਿਆਹ ਸਮੇਂ ਆਯੂ ਮਿਲਵੀਂ ਹੋਣੀ ਚਾਹੀਦੀ ਹੈ, ਆਯੂ ਦੇ ਫਰਕ ਨਾਲ ਦਿਲਾਂ ਵਿਚ ਵੀ ਅੰਤਰ ਆ ਜਾਂਦਾ ਹੈ ਜੋ ਯੁਵਕ ਉਮਰ ਨੂੰ ਕੜੀ ਮੁਸੀਬਤ ਖੜੀ ਕਰ ਦੇਣ ਲਈ ਪ੍ਰੇਰਦਾ ਤੇ ਮਜਬੂਰ ਕਰ ਦਿੰਦਾ ਹੈ। ਜਿਵੇਂ ਇਹ ਦੂਜੇ ਚਰਿਤ੍ਰ ਵਿਚ ਦੱਸਿਆ ਹੈ।

੨-ਦੂਜਾ ਤੇ ਤੀਜਾ ਚਰਿਤ੍ਰ ਮੰਤ੍ਰੀ ਨੇ ਰਾਜੇ ਨੂੰ ਸੁਣਾਇਆ ਤੇ ਦੱਸਿਆ ਹੈ ਕਿ ਮਕਾਰ ਇਸਤ੍ਰੀਆਂ ਕਿਵੇਂ ਫਰੇਬ ਕਰਕੇ ਮਰਦ ਨੂੰ ਊਤ ਬਣਾ ਦਿੰਦੀਆਂ ਹਨ, ਇਸ ਲਈ ਉਹਨਾਂ ਦੇ ਅੰਦਰਲੇ ਭੇਦ ਨੂੰ ਜਾਣੋਂ ਜੋ ਪਤੀ ਨੂੰ ਉਸਦੀ ਵਡਿਆਈ ਕਰਕੇ ਦੂਜੇ ਨੂੰ ਬਾਹਰ ਨਿਕਲ ਜਾਣ ਦਾ ਮੌਕਾ ਦਿੰਦਾ ਹੈ ਅਤੇ ਤੀਜਾ ਸੁਣਾ ਕੇ ਇਹ ਭੇਤ ਖੋਲ੍ਹਦੇ ਹਨ।

ਹੋਤ ਤਰਨ ਕੇ ਤਰਨਿ ਬਸਿ ਬਿਰਧ ਤਰਨਿ ਬਸਿ ਹੋਇ ॥
ਇਹੈ ਰੀਤਿ ਸਭ ਜਗਤ ਕੀ ਜਾਨਤ ਹੈ ਸਭ ਕੋਇ ॥ ੬ ॥ ਪੰ: ੮੧੬ ॥
ਤਰਨਿ ਪਤਰਿਯਾ ਸੌ ਰਮੈਂ ਮੋਟੇ ਨਿਕਟ ਨ ਜਾਇ ॥
ਜੌ ਕਬਹੂੰ ਤਾਸੌ ਰਮੈ ਮਨ ਭੀਤਰ ਪਛਤਾਇ ॥ ੭ ॥

Digitized by Panjab Digital Library | www.panjabdigilib.org

ਜਿਸਦਾ ਭਾਵ ਹੈ-ਜੁਆਨ ਪੁਰਸ਼ ਦੇ ਜੁਆਨ ਇਸਤ੍ਰੀ ਵੱਸ ਵਿਚ ਰਹਿੰਦੀ ਹੈ, ਜਦ ਕਿ ਬਿਰਧ ਪੁਰਸ਼ ਨੂੰ ਜੁਆਨ ਇਸਤ੍ਰੀ ਦੇ ਵੱਸ ਹੋਣਾ ਪੈਂਦਾ ਹੈ। ਇਸੇ ਤਰ੍ਹਾਂ ਮੋਟੇ ਤੇ ਪਤਲੇ ਤਨ ਦਾ ਵੀ ਇਹੋ ਹਸ਼ਰ ਹੁੰਦਾ ਹੈ, ਜਿਸ ਲਈ ਜੋੜੀ ਜੁਟਾਵੀਂ ਤੇ ਇਕਸਾਰਤਾ ਦਾ ਧਿਆਨ ਮੰਗਦੀ ਹੈ। ਜਿਸ ਲਈ ਮੰਤ੍ਰੀ ਰਾਜਾ (ਚਿਤ੍ਰ ਸਿੰਘ) ਨੂੰ ਛੇਵੇਂ ਚਰਿਤ੍ਰ ਵਿਚ ਇਕ ਉਧਾਰਨ ਦਿੰਦਾ ਹੈ ਕਿ ਇਕ ਮੂਰਖ ਜੱਟ ਨੇ ਇਕ ਬੜੀ ਚੱਤ੍ਰ ਚਾਲਾਕ ਇਸਤ੍ਰੀ ਵਿਆਹ ਲਈ ਸੀ ਜਿਸ ਦਾ ਨਾਮ (ਮਾਲ ਮਤੀ) ਸੀ ਤੇ ਉਹਦੇ ਕੋਲ (ਖੇਲ ਅਖੇਟਨ) ਨਾਂ ਦੇ ਰਾਜੇ ਦਾ ਖੁਲ੍ਹਾ ਆਉਣਾ ਜਾਣਾ ਬਣ ਗਿਆ, ਕਿਉਂਕਿ ਉਹ ਸੁੰਦਰਤਾ ਭਰਪੂਰ ਸੀ। ਇਕ ਦਿਨ ਜਦੋਂ ਕਿ ਰਾਜਾ ਮਾਲਮਤੀ ਦੇ ਘਰ ਵਿਚ ਆਇਆ ਹੋਇਆ ਸੀ, ਉਸੇ ਵੇਲੇ ਉਸ ਦਾ ਪਤੀ ਜਿਸਦਾ (ਰਿੱਛ) ਜਿਹਾ ਬਦਨ ਤੇ ਬੜਾ ਹੀ ਰੱਜਕੇ ਕੁਸੋਹਣਾ ਸੀ ਆਉਂਦਾ ਦਿੱਸਿਆ ਤੇ ਰਾਇ ਉਸਨੂੰ ਤੁੱਕ ਕੇ ਘਾਬਰ ਗਿਆ ਜੋ ਮੇਰੀ ਬੇਪਤੀ ਹੋ ਜਾਏਗੀ। ਮਾਲਮਤੀ ਨੇ ਉਸਨੂੰ ਝੱਟ ਹੀ ਨਾਲ ਦੇ ਕੋਠੇ ਵਿਚ ਬੈਠਾ ਦਿੱਤਾ।

ਪਤੀ ਨੂੰ ਪ੍ਰੇਮ ਨਾਲ ਬਿਠਾਕੇ ਝੱਟ ਹੀ ਗੱਲ ਤੋਰੀ ਕਿ ਰਾਤੀਂ ਮੈਨੂੰ ਇਕ ਬੜਾ ਚੰਦਰਾ ਸੁਪਨਾ ਆਇਆ ਸੀ, ਜਿਸ ਵਿਚ ਮੈਂ ਦੇਖਿਆ ਸੀ ਕਿ ਇਕ ਬੜੇ ਵੱਡੇ ਸਰਪ ਨੇ ਤੈਨੂੰ ਡੰਗ ਲਿਆ ਹੈ ਤੇ ਮੈਂ ਬੇਹਾਲ ਹੋਕੇ ਤੇਰੇ ਨਾਲ ਸਤੀ ਹੋਣਾ ਚਾਹੁੰਦੀ ਸਾਂ ਤਾਂ ਮੇਰੀ ਅੱਖ ਖੁਲ੍ਹ ਗਈ, ਤਾਂ ਮੈਂ ਘਬਰਾ ਕੇ ਇਕ ਜੋਤਸ਼ੀ ਤੋਂ ਇਸਦਾ ਉਪਾਅ ਪੁਛਿਆ, ਉਸਨੇ ਮੈਨੂੰ ਇਕ ਮੰਤ੍ਰ ਦੱਸਿਆ ਤੇ ਕਿਹਾ ਹੈ ਕਿ ਜੇ ਕੋਈ ਪਤੀ-ਬਰਤਾ ਇਸਤ੍ਰੀ ਇਸ ਮੰਤ੍ਰ ਦਾ ਜਪ ਕਰੇ ਅਤੇ ਕੋਈ ਅੰਬੀਰ ਜਾਂ ਰਾਜਾ ਤੇਰੇ ਪਤੀ ਦੇ ਸਿਰ ਪਰ ਪੈਰ ਰੱਖਕੇ ਅੱਗੇ ਲੰਘ ਜਾਵੇ ਤਾਂ ਤੁਹਾਡਾ ਕੋਈ ਵਾਲ ਵੀ ਵਿੰਗਾ ਨਹੀਂ ਹੋਵੇਗਾ। ਜਿਸ ਲਈ ਮੈਂ ਰਾਇ ਨੂੰ ਸਦ ਲਿਆ ਹੈ ਤੇ ਤੁਹਾਡੀ ਉਡੀਕ ਸੀ ਤੇ ਮੈਂ ਪਤਿਬਰਤਾ ਇਸਤ੍ਰੀ ਹਾਂ, ਉਸ ਮੰਤ੍ਰ ਦਾ ਮੈਂ ਜਾਪ ਕਰਾਂਗੀ, ਤੁਸੀਂ ਉਸਨੂੰ ਸਿਰ ਪਰ ਪੈਰ ਰਖਾਕੇ ਅੱਗੇ ਲੰਘਾ ਦਿਉ। ਮੂਰਖ ਜੱਟ ਇਹ ਰਮਜ਼ ਨਾ ਜਾਣ ਸਕਿਆ ਤੇ ਅੱਗੇ ਸਿਰ ਕਰ ਦਿੱਤਾ, ਰਾਇ ਸਾਹਿਬ ਸਿਰ ਪਰ ਪੈਰ ਰੱਖਕੇ ਚਲਦੇ ਬਣੇ ਤੇ ਉਸ ਚਾਲਾਕ ਇਸਤ੍ਰੀ ਨੇ ਘਰ ਵਿਚ ਫਸਿਆ ਪ੍ਰੇਮੀ ਬਾਹਰ ਵੀ ਕੱਢ ਛੱਡਿਆ ਤੇ ਆਪ ਪਤੀਬ੍ਰਤਾ ਵੀ ਬਣੀ ਰਹੀ। ਐਉਂ ਉਹ ਸੁਜਾਨ ਵਜ਼ੀਰ ਰਾਜੇ ਨੂੰ ਇਹ ਉਧਾਰਣਾਂ ਦੇ ਕੇ ਕਹਿੰਦਾ ਹੈ ਕਿ ਇਹੋ ਜਿਹੀਆਂ ਇਸਤ੍ਰੀਆਂ ਦੇ ਆਖੇ ਲੱਗ ਕੇ ਪੁਤਰ ਮਾਰ ਦੇਣਾ ਉਚਿਤ ਨਹੀਂ, ਨਾਲ ਇਹ ਕਿ ਆਪ ਤੋਂ ਬਹੁਤੀ ਸੁੰਦਰ ਇਸਤ੍ਰੀ ਨਾਲ ਵਿਆਹ ਕਰਾਕੇ ਉਚਿਤ ਅਸਥਾਨ ਪ੍ਰਾਪਤ ਨਹੀਂ ਹੁੰਦਾ ਤੇ ਬਹੁਤੀ ਚਾਤਰ ਅੱਗੇ ਆਪ ਨੂੰ ਵਕਾਊ ਹੋਕੇ ਰਹਿਣਾ ਪੈਂਦਾ ਹੈ।

੩-ਅਠਵੇਂ ਚਰਿਤ੍ਰ ਵਿਚ ਮੰਤ੍ਰੀ ਰਾਜੇ ਨੂੰ ਦਸ ਰਿਹਾ ਹੈ ਕਿ ਐਗਜਨ ਸ਼ਹਿਰ ਅਕਬਰਾ ਬਾਦ ਵਿਚ ਅਨੁਰਾਗ ਮਤੀ ਇਕ ਇਸਤ੍ਰੀ ਚਾਰ ਪੁਰਸ਼ਾਂ ਨਾਲ ਰਤ ਸੀ। ਜਿਨ੍ਹਾਂ ਵਿਚ ੧ ਮੁਗਲ ੨ ਸ਼ੇਖ ੩ ਪਠਾਣ ੪ ਸਯਦ ਦਾ ਆਉਣਾ ਜਾਣਾ ਸੀ। ਇਕ ਦਿਨ ਸਯਦ ਆਪਣੇ ਨੀਯਤ ਸਮੇਂ ਤੋਂ ਉਠ ਕੇ ਪਹਿਲੇ ਆ ਗਿਆ, ਥੋੜੇ ਚਿਰ ਬਾਅਦ ਹੀ ਪਠਾਨ ਆ ਗਿਆ ਤਾਂ ਉਸ ਚਲਾਕ ਇਸਤ੍ਰੀ ਜੋ ਜੰਤਰਾਂ ਮੰਤਰਾਂ ਵਿਚ ਭੀ ਬੜੀ ਨਿਪੁੰਨ ਸੀ ਸਯਦ ਨੂੰ ਮੰਜੇ ਥਲੇ ਲੁਕਾ ਦਿਤਾ। ਇਤਨੇ ਨੂੰ ਸ਼ੇਖ ਜੀ ਆ ਗਏ। ਤਾਂ ਪਠਾਨ ਨੂੰ ਘਾਹ ਦੇ ਕੋਠੇ ਵਿਚ ਲੁਕੋ ਦਿਤਾ। ਏਨੇ ਨੂੰ ਮੁਗਲ ਆ ਗਿਆ ਤਾਂ ਸ਼ੇਖ ਨੂੰ ਇਕ ਗੁਣ ਵਿਚ ਵਾੜ ਦਿਤਾ। ਬਾਹਰ ਕਿਸੇ ਨੂੰ ਸੂਹ ਲਗ ਗਈ ਜੋ ਪੁਲੀਸ ਨੂੰ ਲੈ ਕੇ ਆ ਗਿਆ ਤਾਂ ਹੁਣ ਆਪ ਉਸ ਰਾਗ ਮਤੀ ਨੂੰ ਬਚਣ ਲਈ ਕੋਈ ਉਪਾਇ ਨਾ ਰਿਹਾ ਪਰ ਉਸ ਨੇ ਝਟ ਪਟ ਘਾਹ ਦੇ ਕੋਠੇ ਵਿਚ ਅੱਗ ਸੁਟ ਕੇ ਥਾਹਰੋਂ ਕੁੰਡੀ ਮਾਰ ਕੇ ਰਾਤ ਦੇ ਹਨੇਰੇ ਵਿਚ ਨਿਕਲਕੇ ਖਿਸਕ ਗਈ। ਜਦੋਂ ਅੰਦਰ ਅੱਗ ਦੇ ਭਾਂਬੜ ਮਚ ਪਏ ਤਾਂ ਲੋਕਾਂ ਨੂੰ ਅਨੁਰਾਗ ਮਤੀ ਭੁਲ ਗਈ ਤੇ ਅੱਗ ਬੁਝਾਉਣ ਦੀ ਪੈ ਗਈ। ਇਤਨੇ ਨੂੰ ਉਹ ਚਾਰੇ ਸ਼ਖਸ ਜਲ ਕੇ ਭੜਥਾ ਹੋ ਗਏ ਸੀ। ਤਾਂ ਹੁਣ ਅਸੀਂ ਇਹ ਅਨੁਮਾਨ ਲਾਉਣਾ ਹੈ ਕਿ ਗੁਰੂ

Digitized by Panjab Digital Library | www.panjabdigilib.org

ਜੀ ਨੇ ਵਿਭਚਾਰ ਨੂੰ ਬੜਾਵਾ ਦੇਣ ਲਈ ਇਹ ਸਾਖੀ ਲਿਖੀ ਹੈ। ਨਹੀਂ ਸਗੋਂ ਉਹ ਇਸ ਨੂੰ ਪਹਿਲਾਂ ਹੀ (ਕ੍ਰਿਯਾ ਹੀਨ) ਕਹਿੰਦੇ ਹਨ ਜਿਵੇਂ ਕਿ ਪਹਿਲੀ ਪੰਗਤੀ ਇਉਂ ਲਿਖਦੇ ਹਨ।

ਸਹਰ ਅਕਬਰਾਬਾਦ (ਆਗਰਾ) ਮੈਂ ਤ੍ਰਿਯਾ ਕ੍ਰਿਯਾ ਕੀ ਹੀਨ ॥

ਜਿਸ ਨੂੰ ਘਟੀਆ ਚਰਿਤ੍ਰ ਜਾਂ ਬੁਰੇ ਕੰਮ ਕਰਨ ਵਾਲੀ ਕਿਹਾ ਜਾਂਦਾ ਹੈ, ਸਗੋਂ ਅੱਗੇ ਚੱਲ ਕੇ ਤ੍ਰਿਯਾ ਚਰਿਤ੍ਰ ਵਿਚ ਹੀ ਅਗੇ ਜਿਥੇ ਆਪ ਕਹਿੰਦੇ ਹਨ।

ਪਰ ਇਸਤ੍ਰੀ ਸਿਉ ਨੇਹੁ ਲਗਾਵੈ ॥
ਕਹੈ ਗੋਬਿੰਦ ਸਿੰਘ ਉਹ ਸਿਖ ਨਹੀਂ ਭਾਵੈ ॥

ਇਹ ਕਹਾਣੀ ਦੇ ਕੇ ਆਪ ਨੇ ਉਪਰ ਦਸਿਆ ਚਰਿਤ੍ਰ ਦਿਖਾਇਆ ਹੈ, ਪਰਾਈ ਇਸਤ੍ਰੀ ਨਾਲ ਨੇਹੁੰ ਲਾ ਕੇ ਇਹਨਾਂ ਚਾਰਾਂ ਪੁਰਸ਼ਾਂ ਦਾ ਕੀ ਹਸ਼ਰ ਹੋਇਆ। ਇਸ ਲਈ ਜੋ ਮੇਰਾ ਸਿਖ ਹੋ ਕੇ ਇਹ ਨੀਚ ਕਰਮ ਕਰਦਾ ਹੈ ਉਹ ਮੈਨੂੰ ਚੰਗਾ ਨਹੀਂ ਲਗਦਾ। ਜਿਸ ਦਾ ਭਾਵ ਹੈ ਕਿ ਉਹ ਮੇਰੀ ਰਹਿਮਤ ਤੋਂ ਖਾਲੀ ਰਹੇਗਾ। ਜੇ ਉਹ ਚਾਰੇ ਪਰਾਏ ਘਰ ਗਏ ਤਾਂ ਇਸ ਮੌਤੇ ਮਰੇ।

੪–ਗਿਆਰਵਾਂ ਚਰਿਤ੍ਰ – ਕ੍ਰਿਸ਼ਨ ਰਾਧਕਾ ਦਾ ਮੇਲ ਹੈ ਜੋ ਆਮ ਪੁਰਾਣਾਂ ਵਿਚ ਬੜੀ ਸ਼ਾਨ ਨਾਲ ਲਿਖਿਆ ਪੜ੍ਹਿਆ ਜਾਂਦਾ ਹੈ ਅਤੇ ਕ੍ਰਿਸ਼ਨ ਚਰਿਤ੍ਰ ਜਾਣ ਕੇ ਭਜਨਾਂ ਵਿਚ ਗਾਇਆ ਜਾਂਦਾ ਹੈ। ਫੇਰ ਏਥੇ ਲਿਖਣ ਨਾਲ ਇਹ ਅਪਵਿਤ੍ਰ ਕਿਵੇਂ ਹੋ ਗਿਆ? ਮੰਤ੍ਰੀ ਭੂਪ ਨੂੰ ਸਮਝਾਉਂਦਾ ਹੈ ਕਿ ਆਪਣੇ ਦਿਲ ਦੇ ਅੰਦਰਲੀ ਗੱਲ ਇਸਤ੍ਰੀ ਪਾਸ ਨਹੀਂ ਕਰਨੀ ਚਾਹੀਦੀ। ਜੋ ਆਪਣੇ ਪੂਰਨ ਭੇਤ ਇਸਤ੍ਰੀ ਨੂੰ ਦਿੰਦਾ ਹੈ ਉਸ ਦੀ ਮੌਤ ਅਵੱਸ਼ਕ ਹੈ, ਜੋ ਕਈ ਚਰਿਤ੍ਰਾਂ ਦਾ ਇਹੀ ਤਤ ਸਾਰ ਹੈ, ਹੋ ਸਕਦਾ ਹੈ ਕਿ ਅਜ ਦੀ ਇਸਤ੍ਰੀ ਤੇ ਪਹਿਲੇ ਸਮੇਂ ਦੀ ਇਸਤ੍ਰੀ ਵਿਚ ਅਜ ਕੁਝ ਅੰਤਰਾ ਆ ਗਿਆ ਹੋਵੇ, ਪਰ ਅਜ ਭੀ ਕਈ ਥਾਈਂ ਇਹ ਠੀਕ ਸਿਧ ਹੁੰਦਾ ਹੈ, ਕਿਉਂਕਿ ਇਸਤ੍ਰੀ ਨੂੰ ਗੱਲ ਬਾਹਰ ਕੀਤੇ ਬਿਨਾਂ ਨਹੀਂ ਸਰਦਾ।

੧੦–ਖਾਸ ਕਰ ੧੬ਵਾਂ ਚਰਿਤ੍ਰ – ਅਲੋਚਨਾਂ ਦਾ ਕੇਂਦਰ ਬਣਿਆ ਹੋਇਆ ਹੈ। ਇਸ ਤੇ ਅਸ਼ੋਕ ਜੀ ਨੇ ਭੀ ਅਤੇ ਗਿ: ਭਾਗ ਸਿੰਘ ਜੀ ਨੇ ਭੀ ਬੜਾ ਗੁਹੜਾ ਉਟੰਕਣ ਕੀਤਾ ਹੈ। ਜਿਸ ਦਾ ਭੇਦ ਅਜ ਕਠਨ ਹੈ। ਕਈ ਲੇਖਕਾਂ ਨੇ ਇਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਹੀ ਜੋੜਿਆ ਹੈ, ਪਰ ਇਹ ਸਿਧ ਨਹੀਂ ਹੁੰਦਾ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਆਪ ਬੀਤੀ ਹੈ। ਗੁਰੂ ਜੀ ਨੇ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੇ ਵਿਚ ਕਿਤੇ ਭੀ ਆਪ ਨੂੰ ਰਾਇ ਨਹੀਂ ਕਿਹਾ, ਮੇਰੀ ਨਿਗਾਹ ਵਿਚ ਨਹੀਂ ਆਇਆ, ਫੇਰ ਆਪਨੇ ਕਿਤੇ ਭੀ ਆਪਣੇ ਆਪ ਨੂੰ ਸ਼ੋ ਨਹੀਂ ਕੀਤਾ। ਦੂਜੇ ਕਿਤੇ ਸ੍ਰੀ ਅਨੰਦ ਪੁਰ ਸਾਹਿਬ ਦਾ ਜ਼ਿਕਰ ਨਹੀਂ ਹੈ, ਸਗੋਂ ਇਉਂ ਲਿਖਿਆ ਹੈ।

ਤੀਰ ਸਤੁਦ੍ਰਵ ਕੇ ਹੁਤੋ ਰਹਿਤ ਰਾਇ ਸੁਖ ਬਾਇ ॥

ਜਿਸ ਦਾ ਭਾਵ ਹੈ ਕਿ ਸਤਿਲੁਜ ਦੇ ਕਿਨਾਰੇ ਜੋ ਹਿਮਾਲਾ ਪ੍ਰਬਤ ਤੋਂ ਚਲਦੀ ਹੈ ਅਤੇ ਅਨੰਦ ਪੁਰ ਸਾਹਿਬ ਨੂੰ ਹੁੰਦੀ ਹੋਈ ਸੂਰਜ ਛਿਪਦੇ ਤਕ ਲੰਬੀ ਬਹਿੰਦੀ ਚਲੀ ਜਾਂਦੀ ਹੈ ਉਸ ਦੇ ਕਿਨਾਰੇ ਤੇ ਕੋਈ ਭੀ ਰਾਜਾ ਹੋ ਸਕਦਾ ਹੈ।

Digitized by Panjab Digital Library | www.panjabdigilib.org

ਦਰਬ ਹੇਤ ਤਿਹ ਠੌਰ ਹੀ ਰਾਮ ਜਨੀ ਇਕ ਆਇ॥

ਭਾਵ-ਧਨ ਕਮਾਉਣ ਵਾਸਤੇ ਇਕ ਛਜਯਾ ਨਾਮ ਵੇਸਵਾ ਭੀ ਉਥੇ ਆਣ ਟਿਕੀ, ਇਸ ਤੋਂ ਸਿਧ ਹੁੰਦਾ ਹੈ ਕਿ ਰਾਜਿਆਂ ਦੀ ਰਾਜਧਾਨੀ ਵਿਚ ਆਮ ਤੌਰ ਤੇ ਵੇਸਵਾਵਾਂ ਚਲੀਆਂ ਜਾਂਦੀਆਂ ਹੈਨ। ਸ੍ਰੀ ਆਨੰਦ ਪੁਰ ਸਾਹਿਬ ਉਸ ਵੇਲੇ ਨਵਾਂ ਵਸਿਆ ਸੀ ਜਿਸ ਲਈ ਗੁਰੂ ਨਗਰੀ ਵਿਚ ਵੇਸਵਾ ਦਾ ਰਹਿਣਾ ਉਸ ਵੇਲੇ ਅਸੰਭਵ ਨਹੀਂ ਹੋ ਸਕਦਾ, ਨਹੀਂ ਤਾਂ ਗੁਰੂ ਜੀ ਠੀਕ ਦਸਣ ਤੋਂ ਕਦੇ ਸੰਕੋਚ ਨਾ ਕਰਦੇ। ਵੇਸ਼ਵਾਵਾਂ ਦਾ ਪੇਸ਼ਾ ਹੀ ਇਹ ਹੈ – ਸੁੰਦਰ ਪੁਰਸ਼ ਹੋਵੇ ਤੇ ਧਨੀ ਹੋਵੇ ਉਸ ਨੂੰ ਹਰ ਹੀਲੇ ਆਪਣੇ ਵਲ ਖਿਚਣਾ। ਇਸ ਲਈ ਉਸਦਾ ਜੰਤਰ ਮੰਤਰ ਹਰ ਹੀਲੇ ਵਰਤਣਾ ਠੀਕ ਹੋ ਸਕਦਾ ਹੈ। ਧਰਮ ਚੇ ਪੱਕੇ ਤੇ ਦ੍ਰਿੜ੍ਹ ਨਿਸਚੇ ਵਾਲੇ ਪੁਰਸ਼ ਹਰ ਸਮੇਂ ਹਰ ਥਾਂ ਤੇ ਮਿਲ ਸਕਦੇ ਹਨ। ਇਸ ਲਈ ਉਸ ਰਾਇ ਨੇ ਭੀ ਆਪਣੇ ਦ੍ਰਿੜ੍ਹ ਨਿਸਚੇ ਦਾ ਸਬੂਤ ਦਿਤਾ।

ਅੜਿਲ–ਤਿਹ ਜੁਗਿਯਹ ਲਖ ਰਾਇ ਰੀਝਿ ਚਿਤ ਮੈਂ ਕਹਜੋ॥
ਯਾਤੇ ਕਛੁ ਸੰਗ੍ਰਹੋਂ ਮੰਤ੍ਰ ਮਨ ਮੈਂ ਚਹਜੋ॥
ਤਿਹ ਗ੍ਰਹਿ ਮਹਿ ਦੀਜੋ ਪਠਾਇਕ ਦੂਤ ਬੁਲਾਇ ਕੈ॥
ਹੋ ਕਲਾ ਸਿਖਨ ਕੇ ਹੇਤ ਮੰਤ੍ਰ ਸਮਝਾਇਕੈ॥੮॥

ਇਸ ਲੇਖ ਤੋਂ ਸਾਫ ਸਿਧ ਹੁੰਦਾ ਹੈ ਕਿ ਇਹ ਸ੍ਰੀ ਦਸਮੇਸ਼ ਜੀ ਦੇ ਨਾਲ ਹੜਬੀਤੀ ਕਥਾ ਨਹੀਂ, ਕਿਉਂਕਿ ਉਸ ਜੋਗੀ ਨੂੰ ਤਕ ਕੇ ਰਾਇ ਉਸ ਪਰ ਰੀਝ ਜਾਂਦਾ ਹੈ। ਪਰ ਗੁਰੂ ਗੋਬਿੰਦ ਸਿੰਘ ਜੀ ਇਹੋ ਜਿਹੇ ਪਾਖੰਡ ਜਾਲ ਪਰ ਕਦੋਂ ਰੀਝ ਸਕਦੇ ਸਨ; ਅਤੇ ਉਸ ਕੋਲੋਂ ਮੰਤਰ ਸਿਖ ਲੈਣ ਦਾ ਸੰਕਲਪ ਮਨ ਵਿਚ ਕਦੋਂ ਕਰ ਸਕਦੇ ਸਨ। ਹਾਂ ਇਹ ਚੋਜ ਵਰਤਾਉਣ ਲਈ ਕੋਈ ਖੇਡ ਖੇਡਦੇ ਤਾਂ ਮੰਨਿਆ ਜਾ ਸਕਦਾ ਸੀ, ਪਰ ਇਥੇ ਉਹ ਗੱਲ ਨਹੀਂ ਦਿਸਦੀ, ਉਸ ਜੋਗੀ ਨੂੰ ਘਰ ਭੇਜ ਦਿਤਾ, ਨਾਲ ਨੌਕਰ ਨੂੰ ਘਲ ਦਿਤਾ, ਜਿਸ ਤੋਂ ਸਾਬਤ ਹੁੰਦਾ ਹੈ ਕਿ ਰਾਇ ਕੋਈ ਹੋਰ ਰਾਜਾ ਹੈ। ਗੁਰੂ ਜੀ ਪਾਸ ਤਾਂ ਸੈਂਕੜੇ ਸਿਖ ਸੇਵਕ ਸਨ, ਉਹਨਾਂ ਨੇ ਨੌਕਰ ਕਿਉਂ ਭੇਜਣਾ ਸੀ, ਨਾਲੇ ਉਸ ਨੂੰ ਅਟਕਾਉਣ ਲਈ ਗੁਰੂ ਦਵਾਰੇ ਕਿਸੇ ਹੋਰ ਕਮਰੇ ਵਿਚ ਬਿਠਾ ਸਕਦੇ ਸਨ, ਘਰ ਨਹੀਂ ਸੀ ਭੇਜ ਸਕਦੇ।

ਦੋਹਰਾ॥
ਪਹਰ ਏਕ ਲੌ ਛੋਰਿ ਦ੍ਰਿਗ ਕਹੀ ਜੋਗਿ ਯਹਿ ਬਾਤ॥
ਲੈ ਆਵਹੁ ਰਾਜਹਿ ਈਹਾ ਜੋ ਗੁਨ ਸਿਖਯੋ ਚਹਾਤ॥ ੧੦॥

ਇਕ ਪਹਿਰ ਜੋਗੀ ਨੇ ਅੱਖਾਂ ਮੀਟ ਰਖੀਆਂ, ਫੇਰ ਅੱਖਾਂ ਖੋਲ੍ਹ ਕੇ ਕਿਹਾ ਕਿ ਰਾਜੇ ਨੂੰ ਏਥੇ ਬੁਲਾ ਲਿਆਉ ਜੇ ਉਸ ਨੇ ਮੈਥੋਂ ਗੁਣ ਸਿਖਣਾ ਹੈ। ਜੋ ਆਪ ਗੁਣਾਂ ਦਾ ਸਮੁੰਦਰ ਸੀ ਉਹ ਜੋਗੀ ਪਾਸ ਇਉਂ ਜਾ ਸਕਦਾ ਸੀ, ਅਰ ਏਥੇ ਸਾਫ ਰਾਜਹਿ ਲਫਜ਼ ਲਿਖਿਆ ਹੈ ਜੋ ਰਾਜੇ ਪ੍ਰਤੀ ਹੀ ਕਿਹਾ ਜਾ ਸਕਦਾ ਹੈ, ਇਕ ਸ਼ਹਿਨਸ਼ਾਹ ਗੁਰੂ ਸਰੂਪ ਜਿਸ ਦੀ ਆਗਿਆ ਦਾ ਪਾਰਾਵਾਰ ਹੀ ਨਾ ਹੋਵੇ, ਕੀ ਇਕ ਰਾਜਾ ਕਹਿਕੇ ਉਸ ਨੂੰ ਕਿਵੇਂ ਬੁਲਾਇਆ ਜਾ ਸਕਦਾ ਹੈ।

ਚੌਪਈ॥
ਸੇਵਕ ਤਾਸੋ ਜਾਇ ਸੁਨਾਯੋ॥ ਅਰਧ ਰਾਤ੍ਰ ਬੀਤੇ ਸੁ ਜਗਾਯੋ॥
ਤਾ ਜੁਗਿਯਾ ਕੇ ਗ੍ਰਹਿ ਲੇ ਆਯੋ॥ ਹੇਰ ਰਾਇ ਤ੍ਰਿਯਾ ਸੁਖ ਪਾਯੋ॥

Digitized by Panjab Digital Library | www.panjabdigilib.org

ਭਾਵ–ਅਧੀ ਰਾਤ ਨੌਕਰ ਨੇ ਰਾਜੇ ਨੂੰ ਜਗਾ ਦਿਤਾ ਅਤੇ ਨਾਲ ਲੈ ਗਿਆ। ਜੋਗੀ ਦੇ ਘਰ ਪੁਜ ਗਏ ਅਤੇ ਰਾਜੇ ਨੂੰ ਤਕ ਕੇ ਉਸ ਵੇਸਵਾ ਨੇ ਬੜੀ ਖੁਸ਼ੀ ਮਨਾਈ। ਜਿਸ ਤੋਂ ਅਗੇ ਰਾਜਾ ਤੇ ਵੇਸਵਾ ਦਾ ਸੰਬਾਦ ਹੈ। ਰਾਜਾ ਆਪਣੀ ਧਰਮ ਨੀਤੀ ਪਰ ਕਾਇਮ ਹੈ ਅਤੇ ਵੇਸਵਾ ਉਸ ਨੂੰ ਗਿਰਾਉਣ ਲਈ ਆਪਣਾ ਹਰ ਹੁਰਬਾ ਵਰਤਦੀ ਹੈ। ਜਿਥੋਂ ਤਕ ਮੇਰਾ ਵਿਸ਼ਵਾਸ ਹੈ ਤਾਂ ਇਹੀ ਹੈ ਕਿ ਇਹ ਸਾਖੀ ਕਿਸੇ ਰਾਜੇ ਨਾਲ ਵਾਪਰੀ ਹੈ, ਟੀਕਾਕਾਰਾਂ ਨੂੰ ਟਪਲਾ ਲਗਾ, ਉਹਨਾਂ ਗੁਰੂ ਜੀ ਨਾਲ ਜੋੜ ਦਿਤੀ, ਅਗੇ ਤੋਂ ਅਗੇ ਇਹ ਪਕੀ ਗੁਰੂ ਜੀ ਨਾਲ ਸੰਬੰਧਤ ਕਰ ਦਿਤੀ। ਪਰ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਜਿਵੇਂ ਦੇਵੀ ਦੇ ਪ੍ਰਕਰਣ ਵਿਚ ਗੁਰੂ ਗੋਬਿੰਦ ਸਿੰਘ ਦਾ ਸਿਧਾ ਸਬੰਧ ਹੈ, ਉਹ ਏਥੇ ਨਹੀਂ ਅਰ ਨਾ ਹੀ ਕਿਤੇ ਉਹਨਾਂ ਵਲ ਇਸ਼ਾਰਾ ਹੈ। ਮਹਜ਼ (ਸਤਦ੍ਰਵ ਤੀਰ) ਨੂੰ ਲੈ ਕੇ ਅਨੰਦ ਪੁਰ ਸਾਹਿਬ ਰਾਉ ਜਾਂ ਰਾਇ ਗੁਰੂ ਗੋਬਿੰਦ ਸਿੰਘ ਨੂੰ ਮੰਨ ਕੇ ਹੀ ਉਹਨਾਂ ਦੇ ਨਾਮ ਨਾਲ ਜੁਟਾ ਲਿਆ ਜੋ ਨਾ ਠੀਕ ਹੈ। ਹਾਂ ਇਸ ਵਾਰਤਾ ਦਾ ਸਾਰ ਅੰਸ ਨਹੀਂ ਸਗੋਂ ਨਤੀਜਾ ਕਢ ਕੇ ਆਦੇਸ਼ ਇਉਂ ਦਿਤਾ ਹੈ।

ਜੋ ਤੁਮ ਸੌ ਹਿਤ ਕਰੇ ਨ ਤੁਮ ਤਿਹ ਸੋ ਕਰੋ॥
ਜੋ ਤੁਮਰੇ ਰਸ ਢਰੇ ਨ ਤਿਹ ਰਸ ਝੁਮ ਢਰੋ॥
ਜਾ ਕੇ ਚਿਤ ਕੀ ਬਾਤ ਆਪ ਨਹ ਪਾਇਜੈ॥
ਹੋ ਤਾਕਹ ਚਿਤ ਕੋ ਭੇਦ ਨ ਕਬਹੂ ਜਤਾਇਜੈ॥ ੪੭॥

ਭਾਵ– ਜੋ ਸੁਆਰਥੀ ਇਨਸਾਨ ਤੁਹਾਡੇ ਨਾਲ ਪਿਆਰ ਕਰਦਾ ਹੈ, ਤੁਸੀਂ ਉਸ ਦੀ ਭਾਵਨਾ ਸਮਝੋ ਤੇ ਉਸ ਨਾਲ ਪ੍ਰੇਮ ਨਾ ਕਰੋ ਅਤੇ ਜਿਸ ਵਹਿਣ ਵਿਚ ਦੂਸਰਾ ਵਹਿੰਦਾ ਦਿਸਦਾ ਹੈ ਉਸ ਵਹਿਣ ਦੇ ਵੇਗ ਵਿਚ ਤੁਸੀਂ ਨਾ ਰੁੜੋ। ਜਿਸ ਦੇ ਅੰਦਰਲੇ ਭੇਦ ਦਾ ਤੁਹਾਨੂੰ ਪਤਾ ਨਹੀਂ ਉਸ ਨੂੰ ਆਪਣੇ ਅੰਦਰ ਦਾ ਭੇਦ ਕਦੇ ਨਾ ਦਸੋ।

ਦੋਹਰਾ॥

ਰਾਇ ਭਜਯੋ ਤ੍ਰਿਯ ਮੱਤ ਕਰਿ ਸਾਠ ਮੁਹਰਿ ਦੇ ਤਾਹਿ॥
ਆਨਿ ਬਿਰਾਜਯੋ ਧਾਮ ਮੈ ਕਿਨਹੂੰ ਨ ਹੇਰਿਯੋ ਵਾਹਿ॥ ੪੮॥

ਤਕੋ ਗੁਰੂ ਜੀ ਲਿਖਦੇ ਹਨ ਕਿ ਰਾਜਾ ਉਸ ਵੇਸਵਾ ਨੂੰ ਸ਼ਰਾਬ ਦੇ ਨਸ਼ੇ ਵਿਚ ਚੂਰ ਕਰਕੇ ਅਤੇ ੬੦ ਮੋਹਰਾਂ ਦੇ ਕੇ ਆਪਣੇ ਘਰ ਆ ਵੜਿਆ, ਜਿਸ ਨੂੰ ਰਾਤ ਦਾ ਸਮਾਂ ਹੋਣ ਕਰਕੇ ਕਿਸੇ ਨਹੀਂ ਦੇਖਿਆ।

ਅੜਿਲ॥

ਤਬੈ ਰਾਇ ਗ੍ਰਿਹ ਆਇਸੁ ਪ੍ਰਣ ਐਸੋ ਕੀਯੋ॥
ਭਲੇ ਜਤਨ ਸੌ ਰਾਖਿ ਧਰਮ ਅਬ ਮੈ ਲਿਯੋ॥
ਦੇਸ ਦੇਸ ਨਿਜੁ ਪ੍ਰਭ ਕੀ ਪ੍ਰਭਾ ਬਿਖੇਰਿ ਹੋ॥
ਹੋ ਆਨ ਤ੍ਰਿਯਾ ਕਹੁੱ ਬਹੁਰਿ ਨ ਕਬਹੂੰ ਹੇਰਿ ਹੋ॥ ੪੯॥

ਉਹ ਮੰਤ੍ਰੀ ਰਾਜੇ ਪ੍ਰਤੀ ਇਹ ਕਥਾ ਸੁਣਾ ਕੇ ਕਹਿ ਰਿਹਾ ਹੈ ਕਿ ਐ ਰਾਜਨ! ਉਹ ਰਾਜਾ ਵੇਸ਼ਵਾ ਨੂੰ ਸ਼ਰਾਬ ਨਾਲ ਮੱਤ ਕਰ ਅਤੇ ੬੦ ਮੋਹਰਾਂ ਦੇ ਕੇ ਆਪਣੇ ਘਰ ਆ ਕੇ ਉਸ ਨੇ ਇਹ ਪ੍ਰਤਿਗਯਾ ਕੀਤੀ ਕਿ ਚੰਗਾ ਹੋਇਆ ਕਿ ਮੈਂ ਜਤਨ ਕਰਕੇ ਉਸ ਵੇਸਵਾ ਤੋਂ ਆਪਣਾ ਧਰਮ ਬਚਾ ਲਿਆ ਹੈ ਅਤੇ ਇਸ

Digitized by Panjab Digital Library | www.panjabdigilib.org

ਲਈ ਮੈਂ ਸਾਰੇ ਲੋਕਾਂ ਵਿਚ ਉਸ ਪ੍ਰਭੂ ਦੇ ਪ੍ਰਤਾਪ ਦਾ ਢੰਡੋਰਾ ਦੇਵਾਂਗਾ ਅਤੇ ਆਪਣੀ ਇਸਤ੍ਰੀ ਤੋਂ ਬਿਨਾਂ ਹੋਰ ਕਿਸੇ ਇਸਤ੍ਰੀ ਨੂੰ ਕਦੇ ਤਕਾਂਗਾ ਵੀ ਨਹੀਂ।

ਦੋਹਰਾ ॥

ਵਹੈ ਪ੍ਰਤੱਗਯਾ ਤਦਿਨ ਤੋਂ ਬਜਾਪਤ ਮੋ ਹਿਯ ਮਾਹਿ ॥
ਤਾ ਦਿਨ ਤੇ ਪਰਿਨਾਰ ਕੌ ਹੇਰਤ ਕਬਹੂੰ ਨਾਹਿ ॥ ੫੦ ॥ ੧ ॥

ਏਥੇ ਸ਼ੰਕਾ ਜ਼ਰੂਰ ਉਤਪੰਨ ਹੋ ਜਾਂਦੀ ਹੈ ਕਿ ਇਹ ਪ੍ਰਤਿਗਯਾ ਕਿਸ ਨੇ ਕਰੀ, ਕਿਆ ਉਸ ਵਜ਼ੀਰ ਨੇ ਕਰੀ ਜੋ ਚਿਤ੍ਰ ਸਿੰਘ ਰਾਜੇ ਨੂੰ ਇਹ ਵਾਰਤਾ ਸੁਣਾ ਰਿਹਾ, ਜਾਂ ਲਿਖਾਰੀ ਨੇ, ਪਰ ਨਹੀਂ ਇਸ ਤੋਂ ਤਾਂ ਇਹ ਸਾਬਤ ਹੁੰਦਾ ਹੈ ਕਿ ਜਿਸ ਨਾਲ ਇਹ ਵਾਰਤਾ ਬੀਤੀ ਉਹ ਕਹਿੰਦਾ ਹੈ ਕਿ ਜਿਸ ਦਿਨ ਮੈਨੂੰ ਇਹ ਵਾਪਰੀ ਉਸੇ ਦਿਨ ਤੋਂ ਮੈਂ ਇਹ ਪ੍ਰਣ ਕਰ ਲਿਆ । ਇਸ ਪ੍ਰਕਰਣ ਦੇ ਅੰਦਰੋਂ ਇਹੀ ਸਾਬਤ ਹੁੰਦਾ ਹੈ ਕਿ ਸਤਲੁਜ ਕਿਨਾਰੇ ਤੇ ਵਸਣ ਵਾਲਾ ਕੋਈ ਵੀ ਕਿਸੇ ਸ਼ਹਿਰ ਦਾ ਰਾਜਾ ਹੋ ਸਕਦਾ ਹੈ। ਸ੍ਰੀ ਦਸਮੇਸ਼ ਜੀ ਦੇ ਨਾਲ ਮੁਕਾਲਤੇ ਨਾਲ ਲਾਇਆ ਗਿਆ ਹੈ। ਪਰ ਜੇ ਅਸੀਂ ਜੋੜ ਭ, ਲਈਏ ਤਾਂ ਭੀ ਕੋਈ ਬੁਰੀ ਬਾਤ ਨਹੀਂ, ਸੰਸਾਰ ਦਾ ਸੁਧਾਰ ਕਰਨ ਲਈ ਮੁਖੀਆਂ ਨੂੰ ਕਈ ਕੰਮ ਕਰਨੇ ਪੈਂਦੇ ਹਨ। ਰਾਜਾ ਸ਼ਿਵਨਾਭ ਤੇ ਰਾਣੀ ਚਿਤ੍ਰ ਕਲਾ ਗੁਰੂ ਨਾਨਕ ਦੀ ਉਡੀਕ ਵਿਚ ਬਾਗ ਨੂੰ ਸੁਹਜ ਸਵਾਰਕੇ ਰਖਦੇ ਸਨ। ਕਈ ਸਾਧੂ ਫਕੀਰ ਆਪਣਾ ਸਿੱਕਾ ਜਮਾਉਣ ਲਈ ਆਉਂਦੇ ਪਰ ਰਾਣੀ ਚਿਤ੍ਰ ਕਲਾ ਦੇ ਜਿੰਮੇ ਉਹਨਾਂ ਦੀ ਪ੍ਰੀਖਿਆ ਦਾ ਕੰਮ ਸੀ । ਉਹ ਮਾਸ ਸ਼ਰਾਬ ਤੇ ਨੌਜੁਆਨ ਸੁੰਦਰ ਮੁਟਿਆਰਾਂ ਉਥੇ ਭੇਜਦੀ ਜੋ ਆਪਣੇ ਹਾਵ ਭਾਵ ਨਾਲ ਉਹਨਾਂ ਨੂੰ ਪਰਖਦੀਆਂ ਅਤੇ ਪ੍ਰੀਖਿਆ ਵਿਚ ਫੇਲ੍ਹ ਹੋ ਜਾਂਦੇ। ਪਰ ਜਦੋਂ ਗੁਰੂ ਨਾਨਕ ਪਾਤਸ਼ਾਹ ਬਾਲੇ ਮਰਦਾਨੇ ਸਮੇਤ ਬਾਗ ਵਿਚ ਬੈਠੇ, ਬਾਗ ਵਿਚ ਜਿਹੜੇ ਸੁਕੇ ਬੂਟੇ ਸਨ ਸਭ ਹਰੇ ਭਰੇ ਹੋ ਗਏ ਸੀ ਅਤੇ ਨਢੀਆਂ ਬਣ ਠਣ ਕੇ ਆਪ ਦੇ ਸਾਹਮਣੇ ਆਈਆਂ ਤਾਂ ਉਹਨਾਂ ਦੀ ਕਾਮ ਵਾਸ਼ਨਾ ਦਗਧ ਹੋ ਗਈ ਅਤੇ ਆਪ ਮੁਹਾਰੀਆਂ ਹੀ ਚਰਨਾਂ ਪਰ ਆ ਢਠੀਆਂ ਸਨ ਅਤੇ ਗੁਰੂ ਨਾਨਕ ਦੇਵ ਜੀ ਨੇ ਉਹਨਾਂ ਦੇ ਸਿਰ ਤੇ ਹੱਥ ਰਖਕੇ ਉਪਦੇਸ਼ ਦਿਤਾ ਸੀ,ਜੋ ਗੁਰਬਾਣੀ ਵਿਚ ਸ਼ਬਦ ਆਉਂਦਾ ਹੈ,(ਗਾਛਹੁ ਪੁਤ੍ਰੀ ਰਾਜ ਕੁਆਰ) ਸਾਨੂੰ ਤਸਵੀਰ ਦੇ ਤਕਣ ਦੇ ਰੁਖ ਦਾ ਪਤਾ ਹੋਣਾ ਚਾਹੀਦਾ ਹੈ। ਜਿਵੇਂ ਇਕ ਤਸਵੀਰ ਹੈ ਜਦੋਂ ਅਸੀਂ ਉਸ ਨੂੰ ਠੀਕ ਰੁਖ ਵਲੋਂ ਤਕਦੇ ਹਾਂ ਤਾਂ ਰਾਜਾ ਦਿਸਦਾ ਹੈ, ਪਰ ਜਦੋਂ ਉਸੇ ਤਸਵੀਰ ਨੂੰ ਰੁਖ ਬਦਲ ਕੇ ਤਕਦੇ ਹਾਂ ਤਾਂ ਸਾਫ ਰਾਣੀ ਦਾ ਚਿਹਰਾ ਦਿਸਦਾ ਹੈ । ਇਸੇ ਤਰ੍ਹਾਂ ਸ੍ਰੀ ਦਸਮ ਗ੍ਰੰਥ ਨੂੰ ਰੁਖ ਬਦਲ ਕੇ ਪੜ੍ਹਨ ਦੀ ਲੋੜ ਹੈ । ਜਿਸ ਨੂੰ ਸਮਝਣ ਲਈ ਗਿਆਨੀ ਹਰਬੰਸ ਸਿੰਘ ਜੀ ਚੰਡੀਗੜ੍ਹ ਨੇ ਖਾਸਾ ਹੰਭਲਾ ਮਾਰਿਆ ਹੈ । ਅਰ ਮੈਂ ਵੀ ਇਹ ਨਿਮਾਣਾ ਜਿਹਾ ਜਤਨ ਕਰਕੇ ਪਾਠਕਾਂ ਦਾ ਧਿਆਨ ਠੀਕ ਰੁਖ ਵਲ ਮੋੜ ਰਿਹਾ ਹਾਂ ਅਤੇ ਤ੍ਰਿਯਾ ਚਰਿਤ੍ਰ ਦੇ ਆਸ਼ੇ ਨੂੰ ਪ੍ਰਗਟ ਕਰਨਾ ਚਾਹੁੰਦਾ ਹਾਂ, ਭਾਵੇਂ ਸਤਰਵਾਂ ਚਰਿਤ੍ਰ ਬੜਾ ਹੀ ਅਜੀਬ ਹੈ ਪਰ ਉਸ ਦੀ ਅੰਤਲੀ ਪੰਗਤੀ ਪੜ੍ਹੋ ਜਿਸ ਵਿਚ ਲਿਖਿਆ ਹੈ।

ਦੋਹਰਾ ॥

ਕੋਟ ਕਸਟ ਸਜਾਨੋ ਕਹਹਿ ਕੈਸੋ ਦਹੈ ਅਨੰਗ ॥
ਨੈਕ ਨੇਹੁ ਨਹਿ ਕੀਜਿਯੈ ਤਊ ਤਰਨਿ ਕੇ ਸੰਗ ॥ ੨੭ ॥ ੧ ॥

ਜਿਸ ਦਾ ਭਾਵ ਸਾਫ ਹੀ ਹੈ ਕਿ ਸਿਆਣੇ ਲੋਕ ਕਹਿੰਦੇ ਹਨ ਕਿ ਭਾਵੇਂ ਕਾਮ ਕ੍ਰੋੜਾਂ ਕਸ਼ਟ ਭੀ ਦੇਵੇ ਤਾਂ ਭੀ ਕਿਸੇ ਪਰ ਇਸਤੀ ਦੀ ਸੰਗਤ ਨਾ ਕਰੋ ਅਤੇ ਇਸ ਤਰ੍ਹਾਂ ੧੮ (ਅਠਾਰਵੇਂ) ਚਰਿਤ੍ਰ ਦੇ ਅੰਤ

Digitized by Panjab Digital Library | www.panjabdigilib.org

ਵਿਚ ਲਿਖਿਆ ਹੈ ॥

ਪ੍ਰੀਤਿ ਕੈਸੀਯੈ ਤਨ ਬਢੈ ਕਸਟ ਕੈਸ ਹੂ ਹੋਇ ॥
ਤਉ ਤਰਨਿ ਸੋ ਦੋਸਤੀ ਭੂਲ ਨ ਕਰਿਯਹੁ ਕੋਇ ॥ ੧੦ ॥

ਇਸ ਤਰ੍ਹਾਂ ੧੯ ਤੇ ੨੦ਵਾਂ ਚਰਿਤ੍ਰ ਸੁਣਾਕੇ ਮੰਤ੍ਰੀ ਜੀ ਰਾਜੇ ਚਿਤ੍ਰ ਸੈਨ ਨੂੰ ਕਹਿ ਰਹੇ ਹਨ ਕਿ ਹੇ ਰਾਜਨ ! ਜੋ ਸਿਆਣੇ ਪੁਰਸ਼ ਹਨ ਉਹ ਤ੍ਰਿਯਾ ਨਾਲ ਬਹੁਤ ਪ੍ਰੇਮ ਨਹੀਂ ਵਧਾਂਦੇ ਅਤੇ ਨਾ ਹੀ ਉਹਨਾਂ ਤੇ ਵਿਸ਼ਵਾਸ ਕਰਦੇ ਹਨ, ਉਸ ਦਾ ਭਾਵ ਸੀ ਕਿ ਇਕ ਇਸਤ੍ਰੀ ਦੇ ਫੰਧੇ ਚੜ੍ਹ ਕੇ ਪੁਤ੍ਰ ਮਾਰਨਾ ਜਾਂ ਦੰਡ ਦੇਣਾ ਅਯੋਗ ਹੈ। ਇਸ ਲਈ ਨਵੇਂ ਤੋਂ ਨਵੇਂ ਚਰਿਤ੍ਰ ਦਸ ਕੇ ਉਸ ਦੇ ਪੁਤ੍ਰ ਦੀ ਜਾਨ ਬਚਾਉਣਾ ਚਾਹੁੰਦਾ ਹੈ ਅਤੇ ਆਪ ਸੰਗਤਾਂ ਨੂੰ ਜਾਣੂ ਕਰਾ ਰਹੇ ਹਨ ਕਿ ਤ੍ਰਿਯਾ ਜਾਲ ਬਕਰਾਲ ਹੁੰਦਾ ਹੈ।

੪-ਇਕ ਮਾਇਕ ਤ੍ਰਿਸਨਾ ਹੈ ਅਤੇ ਇਕ ਕਾਮੁਕ ਤ੍ਰਿਸ਼ਨਾ ਹੈ, ਜਿਸ ਤੋਂ ਕੋਈ ਇਸਤ੍ਰੀ ਪੁਰਸ਼ ਬਚ ਨਹੀਂ ਸਕਿਆ ਅਤੇ ਨਾ ਹੀ ਇਹ ਤ੍ਰਿਸ਼ਨਾ ਕਿਸੇ ਦੀ ਪੂਰੀ ਹੋਈ ਹੈ। ਗੁਰਬਾਣੀ ਨੇ ਵੀ ਕਿਹਾ ਹੈ:-

ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੈ ॥ ੧ ॥ ਰਹਾਉ ॥
ਕੋਟਿ ਜੋਰੇ ਲਾਖ ਕ੍ਰੋਰੇ ਮਨ ਨ ਹੋਰੇ ॥
ਪਰੇ ਪਰੇ ਕਉ ਲੁਝੀ ਹੇ ॥ ੧ ॥
ਸੁੰਦ੍ ਨਾਰੀ ਅਨਿਕ ਪਰਕਾਰੀ ਪਰ ਗ੍ਰਿਹ ਬਿਕਾਰੀ ॥
ਬੁਰਾ ਭਲਾ ਨਹੀ ਸੁਝੀ ਹੇ ॥ ਸ: ੨੧੩ ॥ ਮਹਲਾ ੫ ॥

ਹਜ਼ਾਰਾਂ ਵਿਚੋਂ ਕੋਈ ਇਕ ਭਾਵੇਂ ਹੋਵੇ ਜਿਸ ਨੇ ਇਸ ਤ੍ਰਿਸ਼ਨਾ ਤੋਂ ਛੁਟੀ ਪਾਈ ਹੋਵੇ, ਭਾਵੇਂ ਕੋਈ ਲਖਾਂ ਕ੍ਰੋੜਾਂ ਜੋੜ ਲਵੇ ਪਰ ਮਨ ਨਹੀਂ ਰੁਕਦਾ, ਇਹ ਹੋਰ ਅਗੇ ਅਗੇ ਨੂੰ ਵਧਣਾ ਚਾਹੁੰਦਾ ਹੈ। ਅਨੇਕਾਂ ਪ੍ਰਕਾਰ ਦੀਆਂ ਸੁੰਦਰ ਇਸਤ੍ਰੀਆਂ ਅਤੇ ਪਰਾਏ ਘਰਾਂ ਵਿਚ ਵਿਕਾਰ ਕਰਨ ਵਾਲੇ ਲੋਕ ਕਦੇ ਬੁਰਾ ਭਲਾ ਨਹੀਂ ਸੋਚਦੇ। ਹੁਣ ਗੁਰਬਾਣੀ ਦੀ ਦਿਤੀ ਟੂਕ ਨੂੰ ਸ੍ਰੀ ਦਸਮੇਸ਼ ਜੀ ਖੋਲ੍ਹ ਕੇ ਦਸਦੇ ਹਨ ਕਿ ਉਹਨਾਂ ਦੀ ਕਿਰਿਆ ਕੀ ਹੁੰਦੀ ਹੈ ਅਤੇ ਉਸਦਾ ਹਸ਼ਰ ਕੀ ਹੁੰਦਾ ਹੈ ? ਉਹ ਲੋਕ ਇਸ ਤ੍ਰਿਸ਼ਨਾਂ ਦੇ ਵਸ ਹੋ ਕੇ ਕੀ ਕੀ ਅਤੇ ਕਿਵੇਂ ਕਿਵੇਂ ਬੁਰੇ ਭਲੇ ਕੰਮ ਕਰਦੇ ਹਨ। ਗੁਰਬਾਣੀ ਦਾ ਮਹਾਂ ਵਾਕ ਹੈ-

ਸਚਾ ਸਤਿਗੁਰੁ ਸਚੀ ਬਾਣੀ ਜਿਨਿ ਸਚੁ ਵਿਖਾਲਿਆ ਸੋਈ ॥
[ਸ: ੭੬੯ ॥ ਮਹਲਾ ੨ ॥

ਦਸ ਗੁਰੂ ਜੋਤਿ ਪੂਰਾ ਤੇ ਸਚਾ ਗੁਰੂ ਹੋਏ ਹਨ ਅਤੇ ਉਹਨਾਂ ਨੇ ਸੱਚ ਦੇ ਦਰਸ਼ਨ ਕਰਾਏ ਹਨ।

੪ ॥ ੭ ॥ ੨ ॥ ੨੦ ॥ ੩੫ ॥ ੧੪੨ ॥

Digitized by Panjab Digital Library | www.panjabdigilib.org

੧ ਓ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾ: ੭ ॥ ਅਧਯਾ: ੨ ॥ ਅਲੋਚਨਾਤਮਕ ॥ ਪ੍ਰਕਰਣ ਨੰ: ੨੧ ॥ ੩੬ ॥ ੧੪੩ ॥

ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੇ ਨਿਰਣੇ ਦਾ ਨਿਰਣਾ ॥

ਪਖ੍ਯਾਨ ਚਰਿਤ੍ਰ ੨੧ ਨ੍ਰਿਪ ਕੁਅਰਿ

੧-ਅਣਜਾਣੇ ਅਸੀਂ ਕਈ ਵਾਰ ਅਨੂਪ ਕੌਰ ਭੀ ਕਹਿ ਦਿੰਦੇ ਹਾਂ, ਪਰ ਕੌਰ ਸ਼ਬਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦੇਣ ਹੈ ਜੋ ਅੰਮ੍ਰਿਤਧਾਰੀ ਬੀਬੀਆਂ ਲਈ ਬੋਲਿਆ ਜਾਂਦਾ ਹੈ । ਇਹ ਖਾਸ ਪ੍ਰਸੰਗ ਹੈ ਜੋ ਜਾਪਦਾ ਹੈ ਕਿ ਖਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਤ ਹੈ। ਸ੍ਰੀ ਦਸਮੇਸ਼ ਜੀ ਕਿਸੇ ਮਕਾਰ ਇਸਤ੍ਰੀ ਦੇ ਧੋਖੇ ਵਿਚ ਨਹੀਂ ਸਨ ਆ ਸਕਦੇ ਪਰ ਆਪਣੇ ਸਿਖਾਂ ਦੇ ਭਲੇ ਲਈ ਅਨੇਕਾਂ ਕੌਤਕ ਰਚਕੇ ਐਨ ਪ੍ਰਤੱਖ ਚਿਤ੍ਰ ਖਿੱਚਣ ਲਈ ਕਦੇ ਸੰਕੋਚ ਭੀ ਨਹੀਂ ਸਨ ਕਰਦੇ। ਜਿਸ ਵੇਲੇ ਕੋਈ ਵਿਦਿਆਰਥੀ ਆਪਣੇ ਉਸਤਾਦ ਤੋਂ ਪੜ੍ਹਨਾ ਚਾਹੁੰਦਾ ਹੈ ਤਾਂ ਪਹਿਲਾਂ ਉਸਤਾਦ ਆਪ ਉਸ ਨੂੰ ਓ, ਅ ਲਿਖਕੇ ਦੱਸਦਾ ਹੈ ਕਿ ਸ਼ਗਿਰਦ ਉਸਦੇ ਪਾਏ ਪੂਰਨੇ ਤੇ ਚਲਕੇ ਆਪ ਲਿਖਣ ਦੇ ਕਾਬਲ ਹੋ ਜਾਵੇ। ਇਸੇ ਤਰ੍ਹਾਂ ਕਿਸੇ ਵੇਲੇ ਸ੍ਰੀ ਰਾਮ ਚੰਦ੍ਰ ਜੀ ਨੂੰ ਆਪਣੇ ਸਮਾਜ ਨੂੰ ਅਸੂਲ ਪੱਕੇ ਕਰਾਉਣ ਲਈ ਆਪਣੇ ਉਪਰ ਹੀ ਡਰਾਮਾ ਰਚਕੇ ਦੱਸਣਾ ਪਿਆ ਸੀ।

ਜਿਸ ਵੇਲੇ ਰਾਮ ਤੇ ਲਛਮਣ ਸੀਤਾ ਜੀ ਸਮੇਤ ਸਰੂਪਨਖਾਂ ਦੇ ਇਲਾਕੇ ਦੰਡਕ ਬਣ ਜੋ ਸਰੂਪਨਖਾਂ ਦਾ ਘਰ ਹੀ ਮੰਨਿਆਂ ਜਾ ਸਕਦਾ ਹੈ ਵਿਚ ਡੇਰਾ ਲਾਕੇ ਬੈਠੇ ਸਨ ਤਾਂ ਨ੍ਰਿਪ ਕੁਅਰਿ ਵਾਂਗ ਹੀ ਰਾਵਣ ਦੀ ਭੈਣ ਸਰੂਪਨਖਾਂ ਇਕ ਤਾਂ ਪਹਿਲਾਂ ਹੀ ਬੜੀ ਚੰਚਲ ਸੀ ਦੂਜੇ ਰਾਵਣ ਨੇ ਉਸਦਾ ਪਤੀ ਕਤਲ ਕਰ ਦਿੱਤਾ ਸੀ, ਜਿਸ ਕਰਕੇ ਵਿਧਵਾ ਹੋ ਗਈ, ਭਾਵੇਂ ਰਾਵਣ ਨੇ ਉਸਨੂੰ ਸੰਤੁਸ਼ਟ ਕਰਨ ਲਈ ਦੰਡਕ ਬਣ ਦਾ ਰਾਜ ਉਸਦੇ ਹਵਾਲੇ ਕਰ ਦਿੱਤਾ ਸੀ ਅਤੇ ੧੪ ਹਜ਼ਾਰ ਸੈਨਾਂ ਭੀ ਸੌਂਪ ਦਿੱਤੀ ਅੜੇ ਖਰ ਤੇ ਦੂਖਨ ਦੋ ਭਰਾ ਭੀ ਉਸ ਦੀ ਮਦਦ ਲਈ ਉਸਦੇ ਹਵਾਲੇ ਕਰ ਦਿੱਤੇ। ਬਾਲਮੀਕੀ ਰਾਮਾਇਣ ਤਰਜਮਾ ਪੰਨਾ ੧੨੪ ਪਰ ਲਿਖਿਆ ਹੈ ਕਿ ਉਹ ਬੜੀ ਧਰਮ ਤੋਂ ਗਿਰੀ ਹੋਈ ਸੀ ਅਤੇ ਉਸ ਦਾ ਮਨ ਚਲਾਇਮਾਨ ਹੋ ਜਾਂਦਾ ਸੀ ਜਿਸ ਲਈ ਬਨਾਂ ਤੇ ਬਸਤੀਆਂ ਵਿਚ ਭੁਰੀ ਫਿਰਦੀ ਰਹਿੰਦੀ ਪਰ ਉਸ ਦੀ ਆਤਮਾ ਤ੍ਰਿਪਤ ਨਾ ਹੁੰਦੀ ਅਤੇ ਵਾਸਨਾ ਦੀ ਅਗਨਿ ਨਾਲ ਸੜਦੀ ਰਹਿੰਦੀ। ਜਦੋਂ ਉਸਨੇ ਸ੍ਰੀ ਰਾਮ ਚੰਦ੍ਰ ਜੀ ਦੀ ਸ਼ੋਭਾ ਸੁਣੀ ਤਾਂ ਆਪ ਚੱਲਕੇ ਉਹਨਾਂ ਦੇ ਕੋਲ ਆ ਗਈ ਅਤੇ ਉਹਨਾਂ ਦੀ ਸੁੰਦਰਤਾਂ ਤੇ ਜਵਾਨੀ ਸਡਾਉਲਤਾ ਨੂੰ ਤੱਕ ਕੇ ਕਾਮ ਦੇ ਹੱਥੋਂ ਬੇਵਸ ਹੋ ਗਈ, ਜਦ ਕਿ ਰਾਮ ਤੇ ਲਛਮਣ ਆਪੋ ਆਪਣੀ ਕੁਟੀਆ ਜਾਂ ਛੰਨਾਂ ਵਿਚ ਅਲੱਗ ਅਲੱਗ ਬਿਰਾਜ ਰਹੇ ਸਨ। ਉਸ ਵੇਲੇ ਸਰੂਪਨਖਾਂ ਬਣ ਠਣਕੇ ਆਪਣਾ ਪ੍ਰਭਾਉ ਪਾਉਣ ਲਈ ਰਾਮ ਜੀ ਪਾਸ ਪੁਜੀ ਸੀ ਅਤੇ ਐਨ ਨ੍ਰਿਪ ਕੁਆਰਿ ਵਾਂਗ ਹੀ ਆਪਣੇ ਆਪਨੂੰ ਉਹਨਾਂ ਹਵਾਲੇ ਕਰਨ ਲਈ ਮਜਬੂਰ ਕਰ ਦਿੱਤਾ ਸੀ। ਜਿਸ ਪਰ ਸ੍ਰੀ ਰਾਮ ਚੰਦ੍ਰ ਜੀ ਨੇ ਕਿਹਾ ਸੀ ਕਿ ਮੈਂ ਸ਼ਾਦੀ ਸ਼ੁਦਾ ਹਾਂ ਆਪਣੀ ਵਿਆਹੁਤਾ ਇਸਤ੍ਰੀ ਦੇ ਹੁੰਦਿਆਂ ਮੈਂ ਦੂਸਰੀ ਇਸਤ੍ਰੀ ਨਾਲ ਰਮਕੇ ਆਪਣਾ ਧਰਮ ਨਹੀਂ ਗਵਾ ਸਕਦਾ, ਜਿਸ ਦੇ ਇਵਜ਼ ਵਿਚ ਸਰੂਪਨਖਾਂ ਨੇ ਆਪਣੇ ਭਾਈ ਖਰ ਤੇ ਦੂਖਨ ਨੂੰ ਪ੍ਰੇਰਕੇ ਲੜਾਈ ਕਰਾ ਦਿੱਤੀ ਅਤੇ ਰਾਮ ਦੇ ਹੱਥੋਂ ਸਮੇਤ ਫੌਜ ਦੇ ਉਹ ਦੋਵੇਂ ਦੈਂਤ ਮਾਰੇ ਗਏ ਅਤੇ ਸਮਾਜ ਦੇ ਸਾਹਮਣੇ ਮਿਸਾਲ ਕਾਇਮ ਕੀਤੀ ਕਿ ਬਿਨਾਂ ਵਿਆਹੁਤਾ ਕਿਸੇ ਭੀ ਪਰਾਈ ਇਸਤ੍ਰੀ ਨਾਲ ਸਪਰਸ਼ ਕਰਨਾ ਸਖਤ ਪਾਪ ਹੈ ਅਤੇ ਇਕ ਇਸਤ੍ਰੀ ਦੇ ਹੁੰਦਿਆਂ ਦੂਜੀ ਇਸਤ੍ਰੀ ਤੇ ਮਨ ਲੈ ਜਾਣਾ ਧਰਮ ਅਰ ਸਮਾਜ ਦੇ ਉਲਟ ਹੈ, ਜਿਸ

Digitized by Panjab Digital Library | www.panjabdigilib.org

ਤੋਂ ਦ੍ਰਿੜ੍ਹ ਇਰਾਦਾ ਕਰਕੇ ਅਤੇ ਜਾਨ ਹੂਲਕੇ ਭੀ ਬਚਣਾ ਚਾਹੀਦਾ ਹੈ।

੨-ਐਨ ਇਸੇ ਤਰ੍ਹਾਂ ਸ੍ਰੀ ਦਸਮੇਸ਼ ਜੀ ਨੇ ਨ੍ਰਪ ਕੁਅਰਿ ਦੇ ਘਰ ਪੁਜਕੇ ਇਹ ਕੌਤਕ ਰਚਕੇ ਸਿਖਿਆ ਦਿੱਤੀ ਹੈ। ਉਧਰ ਰਾਜਾ ਚਿਤ੍ਰ ਸਿੰਘ ਜਿਸ ਵੇਲੇ ਕਿ ਉਸਨੇ ਆਪਣੇ ਪੁਤ੍ਰ ਹਣਵੰਤ ਸਿੰਘ ਨੂੰ ਭੀ ਕੈਦ ਦੇ ਕੋਠੇ ਵਿਚੋਂ ਕੱਢਕੇ ਕੋਲ ਬਿਠਾਇਆ ਹੋਇਆ ਸੀ ਵਜ਼ੀਰ ਨੂੰ ਕਿਹਾ ਸੀ ਕਿ ਅੱਜ ਮੈਨੂੰ ਕੋਈ ਇਹੋ ਜਿਹਾ ਚਰਿਤ੍ਰ ਸੁਣਾ ਜਿਸ ਵਿਚ ਕਿਸੇ ਪੁਰਸ਼ ਨੇ ਇਸਤ੍ਰੀ ਚਰਿਤ੍ਰ ਨਾਲੋਂ ਵਧਕੇ ਆਪਣੇ ਚਰਿਤ੍ਰ ਵਿਚ ਉੱਤਰ ਦਿਤਾ ਹੋਵੇ। ਇਹ ਸੁਣਕੇ ਵਜ਼ੀਰ ਨੇ ਇਹ ੨੧ਵਾਂ ਚਰਿਤ੍ਰ ਪੇਸ਼ ਕੀਤਾ ਸੀ ਜਿਸ ਵਿਚ ਸ੍ਰੀ ਦਸਮੇਸ਼ ਜੀ ਨ੍ਰਪ ਕੁਅਰਿ ਦੇ ਘਰ ਚਲੇ ਜਾਂਦੇ ਹਨ, ਅਤੇ ਉਹ ਕਾਮਾਂਤ੍ਰ ਹੋਕੇ ਗੁਰੂ ਜੀ ਨਾਲ ਸਨੇਹ ਕਰਨਾ ਚਾਹੁੰਦੀ ਹੈ ਅਰ ਸ੍ਰੀ ਦਸਮੇਸ਼ ਜੀ ਉਸਨੂੰ ਧਰਮ ਦੇ ਅਸੂਲ ਦਸਦੇ ਹਨ। ਪਰ ਕੁਅਰਿ ਆਪਣੀ ਬੇ-ਬਸੀ ਦਸਦੀ ਹੈ ਅਤੇ ਗੁਰੂ ਜੀ ਉਪਦੇਸ਼ ਦਿੰਦੇ ਹਨ :-

ਛੰਦ-ਧਰਹੁ ਧੀਰਜ ਮਨ ਬਾਲ ਮਦਨ ਤੁਮਰੋ ਕਸ ਕਰਿ ਹੈ ॥
ਮਹਾਂ ਰੁਦ੍ਰ ਕੋ ਧਿਯਾਨ ਧਰੋ ਮਨ ਬੀਚ ਸੁ ਡਰ ਹੈ ॥
ਹਮ ਨ ਤੁਹਾਰੇ ਸੰਗ ਭੋਗ ਰੁਚਿ ਮਾਨਿ ਕਰੈਗੇ ॥
ਤਿਯਾਗਿ ਧਰਮ ਕੀ ਨਾਰਿ ਤੋਹਿ ਕਬਹੂੰ ਨ ਬਰੈਗੇ ॥ ੨੪ ॥

ਐ ਬਾਲੜੀਏ ! ਤੂੰ ਆਪਣੇ ਮਨ ਵਿਚ ਧੀਰਜ, ਸਬਰ ਲੈ ਆ ਫੇਰ ਕਾਮ ਤੈਨੂੰ ਕੁਝ ਨਹੀਂ ਕਹੇਗਾ; ਅਕਾਲ ਪੁਰਖ ਵਲ ਸੁਰਤੀ ਨੂੰ ਜੋੜ ਲੈ ਜਿਸ ਤੋਂ ਡਰ ਕੇ ਕਾਮ ਦੌੜ ਜਾਏਗਾ। ਮੈਂ ਇਹ ਕੁਕਰਮ ਕਦੀ ਨਹੀਂ ਕਰਾਂਗਾ ਅਤੇ ਆਪਣੀ ਵਿਆਹੁਤਾ ਇਸਤ੍ਰੀ ਨੂੰ ਛਡਕੇ ਤੈਨੂੰ ਕਦੀ ਨਹੀਂ ਅਪਣਾਵਾਂਗਾ। ਜਿਸ ਨਾਲ ਮੇਰੀ ਨਿੰਦਿਆ ਤੇ ਅਪਜਸ ਹੁੰਦਾ ਹੋਵੇ ਮੈਂ ਉਹ ਕਰਮ ਕਿਉਂ ਕਰਾਂ, ਕੀ ਮੈਨੂੰ ਇਸ ਕਰਮ ਦੇ ਬਦਲੇ ਘੋਰ ਨਰਕ ਵਿਚ ਪੈਣ ਦਾ ਡਰ ਨਹੀਂ ਹੈ ਅਤੇ ਮੈਂ ਧਰਮ ਰਾਜ ਦੀ ਸਭਾ ਵਿਚ ਜਾਕੇ ਕੀ ਉਤ੍ਰ ਦੇਵਾਂਗਾ। ਇਸ ਲਈ ਇਹ ਵੀਚਾਰ ਹੀ ਛੱਡ ਦੇਹ ਅਤੇ ਮੁੜਕੇ ਮੈਨੂੰ ਇਹ ਗਲ ਨਹੀਂ ਕਹਿਣੀ, ਪਰ ਕੁਅਰਿ ਆਪਣੀ ਜ਼ਿਦ ਤੋਂ ਨਹੀਂ ਰੁਕਦੀ, ਸਰੂਪਨਖਾਂ ਵਾਂਗ ਹੀ ਹਠ ਪਰ ਅੜੀ ਹੋਈ ਹੈ ਅਤੇ ਉਤਰ ਪ੍ਰਸ਼ਨ ਤੋਂ ਬਾਜ ਨਹੀਂ ਆ ਰਹੀ, ਕਿਸੇ ਗਿਆਨ ਦੀ ਬਾਤ ਉਸਦੇ ਲਾਗੇ ਨਹੀਂ ਜਾਂਦੀ, ਅੰਤ ਘਟਪਟੀਆਂ ਗਲਾਂ ਪਰ ਉਤਰ ਆਈ। ਅਤੇ ਉਸ ਵੇਲੇ ਸ੍ਰੀ ਦਸਮੇਸ਼ ਜੀ ਨੇ ਕੁਅਰਿ ਅਤੇ ਸਾਡੇ ਲਈ ਬਲਕਿ ਸਾਰੇ ਸਮਾਜ ਦੇ ਭਲੇ ਲਈ ਇਹ ਬਾਣੀ ਉਚਾਰਨ ਕੀਤੀ ਸੀ :-

ਛੰਦ- ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ ॥
ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ ॥
ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿੱਤ ਬਢੱਯਹੁ ॥
ਪਰਨਾਰੀ ਕੀ ਸੇਜ ਭੂਲਿ ਸੁਪਨੇ ਤੂੰ ਨ ਜੱਯਹੁ ॥੫੧॥

ਪਰਨਾਰੀ ਕੇ ਹੇਤ ਸੀਸ ਦਸ ਸੀਸ ਗਵਾਯੋ ॥
ਹੋ ਪਰਨਾਰੀ ਕੇ ਹੇਤ ਕਟਕ ਕਵਰਨ ਕੋ ਘਾਯੋ ॥੫੨॥

ਪਰਨਾਰੀ ਸੋ ਨੇਹੁ ਛੁਰੀ ਪੈਨੀ ਕਰਿ ਜਾਨਹੁ ॥
ਪਰਨਾਰੀ ਕੇ ਭਜੇ ਕਾਲ ਬਯਾਪਜੋ ਤਨ ਮਾਨਹੁ ॥੫੩॥

Digitized by Panjab Digital Library | www.panjabdigilib.org

ਅਧਿਕ ਹਰੀਫੀ ਜਾਨਿ ਭੋਗ ਪਰ ਤ੍ਰਿਯ ਜੋ ਕਰਹੀ ॥
ਹੋ ਅੰਤ ਸ੍ਵਾਨ ਕੀ ਮ੍ਰਿਤੁ ਹਾਥ ਲੇਂਡੀ ਕੇ ਮਰਹੀ ॥੫੪॥

ਅੰਤ ਇਸ ਉਪਦੇਸ਼ ਨੂੰ ਸੁਣਕੇ ਕੁਅਰਿ ਸੜ ਬਲਕੇ ਕ੍ਰੋਧ ਵਿਚ ਆਕੇ ਰੌਲਾ ਪਾ ਕੇ ਸਾਰੇ ਪਿੰਡ ਨੂੰ ਇਕੱਠਾ ਕਰਨ ਦੀ ਧਮਕੀ ਦਿੰਦੀ ਹੈ ਤੇ ਕਹਿੰਦੀ ਹੈ ਕਿ ਤੈਨੂੰ ਜੀਉਂਦਾ ਨਹੀਂ ਜਾਣ ਦੇਵਾਂਗੀ, ਇਸ ਪਰ ਗੁਰੂ ਜੀ ਦਾ ਉੱਤਰ ਹੈ-

ਛਪੈ ਛੰਦ ॥

ਦਿਜਨ ਦੀਜਯਹੁ ਦਾਨ ਦ੍ਰੁਜਨ ਕਰ ਦ੍ਰਿਸਟਿ ਦਿਖੈਯਹੁ ॥
ਸੁਖੀ ਰਾਖਿਯਹੁ ਸਾਥ ਸੱਤ੍ਰੁ ਸਿਰ ਖੜਗ ਬਜੈਯਹੁ ॥
ਲੋਕ ਲਾਜ ਕਉ ਛਾਡਿ ਕਛੂ ਕਾਰਜ ਨਹਿ ਕਰਿਯਹੁ ॥
ਪਰ ਨਾਰੀ ਕੀ ਸੇਜ ਪਾਵ ਸੁਪਨੇ ਹੂੰ ਨ ਧਰਿਯਹੁ ॥
ਗੁਰ ਜਬ ਤੇ ਮੁਹਿ ਕਹਯੋ ਇਹੈ ਪ੍ਰਣ ਲਯੋ ਸੁਧਾਰੈ ॥
ਹੋ ਪਰ ਧਨ ਪਾਹਨ ਤੁੱਲਿ ਤ੍ਰਿਯਾ ਪਰ ਮਾਤ ਹਮਾਰੈ ॥੫੮॥

ਜਿਹੜੇ ਸਾਡੇ ਗੁਰਮੁਖ ਸਜਣ ਇਹਨਾਂ ਪ੍ਰਕਰਣਾਂ ਨੂੰ ਅਸ਼ਲੀਲਤਾ ਦਾ ਪ੍ਰਚਾਰ ਕਰਨਾ ਦੱਸਦੇ ਹਨ ਉਹ ਧਿਆਨ ਨਾਲ ਇਸਦੇ ਅਰਥ ਸਮਝ ਲੈਣ। ਧਰਮੀ ਲੋਕਾਂ ਨੂੰ ਦਾਨ ਦੇਣਾ ਅਤੇ ਮੂਰਖਾਂ ਨੂੰ ਡਰ ਜਾਂ ਭੈ ਦੇਣਾ ਧਰਮ ਦੇ ਸਾਥੀਆਂ ਨੂੰ ਸੁਖੀ ਰੱਖਣਾ ਤੇ ਦੋਖੀਆਂ ਨੂੰ ਤਲਵਾਰ ਨਾਲ ਸੋਧਣਾ ਹੀ ਮੇਰਾ ਕਰਮ ਉਹ ਹੈ। ਪਰ ਜਿਸ ਤੋਂ ਸ਼ਰਮ ਚੁਕਣੀ ਪਵੇ ਜਾਂ ਸ਼ਰਮ ਹਿਆ ਨੂੰ ਤਿਆਗਣ ਵਾਲਾ ਕੰਮ ਹੋਵੇ ਮੈਂ ਨਹੀਂ ਕਰਾਂਗਾ, ਇਸ ਲਈ ਪਰ ਇਸਤ੍ਰੀ ਦੇ ਮੰਜੇ ਪਰ ਆਪਣਾ ਪੈਰ ਸੁਪਨੇ ਵਿਚ ਭੀ ਨਹੀਂ ਧਰਾਂਗਾ। ਜਦ ਤੋਂ ਮੇਰੇ ਗੁਰੂ ਨੇ ਮੈਨੂੰ ਆਦੇਸ਼ ਦਿੱਤਾ ਹੈ ਉਦੋਂ ਤੋਂ ਹੀ ਮੈਂ ਇਹ ਪ੍ਰਣ ਕਰ ਲਿਆ ਹੈ ਕਿ ਪਰਾਇਆ ਧਨ ਪੱਥਰ ਦੇ ਬਰਾਬਰ ਅਤੇ ਪਰਾਈ ਇਸਤ੍ਰੀ ਮਾਤਾ ਦੇ ਬਰਾਬਰ ਹੈ ਮੈਨੂੰ।

੨-ਇਸ ਗਲ ਨੂੰ ਜਾਂ ਸਿਖਿਆ ਨੂੰ ਅਧਵਾ ਗੁਰਦੇਵ ਜੀ ਦੇ ਦ੍ਰਿੜ੍ਹ ਇਰਾਦੇ ਨੂੰ ਲੈਕੇ ਕੁਅਰਿ ਨੇ ਚੋਰ ਚੋਰ ਕਹਿਕੇ ਰੌਲੀ ਪਾ ਦਿੱਤੀ ਅਤੇ ਲੋਕੀਂ ਇਕੱਠੇ ਹੋ ਕੇ ਪਿੱਛੇ ਪੈ ਗਏ, ਜਦੋਂ ਕੁਝ ਬੰਦੇ ਗੁਰੂ ਜੀ ਦੇ ਨੇੜੇ ਢੁਕੇ ਤਾਂ ਆਪ ਨੇ ਹਿੰਮਤ ਕਰਕੇ ਨ੍ਰਪ ਕੁਅਰਿ ਦੇ ਭਾਈ ਨੂੰ ਪਕੜ ਕੇ ਚੋਰ ਚੋਰ ਕਹਿਕੇ ਕੁਟਣਾ ਆਰੰਭ ਕਰ ਦਿੱਤਾ, ਜਿਸਨੂੰ ਹਨੇਰੇ ਵਿਚ ਪਛਾਨਣ ਦੀ ਕਿਸੇ ਨੇ ਹਿੰਮਤ ਹੀ ਨਾ ਕੀਤੀ ਅਤੇ ਮੁਸ਼ਕਾਂ ਬੰਨ੍ਹ ਕੇ ਲੈ ਗਏ। ਲੋਕ ਬਹੁਤੇ ਇਕੱਠੇ ਹੋਕੇ ਆ ਪਏ ਸੀ, ਗੁਰੂ ਜੀ ਨੂੰ ਉਸ ਵੇਲੇ ਕੋਈ ਦੌੜਨ ਲਈ ਰਾਹ ਨਹੀਂ ਸੀ ਦਿੱਸਦਾ ਤਾਂ ਉਸਦੇ ਭਾਈ ਨੂੰ ਦੋ ਚਾਰ ਡਾਂਗਾਂ ਮਾਰ ਦਿੱਤੀਆਂ, ਜਿਸ ਤੋਂ ਉਹ ਬੇਹੋਸ਼ ਹੋ ਗਿਆ ਅਤੇ ਪਗੜੀ ਲਾਹਕੇ ਹੱਥ ਪੈਰ ਬੰਨ੍ਹ ਦਿੱਤੇ, ਐਨੇ ਨੂੰ ਰੌਲਾ ਪੈ ਗਿਆ, ਗੁਰੂ ਦੇ ਸਿੰਘ ਬਹੁਤ ਸਾਰੇ ਜਾ ਪੁਜੇ ਅਤੇ ਉਹਨਾਂ ਹੋਰਾਂ ਨੂੰ ਚੰਗੀ ਜੁਤੀ ਫੇਰੀ ਅਤੇ ਮੁਸ਼ਕਾਂ ਬੰਨ੍ਹਕੇ ਲਿਆਕੇ ਬੰਦ ਕਰ ਦਿੱਤਾ। ਦੂਜੇ ਦਿਨ ਸਮੇਤ ਉਸ ਇਸਤ੍ਰੀ ਆਪਣੇ ਭਾਈ ਨੂੰ ਛੁਡਾਉਣ ਲਈ ਪੁਜੇ ਅਤੇ ਗੁਰੂ ਜੀ ਦੀ ਜੁਤੀ ਤੇ ਕੁਛ ਕਪੜੇ ਉਥੇ ਰਹਿ ਗਏ ਸਨ, ਉਹ ਮੰਗਵਾਏ ਅਤੇ ਉਸ ਇਸਤ੍ਰੀ ਨੂੰ ਉਲਟਾ ਚੋਰ ਬਣਾ ਲਿਆ ਕਿ ਤੂੰ ਇਹ ਚੋਰੀ ਕਰਕੇ ਲੈ ਗਈ ਹੈਂ। ਮਿੰਨਤ ਮਰਿਯਾਦਾ ਕਰਨ ਪਰ ਨਾਲੇ ਉਸਦਾ ਭਾਈ ਛੱਡ ਦਿਤਾ ਨਾਲੇ ਦਸ ਦਿਤਾ ਸੀ ਕਿ ਤੂੰ ਮੇਰੇ ਤੇ ਚਰਿਤ੍ਰ ਖੇਡਿਆ ਸੀ, ਮੈਂ ਤੈਨੂੰ ਉਸ ਦੇ ਰੂਪ ਵਿਚ ਉਤਰ ਦੇ ਦਿਤਾ ਹੈ। ਹੁਣ ਅਸੀਂ ਸੋਚਣਾ ਹੈ, ਕਿ ਅਸੀਂ ਸ੍ਰੀ ਦਸਮੇਸ਼ ਜੀ ਦੀ ਸਿਖਿਆ ਤੇ ਕਿੰਨਾਂ ਕੁ ਅਸਰ ਤੇ ਮਾਣ ਕਰਦੇ ਹਾਂ।

Digitized by Panjab Digital Library | www.panjabdigilib.org

ਪੂਰਨ ਤਸੱਲੀ ਲਈ ਦੇਖੋ ਪੰਥ ਪ੍ਰਕਾਸ਼ ਗਿ: ਗਿਆਨ ਸਿੰਘ ਭਾਸ਼ਾ ਵਿਭਾਗ ਪੰਜਾਬ ਪੰ: ੨੦੪-੫।

ਜਦਪਿ ਗੁਰ ਉਪਦੇਸ ਕਹਯੋ ਬਹੁ ਪਰ ਤਿਹ ਏਕ ਨ ਲਗਿਓ ॥
ਜਬ ਗੁਰ ਆਵਨ ਹੇਤ ਉਠੇ ਤਬ ਤਾਹਿ ਕੋਪ ਅਤਿ ਜਗਿਓ ॥
ਚੋਰ ਚੋਰ ਕਰ ਰੌਰ ਮਚਾਇਓ ਔਰ ਭ੍ਰਿਤ ਤਿਹ ਧਾਏ ॥
ਗੁਰ ਬਰਸਾਜ ਤਾਹਿ ਧਰ ਪਰ ਸਿਟ ਅਪਨੇ ਘਰ ਮੈ ਆਏ ॥
ਪਨਹੀ ਪਵ੍ਹਰੀ ਰਹੀ ਤਹਾ ਹੀ ਸੋ ਉਨਸੈ ਮੰਗਾਈ ॥
ਫਿਰ ਤਿਹ ਤਜ ਉਪਦੇਸ ਦਿਢਾਯੋ ਨ੍ਰਪ ਕੌਰ ਯੁਤ ਨੀਕੇ ॥
ਭਗਤੀ ਕਰਨ ਲਗਾਏ ਪ੍ਰਭ ਕੀ ਜਤ ਸਤ ਰਖਵਾ ਠੀਕੈ ॥
ਪੁਰਖ ਚਰਿਤ੍ਰ ਲਿਖਯੋ ਗੁਰੂ ਇਹੁ ਹੈ ਦਸਮ ਗ੍ਰੰਥ ਕੇ ਮਾਹੀ ॥
ਇਸਤੈ ਪਰ ਤੀਯ ਤਿਯਾਗ ਜਨਾਯੋ ਸਿਖਨ ਕੋ ਦਿਢਆਹੀ ॥੧੪॥

ਭਾ: ਨ੍ਰਪ ਕਵਰ ਨੂੰ ਜਤ ਸਤ 'ਚ ਰਹਿਕੇ ਭਗਤੀ ਕਰਨ ਲਾ ਦਿਤਾ ਅਤੇ ਸਿਖਾਂ ਨੂੰ ਪਰ-ਇਸਤ੍ਰੀ ਤਿਆਗਣ ਦੀ ਬਿਧੀ ਸਿਖਾਈ ॥

੪-ਜੇ ਹਜ਼ਾਰਾਂ ਬਰਸਾਂ ਤੋਂ ਇਹੋ ਸੀਨ ਸਰੂਪਨਖਾਂ ਦਾ ਹਮੇਸ਼ਾਂ ਤੇ ਹਰ ਥਾਂ ਖੇਡਿਆ ਤੇ ਪ੍ਰਚਾਰਿਆ ਜਾਂਦਾ ਹੈ ਤਾਂ ਸਾਨੂੰ ਕੋਈ ਸ਼ਰਮ ਨਹੀਂ ਆਉਂਦੀ, ਜੇ ਇਹੋ ਸੀਨ ਦਸਮੇਸ਼ ਜੀ ਪੇਸ਼ ਕਰਦੇ ਹਨ ਤਾਂ ਸਾਡੀ ਸ਼ਰਮ ਨਾਲ ਧੌਣ ਟੁਟਦੀ ਹੈ। ਜੇ ਇਹੋ ਸਿਖਿਆ ਸ੍ਰੀ ਰਾਮ ਚੰਦਰ ਜੀ ਦਿੰਦੇ ਹਨ ਤਾਂ ਉਹ ਪਵਿਤ੍ਰ ਮੰਨੀ ਜਾਂਦੀ ਹੈ । ਜੇ ਉਹੋ ਸਿਖਿਆ ਸ੍ਰੀ ਦਸਮੇਸ਼ ਜੀ ਦਿੰਦੇ ਹਨ ਤਾਂ ਸਿਖ ਜੁਤੀਆਂ ਮਾਰਨ ਨੂੰ ਤਿਆਰ ਹੋ ਜਾਂਦੇ ਨੇ । ਜਦ ਕਿ ਗੁੰਡਾ ਗਰਦੀ ਇਕ ਮਨ ਦੀ ਅਵਸਥਾ ਦਾ ਨਾਮ ਹੈ। ਇਕ ਨੌਜਵਾਨ ਇਸਤ੍ਰੀ ਨੂੰ ਇਕੱਲਿਆਂ ਤਕ ਕੇ ਕੋਈ ਬਾਹੋਂ ਫੜ ਲਵੇ ਤਾਂ ਗੁੰਡਾ ਗਰਦੀ ਮੰਨੀ ਜਾਂਦੀ ਹੈ, ਪਰ ਇਕ ਹਕੀਮ ਆਪਣੇ ਕਮਰੇ ਵਿਚ ਇਸਤ੍ਰੀ ਦੀ ਬਾਂਹ ਫੜਕੇ ਉਸ ਦਾ ਰੋਗ ਹਟਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਅਹਿਮਕ ਹੀ ਗੁੰਡਾ ਗਰਦੀ ਭਾਵੇਂ ਕਹੇ ਨਹੀਂ ਤਾਂ ਇਹ ਭਲਾਈ ਸਗੋਂ ਭਲੇ ਲਈ ਹੀ ਮੰਨੀ ਜਾਏਗੀ। ਇਕ ਡਾਕਟਰ ਜੇ ਪਿੰਡਾ ਨੰਗਾ ਕਰਕੇ ਉਸ ਨੂੰ ਟੋਂਹਦਾ ਜਾਂ ਠੋਕਦਾ ਹੈ ਤਾਂ ਰੋਗੀ ਦੇ ਭਲੇ ਲਈ ਹੀ ਹੁੰਦਾ ਹੈ, ਬੱਚਾ ਪੈਦਾ ਹੋਣ ਵੇਲੇ ਡਾਕਟਰ ਨੂੰ ਸੰਕੋਚ ਕਰਨਾ ਨਹੀਂ ਬਣਦਾ, ਨਾ ਹੀ ਕੋਈ ਬੁਰਾ ਮਨਾਉਂਦਾ ਹੈ, ਕਿਉਂਕਿ ਉਸ ਦੇ ਸਾਹਮਣੇ ਤਾਂ ਸਗੋਂ ਉਸਦੀ ਜਾਨ ਬਚਾਉਣ ਦਾ ਸਵਾਲ ਹੁੰਦਾ ਹੈ । ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਆਪਣੇ ਸਿਖਾਂ ਦਾ ਜਿਥੇ ਆਤਮਿਕ ਕਲਿਆਣ ਦਾ ਸਵਾਲ ਸੀ ਉਥੇ ਧਰਮ ਦੇ ਅੰਗ ਸਮਾਜਕ ਕਲਿਆਣ ਦਾ ਮਸਲਾ ਭੀ ਉਹਨਾਂ ਦੀਆਂ ਅੱਖਾਂ ਤੋਂ ਉਹਲੇ ਨਹੀਂ ਸੀ ਜੋ ਸੰਗ ਰਖ ਕੇ ਚਿਤ੍ਰਨ ਠੀਕ ਨਹੀਂ ਸੀ ਹੋ ਸਕਦਾ । ਜੇਕਰ ਕੋਈ ਇਸਤ੍ਰੀ ਬੁਰਕਾ ਪਹਿਨੇ ਹੋਏ ਫੋਟੋ ਲੁਹਾਉਣੀ ਚਾਹੇ ਤਾਂ ਕੀ ਉਸਦੀ ਫੋਟੋ ਖਿਚੀ ਜਾ ਸਕਦੀ ਹੈ ? ਜਾਂ ਉਸ ਫੋਟੋ ਵਿਚੋਂ ਤੁਸੀਂ ਉਸ ਨੂੰ ਪਹਿਚਾਣ ਸਕੋਗੇ ?

ਉ- ਜੇ ਲਖ ਇਸਤਰੀਆ ਭੋਗ ਕਰਹਿ ਨਵ ਖੰਡ ਰਾਜੁ ਕਮਾਹਿ ॥
[ਪੰ: ੨੬ ॥ ਮ: ੩ ॥

ਅ- ਸੁੰਦਰ ਪੁਰਖ ਬਿਰਾਜਤ ਪੇਖਿ ਮਨੁ ਬੰਚਲਾ ॥
[ਪੰ: ੧੩੬੨ ॥ ਮ: ੫ ॥

ਏ- ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥
[ਪੰ: ੧੩੭੯ ॥ ਬਾਬਾ ਫਰੀਦ ਜੀ ॥

Digitized by Panjab Digital Library | www.panjabdigilib.org

ਸ- ਕਾਹੂ ਬਿਹਾਵੈ ਲਪਟਿ ਸੰਗਿ ਨਾਰੀ ॥ ਪੰ: ੬੧੪ ॥ ਮ: ੫ ॥

ਹ- ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥ ਪੰ: ੧੦੨੨ ॥ ਮ: ੧ ॥

ਕ- ਜੈਸੀ ਪਰ ਪੁਰਖਾ ਰਤ ਨਾਰੀ ॥ ਕਾਮੀ ਪੁਰਖ ਕਾਮਨੀ ਪਿਆਰੀ ॥
[ਨਾਮਦੇਵ ਜੀ ॥ ਪੰ: ੧੧੬੪ ॥

ਖ- ਘਰ ਕੀ ਨਾਰਿ ਤਿਆਗੈ ਅੰਧਾ ॥ ਪਰ ਨਾਰੀ ਸਿਉ ਘਾਲੈ ਧੰਧਾ ॥
[ਪੰ: ੧੧੬੫ ॥

ਗ- ਕਾਮਣਿ ਦੇਖਿ ਕਾਮਿ ਲੋਭਾਇਆ ॥ ਪੰ: ੧੩੪੨ ॥ ਮ: ੧ ॥

ਘ- ਜਬ ਮੁਖਿ ਪ੍ਰੀਤਮ ਸਾਜਨੁ ਲਾਗਾ ॥ ਸੂਖ ਸਹਜ ਮੇਰਾ ਧਨੁ ਸੋਹਾਗਾ ॥
[ਪੰ: ੩੬੪ ॥ ਮ: ੫ ॥

ਙ- ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵੈ ॥
[ਪੰ: ੧੨੬ ॥ ਮ: ੫ ॥

ਚ- ਅਨਹਤ ਵਾਜੇ ਵਜਹਿ ਘਰ ਮਹਿ ਪਿਰ ਸੰਗਿ ਸੇਜ ਵਿਛਾਈ ॥
[ਪੰ: ੨੪੭ ॥ ਮ: ੫ ॥

ਛ- ਮਨੁ ਲਾਲਹ ਦੀਜੈ ਭੋਗ ਕਰੀਜੈ ਹਭ ਖੁਸੀਆ ਰੰਗ ਮਾਣੇ ॥
[ਪੰ: ੪੫੫ ॥ ਮ: ੫ ॥

ਕੀ ਇਹ ਸਾਰੇ ਸ਼ਬਦ ਗੁੰਡਾ ਗਰਦੀ ਲਈ ਹੀ ਲਿਖੇ ਗਏ, (ਟਟੈ ਟੰਚ ਕਰਹੁ ਕਿਆ ਪ੍ਰਾਣੀ) ਕੀ ਇਥੇ ਟੈਂਕੇ ਨਹੀਂ ਸੀ ਲਿਖ ਸਕਦੇ ?

ਜੋ ਸਹ ਕੰਠ ਨ ਲਗੀਆ ਜਲਨ ਸਿ ਬਾਹੜੀਆ ॥ ਪੰ: ੫੫੮ ॥ ਮ: ੧ ॥

ਇਹ ਸਭੋ ਕੁਝ ਇਸ਼ਕ ਹਕੀਕੀ ਤੇ ਨਿਰਬਿਕਾਰ ਮਨਾਂ ਦੀ ਅਵਸਥਾ ਹੈ ਜਿਸ ਤੇ ਉਟੰਕਣ ਨਹੀਂ।

੫-੩੨ਵੇਂ ਚਰਿਤ੍ਰ ਵਿਚ ਦਸਿਆ ਹੈ ਕਿ ਪੰਜਾਬ ਵਿਚ ਇਕ ਰਸ ਮੰਜਰੀ ਨਾਮ ਕਰਕੇ ਇਸਤ੍ਰੀ ਹੈਸੀ ਅਤੇ ਉਸਦਾ ਪਤੀ ਬਪਾਰ ਦੇ ਕੰਮ ਪ੍ਰਦੇਸ ਗਿਆ ਹੋਇਆ ਸੀ, ਆਪ ਇਕੱਲੀ ਘਰ ਵਿਚ ਰਹਿੰਦੀ ਸੀ, ਧਨ ਮਾਲ ਕੰਨੀਓਂ ਸੌਖੀ ਸੀ। ਚੋਰਾਂ ਨੇ ਤਾੜ ਲਈ ਤੇ ਸਮਾਂ ਪਾ ਕੇ ਘਰ ਆ ਗਏ ਅਤੇ ਮਾਲ ਆਦਿ ਕਾਬੂ ਕਰਨ ਲਗੇ, ਉਸ ਵੇਲੇ ਰਸ ਮੰਜਰੀ ਨੇ ਅਕਲ ਤੋਂ ਕੰਮ ਲੈ ਕੇ ਵਿਚੋਂ ਇਕ ਚੋਰ ਨੂੰ ਅਪਣਾਇਆ ਤੇ ਕਿਹਾ ਕਿ ਮੈਂ ਤਾਂ ਆਪ ਇਕੱਲੀ ਰਹਿ ਕੇ ਤੰਗ ਆ ਗਈ ਹਾਂ, ਆਦਮੀ ਬਿਨਾ ਸਰਦਾ ਨਹੀਂ। ਤੁਸੀਂ ਆਹ ਧਨ ਲੈ ਚਲੇ ਹੋ ਤੇ ਮੈਨੂੰ ਵੀ ਲੈ ਚਲੋ, ਮੈਂ ਤੇਰੇ ਘਰ ਹੀ ਜਾ ਵਸਾਂਗੀ। ਚੋਰ ਨੇ ਸੋਚਿਆ ਜਵਾਨ ਤੇ ਸੁੰਦਰ ਇਸਤ੍ਰੀ ਮੇਰੇ ਘਰ ਮੇਰੇ ਨਾਲ ਜਾਣ ਨੂੰ ਆਪ ਤਿਆਰ ਹੈ, ਫੇਰ ਸਾਨੂੰ ਏਥੇ ਕੀਹਦਾ ਡਰ ਹੋਇਆ । ਬਸ ਗੱਲਾਂ ਬਾਤਾਂ ਨਾਲ ਅਪਣੱਤ ਬਣ ਗਈ ਅਤੇ ਰਸ ਮੰਜਰੀ ਨੇ ਕਿਹਾ ਕਿ ਤੁਸੀਂ ਏਥੇ ਬੈਠੋ ਮੈਂ ਤੁਹਾਨੂੰ ਖਾਣ ਲਈ ਕੁਝ ਬਣਾ ਦੇਂਦੀ ਹਾਂ । ਜਦ ਮੈਂ ਤੇਰੇ ਘਰ ਹੀ ਵਸਣਾ ਹੈ ਤਾਂ ਫੇਰ ਭੀ ਤੇਰੀ ਰੋਟੀ ਪਾਣੀ ਕਰਨੀ ਹੈ। ਇਹ ਕਹਿ ਕੇ ਉਹਨਾਂ ਨੂੰ ਚੁਬਾਰੇ ਵਿਚ ਬਹਾ ਕੇ ਆਪ ਥਲੇ ਆ ਕੇ ਕੜਾਹੀ ਚੜ੍ਹਾਈ ਤੇ ਪਕਵਾਨ ਵਿਚ ਜ਼ਹਿਰ ਮਿਲਾ ਦਿਤੀ ਅਤੇ ਉਹਨਾਂ ਦੇ ਖਾਣ ਦੀ ਦੇਰ ਸੀ ਕਿ ਉਹ ਬੇਹੋਸ਼ ਹੋ ਗਏ, ਕੜਾਹੀ ਦਾ ਤਪਿਆ ਤੇਲ ਸਿਰ ਵਿਚ ਪਾ ਦਿਤਾ, ਬਾਹਰੋਂ ਕੁੰਡਾ ਲਾ ਕੇ ਲੋਕੀਂ

Digitized by Panjab Digital Library | www.panjabdigilib.org

ਇਕੱਠੇ ਕਰ ਲਏ, ਇਕੱਲੀ ਨੇ ਹੀ ਆਪਣਾ ਘਰ ਘਾਟ ਬਚਾ ਲਿਆ, ਜੇ ਉਹ ਚੂੰ ਚਾਂ ਕਰਦੀ ਤਾਂ ਆਪਣੀ ਜਾਨ ਭੀ ਗੁਆ ਬਹਿੰਦੀ ਅਤੇ ਘਰ ਭੀ ਲੁਟਿਆ ਪੁਟਿਆ ਜਾਂਦਾ। ਕੀ ਇਹ ਜਿੱਤ ਦਾ ਗੁਰ ਨਹੀਂ ਹੈ ?

੬-੩੯ਵਾਂ ਚਰਿਤ੍ਰ ਦਸਦਾ ਹੈ ਕਿ ਜਿਹੜੀ ਇਸਤ੍ਰੀ ਆਪਣੇ ਪਤੀ ਦਾ ਕਿਹਾ ਨਾ ਮੰਨਦੀ ਹੋਵੇ, ਉਸਨੂੰ ਵਿਆਹ ਕੇ ਕੀ ਕਰਨਾ ਹੈ ਅਤੇ ਅੰਤ ਉਸ ਇਸਤ੍ਰੀ ਦਾ ਹਸ਼ਰ ਕੀ ਹੁੰਦਾ ਹੈ। ਇਸ ਲਈ ਮਿਸਾਲ ਦੇ ਤੌਰ ਪਰ ਇਕ ਦਿਲਜਾਨ ਮਤੀ ਜੱਟੀ ਅਤੇ ਅਚਲ ਦੇਵ ਜੱਟ ਸੀ ਜੋ ਆਪਣੇ ਪਤੀ ਤੋਂ ਪੁੱਠੀ ਹੀ ਚਲਦੀ ਸੀ ਅਤੇ ਕੁਬਚਨਾਂ ਦੀ ਵਰਤੋਂ ਬਹੁਤ ਕਰਦੀ ਸੀ। ਇਕ ਦਿਨ ਜੱਟ ਨੇ ਕਿਹਾ ਕਿ ਅਸਾਂ ਸਰਾਧ ਨਹੀਂ ਕਰਨਾ ਤਾਂ ਜੱਟੀ ਬੋਲੀ ਮੈਂ ਜ਼ਰੂਰ ਕਰਾਂਗੀ, ਜੇ ਜੱਟ ਨੇ ਕਿਹਾ, ਅਸਾਂ ਬ੍ਰਾਹਮਣਾਂ ਨੂੰ ਕੋਈ ਦਖਣਾ ਨਹੀਂ ਦੇਣੀ ਤਾਂ ਜਟੀ ਨੇ ਸਭ ਬ੍ਰਾਹਮਣਾਂ ਨੂੰ ਦਖਣਾ ਦੇ ਦਿਤੀ। ਫੇਰ ਜੱਟ ਨੇ ਕਿਹਾ ਤੂੰ ਪੇਕੇ ਨਹੀਂ ਜਾਣਾ ਤਾਂ ਜੱਟੀ ਬੋਲੀ ਮੈਂ ਤਾਂ ਜਾਣਾ ਹੈ। ਅਗੇ ਰਸਤੇ ਵਿਚ ਨਦੀ ਚਲਦੀ ਸੀ ਤਾਂ ਜੱਟ ਨੇ ਕਿਹਾ ਬੇੜੀ ਬਹਿ ਕੇ ਚਲਦੇ ਹਾਂ ਤਾਂ ਜੱਟੀ ਬੋਲੀ ਮੈਂ ਤਾਂ ਬੈਲ ਦੀ ਪੂਛ ਫੜਕੇ ਤਰ ਜਾਵਾਂਗੀ, ਜਦੋਂ ਅਧ ਵਿਚ ਗਈ ਤਾਂ ਜੱਟ ਨੇ ਕਿਹਾ ਬੈਲ ਦੀ ਪੂਛ ਘੁਟ ਕੇ ਫੜ ਕੇ ਰਖੀਂ, ਜੱਟੀ ਨੇ ਪੂਛ ਉਕੀ ਹੀ ਛੱਡ ਦਿਤੀ, ਬਸ ਫੇਰ ਕੀ ਸੀ ਇਕ ਦੋ ਗੋਤੇ ਖਾਂਦੀ, ਨਦੀ ਦੇ ਬਹਾਉ ਨਾਲ ਡੁਬਕਣੀਆਂ ਖਾਂਦੀ ਤੇ ਪਾਣੀ ਵਿਚ ਅਗੇ ਰੁੜ੍ਹ ਗਈ ਅਤੇ ਜੱਟ ਨੇ ਗਲੋਂ ਲਾਹ ਕੇ ਸ਼ੁਕਰ ਕੀਤਾ ਅਤੇ ਪੁਠੇ ਰਾਹ ਚਲਣ ਦਾ ਖਮਿਆਜ਼ਾ ਪਾ ਲਿਆ। ਜਿਸ ਦਾ ਸਿੱਟਾ ਇਹ ਹੈ ਕਿ ਹਰ ਇਸਤ੍ਰੀ ਨੂੰ ਆਪਣੇ ਪਤੀ ਦੀ ਆਗਿਆ ਵਿਚ ਹੀ ਰਹਿਣਾ ਠੀਕ ਹੁੰਦਾ ਹੈ।

ਸੀਲ ਸੰਜਮ ਪ੍ਰਿਯ ਆਗਿਆ ਮਾਨੈ ॥ ਤਿਸ ਨਾਰੀ ਕੋ ਦੁਖ ਨ ਜਮਾਨੈ ॥

(ਗੁਰਬਾਣੀ)

੭-ਇਹਨਾਂ ਚਰਿਤ੍ਰਾਂ ਵਿਚ ਇਹੋ ਜਿਹੀਆਂ ਭੀ ਕਹਾਣੀਆਂ ਹਨ ਜੋ ਇਸਤ੍ਰੀ ਨੂੰ ਬਲ ਦਿੰਦੀਆਂ ਹਨ ਅਤੇ ਇਸਤ੍ਰੀ ਪਤੀ ਦੀ ਕਿਵੇਂ ਸਹਾਇਕ ਹੋ ਸਕਦੀ ਹੈ। ਬਾਦਸ਼ਾਹ ਜਹਾਂਗੀਰ ਤੇ ਉਸਦੀ ਪਟਰਾਣੀ ਨੂਰ ਜਹਾਂ ਨੂੰ ਸਾਰੇ ਲੋਕ ਜਾਣਦੇ ਹਨ। ਇਕ ਦਿਨ ਜੰਗਲ ਵਿਚ ਜਹਾਂਗੀਰ ਸ਼ਿਕਾਰ ਲਈ ਗਿਆ, ਨੂਰ ਜਹਾਨ ਤੇ ਕੁਝ ਹੋਰ ਰਾਣੀਆਂ ਨੂੰ ਭੀ ਨਾਲ ਲੈ ਗਿਆ। ਅਗੇ ਜੰਗਲ ਵਿਚ ਸ਼ੇਰ ਨਿਕਲ ਆਇਆ, ਬਾਦਸ਼ਾਹ ਨੇ ਗੋਲੀ ਚਲਾਈ, ਪਰ ਨਿਸ਼ਾਨੇ ਪਰ ਨਾ ਬੈਠੀ, ਸ਼ੇਰ ਨੇ ਬਾਦਸ਼ਾਹ ਪਰ ਧਾਈ ਕਰ ਦਿਤੀ। ਜਹਾਂਗੀਰ ਦੀ ਘੋੜੀ ਡਰ ਕੇ ਪਿਛੇ ਹਟ ਗਈ. ਅਤੇ ਜਹਾਂਗੀਰ ਦਾ ਦਿਲ ਦਹਿਲ ਗਿਆ ਕਿ ਹੁਣ ਸ਼ੇਰ ਮੇਰੇ ਉਪਰ ਆ ਪਏਗਾ। ਉਸ ਵੇਲੇ ਨੂਰ ਜਹਾਨ ਨੇ ਤੁਪਕ ਚਲਾ ਕੇ ਸ਼ੇਰ ਨੂੰ ਥਾਇ ਮਾਰਿਆ ਤੇ ਰਾਜੇ ਨੂੰ ਜਾ ਵਧਾਈ ਦਿਤੀ। ਜਿਸ ਕਰਕੇ ਨੂਰ ਜਹਾਨ ਦਾ ਰਾਜਾ ਪਰ ਦਬਕਾ ਬਣ ਗਿਆ ਅਤੇ ਰਾਜਾ ਭੀ ਉਸ ਤੋਂ ਭੈ ਖਾਂਦਾ ਸੀ। ਜਿਸ ਬਾਰੇ ਇਉਂ ਲਿਖਿਆ ਹੈ:-

ਚੌਪਈ ॥

ਜਹਾਂਗੀਰ ਸੁਨਿ ਬਚਨ ਡਰਾਨਯੋ ॥ ਤ੍ਰਿਯ ਕੋ ਤ੍ਰਾਸ ਅਧਿਕ ਜਿਯ ਮਾਨਯੋ ॥
ਸਿੰਘ ਹਨਤ ਜਿਹ ਲਗੀ ਨ ਬਾਰਾ ॥ ਤਿਹ ਆਗੇ ਕਯਾ ਮਨੁਖ ਬਿਚਾਰਾ ॥ ੨੪ ॥

ਭਾਵ ਕਿ ਜਿਸ ਇਸਤ੍ਰੀ ਨੂੰ ਸ਼ੇਰ ਮਾਰਨ ਲਗਿਆਂ ਚਿਰ ਨਹੀਂ ਲਗਿਆ ਉਸ ਅਗੇ ਆਦਮੀ ਵਿਚਾਰਾ ਕੀ ਚੀਜ਼ ਹੈ ?

੮-੪੯ਵੇਂ ਚਰਿਤ੍ਰ ਵਿਚ ਆਪ ਦਰਸਾਉਂਦੇ ਹਨ ਕਿ ਜੇਕਰ ਮੇਰੇ ਸਿਖ ਹੋ ਕੇ ਸਾਧ ਪੁਣੇ ਵਿਚ ਆ ਕੇ ਨਿਰਾ ਪਾਠ ਹੀ ਕਰਦਾ ਰਹੇ ਅਤੇ ਆਪਣੀ ਉਪਮਾ ਸੁਣ ਕੇ ਪ੍ਰਸੰਨ ਹੋ ਜਾਵੇ, ਸਮਾਜਕ ਤੌਰ ਪਰ

Digitized by Panjab Digital Library | www.panjabdigilib.org

ਆਪਣੀ ਇਸਤ੍ਰੀ ਨੂੰ ਕਾਬੂ ਵਿਚ ਨਾ ਰਖੇ ਉਹ ਭੀ ਮੂਰਖ ਸਿੱਖ ਹੈ। ਜਿਸ ਲਈ ਅਨੰਦ ਪੁਰ ਸਾਹਿਬ ਵਿਚ ਰਹਿਣ ਵਾਲੇ ਨਾਈ ਦੀ ਉਦਾਹਰਨ ਦਿੰਦੇ ਹਨ ਕਿ ਉਥੇ ਨੰਦ ਮਤੀ ਨਾਮ ਦੀ ਇਕ ਨਾਇਣ ਬੜੀ ਚਲਾਕ ਤੇ ਵਿਭਚਾਰਨ ਸੀ ਅਤੇ ਉਸਦਾ ਪਤੀ ਮੂਰਖ ਸੀ, ਜਦ ਕਿ ਉਸ ਦੇ ਸਾਹਮਣੇ ਅਤੇ ਘਰ ਹੁੰਦਿਆਂ ਹੀ ਕਈ ਬੰਦੇ ਉਸ ਦੇ ਘਰ ਆਉਂਦੇ, ਪਰ ਇਸਤ੍ਰੀ ਉਸ ਦੀ ਵਡਿਆਈ ਕਰ ਛਡਦੀ, ਮੇਰਾ ਪਤੀ ਤਾਂ ਕੋਈ ਸੰਤ ਭਗਤ ਹੈ। ਇਸ ਨੂੰ ਕਲਜੁਗ ਦੀ ਹਵਾ ਹੀ ਨਹੀਂ ਲੱਗੀ, ਹਰ ਵੇਲੇ ਪਾਠ ਹੀ ਕਰਦਾ ਤੇ ਮਗਨ ਰਹਿੰਦਾ ਹੈ, ਉਹ ਐਨੀ ਗੱਲ ਸੁਣਕੇ ਹੀ ਮਸਤ ਰਹਿੰਦਾ ਸੀ, ਜਿਸਦਾ ਪ੍ਰਸੰਗ ਸੁਣਾ ਕੇ ਆਪ ਕਹਿੰਦੇ ਹਨ-

ਚੌਪਈ-ਯਹ ਜੜ ਫੂਲਿ ਬਚਨ ਸੁਨਿ ਜਾਵੈ ॥ ਅਧਿਕ ਆਪੁ ਕਹੱ ਸਾਧ ਕਹਾਵੈ ॥
ਵਹ ਜਾਰਨ ਸੋ ਨਿਸਦਿਨ ਰਹਈ ॥ ਇਹ ਕਛੁ ਤਿਨੈ ਨ ਮੁਖ ਤੇ ਕਹਈ ॥੫॥੧॥

ਜਿਸ ਦਾ ਭਾਵ ਹੈ ਕਿ ਨਿਰਾ ਸਾਧ ਬਣ ਬੈਠਣਾ ਜਾਂ ਆਪਣੀ ਵਡਿਆਈ ਸੁਣਕੇ ਫੁਲ ਜਾਣਾ ਤੇ ਆਪਣੇ ਘਰ ਦੇ ਵਾਤਾਵਰਣ ਨੂੰ ਭਾਫਣਾ ਹੀ ਨਹੀਂ, ਇਹ ਨਿਰੀ ਮੂਰਖਤਾ ਹੈ, ਜੋ ਮੇਰੇ ਸਿਖਾਂ ਨੂੰ ਸਮਝ ਲੈਣੀ ਚਾਹੀਦੀ ਹੈ।

੬-ਜਿਥੇ ਗੁਰੂ ਜੀ ਨੇ ਵਿਭਚਾਰ ਨੂੰ, ਚਰਿਤ੍ਰ ਹੀਣ ਨਿਰੰਤਰ ਥਾਂ ਥਾਂ ਬਿਵਰਜਤ ਕਰਕੇ ਇਸਤ੍ਰੀਆਂ ਦੇ ਚੋਣਵੇਂ ਪ੍ਰਸੰਗ ਲਿਖੇ ਹਨ, ਉਥੇ ਧਰਮ ਵੰਤੀ ਤੇ ਵਫਾਦਾਰਾਂ ਦੇ ਭੀ ਬਹੁਤ ਸਾਰੇ ਲੇਖ ਲਿਖੇ ਹਨ। ਜਿਵੇਂ ਕਿ ਮਹੋਬੇ ਪਿੰਡ ਵਿਚ ਕੋਈ ਰਾਠ (ਮਿਤ੍ਰ ਸਿੰਘ) ਰਹਿੰਦਾ ਸੀ, ਰਾਹਮਾਰੀ ਤੇ ਡਕੈਤੀ ਉਸਦਾ ਕੰਮਸੀ ਜੋ ਰਾਹਗੀਰ ਕਿਤੇ ਮਿਲ ਗਿਆ ਉਸਨੂੰ ਫੜ ਕੇ ਕੁਟ ਕਟਕੇ ਲੁਟ ਲਿਆ ਕਰਦਾ ਸੀ। ਇਕ ਦਿਨ ਬਹਾਦਰ ਪਤੀ ਦੀਆਂ ਜਦੋਂ ਉਹ ਧਾੜਾ ਮਾਰਨ ਹਿਤ ਗਿਆ ਤਾਂ ਅੱਗੇ ਕੁਝ ਤਕੜੇ ਬਹਾਦਰ ਸੂਰਮਿਆਂ ਨਾਲ ਵਾਹ ਪੈ ਗਿਆ, ਉਹ ਮੁਸ਼ਕਾਂ ਬੰਨ੍ਹ ਕੇ ਮਾਰਨ ਹਿਤ ਕਿਸੇ ਥਾਂ ਲੈ ਜਾ ਰਹੇ ਸਨ ਕਿ ਉਸਦੀ ਇਸਤ੍ਰੀ ਨੂੰ ਸੂਹ ਲੱਗ ਗਈ ਅਤੇ ਝੱਟ ਹੀ ਘੋੜੇ ਪਰ ਚੜ੍ਹਕੇ ਮੌਕੇ ਤੇ ਜਾ ਪੁਜੀ ਅਤੇ ਐਸੀ ਤਲਵਾਰ ਵਾਹੀ ਕਿ ਜਿਹੜਾ ਭੀ ਨੇੜੇ ਆਇਆ ਜਿੰਦਾ ਜਾਣ ਨ ਪਾਇਆ ਅੜੇ ਆਪਣੇ ਪਤੀ ਦੀ ਬਾਂਹ ਫੜਕੇ ਬਚਾਕੇ ਘੋੜੇ ਪਰ ਚੜ੍ਹਾ ਲਿਆ ਅਤੇ ਉਸਦੀ ਜਾਨ ਬਚਾਕੇ ਘਰ ਲੈ ਆਈ। ਜਿਸ ਬਾਰੇ ਗੁਰੂ ਜੀ ਲਿਖਦੇ ਹਨ-

ਚੌਪਈ-ਜਵਨ ਸ੍ਵਾਰ ਪਹੁੰਚਜੋ ਤਿਹ ਮਾਰਜੋ ॥ ਏਕੈ ਬਾਨ ਮਾਰਿਹੀ ਡਾਰਿਜੋ ॥
ਕਾਹੂ ਤੇ ਚਿਤ ਡਰਤ ਨ ਭਈ ॥ ਨਿਜ ਪਤਿ ਲੈ ਪੁਰਵਾ ਕਹ ਗਈ ॥੭॥੧॥ਸਃ ੬੬੪
ਚਰਿਤ੍ਰ ੬੫

ਅਨੇਕਾਂ ਪ੍ਰਸੰਗ ਇਹੋ ਜਿਹੇ ਮਿਲਦੇ ਹਨ ਜਦ ਕਿ ਇਸਤ੍ਰੀ ਨੇ ਆਪਣੇ ਪਤੀ ਜਾਂ ਪਿਆਰੇ ਨੂੰ ਮੌਤ ਦੇ ਮੂੰਹੋਂ ਅਤੇ ਤਲਵਾਰ ਦੀ ਧਾਰ ਦੇ ਅੱਗਿਓਂ ਕਿਸੇ ਨਾ ਕਿਸੇ ਢੰਗ ਨਾਲ ਬਚਾ ਕੱਢਿਆ ਜਿਵੇਂ ਕਿ ਅੱਗੇ ਚਰਿਤ੍ਰ ਨੰਬਰ ੬੬ ਪੜ੍ਹਕੇ ਤੱਕੋ।

੧੦-ਜਿੱਥੇ ਇਸਤ੍ਰੀਆਂ ਦੇ ਚੰਗੇ ਮੰਦੇ ਕਾਰਨਾਮੇ ਦਰਸਾਏ ਹਨ ਉਥੇ ਇਹ ਭੀ ਦੱਸਿਆ ਹੈ ਕਿ ਜੋ ਲੋਕ ਛਲ ਕਰਕੇ ਕਿਸੇ ਨੂੰ ਧੋਖਾ ਦੇਕੇ ਆਪਣਾ ਸਵਾਰਥ ਕਰਦੇ ਹਨ ਅੰਤ ਉਹਨਾਂ ਦਾ ਹਸ਼ਰ ਕੀ ਹੁੰਦਾ ਹੈ। ਇਹ ਚਰਿਤ੍ਰ ਨੰਬਰ ੬੮ ਵਿਚ ਦਿਖਾਇਆ ਗਿਆ ਹੈ ਕਿ ਇਕ ਨਾਈ ਜੋ ਕਿਸੇ ਸ਼ਾਹ ਦੇ ਪੁਤਰ ਨਾਲ ਉਸਦੇ ਸਹੁਰੇ ਘਰ ਗਿਆ ਸੀ ਅਤੇ ਆਪ ਜਵਾਈ ਤੇ ਸ਼ਾਹ ਦੇ ਪੁਤਰ ਨੂੰ ਬਕਰੀਆਂ ਚਾਰਨ

Digitized by Panjab Digital Library | www.panjabdigilib.org

ਲਾ ਦਿੱਤਾ ਸੀ ਅੰਤ ਉਹ ਕਿਸ ਦੁਰਗਤਿ ਨਾਲ ਮੋਇਆ ਸੀ। ਇਸੇ ਤਰ੍ਹਾਂ ਸਾਰੇ ਪ੍ਰਸੰਗ ਇਸਤ੍ਰੀਆਂ ਦੇ ਹੀ ਨਹੀਂ, ਘੀ ਚੋਰ, ਠੱਗ ਜੋ ਲੋਕਾਂ ਨੂੰ ਧੋਖਾ ਦੇ ਕੇ ਲੁਟਦੇ ਹਨ, ਉਹ ਭੀ ਦੱਸੇ ਹਨ ਜਿਵੇਂ ਕਿ ਚਰਿਤ੍ਰ ਨੰਬਰ ੭੪ ਜਾਂ ੭੬ ਹਨ।

੧੧-ਕਾਲਪੀ ਪਿੰਡ ਵਿਚ ਬੈਰਮ ਨਾਮ ਕਰਕੇ ਰਹਿੰਦਾ ਸੀ, ਉਸਨੇ ਚੋਰੀ ਕਰਕੇ ਧਨ ਮਾਲ ਤਾਂ ਇਕੱਠਾ ਕਰ ਲਿਆ ਪਰ ਹੁਣ ਘਰ ਵਿਚ ਇਸਤ੍ਰੀ ਦੀ ਵੀ ਲੋੜ ਸੀ। ਤਾਂ ਉਸਨੇ ਇਕ ਵਿਧਵਾ ਇਸਤ੍ਰੀ ਜਿਸਦੇ ਪੁਤ੍ਰ ਵੀ ਕੋਈ ਨਹੀਂ ਸੀ ਅਤੇ ਪੁਤ੍ਰੀ ਜਵਾਨ ਸੀ, ਉਸ ਵਿਧਵਾ ਇਸਤ੍ਰੀ ਨੂੰ ਭਰੋਸਾ ਦਿੱਤਾ ਅਤੇ ਉਸਦਾ ਕੰਮ ਕਾਰ ਸੰਭਾਲ ਲਿਆ, ਜਦੋਂ ਉਸਨੇ ਨਾਮ ਪੁਛਿਆ ਤਾਂ ਆਪਣਾ ਨਾਮ ਘਰ ਜਵਾਈ ਦੱਸ ਦਿੱਤਾ। ਸਾਲ ਭਰ ਬੜੀ ਸੇਵਾ ਕੀਤੀ, ਇਸਤ੍ਰੀ ਸੰਤੁਸ਼ਟ ਸੀ ਕਿ ਮੈਨੂੰ ਰਾਮ ਨੇ ਜੁਆਨ ਪੁਤਰ ਦੇ ਦਿੱਤਾ ਹੈ। ਅੰਤ ਸਮਾਂ ਪਾਕੇ ਉਸਦੀ ਪੁਤਰੀ ਨੂੰ ਚੁਰਾ ਕੇ ਲੈ ਗਿਆ ਅਤੇ ਉਸ ਇਸਤ੍ਰੀ ਨੇ ਸਰਕਾਰ ਪਾਸ ਫਰਿਆਦ ਕੀਤੀ ਤਾਂ ਰਿਪੋਟ ਵਿਚ ਲਿਖਾਉਣਾ ਪਿਆ ਮੇਰੀ ਲੜਕੀ ਨੂੰ ਘਰ ਜਵਾਈ ਚੁਰਾ ਕੇ ਲੈ ਗਿਆ ਹੈ। ਅਦਾਲਤ ਨੇ ਇਸਤ੍ਰੀ ਨੂੰ ਝੂਠੀ ਕਰਾਰ ਦੇ ਕੇ ਕਿਹਾ ਕਿ ਇਹ ਉਸਦੀ ਮਰਜ਼ੀ ਹੈ ਭਾਵੇਂ ਤੇਰੇ ਕੋਲ ਘਰ ਜਵਾਈ ਬਣਕੇ ਰਹੇ ਭਾਵੇਂ ਲੜਕੀ ਨੂੰ ਆਪਣੇ ਘਰ ਲੈ ਜਾਵੇ। ਇਸ ਤਰ੍ਹਾਂ ਅਨੇਕਾਂ ਧੋਖੇ ਦੇ ਜਾਲ ਗੁਰੂ ਜੀ ਨੇ ਦਰਸਾਏ ਹਨ, ਜੋ ਸਾਰੇ ਸਾਨੂੰ ਸੁਚੇਤ ਕਰਦੇ ਹਨ।

ੴ ॥ ੭ ॥ ੨ ॥ ੨੧ ॥ ੩੬ ॥ ੧੪੩ ॥

ੴ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾਗ ੭ ॥ ਅਧਯਾ: ੨ ॥ ਪ੍ਰਕਰਣ ਨੰ: ੨੨ ॥ ੩੭ ॥ ੧੪੪ ॥

ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੇ ਨਿਰਣੇ ਦਾ ਨਿਰਣਾ ॥

ਪਖਜਾਨ ਚਰਿਤ੍ਰ ਨੰ: ੮੧ ਬ੍ਰਹਮ ਗਿਆਨ ਤੇ ਰਾਜਜੋਗ

੧-ਇਸ ਪ੍ਰਕਰਣ ਦੇ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਇਹਨਾਂ ਚਰਿਤ੍ਰਾਂ ਨੂੰ ਲਿਖਣ ਵਾਲੇ ਠੀਕ ਸੌ ਚੋਂ ਸੌ ਪ੍ਰਤੀਸ਼ਤ ਸ੍ਰੀ ਦਸਮੇਸ਼ ਜੀ ਹਨ। ਪਹਿਲੇ ੭੧ਵਾਂ ਚਰਿਤ੍ਰ ਨਗਰ ਪਾਂਵਟੇ ਵਾਲਾ ਆਪ ਨੇ ਕੌਤਕ ਸਾਫ 'ਮੈਂ' ਦੇ ਸ਼ਬਦਾਂ ਵਿਚ ਲਿਖਿਆ ਹੈ ਜੋ ਆਪ ਨੇ ਕਪਾਲ ਮੋਚਨ ਦੇ ਕਿਨਾਰੇ ਕੀਤਾ ਸੀ। ਅੱਗੇ ਇਸ ੮੧ਵੇਂ ਚਰਿਤ੍ਰ (ਸਿਰੋਮਨਿ) ਪਿੰਡ ਦੇ (ਸਰੋਮਨਿ ਸਿੰਘ) ਰਾਜੇ ਦਾ ਦਿੱਤਾ ਹੈ। ਜਦੋਂ ਤੁਸੀਂ ਇਸਨੂੰ ਗਹੁ ਨਾਲ ਪੜ੍ਹੋ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਗੁਰੂ ਤੇਗ ਬਹਾਦਰ ਜੀ ਦੇ ਸਲੋਕ ਅਥਵਾ ਅਕਾਲ ਉਸਤਤ ਜਾਂ ਗਿਆਨ ਪ੍ਰਬੋਧ ਦੀ ਝਲਕ ਤੇ ਸਾਖਸ਼ਾਤ ਰੂਪ ਸਾਹਮਣੇ ਦੇਖੋਗੇ।

Digitized by Panjab Digital Library | www.panjabdigilib.org

੨-ਇਸ ਤੋਂ ਅੱਗੇ ਸਿਰੋਮਨਿ ਸ਼ਹਿਰ ਦਾ ਰਾਜਾ ਦ੍ਰਿਗ ਧੰਨਿਜਾ ਨੇ ਆਪਣੀ ਰਾਣੀ ਦੇ ਕੋਲ ਹੁੰਦਿਆਂ ਹੀ ਰੰਗ ਨਾਥ ਜੋਗੀ ਨੂੰ ਆਪਣੇ ਘਰ ਬੁਲਾਇਆ ਅਤੇ ਉਸਦੇ ਨਾਲ ਬ੍ਰਹਮ ਬੀਚਾਰ ਕੀਤੀ ਅਤੇ ਜੋਗੀ ਨੇ ਕਿਹਾ ਐ ਰਾਜਨ ਇਸ ਸਾਰੇ ਸੰਸਾਰ ਦਾ ਇਕੋ ਇਕ ਮਾਲਕ ਹੈ, ਜੋ ਉੱਚ ਨੀਚ ਦੇ ਰੂਪਾਂ ਵਿਚ ਸਾਰੇ ਵਰਤ ਰਿਹਾ ਹੈ। ਉਹ ਸਭ ਦਾ ਭਰਣ ਪੋਖਣ ਕਰਦਾ ਹੈ, ਸਭ ਕਿਸੇ ਨੂੰ ਸਭ ਕੁਝ ਦਿੰਦਾ ਹੈ. ਜੇ ਕੋਈ ਉਸ ਨੂੰ ਭੁਲਾਉਂਦਾ ਹੈ ਸਮਝੋ ਉਹ ਆਪਣੀ ਮੌਤ ਨੂੰ ਆਪ ਬੁਲਾਉਂਦਾ ਹੈ। ਉਹ ਕਿਸੇ ਨੂੰ ਵਧਾਉਂਦਾ ਹੈ, ਕਿਸੇ ਨੂੰ ਘਟਾਉਂਦਾ ਹੈ ਅਤੇ ਉਹ ਦੀਨ ਦਿਆਲ ਹੈ, ਆਪਣੇ ਅਨੇਕ ਤਰ੍ਹਾਂ ਦੇ ਚਲਤ ਕੌਤਕ ਦਿਖਾਉਂਦਾ ਹੈ। ਉਸਦਾ ਕੋਈ ਨਾ ਰੂਪ ਹੈ ਅਤੇ ਨਾ ਰੇਖ ਹੈ ਪਰ ਜਿਸ ਪਰ ਉਹ ਜ਼ਰਾ ਭੀ ਮਿਹਰ ਦੀ ਨਿਗਾਹ ਨਾਲ ਤੱਕ ਲਵੇ ਉਸਦੇ ਵਲ ਕੋਈ ਅੱਖ ਭਰਕੇ ਨਹੀਂ ਵੇਖ ਸਕਦਾ।

ਦੋਹਰਾ-ਜੀਵ ਜੰਤ ਸਭ ਥਾਪਿ ਕੈ ਪੰਥ ਬਨਾਇ ਦੋਇ ॥
ਝਗਰਿ ਪਚਾਏ ਆਪਿ ਮਹਿ ਮੋਹਿ ਨ ਚੀਨੈ ਕੋਇ ॥ ੧੦ ॥

ਚੌਪਈ-ਯਹ ਸਭ ਭੇਦ ਸਾਧੁ ਕੋਊ ਜਾਨੈ ॥ ਸੱਤਿਨਾਮੁ ਕੋ ਤੱਤ ਪਛਾਨੈ ॥
ਜੋ ਸਾਧਕ ਯਾਕੋ ਲਖਿ ਪਾਵੈ ॥ ਜਨਨੀ ਜਠਰ ਬਹੁਰਿ ਨ ਆਵੈ ॥ ੧੧ ॥

ਭਾਵ-ਉਸ ਅਕਾਲ ਪੁਰਖ ਨੇ ਸਭ ਜੀਵ ਜੰਤ ਬਣਾਕੇ ਦੋ ਧੜੇ ਬਣਾ ਦਿੱਤੇ ਹਨ ਤਾਂ ਕਿ ਆਪੋ ਵਿਚ ਲੜ ਝਗੜਕੇ ਮਰਦੇ ਮੁਕਦੇ ਰਹਿਣ ਅਰ ਮੈਨੂੰ ਕੋਈ ਸਮਝ ਹੀ ਨਾ ਸਕੇ। ਇਸ ਭੇਦ ਨੂੰ ਕੋਈ ਸੰਤ ਜਨ ਹੀ ਜਾਣਦੇ ਹਨ ਜੋ ਸਤਿਨਾਮ ਦੇ ਤੱਤ ਸਰੂਪ ਦੀ ਲਖਤਾ ਰੱਖਦੇ ਹਨ, ਪਰ ਜੇ ਕਿਸੇ ਸੰਤ ਜਨ ਨੇ ਇਸ ਭੇਦ ਨੂੰ ਜਾਣ ਲਿਆ ਉਹ ਮੁੜਕੇ ਮਾਂ ਦੇ ਪੇਟ ਵਿਚੋਂ ਜਨਮ ਨਹੀਂ ਲੈਂਦਾ। ਜਦੋਂ ਜੋਗੀ ਨੇ ਇਹ ਉਪਦੇਸ਼ ਸੁਣਾਇਆ ਤਾਂ ਰਾਜੇ ਨੇ ਹੱਸਕੇ ਜੋਗੀ ਦੀ ਪਰਖ ਹਿਤ ਸਵਾਲ ਕਰ ਦਿੱਤਾ ਕਿ ਜੋਗੀ ਜੀਵ ਆਤਮਾ ਹੈ ਜਾਂ ਕਿ ਜਿਗਰ ਹੈ ਅਥਵਾ ਦੇਹ ਹੈ ਜਾਂ ਪਾਖੰਡ ਹੀ ਹੈ, ਜੋਗੀ ਤਾਂ ਉਹ ਹੈ ਜੋ ਜੋਗ ਦੀ ਪਹਿਚਾਣ ਕਰ ਲਏ ਅਤੇ ਸਤਿਨਾਮ ਤੋਂ ਬਿਨਾਂ ਹੋਰ ਕਿਸੇ ਨੂੰ ਨਾ ਜਾਣੇ।

ਦੋਹਰਾ- ਡਿੰਭ ਦਿਖਾਯੋ ਜਗਤ ਕੋ ਜੋਗੁ ਨ ਉਪਜਯੋ ਜੀਯ ॥
ਯਾ ਜਗ ਕੇ ਸੁਖ ਤੇ ਗਯੋ ਜਨਮ ਬ੍ਰਿਥਾ ਗੇ ਕੀਯ ॥ ੧੪ ॥

ਰਾਜੇ ਦੇ ਇਸ ਸਵਾਲ ਦਾ ਜੋਗੀ ਉੱਤਰ ਦਿੰਦਾ ਹੈ-

ਦੋਹਰਾ-ਜਬ ਚਾਹਤ ਹੈ ਆਤਮਾ ਇਕ ਤੇ ਭਯੋ ਅਨੇਕ ॥
ਅਨਿਕ ਭਾਂਤਿ ਪਸਰਤ ਜਗਤ ਬਹੁਰ ਏਕ ਕੋ ਏਕ ॥ ੧੬ ॥

ਚੌਪਈ-ਯਹ ਨਹਿ ਮਰੈ ਨ ਕਾਹੂ ਮਾਰੈ ॥ ਭੂਲਾ ਲੋਕ ਭਰਮੁ ਬੀਚਾਰੈ ॥
ਘਟ ਘਟ ਬਯਾਪਕ ਅੰਤਰਜਾਮੀ ॥ ਸਭ ਹੀ ਮਹਿ ਰਵਿ ਰਹਯੋ ਸੁਆਮੀ ॥ ੧੭ ॥

ਅੱਗੇ ਦੱਸਦੇ ਹਨ ਕਿ ਉਹ ਆਤਮ ਸਵਰੂਪ ਕਿਤੇ ਘੋੜਾ ਅਤੇ ਕਿਤੇ ਹਾਥੀ, ਕਿਤੇ ਪੰਛੀ ਅਥਵਾ ਕਿਤੇ ਫਲ ਫੁਲ ਬਣਿਆ ਹੋਇਆ ਹੈ, ਕਿਤੇ ਅੱਗ ਹੋ ਕੇ ਸਾੜ ਰਿਹਾ ਹੈ; ਕਿਤੇ ਹਵਾ ਹੋਕੇ ਦਿੱਸ ਰਿਹਾ ਹੈ। ਕਿਤੇ ਕ੍ਰਿਸ਼ਨ ਹੋਕੇ ਕਪੜੇ ਚੁਰਾ ਰਿਹਾ ਹੈ, ਕਿਤੇ ਰਾਮ ਹੋਕੇ ਰਾਵਣ ਆਦਿ ਨੂੰ ਮਾਰਦਾ ਦਿੱਸਦਾ ਹੈ। ਕਿਤੇ ਪੁਰਖ ਹੈ, ਕਿਤੇ ਇਸਤ੍ਰੀ ਰੂਪ ਹੈ, ਪਰ ਮੂਰਖ ਲੋਕ ਇਸ ਭੇਦ ਨੂੰ ਥੋੜਾ ਜਿਹਾ ਭੀ ਜਾਣ ਨਹੀਂ ਸਕੇ ॥੧੮॥

Digitized by Panjab Digital Library | www.panjabdigilib.org

ਗ੍ਰੰਥ ਦੇ ਫੈਲਾਉ ਦੀ ਰੋਕ ਲਈ ਮੂਲ ਨਹੀਂ ਦਿੱਤਾ, ਸੰਕੋਚ ਨਾਲ ਅਰਥ ਲਿਖ ਦਿੱਤੇ ਹਨ, ਪਰ ਜੇ ਇਹਨਾਂ ਨੂੰ ਵੀਚਾਰਿਆ ਜਾਵੇ ਤਾਂ ਐਉਂ ਜਾਪਦਾ ਏ ਜਿਵੇਂ ਬ੍ਰਹਮ ਦ੍ਰਿਸ਼ਟੀ ਦੀ ਅਵਸਥਾ ਆ ਜਾਵੇ ਤਾਂ ਲਿੰਗ ਉਪ ਲਿੰਗ ਦਾ ਭੇਦ ਹਵਾ ਰੂਪ ਹੋ ਜਾਂਦਾ ਹੈ ਜਿਵੇਂ ਬ੍ਰਹਮ ਗਿਆਨੀ ਲਈ (ਹਿੰਦੂ ਕਿਆ ਤੁਰਕਾ) ਇਸੇ ਤਰ੍ਹਾਂ ਇਸਤ੍ਰੀ ਕਿਆ ਪੁਰਸ਼, ਉਹਨਾਂ ਨੂੰ ਇਕੋ ਇਕ ਰੂਪਾਂਤਰ ਕਰ ਦਿੱਤਾ ਹੈ। ਜਿਵੇਂ ਫਰੀਦ ਜੀ ਕਹਿੰਦੇ ਹਨ–

ਫਰੀਦਾ ਅਜ ਨ ਸੁਤੀ ਕੰਤ ਸਿਉ ਅੰਗ ਮੁੜੇ ਮੁੜ ਜਾਹਿ ॥
ਜਾਇ ਪੁਛਹੁ ਡੋਹਾਗਣੀ ਤਿਨ ਕਿਉਂ ਰੈਣਿ ਵਿਹਾਇ ॥

ਬਾਣੀ ਪੜ੍ਹੋ ਤਾਂ ਐਨ ਸਾਮਰਤੱਖ ਦਿੱਸੇਗਾ ਕਿ ਜਿੱਥੇ ਗਿਆਨ ਦੀ ਚਰਚਾ ਹੋਵੇਗੀ ਉਥੇ ਨਾਲ ਹੀ ਮੂਰਖ ਦੀ ਉਧਾਰਨ ਭੀ ਅੱਗੇ ਪਿੱਛੇ ਜ਼ਰੂਰ ਹੋਵੇਗੀ। ਗੁਰੂ ਜੀ ਨੇ ਸਾਰੇ ਦੇ ਸਾਰੇ ਚਰਿਤ੍ਰ ਕਾਮੀਂ ਲੋਕਾਂ ਦੇ ਨਹੀਂ ਲਿਖੇ ਬਲਕਿ ਉਹਨਾਂ ਅਕਾਲ ਸ਼ਕਤਿ ਅਕਾਲੀ ਜੋਤ ਅਤੇ ਆਪ ਨੂੰ ਭੀ ਪਿੱਛੇ ਨਹੀਂ ਛੱਡਿਆ, ਬਲਕਿ ਗਿਆਨੀ, ਸੂਰਮੇ, ਮਹਾਂਪੁਰਸ਼, ਧਾਰਮਕ ਤੇ ਸਮਾਜਿਕ ਪੱਖੀ ਸਾਰੇ ਹੀ ਦਰਸਾਏ ਹਨ।

ਚੌਪਈ–ਕਵਨ ਮਰੈ ਕਾਕੋ ਕੋਈ ਮਾਰੈ ॥ ਭੂਲਾ ਲੋਕ ਭਰਮ ਬੀਚਾਰੈ ॥
ਯਹ ਨਹ ਮਰਤ ਮਾਰਤ ਹੈ ਨਾਹੀ ॥ ਯੌ ਰਾਜਾ ਸਮਝਹੁ ਮਨ ਮਾਹੀ ॥ ੧੯ ॥

ਦੋਹਰਾ–ਬਿਨਾ ਨਾਮ ਤਾਕੇ ਜਪੇ ਬਾਲ ਬ੍ਰਿਧ ਕੌਊ ਹੋਇ ॥
ਰਾਵ ਰੰਕ ਰਾਜਾ ਸਭੈ ਜਿਯਤ ਨ ਰਹਸੀ ਕੋਇ ॥ ੨੦ ॥

ਚੌਪਈ–ਸੱਤਿਨਾਮੁ ਜੋ ਜਿਯ ਲਖਿ ਪਾਵੈ ॥ ਤਾਕੇ ਕਾਲ ਨਿਕਟ ਨਹਿ ਆਵੈ ॥
ਬਿਨਾ ਨਾਮ ਤਾਕੋ ਜੋ ਰਹਿ ਹੈ ॥ ਬਨ ਗਿਰ ਪੁਰ ਮੰਦਿਰ ਸਭ ਢਹਿ ਹੈ ॥ ੨੧ ॥

ਦੋਹਰਾ–ਚ੍ਕਿਯਾ ਜੈਸੇ ਪਟ ਬਨੇ ਗਗਨ ਭੂਮਿ ਪੁਨਿ ਦੋਇ ॥
ਦੁਹੂੰ ਪੁਰਨ ਮੈ ਆਇਕੈ ਸਾਬਿਤ ਗਯਾ ਨ ਕੋਇ ॥ ੨੨ ॥

ਸ੍ਰੀ ਕਬੀਰ ਜੀ ਨੇ ਕਿਹਾ ਹੈ (ਚੌ ਪਾਟਨ ਕੇ ਬੀਚ ਮੇਂ ਬਾਕੀ ਬਚਾ ਨ ਕੋਇ) ਇਸੇ ਤਰ੍ਹਾਂ ਸ੍ਰੀ ਦਸਮੇਸ਼ ਜੀ ਦਾ ਕਥਨ ਹੈ ਕਿ ਚੌਂਕੀ–ਵਾਰਾਂ ੨ ਪਾਟ ੧ ਧਰਤੀ ਤੇ ਦੂਜਾ ਆਕਾਸ਼ ਦੇ ਬਣੇ ਹੋਏ ਹਨ। ਇਹਨਾਂ ਦੋਹਾਂ ਪੁੜਾਂ ਵਿਚ ਆ ਕੇ ਕੋਈ ਭੀ ਅਜ ਤਕ ਨਹੀਂ ਬਚ ਸਕਿਆ, ਪਰ ਜਿਸ ਨੇ ਸਤਿਨਾਮ ਦੀ ਟੇਕ ਲੈ ਲਈ ਉਹ ਬਚ ਨਿਕਲਦੇ ਹਨ।

ਚੌਪਈ–ਸੱਤਿਨਾਮ ਜੋ ਪੁਰਖ ਪਛਾਨੈ ॥ ਸੱਤਿਨਾਮੁ ਲੈ ਬਚਨ ਪ੍ਰਮਾਨੈ ॥
ਸੱਤਿਨਾਮੁ ਮਾਰਗ ਲੈ ਚਲਹੀ ॥ ਤਾਕੋ ਕਾਲ ਨ ਕਬਹੂੰ ਦਲਹੀ ॥ ੨੩ ॥

੩–ਜਦੋਂ ਇਹ ਬ੍ਰਹਮ ਗਿਆਨ ਜੋਗੀ ਪਾਸੋਂ ਰਾਜੇ ਨੇ ਸਰਵਣ ਕੀਤਾ ਵੈਰਾਗ ਮਈ ਦਿਸ਼ਾ ਵਿਚ ਆ ਕੇ ਸਭ ਕੁਝ ਤਿਆਗ ਕੇ ਤਪੋ ਬਨ ਜਾਣ ਲਈ ਤਿਆਰ ਹੋ ਪਿਆ ਤਾਂ (ਦ੍ਰਿਗ ਧੰਨਿਯਾ) ਉਸਦੀ ਰਾਣੀ ਨੇ ਮੰਤ੍ਰੀਆਂ ਨਾਲ ਸਲਾਹ ਕੀਤੀ ਕਿ ਕਿਵੇਂ ਰਾਜੇ ਨੂੰ ਘਰ ਰਖਿਆ ਜਾਵੇ। ਇਸ ਲਈ ਉਹਨਾਂ ਨੇ ਸ੍ਰੀ ਰੰਗਾ ਨਾਥ ਜੋਗੀ ਨੂੰ ਇਕ ਟੋਏ ਵਿਚ ਲੂਣ ਸੁਟ ਕੇ ਉਸ ਵਿਚ ਸੁਟ ਕੇ ਮਾਰ ਕੇ ਦਬ ਦਿਤਾ ਕਿ ਨਾ

Digitized by Panjab Digital Library | www.panjabdigilib.org

ਜੋਗੀ ਹੋਵੇਗਾ ਨਾ ਰਾਜੇ ਨੂੰ ਗਿਆਨ ਪ੍ਰੇਰਨਾ ਦੇਵੇਗਾ । ਜੋਗੀ ਦੀ ਮਿਟੀ ਸਮੇਟ ਕੇ ਰਾਣੀ ਨੇ ਰਾਜੇ ਨੂੰ ਬਨ ਜਾਣ ਤੋਂ ਰੋਕਣ ਲਈ ਮੱਕਰ ਜਾਲ ਬਣਾਇਆ ਤੇ ਹਾਜੇ ਨੂੰ ਕਿਹਾ ਕਿ ਹੇ ਰਾਜਨ ! ਜੋਗੀ ਵਿਚਾਰੇ ਨੇ ਏਥੇ ਸਾਡੇ ਘਰ ਦੀ ਮਿਟੀ ਲੈਣੀ ਸੀ ਰਾਤੀਂ ਉਹ ਮਰ ਗਿਆ ਜਿਸ ਦੀ ਮਿਟੀ ਸਮੇਟ ਦਿਤੀ ਹੈ ਪਰ ਮਰਨ ਤੋਂ ਪਹਿਲੇ ਉਸ ਨੇ ਮੈਨੂੰ ਬੁਲਾ ਕੇ ਕਿਹਾ ਸੀ ਕਿ ਮੇਰੀ ਵਲੋਂ ਰਾਜੇ ਨੂੰ ਕਹਿ ਦੇਣਾ ਕਿ ਘਰ ਤਿਆਗ ਕੇ ਕਿਤੇ ਨਾ ਜਾਵੇ ਪਿਛੋਂ ਪ੍ਰਵਾਰ ਨੂੰ ਦੁਖ ਹੋਵੇਗਾ, ਇਸ ਘਰ ਵਿਚ ਹੀ ਰਹਿ ਕੇ ਰਾਜਾ ਜੋਗ ਕਰੇ। ਜੋਗੀ ਦਾ ਕਹਿਣਾ ਹੈ ਕਿ ਰਾਣੀਆਂ ਦੁਖੀ ਹੋਣਗੀਆਂ ਪੁਤਰ ਤੜਫਣਗੇ ਆਪਣੇ ਬੰਸ ਵਿਚੋਂ ਰਾਜ ਵਿਦਾ ਹੋ ਜਾਏਗਾ । ਭਾਈ ਬੰਧੂ ਸਭ ਦੁਖੀ ਹੋਣਗੇ । ਇਸ ਲਈ ਹੇ ਰਾਜ ! ਕੀ ਤੈਨੂੰ ਤਰਸ ਨਹੀਂ ਆਉਂਦਾ ਇਹਨਾਂ ਤੇ। ਤਾਂ ਹੁਣ ਰਾਜਾ ਰਾਣੀ ਪ੍ਰਤੀ ਉਤ੍ਰ ਦਿੰਦਾ ਹੈ।

ਚੌਪਈ–ਸੁਤ ਹਿਤ ਕੈ ਮਾਤਾ ਦੁਲਰਾਵੈ ॥ ਕਾਲ ਮੂੰਡ ਪਰ ਦਾਤ ਬਜਾਵੈ ॥
ਵੁਹ ਨਿਤ ਲਖੈ ਪੂਤ ਬਢਿ ਜਾਵਤ॥ ਲੈਨ ਨ ਮੂੜ ਕਾਲ ਨਿਜ ਲਾਵਤ ॥ ੪੦ ॥

ਮਾਤਾ ਪਿਆਰ ਨਾਲ ਪ੍ਰਸੰਨ ਹੁੰਦੀ ਹੈ ਕਿ ਮੇਰਾ ਪੁਤ੍ਰ ਵੱਡਾ ਹੋ ਰਿਹਾ ਹੈ, ਪਰ ਇਹ ਨਹੀਂ ਜਾਣਦੀ ਕਿ ਕਾਲ ਖੜਾ ਸਿਰ ਉਪੱਰ ਹਸ ਰਿਹਾ ਹੈ। ਇਸੇ ਤਰ੍ਹਾਂ ਗੁਰਬਾਣੀ ਵਿਚ ਦੇਖਦੇ ਹਾਂ।

ਮਾਤਾ ਜਾਣੈ ਪੂਤ ਬਡਾ ਹੋਤ ਹੈ ਇਤਨਾ ਕੁ ਨ ਜਾਣੈ ਦਿਨ ਦਿਨ ਅਵਧ ਘਟਤ ਹੈ ॥

ਅਗੇ ਦਸਮੇਸ਼ ਜੀ ਲਿਖਦੇ ਹਨ। (ਉਤਰ ਰਾਜਾ ਵਲੋਂ)–

ਕੋ ਮਾਤਾ ਬਨਿਤਾ ਸੁਤਾ ਪਾਂਚ ਤੱਤ ਕੀ ਦੇਹ ॥
ਦਿਵਸ ਚਾਰ ਕੋ ਪੇਖਨੋ ਅੰਤ ਖੇਹ ਕੀ ਖੇਹ ॥ ੪੧ ॥

ਪ੍ਰਾਨੀ ਜਨਮ ਪ੍ਰਥਮ ਜਬ ਆਵੈ ॥ ਬਾਲਾ ਪਨ ਮੈ
ਜਨਮੁ ਗਵਾਵੈ ॥ ਤਰੁਨਾ ਪਨ ਬਿਖਿਯਨ ਕੈ
ਕੀਨੋ ॥ ਕਬਹੂ ਨ ਬ੍ਰਹਮ ਤਤੁ ਕੋ ਚੀਨੋ ॥ ੪੨ ॥

ਦੋਹਰਾ–ਬਿਰਧ ਭਏ ਤਨੁ ਕਾਂਪਈ ਨਾਮੁ ਨ ਜਪਿਯੋ ਜਾਇ ॥
ਬਿਨਾਂ ਭਜਨ ਭਗਵਾਨ ਕੇ ਪਾਪ ਗ੍ਰਿਹਤ ਤਨ ਆਇ ॥ ੪੩ ॥

ਮ੍ਰਿਤ ਲੋਕ ਮੈ ਆਇਕੈ ਬਾਲ ਬ੍ਰਿਧ ਕੋਊ ਹੋਇ ॥
ਊਚ ਨੀਚ ਰਾਜਾ ਪ੍ਰਜਾ ਜਿਯਤ ਨ ਰਹਸੀ ਕੋਇ ॥ ੪੪ ॥

ਰਾਨੀ ਐਸੇ ਬਚਨ ਸੁਨਿ ਭ੍ਰੂਮ ਪਰੀ ਮੂਰਛਾਇ ॥
ਪੋਸਤੀਯਾ ਕੀ ਨੀਂਦ ਜਯੋਂ ਸੋਇ ਨ ਸੋਯੋ ਜਾਇ ॥ ੪੫ ॥

ਜੋ ਉਪਜਯੋ ਸੋ ਬਿਨਸਿ ਹੈ ਜਗ ਰਹਿਬੋ ਦਿਨ ਚਾਰਿ ॥
ਸੁਤ ਬਨਿਤਾ ਦਾਸੀ ਕਹਾ ਦੇਖਹੁ ਤਤ ਬੀਚਾਰਿ ॥ ੪੬ ॥

ਇਹ ਪੰਗਤੀਆਂ ਗੁਰਬਾਣੀ ਨਾਲ ਮੇਲ ਖਾਂਦੀਆਂ ਹਨ । ਬੁਢਾ ਹੋ ਕੇ ਸਰੀਰ ਕੰਬਣ ਲਗ ਜਾਂਦਾ ਹੈ। ਫੇਰ ਨਾਮ ਨਹੀਂ ਜਪਿਆ ਜਾਂਦਾ, ਭਾਵੇਂ ਕੋਈ ਵੱਡਾ ਹੈ, ਭਾਵੇਂ ਕੋਈ ਛੋਟਾ ਹੈ, ਏਥੇ ਕੋਈ ਜੀਉਂਦਾ ਨਹੀਂ ਰਿਹਾ। ਇਸ ਤਤ ਸਰੂਪ ਗਲ ਨੂੰ ਵੀਚਾਰੋ । ਪਰ ਇਹ ਗਿਆਨ ਦੀਆਂ ਗਲਾਂ ਸੁਣ ਕੇ ਰਾਣੀ ਧਰਤੀ ਪਰ ਮੂਰਛਾ ਗਤ ਹੋ ਗਈ, ਜਿਵੇਂ ਕਿਸੇ ਪੋਸਤ ਪੀਣ ਵਾਲੇ ਨੂੰ ਨੀਂਦ ਭ੍ਰਾਂ ਆਉਂਦੀ ਨਹੀਂ ਹੁੰਦੀ

Digitized by Panjab Digital Library | www.panjabdigilib.org

ਪਰ ਸੁਤਾ ਪਿਆ ਜਾਪਦਾ ਹੈ, ਉਹ ਗਤਿ ਰਾਣੀ ਦੀ ਸੀ।

ਪਰ ਫੇਰ ਰਾਣੀ ਕਹਿੰਦੀ ਹੈ ਕਿ ਐ ਰਾਜਨ! ਜਿੱਤ ਪੁਤ੍ਰਾਂ ਨਾਲ ਹੀ ਪ੍ਰਾਪਤ ਹੁੰਦੀ ਹੈ ਅਤੇ ਇਜ਼ਤ ਭੀ ਪੁਤਰਾਂ ਨਾਲ ਹੀ ਬਣਦੀ ਹੈ ਅਤੇ ਸਪੁਤ੍ਰ ਹੀ ਰਾਜ ਦੇ ਵਾਰਸ ਬਣਦੇ ਹਨ। ਵੈਰੀ ਕੋਲੋਂ ਵੈਰ ਪੁਤਰ ਹੀ ਮੁੜ ਕੇ ਵਾਪਸ ਕਰਦੇ ਹਨ। ਅਥਵਾ ਮਰਨ ਉਪ੍ਰੰਤ ਪੁਤ੍ਰ ਹੀ ਗਤਿ ਕਰਾਉਂਦੇ ਤੇ ਪਿੰਡ ਭਰਾਉਂਦੇ ਹਨ, ਇਸ ਲਈ ਜੋ ਰਾਜਾ ਪੁਤ੍ਰਾਂ ਨੂੰ ਛੱਡ ਕੇ ਤਪ ਕਰਨ ਚਲਾ ਜਾਂਦਾ ਹੈ ਤਾਂ ਉਹ ਨਰਕ ਵਿਚ ਜਾ ਪੈਂਦਾ ਹੈ।

ਰਾਜੇ ਨੂੰ ਬ੍ਰਹਮ ਗਿਆਨ ਹੋ ਗਿਆ ਸੀ ਇਸ ਲਈ ਰਾਣੀ ਨੂੰ ਉਤ੍ਰ ਦਿੰਦਾ ਹੈ।

ਨਾ ਕੋ ਹਮਾਰੋ ਪੂਤ ਨ ਕੋ ਹਮਰੀ ਕੋਈ ਨਾਰੀ ॥
ਨ ਕੋ ਹਮਾਰੋ ਪਿਤਾ ਨ ਕੋ ਹਮਰੀ ਮਹਿਤਾਰੀ ॥
ਨ ਕੋ ਹਮਾਰੀ ਭੈਨ ਨ ਕੋ ਹਮਰੋ ਕੋਈ ਭਾਈ ॥
ਨ ਕੋ ਹਮਾਰੋ ਦੇਸ਼ ਨ ਹੌ ਕਾਹੂੰ ਕੇ ਰਾਈ ॥
ਬ੍ਰਿਥਾ ਜਗਤ ਮੈ ਆਇ ਜੋਗ ਬਿਨੁ ਜਨਮ ਗਵਾਯੋ ॥
ਤਜਯੋ ਰਾਜ ਅਰੁ ਪਾਟ ਯਹੈ ਜਿਯਰੇ ਮੁਹਿ ਭਾਯੋ ॥ ੪੮ ॥

ਰਾਜਾ ਰਹਿੰਦਾ ਹੈ ਕਿ ਨਾ ਸਾਡਾ ਕੋਈ ਹੈ ਅਤੇ ਨਾ ਹੀ ਅਸੀਂ ਕਿਸੇ ਦੇ ਹਾਂ। ਜਿਸ ਨੇ ਜਗਤ ਤੇ ਆ ਕੇ ਜੋਗ ਨਹੀਂ ਕੀਤਾ ਉਸ ਨੇ ਜਨਮ ਹੀ ਅੰਕਾਰਥ ਖੋ ਦਿਤਾ ਹੈ। ਇਸ ਲਈ ਮੇਰੇ ਜੀਅ ਵਿਚ ਭੀ ਇਹੀ ਸਮਾ ਗਿਆ ਹੈ। ਕਿਉਂਕਿ–

ਜਨਨਿ ਜਠਰ ਮਹਿ ਆਇ ਪੁਰਖ ਬਹੁਤੋ ਦੁਖੁ ਪਾਵਹਿ ॥
ਮੂਤ੍ਰ ਧਾਮ ਕੋ ਪਾਇ ਕਹਤ ਹਮ ਭੋਗ ਕਮਾਵਹਿ ॥
ਥੂਕ ਤ੍ਰਿਯਾ ਕੋ ਚਾਟਿ ਕਹਤ ਅਧਰਾਮ੍ਰਿਤ ਪਾਯੋ ॥
ਬ੍ਰਿਥਾ ਜਗਤ ਮੈ ਜਨਮ ਬਿਨਾ ਜਗਦੀਸ ਗਵਾਯੋ ॥ ੪੯ ॥

ਪਹਿਲਾਂ ਉਹ ਦ੍ਰਿਸ਼ ਦਿਖਾਏ ਸਨ ਜੋ ਲੋਕ ਭੋਗਾਂ ਨੂੰ ਚਿਮਟ ਚਿਮਟ ਕੇ ਕਮਾਉਂਦੇ ਤੇ ਪ੍ਰਸੰਨ ਹੁੰਦੇ ਸਨ ਅਤੇ ਇਸੇ ਵਿਚ ਆਪਣੀ ਮੁਕਤਿ ਭੁਗਤ ਜਾਣਦੇ ਸਨ, ਪਰ ਏਥੇ ਦਸਦੇ ਹਨ ਕਿ ਉਹ ਲੋਕ ਬਿਰਥਾ ਜਨਮ ਗੁਆਉਂਦੇ ਹਨ। ਉਹਨਾਂ ਨੂੰ ਮਾਤਾ ਦੇ ਪੇਟ ਵਾਲੇ ਦੁਖ ਭੁਲ ਗਏ ਹਨ ਜੋ ਮੂਤਰ ਦੀ ਗੰਦੀ ਥਾਂ ਪਰ ਮਸਤ ਹੋ ਰਹੇ ਹਨ ਅਤੇ ਇਸਤ੍ਰੀ ਦੇ ਥੁਕ ਨੂੰ ਅੰਮ੍ਰਿਤ ਦਸਦੇ ਹਨ, ਇਸ ਲਈ ਜਗਤ ਦੇ ਈਸ਼੍ਵਰ ਦੇ ਨਾਮ ਤੋਂ ਬਿਨਾ ਬ੍ਰਿਥਾ (ਬੇਅਰਥ) ਜਨਮ ਨੂੰ ਗਵਾ ਗਏ ਹਨ। ਪਰ ਰਾਣੀ ਇਸ ਤੋਂ ਉਲਟ ਗਿਆਨ ਦਿੰਦੀ ਹੈ ਜਿਸ ਤੋਂ ਰਾਜਾ ਵਸ ਆ ਜਾਵੇ। ਉਹ ਕਹਿੰਦੀ ਹੈ:–

ਰਿਖਿ ਯਾਹੀ ਤੇ ਭਏ ਨ੍ਰਿਪਤਿ ਯਾਹੀ ਉਪਜਾਏ ॥
ਬਜਾਸਾਦਿਕ ਸਭ ਚਤੁਰ ਇਹੀ ਮਾਰਗ ਹ੍ਵੈ ਆਏ ॥
ਪਰਸੇ ਯਾਕੇ ਬਿਨਾ ਕਹੋ ਜਗ ਮੈ ਕੋ ਆਯੋ ॥
ਪ੍ਰਥਮ ਐਤ ਭਵ ਪਾਇ ਬਹੁਰ ਪਰਮੇਸ੍ਵਰ ਪਾਯੋ ॥ ੫੦ ॥

Digitized by Panjab Digital Library | www.panjabdigilib.org

ਇਉਂ ਰਾਣੀ ਨੇ ਬਹੁਤ ਸਮਝਾਇਆ ਪਰ ਰਾਜਾ ਨਾ ਮੰਨਿਆ ਅਤੇ ਕਿਹਾ ਹੇ ਰਾਣੀ ! ਮੈਂ ਹੁਣ ਰਾਜ ਨਹੀਂ ਕਰਨਾ, ਮੈਂ ਅਵਸ਼ ਜੋਗ ਲਵਾਂਗਾ ਤੂੰ ਮੈਨੂੰ ਉਹ ਗਲ ਦਸ ਜੋ ਜੋਗੀ ਕਹਿ ਗਿਆ ਹੈ। ਰਾਣੀ ਕਹਿੰਦੀ ਹੈ ਕਿ ਮੈਨੂੰ ਜੋਗੀ ਇਹ ਕਹਿ ਗਿਆ ਹੈ ਕਿ ਜੋ ਤੂੰ ਇਕ ਉਜਾੜ ਵਿਚ ਮਕਾਨ ਜਾਂ ਮੰਦਰ ਬਣਾਇਆ ਹੋਇਆ ਹੈ ਹੋਰ ਕਿਤੇ ਬਾਹਰ ਨਹੀਂ ਜਾਣਾ ਉਥੇ ਅੰਦਰ ਜਾ ਕੇ ਬੈਠੋ ਮੈਂ ਉਥੇ ਆਵਾਂਗਾ ਪਰ ਦਿਸਾਂਗਾ ਨਹੀਂ। ਜੋ ਮੈਂ ਉਪਦੇਸ਼ ਅਕਾਸ਼ ਬਾਣੀ ਕਰਾਂਗਾ ਉਸ ਨੂੰ ਮੰਨ ਲਵੇ। ਰਾਣੀ ਨੇ ਥੋੜੀ ਹੀ ਦੂਰ ਜੰਗਲ ਵਿਚ ਇਕ ਮਕਾਨ ਬਣਾ ਰਖਿਆ ਸੀ, ਜਿਸ ਵਿਚ ਇਕ ਗੁਪਤ ਖਾਨਾ ਬਣਾਇਆ ਹੋਇਆ ਸੀ, ਉਸ ਵਿਚ ਬੈਠਾ ਜੋ ਆਦਮੀ ਬੋਲਦਾ ਸੀ ਸੋ ਸੁਣੀਂਦਾ ਸੀ ਪਰ ਦਿਖਾਈ ਨਹੀਂ ਸੀ ਦਿੰਦਾ ਅਤੇ ਅਨੂਪ ਸਿੰਘ ਇਕ ਨੌਕਰ ਸੀ ਜਿਸ ਦੀ ਆਵਾਜ਼ ਜੋਗੀ ਨਾਲ ਮਿਲਦੀ ਸੀ, ਉਸ ਨੂੰ ਸਭ ਕੁਝ ਦਸ ਕੇ ਉਸ ਦੇ ਅੰਦਰ ਬੈਠਣ ਦਾ ਭੇਦ ਦਸ ਦਿਤਾ ਸੀ ਅਤੇ ਉਸ ਨੂੰ ਸਾਰੀ ਕ੍ਰਿਯਾ ਤੋਂ ਜਾਣੂ ਕਰਾ ਦਿਤਾ ਸੀ, ਆਪ ਦੋ ਖਿੰਥਾ ਸਵਾ ਲਈਆਂ ਅਤੇ ਇਕ ਰਾਜੇ ਨੂੰ ਪੁਆ ਦਿਤੀ ਅਤੇ ਇਕ ਨੂੰ ਆਪ ਪਾ ਕੇ ਜੋਗਣ ਬਣ ਗਈ। ਹੁਣ ਅਗੇ ਰਾਜੇ ਤੇ ਰਾਣੀ ਦਾ ਵਾਰਤਾਲਾਪ ਹੈ ਜੋ ਐਨ ਰਾਮ ਅਵਤਾਰ ਜਿਸ ਵੇਲੇ ਸੀਤਾ ਜੀ ਤੇ ਰਾਮ ਜੀ ਦੇ ਉੱਤਰ ਪ੍ਰਸ਼ਨ ਹੋਏ ਹਨ ਉਹਨਾਂ ਦੇ ਨਾਲ ਮਿਲਦਾ ਹੈ ਜੋ ਐਨ ਪੱਕਾ ਸਬੂਤ ਹੈ ਕਿ ਜਿਸ ਨੇ ਅਵਤਾਰ ਬਾਣੀ ਰਚੀ ਸੀ, ਉਸੀ ਨੇ ਪਾਖਯਾਨਿਆਂ ਦੀ ਭੀ ਰਚਨਾ ਕੀਤੀ ਹੈ, ਤਕੋ ਜ਼ਰਾ ਪੜ੍ਹ ਕੇ:-

ਸ੍ਵੈਯਾ-ਹੈ ਬਨ ਕੋ ਬਸਿਯੋ ਦੁਖ ਕੋ ਕਹੁ ਸੁੰਦਰਿ ਤੂੰ ਸੰਗ ਕਹਯੋ ਨਿਬਹੈ ਹੈਂ ॥
ਸੀਤ ਤੁਸਾਰ ਪਰੈ ਤਨ ਪੈ ਸੁ ਇਤੋ ਤਬ ਤੋਂ ਹਠ ਹੂੰ ਨ ਗਹੈ ਹੈਂ ॥
ਸਾਲ ਤਮਾਲ ਬਡੇ ਜਹੁੰ ਬਿਯਾਲ ਨਿਹਾਲ ਤਿਨੈ ਬਹੁਧਾ ਬਿਲਲੈ ਹੈਂ ॥
ਤੂੰ ਸੁ ਕੁਮਾਰਿ ਕਰੀ ਕਰਤਾਰ ਸੁ ਹਾਰਿ ਪਰੇ ਤੂਹੈ ਕੌਨ ਉਠੈ ਹੈਂ ॥ ੬੪ ॥

ਪ-ਜਿਸਦਾ ਭਾਵ ਹੈ ਕਿ ਹੇ ਰਾਣੀ ! ਜੰਗਲ ਵਿਚ ਬਹੁਤ ਬੜੇ ਦੁਖ ਹੁੰਦੇ ਹਨ, ਤੇਰਾ ਉਥੇ ਕਿਵੇਂ ਨਿਰਬਾਹ ਹੋਵੇਗਾ, ਕਦੀ ਗਰਮੀ ਹੈ, ਕਦੀ ਸਰਦੀ ਹੈ, ਜੋ ਸਹਿਆ ਨਹੀਂ ਜਾਂਦਾ ਤੂੰ ਸਿਰੜ ਨ ਕਰ, ਬੜੇ ਬੜੇ ਸਾਲ ਦੇ ਦਰਖਤ ਹਨ ਜੋ ਬੜੇ ਡਰਾਉਣੇ ਸੱਪ ਫਿਰਦੇ ਹਨ ਉਹਨਾਂ ਨੂੰ ਤਕ ਕੇ ਵਿਲਕਦੀ ਫਿਰੇਂਗੀ। ਤੂੰ ਬੜੀ ਕੋਮਲ ਕਰਤਾਰ ਨੇ ਕੀਤੀ ਹੋਈ ਹੈਂ, ਜੇ ਥਕ ਕੇ ਡਿਗ ਗਈ ਤਾਂ ਤੈਨੂੰ ਕੌਣ ਚੁਕੇਗਾ।

ਰਾਣੀ ਵਾਚ:-

ਸੀਤ ਸਮੀਰ ਸਹੋ ਤਨ ਪੈ ਸੁਨ ਨਾਥ ਤੁਮੈ ਅਬ ਛਾਡ ਨ ਜੈ ਹੋਂ ॥
ਸਾਲ ਤਮਾਲ ਬਡੇ ਜਹ ਬਯਾਲ ਨਿਹਾਲ ਤਿਨੈ ਕਛੁ ਨ ਡਰਪੈ ਹੋਂ ॥
ਰਾਜ ਤਜੋ ਸਜ ਸਾਜ ਤਪੋ ਧਨ ਲਾਜ ਧਰੇ ਪ੍ਰਭ ਸੰਗ ਸਿਧੈ ਹੋਂ ॥
ਬਾਤ ਇਹੈ ਦੁਖ ਗਾਤ ਸਹੋਂ ਬਨ ਨਾਯਕ ਕੇ ਸੰਗ ਪਾਤ ਚਬੈ ਹੋਂ ॥ ੬੫ ॥

ਭਾਵ-ਧੁਪ ਛਾਂ ਸਭ ਸਿਰ ਪਰ ਝਲਾਂਗੀ, ਹੇ ਪਤੀ ਦੇਵ ! ਤੈਥੋਂ ਜੁਦਾ ਨਹੀਂ ਹੋਵਾਂਗੀ, ਜਿਥੇ ਵਡੇ ਵਡੇ ਸਾਲ ਦੇ ਦਰਖਤ ਹਨ ਅਤੇ ਭਿਆਨਕ ਸਰਪ ਹਨ, ਉਹਨਾਂ ਨੂੰ ਤੱਕ ਕੇ ਨਹੀਂ ਡਰਾਂਗੀ। ਰਾਜ ਨੂੰ ਤਿਆਗ ਕੇ ਮੇਰੇ ਲਈ ਤਪ ਵਾਲੀ ਜਗ੍ਹਾ ਹੀ ਸਾਜ ਸਮਾਜ ਹੋਵੇਗਾ। ਲਾਜ ਸ਼ਰਮ ਕਿਧਰੇ ਜਾਏ ਪਰ ਮੈਂ ਤਾਂ ਆਪ ਦੇ ਨਾਲ ਹੀ ਜਾਵਾਂਗੀ, ਸਾਰੇ ਦੁਖ ਆਪਣੇ ਸਰੀਰ ਪਰ ਲੈ ਕੇ ਆਪਣੇ ਪਤੀ ਦੇ ਨਾਲ ਰਹਿਕੇ ਦਰਖਤਾਂ ਦੇ ਪੱਤੇ ਖਾਇਆ ਕਰਾਂਗੀ।

੬-ਪ੍ਰਸੰਗ ਬਹੁਤ ਸੁਆਦਲਾ ਹੈ ਪਰ ਵਿਸਥਾਰ ਭੀ ਬੜਾ ਹੈ, ਇਸ ਲਈ ਜਿਸ ਸਜਣ ਨੇ ਪੜ੍ਹਨਾ

Digitized by Panjab Digital Library | www.panjabdigilib.org

ਹੋਵੇ ਉਹ ਸਫਾ ੯੧੩ਵਾਂ ੧੪ਵਾਂ ਪੂਰਾ ਪੜ੍ਹ ਲਵੇ ਅਤੇ ਦੂਜੇ ਪਾਸੇ ਰਾਮ ਚੰਦ੍ ਜੀ ਸੀਤਾ ਦੇ ਪ੍ਰਸ਼ਨ ਉਤ੍ ਪੰਨਾ ੨੦੬ ਤੋਂ ੨੦੭ ਪੜ੍ਹੇ ਜਾ ਸਕਦੇ ਹਨ। ਜੀਵਨ ਸੁਮਾਰਗ ਭਾ: ੨ ਸਫਾ ੧੪੯ ਪਰ ਦੇਖੋ।

ਅੰਤ ਰਾਜੇ ਨੂੰ ਰਾਣੀ ਆਪਣੇ ਬਣਾਏ ਭਵਨ ਵਿਚ ਲੈ ਜਾਂਦੀ ਹੈ, ਜਿਸਨੂੰ ਤੱਕ ਕੇ ਰਾਜਾ ਬਹੁਤ ਹੀ ਪ੍ਰਸੰਨ ਹੋਇਆ। ਰਾਣੀ ਨੇ ਐਸੀਆਂ ਭੁਲਾਉਣੀਆਂ ਦਿੱਤੀਆਂ ਕਿ ਰਾਜਾ ਉਸਨੂੰ ਆਪਣੇ ਗੁਰੂ ਦੀ ਥਾਂ ਤੇ ਤੱਕਣ ਲੱਗਾ ਅਤੇ ਉਸ ਮੰਦਰ ਵਿਚ ਅਕਾਸ਼ ਬਾਣੀ ਦੀ ਤਰ੍ਹਾਂ ਹੀ ਅਵਾਜ਼ ਆਈ ਜਿਸਨੇ ਇਹ ਕੁਝ ਕਿਹਾ ਸੀ ਕਿ ਐ ਰਾਜਾ ਜਦੋਂ ਮੈਂ ਧਰਮ ਰਾਜ ਪਾਸ ਗਿਆ ਤਾਂ ਮੈਨੂੰ ਧਰਮ ਰਾਜ ਗੁਸੇ ਹੋਏ ਕਿ ਤੂੰ ਰਾਜੇ ਨੂੰ ਛੱਡਕੇ ਕਿਉਂ ਆਇਆ ਹੈਂ, ਇਸ ਲਈ ਮੈਂ ਬਿਨਾਂ ਦੇਹ ਤੋਂ ਹੁਣ ਫੇਰ ਤੇਰੇ ਪਾਸ ਆ ਗਿਆ ਹਾਂ ਅਤੇ ਧਰਮ ਰਾਜ ਨੇ ਸੁਨੇਹਾ ਦਿੱਤਾ ਹੈ ਕਿ ਜੇ ਮੇਰੀ ਗੱਲ ਨਾ ਮੰਨੀ ਤਾਂ ਨਰਕ ਵਿਚ ਸੁਟ ਦਿੱਤਾ ਜਾਵੇਗਾ। ਜੋ ਐਉਂ ਹੈ :-

ਜੈਸੇ ਕੋਟਿ ਜਗਜ ਤਪ ਕੀਨੋ ॥ ਤੈਸੋ ਸਾਚ ਨਿਜਾਇ ਕਰ ਦੀਨੋ ॥
ਨਜਾਇ ਸਾਸਤ੍ ਲੈ ਰਾਜ ਕਮਾਵੈ ॥ ਤਾਕੈ ਨਿਕਟ ਕਾਲ ਨਹਿ ਆਵੈ ॥ ੯੦ ॥

ਜੋ ਨ੍ਰਿਪ ਨਿਜਾਇ ਕਰੈ ਨਹੀਂ ਬੋਲਤ ਝੂਠ ਬਨਾਇ ॥
ਰਾਜ ਤਜਾਗ ਕਰੈ ਤਪਸਜਾ ਪਰੈ ਨਰਕ ਮਹਿ ਜਾਇ ॥ ੯੧ ॥

ਬ੍ਰਿਧ ਮਾਤਾ ਅਰ ਭਾਤੁ ਕੀ ਸੇਵਾ ਕਰਿਜੋ ਨਿੱਤ ॥
ਤਿਜਾਗ ਨ ਬਨ ਕੋ ਜਾਇਯੈ ਯਹੈ ਧਰਮੁ ਸੁਨੁ ਮਿੱਤ ॥ ੯੨ ॥

ਰਾਜੇ ਨੂੰ ਐਨ ਯਕੀਨ ਆ ਗਿਆ ਕਿ ਮੈਨੂੰ ਉਹੋ ਜੋਗੀ ਉਪਦੇਸ਼ ਦੇ ਰਿਹਾ ਹੈ, ਇਹ ਪਤਾ ਨਹੀਂ ਹੋਣ ਦਿੱਤਾ ਕਿ ਜੋਗੀ ਵੀਚਾਰੇ ਨਾਲ ਕੀ ਬੀਤੀ। ਰਾਜਾ ਅਕਾਸ਼ ਬਾਣੀ ਨੂੰ ਸੱਚ ਮੰਨਕੇ ਘਰ ਚਲਾ ਗਿਆ ਅਤੇ ਦਿਨੇ ਰਾਜ ਦੇ ਇਨਸਾਫ ਕਰੇ ਰਾਤੀਂ ਭਜਨ ਭਗਵਾਨ।

੭-ਚਰਿਤ੍ਰਾਂ ਵਿਚ ਕੋਈ ਅਣਹੋਈਆਂ ਗੱਲਾਂ ਹੀ ਨਹੀਂ, ਇਸ ਵਿਚ ਉਹ ਇਸਤ੍ਰੀਆਂ ਭੀ ਦਿਥਾਈਆਂ ਹੈਨ ਜਿਨ੍ਹਾਂ ਨੇ ਜੁਗਤੀ ਨਾਲ ਆਪਣੇ ਪਤੀਆਂ ਦੇ ਅੜੇ ਹੋਏ ਕੰਮ ਸਵਾਰੇ ਹਨ। ਜਿਵੇਂ ਕਿ ਚਰਿਤ੍ ਨੰ: ੮੨ ਜਹਾਂਗੀਰ ਬਾਦਸ਼ਾਹ ਦੇ ਮਰਨ ਪਿਛੋਂ ਸ਼ਾਹ ਜਹਾਨ ਗੱਦੀ ਪਰ ਬੈਠਾ ਦੱਸਿਆ ਹੈ, ਪਰ ਦਰਿਯਾ ਖਾਨ ਨੂੰ ਕਿਵੇਂ ਨਾ ਕਿਵੇਂ ਸ਼ਾਹ ਜਹਾਨ ਮਾਰਨਾ ਚਾਹੁੰਦਾ ਸੀ, ਪਰ ਉਹ ਹੱਥ ਨਹੀਂ ਸੀ ਆ ਰਿਹਾ। ਜਿਸ ਦੀ ਚਿੰਤਾ ਵਿਚ ਬਾਦਸ਼ਾਹ ਰਾਤ ਦਿਨ ਚਿੰਤਤ ਤੇ ਦੁਖੀ ਰਹਿੰਦਾ ਸੀ ਅਤੇ ਸੁਤੇ ਪਇਆਂ ਭੀ ਉਸ ਨੂੰ ਦਰਿਯਾ ਖਾਨ ਨਹੀਂ ਸੀ ਭੁਲਦਾ, ਇਕ ਦਿਨ ਸੁਤਾ ਪਿਆ ਬਰੜਾ ਉਠਿਆ ਤਾਂ ਬੇਗਮ ਨੇ ਸਾਰੀ ਗੱਲ ਪੁਛੀ ਸੀ ਅਤੇ ਕਹਿ ਦਿੱਤਾ ਸੀ ਫਿਕਰ ਨਾ ਕਰੋ ਮੈਂ ਦਰਿਯਾ ਖਾਨ ਨੂੰ ਕਾਬੂ ਕਰ ਲਵਾਂਗੀ। ਇਕ ਸਿਆਣੀ ਜਿਹੀ ਸੇਵਕਣ ਦਰਿਯਾ ਖਾਨ ਪਾਸ ਭੇਜ ਦਿੱਤੀ, ਜਿਸਨੇ ਜਾਕੇ ਕਿਹਾ ਸੀ ਕਿ ਐ ਦਰਿਯਾ ਖਾਨ ਰਾਣੀ ਤੇਰਾ ਰੂਪ ਦੇਖਕੇ ਤੇਰੇ ਪਰ ਝੁਕ ਗਈ ਹੈ ਅਤੇ ਉਹ ਆਪ ਐਨੀ ਸੁੰਦਰ ਹੈ ਕਿ ਪੁਛੋ ਕੁਝ ਨਾ। ਪਰ ਉਸ ਨੇ ਤੈਨੂੰ ਮਿਲਣ ਲਈ ਬੁਲਾਇਆ ਹੈ, ਦਰਿਯਾ ਖਾਨ ਨੇ ਪੁਛਿਆ ਸੀ ਕਿ ਜਾਵਾਂ ਕਿਵੇਂ, ਉਥੇ ਤਾਂ ਪੰਛੀ ਭੀ ਨਹੀਂ ਪੁਜ ਸਕਦਾ ? ਗੋਲੀ ਨੇ ਕਿਹਾ ਸੀ ਕਿ ਆਪ ਦੇਗ ਵਿਚ ਬਹਿ ਜਾਉ, ਸੇਵਕ ਮੈਂ ਬੁਲਾਂ ਦੇਨੀ ਹਾਂ ਤੇ ਉਹ ਚੁਕ ਕੇ ਲੈ ਜਾਣਗੇ ਮੈਂ ਨਾਲ ਹੋਵਾਂਗੀ ਕਿਸੇ ਨੂੰ ਭਾਫ ਵੀ ਨਹੀਂ ਨਿਕਲੇਗੀ। ਬਸ ਫੇਰ ਕੀ ਸੀ ਝਿਹੋ ਜੰਤਰ ਕੀਤਾ ਗਿਆ ਅਤੇ ਦਰਿਯਾ ਖਾਨ ਨੂੰ ਸ਼ਾਹ ਜਹਾਨ ਦੇ ਹਵਾਲੇ ਆ ਕੀਤਾ ਅਤੇ ਕਾਜ਼ੀ ਨੂੰ ਕਿਹਾ ਕਿ ਇਸ ਦੇਗ ਵਿਚ ਭੂਤ ਕਾਬੂ ਕੀਤਾ ਹੋਇਆ ਹੈ, ਦੱਸੋ ਇਸ ਨੂੰ ਕੀ ਕਰੀਏ। ਕੋਤਵਾਲ ਦੇ ਹਵਾਲੇ ਕਰ ਦਿੱਤਾ ਅਤੇ ਉਸ ਨੇ ਸਮੇਤ ਦੇਗ ਦੇ ਟੋਏ ਵਿਚ ਰੱਖ ਕੇ ਦੱਬ ਦਿੱਤਾ, ਜਿਸਦਾ ਮੁੜਕੇ ਮੁਸ਼ਕ

Digitized by Panjab Digital Library | www.panjabdigilib.org

ਵੀ ਨਹੀਂ ਨਿਕਲ ਸਕਿਆ।

੮-ਚਰਿਤ੍ਰ ਕੋਈ ਭੀ ਬਿਨਾਂ ਅਰਥ ਨਹੀਂ ਪਰ ਸਾਰੇ ੭੦੬ ਪੰਨੇ ਲਿਖਕੇ ਅਰਥ ਕੀਤਾ ਜਾਵੇ ਤਾਂ ੧੫੦੦ ਸਫਾ ਫੁਲ ਸਾਇਜ਼ ਬਣ ਜਾਂਦਾ ਹੈ, ਅਰ ਨਾ ਮੈਂ ਐਨੀ ਜੋਗਤਾ ਰੱਖਦਾ ਹਾਂ ਜੋ ਸਤਿਗੁਰਾਂ ਦੇ ਆਸ਼ੇ ਨੂੰ ਪੂਰੀ ਤਰ੍ਹਾਂ ਬਿਆਨ ਕਰ ਸਕਾਂ, ਪਰ ਫੇਰ ਭੀ ਜਿਹੜੇ ਅੰਸ਼ ਗਿ: ਭਾਗ ਸਿੰਘ ਨੂੰ ਨਹੀਂ ਦਿੱਸੇ ਉਹਨਾਂ ਵਿਚੋਂ ਬੂੰਦ ਮਾਤ੍ਰ ਪਾਠਕਾਂ ਦੀ ਭੇਟ ਕਰਨ ਦਾ ਯਤਨ ਕਰਦਾ ਹਾਂ।

(ਮਗਰ-ਜੋਹੜੋ) ਵਿਚ ਬੈਰਮ ਖਾਂ ਨਾਮ ਦਾ ਇਕ ਪਠਾਣ ਰਿਆਸਤ ਦਾ ਮਾਲਕ ਸੀ, ਜਿਸਦਾ ਜ਼ਿਕਰ ੬੬ ਚਰਿਤ੍ਰ ਵਿਚ ਕੀਤਾ ਹੈ ਅਤੇ (ਗੌਹਰਾ ਰਾਇ) ਉਸਦੀ ਪਠਾਣੀ ਦਾ ਨਾਮ ਸੀ। ਇਕ ਗਨੀਮ ਉਸਦੀ ਰਿਆਸਤ ਤੇ ਆਪਣੇ ਅਧਿਕਾਰ ਜਮਾਉਣ ਲਈ ਬੇਅੰਤ ਫੌਜ ਤੇ ਲਸ਼ਕਰ ਜੋੜ ਕੇ ਚੜ੍ਹਾਈ ਕਰਕੇ ਆ ਗਿਆ, ਖਬਰ ਨੂੰ ਪਾਕੇ ਬੈਰਮ ਖਾਂ ਆਪਣੀ ਇਸਤ੍ਰੀ ਪਾਸ ਆਇਆ ਤੇ ਘਬਰਾਏ ਹੋਏ ਨੇ ਦੁਸ਼ਮਨ ਦੀ ਚੜ੍ਹਤ ਦੀ ਗੱਲ ਕਰਕੇ ਕਿਹਾ ਕਿ ਆਪਾਂ ਕਿਧਰੇ ਦੌੜ ਭੱਜਕੇ ਜਾਨ ਬਚਾ ਲਈਏ। ਪਰ ਸ਼ੇਰ ਦਿਲ ਪਠਾਣੀ ਨੇ ਕਿਹਾ ਕਿ ਤੇਰਾ ਬਾਪ ਬੜਾ ਮਸ਼ਹੂਰ ਨਾਮੀ ਸੂਰਮਾ ਸੀ ਕੀ ਉਸਦੇ ਨਾਮ ਨੂੰ ਵੱਟਾ ਨਹੀਂ ਲੱਗ ਜਾਊ, ਤੂੰ ਆਪਣੇ ਸ਼ਸਤ੍ਰ ਤੇ ਕਪੜੇ ਮੈਨੂੰ ਦੇਹ ਅਤੇ ਮੇਰੇ ਤੂੰ ਪਹਿਣ ਲੈ ਅਤੇ ਭੰਵਰੇ ਵਿਚ ਵੜ ਕੇ ਬੈਠ ਜਾਹ ।ਆਪ ਮਰਦਊ ਭੇਸ ਬਣਾਕੇ ਘੋੜਾ ਲੈਕੇ ਫੌਜ ਦੇ ਮੋਹਰੇ ਹੋ ਗਈ ਤੇ ਅੱਠ ਦਿਨ ਬੜੇ ਘਮਸਾਣ ਦੀ ਲੜਾਈ ਲੜੀ, ਵੈਰੀ ਦੀਆਂ ਫੌਜਾਂ ਮਾਰ ਮਾਰ ਕੇ ਤਬਾਹ ਕਰ ਦਿੱਤੀਆਂ, ਅੰਤ ਦੁਸ਼ਮਨ ਨੂੰ ਜ਼ਖਮੀ ਕਰਕੇ ਚੁਕ ਕੇ ਘਰ ਲੈ ਆਈ ਅਤੇ ਬੈਰਮ ਖਾਂ ਪਠਾਣ ਅੱਗੇ ਲਿਆ ਰਖਿਆ ਅਤੇ ਉਸ ਅਰਬ ਦੇ ਰਾਜੇ ਨੂੰ ਘੋੜਾ ਤੇ ਮਾਫੀ ਦੇਕੇ ਆਪਣੇ ਸ਼ਹਿਰ ਨੂੰ ਭੇਜ ਦਿੱਤਾ ਸੀ । ਜੋ ਇਕ ਬਹਾਦਰ ਇਸਤ੍ਰੀ ਦੀ ਕਹਾਣੀ ਵੀਰਤਾ ਦੇ ਜਾਦੂ ਦਾ ਅਸਰ ਰਖਦੀ ਹੈ ਅਤੇ ਸਿਖ ਬੀਬੀਆਂ ਨੂੰ ਵੀਰ ਰਸ ਦੀ ਪ੍ਰੇਰਨਾ ਦਿੰਦੀ ਹੈ।

੯-੯੭ਵਾਂ ਚਰਿਤ੍ਰ ਰਾਜੇ ਹੋਡੀ ਤੇ ਰਾਜੇ ਰਸਾਲੂ ਦਾ ਹੈ। ਕੌਣ ਨਹੀਂ ਜਾਣਦਾ ਕਿ ਸ਼ਿਆਲਕੋਟ ਵਿਚ ਰਾਜਾ ਸਿਲੇਵਾਨ ਤੇ ਉਸਦੀ ਇਸਤ੍ਰੀ ਇਛਰਾਂ ਦਾ ਪੁਤ੍ਰ ਪੂਰਨ ਭਗਤ ਸੀ ਅਤੇ ਲੂਣਾ ਦਾ ਪੁਤ੍ਰ ਰਸਾਲੂ ਸੀ। ਇਹਨਾਂ ਦਾ ਪ੍ਰਸੰਗ ਕਈ ਪੁਸਤਕਾਂ ਵਿਚ ਛਪ ਚੁਕਾ ਹੈ, ਕਿੱਸੇ ਭੀ ਛਪੇ ਸਨ, ਪੂਰਨ ਗੋਰਖਨਾਥ ਜੋਗੀ ਦਾ ਚੇਲਾ ਹੋ ਗਿਆ ਸੀ, ਇਸ ਲਈ ਰਾਜ ਕਰਨਾ ਨਹੀਂ ਮੰਨਿਆ ਸੀ, ਜਿਸ ਲਈ ਰਾਜਾ ਰਸਾਲੂ ਬਣਾਇਆ ਗਿਆ ਸੀ, ਪਰ ਲੂਣਾ ਨੂੰ ਜਦੋਂ ਪੂਰਨ ਨੇ ਪੁਤ੍ਰਵਤੀ ਹੋਣ ਦਾ ਵਰ ਦਿੱਤਾ ਸੀ, ਉਥੇ ਜਤੀ ਰਹਿਣ ਭਾਵ ਇਸਤ੍ਰੀ ਭੋਗ ਤੋਂ ਭੀ ਮਨਾਹੀ ਕਰ ਦਿੱਤੀ ਸੀ। ਪਹਿਲੇ ਉਪਰ ਲੜਾਈ ਕਰਕੇ ਸਲਵਾਨ ਜਿਵੇਂ ਜਿੱਤ ਕੇ ਲੂਣਾਂ ਨੂੰ ਵਿਆਹ ਕੇ ਆਂਦਾ ਸੀ ਉਸਦਾ ਅਹਵਾਲ ਮੁਖਤਸਰ ਸਮੇਤ ਲੜਾਈ ਦਿੱਤਾ ਹੈ। ਜਦੋਂ ਰਸਾਲੂ ਜਵਾਨ ਹੋਇਆ ਤਾਂ ਉਸਨੂੰ ਸ਼ਿਕਾਰ ਖੇਲਣ ਤੇ ਚੌਪੜ ਖੇਡਣ ਦਾ ਅਧਿਕ ਚਾਉ ਬਣ ਗਿਆ ਸੀ। ਇਕ ਮਰਾਸੀ ਨਾਲ ਖੇਡਣ ਦਾ ਅਵਸਰ ਬਣ ਗਿਆ ਜਿਸ ਪਰ ਹਾਰ ਖਾਕੇ ਮਰਾਸੀ ਨੇ ਤਾਨਾ ਮਾਰਿਆ ਕਿ ਤਦ ਗੱਲ ਹੈ ਜੇ ਰਾਜੇ ਸਿਰ ਕੱਪ ਨੂੰ ਖੇਡ ਵਿਚ ਜਿੱਤਕੇ ਦੱਸੇਂ। ਤਾਂ ਰਾਜਾ ਰਸਾਲੂ ਸਿਰਕਪ ਦੇ ਨਾਲ ਖੇਡਕੇ ਉਸਨੂੰ ਜਿੱਤ ਗਿਆ, ਜਿਸ ਪਰ ਰਾਜੇ ਰਸਾਲੂ ਤੇ ਸਿਰਕਪ ਦੀ ਆਪਸ ਵਿਚ ਲੜਾਈ ਹੋਈ ਅਤੇ ਉਸ ਵਿਚ ਭੀ ਰਸਾਲੂ ਜਿੱਤ ਗਿਆ ਜਿਸ ਤੇ ਸਿਰਕਪ ਨੇ ਆਪਣੀ ਪੁਤ੍ਰੀ ਜੋ ਅਤਿ ਸੁੰਦਰ ਸੀ ਪਰ ਉਮਰ ਦੀ ਛੋਟੀ ਸੀ ਉਹ ਰਸਾਲੂ ਨੂੰ ਦੇਕੇ ਸੁਲਾਹ ਕਰ ਲਈ। ਜਿਸ ਲਈ ਇਕ ਅਲੱਗ ਮਹਲ ਬਣਾਕੇ ਉਸਨੂੰ ਰਖਿਆ ਗਿਆ ਸੀ ਅਤੇ ਇਕ ਤੋਤਾ ਤੇ ਮੈਨਾ ਦਿਲ ਬਹਿਲਾਵੇ ਲਈ ਉਸਦੇ ਪਾਸ ਰਹਿੰਦੇ ਸਨ। ਬਚਪਨ ਲੰਘ ਕੇ ਰਾਣੀ ਕੋਕਲਾਂ ਜਵਾਨੀ ਵਿਚ ਪੁਜ ਗਈ ਸੀ, ਪਰ ਰਾਜਾ ਰਸਾਲੂ ਪੂਰਨ ਦੇ ਸਰਾਪ ਕਰਕੇ ਮੇਲ ਤੋਂ ਅਸਮਰਥ ਸੀ। ਰਾਜਾ ਹੋਡੀ ਉਸ ਪਾਸੇ ਆ ਨਿਕਲਿਆ ਅਤੇ ਕੋਕਲਾਂ ਨਾਲ ਉਸਨੇ ਮੇਲ ਆ ਕੀਤਾ-ਮੈਨਾਂ ਨੇ ਰਾਣੀ ਨੂੰ ਰੁਕਣ ਦੀ ਸਲਾਹ ਦਿੱਤੀ ਜਿਸ ਪਰ ਰਾਣੀ

Digitized by Panjab Digital Library | www.panjabdigilib.org

ਨੇ ਮੈਨਾ ਦੀ ਗਿੱਚੀ ਮਰੋੜ ਦਿੱਤੀ ਤੋਤੇ ਨੇ ਸਿਆਣਪ ਤੋਂ ਕੰਮ ਲਿਆ ਅਤੇ ਕਿਹਾ ਚੰਗਾ ਕੀਤਾ ਇਹ ਇਸੇ ਲਾਇਕ ਸੀ, ਜਦੋਂ ਤੋਤੇ ਨੂੰ ਆਪਣੀ ਪੱਖ ਵਿਚ ਤੱਕਿਆ ਤਾਂ ਰਾਣੀ ਨੇ ਪ੍ਰਸੰਨ ਹੋਕੇ ਤੋਤੇ ਨੂੰ ਪਿੰਜਰੇ ਤੋਂ ਬਾਹਰ ਕੱਢ ਲਿਆ, ਸਮਾਂ ਪਾਕੇ ਤੋਤਾ ਉਡਕੇ ਰਸਾਲੂ ਪਾਸ ਜਾਕੇ ਸਾਰਾ ਹਾਲ ਦੱਸਦਾ ਹੈ ਤੇ ਰਾਜੇ ਰਸਾਲੂ ਨੇ ਆਕੇ ਹੋਡੀ ਨੂੰ ਕਤਲ ਕਰਕੇ ਉਸਦਾ ਮਾਸ ਰਿੰਨ੍ਹਣ ਲਈ ਕੋਕਲਾਂ ਨੂੰ ਦਿੱਤਾ ਤੇ ਕੋਕਲਾਂ ਨੇ ਖਾ ਪੀ ਲਿਆ ਸੀ, ਜਦੋਂ ਰਸਾਲੂ ਨੇ ਕੋਕਲਾਂ ਨੂੰ ਦੱਸਿਆ ਸੀ ਕਿ ਇਹ ਮਾਸ ਤੇਰੇ ਯਾਰ ਹੋਡੀ ਦਾ ਹੈ, ਜਿਸ ਨੂੰ ਸੁਣਕੇ ਕੋਕਲਾਂ ਆਪਣੇ ਆਪ ਨੂੰ ਬਰਛੀ ਮਾਰਕੇ ਮਹਲ ਤੋਂ ਗਿਰ ਕੇ ਮਰ ਗਈ ਸੀ, ਜਿਸਦਾ ਸਿੱਟਾ ਗੁਰਦੇਵ ਜੀ ਐਉਂ ਕੱਢਦੇ ਹਨ।

ਚੌਪਈ-ਗ੍ਰਿਹ ਤੇ ਟੂਟ ਧਰਨਿ ਪਰ ਪਰੀ ॥ ਲਾਜ ਮਰਤ ਜਮ ਪੁਰ ਮਗੁ ਧਰੀ ॥
ਤਬ ਚਲਿ ਤਹਾਂ ਰਿਸਾਲੂ ਆਯੋ ॥ ਮਾਸ ਕੂਕਰਨ ਦੁਹੂੰ ਖਵਾਇਯੋ ॥ ੭੨ ॥

ਦੋਹਰਾ-ਜੋ ਬਨਿਤਾ ਪਤਿ ਆਪਨੇ ਤਜਾਗ ਔਰ ਪੈ ਜਾਇ ॥
ਸੋ ਐਸੋ ਪੁਨਿ ਤੁਰਤ ਹੀ ਕਯੋਂ ਨ ਲਹਤ ਸਜਾਇ ॥ ੭੩ ॥ ੧ ॥

ਭਾਵ-ਛੱਤ ਤੋਂ ਧਰਤੀ ਪਰ ਆ ਗਿਰੀ, ਲਜਜਾ ਦੀ ਮਾਰੀ ਜਮਪੁਰ ਨੂੰ ਚਲੀ ਗਈ, ਉਦੋਂ ਹੀ ਉਥੇ ਰਾਜਾ ਰਸਾਲੂ ਭੀ ਪੁਜ ਗਿਆ ਅਤੇ ਉਹਨਾਂ ਦੋਹਾਂ ਦਾ ਮਾਸ ਕੁਤਿਆਂ ਨੂੰ ਖੁਆਲ ਦਿੱਤਾ। ਗੁਰੂ ਜੀ ਆਪਣੇ ਵਲੋਂ ਕਹਿੰਦੇ ਹਨ ਕਿ ਜਿਹੜੀ ਇਸਤ੍ਰੀ ਆਪਣੇ ਪਤੀ ਨੂੰ ਛੱਡਕੇ ਦੂਜਿਆਂ ਪਾਸ ਜਾਂਦੀ ਹੈ, ਉਸਨੂੰ ਕਿਉਂ ਨਾ ਉਸੇ ਵੇਲੇ ਇਹੋ ਜਿਹੀ ਸਜ਼ਾ (ਦੰਡ) ਦਿੱਤਾ ਜਾਵੇ।

੧੦-ਇਸ ਤੋਂ ਅੱਗੇ ੯੮ਵੇਂ ਚਰਿਤ੍ਰ ਵਿਚ ਹੀਰ ਰਾਂਝੇ ਦੀ ਵਾਰਤਾ ਆਉਂਦੀ ਹੈ, ਜਿਸਨੂੰ ਧਾਰਮਕ ਤੇ ਸਮਾਜਿਕ ਕਥਾ ਵਿਚ ਹਰ ਪਹਿਲੂ ਤੋਂ ਬਤੌਰ ਪ੍ਰਮਾਣ ਵਰਤਿਆ ਜਾਂਦਾ ਹੈ ਅਤੇ ਭਾਈ ਗੁਰਦਾਸ ਜੀ ਨੇ ਭੀ ਉਸਦਾ ਵਰਨਣ ਕੀਤਾ ਹੈ। ਸੂਫੀ ਫਕੀਰ ਇਸਦੇ ਆਲੇ ਦੁਆਲੇ ਘੁੰਮਦੇ ਹਨ ਅਤੇ ਇਸ ਨੂੰ ਰਬ ਦੇ ਦਰ ਦੇ ਜਾਣ ਲਈ ਇਕ ਰਸਤਾ ਤੇ ਰਬ ਦੇ ਮੇਲ ਦਾ ਇਕ ਵਸੀਲਾ ਮੰਨਦੇ ਹਨ, ਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲਿਖ ਦਿੱਤਾ ਤਾਂ ਕਿਹੜਾ ਪਾਪ ਹੋ ਗਿਆ। ਵਾਰਸ਼ ਸ਼ਾਹ ਅੱਲਾ ਦੇ ਫਕੀਰ ਦੀ ਹੀਰ ਰਚਨਾ ਬੜੀ ਮਕਬੂਲ ਹੈ।

੧੧-ਪੋਠੋਹਾਰ ਵਿਚ ਰੁਦ੍ ਕਲਾ ਨਾਮ ਦੀ ਇਸਤ੍ਰੀ ਦਾ ੯੯ਵਾਂ ਚਰਿਤ੍ਰ ਹੈ, ਜਿਸਦੇ ਕੋਲ ਠੱਗ ਮੁਲਾਣੇ ਆਉਂਦੇ ਅਤੇ ਡਰਾ ਧਮਕਾ ਕੇ ਕੁਝ ਕੁ ਧਨ ਲੈ ਕੇ ਚਲੇ ਜਾਂਦੇ। ਮੌਲਵੀਆਂ ਦਾ ਉਹਨਾਂ ਦਿਨਾਂ ਵਿਚ ਜ਼ੋਰ ਸੀ ਜਿਵੇ ਅੱਜ ਕਲ ਇੰਨਸਪੈਕਟਰ ਅਤੇ ਐਕਸਾਇਜ਼ ਆਫਿਸਰ ਜਾਂ ਪੁਲੀਸ ਜੋ ਲੋਕਾਂ ਨੂੰ ਲੁਟ ਰਹੇ ਹਨ ਐਨ ਇਸੇ ਤਰ੍ਹਾਂ ਉਹਨਾਂ ਦਿਨਾਂ ਵਿਚ ਮੌਲਵੀ ਲੋਕ ਲੁਟਿਆ ਕਰਦੇ ਸਨ। ਜਿਵੇਂ ਅੱਜ ਕਲ ਦੇ ਇੰਨਸਪੈਕਟਰਾਂ ਜਾਂ ਅਫਸਰਾਂ ਨੂੰ ਕੁਝ ਚੜ੍ਹਾਵਾ ਨਾ ਚੜਾਉ ਤਾਂ ਚਾਲਾਨ ਕਰ ਦਿੰਦੇ ਹਨ, ਇਸੇ ਤਰ੍ਹਾਂ ਉਹ ਆਏ ਤੇ ਕੁਝ ਦਾਮ ਨਾ ਮਿਲਿਆ, ਜਿਸ ਲਈ ਰਿਸਕੇ ਕੁਝ ਬੰਦੇ ਇਕੱਠੇ ਹੋ ਕੇ ਜਿਨ੍ਹਾਂ ਪਾਸ ਕੁਰਾਨ ਸ਼ਰੀਫ ਹਥਾਂ ਵਿਚ ਲਏ ਹੋਏ ਸਨ ਰੁਦ੍ ਕਲਾ ਦੇ ਘਰ ਆ ਗਏ, ਜਿਵੇਂ ਇੰਸਪੈਕਟਰ ਲੋਕ ਪੈਸੇ ਨਾ ਮਿਲਨੇ ਪਰ ਧਰਮ ਚੁਕੌਂਦੇ ਹਨ ਕਿ ਤੂੰ ਅਜ ਹਿਸਾਬ ਨਹੀਂ ਚਾੜ੍ਹਿਆ, ਤੂੰ ਅਜ ਬਕਾਯਾ ਕਿਉਂ ਨਹੀਂ ਕਢਿਆ ਜਾਂ ਤੂੰ ਪ੍ਰਚੀ ਨਹੀਂ ਕੱਟੀ, ਕੈਸ਼ ਦਿਖਾਓ-ਸਟਾਕ ਗਿਣਾਓ, ਕਈ ਬਹਾਨੇ ਲੈਕੇ ਆ ਦਬਕਾਉਂਦੇ ਹਨ, ਇਸੇ ਤਰ੍ਹਾਂ ਰੁਦ੍ ਕਲਾ ਨੂੰ ਆ ਦਬਾਇਆ ਕਿ ਤੈਂ ਸਾਡੇ ਨਬੀ ਦੇ ਖਿਲਾਫ ਬਚਨ ਕਹਿਕੇ ਉਸ ਦੀ ਸ਼ਾਨ ਤੋਂ ਖਿਲਾਫ ਗ਼ਲਤੀ ਕੀਤੀ ਹੈ। ਮੌਲਵੀਆਂ ਦਾ ਰਾਜ ਸੀ ਜੋ

Digitized by Panjab Digital Library | www.panjabdigilib.org

ਕਹਿਣ ਉਹਨਾਂ ਦਾ ਸਤੀਂ ਵੀਹੀਂ ਸੌ ਬਣਦਾ ਸੀ, ਰੁਦ੍ਰ ਕਲਾ ਨੇ ਬਹੁਤ ਕਿਹਾ ਕਿ ਮੈਂ ਨਬੀ ਤੋਂ ਖਿਲਾਫ ਜੇ ਇਕ ਬਚਨ ਭੀ ਕਿਹਾ ਹੋਵੇ ਤਾਂ ਕਟਾਰੀ ਮਾਰ ਕੇ ਆਪ ਆਪਣੀ ਮੌਤ ਕਰ ਲਵਾਂਗੀ, ਪਰ ਉਹ ਕਦੋਂ ਮੰਨਦੇ ਸਨ, ਚੜ੍ਹਾਵਾ ਚੜ੍ਹੇ ਬਿਨਾਂ। ਅੰਤ ਰੁਦ੍ਰ ਕਲਾ ਨੇ ਦਲੇਰੀ ਕੀਤੀ, ਉਹਨਾਂ ਨੂੰ ਅੰਦਰ ਬਹਾਕੇ ਉਹਨਾਂ ਦੇ ਖਾਣ ਪੀਣ ਦਾ ਪ੍ਰਬੰਧ ਕਰਨ ਲੱਗ ਗਈ, ਉਧਰ ਆਦਮੀ ਭੇਜਕੇ ਸਰਕਾਰੀ ਪਿਆਦੇ ਸੱਦ ਲਏ ਜੋ ਉਹਨਾਂ ਦੀ ਸਾਰੀ ਗਲ ਬਾਤ ਸੁਣਦੇ ਰਹੇ ਅਤੇ ਮੌਲਾਣੇ ਖਾਣ ਪੀਣ ਦੀ ਆਸ ਦੇ ਤਾਕ ਵਿਚ ਸਨ, ਰੁਦ੍ਰ ਕਲਾ ਉਹਨਾਂ ਦੀਆਂ ਮਿੰਨਤਾਂ ਕਰਦੀ ਹੈ, ਉਹ ਮਾਇਆ ਮੰਗਦੇ ਹਨ। ਪਿਆਦੇ ਅੱਗੇ ਵੱਧੇ ਸਾਰਿਆਂ ਨੂੰ ਪਕੜਕੇ ਪਹਿਲਾਂ ਤਾਂ ਕੁਟਾਪਾ ਕੀਤਾ ਫੇਰ ਪਕੜਕੇ ਸਾਰੇ ਲੋਕਾਂ ਦੇ ਸਾਹਮਣੇ ਮਹਾਬਤ ਖਾਨ ਦੇ ਜਾ ਪੇਸ਼ ਕੀਤਾ ਅਤੇ ਨਵਾਬ ਨੇ ਜੁਤੀਆਂ ਦੀ ਮਾਰ ਦਾ ਹੁਕਮ ਦੇ ਦਿੱਤਾ। ਐਨੀਆਂ ਜੁਤੀਆਂ ਪਈਆਂ ਕਿ ਜੁਤੀਆਂ ਦੀ ਮਾਰ ਨਾਲ ਸਾਰੇ ਦੇ ਸਾਰੇ ਮਰ ਗਏ ਅਤੇ ਉਹਨਾਂ ਦੀਆਂ ਲਾਸ਼ਾਂ ਨਦੀ ਵਿਚ ਰੋੜ੍ਹ ਦਿੱਤੀਆਂ ਅਤੇ ਉਸਦਾ ਅਸਰ ਇਹ ਹੋਇਆ ਕਿ ਮੁੜਕੇ ਜੋ ਲੋਕ ਤੁਹਮਤ ਦੇ ਕੇ ਲੁਟਦੇ ਸਨ ਸਭ ਬੰਦ ਹੋ ਗਏ। ਕਿੰਨਾ ਭਲਾ ਕੀਤਾ ਇਸ ਇਸਤ੍ਰੀ ਨੇ, ਕਿੰਨੀ ਸਿਖਿਆ ਮਿਲਦੀ ਹੈ ਇਸ ਵਿਚੋਂ; ਸਾਡੀ ਸਰਕਾਰ ਇਹੋ ਜਿਹੇ ਬੰਦਿਆਂ ਦੀਆਂ ਸਗੋਂ ਤਰੱਕੀਆਂ ਕਰਦੀ ਹੈ, ਜਿੰਨੇ ਆਫਿਸਰ ਲੋਕਾਂ ਨੂੰ ਬਹੁਤਾ ਲੁਟਦੇ ਹਨ, ਉਹ ਲੋਕ ਉਪਰਲੇ ਅਫਸਰਾਂ ਨੂੰ ਕੁਝ ਹਿੱਸਾ ਖੁਆ ਪਿਆ ਕੇ ਖੁਸ਼ ਕਰ ਲੈਂਦੇ ਹਨ, ਜਿਸ ਲਈ ਤਰੱਕੀਆਂ ਦੇ ਭੀ ਉਹ ਵਾਰਸ ਬਣ ਜਾਂਦੇ ਹਨ, ਜੇ ਕਿਸੇ ਨੂੰ ਲੁਟ ਮਾਰ ਕਰਕੇ ਉਸਦੀ ਹੌਂਸਲਾ ਅਫਜ਼ਾਈ ਹੁੰਦੀ ਹੈ ਤਾਂ ਉਹ ਜੁਰਮ ਤੋਂ ਕਿਉਂ ਹਟੂ। ਜੇ ਦੇਣ ਵਾਲੇ ਚੁਪ ਕਰਕੇ ਦਿੰਦੇ ਜਾਣਗੇ ਤਾਂ ਅੱਗੇ ਲਈ ਹੋਰ ਰਾਹ ਖੁਲ੍ਹੂ। ਇਹੋ ਜਿਹੇ ਪ੍ਰਸੰਗ ਸਾਡੇ ਸਮਾਜ ਦਾ ਸੁਧਾਰ ਕਰ ਸਕਦੇ ਹਨ ਜੇ ਇਹਨਾਂ ਤੋਂ ਮੱਤ ਲਈ ਜਾਵੇ। ਜਿਵੇਂ ਕਿ ਵੱਢੀ ਦੇਣ ਲਈ ਸਾਨੂੰ ਕਿਵੇਂ ਮਜਬੂਰ ਹੋਣਾ ਪੈਂਦਾ ਹੈ।

੧੨-ਚਰਿਤ੍ਰ ਨੰ: ੯੭ ਵਿਚ ਦਸਿਆ ਹੈ ਕਿ ਰੋਪੜ ਦਾ ਰਾਜਾ ਜਿਸ ਨੂੰ ਰੋਪੜ ਦਾ ਰਾਜਾ (ਰੁਪੇਸਰ) ਕਰਕੇ ਕਹਿੰਦੇ ਸਨ ਅਤੇ ਚਿਤ੍ਰ ਕੁਅਰਿ ਉਸ ਦੀ ਰਾਣੀ ਸੀ। ਲੰਕਾ ਤੋਂ ਆਏ ਇਕ ਦੈਂਤ ਜਿਸ ਨੇ ਕੱਠੇ ਦੀ ਛਤ ਸਿਰ ਤੇ ਚੁਕ ਲਈ ਸੀ ਅਤੇ ਦੋ ਤਿੰਨ ਮੌਲਵੀਆਂ ਨੂੰ ਭੀ ਮਾਰ ਸੁਟਿਆ ਸੀ ਅਤੇ ਚਿਤ੍ਰ ਕੁਅਰਿ ਦੀ ਆਪਣੇ ਮਨ ਵਿਚ ਲਾਲਸਾ ਰਖਦਾ ਸੀ। ਉਸ ਨੂੰ ਇਕ ਇਸਤ੍ਰੀ ਨੇ ਐਸਾ ਛਲ ਕੀਤਾ ਕਿ ਇਕ ਜੰਤ੍ਰ ਉਸ ਦੇ ਹਥ ਤੇ ਧਰਨ ਨਾਲ ਸਾੜ ਕੇ ਸਵਾਹ ਕਰ ਦਿਤਾ, ਅਰ ਉਸ ਦੈਂਤ ਦੇ ਹੰਕਾਰ ਦਾ ਕੁਝ ਭੀ ਮੁਲ ਨਾ ਪਿਆ। ਕੀ ਇਹ ਉਸ ਇਸਤ੍ਰੀ ਦੀ ਸਿਆਣਪ ਨਹੀਂ ਕਹੀ ਜਾ ਸਕਦੀ। ਜੋ ਮਨੁਖ ਨੂੰ ਇਕ ਜੀਵ ਜੰਤ ਹੀ ਸਮਝਦਾ ਸੀ ਉਸ ਨੂੰ ਮਲਕੜੇ ਹੀ ਜਮ ਪੁਰ ਨੂੰ ਤੋਰ ਦੇਣਾ। ਕੀ ਉਸਦੀ ਖੂਬੀ ਨਹੀਂ ?

੧੩-੧੦੧ਵਾਂ ਚਰਿਤ੍ਰ - ਸੋਹਣੀ ਮਹੀਂਵਾਲ ਦਾ ਹੈ, ਜਿਸ ਬਾਰੇ ਭਾਈ ਗੁਰਦਾਸ ਜੀ ਨੇ ਭੀ ਇਕ ਪਉੜੀ ਲਿਖੀ ਹੈ, ਉਹ ਆਮ ਤੌਰ ਪਰ ਸਭਾ ਸੁਸਾਇਟੀਆਂ ਵਿਚ ਗਾਇਆ ਭੀ ਜਾਂਦਾ ਹੈ, ਪਰ ਦਸਮੇਸ਼ ਜੀ ਨੇ ਉਸ ਪੁਰਸ਼ ਦੀ ਚਲਾਕੀ ਦਾ ਚਰਿਤ੍ਰ ਖਿਚਿਆ ਹੈ ਜਿਸ ਨੇ ਕੱਚਾ ਘੜਾ ਬਦਲ ਕੇ ਸੋਹਣੀ ਦਾ ਅੰਤ ਕੀਤਾ ਅਤੇ ਮਹੀਂਵਾਲ ਨੂੰ ਓਦਾਂ ਮਾਰ ਕੇ ਮੁਕਾਇਆ ਅਤੇ ਇਸ ਬਦਮਾਸ਼ੀ ਜਾਂ ਸਮਾਜਕ ਹੀਣ ਘਟਨਾ ਦਾ ਖਾਤਮਾ ਕੀਤਾ ਸੀ, ਜਿਸ ਬਾਰੇ ਇਉਂ ਲਿਖਿਆ ਹੈ।

ਏਕ ਪੁਰਖ ਯਹ ਚਰਿਤ ਸੁਧਾਰਯੋ ॥ ਮੇਹੀਵਾਲ ਸੋ ਹਨਿਯਹਿ ਮਾਰਯੋ ॥
ਕਾਚੋ ਘਟਵਾ ਕੋ ਦੈ ਬੋਰਯੋ ॥ ਮੇਹੀਵਾਲ ਹੂੰ ਕੋ ਸਿਰ ਤੋਰਿਯੋ ॥੯॥੧॥

੧੪-੧੦੨ਵੇਂ ਚਰਿਤ੍ਰ ਵਿਚ ਕੇਕਈ ਦੀ ਬਹਾਦਰੀ ਦਸੀ ਹੈ। ਜਦ ਕਿ ਇੰਦ੍ਰ ਦੇਵਤਾ ਅਤੇ ਦੈਂਤਾਂ ਦਾ ਜੁਧ ਹੋ ਰਿਹਾ ਸੀ। ਉਸ ਵੇਲੇ ਇੰਦ੍ਰ ਨੇ (ਸਤ ਕ੍ਰਿਤ) ਨਾਮੀ ਦੂਤ ਨੂੰ ਸ੍ਰੀ ਦਸਰਥ ਪਾਸ ਸਹਾ-

Digitized by Panjab Digital Library | www.panjabdigilib.org

ਇਤਾ ਲਈ ਬੁਲਾਵਾ ਦਿਤਾ ਸੀ । ਕੇਕਈ ਰਾਣੀ ਨੇ ਜ਼ਿਦ ਕੀਤੀ, ਉਹ ਭੀ ਜੰਗ ਦੇ ਵਿਚ ਦਸਰਥ ਦੇ ਨਾਲ ਗਈ। ਜੁਧ ਮਹਾਨ ਭਿਆਨਕ ਸੀ। ਦੁਸ਼ਮਨ ਦਾ ਟਾਕਰਾ ਭਾਰਾ ਸੀ । ਪਰ ਕੇਕਈ ਨੇ ਆਪ ਦਸਰਥ ਦੇ ਰਥ ਦੀ ਵਾਗ ਸੰਭਾਲੀ ਅਤੇ ਜਿਥੇ ਰਾਜਾ ਲੋੜ ਸਮਝੇ ਉਸ ਨੂੰ ਤੁਰੰਤ ਪਹੁੰਚਾ ਦੇਵੇ, ਜਿਸ ਦੇ ਸਦਕਾ ਰਾਜਾ ਦਸਰਥ ਨੇ ਉਸ ਜੁਧ ਵਿਚ ਕਾਮਯਾਬੀ ਹਾਸਲ ਕੀਤੀ ਸੀ । ਇਸੇ ਬਹਾਦਰੀ ਦਾ ਸਦਕਾ ਕੇਕਈ ਨੇ ਰਾਜੇ ਦਸਰਥ ਤੋਂ ਤਿੰਨ ਬਚਨ ਲਏ ਸਨ । ਜਿਨ੍ਹਾਂ ਦਾ ਸਦਕਾ ਰਾਮ ਨੂੰ ਬਣਵਾਸ ਦਿਤਾ ਗਿਆ ਸੀ। ਜਿਸ ਨੂੰ ਗੁਰੂ ਜੀ ਅੰਤਲੇ ਦੋਹਰੇ ਵਿਚ ਇਉਂ ਲਿਖਦੇ ਹਨ ।

ਜਹਾਂ ਕੇਕਈ ਲੈ ਪਹੁਚਾਯੋ ॥ ਅਜਿ ਸੁਤ ਤਾ ਕੋ ਮਾਰ ਗਿਰਾਯੋ ॥
ਐਸੋ ਕਰਿਯੋ ਬੀਰ ਸੰਗ੍ਰਾਮਾ ॥ ਖਬਰੈਂ ਗਈ ਰੂਮ ਅਰ ਸਾਮਾ ॥੩੨॥
ਐਸੀ ਭਾਂਤਿ ਦੁਸ਼ਟ ਬਹੁ ਮਾਰੇ ॥ ਬਾਸਵ ਕੇ ਸਭ ਸੋਕ ਨਿਵਾਰੇ ॥
ਗਹਯੋ ਦਾਂਤ ਤ੍ਰਿਣ ਉਬਰਯੋ ਸੋਊ ॥ ਨਾ ਤਰ ਜੀਯਤ ਨ ਬਚਯੋ ਕੋਊ ॥ ੩੩ ॥
ਦੋਹਰਾ-ਪਤਿ ਰਾਖਯੋ ਰਥ ਹਾਂਕਯੋ ਸੂਰਨ ਦਯੋ ਖਪਾਇ ॥
ਜੀਤਿ ਜੁੱਧ ਦੈ ਬਰ ਲਏ ਕੈ ਕੈ ਅਤਿ ਸੁਭ ਕਾਇ ॥ ੩੪ ॥ ੧ ॥

ਬਹੁਤ ਸਾਰੇ ਚਰਿਤ੍ਰਾਂ ਵਿਚ ਜੰਗਾਂ ਜੁਧਾਂ ਦਾ ਵਰਨਣ ਮਿਲਦਾ ਹੈ ਜੋ ਦਸਮੇਸ਼ ਜੀ ਦਾ ਅਸਲ ਉਦੇਸ਼ ਸੀ।

੧੫-ਕੁਝ ਕਾਰਨਾਮੇ ਪੁਰਸ਼ਾਂ ਦੇ ਤੇ ਕੁਝ ਵਫਾਦਾਰ ਇਸਤ੍ਰੀਆਂ ਦੇ ਦਸ ਕੇ ੧੦੪ਵੇਂ ਚਰਿਤ੍ਰ ਵਿਚ ਧੋਖੇਬਾਜ਼ ਤੇ ਬੇਵਫਾ ਇਸਤ੍ਰੀ ਦੀ ਝਲਕੀ ਦਿਤੀ ਹੈ ਤਾਂ ਕਿ ਐਸੀਆਂ ਇਸਤ੍ਰੀਆਂ ਤੋਂ ਖਬਰਦਾਰ ਰਿਹਾ ਜਾਵੇ, ਜੋ ਘਰ ਨੂੰ ਉਜਾੜਦੀਆਂ ਹਨ। ਜਿਵੇਂ ਕਿ ਆਪ ਨੇ ਦਸਿਆ ਹੈ ਕਿ ਇਕ ਜਟ ਦੀ ਬੇਵਫਾ ਇਸਤ੍ਰੀ ਕਿਸੇ ਚੋਰ ਨਾਲ ਪ੍ਰੇਮ ਰਖਦੀ ਸੀ, ਅੰਤ ਕੰਧ ਨੂੰ ਮੋਰੀ ਕਰਕੇ ਪਾੜ ਲਾ ਦਿਤਾ ਅਤੇ ਸਾਰਾ ਧਨ ਚੋਰ ਨੂੰ ਦੇ ਕੇ ਮੋਰੀ ਵਿਚੋਂ ਬਾਹਰ ਕਢ ਦਿਤਾ ਅਤੇ ਸੱਚੀ ਹੋਣ ਲਈ ਰੌਲੀ ਪਾ ਦਿਤੀ ਕਿ ਪਾੜ ਲਾ ਕੇ ਚੋਰ ਘਰ ਦਾ ਧਨ ਲੈ ਗਿਆ। ਪਤੀ ਨੂੰ ਦਿਖਾ ਦਿਤਾ, ਥਾਣੇ ਇਤਲਾਹ ਦੇ ਦਿਤੀ, ਦੂਜੇ ਦਿਨ ਆਪ ਵੀ ਉਸੇ ਮੋਰੀ ਵਿਚੋਂ ਦੀ ਨਿਕਲ ਕੇ ਚੋਰ ਨੂੰ ਜਾ ਮਿਲੀ ਅਤੇ ਲੋਕਾਂ ਵਿਚ ਉਡਾ ਦਿਤਾ ਕਿ ਮੈਂ ਇਹ ਧਨ ਦਾ ਜਾਣਾ ਸਹਿਨ ਨਹੀਂ ਕਰ ਸਕਦੀ, ਇਸ ਲਈ ਜੋਗ ਲੈ ਲੈਣਾ ਹੈ, ਲੋਕਾਂ ਭਾਣੇ ਜੋਗਣ ਹੋ ਗਈ, ਆਪ ਪਹਿਲਾਂ ਚੋਰ ਨੂੰ ਧਨ ਦੇ ਦਿਤਾ ਪਿਛੋਂ ਆਪ ਭੀ ਜਾ ਪੁਜੀ।

੧੬-ਚਰਿਤ੍ਰ ਨੰ: ੧੦੫ ਵਿਚ ਦੱਸਿਆ ਹੈ ਕਿ ਮੂਰਖ ਲੋਕ ਸ਼ਰਾਬ ਆਦਿ ਦੇ ਨਸ਼ਿਆਂ ਵਿਚ ਗਰਿਫਤ ਹੋ ਕੇ ਕਿਵੇਂ ਆਪਣੇ ਘਰ ਦੀ ਬਰਬਾਦੀ ਕਰਦੇ ਹਨ। ਜਿਨ੍ਹਾਂ ਨੂੰ ਐਨਾਂ ਪਤਾ ਹੀ ਨਹੀਂ ਕਿ ਮੇਰੇ ਨਾਲ ਕੀ ਹੋ ਰਿਹਾ ਹੈ ਅਤੇ ਕਿਵੇਂ ਕਿਸੇ ਦੇ ਧੋਖੇ ਵਿਚ ਆਕੇ ਧਨ ਦੀ ਬਰਬਾਦੀ ਅਤੇ ਆਪਣੀ ਬੇਵਕੂਫੀ ਦਾ ਦਿਖਾਵਾ ਕਰਦੇ ਹਨ। ਦੱਸਦੇ ਹਨ ਕਿ ਕਿਵੇਂ ਕਿਸੇ ਫਰੇਬੀ ਦੇ ਹੱਥ ਚੜ੍ਹਕੇ ਰੋਜ਼ ਸਿਰ ਮੁੰਨਾਉਂਦਾ ਰਿਹਾ, ਜਿਸਦੀਆਂ ਅੰਤਲੀਆਂ ਪੰਗਤੀਆਂ ਦੱਸਦੀਆਂ ਹਨ।

ਯਹ ਸੁਨਿ ਬਾਤ ਰੀਝਿ ਜੜ੍ਹ ਗਯੋ ॥ ਛੋਰ ਭੰਡਾਰ ਅਧਿਕ ਧਨ ਦਯੋ ॥
ਭੇਦ ਅਭੇਦ ਕਛੁ ਨੈਕ ਨ ਚੀਨੋ ॥ ਲੂਟਜੋ ਹੁਤੋ ਲੂਟਿ ਧਨੁ ਲੀਨੋ ॥ ੧੪ ॥
ਯਹ ਚਰਿਤ੍ਰ ਵਹ ਨਿੱਤਿ ਬਨਾਵੈ ॥ ਮਦਰੋ ਪਜਾਇ ਅਧਿਕ ਤਿਹ ਸ੍ਵਾਵੈ ॥
ਸੁਧ ਬਿਨੁ ਭਜੋ ਤਾਹਿ ਜਬ ਜਾਨੈ ॥ ਲੇਤ ਉਤਾਰਿ ਜੁ ਕਛੁ ਮਨੁ ਮਾਨੈ ॥ ੧੫ ॥

Digitized by Panjab Digital Library | www.panjabdigilib.org

ਦੋਹਰਾ–ਐਸੇ ਕਰੇ ਚਰਿਤ੍ਰ ਵਹ ਸਕੈ ਮੂੜ ਨਹਿ ਪਾਇ ॥
ਮਧਰੋ ਅਧਿਕ ਪਿਵਾਇਕੈ ਮੂੰਡ ਮੂੰਡਿ ਲੈ ਜਾਇ ॥ ੧੬ ॥ ੧ ॥

ਐਉਂ ਗੱਲਾਂ ਸੁਣਕੇ ਉਸ ਮੂਰਖ ਨੇ ਸੱਚ ਮੰਨ ਲਿਆ ਅਤੇ ਦਿਲ ਖੋਲ੍ਹਕੇ ਉਸ ਨੂੰ ਪੈਸੇ ਦਿੱਤੇ, ਗਲ ਨੂੰ ਉੱਕਾ ਹੀ ਨਾ ਜਾਣਿਆ, ਇਕ ਤਾਂ ਉਹ ਗੁਆਂਢੀ ਸ਼ਰਾਬ ਲਈ ਧਨ ਲੁਟਦਾ ਰਿਹਾ ਅਤੇ ਬਾਕੀ ਬੇਹੋਸ਼ ਕਰਕੇ ਜੋ ਹੱਥ ਆਉਂਦਾ ਲੁਟ ਲੈਂਦਾ ਅਤੇ ਹਰ ਰੋਜ਼ ਐਉਂ ਹੁੰਦਾ ਕਿ ਬਹੁਤੀ ਸ਼ਰਾਬ ਪਿਆਕੇ ਸੁਲਾ ਛੱਡੇ ਅਤੇ ਬੇਹੋਸ਼ ਕਰਕੇ ਜੋ ਚਾਹੇ ਕਰੇ, ਬਸ ਐਸ ਢੰਗ ਨਾਲ ਮੂਰਖ ਉਸੇ ਦੇ ਪੈਸਿਆਂ ਦੀ ਸ਼ਰਾਬ ਪਿਲਾ ਪਿਲਾਕੇ ਸਿਰ ਮੁੰਨਦਾ ਰਿਹਾ ।

੧੬ ॥ ੭ ॥ ੨ ॥ ੨੨ ॥ ੩੭ ॥ ੧੪੪ ॥

੧ ਓ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾ: ੭ ॥ ਅਧਯਾ: ੨ ॥ ਅਲੋਚਨਾਤਮਕ ॥ ਪ੍ਰਕਰਣ ਨੰ: ੨੩ ॥ ੩੮ ॥ ੧੪੫॥

ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੇ ਨਿਰਣੇ ਦਾ ਨਿਰਣਾ ॥

ਜੋਰੀ ਜੀਯੇ ਜੁਗ ਚਾਰ ਤਿਹਾਰੀ ॥

੧–ਗਿ: ਭਾਗ ਸਿੰਘ ਦੀ ਇਸ ਅਲੋਚਨਾ ਤੇ ਗਿ: ਹਰਬੰਸ ਸਿੰਘ ਜੀ ਨੇ ਬੜੀ ਸੋਹਣੀ ਰੋਸ਼ਨੀ ਪਾਈ ਹੈ, ਉਹਨਾਂ ਨੇ ਗੁਰਬਾਣੀ ਅਤੇ ਆਪਣੀ ਦਲੀਲ ਦਿੰਦਿਆਂ ਸਿੱਧ ਕੀਤਾ ਹੈ ਕਿ ਇਸਦੇ ਪੜ੍ਹਨ ਨਾਲ ਗਿ: ਭਾਗ ਸਿੰਘ ਦਾ ਕੁਝ ਵੀ ਨਹੀਂ ਵਿਗੜਦਾ, ਕਿਉਂਕਿ ਹਰ ਬੱਚਾ ਬੱਚੀ ਮਾਪਿਆਂ ਲਈ ਸੱਸੀ ਤੇ ਪੁਨੂੰ ਦੇ ਤੁਲ ਹੀ ਸੋਹਣਾ ਤੇ ਪਿਆਰਾ ਲੱਗਦਾ ਹੈ। ਇਸ ਲਈ ਆਪਣੇ ਬੱਚੇ ਨੂੰ ਜਾਂ ਆਪਣੇ ਸੰਬੰਧੀ ਦੇ ਬੱਚੇ ਨੂੰ ਇਹ ਅਸੀਸ ਦੇ ਸਕਦਾ ਹੈ ਕਿ (ਜੋਰੀ ਜੀਯੇ ਜੁਗ ਚਾਰ ਤਿਹਾਰੀ) ਕੌਣ ਨਹੀਂ ਕਹਿੰਦਾ, ਐ ਮੇਰੇ ਬੱਚਿਓ!ਤੁਸੀਂ ਜੁਗੋ ਜੁਗ ਜੀਓ, ਇਹ ਕੋਈ ਓਪਰੀ ਗੱਲ ਨਹੀਂ। ਪਰ ਇਸ ਕਹਾਣੀ ਨੂੰ ਲਿਖਣ ਦਾ ਜੋ ਅਸਲ ਭਾਵ ਸੀ ਉਹ ਕੀ ਸੀ। ਗੁਰੂ ਗੋਬਿੰਦ ਸਿੰਘ ਜੀ ਇਕ ਕਾਬਲ ਪੀਰ ਤੇ ਮੁਕੰਮਲ ਮਨੁੱਖ ਅਥਵਾ ਪੂਰਨ ਗੁਰੂ ਹਨ । ਜਿਨ੍ਹਾਂ ਦੀ ਕਲਮ ਬਿਨਾਂ ਕਿਸੇ ਨਿਸ਼ਾਨੇ ਤੋਂ ਨਹੀ ਚੱਲ ਸੱਕਦੀ । (ਜੋਰੀ ਜੀਯੇ ਜੁਗ ਚਾਰ ਤਿਹਾਰੀ) ਬਾਰੇ ਥੋੜਾ ਪਹਿਲੇ ਭੀ ਦੱਸਿਆ ਜਾ ਚੁਕਾ ਹੈ, ਬਾਕੀ ਪੂਰੀ ਰੋਸ਼ਨੀ ਲਈ ਪੜ੍ਹੋ (**ਸ੍ਰੀ ਦਸਮੇਸ਼ ਗ੍ਰੰਥ ਦਰਪਣ**) ਸ: ੬੦ ਤੇ ੬੧ । ਹੁਣ ਅਸਾਂ ਤੱਕਣਾ ਹੈ ਕਿ ਗੁਰੂ ਜੀ ਦਾ ਅਸਲ ਭਾਵ ਕੀ ਸੀ।

Digitized by Panjab Digital Library | www.panjabdigilib.org

ਮਿਥਿਹਾਸ ਵਾਦ

੨-ਜਿਹੜਾ ਇਹ ਕਹਿਣਾ ਹੈ ਕਿ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਵਿਚ ਪੁਰਾਣਕ ਕਥਾਵਾਂ ਹਨ ਜੋ ਐਵੇਂ ਮਿਥਿਹਾਸ ਵਾਦ ਝੂਠੀਆਂ ਤੇ ਮਨੋ ਕਲਪਤ ਹਨ, ਇਹ ਕਿਥੋਂ ਤਕ ਠੀਕ ਹੈ। ਜੇਕਰ ਇਹ ਸਾਰੀਆਂ ਪੁਰਾਣਕ ਕਥਾਵਾਂ ਬੇ-ਬੁਨਿਆਦ ਹੁੰਦੀਆਂ ਤਾਂ ਪਹਿਲੇ ਗੁਰੂ ਅਰਜਨ ਦੇਵ ਜੀ ਇਹਨਾਂ ਦੇ ਹਵਾਲੇ ਕਦੇ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾ ਚੜ੍ਹਾਉਂਦੇ ਅਤੇ ਜੋ ਥਾਂ ਥਾਂ ਅਵਤਾਰਾਂ, ਭਗਤਾਂ, ਠੱਗਾਂ, ਚੋਰਾਂ, ਰਿਸ਼ੀਆਂ ਤੇ ਰਾਜਿਆਂ, ਮਹਾਰਾਜਿਆਂ ਦੇ ਅਨੇਕਾਂ ਹਵਾਲੇ ਸਾਨੂੰ ਮਿਲਦੇ ਹਨ, ਉਹ ਇਕ ਭੀ ਦਰਜ ਨਾ ਕਰਦੇ, ਜੋ ਭੀ ਵਿਸ਼ੇਸ਼ਣ ਗੁਰਬਾਣੀ ਵਿਚ ਵਸਦੇ ਹਨ, ਉਹਨਾਂ ਤੇ ਉਟੰਕਣ ਕਰਨਾ ਸਾਡਾ ਧਰਮ ਹੀ ਨਹੀਂ, ਜਦ ਕਿ ਅਸੀਂ ਗੁਰੂ ਅਰਜਨ ਦੇਵ ਜੀ ਨੂੰ ਪੂਰਨ ਗਿਆਨ ਗਿਆਤਾ ਤੇ ਬਾਣੀ ਦਾ ਬੋਹਿਥਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰਚੇਤਾ ਮੰਨਦੇ ਹਾਂ। ਅਰ ਗੁਰਬਾਣੀ ਸਾਨੂੰ ਆਦੇਸ਼ ਦਿੰਦੀ ਹੈ-ਕਿ ਸਾਰੇ ਗ੍ਰੰਥ ਦਾ ਤੱਤਸਾਰ ਲਵੋ, ਇਕ ਜ਼ਰਾ ਜਿੰਨੀ ਗਲ ਨੂੰ ਲੈਕੇ ਆਪਣਾ ਆਪ ਜਤਾਉਣ ਲਈ ਕਿਸੇ ਨਿੱਕੀ ਜਿਹੀ ਗੱਲ ਨੂੰ ਲੈਕੇ ਕਿਸੇ ਦੀ ਸਾਰੀ ਕੀਤੀ ਕਰਾਈ ਨੂੰ ਖੂਹ ਵਿਚ ਨਾ ਪਾ ਦਿਉ।

ਪਰਾਇਆ ਛਿਦ੍ ਅਟਕ ਲੈ ਅਪਣਾ ਅਹੰਕਾਰੁ ਵਧਾਵੈ।
ਜੈਸਾ ਬੀਜੈ ਤੈਸਾ ਖਾਵੈ ॥ ਸ: ੩੬੬ ॥ ਮਹਲਾ ੪ ॥

ਮਗੋਂ ਆਪ ਤਾਂ ਕਹਿੰਦੇ ਹਨ:-

ਅਬ ਮੈ ਸੁਖ ਪਾਇਓ ਗੁਰ ਆਗਿ ॥
ਤਜੀ ਸਿਆਨਪ ਚਿੰਤ ਵਿਸਾਰੀ ਅਹੰ ਛੋਡਿਓ ਹੈ ਤਿਆਗ ॥
੧ ॥ ਸ: ੭੦੦ ॥ ਮਹਲਾ ੫ ॥

ਹੇਠਾਂ ਲਿਖੇ ਸ਼ਬਦਾਂ ਨੂੰ ਵੀਚਾਰੋ ਇਹ ਕਿਥੋਂ ਆਏ ਹਨ, ਕੀ ਇਹ ਵੇਦ ਪੁਰਾਣਾਂ ਵਿਚੋਂ ਹੀ ਨਹੀਂ ਲਏ ਗਏ-

(੧) ਸਹੰਸਰ ਦਾਨ ਦੇ ਇੰਦ੍ ਰੋਆਇਆ ॥ ਪਰਸ ਰਾਮੁ ਰੋਵੈ ਘਰਿ ਆਇਆ ॥
ਅਜੈ ਸੁ ਰੋਵੈ ਭੀਖਿਆ ਖਾਇ ॥ ਐਸੀ ਦਰਗਹ ਮਿਲੈ ਸਜਾਇ ॥
ਰੋਵੈ ਰਾਮੁ ਨਿਕਾਲਾ ਭਇਆ ॥ ਸੀਤਾ ਲਖਮਣ ਵਿਛੁੜਿ ਗਇਆ ॥ ਆਦਿ
ਸ: ੯੫੩ ॥ ਮ: ੧ ॥

(੨) ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ ॥ ਸ: ੯੬੭ ॥ ਸ੍ਰੀ ਭਟਾਂ

(੩) ਜਿਨਿ ਬਾਸਕੁ ਨੇਤ੍ਰੈ ਘਤਿਆ ਕਰ ਨੇਹੀ ਤਾਣੁ ॥
ਜਿਨਿ ਸਮੁੰਦੁ ਵਿਰੋਲਿਆ ਕਰ ਮੇਰੁ ਮਧਾਣੁ ॥
ਚੌਦਹ ਰਤਨ ਨਿਕਾਲਿਅਨੁ ਕੀਤੋਨੁ ਚਾਨਾਣੁ ॥ ਸ: ੯੬੮ ॥

(੪) ਜਿਉ ਕੂਚਰੁ ਤੰਦੂਐ ਪਕਰ ਚਲਾਇਓ ਕਰਿ ਊਪਰੁ ਕਢ ਨਿਸਤਾਰੇ ॥
੧॥ ਸ: ੯੯੨ ॥ ਮਹਲਾ ੪ ॥

Digitized by Panjab Digital Library | www.panjabdigilib.org

(੫) ਕਰ ਧਰੇ ਚਕ੍ਰ ਬੈਕੁੰਠ ਤੇ ਆਏ ਰਾਜ ਹਸਤੀ ਕੇ ਪ੍ਰਾਨ ਉਧਾਰੀਅਲੇ ॥
ਦੁਹਸਾਸਨ ਕੀ ਸਭਾ ਦ੍ਰੌਪਤੀ ਅੰਬਰ ਲੈਤ ਉਬਾਰੀਅਲੇ ॥ ੧ ॥
ਗੌਤਮ ਨਾਰਿ ਅਹਲਿਆ ਤਾਰੀ ਪਾਵਨ ਕੇਤਕ ਤਾਰੀਅਲੇ ॥ ਸ: ੯੮੮ ॥
ਨਾਮਦੇਵ ਜੀ

(੬) ਪਾਂਚ ਬਰਖ ਕੋ ਅਨਾਥ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ ॥
ਪੁਤ੍ਰ ਹੇਤ ਨਾਰਾਇਣ ਕਹਿਓ ਜਮ ਕੰਕਰ ਮਾਰਿ ਬਿਦਾਰੇ ॥
(੭) ਬਾਲਮੀਕੁ ਸੁਪਚਾਰੋ ਤਰਿਓ ਬਧਿਕ ਤਰੇ ਬਿਚਾਰੇ ॥ ਸ: ੯੯੬ ॥

ਇਹੋ ਨਹੀਂ, ਅਨੇਕਾਂ ਹੀ ਨਹੀਂ,ਹਜ਼ਾਰਾਂ ਦੀ ਗਿਣਤੀ ਵਿਚ ਵਿਸ਼ੇਸ਼ਣ ਇਹ ਸਾਰੇ ਦੇ ਸਾਰੇ ਪੁਰਾਣਕ ਹੀ ਮਿਲਦੇ ਹਨ। ਜੇ ਇਹ ਸਾਰੇ ਪੁਰਾਣ ਹੀ ਝੂਠੇ ਹਨ ਤਾਂ ਕਿਵੇਂ ਲਿਖੇ ਗਏ, ਸਗੋਂ ਗੁਰਬਾਣੀ ਤਾਂ ਕਹਿੰਦੀ ਹੈ–

ਪੰਡਿਤ ਬੇਦੁ ਬੀਚਾਰਿ ਪੰਡਿਤ ॥ ਮਨ ਕਾ ਕ੍ਰੋਧੁ ਨਿਵਾਰਿ ਪੰਡਿਤ ॥
੧ ॥ ਰਹਾਉ ॥ ਸ: ੮੮੭ ॥ ਮਹਲਾ ੫

ਐ ਵਿਦਵਾਨ ਲੋਕੋ ! ਵੇਦ ਦੀ ਵੀਚਾਰ ਕਰੋ, ਐਵੇਂ ਦੂਜਿਆਂ ਪਰ ਹੀ ਗੁਸਾ ਨਾ ਕਰੀ ਜਾਉ। ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੇ ਇਕ ਇਕ ਸ਼ਬਦ ਦੇ ਅਰਥ ਕੱਢਣ ਵਿਚ ਇਨਸਾਨ ਨੂੰ ਵਖਤ ਪੈ ਜਾਂਦਾ ਹੈ, ਪਰ ਧੰਨ ਸਨ ਪੰਡਤ ਨਰਾਯਣ ਸਿੰਘ ਜੀ ਜਿਨ੍ਹਾਂ ਸਾਰੇ ਦਾ ਸਾਰਾ ਟੀਕਾ ਲਿਖਿਆ ਸੀ। ਜੋ ਅੱਜ ਸਾਥੋਂ ਇਸ ਲਈ ਅਲੋਪ ਹੋ ਗਿਆ ਹੈ ਜੋ ਮੇਰੇ ਵਰਗੇ ਕੱਟੜ ਪੰਥੀ ਉਸਨੂੰ ਅਪਰਮਾਣਕ ਦੱਸਦੇ ਹਨ ਕਿਉਂਕਿ ਉਹਨਾਂ ਨੇ ਵੇਦ ਤੇ ਪੁਰਾਣਾਂ ਦੇ ਹਵਾਲੇ ਦਿੱਤੇ ਹਨ ਅਰ ਆਪ ਪੜ੍ਹੇ ਹੋਏ ਸਨ, ਜੋ ਸਾਨੂੰ ਪਸੰਦ ਨਹੀਂ ਆਉਂਦੇ, ਪਤਾ ਨਹੀਂ ਉਹਨਾਂ ਕਿੰਨੀ ਮਿਹਨਤ ਕੀਤੀ ਹੋਵੇਗੀ। ਜੇਕਰ ਉਹਨਾਂ ਦਾ ਲਿਖਿਆ ਨਾ ਪ੍ਰਮਾਣਕ ਹੈ ਤਾਂ ਆਪ ਪ੍ਰਮਾਣਕ ਲਿਖ ਦਿਉ। ਸ਼ਰਧਾਲੂ ਵੀਰਾਂ ਨੂੰ ਪੜ੍ਹਨ ਲਈ ਕੁਝ ਹਥ ਤਾਂ ਆਵੇ, ਪਰ ਐਨੀ ਹਿੰਮਤ ਕੌਣ ਕਰੇ, ਕਿਉਂ ਨਾ ਇਕੋ ਸ਼ਬਦ ਵਿਚ ਗਲ ਮੁਕਾਈ ਜਾਵੇ ਕਿ ਇਹ ਟੀਕਾ ਪ੍ਰਮਾਣਕ ਨਹੀਂ ਹੈ। ਇਸ ਤੋਂ ਚੰਗਾ ਹੈ ਕਿ ਨਾ ਦਸਮ ਗ੍ਰੰਥ ਛਾਪਿਆ ਜਾਵੇ ਨਾ ਪੜ੍ਹਿਆ ਜਾਵੇ। ਕਿਡੀ ਸੋਹਣੀ ਦਲੀਲ ਹੈ ਇਹ। ਪਾਠਕ ਜਨੋਂ ਇਸ ਬਾਰੇ ਹੋਰ ਵਿਚਾਰ ਕਰੋ।

੩-ਜਿਸ ਵੇਲੇ ਪੁਨੂੰ ਰਾਜਾ ਸਸੀ ਨੂੰ ਵਿਆਹ ਕੇ ਘਰ ਪੁਜਾ ਤਾਂ ਸ਼ਹਿਰ ਦੇ ਸਭ ਚਿੰਤਕ ਇਕਠੇ ਹੋ ਗਏ ਅਤੇ ਜਦੋਂ ਉਹਨਾਂ ਤਕਿਆ ਕਿ ਪੁਨੂੰ ਇਕ ਸੁੰਦਰ ਨੌਜਵਾਨ ਦ੍ਰਿਸ਼ਟੀ ਯੋਗ ਸੀ,ਉਥੇ ਸਸੀ ਭੀ ਚੰਦਰਮਾਂ ਦੀ ਛਬ ਦੇ ਰਹੀ ਸੀ। ਜਿਸਨੂੰ ਤਕ ਕੇ ਨਗਰ ਨਿਵਾਸੀ ਤੇ ਸ਼ੁਭ ਚਿੰਤਕਾਂ ਨੇ ਕਿਹਾ ਸੀ ਕਿ ਹੇ ਪ੍ਰਵਰਦਗਾਰ! ਅਸੀਂ ਇਹ ਅਸੀਸ ਦਿੰਦੇ ਹਾਂ ਕਿ ਐ ਬਚੇ ਤੁਹਾਡੀ ਜੋੜੀ ਚਾਰ ਜੁਗ ਤਕ ਜੀਵੇ। ਅਸੀਂ ਕਹਿੰਦੇ ਹਾਂ ਕਿ ਹੇ ਮਹਾਰਾਜ ਸਾਡੀ ਅਸੀਸ ਹੈ ਕਿ ਇਸ ਜੋੜੀ ਨੂੰ ਲੰਮੀ ਉਮਰ ਤੇ ਆਪਸੀ ਪਿਆਰ,ਬਖਸ਼ੀਂ ਤੇ ਪ੍ਰਸਪਰ ਪਿਆਰ ਬਣਿਆ ਰਹੇ। ਪੜ੍ਹੋ ਇਸ ਤੋਂ ਅਗਲਾ ਸ੍ਵੈਯਾ ਜੋ ਸਸੀ ਦੇ ਮਾਤਾ ਪਿਤਾ ਜਾਂ ਸਬੰਧੀ ਅਥਵਾ ਨਗਰ ਨਿਵਾਸੀਆਂ ਵਲੋਂ ਹੈ–

ਰੂਪ ਅਪਾਰ ਲਖੈਂ ਨ੍ਰਿਪ ਕੋ ਪੁਰ ਬਾਸਿਨ ਕੌ ਉਪਜਯੋ ਸੁਖ ਭਾਰੋ ॥
ਭੀਰ ਪਈ ਨਰ ਨਾਰਿਨ ਕੀ ਸਭਹੂੰ ਸਭ ਸੋਕ ਬਿਦਾ ਕਰਿ ਡਾਰੋ ॥
ਪੂਰਨ ਪੁੰਨਜ ਪ੍ਰਭਾਵ ਤੇ ਆਜੁ ਮਿਲਯੋ ਮਨ ਭਾਵਤ ਮੀਤ ਪਯਾਰੋ ॥
ਆਵਤ ਜਾਂਹਿ ਕਹੈ ਮਨ ਮਾਹਿ ਸੁ ਬਾਲ ਜੀਉ ਪਤਿ ਲਾਲ ਤਿਹਾਰੋ ॥ ੧੨ ॥ ਸ: ੯੫੫ ॥

Digitized by Panjab Digital Library | www.panjabdigilib.org

ਨਗਰ ਵਾਸੀ ਇਕੱਠੇ ਹੋ ਗਏ ਤਾਂ ਰਾਜੇ ਦੇ ਬਹੁਤ ਸੋਹਣੇ ਰੂਪ ਨੂੰ ਤੱਕਦੇ ਹਨ। ਐਉਂ ਪ੍ਰਸੰਨ ਹੋਏ ਜਿਵੇਂ ਉਹਨਾਂ ਦੇ ਸਾਰੇ ਦੁਖ ਦੂਰ ਹੋ ਜਾਂਦੇ ਹਨ। ਆਦਮੀ ਤੇ ਤੀਵੀਆਂ ਦੀ ਭੀੜ ਲਗ ਗਈ, ਖੁਸ਼ੀ ਵਿਚ ਆਕੇ ਉਹਨਾਂ ਦੇ ਸਾਰੇ ਦੁਖ ਦੂਰ ਹੋ ਗਏ। ਅਤੇ ਬੱਚੀ ਨੂੰ ਕਹਿੰਦੇ ਹਨ ਕਿ ਤੇਰੇ ਵਡੇ ਪੁੰਨਾਂ ਦੇ ਪ੍ਰਭਾਵ ਕਰਕੇ ਅਜ ਤੈਨੂੰ ਮਨ ਭਾਉਂਦਾ ਜੋੜੀਦਾਰ ਮਿਲਿਆ ਹੈ। (ਭਾਵ ਚੰਗਾ ਵਰ ਮਿਲਿਆ ਹੈ)

ਜੇਹੜਾ ਭੀ ਆਉਂਦਾ ਉਹੀ ਆਪਣੇ ਮਨ ਵਿਚੋਂ ਇਹੋ ਕਹਿੰਦਾ ਹੈ ਕਿ ਐ ਬੱਚੀ, ਤੇਰਾ ਪਤੀ ਜੀਉਂਦਾ ਰਵੇ। ਕਿਡੇ ਪਿਆਰੇ ਸ਼ਬਦ ਇਹਨਾਂ ਸ੍ਵਾਮਾਂ ਵਿਚ ਢੁਕਵੇਂ ਪਰੋਏ ਹੋਏ ਹਨ, ਫੇਰ ਕਿਉਂ ਨਾ ਅਸੀਂ ਆਪਣੇ ਗੁਰੂ ਦੇ ਮੁਖੋਂ ਨਿਕਲੇ ਸ਼ਬਦਾਂ ਦ੍ਵਾਰਾ ਜੋੜੀ ਨੂੰ ਅਸੀਸ ਦੇਈਏ, ਜਦ ਕਿ ਕਈ ਵਾਰ ਅਸੀਂ ਕਿਸੇ ਨਾ ਕਿਸੇ ਕਵੀ ਦੀ ਰਚਨਾ ਨੂੰ ਲੈਕੇ ਪੜ੍ਹਦੇ ਰਹਿੰਦੇ ਹਾਂ, ਕੀ ਉਹਨਾਂ ਕਵੀਆਂ ਦੀ ਰਚੀ ਕੱਚੀ ਬਾਣੀ ਨਾਲੋਂ ਸ੍ਰੀ ਦਸਮੇਸ਼ ਜੀ ਦੀ ਰਸਨਾਂ ਤੋਂ ਨਿਕਲੀ ਗੁਰਬਾਣੀ ਭੈੜੀ ਹੈ ? ਸੁਝਵਾਨ ਰਾਗੀਆਂ ਨੂੰ ਇਹ ਦੋਵੇਂ ਸ੍ਵਾਮੇ ਪੜ੍ਹਨੇ ਅਵਸ਼ਕ ਜਾਨਣੇ ਚਾਹੀਦੇ ਹਨ। ਇਹ ਬੜੀ ਅਸਚਰਜ ਕਰਨ ਵਾਲੀ ਅਦਭੂਤ ਸਿਖਿਆ-ਦਾਇਕ ਕਹਾਣੀ ਹੈ, ਜਿਸਦੀ ਅਸੀਂ ਸਾਰ ਨਹੀਂ ਜਾਣ ਸਕੇ।

੪–ਪੁਨੂੰ ਤੇ ਸੱਸੀ ਦੀ ਇਕੋ ਜਿਹੀ ਸੁੰਦਰ ਜੋੜੀ ਬਣ ਗਈ ਅਤੇ ਇਹਨਾਂ ਦੇ ਪਿਆਰ ਨੂੰ ਪੁਨੂੰ ਦੀ ਪਹਿਲੀ ਇਸਤ੍ਰੀ ਨਾ ਦੇਖ ਸਕੀ। ਉਸ ਨੇ ਪਹਿਲਾਂ ਤਾਂ ਸੱਸੀ ਪਰ ਜੰਤ੍ਰ ਮੰਤ੍ਰ ਟੂਣੇ ਦਾ ਬਲ ਪਾ ਦਿੱਤਾ, ਜਿਸ ਕਰਕੇ ਸੱਸੀ ਕਦੀ ਬੇਹੂਦਾ ਬੋਲੇ, ਕਦੇ ਬਾਹਰ ਨੂੰ ਦੌੜੇ ਅਤੇ ਮੰਤ੍ਰਾਂ ਦੇ ਸਾਏ ਹੇਠ ਰਾਜੇ ਪੁਨੂੰ ਦਾ ਹਿਤ ਭੀ ਸੱਸੀ ਵਲੋਂ ਟੁਟ ਗਿਆ। ਪਰ ਫੇਰ ਸੱਸੀ ਦਾ ਭੀ ਇਲਾਜ ਹੋਣ ਕਾਰਨ ਪੜ ਕੇ ਰਾਜੇ ਦੀ ਤੇ ਸੱਸੀ ਦੀ ਪ੍ਰੀਤ ਵੱਧ ਗਈ, ਜਿਸ ਤੋਂ ਪਹਿਲੀ ਰਾਣੀ ਦੁਖੀ ਹੋਈ ਅਤੇ ਉਸ ਨੇ ਰਾਜੇ ਨੂੰ ਮਰਵਾਉਣ ਦਾ ਪ੍ਰਬੰਧ ਕੀਤਾ, ਤਾਂ ਕਿ ਆਪਣੇ ਪੁਤਰ ਨੂੰ ਰਾਜਾ ਬਣਾ ਦੇਵੇ,ਨਾਲੇ ਤੱਕਿਆ ਕਿ ਪੁਨੂੰ ਦੇ ਮਰਨ ਨਾਲ ਸੱਸੀ ਆਪਣੇ ਆਪ ਮਰ ਜਾਏਗੀ।

ਹੁਣ ਪਹਿਲੀ ਰਾਣੀ ਨੇ ਇਕ ਸ਼ਿਕਾਰੀ ਨੂੰ ਲਾਲਚ ਦੇਕੇ ਪੁਨੂੰ ਨੂੰ ਮਾਰਨ ਲਈ ਪੱਕਾ ਪ੍ਰਬੰਧ ਕਰ ਲਿਆ, ਉਧਰ ਪੁਨੂੰ ਦਾ ਕਾਲ ਆ ਪਹੁੰਚਾ, ਉਹ ਸ਼ਿਕਾਰ ਨੂੰ ਚਲਾ ਗਿਆ, ਸੰਘਣੇ ਬਣ ਵਿਚ ਇਕੱਲਾ ਤੱਕ ਕੇ ਦੁਸ਼ਮਨ ਨੇ ਤੀਰ ਮਾਰਕੇ ਮਾਰ ਸੁਟਿਆ। ਪਰ ਪੁਨੂੰ ਇਕ ਬਹਾਦਰ ਬੀਰ ਸੀ, ਜਿਸਨੇ ਉਸਨੂੰ ਤੀਰ ਮਾਰਿਆ ਸੀ ਤੱਤੇ ਘਾ ਉਸ ਨੂੰ ਮਾਰ ਕੇ ਆਪ ਭੀ ਘੋੜੇ ਤੋਂ ਗਿਰ ਕੇ ਠੰਢਾ ਹੋ ਗਿਆ ਸੀ। ਨੌਕਰਾਂ ਨੇ ਉਥੇ ਹੀ ਕਬਰ ਪੁੱਟ ਕੇ ਦਫਨ ਕਰ ਦਿੱਤਾ; ਪਰ ਉਸ ਘਰ ਆਕੇ ਸੱਸੀ ਨੂੰ ਦੱਸਿਆ ਤਾਂ ਸੱਸੀ ਕਬਰ ਪਰ ਪੁਜੀ ਅਤੇ ਜਦੋਂ ਕਬਰ ਤੱਕੀ ਬਸ ਇਕ ਦਮ ਹੀ ਆਪਣੇ ਪ੍ਰਾਣ ਪਤੀ ਦੇ ਨਾਲ ਹੀ ਤੋਰ ਦਿੱਤੇ, ਜਿਸ ਬਾਰੇ ਗੁਰੂ ਜੀ ਨੇ ਐਉਂ ਲਿਖਿਆ ਹੈ :-

ਚੌਪਈ–ਚਲੀ ਚਲੀ ਅਬਲਾ ਤੱਹ ਆਈ ॥ ਦਾਬਯੋ ਜਹਾਂ ਮੀਤ ਸੁਖਦਾਈ ॥
ਕਬਰ ਨਿਹਾਰਿ ਚਕ੍ਰਿਤ ਚਿਤ ਭਈ ॥ ਤਾਂਹੀ ਬਿਖੈ ਲੀਨ ਹ੍ਵੈ ਗਈ ॥ ੪੩ ॥

ਦੋਹਰਾ–ਮਰਨ ਸਭਨ ਕੇ ਮੂੰਡ ਪੈ ਸਫਲ ਮਰਨ ਹੈ ਤਾਹਿ ॥
ਤਨਕ ਬਿਖੈ ਤਨ ਕੋ ਤਜੈ ਪਿਯ ਸੋ ਪ੍ਰੀਤਿ ਬਨਾਇ ॥ ੪੪ ॥

ਤਨ ਗਾਡਿਯੋ ਯੋ ਜਹ ਤੁਮ ਮਿਲੇ ਅੰਗ ਮਿਲਯੋ ਸਰਬੰਗ ॥
ਸਭ ਕਛੁ ਤਜਿ ਗ੍ਰਿਹ ਕੋ ਚਲਯੋ ਪ੍ਰਾਨ ਪਿਯਾਰੇ ਸੰਗ ॥ ੪੫॥

Digitized by Panjab Digital Library | www.panjabdigilib.org

ਪਵਨ ਪਵਨ ਆਨਲ ਆਨਲ ਨਭ ਨਭ ਭੂ ਭੂ ਸੰਗ ॥
ਜਲ ਜਲ ਕੇ ਸੰਗ ਮਿਲਿ ਗਯੋ ਤਨੁ ਪਿਯ ਕੋ ਸਰਬੰਗ ॥ ੪੬ ॥

ਭਾਵ-ਰਾਣੀ ਸੱਸੀ ਘਰੋਂ ਚੱਲੀ ਪਤੀ ਦੀ ਕਬਰ ਪਰ ਪੁਜ ਗਈ ਅਤੇ ਚੱਕਰ ਖਾਕੇ ਆਪਣੇ ਪਤੀ ਪੁਨੂੰ ਦੀ ਰੂਹ ਵਿਚ ਜਾ ਮਿਲੀ। ਗੁਰੂ ਜੀ ਕਹਿੰਦੇ ਹਨ ਕਿ ਮਰਨਾ ਤਾਂ ਸਭ ਦੇ ਹੀ ਸਿਰ ਪਰ ਖੜਾ ਹੈ, ਪਰ ਚੰਗਾ ਮਰਨਾ ਉਸਦਾ ਹੈ ਜੋ ਆਪਣੇ ਪਤੀ ਦੀ ਪ੍ਰੀਤ ਨਾਲ ਜੁੜ ਕੇ ਪਲ ਵਿਚ ਮਰਦਾ ਹੈ। ਜਿਥੇ ਪੁਨੂੰ ਪਿਆ ਸੀ ਉਸ ਦੇ ਨਾਲ ਹੀ ਆਪ ਜਾ ਪਈ ਅਤੇ ਆਪਣਾ ਸਭ ਕੁਝ ਤਿਆਗ ਕੇ ਆਪਣੇ ਪਿਆਰੇ ਦੇ ਨਾਲ ਪ੍ਰਾਣ ਜਾ ਮਿਲਾਏ ॥ ਪੰਜੇ ਤਤ ਪੰਜਾਂ ਤੱਤਾਂ ਵਿਚ ਜਾ ਰਲੇ ਅਤੇ ਸਰੀਰ ਆਪਣੇ ਪਤੀ ਦੇ ਨਾਲ ਜਾ ਮਿਲਿਆ। ਇਸੇ ਮਰਨ ਨੂੰ ਗੁਰਬਾਣੀ ਐਉਂ ਕਹਿੰਦੀ ਹੈ :-

ਸਤੀਆਂ ਇਹ ਨ ਆਖੀਐ ਜੋ ਮੜੀਆਂ ਲਗ ਮਰੰਨ ॥
ਭੀ ਸੁ ਸਤੀਆਂ ਆਖੀਐ ਬਿਰਹੈ ਚੋਟ ਮਰੰਨ ॥

ਕਿੱਡਾ ਆਦਰਸ਼ਕ ਪ੍ਰਸੰਗ ਹੈ, ਜਿਸਦਾ ਗਿ: ਭਾਗ ਸਿੰਘ ਜੀ ਮਖੌਲ ਉਡਾਉਂਦੇ ਹਨ।

ਪ-ਅੱਗੇ ਤੱਕੋ ਗੁਰੂ ਜੀ ਉਸ ਬਾਰੇ ਕੀ ਕਹਿੰਦੇ ਹਨ, ਜਿਸਨੇ ਆਪਣੇ ਪਤੀ ਨੂੰ ਸ਼ਿਕਾਰੀ ਕੋਲੋਂ ਬਾਣ ਮਰਵਾਕੇ ਕਤਲ ਕੀਤਾ ਸੀ।

ਸ੍ਰੀ ਦਸ਼ਮੇਸ ਜੀ ਵੱਲੋਂ

ਪਾਪ ਨਰਕ ਤੇ ਨਾ ਡਰੀ ਕਰੀ ਸਵਤਿ ਕੀ ਕਾਨਿ ॥
ਅਤਿ ਚਿਤ ਕੋਪ ਬਢਾਇਕੈ ਪਿਯ ਲਗਵਾਯੋ ਬਾਨ ॥

ਕਿ ਉਹ ਇਸਤ੍ਰੀ ਨਾ ਪਾਪ ਤੇ ਅਰ ਨਾ ਹੀ ਨਰਕ ਤੇ ਡਰੀ ਜਿਸਨੇ ਗੁਸੇ ਵਿਚ ਆਕੇ ਪਤੀ ਦੇ ਤੀਰ ਮਰਵਾਇਆ ਸੀ।

ਨਾਨਕ ਆਖੈ ਰੇ ਮਨਾ ਸੁਣੀਐ ਸਿਖ ਸਹੀ ॥
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥ ਸ: ੯੫੩ ॥ ਮਹਲਾ ੧ ॥

ਗੁਰਬਾਣੀ ਕਹਿੰਦੀ ਹੈ ਕਿ ਐ ਲੋਕੋ ਸੱਚੀ ਗਲ ਨੂੰ ਕੰਨ ਦੇਕੇ ਸੁਣੋ, ਰਬ ਨੇ ਲੇਖਾ ਮੰਗਣਾ ਹੈ। ਧਰਮਰਾਜ ਨੇ ਲੇਖਾ ਕਰਨਾ ਹੈ (ਬੈਠਾ ਕਢ ਵਹੀ) ਉਸਦੇ ਪਾਸ ਹੈ (ਜੈਸਾ ਕਰੇ ਸੁ ਤੈਸਾ ਪਾਵੈ) ਇਸੇ ਸਿਖਿਆ ਨੂੰ ਸ੍ਰੀ ਦਸਮੇਸ਼ ਜੀ ਸਾਨੂੰ ਪ੍ਰਮਾਣ ਦੇਕੇ ਦਸ ਰਹੇ ਹਨ, ਪਰ ਅਸੀਂ ਉਹਨਾਂ ਦੀ ਸੱਚੀ ਗੱਲ ਸੁਣਨ ਦੀ ਥਾਂ ਅਲੋਚਨਾਂ ਤੇ ਟਿਚਕਰਾਂ ਕਰਦੇ ਹਾਂ। ਗੁਰੂ ਜੀ ਪੂਰੇ ਹਾਲ ਵਿਚ ਦਰਸਾ ਰਹੇ ਹਨ, ਰਾਜੇ ਪੁਨੂੰ ਦੀ ਪਹਿਲੀ ਰਾਣੀ ਪ੍ਰਭਾਵਤੀ ਨੇ ਕਾਮਥ ਵਸ ਹੋਕੇ ਪਤੀ ਨੂੰ ਮਰਵਾ ਦਿੱਤਾ ਤਾਂ ਕਿ ਆਪਣੀ ਮਨ ਮਾਨੀ ਕਰ ਸਕੇ, ਉਸਤੇ ਰੋਕ ਕੋਈ ਨਾ ਰਹੇ, ਪੁਤ੍ਰ ਨਦਾਨ ਸੀ, ਆਪਣੀ ਖੇਲ ਕੁਦ ਵਿਚ ਮਸਤ ਸੀ, ਬਰਾਏ ਨਾਮ ਰਾਜ ਦੀ ਜਿੰਮੇਵਾਰੀ ਉਸ ਨੂੰ ਸੌਂਪ ਦਿੱਤੀ ਸੀ, ਪਰ ਆਪ ਅਜ਼ਾਦਾਨਾ ਭੋਗ ਬਿਲਾਸਾਂ ਵਿਚ ਮਸਤ ਰਹਿੰਦੀ।

ਧਰਮਰਾਜ ਨੇ ਵੀਚਾਰਿਆ ਕਿ ਪ੍ਰਭਾਵਤੀ ਨੂੰ ਉਹੀ ਸਜ਼ਾ ਮਿਲਣੀ ਚਾਹੀਦੀ ਹੈ ਅਤੇ ਇਸ ਦੀ ਮੌਤ ਲਈ, ਉਰਵਸ਼ੀ ਅਪਛਰਾਂ ਦੀ ਡਿਉਟੀ ਲਾਈ ਗਈ ਜੋ ਬਹੁਤ ਹੀ ਸੁੰਦਰ ਲਿਬਾਸ ਤੇ ਮਰਦਾਵੇਂ

Digitized by Panjab Digital Library | www.panjabdigilib.org

ਭੇਸ ਵਿਚ ਇਸਦੇ ਪਾਸ ਆਈ ਅਤੇ ਇਹ ਉਸਨੂੰ ਤਕ ਕੇ ਉਸ ਪਰ ਮੋਹਤ ਹੋ ਕੇ ਇਸਦੇ ਨਾਲ ਚਲੀ ਗਈ ਪਰ ਉਰਵਸ਼ੀ ਜੋ ਛਲ ਰੂਪ ਮੋਹਨ ਬਣੀ ਹੋਈ ਸੀ ਨੇ ਮੋਮ ਦਾ ਲਿੰਗ ਬਣਾ ਕੇ ਉਸ ਨੂੰ ਜ਼ਹਿਰ ਲਾ ਕੇ ਉਸ ਦੇ ਅੰਦਰ ਭੇਜ ਦਿਤਾ । ਜਿਸ ਨਾਲ ਜ਼ਹਿਰ ਚੜ੍ਹਕੇ ਉਸ ਦੀ ਮੌਤ ਹੋ ਗਈ ।

ਗੁਰੂ ਜੀ ਇਹ ਸਭ ਕੁਝ ਦਸ ਕੇ ਉਹ ਨਕਸ਼ਾ ਖਿਚਦੇ ਹਨ ਕਿ ਭਾਵੇਂ ਕੋਈ ਹੀਲਾ ਜਾਂ ਬਹਾਨਾ ਕਰੇ ਪਰ ਰਬ ਨੇ ਧਰਮਰਾਜ ਦੀ ਡਿਊਟੀ ਲਾਈ ਹੋਈ ਹੈ । ਜੋ (ਬਹਿ ਸੱਚਾ ਨਿਆਉ ਕਰੇ) ।

ਨਿਜੁ ਪਤਿ ਕੋ ਜਿਨਿ ਤ੍ਰਿਯਹਿ ਸੰਘਾਰਯੋ ॥
ਤਾਕੋ ਤੈਂ ਇਹ ਭਾਂਤਿ ਪ੍ਰਹਾਰਯੋ ॥ ੫੭ ॥

ਦੋਹਰਾ--ਜਾ ਦੁਖ ਤੇ ਜਿਨਿ ਇਸਤ੍ਰਯਹਿ ਨਿਜੁ ਪਤਿ ਹਨਯੋ ਰਿਸਾਇ ॥
ਤਿਸੀ ਦੋਖ ਮਾਰਯੋ ਤਿਸੈ ਧੰਨਜ ਧੰਨਜ ਜਮ ਰਾਇ ॥ ੫੮ ॥

ਭਾਵ ਕਿ ਗੁਰੂ ਜੀ ਦਾ ਭਾਵ ਇਹ ਸਾਖੀ ਸੁਣਾ ਕੇ ਦਸਣਾ ਹੈ ਕਿ ਜੈਸਾ ਕੋਈ ਕਰਦਾ ਹੈ ਵੈਸਾ ਹੀ ਭਰਦਾ ਹੈ । ਤਾਂ ਕਿ ਅਸੀਂ ਨੇਕ ਅਮਾਲ ਅਪਣਾਈਏ ।

ਜੈਸਾ ਕਰੈ ਸੁ ਤੈਸਾ ਪਾਏ ॥ ਅਭਿਮਾਨੀ ਕੀ ਜੜ ਸਰ ਪਰ ਜਾਏ ॥

੬-ਮੈਂ ਚਾਹੁੰਦਾ ਹਾਂ ਕਿ ਵਿਸਥਾਰ ਨਾ ਵਧੇ ਪਰ ਜਦੋਂ ਭੀ ਕਿਸੇ ਪ੍ਰਕਾਰ ਨਾਲ ਗਲ ਹੁੰਦੀ ਹੈ ਉਹ ਇਹੀ ਸਵਾਲ ਕਰਦਾ ਹੈ ਕਿ ਚੋਰਿਤ੍ਰ ਕਿਉਂ ਲਿਖੇ, ਇਹਨਾਂ ਦੀ ਕੀ ਲੋੜ ਸੀ । ਗਿ: ਮਲਕੀਅਤ ਸਿੰਘ ਡੱਲਾ ਸ਼ਰੋਮਣੀ ਕਮੇਟੀ ਵਲੋਂ ਨੀਯਤ ਕੀਤਾ ਪ੍ਰਚਾਰਕ ਹੈ । ਸਾਵਣ ਦੀ ਪਹਿਲੀ ਅਤੇ ਜੂਨ ਦੀ ੧੬ ਤਾਰੀਖ ੧੯੮੧ ਨੂੰ ਮੇਰੀ ਉਸ ਨਾਲ ਇਸ ਵਿਸ਼ੇ ਤੇ ਵਿਚਾਰ ਹੋਈ ਸੀ ਜਿਸ ਵਿਚ ਉਸ ਨੇ ਆਪਣੀ ਇਹ ਦਲੀਲ ਮੇਰੇ ਅਗੇ ਰਖੀ ਸੀ ਕਿ ਇਹਨਾਂ ਚਰਿਤ੍ਰਾਂ ਦੇ ਲਿਖਣ ਦੀ ਲੋੜ ਹੀ ਕੀ ਸੀ । ਜਦੋਂ ਮੈਂ ਪੁਛਿਆ ਕਿ ਡਲਾ ਜੀ ! ਤੁਸਾਂ ਆਪ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਪੜ੍ਹਿਆ ਹੈ ਤਾਂ ਉਤ੍ਰ ਨਾਂਹ ਵਿਚ ਆਇਆ, ਪਰ ਜੇਹੜੀ ਵਸਤੂ ਮੈਂ ਦੇਖੀ ਹੀ ਨਹੀਂ ਨਾ ਪਰਖੀ ਹੈ ਉਸ ਨੂੰ ਮੈਂ ਬੇ ਲੋੜਾ ਕਿਵੇਂ ਕਹਿ ਸਕਦਾ ਹਾਂ ? ਸਾਰੇ ਚਰਿਤ੍ਰਾਂ ਦੇ ਉੱਤਰ ਲਿਖਣ ਤੋਂ ਮੇਰੀ ਮਜਬੂਰੀ ਹੈ । ਇਹ ਵਿਸ਼ਾ ਬੜਾ ਲੰਮਾ ਚੌੜਾ ਹੈ । ਗੁਰੂ ਜੀ ਦੀਆਂ ਅੰਦਰ ਦੀਆਂ ਗੁਰੂ ਜੀ ਆਪ ਹੀ ਜਾਣਦੇ ਹਨ । ਮੈਂ ਕੌਣ ਕੀਟ ਹਾਂ ਜੋ ਦਾਵਾ ਕਰ ਸਕਾਂ । ਪਰ ਚੌਣਵੇਂ ਚਰਿਤ੍ਰ ਮੈਂ ਖੋਹਲਣੇ ਦਾ ਜਤਨ ਕੀਤਾ ਹੈ । ਵਿਦਵਾਨ ਲੋਕ ਉਹਨਾਂ ਤੇ ਵਿਚਾਰ ਕਰ ਸਕਦੇ ਹਨ । ਜੇ ਅਸੀਂ ਇਹ ਮੰਨਦੇ ਹਾਂ ਕਿ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਸ੍ਰੀ ਦਸਮੇਸ਼ ਜੀ ਦਾ ਲਿਖਿਆ ਹੈ ਤਾਂ ਸਾਡਾ ਏਥੇ ਇਹ ਹਕ ਹੀ ਮੁਕ ਜਾਂਦਾ ਹੈ ਕਿ ਜੋ ਅਸੀਂ ਕਹੀਏ ਕਿ ਇਹ ਲਿਖੇ ਹੀ ਕਿਉਂ ਹਨ ? ਇਹ ਇਕ ਸਾਡੀ ਹਮਾਕਤ ਹੈ ਜੋ ਸਮਰਥ ਗੁਰੂ ਦੇ ਅੱਗੇ ਚਲ ਨਹੀਂ ਸਕਦੀ । ਬਿਨਾਂ ਮਾਇਨੇ ਉਹਨਾਂ ਦਾ ਇਕ ਚਰਿਤ੍ਰ ਭੀ ਨਹੀਂ ਪਰ ਵਿਚੋਂ ਰਾਜ਼ ਅਸੀਂ ਸਮਝ ਨਹੀਂ ਰਹੇ, ਮੈਂ ਘਟ ਤੋਂ ਘੱਟ ਛੋਟਾ ਕਰਨ ਦਾ ਜਤਨ ਕਰਦਾ ਹਾਂ ਪਰ ਫੇਰ ਭੀ ਕਿਤੇ ਕਿਤੇ ਜੀ ਕਰਦਾ ਹੈ ਕਿ ਕੋਈ ਨਾ ਕੋਈ ਰਾਜ਼ ਖੋਲਿਆ ਜਾਵੇ ।

੭-੧੧੦ਵਾਂ ਚਰਿਤ੍ਰ ਇਕ ਰੁਪੇਸ਼ੂਰ ਪੂਰਬ ਦੇ ਰਾਜੇ ਦਾ ਹੈ ਜੋ ਬੜਾ ਸੂਰਮਾਂ ਬਹਾਦਰ ਹੈਸੀ ਪਰ ਉਸਦੇ ਘਰ ਔਲਾਦ ਨਹੀਂ ਸੀ । ਜਿਸ ਲਈ ਰਾਣੀ ਨੇ ਦੂਜਰੇ ਵਿਆਹ ਲਈ ਮਜਬੂਰ ਕੀਤਾ ਤੇ ਇਕ ਰਾਜੇ ਦੀ ਪੁਤਰੀ ਵਿਆਹ ਲਈ ਪਰ ਉਹ ਰਾਜੇ ਨੂੰ ਪਸੰਦ ਨਾ ਆਈ । ਜਿਸ ਲਈ ਉਹ ਬੜੇ ਸਬਰ ਤੇ ਸੰਤੋਖ ਨਾਲ ਰਾਜੇ ਦੇ ਰੁਖ ਤੋਂ ਬਿਨਾਂ ਯਤੀਮ ਜਿਹੀ ਹਾਲਤ ਵਿਚ ਸਮਾਂ ਬਿਤਾਂਦੀ ਰਹੀ । ਸਮੇਂ ਨੇ

Digitized by Panjab Digital Library | www.panjabdigilib.org

ਅੰਗੜਾਈ ਲਈ, ਇਕ ਗਨੀਮ ਨੇ ਉਸ ਪਰ ਚੜ੍ਹਾਈ ਕਰ ਦਿਤੀ ਅਤੇ ਦੋਹਾਂ ਪਾਸਿਆਂ ਦੇ ਸੂਰਮੇਂ ਦਿਲ ਖੋਹਲ ਕੇ ਲੜੇ, ਅੰਤ ਰੁਪੇਸ਼ੂਰ ਦੀ ਫਤਹਿ ਹੋ ਗਈ ਤਾਂ ਉਸ ਲੜਕੀ ਨੂੰ ਜਿਸ ਨੂੰ ਰਾਜਾ ਪਸੰਦ ਨਹੀਂ ਸੀ ਕਰਦਾ, ਉਸ ਨੂੰ ਪਤਾ ਲਗ ਗਿਆ ਕਿ ਰੁਪੇਸ਼ੂਰ ਜਿਤ ਗਿਆ ਹੈ। ਪਰ ਉਸ ਨੇ ਇਕ ਚਰਿਤ੍ਰ ਰਚਿਆ ਕਿ ਸਮਸ਼ਾਨ ਵਿਚ ਲਕੜਾਂ ਭੇਜ ਦਿਤੀਆਂ ਅਤੇ ਆਪ ਸਤੀ ਦਾ ਭੇਸ ਧਾਰਨ ਕਰ ਲਿਆ ਅਤੇ ਸਤੀ ਹੋਣ ਦੀ ਕੁਲ ਤਿਆਰੀ ਕਰ ਲਈ, ਪੁੰਨ ਦਾਨ ਭੀ ਕੀਤੇ, ਢੋਲ ਢਮਕਾ ਭੀ ਠਟ ਲਿਆ ਅਤੇ ਜਿਸ ਰਾਹ ਰਾਜੇ ਨੇ ਜਿਤ ਕੇ ਵਾਪਸ ਆਉਣਾ ਸੀ ਉਸੇ ਰਾਹ ਤੇ ਚਲ ਪਈ। ਜਦੋਂ ਰਾਜੇ ਨੇ ਤਕਿਆ ਤਾਂ ਭੇਦ ਜਾਨਣ ਲਈ ਕਿਸੇ ਨੂੰ ਸਦਿਆ, ਉਸ ਦਸਿਆ ਕਿ ਉਹ ਤੁਹਾਡੀ ਜੰਗ ਦੀ ਖਬਰ ਸੁਣ ਕੇ ਤੁਹਾਡੇ ਨਾਲ ਸਤੀ ਹੋਣ ਲਈ ਚਲੀ ਹੈ। ਇਸ ਨੂੰ ਨਹੀਂ ਪਤਾ ਕਿ ਤੁਸੀਂ ਜਿੱਤ ਗਏ ਹੋ। ਰਾਜੇ ਨੇ ਹੁਕਮ ਦਿਤਾ ਕਿ ਵਾਪਸ ਚਲੋ ਅਤੇ ਆਪਣੇ ਮਨ ਵਿਚ ਬੜਾ ਪਸਚਾਤਾਪ ਕੀਤਾ ਕਿ ਮੈਂ ਕਿਡੀ ਭੁਲ ਕਰੀ ਹੈ, ਇਹੋ ਜਿਹੀ ਵਫਾਦਾਰ ਇਸਤ੍ਰੀ ਜਿਸ ਨੂੰ ਮੈਂ ਮੂੰਹ ਨਹੀਂ ਨਹੀਂ ਲਾਇਆ ਉਹ ਮੇਰੇ ਨਾਲ ਮਰਨ ਨੂੰ ਤਿਆਰ ਹੈ ਅਤੇ ਜਿਨ੍ਹਾਂ ਲਈ ਮੈਂ ਤਨ ਮਨ ਨਿਛਾਵਰ ਕਰਦਾ ਰਿਹਾ ਉਹਨਾਂ ਨੂੰ ਯਾਦ ਭੀ ਨਹੀਂ। ਘਰ ਆ ਕੇ ਉਸ ਨਾਲ ਸ਼ਾਦੀ ਦੀ ਮਰਿਯਾਦਾ ਕੀਤੀ ਅਤੇ ਉਸ ਨੇ ਆਪਣੇ ਸੇਵਾ ਭਾਵ ਨਾਲ ਐਸਾ ਰਾਜੇ ਨੂੰ ਰੀਝਾਇਆ ਕਿ ਰਾਜੇ ਨੂੰ ਪਹਿਲੀਆਂ ਰਾਣੀਆਂ ਭੁਲ ਹੀ ਗਈਆਂ।

ਇਸ ਕਹਾਣੀ ਵਿਚੋਂ ਤਿੰਨ ਨੁਕਤੇ ਮਿਲਦੇ ਹਨ- (੧) ਇਹ ਕਿ ਰਾਜੇ ਨੇ ਆਪਣੇ ਹਕ ਲਈ ਲੜਾਈ ਲੜੀ ਜੋ ਗੁਰੂ ਜੀ ਨੇ ਖੁਲੇ ਅਕਾਰ ਵਿਚ ਦਰਸਾਈ ਹੈ। (੨) ਦੂਜੇ ਜੇਕਰ ਮੋਹਰੇ ਆਉਣਾ ਹੋਵੇ ਤਾਂ ਕਿਵੇਂ ਕੁਰਬਾਨੀ ਕਰਨੀ ਚਾਹੀਦੀ ਹੈ ਤੇ (੩) ਮਾਲਕ ਦੇ ਦਰ ਕਬੂਲ ਪੈਣ ਲਈ ਕਿਵੇਂ ਨਿੰਮ੍ਰਤਾ ਦੀ ਲੋੜ ਹੈ ਜੋ ਕਿ ਗੁਰਬਾਣੀ ਭੀ ਦਸਦੀ ਹੈ।

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਵਾ ਮਣੀਆਂ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥ ਸਃ ੧੨੭ ॥

ਸੋ-ਸ੍ਰੀ ਦਸਮੇਸ਼ ਜੀ ਅੰਤ ਵਿਚ ਇਸ ਦਾ ਨਿਚੋੜ ਦਿੰਦੇ ਹਨ-

ਏਹੀ ਚਰਿਤ੍ਰ ਨ੍ਰਪਤਿ ਕੋ ਪਾਯੋ ॥ ਸਭ ਰਾਨਿਨ ਚਿਤ ਤੇ ਬਿਸਰਾਯੋ ॥
ਅਪਨੀ ਆਗਯਾ ਕੇ ਬਸਿ ਕੀਨੋ ॥ ਜਾਨੁਕ ਦਾਸ ਮੋਲ ਕੋ ਲੀਨੋ ॥ ੨੨ ॥

ਜਿਸ ਦਾ ਭਾਵ ਹੈ ਕਿ ਏਸ ਚਰਿਤ੍ਰ ਕਰਕੇ ਰਾਜੇ ਦੀ ਪ੍ਰਾਪਤੀ ਕਰ ਲਈ ਅਤੇ ਰਾਜੇ ਨੂੰ ਸਾਰੀਆਂ ਰਾਣੀਆਂ ਅਚੇਤ ਹੋ ਗਈਆਂ। ਉਸ ਦੇ ਕਹੇ ਅਨੁਸਾਰ ਰਾਜਾ ਚਲਣ ਲਗਾ ਅਤੇ ਮਲੂਮ ਹੁੰਦਾ ਸੀ ਜਿਵੇਂ ਕੋਈ ਪੈਸੇ ਭਾਵ (ਧਨ) ਦੇ ਕੇ ਨੌਕਰ ਮੁਲ ਲੈ ਲੈਂਦਾ ਹੈ। ਇਉਂ ਰਾਜਾ ਉਸ ਦੇ ਕਹੇ ਅਨੁਸਾਰ ਤੁਰ ਪਿਆ ਸੀ।

ਜਿਸ ਇਸਤ੍ਰੀ ਦਾ ਪਤੀ ਉਸ ਤੋਂ ਨਾ ਖੁਸ਼ ਹੋ ਜਾਏ, ਉਸ ਇਸਤ੍ਰੀ ਦੀ ਕੀ ਦਸ਼ਾ ਹੁੰਦੀ ਹੈ ਉਹ ਇਸ ਤੋਂ ਅਰ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ-

ਸਸੀਏ ਨੀ ਬੇਖਬਰੇ ਤੇਰਾ ਲੁਟਿਆ ਸ਼ਹਰ ਭੰਬੋਰ ॥
ਮਾਰੂਥਲ ਤੇ ਕੋਈ ਨ ਜਾਣੂ, ਕੇਹੜਾ ਮੇਰੀ ਪੈੜ ਪਛਾਣੂ ॥
ਇਸ ਦੁਨੀਆਂ ਵਿਚ ਰਾਖੀ ਕਰਨੀ ਆਪੇ ਬਣ ਗਏ ਚੋਰ ॥
ਰਾਤੀਂ ਜਿਸ ਨੂੰ ਗਲ ਨਾਲ ਲਾਇਆ। ਦਿਨ ਚੜ੍ਹਿਆ ਉਹ ਨਜ਼ਰ ਨ ਆਇਆ।
ਗਲ ਹੋ ਗਈ ਹੋਰ ਦੀ ਹੋਰ।

Digitized by Panjab Digital Library | www.panjabdigilib.org

ਜਿਵੇਂ ਕਿਸੇ ਜੀਵ ਰੂਪੀ ਇਸਤ੍ਰੀ ਨੂੰ ਰਾਤੀਂ ਸੁਪਨੇ ਵਿਚ ਪਤੀ ਪ੍ਰਮਾਤਮਾਂ ਦਾ ਮੇਲ ਹੋ ਜਾਂਦਾ ਹੈ; ਉਹ ਸਰੂਰ ਨਾਲ ਭਰਪੂਰ ਆਪਣੇ ਆਪ ਵਿਚ ਨਹੀਂ ਸਮਾ ਰਹੀ ਹੁੰਦੀ; ਪਰ ਜਦੋਂ ਸਵੇਰੇ ਜਾਗ ਕੇ ਤੱਕਿਆ ਤਾਂ ਆਪਣੇ ਆਪ ਨੂੰ ਇਕੱਲਿਆਂ ਪਾਇਆ ਤੇ ਉਹਦੇ ਪੱਲੇ ਕੁਝ ਭੀ ਨਾ ਰਿਹਾ। ਇਸੇ ਤਰ੍ਹਾਂ ਸੱਸੀ ਨੇ ਆਪਣੇ ਪਤੀ ਪੁਨੂੰ ਦੀ ਪ੍ਰਾਪਤੀ ਲਈ ਕਾਮਯਾਬ ਵਸੀਲਾ ਕੀਤਾ ਜੋ ਸਾਰੀਆਂ ਇਸਤ੍ਰੀਆਂ ਲਈ ਇਕ ਹੁਨਰ ਦਾ ਕੰਮ ਦਿੰਦਾ ਹੈ।

ਗੁਰਬਾਣੀ ਵਿਚ ਸੰਕੇਤ ਮਿਲਦੇ ਹਨ–

ਉ– ਜੈਸੀ ਮੂੜ ਕੁਟੰਬ ਪਰਾਇਣ ॥ ਪੰਨਾ ੧੧੬੪ ॥

ਭਾਵ-ਜਿਵੇਂ ਮੂਰਖ ਲੋਕਾਂ ਨੂੰ ਪਰਾਈ ਇਸਤ੍ਰੀ ਨਾਲ ਪ੍ਰੀਤ ਹੁੰਦੀ ਹੈ।

ਅ- ਜਿਉ ਕਾਮੀ ਕਾਮਿ ਲੁਭਾਵੈ ॥ ਪੰ: ੬੨੬ ॥ ਮਹਲਾ ੫ ॥

ਜਿਵੇਂ ਕਾਮੀ ਪੁਰਸ਼ ਕਾਮ ਦੇ ਵੱਸ ਹੋਕੇ ਲੁਭਾਇਮਾਨ ਹੋ ਜਾਂਦੇ ਨੇ।

ੲ– ਕਾਮ ਵਿਆਪੇ ਕਸੁਧ ਨਰ ॥ ਪੰ: ੩੦੪ ॥ ਮਹਲਾ ੪ ॥

ਭਾਵ–ਜਿਨ੍ਹਾਂ ਪੁਰਸ਼ਾਂ ਨੂੰ ਕਾਮ ਵਿਆਪਦਾ ਹੈ ਉਹ ਭਾਵੇਂ ਇਸਤ੍ਰੀ ਹੈ ਭਾਵੇਂ ਪੁਰਸ਼, ਉਹ ਕਸੁਧ ਭਾਵ (ਬੇ ਖਬਰ) ਮੂਰਖ ਹਨ। ਇਹਨਾਂ ਪੰਗਤੀਆਂ ਨੂੰ ਗੁਰਬਾਣੀ ਵਿਚ ਲਿਖਣ ਤੋਂ ਸੰਕੋਚ ਨਹੀਂ ਕੀਤਾ, ਸਗੋਂ ਅੱਗੇ ਮਤ ਦਿੱਤੀ ਹੈ।

ਸ– ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ ॥

ਅੱਗੇ ਚਾਹੀਦਾ ਇਹ ਹੈ ਕਿ–

ਸਤੁ, ਸੰਤੋਖ, ਦਇਆ, ਧਰਮੁ, ਸਚ ਇਹ ਅਪਨੇ ਗ੍ਰਿਹ ਭੀਤਰਿ ਵਾਰੇ ॥੧॥ਪੰ: ੩੭੬॥ਮਹਲਾ ੫॥

ਜਿਸਦਾ ਭਾਵ ਹੈ ਕਾਮ ਕ੍ਰੋਧ ਅਤੇ ਮਾਇਆ ਦੀ ਮਸਤੀ ਨੂੰ ਛੱਡਕੇ ਸਤੁ ਸੰਤੋਖ ਦਇਆ ਧਰਮ ਨੂੰ ਆਪਣੇ ਹਿਰਦੇ ਰੂਪੀ ਘਰ ਵਿਚ ਥਾਂ ਦੇਵੇ।

ਹ– ਨਿਮਖ ਕਾਮ ਸੁਆਦ ਕਾਰਣਿ ਕੋਟ ਦਿਨਸ ਦੁਖ ਪਾਵਹਿ ॥
ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥ ੧ ॥
ਅੰਧੇ ਚੇਤਿ ਹਰਿ ਹਰਿ ਰਾਇਆ ॥ ਤੇਰਾ ਸੋ ਦਿਨੁ ਨੇੜੈ ਆਇਆ ॥ਪੰ:੪੦੩॥ਮ:੫॥

ਐਉਂ ਇਸੇ ਵਿਸ਼ੇ ਨੂੰ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੂਰਨਤਾ ਦਿੱਤੀ ਹੈ। ਫਰਕ ਹੈ ਤਾਂ ਇਹ ਕਿ ਗੁਰਬਾਣੀ ਸੰਕੇਤਕ ਹੀ ਸਾਰੇ ਵਰਤਦੀ ਹੈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੂਰਾ ਨਕਸ਼ਾ ਖਿੱਚ ਕੇ ਫੇਰ ਸੰਗਤਾਂ ਨੂੰ ਇਹਨਾਂ ਕੁਕਰਮਾਂ ਤੋਂ ਬਚਣ ਲਈ ਪੂਰੀ ਪੂਰੀ ਸਿਖਿਆ ਦਿੱਤੀ ਹੈ ਜੋ ਸਾਨੂੰ ਭਾਉਂਦੀ ਨਹੀਂ।

੮-ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਚੱਜੀ ਤੇ ਕੁਚੱਜੀ ਨਾਰੀ ਦਾ ਜੀਵਨ ਉਲੀਕਿਆ ਹੈ ਇਸੇ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਤੀਵਰਤਾ ਤੇ ਪਤੀਹਰਤਾ, ਇਕ ਉਹ ਜਿਨ੍ਹਾਂ ਨੇ ਪਤੀ-ਬਰਤ ਧਰਮ ਦੀ ਪਾਲਣਾ ਕਰਦੀਆਂ ਹੋਈਆਂ ਨੇ ਪਤੀ ਦੀ ਆਨ ਸ਼ਾਨ ਜਿੰਦ ਤੇ ਜਾਨ ਦੀ ਰਖਵਾਲੀ

Digitized by Panjab Digital Library | www.panjabdigilib.org

ਕੀਤੀ ਅਤੇ ਆਪਣੀ ਕੁਰਬਾਨੀ ਦਿਤੀ। ਦੂਜੀਆਂ ਉਹ ਜਿਨ੍ਹਾਂ ਨੇ ਕਾਮ ਵਾਸ਼ਨਾ ਨੂੰ ਹੀ ਸਭ ਕੁਝ ਜਾਣ ਕੇ ਪੁਤ੍ਰ, ਪਤੀ, ਪਿਤਾ, ਆਦਿ ਸਬੰਧੀਆਂ ਦਾ ਘਾਤ ਕੀਤਾ, ਧਰਮ, ਕਰਮ, ਸ਼ਰਮ ਸਭ ਕੁਝ ਭੋਗ ਬਿਲਾਸਾਂ ਨੂੰ ਮੰਨ ਕੇ ਅਨੇਕਾਂ ਉਪਦਰ ਕੀਤੇ। ਕਈਆਂ ਦਾ ਨਤੀਜਾ ਨਾਲੋ ਨਾਲ ਅੰਤ ਵਿਚ ਦਿਤਾ ਹੈ। ਕਈਆਂ ਦਾ ਨਿਚੋੜ ਅਗੇ ਜਾ ਕੇ ਸਮੁਚੇ ਤੌਰ ਪਰ ਦਿੰਦੇ ਹਨ ਅਤੇ ਦਸਿਆ ਹੈ ਕਿ ਇਹੋ ਜਿਹੇ ਕੁਕਰਮਾਂ ਦਾ ਅੰਤ ਕੀ ਹੈ ?

ਪ੍ਰਕਰਣ ਨੰ: ੧੧੨ ਵਿਚ ਦਸਿਆ ਹੈ ਕਿ ਰਾਜਾ ਸੂਰ ਸੈਨ, ਸਮਰ ਕੰਦ ਨੇ ਕਿਵੇਂ ਆਪਣੀ ਰਾਣੀ ਚਿਤ੍ਰਕਲਾ ਨੂੰ ਧੋਖਾ ਦੇ ਕੇ ਦੂਸਰੀ ਇਸਤ੍ਰੀ ਨੂੰ ਆਪਣੀ ਰਾਣੀ ਬਣਾਇਆ ਅਤੇ ਉਹਨਾਂ ਦੇ ਕੇਲ ਮੇਲ ਦਾ ਚਰਚਾ ਦਿਤਾ ਹੈ। ਅਗੇ ਨੰ: ੧੧੩ ਵਿਚ ਕ੍ਰਿਸ਼ਨ ਕੁਅਰਿ ਰਾਣੀ ਜਿਨ੍ਹਾਂ ਦਾ ਆਪਸ ਵਿਚ ਪ੍ਰੇਮ ਪਿਆਰ ਸੀਤਾ ਤੇ ਰਾਮ ਨਾਲੋਂ ਭੀ ਵਧ ਸੀ। ਪਰ ਜਦੋਂ ਰਾਜਾ ਬਿਸ਼ਨ ਸਿੰਘ ਆਪਣੀ ਪਤਿਬਰਤਾ ਸੀਮਾਂ ਨੂੰ ਤੋੜਕੇ ਕੁਕਰਮੀ ਹੋ ਗਿਆ ਅਤੇ ਨਿਜ ਨਾਰੀ ਨੂੰ ਛੱਡ ਕੇ ਪਰਨਾਰੀ ਨੂੰ ਭਜਿਆ ਤਾਂ ਉਸਦਾ ਸਿੱਟਾਂ ਕੀ ਹੋਇਆਂ ਸੀ, ਉਸ ਦੀ ਪਹਿਲੀ ਪਟਰਾਣੀ ਕ੍ਰਿਸ਼ਨ ਕੁਅਰਿ ਨੇ ਇਸ ਬਿਭਚਾਰ ਨੂੰ ਨਾ ਸਹਿਣ ਕਰਦਿਆਂ ਹੋਇਆ, ਪਹਿਲੇ ਉਸਦੀ ਪਰਨਾਰੀ ਨੂੰ ਕਤਲ ਕੀਤਾ, ਫੇਰ ਬਰਛੀ ਮਾਰਕੇ ਰਾਜੇ ਨੂੰ ਮਾਰਿਆ ਉਪ੍ਰੰਤ ਆਪਣੇ ਮਾਰਕੇ ਆਪ ਭੀ ਮਰ ਗਈ। ਗੁਰੂ ਗੋਬਿੰਦ ਸਿੰਘ ਜੋ ਪਰਇਸਤ੍ਰੀ ਨੂੰ ਪੈਨੀ ਛੁਰੀ ਕਹਿੰਦੇ ਹਨ, ਆਪ ਹੋਕਾ ਦੇਕੇ ਇਹੋ ਜਿਹੇ ਦ੍ਰਿਸ਼ਟਾਂਤ ਦਰਸਾਕੇ ਦੱਸਦੇ ਹਨ ਕਿ ਇਹਨਾਂ ਕੁਕਰਮਾਂ ਦਾ ਸਿੱਟਾ ਕੀ ਨਿਕਲਦਾ ਹੈ। ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਆਦਿ ਵਿਚ ਵੀ ਬੜੇ ਅਲੰਕਾਰ ਤੇ ਇਸ਼ਾਰੇ ਦੇਕੇ ਦੱਸਿਆ ਹੈ, ਪਰ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਐਨ ਨਕਸ਼ਾ ਬੰਨ੍ਹ ਕੇ ਦਿਖਾਇਆ ਹੈ, ਜਿਵੇਂ ਅੱਜ ਕੱਲ ਸਿਨਮੇ ਵਾਲੇ ਜਾਂ ਡਰਾਮੇ ਵਾਲੇ ਜਿਉਂ ਦਾ ਤਿਉਂ ਸੀਨ ਪੇਸ਼ ਕਰਦੇ ਹਨ, ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨ ਸਾਨੂੰ ਬਾਲਕਾਂ ਨੂੰ ਪੂਰੀ ਤਰ੍ਹਾਂ ਇੰਨ ਬਿੰਨ ਸਭ ਕੁਝ ਸਮਝਾਇਆ ਹੈ।

ਸ੍ਰਿੰਗੀ ਤੇ ਗੌਤਮ ਰਿਸ਼ੀ

੯-੧੧੪ ਚਰਿਤ੍ਰ ਸ੍ਰਿੰਗੀ ਰਿਸ਼ੀ ਦਾ ਆਉਂਦਾ ਹੈ, ਉਸ ਵਿਚ ਦੱਸਦੇ ਹਨ ਕਿ ਇਸਤ੍ਰੀ ਉਹ ਮੋਹਿਨੀ ਰੂਪ ਹੈ ਜਿਸਨੂੰ ਤੱਕ ਕੇ ਰਿਸ਼ੀ ਮਹਾਂ ਰਿਸ਼ੀ ਭੀ ਭਟਕ ਜਾਂਦੇ ਹਨ। ਇਹੋ ਜਿਹੀਆਂ ਅਨੇਕਾਂ ਕਥਾਵਾਂ ਪੁਰਾਣਾਂ ਵਿਚ ਲਿਖੀਆਂ ਮਿਲਦੀਆਂ ਹਨ ਜਿਨ੍ਹਾਂ ਪਰ ਕਦੇ ਕਿਸੇ ਕੋਈ ਇਤਰਾਜ਼ ਨਹੀਂ ਕੀਤਾ। ਸ੍ਰਿੰਗੀ ਰਿਖੀ ਉਹ ਸਾਧੂ ਸੀ ਜੋ ਆਪਣੀ ਸੋਝੀ ਤੋਂ ਪਹਿਲਾਂ ਹੀ ਤਪ ਵਿਚ ਲਗ ਗਿਆ ਸੀ ਅਰ ਕਦੇ ਭੀ ਬਸਤੀ ਵਿਚ ਪੈਰ ਨਹੀਂ ਸੀ ਪਾਉਂਦਾ। ਬਣ ਵਿਚ ਬਣ ਦੇ ਪੱਤੇ ਹੀ ਅਹਾਰ ਸੀ, ਬੜੀਆਂ ਬੜੀਆਂ ਜਟਾਵਾਂ ਸਨ ਸਿਰ ਪਰ, ਸਿੰਗ ਨਹੀਂ ਸਨ, ਨਾਮ ਸ੍ਰਿੰਗੀ ਸੀ, ਪਰ ਜਦੋਂ ਪਾਸ ਫੇਲ ਹੋਣ ਦਾ ਸਮਾਂ ਆਇਆ ਤਾਂ ਇਕ ਇਸਤ੍ਰੀ ਨੇ ਬਣ ਵਿਚ ਹੀ ਜਾ ਕੇ ਐਸਾ ਕਾਬੂ ਕੀਤਾ ਕਿ ਉਸ ਦੀਆਂ ਜਟਾਂ ਆਦਿ ਸਭ ਮੁਨਾ ਕੇ ਮੰਨੇ ਦਾ ਸਿਖ ਬਣਾ ਲਿਆ ਅਤੇ ਉਸਦੇ ੬ ਪੁਤਰ ਤੇ ੭ ਪੁਤ੍ਰੀਆਂ ਹੋਈਆਂ ਸਨ। ਜਿਸ ਇਸਤ੍ਰੀ ਨੇ ਇਹ ਕੰਮ ਕੀਤਾ ਸੀ ਉਹ ਰਾਜੇ ਨਾਲ ਅੱਧਾ ਰਾਜ ਲੈਣ ਦਾ ਇਕਰਾਰ ਕਰਕੇ ਗਈ ਸੀ ਜੋ ਆ ਕੇ ਲੈ ਲਿਆ ਸੀ। ਜਿਸ ਨੂੰ ਗੁਰੂ ਜੀ ਅੰਤ ਵਿਚ ਇਉਂ ਦਸਦੇ ਹਨ।

ਸਤ ਟਾਰਯੋ ਤਿਹ ਮੁਨਿਜ ਜੋ ਅਰਧ ਦੇਸ਼ ਕੋ ਪਾਇ ॥
ਭਾਂਤਿ ਭਾਂਤਿ ਕੇ ਸੁਖ ਕਰੇ ਧ੍ਰਿਦੈ ਹਰਖ ਉਪਜਾਇ ॥੩੨॥੧॥

ਜਿਸ ਦਾ ਭਾਵ ਹੈ ਕਿ ਉਸ ਇਸਤ੍ਰੀ ਨੇ ਉਸ ਰਿਸ਼ੀ ਦਾ ਸ਼ਤਿਆਨਾਸ ਕਰਨ ਬਦਲੇ ਅਧਾ ਰਾਜ ਪ੍ਰਾਪਤ ਕਰ ਲਿਆ ਅਤੇ ਨਾਲੇ ਉਸਦੇ ਨਾਲ ਰੰਗ ਬਰੰਗੇ ਅਨੇਕ ਸੁਖ ਭੋਗੇ।

Digitized by Panjab Digital Library | www.panjabdigilib.org

੧੦-ਚਰਿਤ੍ਰ ਨੰ: ੧੫੫-ਗੌਤਮ ਰਿਖੀ ਤੇ ਅਹਿਲਿਆ ਇਸਤ੍ਰੀ-ਜਿਸ ਦੀ ਮਿਸਾਲ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭੀ ਮਿਲਦੀ ਹੈ । ਗੌਤਮ ਤਪਾ ਅਹਿਲਿਆ ਇਸਤ੍ਰੀ ਜਿਸ ਦੇਖ ਇੰਦ੍ਰ ਲੁਭਾਇਆ ॥ ਇਸ ਤੋਂ ਸਾਨੂੰ ਇਹ ਨਹੀਂ ਸਪਸ਼ਟ ਹੁੰਦਾ ਕਿ ਇਸ ਵਿਚ ਕਸੂਰ ਅਹਿਲਿਆ ਦਾ ਸੀ ਜਾਂ ਇੰਦ੍ਰ ਦਾ ਅਥਵਾ ਦੋਹਾਂ ਦਾ ਜਿਸ ਨੂੰ ਸ੍ਰੀ ਦਸਮੇਸ਼ ਜੀ ਨੇ ਸਪਸ਼ਟ ਕੀਤਾ ਹੈ। ਪਰ ਇਹ ਸਭ ਕੁਝ ਦਸਿਆ ਹੈ ਕਿ ਉਸ ਨੂੰ ਤਕ ਕੇ ਇੰਦ੍ਰ ਲੁਭਾਇਮਾਨ ਹੋ ਗਿਆ ਅਤੇ ਅਹਿਲਿਆ ਨਾਲ ਸਪਰਸ਼ ਕਰਨ ਦੇ ਦੋਸ਼ ਵਿਚ ਗੌਤਮ ਨੇ ਅਹਿਲਿਆ ਨੂੰ ਸਰਾਪ ਦਿਤਾ ਸੀ ਤੂੰ ਪਥਰ ਬਣ ਜਾਹ ਅਤੇ ਇੰਦਰ ਦੇਵਤਾ ਨੂੰ (ਸਹਸ ਸਰੀਰ ਚਿਹਨ ਭਗ ਹੂਏ ਤਾਂ ਮਨ ਪਛੋਤਾਇਆ) ਗੁਰਬਾਣੀ ਦਸਦੀ ਹੈ। ਸ੍ਰੀ ਦਸਮੇਸ਼ ਜੀ ਨੇ ਇਸ ਨੂੰ ਤਰਜਮੇ ਦੇ ਤੌਰ ਤੇ ਸਮਝਾਇਆ ਹੈ ਕਿ ਅਹਿਲਿਆ ਇੰਦ੍ਰ ਨੂੰ ਤਕ ਕੇ ਦਿਲੋਂ ਚਾਹੁੰਦੀ ਹੈ ਤੇ (ਜੋਰਨੈਸਰੀ) ਸਹੇਲੀ ਨੂੰ ਭੇਜ ਕੇ ਇੰਦ੍ਰ ਨੂੰ ਬੁਲਾਂਇਆ ਸੀ ਅਤੇ ਇੰਦ੍ਰ ਆਪ ਅਹਲਿਯਾ ਦੀ ਸੁੰਦਰਤਾਈ ਤੇ ਮਾਇਲ ਸੀ । ਜੋ ਅਹਿਲਿਆ ਦੇ ਦਿਤੇ ਸਮੇਂ ਪਰ ਆਇਆ ਅਤੇ ਗੌਤਮ ਨੂੰ ਜਲ ਦੇਵਤਾ ਨੇ ਦਸ ਦਿਤਾ ਕਿ ਤੇਰੇ ਘਰ ਚੋਰ ਹੈ, ਤਾਂ ਰਿਖੀ ਦੌੜਿਆ ਘਰ ਆਇਆ, ਜਿਸ ਨੂੰ ਤਕ ਕੇ ਇੰਦਰ ਮੰਜੇ ਥਲੇ ਵੜ ਗਿਆ । ਪਰ ਖੜਕਾ ਰਿਸ਼ੀ ਨੇ ਸੁਣ ਲਿਆ । ਅਹਿਲਿਆ ਨੇ ਬਿੱਲਾ ਆ ਵੜਿਆ ਸੀ ਕਹਿਕੇ ਟਾਲ ਦਿਤਾ। ਰਿਸ਼ੀ ਨੂੰ ਫੇਰ ਭੀ ਸਾਰੀ ਗਲ ਪੁਜ ਗਈ, ਜਿਸ ਪਰ ਉਸ ਨੇ ਸਰਾਪ ਦੇ ਦਿਤਾ। ਜਿਸ ਬਦਲੇ ਅਹਿਲਿਆ ਦੀ ਕੀ ਦਸ਼ਾ ਹੋਈ ਅਤੇ ਇੰਦ੍ਰ ਦੀ ਕੀ ਹਾਲਤ ਹੋਈ। ਗੁਰਬਾਣੀ ਨੇ ਭੀ ਇਹ ਪ੍ਰਸੰਗ ਸੁਣਾ ਕੇ ਸਾਨੂੰ ਚੇਤੰਨ ਕੀਤਾ ਹੈ। ਸ੍ਰੀ ਦਸਮੇਸ਼ ਜੀ ਨੇ ਚੰਗੀ ਤਰ੍ਹਾਂ ਸਮਝਾ ਕੇ ਦਸਿਆ ਹੈ ਕਿ ਜੋ ਲੋਕ ਵਿਭਚਾਰ ਕਰਦੇ ਹਨ, ਭਾਵੇਂ ਕੋਈ ਇਸਤ੍ਰੀ ਹੈ ਭਾਵੇਂ ਪੁਰਸ਼ ਉਸਦਾ ਇੰਦ੍ਰ ਦੇਵਤਾ ਤੇ ਅਹਿਲਿਆ ਸਾਧਨੀ ਜਿਹਾ ਹਵਾਲ ਹੋ ਸਕਦਾ ਹੈ। ਭਲਾ ਦਸੋ ਇਹ ਚਰਿਤ੍ਰ ਲਿਖਣੇ ਸ੍ਰੀ ਦਸਮੇਸ਼ ਜੀ ਦੇ ਬੇਅਰਥ ਕਿਵੇਂ ਹੋਏ। ਪੜੋ ਅੰਤ ਵਿਚਾਰੋ ਇਸਦਾ ਨਿਚੋੜ ਸ੍ਰੀ ਦਸਮੇਸ਼ ਜੀ ਕਢਦੇ ਹਨ।

ਤਬਹੀ ਰਿਸਿ ਕੈ ਰਿਖਿ ਸ੍ਰਾਪ ਦੀਯੋ ॥ ਸੁਰ ਨਾਯਕ ਕੋ ਭਗ ਵਾਨ ਕੀਯੋ ॥
ਭਗ ਤਾਹਿ ਸਹੰਸ੍ਰ ਭਏ ਤਨ ਮੈਂ ॥ ਤ੍ਰਿਦਸੇਸ ਲਜਾਇ ਰਹਯੋ ਬਨ ਮੈਂ ॥ ੨੧ ॥
ਦੋਹਰਾ-ਸ੍ਰਾਪ ਦੀਯੋ ਤ੍ਰਿਯ ਕੋ ਬਹੁਰਿ ਜੋ ਤੈਂ ਕਿਯ ਚਰਿੱਤ੍ਰ ॥
ਤੈਂ ਪਾਹਨ ਕੀ ਚਾਰਿ ਜੁਗ ਹੋਹਿ ਸਿਲਾ ਅਪਵਿਤ੍ਰ ॥

ਜਿਸਦਾ ਭਾਵ ਸਾਫ ਹੈ ਕਿ ਰਿਖੀ ਨੇ ਕ੍ਰੋਧਤ ਹੋ ਕੇ ਇੰਦ੍ਰ ਨੂੰ ਸਰਾਪ ਦਿਤਾ ਜਿਸ ਤੋਂ ਇੰਦਰ ਦੇਵ ਦੇ ਇਕ ਹਜ਼ਾਰ ਭਗਾਂ ਹੋਈਆਂ ਅਤੇ ਸ਼ਰਮ ਦਾ ਮਾਰਿਆ ਜੰਗਲ ਵਿਚ ਜਾ ਕੇ ਲੁਕ ਕੇ ਰਹਿਣ ਲਗਾ, ਹੋਵੇ ਦੇਵਤਿਆਂ ਦਾ ਤੇ ਤ੍ਰਿਲੋਕੀ ਦਾ ਰਾਜਾ ਅਤੇ ਲੁਕਿਆ ਫਿਰੇ ਜੰਗਲਾਂ ਵਿਚ, ਕੀ ਇਹ ਛੋਟੀ ਜਿਹੀ ਸਜ਼ਾ ਹੈ, ਉਹ ਕਿੰਨਾ ਕੁ ਪਛਤਾਇਆ ਹੋਵੇਗਾ। ਉਧਾਰਨ ਅਹਿਲਿਆ ਇਸਤ੍ਰੀ ਨੂੰ ਸਰਾਪ ਦਿਤਾ ਸੀ ਕਿ ਤੂੰ ਮੇਰੇ ਨਾਲ ਧੋਖਾ ਕੀਤਾ ਹੈ, ਅਸਲ ਵਿਚ ਚਰਿਤ੍ਰਾਂ ਦਾ ਦੂਜੇ ਸ਼ਬਦਾਂ ਵਿਚ ਨਾਮ ਹੀ ਧੋਖਾ ਤੇ ਫਰੇਬ ਕਰਨਾ ਹੈ, ਜੋ ਕਈ ਵਾਰੀ ਕ੍ਰਿਸ਼ਨ ਜੀ ਨੇ ਭੀ ਕੀਤਾ ਹੈ।

ਸੁੰਦ ਉਪ ਸੁੰਦ

੧੧-੧੧੬ਵਾਂ ਚਰਿਤ੍ਰ ਸੁੰਦ ਉਪ ਸੁੰਦ-ਦੋਹਾਂ ਭਾਈਆਂ ਦਾ ਹੈ ਜੋ ਬੜੇ ਮਸ਼ਹੂਰ ਦੈਂਤ ਸਨ ਅਤੇ ਬੜੇ ਪ੍ਰਤਾਪੀ ਹੈਸਨ। ਜਿਨ੍ਹਾਂ ਦੇ ਅਗੇ ਦੁਨੀਆਂ ਆ ਕੇ ਝੁਕਦੀ ਸੀ। ਸੋਨੇ ਪਰ ਸੁਹਾਗੇ ਵਾਲੀ ਗਲ ਹੋਈ ਜਦ ਕਿ ਉਹਨਾਂ ਦੋਹਾਂ ਨੇ ਸ਼ਿਵਜੀ ਦਾ ਉਗਰ ਤਪ ਕਰ ਲਿਆ ਅਤੇ ਸ਼ਿਵਜੀ ਤੋਂ ਵਰ ਲੈ ਲਿਆ ਕਿ ਤੁਹਾਨੂੰ ਕੋਈ ਕਿਵੇਂ ਭੀ ਮਾਰ ਨਹੀਂ ਸਕੇਗਾ, ਪਰ ਕਦ ਤਕ ? ਜਦ ਤਕ ਦੋਨੋ ਭਾਈ ਆਪਸ ਵਿਚ ਨਹੀਂ

Digitized by Panjab Digital Library | www.panjabdigilib.org

ਲੜਦੇ। ਫੇਰ ਕੀ ਸੀ ਦੋਵੇਂ ਭਾਈ ਮਿਲ ਕੇ ਜਿਧਰ ਹਲਾ ਬੋਲ ਦੇਣ ਫਤਹਿ ਹੀ ਫਤਹਿ ਹੁੰਦੀ, ਆਪ ਤੋਂ ਬਿਨਾਂ ਉਹਨਾਂ ਦੀਆਂ ਅੱਖਾਂ ਥਲੇ ਬੰਦਾ ਕੋਈ ਨਹੀਂ ਦਿਸਦਾ ਹੀ ਨਹੀਂ ਸੀ, ਜੇ ਕੋਈ ਸਾਹਮਣੇ ਆ ਗਿਆ ਤਾਂ ਮੁੜ ਕੇ ਜਿਉਂਦਾ ਘਰ ਨਹੀਂ ਗਿਆ। ਜਦੋਂ ਇਉਂ ਸੰਸਾਰ ਦੁਖੀ ਕਰ ਦਿਤਾ ਤੇ ਦੇਵਤੇ ਬ੍ਰਹਮਾ ਪਾਸ ਇਕਤ੍ਰ ਹੋਏ ਤਾਂ ਬਿਸ੍ਵਕਰਮਾ ਜੀ ਨੇ ਮਾਇਆ ਦੀ ਇਕ ਸੁੰਦ੍ ਇਸਤ੍ਰੀ ਬਣਾਈ ਜੋ ਇਤਨੀ ਮਨਮੋਹਣੀ ਸੀ, ਜਿਧਰ ਜਾਏ ਲੋਕ ਉਸ ਨੂੰ ਤਕਦੇ ਹੀ ਰਹਿ ਜਾਂਦੇ। ਉਹ ਇਸਤ੍ਰੀ ਸੁੰਦ ਉਪ ਸੁੰਦ ਦੇ ਬਾਗ ਵਿਚ ਆ ਗਈ। ਜਿਸ ਨੂੰ ਤਕ ਕੇ ਦੋਵੇਂ ਆਪਸ ਵਿਚ ਲੜ ਪਏ, ਸੁੰਦ ਕਹਿੰਦਾ ਇਸ ਨਾਲ ਮੈਂ ਵਿਆਹ ਕਰਾਉਣਾ ਹੈ ਅਤੇ ਛੋਟਾ ਉਪ ਸੁੰਦ ਕਹਿੰਦਾ ਹੈ ਕਿ ਨਹੀਂ ਇਸ ਨੂੰ ਮੈਂ ਵਿਆਹੁਣਾ ਹੈ। ਵਿਆਹ ਕਿਸੇ ਦਾ ਭੀ ਨਾ ਹੋਇਆ। ਦੋਵੇਂ ਆਪਸ ਵਿਚ ਲੜ ਪਏ ਅਤੇ ਸ਼ਿਵਜੀ ਦੇ ਵਰ ਦਾ ਲਗਨ ਭੀ ਆ ਜੁੜਿਆ। ਪਹਿਲਾਂ ਇਕ ਨੇ ਦੂਜੇ ਦੀ ਅਤੇ ਦੂਜੇ ਨੇ ਪਹਿਲੇ ਦੀ ਸਾਰੀ ਸੈਨਾਂ ਮੁਕਾ ਦਿਤੀ। ਅੰਤ ਆਪ ਦੋਵੇਂ ਮੁਠ ਭੇੜ ਕਰਦੇ ਤੇ ਸ਼ਸਤ੍ਰ ਵਾਹੁੰਦੇ ਅੰਤ ਮਲ ਜੁਧ ਪਰ ਉਤਰ ਆਏ ਅਤੇ ਦੋਹਾਂ ਦੀ ਸਮਾਪਤੀ ਹੋ ਗਈ।

ਦੋਹਰਾ-ਦੁਹੂੰ ਭਰਾਤ ਬਧਕੇ ਤ੍ਰਿਯਾ ਗਈ ਬ੍ਰਹਮ ਪੁਰ ਧਾਇ ॥
ਜੈ ਜੈ ਕਾਰ ਅਪਾਰ ਹੂਆ ਹਰਖੇ ਮਨ ਸੁਰ ਰਾਇ ॥ ੧ ॥

੧੩-ਅਗੇ ੧੧੭ ਚਰਿਤ੍ ਆ ਜਾਂਦਾ ਹੈ-ਦੈਂਤਾਂ ਦਾ ਯੁਧ ਹੋ ਰਿਹਾ ਸੀ। ਇੰਦ੍ ਭਜ ਕੇ ਕੰਵਲ ਦੀ ਨਾਭੀ ਨਾਲ ਲਗ ਕੇ ਛੁਪ ਗਿਆ ਸੀ। ਉਸ ਨੂੰ ਸਾਰੇ ਟੋਲਿਆ ਨਹੀਂ ਮਿਲਿਆ। ਇੰਦਰ ਨੂੰ ਭੀ ਕੋਈ ਪਤਾ ਨਹੀਂ ਸੀ, ਬ੍ਰਹਸਪਤ ਦੀ ਪ੍ਰਧਾਨਗੀ ਵਿਚ ਸਾਰਿਆਂ ਨੇ ਇਕੱਤ੍ਰ ਹੋ ਕੇ ਵਿਚਾਰ ਕੀਤੀ ਅਤੇ ਇੰਦ੍ ਦੀ ਗੱਦੀ ਪਰ ਜੁਜਾਤਹਿ ਨਾਮੀ ਬੈਠਾ ਦਿਤਾ। ਫੇਰ ਕੀ ਸੀ ਉਸ ਨੇ ਗਦੀ ਪ੍ਰਾਪਤ ਕਰਨ ਉਪ੍ਰੰਤ ਇੰਦ੍ਰਾਣੀ ਨੂੰ ਜਾ ਕਿਹਾ ਕਿ ਹੁਣ ਇੰਦ੍ ਦੀ ਆਸ ਨਾ ਰਖ, ਹੁਣ ਤੈਨੂੰ ਮੇਰੇ ਘਰ ਵਸਣਾ ਪਏਗਾ।

ਰੋਇ ਸਚੀ ਯੌ ਬਚਨ ਉਚਾਰੇ ॥ ਗਯੋ ਏਸ ਪਰਦੇਸ ਹਮਾਰੋ ॥
ਜਹ ਮੇਰੇ ਸਤ ਕੋ ਤੂੰ ਟਰਿ ਹੈਂ ॥ ਮਹਾਂ ਨਰਕ ਕੇ ਭੀਤਰ ਪਰਿ ਹੈਂ ॥ ੮ ॥

ਇੰਦ੍ਰਾਣੀ ਨੇ ਕਿਹਾ ਸੀ ਕਿ ਮੇਰਾ ਪਤੀ ਕਿਧਰੇ ਬਾਹਰ ਗਿਆ ਹੋਇਆ ਹੈ-ਜੇ ਤੂੰ ਮੇਰੇ ਸਤ ਧਰਮ ਨੂੰ ਤੋੜੇਂਗਾ, ਯਾਦ ਰਖ ਮਹਾਂ ਨਰਕਾਂ ਵਿਚ ਜਾ ਕੇ ਪਵੇਂਗਾ। ਇਹ ਗਲ ਕਹਿਣ ਦੇ ਬਾਵਜੂਦ ਭੀ ਇੰਦ੍ਰਾਣੀ ਨੂੰ ਆਪਣੇ ਪਤੀਬ੍ਰਤ ਧਰਮ ਦੇ ਨਸ਼ਟ ਹੋਣ ਦਾ ਭੈ ਦੂਰ ਨਹੀਂ ਸੀ ਹੋਇਆ ਅਤੇ ਆਪਣੇ ਮਨ ਵਿਚ ਵਿਚਾਰਦੀ ਹੈ।

ਦੋਹਰਾ-ਜੇ ਪਾਪੀ ਤਜਿ ਹੈ ਮੋਹ ਨਾਹੀਂ ॥ ਬਹੁ ਚਿੰਤਾ ਹਮਰੇ ਮਨ ਮਾਹੀ ॥
ਤਾਤੇ ਕਛੂ ਚਰਿਤ੍ ਬਿਚਰਿਯੈ ॥ ਯਾਕੋ ਦੂਰ ਰਾਜ ਤੇ ਕਰਿਯੈ ॥ ੯ ॥

ਇੰਦ੍ਰਾਣੀ ਨੇ ਸੋਚਿਆ ਕਿ ਇਹ ਪਾਪੀ ਮੇਰੇ ਪਿਛੇ ਪੈ ਗਿਆ ਹੈ, ਕਿਸੇ ਤਰ੍ਹਾਂ ਭੀ ਹਟਾਇਆ ਨਹੀਂ ਹਟੇਗਾ, ਇਸ ਲਈ ਕੋਈ ਫਰੇਬ ਬਣਾਇਆ ਜਾਏ ਜਿਸ ਨਾਲ ਮੇਰੇ ਧਰਮ ਦੀ ਰਖਿਆ ਹੋ ਸਕੇ। ਸ੍ਰੀ ਦਸਮੇਸ਼ ਜੀ ਦਾ ਇਸ ਪ੍ਰਸੰਗ ਦੇ ਲਿਖਣ ਦਾ ਭਾਵ ਭੀ ਇਹੀ ਹੈ ਕਿ ਜਦੋਂ ਸਾਡੇ ਧਰਮ ਨੂੰ ਖਤਰਾ ਬਣ ਜਾਵੇ, ਜਦੋਂ ਸਾਡੇ ਹੱਕ ਤੇ ਛਾਪਾ ਪੈਂਦਾ ਹੋਵੇ, ਜਦੋਂ ਸਾਡੀ ਅਣਖ ਨੂੰ ਮੁਕਾਇਆ ਜਾ ਰਿਹਾ ਹੋਵੇ, ਉਸ ਵੇਲੇ ਯੁਕਤੀ ਜੁਗਤੀ ਅਤੇ ਵਲ ਫਰੇਬ, ਝੂਠ ਸੱਚ, ਧੋਖਾ ਆਦਿ ਕਰਨਾ ਇਕ ਉਦਮ ਤੇ ਸਿਆਣਪ ਹੈ। ਜਦੋਂ ਇੰਦ੍ਰਾਣੀ ਨੇ ਤਕਿਆ ਕਿ ਹੁਣ ਮੇਰਾ ਰਾਜ ਭੀ ਗਿਆ ਤੇ ਧਰਮ ਭੀ ਨਹੀਂ ਬਚੇਗਾ ਤਾਂ ਇਕ ਛਲ ਕੀਤਾ ਤੇ ਉਸ ਨੂੰ ਕਿਹਾ ਸੀ ਕਿ ਮੇਰਾ ਇਕ ਪ੍ਰਣ ਹੈ। ਜੇ ਤੂੰ ਉਹ ਪੂਰਾ ਕਰ ਦੇਵੇਂ ਤਾਂ ਮੈਂ ਤੇਰੀ ਇਸਤ੍ਰੀ

Digitized by Panjab Digital Library | www.panjabdigilib.org

ਬਣ ਜਾਵਾਂਗੀ। ਪੁਛਣ ਪਰ ਦਸਿਆ ਸੀ ਕਿ ਤੂੰ ਇਕ ਪਾਲਕੀ ਪਰ ਸਵਾਰ ਹੋਕੇ ਫਲਾਣੇ ਫਲਾਣੇ ਰਿਖੀ ਨੂੰ ਪਾਲਕੀ ਚੁਕਵਾਕੇ ਐਨੇ ਸਮੇਂ ਦੇ ਵਿਚ ਜਿੰਨਾ ਛੇਤੀ ਤੋਂ ਛੇਤੀ ਮੇਰੇ ਪਾਸ ਪੁਜ ਜਾਵੇਂਗਾ ਉਨਾਂ ਹੀ ਛੇਤੀ ਮੈਂ ਤੈਨੂੰ ਵਰ ਲਵਾਂਗੀ। (ਪਾਪੀ ਕੇ ਮਾਰਨੇ ਕੋ ਪਾਪ ਮਹਾਂ ਬਲੀ ਹੈ) ਉਸ ਐਉਂ ਹੀ ਕੀਤਾ, ਚਾਰੇ ਰਿਖੀ ਪਕੜ ਲਏ, ਪਾਲਕੀ ਵਿਚ ਸਵਾਰ ਹੋ ਗਿਆ, ਰਿਸ਼ੀਆਂ ਨੂੰ ਡੰਡੇ ਨਾਲ ਹਕਣਾ ਆਰੰਭ ਦਿਤਾ। ਉਹ ਜਿੰਨੇ ਦੌੜ ਸਕਦੇ ਸਨ ਦੌੜੇ, ਫੇਰ ਭੀ ਛੈਂਟੇ ਲਗਦੇ ਸਨ। ਦਸਿਆ ਹੈ–

ਜਯੋਂ ਹੈ ਸੁਮਤ ਅਸਿਤ ਮਨ ਧਰਹੀ ॥ ਤਯੋਂ ਤਯੋਂ ਕਠਿਨ ਕੋਰਰੇ ਪਰਹੀ ॥੧੨॥

ਭਾਵ ਜਦੋਂ ਰਿਖੀ ਨਸਦੇ ਨਸਦੇ ਥਕ ਜਾਂਦੇ ਤਾਂ ਉਹ ਕੁਝ ਸਾਹ ਲੈਣ ਜਾਂ ਹੌਲੇ ਤੁਰਨਾ ਚਾਹੁੰਦੇ ਤਾਂ ਉਤੋਂ ਹੋਰ ਜ਼ੋਰ ਦੇ ਕੋਰੜੇ ਪੈਂਦੇ। ਉਹਨਾਂ ਵਿਚ ਇਕ ਉਦਾਲਕ ਰਿਖੀ ਬੜਾ ਤਪਸ੍ਵੀ ਸੀ ਜਿਸ ਦਾ ਪੁਤ੍ਰ ਨਾਸਕੇਤ ਹੋਇਆ ਹੈ, ਜਿਸ ਨੇ ਨਰਕ ਸੁਰਗ ਦਾ ਸਾਰਾ ਨਕਸ਼ਾ ਲਿਆ ਕੇ ਮਾਤ ਲੋਕ ਵਿਚ ਦਿਤਾ ਸੀ। ਉਦਾਲਕ ਰਿਖੀ ਨੂੰ ਕ੍ਰੋਧ ਆ ਗਿਆ ਅਤੇ ਉਸ ਨੇ ਸਰਾਪ ਦਿਤਾ, ਉਹ ਇੰਦ੍ਰ ਦੀ ਪਦਵੀ ਤੋਂ ਵੀ ਗਿਆ ਤੇ ਮਾਤ ਲੋਕ ਵਿਚ ਆ ਗਿਆ। ਇੰਦ੍ਰਾਣੀ ਨੇ ਐਉਂ ਚਰਿਤ੍ਰ ਕਰਕੇ ਨਾਲੇ ਆਪਣਾ ਧਰਮ ਬਚਾ ਲਿਆ ਅਤੇ ਨਾਲੇ ਰਾਜ ਵੀ। ਗੁਰੂ ਜੀ ਦਸਦੇ ਹਨ–

ਚੌਪਈ–ਇਸੀ ਚਰਿਤ੍ਰ ਤੌਨ ਕੋ ਟਾਰਯੋ ॥ ਬਹੁਰਿ ਇੰਦ੍ਰ ਕੋ ਜਾਇ ਨਿਹਾਰਯੋ ॥
ਤਹ ਤੇ ਆਨਿ ਰਾਜ ਤਿਹ ਦੀਯੋ ॥ ਸੁਰ ਪੁਰ ਬਹੁਰ ਬਧਾਵੋ ਭਯੋ ॥੧੪॥੧॥

ਭਾਵ–ਇਸ ਚਰਿਤ੍ਰ ਦੇ ਸਦਕਾ ਉਸ ਦੈਂਤ ਤੋਂ ਪਿਛਾ ਛੁਡਾਇਆ ਅਤੇ ਭਜ ਕੇ ਲੁਕੇ ਹੋਏ ਇੰਦ੍ਰ ਨੂੰ ਟੋਲਕੇ ਲਿਆਂਦਾ ਤੇ ਮੁੜਕੇ ਉਸ ਦੇ ਰਾਜ ਸਪੁਰਦ ਕੀਤਾ ਜਿਸ ਨਾਲ ਸਾਰੇ ਦੇਵ ਲੋਕ ਵਿਚ ਵਧਾਈਆਂ ਫੈਲ ਗਈਆਂ। ਜਿਸ ਦੈਂਤ ਨੂੰ ਦੇਵਤੇ ਅਤੇ ਦੇਵਤਿਆਂ ਦਾ ਰਾਜਾ ਇੰਦਰ ਨਹੀਂ ਹੀ ਮਾਰ ਸਕਿਆ, ਜਿਸ ਤੋਂ ਲੁਕ ਕੇ ਉਸ ਨੇ ਆਪਣੀ ਜਾਨ ਬਚਾਈ ਸੀ, ਪਰ ਉਸ ਨੂੰ ਉਸ ਦੀ ਰਾਣੀ ਨੇ ਢੰਗ ਨਾਲ ਮਾਰ ਮੁਕਾਇਆ।

੧੪–੧੧੮ਵਾਂ ਤੇ ਉਨੀਵਾਂ ਚਰਿਤ੍ਰ ਅਧਰਮੀ ਇਸਤ੍ਰੀ ਪੁਰਸ਼ਾਂ ਦਾ ਹੈ, ਜੋ ਗਿਆਨੀ ਭਾਗ ਸਿੰਘ ਨੂੰ ਦਿਸ ਪਏ ਸਨ, ਪਰ ਮੈਂ ਉਹ ਦਸਣਾ ਚਾਹੁੰਦਾ ਹਾਂ ਕਿ ਕੀ ਚਰਿਤ੍ਰਾਂ ਵਿਚ ਕੋਈ ਭਾਵ ਪੂਰਤ ਵੀ ਕਹਾਣੀ ਹੈ ਜੋ ਭਾਗ ਸਿੰਘ ਜੀ ਨੂੰ ਦਿਸ ਨਹੀਂ ਸਕੀ। ਸ੍ਰੀ ਦਸਮੇਸ਼ ਜੀ ਸ਼ੁਭ ਅਸ਼ੁਭ ਚਰਿਤ੍ਰ ਦੇ ਕੇ ਇਹਨਾਂ ਦਾ ਚੰਗਾ ਮੰਦਾ ਨਤੀਜਾ ਦਸ ਰਹੇ ਹਨ ਅਤੇ ਪਤੀਬ੍ਰਤ ਧਰਮ ਨੂੰ ਵਿਸ਼ੇਸ਼ਤਾ ਦਿੰਦੇ ਹਨ, ਨਾਲ ਨਾਲ ਕਈ ਥਾਈਂ ਇਸਤ੍ਰੀਬ੍ਰਤ ਧਰਮ ਨੂੰ ਭੀ ਅਪਨਾਉਣ ਦਾ ਆਦੇਸ਼ ਹੈ।

ਪ੍ਰਕਰਣ ਨੰ: ੧੨੦ ਵਿਚ ਲਿਖਦੇ ਹਨ ਕਿ ਇਕ ਜਾਲੰਧਰ ਨਾਮੀ ਦੈਂਤ ਸੀ, ਜਿਸ ਨੇ ਵਿਸ਼ਨੂੰ ਨੂੰ ਭੀ ਜਿਤ ਲਿਆ ਸੀ ਅਤੇ ਸ਼ਿਵਜੀ ਤੋਂ ਪਾਰਬਤੀ ਦੀ ਮੰਗ ਕੀਤੀ ਸੀ ਪਰ ਸ਼ਿਵਾਂ ਨੇ ਉਤਰ ਦਿਤਾ ਸੀ ਕਿ ਪੁਤ੍ਰੀ ਜਾਂ ਭੈਣ ਤਾਂ ਦੇਣ ਦਾ ਵੇਦਾਂ ਵਲੋਂ ਆਦੇਸ਼ ਹੈ ਜੋ ਦਿਤੇ ਜਾ ਸਕਦੇ ਹਨ ਪਰ ਇਸਤ੍ਰੀ ਕਿਸੇ ਨੂੰ ਦੇਣ ਦਾ ਕੋਈ ਬੰਧਾਨ ਨਹੀਂ, ਇਸ ਲਈ ਇਹ ਗਲ ਮੰਨੀ ਨਹੀਂ ਜਾ ਸਕਦੀ। ਅੰਤ ਇਕ ਪਾਸੇ ਦੇਵਤੇ ਅਤੇ ਦੂਜੇ ਪਾਸੇ ਦੈਂਤਾਂ ਦਾ ਭਾਰੀ ਜੰਗੇ ਅਖਾੜਾ ਬਣ ਗਿਆ। ਸੁੰਭ ਤੇ ਨਿਸੁੰਭ ਦੈਂਤ ਭੀ ਜਾਲੰਧਰ ਦੈਂਤ ਦੀ ਮਦਦ ਉਤੇ ਪੁਜ ਗਏ ਸੀ। ਪਰ ਜਾਲੰਧਰ ਦੈਂਤ ਦੀ ਬ੍ਰਿੰਦਾ ਨਾਮੀ ਇਸਤ੍ਰੀ ਪੂਰਨ ਪਤੀ ਬ੍ਰਤਾ ਇਸਤ੍ਰੀ ਸੀ ਜਿਸ ਦੇ ਸਤ ਧਰਮ ਸਦਕਾ ਜਾਲੰਧਰ ਦੈਂਤ ਪਰ ਕੋਈ ਫਤਹਿ ਨਹੀਂ ਸੀ ਪਾ ਸਕਦਾ। ਅੰਤ ਹਾਰ ਕੇ ਵਿਸ਼ਨੂੰ ਭਗਵਾਨ ਨੂੰ ਇਹ ਛਲ ਕਰਨਾ ਪਿਆ ਕਿ ਆਪ ਜਾਲੰਧਰ ਦਾ ਬਹੁਤ ਗਾੜ੍ਹਾ ਜੰਗ

Digitized by Panjab Digital Library | www.panjabdigilib.org

ਕਰਨ ਉਪ੍ਰੰਤ ਜਦੋਂ ਕੋਈ ਚਾਰਾ ਬਾਕੀ ਨਾ ਰਿਹਾ ਤਾਂ ਵਿਸ਼ਨੂੰ ਭਗਵਾਨ ਜਾਲੰਧਰ ਦੈਂਤ ਦਾ ਰੂਪ ਬਣ ਕੇ ਜਿਸ ਬਾਗ ਵਿਚ ਬ੍ਰਿੰਦਾ ਰਹਿੰਦੀ ਸੀ ਚਲਾ ਗਿਆ, ਇਹ ਦਸਿਆ ਗਿਆ ਹੈ ਕਿ ਅੰਤ ਸਮੇਂ ਜੋ ਜਾਇਜ਼ ਨਜਾਇਜ਼ ਛਲ ਕਪਟ ਕਰਨਾ ਪਏ ਤਾਂ ਕਰਨਾ ਚਾਹੀਦਾ ਹੈ। ਸੋ ਵਿਸ਼ਨੂੰ ਭਗਵਾਨ ਨੇ ਜਾਲੰਧਰ ਦੈਂਤ ਦਾ ਰੂਪ ਬਣਾ ਕੇ ਬਣਾ ਬ੍ਰਿੰਦਾ ਦਾ ਸਤ ਭੰਗ ਕਰ ਦਿਤਾ ਤੇ ਲਿਖਦੇ ਹਨ :-

ਚੌਪਈ-ਬ੍ਰਿੰਦਾ ਕੋ ਪ੍ਰਥਮੈ ਸਤ ਟਾਰਯੋ ॥ ਤਾ ਪਾਛੈ ਜਾਲੰਧਰ ਮਾਰਯੋ ॥
ਬਹੁਰੋ ਰਾਜ ਆਪਨੋ ਲਿਯੋ ॥ ਸੁਰ ਪੁਰ ਮਾਂਝ ਬਧਾਵੋ ਕਿਯੋ ॥੨੬॥ਸ: ੯੮੭॥

੧੫-ਇਹਨਾਂ ਚਰਿਤ੍ਰਾਂ ਵਿਚ ਬਹੁਤੇ ਪ੍ਰਸੰਗ ਤਾਂ ਲੜਾਈਆਂ ਦੇ ਹੀ ਹਨ। ੧੨੩ ਵਿਚ ਭੀ ਦੇਵ ਦੈਂਤਾਂ ਦਾ ਸਮੁੰਦਰ ਮਥਨਾ ਤੇ ੧੪ ਰਤਨਾਂ ਦੀ ਵੰਡ ਤੇ ਲੜਾਈ ਦਿਖਾਈ ਹੈ ਤੇ ਅੰਤ ਮੋਹਨੀ ਰੂਪ ਵਿਚ ਵੰਡ ਕੀਤੀ ਸੀ। ੧੨੫ ਭੀ ਲੰਕਾ ਵਿਚ ਰਾਮ ਦੇ ਸਮੇਂ ਇਕ ਯੁਧ ਦਾ ਨਕਸ਼ਾ ਦਿਤਾ ਹੈ, ਅੰਤ ਦਿਖਾਇਆ ਹੈ ਕਿ ਸੂਰਮੇਂ ਨੂੰ ਕਦੀ ਇਸਤ੍ਰੀ ਦੇ ਢਹੇ ਨਹੀਂ ਚੜ੍ਹਨਾ ਚਾਹੀਦਾ। ਬੰਕ ਨਾਮੀ ਦੈਂਤ ਜਿਸ ਨੇ ਯੁਧ ਵਿਚ ਹਜ਼ਾਰਾਂ ਯੋਧੇ ਮਾਰ ਸੁਟੇ ਸਨ, ਇਕ ਇਸਤ੍ਰੀ ਦੇ ਪੇਚ ਵਿਚ ਆ ਕੇ ਉਹ ਕਿਵੇਂ ਟੋਏ ਵਿਚ ਦਬਿਆ ਗਿਆ ਸੀ, ਕਿਉਂਕਿ ਗੁਰੂ ਜੀ ਨੇ ਸਿੱਖਾਂ ਨੂੰ ਜੰਗ ਲਈ ਤਿਆਰ ਕਰਨਾ ਸੀ ਇਸ ਲਈ ਹਰ ਪਾਸਿਉਂ ਚੌਕਸ ਰਹਿਣ ਦੀ ਸਿਖਿਆ ਦਿੰਦੇ ਹਨ। ਇਹੋ ਜਿਹੀਆਂ ਸਾਖੀਆਂ ਭੀ ਹਨ ਜਿਸ ਨੂੰ ਪੜ੍ਹ ਕੇ ਇਕ ਇਸਤ੍ਰੀ ਚੰਡਕਾ ਦਾ ਰੂਪ ਧਾਰਨ ਕਰ ਸਕਦੀ ਹੈ।

੧੬-੧੨੬ਵਾਂ ਚਰਿਤ੍ਰ ਤੰਪੀਸਾ ਦੇਸ ਦਾ ਹੈ, ਜਿਥੇ ਇਕ ਗੜ੍ਹੀ ਆਕੀ ਸੀ, ਜਿਸਨੂੰ ਕੋਈ ਜਿਤ ਨਹੀਂ ਸੀ ਸਕਿਆ। ਪ੍ਰ ਇਕ ਅਬਦੁਲ ਨਬੀ ਪਠਾਣ ਨੇ ਉਸ ਪਰ ਧਾਵਾ ਬੋਲ ਦਿਤਾ ਸੀ ਅਤੇ ਉਸ ਨੇ ਇਤਨੀ ਭਾਰੀ ਤਾਦਾਦ ਵਿਚ ਗੋਲਾ ਬਾਰੀ ਕੀਤੀ ਕਿ ਕੋਈ ਉਸ ਦਾ ਸਾਹਮਣਾ ਨਾ ਕਰ ਸਕਿਆ ਅਤੇ ਗੜ੍ਹੀ ਨੂੰ ਤੋੜ ਕੇ ਅੰਦਰ ਦਾਖਲ ਜਾ ਹੋਇਆ ਤਾਂ ਅਗੇ ਇਕ ਅਟਾਰੀ ਬਾਕੀ ਸੀ, ਜਿਸ ਵਿਚ ਇਕ ਮਰਦ ਗੋਲੇ ਚਲਾ ਰਿਹਾ ਸੀ, ਉਸਦੀ ਇਸਤ੍ਰੀ ਅੰਦਰ ਤੋਂ ਲਿਆ ਲਿਆ ਫੜਾ ਰਹੀ ਸੀ, ਜੋ ਭੀ ਸਾਹਮਣੇ ਹਾਥੀ ਘੋੜਾ ਜਵਾਨ ਆਉਂਦਾ ਉਹ ਤੁਰਤ ਫੁੰਡ ਦਿੰਦਾ ਸੀ। ਉਸ ਇਸਤ੍ਰੀ ਨੈ ਬੰਦੂਕ ਭਰ ਕੇ ਐਸੀ ਸ਼ਿਸ਼ਤ ਲਾਈ ਕਿ ਨਬੀ ਖਾਨ ਦੇ ਜਿਗਰ ਵਿਚੋਂ ਲੰਘਾ ਦਿਤੀ, ਖਾਨ ਮਾਰਿਆ ਗਿਆ ਪਰ ਜੁਧ ਹੋ ਰਿਹਾ ਸੀ। ਇਕ ਜੁਆਨ ਨੇ ਉਧਰੋਂ ਤੁਪਕ ਚਲਾ ਦਿਤੀ ਜਿਸ ਦੀ ਗੋਲੀ ਅਟਾਰੀ ਦੈ ਤੇ ਤ੍ਰਿਯਾ ਦੇ ਪਤੀ ਨੂੰ ਲਗੀ ਉਹ ਭੀ ਮਰ ਗਿਆ ਤੇ ਉਸ ਦਾ ਪੁਤਰ ਵੀ। ਤਾਂ ਸ਼ੇਖ ਸਯਦ ਉਥੇ ਪੁਜ ਗਿਆ ਅਤੇ ਉਸ ਨੇ ਆ ਕੇ ਕਿਹਾ ਸ਼ੀ ਕਿ ਤੂੰ ਮੇਰੇ ਘਰ ਚਲੀ ਚਲ ਨਹੀਂ ਤਾਂ ਤੈਨੂੰ ਭੀ ਮਾਰ ਦਿਆਂਗੇ। ਉਸ ਵੇਲੇ ਉਸ ਇਸਤ੍ਰੀ ਨੇ ਅਕਲ ਤੋਂ ਕੰਮ ਲੈਂਦੇ ਹੋਏ ਕਿਹਾ ਕਿ ਮੈਂ ਆਪਣੇ ਪਤੀ ਤੇ ਪੁਤਰ ਦੀ ਲਾਸ਼ ਦਾ ਸਸਕਾਰ ਕਰ ਦੇਵਾਂ ਫੇਰ ਤੇਰੇ ਨਾਲ ਚਲਦੀ ਹਾਂ, ਤੂੰ ਏਥੇ ਥੋੜਾ ਚਿਰ ਬੈਠ, ਤਾਂ ਸਯਦ ਸਾਹਿਬ ਇਸ ਆਸ ਵਿਚ ਕਿ ਮੈਂ ਇਸ ਇਸਤ੍ਰੀ ਨੂੰ ਨਾਲ ਲੈ ਕੇ ਘਰ ਨੂੰ ਜਾਵਾਂਗਾ, ਬੈਠ ਗਿਆ। ਉਸ ਇਸਤ੍ਰੀ ਨੇ ਕੀ ਕੀਤਾ ? ਇਹ ਕਿ ਛਪਰ ਨੂੰ ਅਗ ਲਾ ਕੇ ਪਤੀ ਪੁਤ੍ਰ ਦੀ ਲਾਸ਼ ਵਿਚ ਰਖ ਦਿਤੀ, ਫੇਰ ਸਯਦ ਪਰ ਝਪਟੀ ਤੇ ਉਸ ਨੂੰ ਟਿਕਾਣੇ ਲਾ ਦਿਤਾ, ਪਿਛੋਂ ਆਪ ਬਲਦੀ ਅੱਗ ਵਿਚ ਡਿਗ ਕੇ ਆਪਣੇ ਸਤ ਧਰਮ ਨੂੰ ਨਾਲ ਲੈ ਕੇ ਅਤੇ ਦੁਸ਼ਮਨ ਦਾ ਖਾਤਮਾ ਕਰਕੇ ਪਤੀ ਦੇਵ ਨਾਲ ਜਾ ਰਲੀ। ਜਿਸ ਬਾਰੇ ਸ੍ਰੀ ਦਸਮੇਸ਼ ਜੀ ਨੇ ਅੰਤ ਵਿਚ ਐਉਂ ਲਿਖਿਆ ਹੈ:-

ਦੋਹਰਾ-ਸੁਤ ਜਰਾਇ ਪਤਿ ਜਾਰਿਕੈ ਬਹੁਰਿ ਮੁਗਲ ਗਹਿ ਲੀਨ ॥
ਤਾਂ ਪਾਛੈ ਆਪਨ ਜਰੀ ਤ੍ਰਿਯ ਚਰਿਤ ਯੌ ਕੀਨ ॥ ੧੨॥ਸ: ੯੯੬ ॥

Digitized by Panjab Digital Library | www.panjabdigilib.org

੧੭-ਇਹ ਇਕ ਸੁਚੱਜੀ ਇਸਤ੍ਰੀ ਦਾ ਚਰਿਤ੍ਰ ਹੈ ਜੋ ਇਕ ਕਰਮ ਨੂੰ ਭੀ ਕਿਹਾ ਜਾਂਦਾ ਹੈ, ਕਰਮ ਚੰਗਾ ਤੇ ਕਰਮ ਮੰਦਾ, ਜਿਵੇਂ ਫਲਾਣੇ ਸ਼ਖਸ ਦਾ ਚਰਿਤ੍ਰ ਤਾਂ ਤਕੋ ਕਿਆ ਹੈ, ਬਸ ਇਸੇ ਤਰ੍ਹਾਂ ਅਗੇ ੧੨੯ਵੇਂ ਚਰਿਤ੍ਰ ਵਿਚ ਕੁਚੱਜੀ ਇਸਤ੍ਰੀ ਸਾਹਿਬਾਂ ਤੇ ਮਿਰਜ਼ੇ ਦਾ ਜ਼ਿਕਰ ਹੈ ਕਿ ਕਿਵੇਂ ਸਾਹਿਬਾਂ ਨੇ ਮਿਰਜੇ ਨੂੰ ਵੰਗਾਰ ਕੇ ਉਸ ਨੂੰ ਨਾਲ ਲੈ ਜਾਣ ਲਈ ਤਿਆਰ ਕੀਤਾ ਤੇ ਰਾਤ ਦੇ ਵਕਤ ਉਸ ਦੇ ਨਾਲ ਘੋੜੀ ਪਰ ਚੜ੍ਹ ਕੇ ਚਲੀ ਗਈ ਸੀ ਅਤੇ ਫੇਰ ਜਦੋਂ ਪਿਛੋਂ ਉਸ ਦੇ ਭਾਈ ਪੁਜ ਗਏ ਉਸ ਵੇਲੇ ਭਾਈਆਂ ਦੀ ਜਾਨ ਬਚਾਉਣ ਲਈ ਕਿਵੇਂ ਮਿਰਜੇ ਦੇ ਹਥਿਆਰ ਜੰਡ ਪਰ ਟੰਗ ਦਿਤੇ ਤੇ ਵਿਚਾਰਾ ਮਿਰਜਾ ਖਾਲੀ ਹਥ ਹੋਣ ਦੇ ਨਾਤੇ ਅਨਿਆਈ ਮੌਤੇ ਮਾਰਿਆ ਗਿਆ ਸੀ ਅਤੇ ਫੇਰ ਮਿਰਜੇ ਨੂੰ ਮਰਿਆ ਤਕ ਕੇ ਆਪ ਭੀ ਕਟਾਰੀ ਮਾਰ ਕੇ ਮਰ ਗਈ ਸੀ, ਜਿਸ ਬਾਰੇ ਗੁਰੂ ਜੀ ਅੰਤ ਵਿਚ ਲਿਖਦੇ ਹਨ:-

ਦੋਹਰਾ-ਪ੍ਰਥਮ ਭਹਾ ਤੇ ਕਾਢਿ ਕੈ ਪੁਨਿ ਨਿਜੁ ਮੀਤ ਹਨਾਇ ॥
ਪੁਨਿ ਜਮਧਰ ਉਰ ਹਨਿ ਮਰੀ ਭ੍ਰਾਤ ਮੋਹ ਕੇ ਭਾਇ ॥ ੩੯ ॥

ਪੰਜਾਬੀ ਕਹਾਵਤ ਹੈ:-

ਭੱਠ ਰੰਨਾਂ ਦੀ ਦੋਸਤੀ ਮਿਰਜਾ ਦਿਤਾ ਖਪਾਇ ॥
ਵਿਚ ਭਰਾਵਾਂ ਦੇ ਮੋਹਿ ਦੇ ਸ਼ਸਤ੍ਰ ਦਿਤੇ ਲੁਕਾਇ ॥

ਏਸ ਲਈ ਸ੍ਰੀ ਦਸਮੇਸ਼ ਜੀ ਆਪਣੇ ਸਿਖਾਂ ਨੂੰ ਇਹਨਾਂ ਪਲੇਸਿਆਂ ਤੋਂ ਬਚਣ ਲਈ ਸਾਰੇ ਪਹਿਲੂ ਦਿਖਾ ਰਹੇ ਹਨ ।

੧੮-੧੩੭ਵਾਂ ਚਰਿਤ੍ਰ ਦਰੋਪਤੀ ਸਵੰਬਰ ਦਾ ਹੈ, ਜਿਸ ਨੂੰ ਅਰਜਨ ਨੇ ਤੇਲ ਦੇ ਕੜਾਹੇ ਦੇ ਦੋਵੇਂ ਪਾਸੇ ਪੈਰ ਰਖ ਕੇ ਉਪਰ ਗਡੇ ਝੰਡੇ ਤੇ ਮਛ ਦੇ ਹਿਰਦੇ ਵਿਚ ਚਲਦੇ ਚਕਰ ਵਿਚ ਤੇਲ ਦੇ ਪ੍ਰਛਾਵੇਂ ਨੂੰ ਤਕ ਕੇ ਤੀਰ ਮਾਰਿਆ ਸੀ। ਜਿਸ ਦਾ ਜ਼ਿਕਰ ਮਹਾਂ ਭਾਰਤ ਤੇ ਪੁਰਾਣਾਂ ਵਿਚ ਆਉਂਦਾ ਹੈ, ਗੁਰੂ ਜੀ ਐਵੇਂ ਅਟਕਲ ਪਚੂ ਲਿਖਣ ਵਾਲੇ ਲਿਖਾਰੀ ਨਹੀਂ ਸਨ, ਜਿਨ੍ਹਾਂ ਇਤਿਹਾਸਕ ਕੌਤਕਾਂ ਨੂੰ ਹਜ਼ਾਰਾਂ ਵਰ੍ਹਿਆਂ ਤੋਂ ਲੋਕਾਈ ਪੜ੍ਹਦੀ ਆ ਰਹੀ ਹੈ। ਪਰ ਉਹ ਅਜ ਚੰਦ ਅਣਬੂਝ ਲਿਖਾਰੀਆਂ ਦੀ ਦਲੀਲ ਪਰ ਕਿਵੇਂ ਵਿਸਾਰੀ ਜਾ ਸਕਦੀ ਹੈ ?

੧੪੧ਵੇਂ ਚਰਿਤ੍ ਵਿਚ ਸ਼ਿਵਜੀ ਪਾਰਬਤੀ ਅਤੇ ਭਸਮਾਸੁਰ ਦੈਂਤ ਦਾ ਪ੍ਰਸੰਗ ਲਿਖਿਆ ਹੈ ਕਿ ਕਿਵੇਂ ਭਸਮਾ ਸੁਰ ਦੈਂਤ ਜਿਸ ਦੇ ਬਰਾਬਰ ਦਾ ਜੋਸ਼ੀਲਾ ਦੇਖਣ ਵਿਚ ਨਹੀਂ ਆਉਂਦਾ, ਉਸ ਨੇ ਸ਼ਿਵਜੀ ਦੀ ਤਪਸਿਆ ਕਰਕੇ ਪਹਿਲਾਂ ਵਰਦਾਨ ਲਿਆ ਸੀ ਕਿ ਆਹ ਕੜਾ ਬਾਂਹ ਵਿਚ ਪਾ ਲੈ, ਜਿਸਦੇ ਸਿਰ ਪਰ ਧਰੇਂਗਾ ਉਹੀ ਸੜ ਕੇ ਸੁਆਹ ਹੋ ਜਾਊ। ਭਸਮਾਸੁਰ ਉਹ ਕੜਾ ਲੈ ਕੇ ਸ਼ਿਵਾਂ ਦੇ ਪਿਛੇ ਪੈ ਗਿਆ ਕਿ ਸ਼ਿਵਜੀ ਦੇ ਸਿਰ ਪਰ ਧਰਕੇ ਉਸ ਨੂੰ ਸਾੜ ਕੇ ਸਵਾਹ ਕਰਕੇ ਪਾਰਬਤੀ ਪਰ ਕਬਜ਼ਾ ਜਮਾਏ। ਸ਼ਿਵਜੀ ਜਾਨ ਬਚਾਉਣ ਲਈ ਪੂਰਬ, ਪੱਛਮ, ਦਖਣ ਭਜਿਆ ਫਿਰਿਆ । ਜਦੋਂ ਉਤਰ ਵਲ ਜਾ ਕੇ ਉਸ ਨੇ ਪਹਾੜ ਵਿਚ ਸਿਰ ਲੁਕਾ ਲਿਆ ਸੀ ਤਾਂ ਪਾਰਬਤੀ ਨੇ ਇਕ ਚਰਿਤ੍ਰ ਖੇਡਿਆ, ਇਹ ਕਿ ਦੈਂਤ ਨੂੰ ਕਿਹਾ ਕਿ ਮੂਰਖ ਨਾ ਬਣ ਅਤੇ ਸ਼ਿਵਜੀ ਦੀਆਂ ਗੱਲਾਂ ਪਰ ਇਤਬਾਰ ਨਾ ਕਰ, ਪਹਿਲਾਂ ਇਸ ਕੜੇ ਦੀ ਪ੍ਰੀਖਿਆ ਲੈ ਲੈ। ਇਸ ਕੜੇ ਨੂੰ ਆਪਣੇ ਸਿਰ ਪਰ ਫੇਰ ਕੇ ਤਕ, ਜੇ ਤੇਰੇ ਸਿਰ ਦਾ ਇਕ ਵਾਲ ਭੀ ਨਾ ਸਾੜ ਸਕੇ ਤਾਂ ਫੇਰ ਉਸ ਦਾ ਕੀ ਵਿਗਾੜੂ। ਜਦੋਂ ਦੈਂਤ ਨੇ ਪਾਰਬਤੀ ਦੇ ਆਖੇ ਲਗ ਕੇ ਆਪਣੇ ਸਿਰ ਪਰ ਹਥ ਰਖ ਲਿਆ, ਬਸ ਸੜ ਕੇ ਸਵਾਹ ਹੋ ਗਿਆ । ਸ਼ਿਵਜੀ ਦੀ ਜਾਨ ਵਿਚ ਜਾਨ ਆਈ ਅਤੇ

Digitized by Panjab Digital Library | www.panjabdigilib.org

ਪਾਰਬਤੀ ਨੇ ਇਕ ਸੁਚੱਜੀ ਤ੍ਰੀਮਤ ਹੋਣ ਦਾ ਸਬੂਤ ਦਿਤਾ।

ਦੋਹਰਾ-ਅਸ ਚਰਿਤ੍ਰ ਕਰ ਪਾਰਬਤੀ ਦੀਨੋ ਅਸੁਰ ਜਰਾਇ ॥
ਫਟਕਾਚਲ ਸਿਵ ਕੇ ਸਹਿਤ ਬਹੁਰਿ ਬਿਰਾਜੀ ਜਾਇ ॥ ੧੧ ॥

੧੯-ਇਹ ਠੀਕ ਹੈ ਕਿ ੧੪੨ਵੇਂ ਪ੍ਰਕਰਣ ਵਿਚ ਸ੍ਰੀ ਕ੍ਰਿਸ਼ਨ ਜੀ ਦੀ ਉਪਮਾਂ ਆਉਂਦੀ ਹੈ। ਇਸ ਦਾ ਮਤਲਬ ਇਹ ਨਹੀਂ ਕਿ ਸ੍ਰੀ ਦਸਮੇਸ਼ ਜੀ ਕ੍ਰਿਸ਼ਨ ਭਗਤੀ ਦਾ ਪ੍ਰਚਾਰ ਕਰਦੇ ਹਨ।ਉਹ ਪਰਸੰਗ ਜਿਉਂ ਦਾ ਤਿਉਂ ਲਿਖਿਆ ਹੈ ਜਿਵੇਂ ਉਹ ਵਰਤਿਆ ਸੀ ਜਿਹੜਾ ਲਿਖਾਰੀ ਜਾਣ ਬੁਝ ਕੇ ਇਤਿਹਾਸ ਨੂੰ ਕਟਦਾ ਹੈ ਉਹ ਨਿਰਪੱਖ ਨਹੀਂ ਹੁੰਦਾ, ਪੱਖ ਪਾਤ ਕਰਨ ਨਾਲ ਲਿਖਾਰੀ ਕੋਲ ਸਚਿਆਈ ਨਹੀਂ ਰਹਿੰਦੀ, ਪਰ ਗੁਰੂ ਜੀ ਪੱਖਪਾਤ ਤੋਂ ਨਿਰਲੇਪ ਸਨ।

੨੦-ਚਰਿਤ੍ਰ ਨੰ: ੧੫੧ ਨੂੰ ਪੜ੍ਹੋ, ਜੋ ਕੁਪੱਤ ਸਿੰਘ ਨਾਮ ਕਰਕੇ ਰਾਜੌਰੀ ਵਿਚ ਰਹਿੰਦਾ ਸੀ ਤੇ ਬੜਾ ਸ਼ਾਂਤ ਸੁਭਾਅ ਹੈਸੀ ਅਤੇ ਗੁਮਾਨ ਮਤੀ ਉਸ ਦੀ ਰਾਣੀ ਸੀ, ਜੋ ਪਤੀਬਰਤਾ ਧਰਮ ਦੀ ਪੱਕੀ ਤੇ ਰਾਜੇ ਨਾਲ ਪੂਰਨ ਸਨੇਹ ਰਖਦੀ ਸੀ। ਰਾਜੇ ਪਰ ਜੰਗ ਦਾ ਸਮਾਂ ਆ ਬਣਿਆ ਤਾਂ ਉਸ ਰਾਣੀ ਨੇ ਕਿਹਾ ਮੈਂ ਤਾਂ ਆਪ ਦੇ ਨਾਲ ਹੀ ਜਾਵਾਂਗੀ, ਆਪ ਦੇ ਪਿਛੋਂ ਮੈਂ ਘਰ ਪਰ ਨਹੀਂ ਰਹਿ ਸਕਦੀ। ਘੋਰ ਜੰਗ ਹੋਇਆ, ਦੋਹਾਂ ਪਾਸਿਆਂ ਤੋਂ ਸੂਰਮਿਆਂ ਨੇ ਪਰਲੋ ਲਿਆ ਦਿਤੀ। ਬੰਦੂਕ ਦੀ ਗੋਲੀ ਆਈ, ਰਾਜੇ ਦਾ ਹਿਰਦਾ ਵਿੰਨ੍ਹ ਗਈ ਅਤੇ ਰਾਜਾ ਬੇਹੋਸ਼ ਹੋ ਕੇ ਡਿਗ ਪਿਆ ਪਰ ਰਾਣੀ ਨੇ ਆਪਣੇ ਹਥਾਂ ਵਿਚ ਬੋਚ ਲਿਆ। ਉਸ ਨੂੰ ਹੌਦੇ ਨਾਲ ਬੰਨ੍ਹ ਕੇ ਆਪ ਲੜਾਈ ਵਿਚ ਜੁਟੀ ਰਹੀ। ਐਸੀ ਸੂਰਬੀਰਤਾ ਤੇ ਰੋਹ ਨਾਲ ਲੜੀ ਕਿ ਮੈਦਾਨੇ ਜੰਗ ਆਪਣੇ ਹਥ ਵਿਚ ਲੈ ਲਿਆ। ਮੈਦਾਨ ਜਿਤ ਕੇ ਘਰ ਆਈ ਅਤੇ ਆਪਣੇ ਪੁਤ੍ਰ ਨੂੰ ਰਾਜ ਤਿਲਕ ਦੇ ਕੇ ਆਪ ਪਤੀ ਦੇ ਸਸਕਾਰ ਦੀ ਤਿਆਰੀ ਕਰਕੇ ਨਾਲ ਸਤੀ ਹੋਣ ਲਈ ਚਲ ਪਈ। ਜਿਸ ਤੇ ਅਕਾਲ ਪੁਰਖ ਨੇ ਪ੍ਰਸੰਨ ਹੋ ਕੇ ਅਕਾਸ਼ ਬਾਣੀ ਕੀਤੀ ਕਿ ਤੂੰ ਭਲਾ ਕੰਮ ਕੀਤਾ ਹੈ, ਇਸ ਲਈ ਸੜ ਕੇ ਨਾ ਮਰ, ਆਪਣੇ ਪਤੀ ਨੂੰ ਜਿੰਦਾ ਕਰ ਲੈ,ਸੋ ਐਸਾ ਹੀ ਹੋਇਆ। ਜਿਸ ਨੂੰ ਅੰਤ ਵਿਚ ਇਉਂ ਲਿਖਿਆ ਹੈ:-

ਦੋਹਰਾ-ਸੱਤ੍ਰ ਨਾਥ ਹਨਿ ਜੁਧ ਕਰਿ ਲੀਨੋ ਪਤਿਹਿ ਜਿਯਾਇ ॥
ਬਹੁਰਿ ਰਾਜ ਅਪਨੋ ਕਰਿਯੋ ਨਾਥ ਸਹਿਤ ਸੁਖ ਪਾਇ ॥

ਦੁਸ਼ਮਨਾਂ ਤੇ ਰਾਜੇ ਨੂੰ ਮਾਰ ਕੇ ਅਤੇ ਲੜਾਈ ਲੜ ਕੇ ਆਪਣੇ ਪਤੀ ਨੂੰ ਬਚਾ ਲਿਆ। ਫੇਰ ਸੁਖ ਨਾਲ ਰਾਜ ਕੀਤਾ। ਇਹ ਠੀਕ ਹੈ, ਇਸ ਤੋਂ ਪਹਿਲਾਂ ਚਰਿਤ੍ਰ ਹੀਣਤਾ ਦੇ ਦ੍ਰਿਸ਼ ਦਿਖਾ ਕੇ ਇਹ ਸਿਖਿਆ ਦਿਤੀ ਹੈ ਕਿ ਉਹਨਾਂ ਦਾ ਕੀ ਹਸ਼ਰ ਹੋਇਆ ਸੀ ਅਤੇ ਇਸ ਨੂੰ ਕੀ ਇਵਜ਼ਾਨਾ ਮਿਲਿਆ ਸੀ। ਹੁਣ ਪਾਠਕ ਸੋਚਣ ਕਿ ਅਸਾਂ ਕਿਹੜਾ ਰਾਹ ਮਲਣਾ ਹੈ।

ਚਰਿਤ੍ਰ ਨੰ: ੧੪੮ ਵਿਚ ਇਹ ਦਿਖਾਇਆ ਹੈ ਕਿ ਕਨੌਜ ਸ਼ਹਿਰ ਵਿਚ ਇਕ ਕੰਜਰੀ ਰਹਿੰਦੀ ਸੀ, ਜਿਸ ਨੇ ਪਹਿਲਾਂ ਦੁਰਗਾ ਦਤ ਰਾਜੇ ਨੂੰ ਵਸ ਕਰ ਲਿਆ ਸੀ ਤਾਂ ਰਾਣੀਆਂ ਨੇ ਰਿਸ ਕੇ ਉਸ ਕੋਲ ਹੋਰ ਆਦਮੀ ਭੇਜ ਕੇ ਮੌਕੇ ਤੇ ਜਾ ਪਕੜਾਇਆ ਤੇ ਰਾਜੇ ਨੂੰ ਮਤ ਦਿਤੀ ਕਿ ਜਿਸ ਵੇਸਵਾ ਨੂੰ ਤੂੰ ਆਪਣੀ ਸਮਝੀ ਬੈਠਾ ਹੈਂ ਇਹ ਕਿਸੇ ਦੀਆਂ ਨਹੀਂ ਬਣਦੀਆਂ, ਇਹਨਾਂ ਦਾ ਪੈਸੇ ਨਾਲ ਸਬੰਧ ਹੈ, ਜਿਸ ਨੇ ਪੈਸਾ ਦਿਤਾ ਉਸੇ ਦੀਆਂ ਬਣ ਗਈਆਂ। ਰਾਜੇ ਨੂੰ ਮਤ ਆ ਗਈ ਅਤੇ ਇਸ ਨੂੰ ਪੜ੍ਹ ਕੇ ਸਾਨੂੰ ਭੀ ਮਤ ਆਉਣੀ ਚਾਹੀਦੀ ਹੈ ਅਤੇ ਉਸ ਵੇਸਵਾ ਦਾ ਹਸ਼ਰ ਕੀ ਹੋਇਆ ਸੀ, ਅੰਤ ਵਿਚ ਗੁਰਦੇਵ ਨੇ ਦਸਿਆ ਹੈ ਕਿ ਜੋ ਲੋਕ ਬਹੁਤੇ ਭੋਗ ਭੋਗਦੇ ਹਨ ਅੰਤ ਭੋਗ ਉਹਨਾਂ ਨੂੰ ਹੀ ਭੋਗ ਜਾਂਦਾ ਹੈ ।

Digitized by Panjab Digital Library | www.panjabdigilib.org

ਅੜਿਲ-ਬੇਸਵਾ ਬਾਹਰ ਆਈ ਕੇਲ ਕਮਾਇਕੈ ॥
ਰਾਵ ਲਰਿਕਵਾ ਦਏ ਬਹੁਤ ਚਿਮਟਾਇਕੈ ॥
ਕੇਲ ਕਰਤ ਮਰ ਗਈ ਤਵਨ ਦੁਖ ਪਾਇਯੋ ॥
ਹੋ ਕੈਸੁ ਪੇਸਨੀ ਰਾਨੀ ਚਰਿਤ ਬਨਾਇਯੋ ॥ ੧੬ ॥

ਭਾਵ-ਉਹ ਵੇਸਵਾ ਜਦੋਂ ਕਿਸੇ ਪੁਰਸ਼ ਨਾਲ ਰਮ ਕੇ ਬਾਹਰ ਆਈ ਤਾਂ ਰਾਜੇ ਨੇ ਕ੍ਰੋਧਤ ਹੋ ਕੇ ਕੁਝ ਮੁੰਡੇ ਚੋਬਰ ਬੁਲਾ ਕੇ ਉਸ ਦੇ ਮਗਰ ਪਾ ਦਿਤੇ, ਅੰਤ ਇਹ ਭੇਗ ਹੀ ਉਸ ਨੂੰ ਜਾਨ ਲੇਵਾ ਸਾਬਤ ਹੋਏ, ਜੋ ਬੜਾ ਦੁਖ ਪਾ ਕੇ ਮਰ ਗਈ । ਇਸ ਤੋਂ ਇਹ ਕਿ ਰਾਣੀ ਨੇ ਕਿਡੀ ਜੁਗਤੀ ਨਾਲ ਆਪਣੇ ਰਾਹ ਦਾ ਕੰਡਾ ਚੂਰ ਕੀਤਾ ਅਤੇ ਰਾਜੇ ਨੂੰ ਕਿਵੇਂ ਮਤ ਦੇ ਕੇ ਵੇਸਵਾ ਨੂੰ ਆਪਣੇ ਕਰਮਾਂ ਦਾ ਫਲ ਦੁਆਇਆ ਸੀ।

੨੧-ਸਿਆਲਕੋਟ ਦੇ ਰਾਜੇ ਦੇ ਦੇਸ ਦੀ ਗਲ ਦਸਦੇ ਹਨ ਕਿ ਇਕ ਦਰਪ ਕਲਾ ਕਰਕੇ ਇਸਤ੍ਰੀ ਸੀ, ਜਿਸ ਨੇ ਇਕ ਸ਼ਾਹੂਕਾਰ ਦੇ ਪੁਤਰ ਨੂੰ ਆਪਣੇ ਵਲ ਖਿਚ ਲਿਆ ਅਤੇ ਐਸਾ ਵਸ ਕੀਤਾ ਕਿ ਸਮਾਜ ਦੀ ਨਾ ਪ੍ਰਵਾਹ ਕਰਕੇ ਲੋਕ ਲਾਜ ਨੂੰ ਤਲਾਂਜਲੀ ਦੇ ਦਿਤੀ ਸੀ, ਜਿਸ ਦੀ ਸ਼ਿਕਾਇਤ ਰਾਜੇ ਨੂੰ ਮਿਲੀ ਤਾਂ ਉਸ ਨੇ ਦੋਹਾਂ ਨੂੰ ਪਕੜ ਮੰਗਾਇਆ ਅਤੇ ਪੁਛਣ ਤੇ ਸ਼ਾਹ ਦੇ ਪੁਤ੍ਰ ਨੇ ਕਿਹਾ ਸੀ ਕਿ ਦਰਪ ਕਲਾ ਸੋਨਾ ਬੀਜਣਾ ਜਾਣਦੀ ਹੈ, ਇਸ ਤੋਂ ਅਸੀਂ ਉਹ ਸਿਖਣਾ ਚਾਹੁੰਦੇ ਸੀ। ਤਾਂ ਰਾਜੇ ਨੇ ਹੁਕਮ ਦਿਤਾ ਕਿ ਮੈਨੂੰ ਸੋਨਾ ਬੀਜ ਕੇ ਦਿਖਾਵੇ । ਤਾਂ ਦਰਪ ਕਲਾ ਨੇ ਕਿਹਾ ਕਿ ਸਾਨੂੰ ਇਕ ਅਲਗ ਮਕਾਨ ਦਿਤਾ ਜਾਵੇ, ਜਿਥੇ ਕੋਈ ਨਾ ਆਵੇ ਜਾਵੇ । ਨੌਂ ਮਹੀਨੇ ਬਾਅਦ ਦਸਵੇਂ ਮਹੀਨੇ ਮੈਂ ਆਪ ਆਪਣੀ ਤਿਆਰੀ ਕਰਕੇ ਸੋਨਾ ਬੀਜਣ ਵੇਲੇ ਆਪ ਨੂੰ ਬੁਲਾਵਾਂਗੀ। ਐਸਾ ਹੀ ਕੀਤਾ ਗਿਆ। ਉਹ ਦੋਵੇਂ ਆਪਣੀ ਅਜ਼ਾਦੀ ਨਾਲ ਸਰਕਾਰੀ ਰਾਸ਼ਨ ਖਾ ਕੇ ਨੌਂ ਮਹੀਨੇ ਬਾਅਦ ਰਾਜੇ ਨੂੰ ਸਦ ਕੇ ਕਿਹਾ ਕਿ ਆਪਣੀਆਂ ਰਾਣੀਆਂ ਅਤੇ ਅਹਿਲਕਾਰ ਭੀ ਸਦ ਲਵੋ। ਜਦੋਂ ਸਾਰੇ ਆ ਗਏ ਤਾਂ ਫੇਰ ਕਿਹਾ ਕਿ ਜਿਸ ਨੇ ਵਿਭਚਾਰ ਨਾ ਕੀਤਾ ਹੋਵੇ ਉਹ ਅਗੇ ਆਵੇ ਤਾਂ ਉਸ ਦੇ ਹਥੋਂ ਬੀਜਿਆ ਹੋਇਆ ਸੋਨਾ ਉਗ ਸਕੇਗਾ ਨਹੀਂ ਤਾਂ ਨਹੀਂ ਉਗੇਗਾ। ਫੇਰ ਕੀ ਸੀ ਸਾਰਿਆਂ ਵਿਚੋਂ ਕੋਈ ਭੀ ਅਗੇ ਨਾ ਆਇਆ ਤਾਂ ਉਸ ਲੜਕੀ ਨੇ ਕਿਹਾ ਕਿ ਫੇਰ ਤੁਹਾਨੂੰ ਇਸ ਦੋਸ਼ ਵਿਚ ਦੰਡ ਦੇਣ ਦਾ ਕੀ ਹੱਕ ਹੈ। ਰਾਜੇ ਨੂੰ ਸਮਝ ਆ ਗਈ ਅਤੇ ਉਹਨਾਂ ਦੋਹਾਂ ਦੀ ਆਪਸ ਵਿਚ ਸ਼ਾਦੀ ਕਰ ਦਿਤੀ।

ਜਿਵੇਂ ਇਸ ੧੫੪ਵੇਂ ਚਰਿਤ੍ਰ ਦੀ ਕਥਾ ਹੈ ਐਨ ਇਸੇ ਤਰ੍ਹਾਂ ਬਾਇਬਲ ਦਾ ਲੇਖ ਹੈ ਕਿ ਇਕ ਸਮੇਂ ਇਕ ਵਿਭਚਾਰਨ ਇਸਤ੍ਰੀ ਕੁਝ ਲੋਕਾਂ ਨੇ ਪਕੜ ਕੇ ਲਿਆਂਦੀ ਅਤੇ ਪੰਚਾਇਤੀ ਫੈਸਲਾ ਕਰ ਦਿਤਾ ਗਿਆ ਕਿ ਇਸ ਨੂੰ ਵੱਟੇ ਪੱਥਰ ਮਾਰ ਮਾਰ ਕੇ ਮਾਰ ਦਿਤਾ ਜਾਵੇ ਤੇ ਉਹ ਲੋਕ ਉਸ ਦੇ ਪਿਛੇ ਪੈ ਗਏ ਜਦ ਕਿ ਉਹ ਇਸਤ੍ਰੀ ਈਸਾ ਜੀ ਪਾਸ ਪੁਜ ਗਈ ਤੇ ਆਪਣੇ ਲਈ ਰਹਿਮ ਦੀ ਅਪੀਲ ਕੀਤੀ ਤੇ ਕਿਹਾ ਸੀ ਕਿ ਮੈਨੂੰ ਮੁਆਫ਼ੀ ਦੇ ਕੇ ਮੇਰੀ ਜਾਨ ਬਚਾਈ ਜਾਵੇ । ਈਸਾ ਜੀ ਨੇ ਉਹਨਾਂ ਲੋਕਾਂ ਨੂੰ ਰੁਕਣ ਲਈ ਕਿਹਾ, ਫੇਰ ਉਹਨਾਂ ਨੂੰ ਸੁਣਾ ਕੇ ਕਿਹਾ ਸੀ ਕਿ ਜਿਸ ਨੇ ਆਪ ਕਦੀ ਵਿਭਚਾਰ ਨਹੀਂ ਕੀਤਾ ਸਿਰਫ ਉਹੋ ਇਸ ਨੂੰ ਵੱਟੇ ਮਾਰੇ, ਦੂਜਿਆਂ ਨੂੰ ਅਧਿਕਾਰ ਨਹੀਂ ਹੈ । ਇਸ ਸੁਣਕੇ ਸਾਰੇ ਦੇ ਸਾਰੇ ਵੱਟੇ ਸੁਟ ਕੇ ਖਲੋ ਗਏ ਅਤੇ ਉਸ ਇਸਤ੍ਰੀ ਦੀ ਜਾਨ ਬਚਾਈ ਗਈ ਤੇ ਅਗੇ ਤੋਂ ਇਹ ਗੁਨਾਹ ਕਰਨ ਤੋਂ ਇਸ ਇਸਤ੍ਰੀ ਨੇ ਤੌਬਾ ਕਰ ਲਈ, ਜਿਸ ਨਾਲ ਉਸ ਇਸਤ੍ਰੀ ਦਾ ਜੀਵਨ ਬਚ ਗਿਆ ਅਤੇ ਅਗੇ ਲਈ ਸੁਧਾਰ ਹੋ ਗਿਆ।

੨੧-ਅਜ ਸਾਡੇ ਸਮਾਜ ਵਿਚ ਕੀ ਹੋ ਰਿਹਾ ਹੈ, ਜੋ ਲੋਕ ਅਧਿਕਾਰੀ ਹਨ ਉਹੀ ਆਪਣੇ ਅਧਿਕਾਰਾਂ ਦੀ ਯੋਗ ਵਰਤੋਂ ਨਹੀਂ ਕਰਦੇ, ਜਿਸ ਦੋਸ਼ ਵਿਚ ਆਪ ਕਿਸੇ ਨੂੰ ਸਜ਼ਾ ਦੇ ਰਿਹਾ ਹੈ, ਉਹੀ ਦੋਸ਼ ਆਪ ਕਰਨੋਂ ਨਹੀਂ ਰੁਕਦਾ। ਟੈਕਸਾਂ ਦੇ ਮਹਿਕਮੇ ਦੇ ਇੰਚਾਰਜ ਟੈਕਸ ਨਾ ਦੇਣ ਕਰਕੇ ਲੋਕਾਂ ਨੂੰ ਜੁਰਮਾਨੇ ਤੇ ਚਲਾਣ ਕਰਦੇ ਹਨ, ਪਰ ਆਪ ਕਦੀ ਟੈਕਸ ਨਹੀਂ ਦਿੰਦੇ, ਸਗੋਂ ਰੋਹਬ ਨਾਲ ਲੋਕਾਂ ਕੋਲੋਂ

Digitized by Panjab Digital Library | www.panjabdigilib.org

ਮਾਲ ਭੀ ਮੁਫਤ ਲੈ ਕੇ ਖਾਂਦੇ ਤੇ ਵਰਤਦੇ ਹਨ ਅਤੇ ਰਿਸ਼ਵਤ ਝੁੰਗੇ ਵਿਚ। ਪੁਲੀਸ ਚੌਂਕੀਦਾਰੀ ਲਈ ਨੀਯਤ ਕੀਤੀ ਗਈ ਹੈ ਤਾਂ ਕਿ ਚੋਰਾਂ ਚਕਾਰਾਂ ਤੋਂ ਬਚਾਵੇ, ਪਰ ਆਪ ਚੋਰ ਬਣਕੇ ਲੁਟਦੀ ਹੈ ਅਤੇ ਦਿਨ ਦਿਹਾੜੇ ਲੋਕਾਂ ਦਾ ਸਿਰ ਮੁੰਨ ਕੇ ਡਕੈਤੀ ਕਰਦੀ ਹੈ। ਅਮੀਰਾਂ ਨੂੰ ਲੁਟਦੀ ਹੈ ਅਤੇ ਗਰੀਬਾਂ ਨੂੰ ਬਿਨਾਂ ਕਿਸੇ ਕਸੂਰ ਤੋਂ ਹੀ ਕੁਟਦੀ ਹੈ। ਕਿਸੇ ਦੀ ਕੋਈ ਦਾਦ ਫਰਿਆਦ ਨਹੀਂ। ਲੀਡਰ ਲੋਕ ਲੈਕਚਰ ਕਰਦੇ ਹਨ ਕਿ ਮਤ ਕਿਸੇ ਨੂੰ ਪੈਸਾ ਦਿਉ, ਮਤ ਕਿਸੇ ਤੋਂ ਪੈਸਾ ਲਵੋ। ਆਪ ਸਟੇਜ ਤੋਂ ਥਲੇ ਉਤਰਕੇ ਜੇਬਾਂ ਦੇ ਮੂੰਹ ਖੋਲ੍ਹ ਦਿੰਦੇ ਹਨ ਤੇ ਨਾਲ ਦੇ ਵਫਾਦਾਰ ਸਾਥੀ ਸਾਂਭੀ ਜਾਦੇ ਹਨ। ਸਾਡੇ ਪ੍ਰਚਾਰਕ ਜੋ ਆਪ ਨੂੰ ਸਿਟੀ ਫਾਦਰ ਕਹਿੰਦੇ ਹਨ ਉਹ ਬੜੇ ਜ਼ੋਰ ਸ਼ੋਰ ਨਾਲ ਪਾਣੀ ਪੀ ਪੀ ਕੇ ਕਹਿੰਦੇ ਹਨ ਕਿ ਲੋਕੋ ਮੈਂ ਤੁਹਾਨੂੰ ਕਦੇ ਦਾ ਕਹਿੰਦਾ ਹੁੰਦਾ ਸਾਂ ਕਿ ਅਸਮਾਨ ਗਿਰਨੇ ਵਾਲਾ ਹੈ, ਤੁਸੀਂ ਥਲੇ ਦਬੇ ਜਾਉਗੇ, ਫੇਰ ਤੁਸੀਂ ਪੈਸੇ ਕੀ ਕਰਨੇ ਹਨ, ਇਸ ਲਈ ਇਹ ਸਾਰੇ ਪੈਸੇ ਜੇਬ ਵਿਚੋਂ ਕਢ ਕੇ ਮੇਰੇ ਹਵਾਲੇ ਕਰ ਦਿਓ। ਧਰਮਰਾਜ ਦੇ ਦੂਤ ਚਿਤ੍ ਗੁਪਤ ਜੋ ਤੁਹਾਡੇ ਕੰਧੇ ਪਤ ਬੈਠੇ ਹਨ, ਉਹ ਆਪਣੀ ਵਹੀ ਵਿਚ ਲਿਖ ਦੇਣਗੇ ਅਤੇ ਮੇਰੇ ਖਜ਼ਾਨੇ ਵਿਚ ਜਮ੍ਹਾਂ ਹੋਏ ਨਾਲੇ ਤਾਂ ਮੈਨੂੰ ਕੰਮ ਦੇਣਗੇ ਕਿਉਂਕਿ ਮੈਂ ਲੀਡਰ ਹਾਂ, ਇਸ ਲਈ ਹੋਰ ਕੰਮ ਕਰਕੇ ਕਮਾਕੇ ਖਾਣ ਲਈ ਤਾਂ ਵਿਹਲ ਨਹੀਂ ਇਸ ਵਿਚੋਂ ਕੁਝ ਮੈਂ ਖਾਵਾਂਗਾ, ਕੁਝ ਲੋੜ ਵੇਲੇ ਅਗੇ ਜਾ ਕੇ ਤੁਹਾਡੀ ਸਹਾਇਤਾ ਲਈ ਭੀ ਵਰਤਾਂਗਾ। ਮੈਂ ਇਹ ਕੰਮ ਕਰਦਾ ਹਾਂ, ਇਸ ਲਈ ਮੈਨੂੰ ਇਹ ਚੜ੍ਹਤ ਮੜ੍ਹਤ ਦਾ ਧਨ ਕੁਝ ਨਹੀਂ ਕਹਿੰਦਾ। ਤੁਸੀਂ ਮਤ ਖਾਣਾ, ਮਰ ਜਾਓਗੇ! ਇਹ ਸੰਖੀਆ ਏ ਸੰਖੀਆ। ਜਿਸ ਨੂੰ ਤਕ ਕੇ ਕਬੀਰ ਜੀ ਨੂੰ ਭੀ ਸ਼ਰਮ ਆਈ ਅਤੇ ਕਹਿਣੋਂ ਨਾ ਹਟੇ:-

(ਅਵਰਨ ਹਸਤ ਆਪ ਹੈ ਕਾਨੇ ॥ ਤਿਨ ਕੋ ਦੇਖ ਕਬੀਰ ਲਜਾਨੇ ॥)

ਇਹੋ ਹਾਲ ਮੇਰੇ ਜਿਹੇ ਲਿਖਾਰੀਆਂ ਦਾ ਹੈ।

੨੨-ਜਿਸ ਨੂੰ ਗੁਰੂ ਜੀ ਅਗਲੇ ਪ੍ਰਕਰਣ ਨੰ: ੧੫੫ ਵਿਚ ਦਸਦੇ ਹਨ ਕਿ ਇਹੋ ਜਿਹੇ ਧੋਖੇਬਾਜ਼ ਤੇ ਗਰਜੂ ਲੋਕਾਂ ਦੇ ਕਹੇ ਨਾ ਲਗੀਏ, ਇਹ ਅੰਤ ਡੋਬ ਕੇ ਮਾਰਦੇ ਹਨ।

ਸ਼ਾਹਜਹਾਨ ਦੀ ਇਕ ਰਾਣੀ ਪ੍ਰਾਣਮਤੀ ਸੀ, ਉਸ ਨੇ ਪਹਿਲਾਂ ਤਾਂ ਇਕ ਸ਼ਾਹੂਕਾਰ ਦੇ ਪੁਤਰ ਨੂੰ ਗੋਲੀ ਭੇਜ ਕੇ ਬੁਲਾ ਲਿਆ। ਫੇਰ ਉਸ ਨਾਲ ਪ੍ਰੇਮ ਕ੍ਰੀੜਾ ਭੀ ਕੀਤੀ, ਪਰ ਜਦੋਂ ਦਿਨ ਚੜ੍ਹਨ ਦਾ ਸਮਾਂ ਆਇਆ ਤਾਂ ਡਰ ਪੈ ਗਿਆ ਕਿ ਕਿਸੇ ਨੂੰ ਪਤਾ ਨਾ ਲਗ ਜਾਵੇ, ਇਸ ਲਈ ਹਨੇਰੇ ਹਨੇਰੇ ਹੀ ਦਰਿਆ ਵਿਚ ਜਾ ਸੁਟਾਇਆ ਸੀ।

Digitized by Panjab Digital Library | www.panjabdigilib.org

੧ ਓ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾ: ੭ ॥ ਅਧਯਾ: ੨ ॥ ਅਲੋਚਨਾਤਮਕ ॥ ਪ੍ਰਕਰਣ ਨੰ: ੨੪ ॥ ੩੯ ॥ ੧੪੬॥

ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੇ ਨਿਰਣੇ ਦਾ ਨਿਰਣਾ ॥

ਰਾਜਾ ਨਲ ਤੇ ਰਾਣੀ ਦਮਵੰਤੀ ॥

੧–ਰਾਜਾ ਭੀਮ ਸੈਨ ਬਿੱਦ੍ਰਬ ਦੇਸ਼ ਦਾ ਰਾਜਾ ਸੀ, ਅਤੇ ਉਸਦੀ ਪੁਤ੍ਰੀ ਦਮਵੰਤੀ ਬਹੁਤ ਹੀ ਖੂਬਸੂਰਤ ਸ਼ੀ, ਜਿਸ ਦੀ ਪ੍ਰਭਾ ਦੀ ਦੇਸ ਦੇਸਾਨ ਵਿਚ ਪ੍ਰਭਤਾ ਫੈਲ ਗਈ, ਬੜੇ ਘਮੰਡੀ ਉਸ ਨੂੰ ਵਿਆਹੁਣ ਦੇ ਚਾਹਵਾਨ ਸਨ, ਪਰ ਰਾਜੇ ਨਲ ਦੀ ਸੋਭਾ ਭੀ ਭਾਰੀ ਸੀ, ਜਿਸ ਨੂੰ ਦਮਵੰਤੀ ਨੇ ਸੁਣ ਪਾਇਆ, ਤੇ ਉਧਰੋ ਉਧਰੀ ਆਪਸ ਵਿਚ ਦੋਹਾਂ ਦੀ ਪਤ੍ਰਕਾ ਦਵਾਰਾ ਗਲ ਬਾਤ ਹੋ ਗਈ, ਤੇ ਰਾਜੇ ਭੀਮ ਸੈਨ ਨੇ ਸੁਯੰਬਰ ਦੀ ਇਕਤ੍ਰਤਾ ਕਰ ਲਈ, ਦਮਵੰਤੀ ਨੇ ਨਲ ਨੂੰ ਵਰ ਲਿਆ ਸੀ। ਪਰ ਘਰ ਆਉਂਦੇ ਸਾਰ ਰਾਜੇ ਨਲ ਨੇ ਆਪਣੇ ਭਰਾ ਨਾਲ ਜੂਆ ਖੇਡਿਆ ਜਿਸ ਵਿਚ ਸਾਰਾ ਧਨ ਕੀ ਰਾਜ ਵੀ ਹਾਰ ਗਿਆ। ਪਰ ਘਰ ਛੱਡਣਾ ਪਿਆ, ਜੰਗਲਾਂ ਵਿਚ ਧੱਕੇ ਖਾਣੇ ਪਏ, ਰਾਣੀ ਦਮਵੰਤੀ ਨੇ ਜੋ ਰਾਜੇ ਦੇ ਨਾਲ ਹੀ ਸੀ, ਕਿਸੇ ਜੱਟ ਦੇ ਖੇਤ ਵਿਚੋਂ ਖਾਣ ਲਈ ਸਾਗ ਤੋੜ ਲਿਆ, ਉਸਨੇ ਗਾਲੀਆਂ ਦਿਤੀਆਂ, ਜਿਸ ਤੋਂ ਨਲ ਨੂੰ ਹਰਖ ਉਪਜਿਆ ਤੇ ਰਾਤ ਨੂੰ ਰਾਣੀ ਦਮਵੰਤੀ ਨੂੰ ਸੁੱਤੀ ਛੱਡ ਕੇ ਆਪ ਰਾਜਾ ਨਲ ਖਿਸਕ ਗਿਆ। ਆਖਰ ਰਾਣੀ ਨੇ ਪ੍ਰਤਗਿਆ ਕੀਤੀ ਕਿ ਜੇਕਰ ਇਕ ਸਾਲ ਤੋਂ ਅੰਦਰ ਰਾਜਾ ਮੈਨੂੰ ਨਾ ਮਿਲਿਆ ਤਾਂ ਸੜ ਕੇ ਮਰ ਜਾਵਾਂਗੀ ਤੇ ਚੰਦੇਰੀ ਸ਼ਹਿਰ ਦੇ ਰਾਜੇ ਪਾਸ ਰਹੀ। ਪਰ ਇਸ ਇਕਰਾਰ ਪਰ ਕਿ ਜੇ ਰਾਜਾ ਨਲ ਨਾ ਮਿਲਿਆ ਫੇਰ ਮੈਂ ਤੇਰੇ ਨਾਲ ਵਿਆਹ ਕਰ ਲਵਾਂਗੀ। ਪਰ ਇਕ ਸਾਲ ਤਕ ਮੈਂ ਅਲਗ ਰਵਾਂਗੀ। ਕਿਉਂਕਿ ਦਮਵੰਤੀ ਇਕ ਪੂਰਨ ਪਤਿਵੰਤੀ ਸੀ। ਉਸ ਦਾ ਮੁਦਾ ਸੀ ਕਿ ਇਸ ਬਹਾਨੇ ਮੈਂ ਆਪਣੇ ਧਰਮ ਨੂੰ ਬਚਾਈ ਰਖਾਂ। ਜੇਕਰ ਏਨੇ ਸਮੇਂ ਵਿਚ ਰਾਜਾ ਨਲ ਨੂੰ ਨਾ ਮਿਲ ਸਕੀ ਤਾਂ ਪ੍ਰਾਣ ਹਤ ਕਰ ਲਵਾਂਗੀ, ਅਤੇ ਭੀਮ ਸੈਨ ਨੇ ਆਪਣੇ ਬਹੁਤ ਸਾਰੇ ਆਦਮੀ ਦਮਵੰਤੀ ਦੀ ਖੋਜ ਵਿਚ ਭੇਜੇ ਹੋਏ ਸਨ, ਜੋ ਲਭ ਕੇ ਦਮਵੰਤੀ ਨੂੰ ਉਸਦੇ ਪਿਤਾ ਭੀਮ ਸੈਨ ਦੇ ਘਰ ਲੈ ਗਏ।

ਉਧਰ ਰਾਜਾ ਨਲ ਅਜੁਧਿਆ ਵਿਚ ਸੀ, ਇਕ ਬ੍ਰਾਹਮਣ ਲਭਦਾ ਲਭਦਾ ਉਥੇ ਪੁਜ ਗਿਆ, ਜਿਸ ਨੇ ਆ ਕੇ ਰਾਣੀ ਦਮਵੰਤੀ ਦੇ ਪਿਤਾ ਭੀਮਸੈਨ ਨੂੰ ਦਸਿਆ, ਉਹਨਾਂ ਫੇਰ ਸੁਯੰਬਰ ਕਰਕੇ ਰਾਜੇ ਨਲ ਨੂੰ ਅਜੁਧਿਆ ਤੋਂ ਬੁਲਾਇਆ ਅਤੇ ਤਾਂ ਮੁੜ ਕੇ ਉਹਨਾਂ ਦਾ ਆਪਸੀ ਮੇਲ ਹੋਇਆ। ਜਿਸ ਦਾ ਨਤੀਜਾ ਸ੍ਰੀ ਦਸਮੇਸ਼ ਜੀ ਅੰਤ ਵਿਚ ਇਉਂ ਦਿੰਦੇ ਹਨ:–

ਦੋਹਰਾ–ਮੈਂ ਜੁ ਕਥਾ ਸੰਛੇਪਤੇ ਯਾਕੀ ਕਹੀ ਬਨਾਇ ॥
ਯਾਤੇ ਕੀਜ ਬਿਸਥਾਰ ਨਹਿ ਮਤਿ ਪੁਸਤਕ ਬਢ ਜਾਇ ॥ ੩੦ ॥
ਦਮਵੰਤੀ ਇਹ ਚਰਿਤ ਸੋਂ ਪੁਨਿ ਪਤਿ ਬਰਜੋ ਬਨਾਇ ॥
ਸਭ ਤੇ ਜਗ ਜੂਆ ਬੁਰੋ ਕੋਊ ਨ ਖੇਲਹੁ ਰਾਇ ॥ ੩੧ ॥

ਭਾਵ–ਗੁਰੂ ਜੀ ਕਹਿੰਦੇ ਹਨ ਕਿ ਮੈਂ ਇਹ ਕਥਾ ਬਹੁਤ ਥੋੜੇ ਵਿਚ ਲਿਖੀ ਹੈ, ਇਸ ਲਈ ਕਿ

Digitized by Panjab Digital Library | www.panjabdigilib.org

ਪੁਸਤਕ ਵਡੀ ਨਾ ਹੋ ਜਾਵੇ । ਇਹੋ ਮਜਬੂਰੀ ਮੇਰੀ ਜਾਣ ਲਵੋ। ਦਮਵੰਤੀ ਇਸ ਢੰਗ ਨਾਲ ਮੁੜ ਕੇ ਰਾਜੇ ਨਲ ਨੂੰ ਮਿਲੀ ਸੀ। ਇਸ ਲਈ ਗੁਰੂ ਜੀ ਆਦੇਸ਼ ਦਿੰਦੇ ਹਨ ਕਿ ਜੂਆ ਸਭ ਤੋਂ ਬੁਰੀ ਕਾਰ ਹੈ। ਜੋ ਕਿਸੇ ਨੂੰ ਭੀ ਨਹੀਂ ਖੇਲਣਾ ਚਾਹੀਦਾ। ਅਗੇ ਵਾਸਤੇ ਕੋਈ ਮਤ ਖੇਲੇ । ਮੈਂ ਚਾਹੁੰਦਾ ਹਾਂ ਕਿ ਕਿਵੇਂ ਗ੍ਰੰਥ ਨੇੜੇ 'ਚ ਆਵੇ ਪਰ ਕੀ ਕਰਾਂ, ਜੋ ਅਰਥ ਪੂਰਨ ਪ੍ਰਸੰਗ ਦੇ ਹੈਨ ਉਹ ਛਡੇ ਨਹੀਂ ਜ਼ਾਂਦੇ, ਕਿਉਂਕਿ ਇਹਨਾਂ ਨੂੰ ਦਰਸਾਉਣ ਲਈ ਹੀ ਸ੍ਰੀ ਦਸਮੇਸ਼ ਜੀ ਨੇ ਮੈਨੂੰ ਕਲਮ ਫੜਾਈ ਹੈ। ਉਂਜ ਮੇਰੀ ਕੋਸ਼ਿਸ਼ ਇਹੋ ਹੈ ਸਫਿਆਂ ਦਾ ਅਰਕ ਲਾਈਨਾਂ ਵਿਚ ਹੀ ਕਢਿਆ ਜਾਵੇ।

੨–ਇਕ ਚੌੜ ਭਰਤ ਸੰਨਿਆਸੀ ਸੀ, ਜਿਸ ਦਾ ਲੋਕ ਉਪ ਨਾਮ ਰੰਡੀ ਗਿਰ ਦੁਤਿਯੋ ਕਿਹਾ ਕਰਦੇ ਸਨ। ਉਸ ਦੇ ਨੇੜੇ ਹੀ ਇਕ ਬਾਲਕ ਰਾਮ ਬੈਰਾਗੀ ਭੀ ਰਹਿੰਦਾ ਸੀ, ਜਿਸ ਬਾਰੇ ਚਰਿਤ੍ਰ ਨੰ: ੧੫੮ ਵਿਚ ਦਸਦੇ ਹਨ ਕਿ ਉਹਨਾਂ ਦੀ ਆਪਸ ਵਿਚ ਨੋਕਾ ਠੋਕੀ ਲਗੀ ਰਹਿੰਦੀ ਸੀ ਜੋ ਗੋਹੇ ਦੀ ਅੱਗ ਵਾਂਗ ਸੁਲਗ ਕੇ ਮਚ ਪਈ ਅਤੇ ਦੋਹਾਂ ਜਮਾਤਾਂ ਵਿਚ ਜੰਗ ਲਗ ਗਈ, ਕਿਸੇ ਘਰੋਟਣਾ ਕਢ ਮਾਰਿਆ ਕਿਸੇ ਜੁਤੀ ਦੋਨੋਂ ਪਾਸੇ ਆਪਸ ਵਿਚ ਲਹੂ ਲੁਹਾਣ ਹੋ ਗਏ। ਕਿਸੇ ਦੀਆਂ ਜਟਾਂ ਉਖੜੀਆਂ, ਕਿਸੇ ਦੀ ਮਾਲਾ ਬਿਖਰ ਗਈ ਜਦੋਂ ਸਾਰੇ ਫਟੜ ਹੋ ਗਏ, ਫੇਰ ਵੈਰਾਗੀ ਇਕੱਠੇ ਹੋ ਕੇ ਰਾਣੀ ਤਾਂਬਰ ਕਲਾ ਪਾਸ ਫਰਯਾਦ ਲੈ ਕੇ ਆਏ ਕਿ ਸਾਡਾ ਵੈਰਾਗੀਆਂ ਦਾ ਬਹੁਤ ਮੰਦਾ ਹਾਲ ਕੀਤਾ ਹੈ ਤਾਂ ਰਾਣੀ ਨੇ ਦੋਹਾਂ ਪਾਰਟੀਆਂ ਨੂੰ ਬੁਲਾ ਕੇ ਕੱਲੇ ਕੱਲੇ ਨੂੰ ਸਮਝਾਇਆ ਅਤੇ ਸੰਨਿਆਸੀਆਂ ਨੂੰ ਕਿਹਾ–'ਤੁਹਾਡਾ ਫਰਜ਼ ਹੈ ਕਿ ਆਪਣੇ ਗੁਰੂ ਦਾ ਕਹਿਣਾ ਮੰਨੋ ! ਇਸ ਲਈ ਤੁਸੀਂ ਵੈਰਾਗੀਆਂ ਨੂੰ ਕੁਝ ਨਾ ਕਹੋ। ਆਪਣੇ ਗੁਰੂ ਦਿੱਤਾ ਤ੍ਰੈ ਦੇ ਅਦੇਸ਼ ਨੂੰ ਮੰਨੋ ਅਤੇ ਬੈਰਾਗੀਆਂ ਨੂੰ ਰਾਮਾ ਨੰਦ ਦਾ ਹੁਕਮ ਮੰਨਣ ਲਈ ਪਰੇਰਿਆ। ਕਿਸੇ ਗੁਰੂ ਨੇ ਲੜਨ ਦੀ ਪ੍ਰੇਰਨਾ ਨਹੀਂ ਦਿਤੀ ਸਗੋਂ ਉਹ ਤਾਂ ਪ੍ਰੇਮ ਭਾਵਨਾ ਵਲ ਜ਼ੋਰ ਦਿੰਦੇ ਹਨ। ਲੜਾਈ ਮੁਕ ਗਈ ਵੈਰਾਗੀ ਸੰਨਿਆਸੀਆਂ ਦੇ ਜਾਣੋਂ ਹਟ ਗਏ ਅਤੇ ਸੰਨਿਆਸੀ ਵੈਰਾਗੀਆਂ ਦੇ । ਅਮਨ ਸ਼ਾਂਤੀ ਵਰਤ ਗਈ। ਕਾਸ਼ ਅਜ ਦਸਮੇਸ਼ ਜੀ ਦੇ ਸਿਖ ਭੀ ਗੁਰੂ ਦੀ ਸਿਖਿਆ ਅਪਣਾ ਲੈਣ, ਫੇਰ ਅਸੀਂ ਭੀ (ਏਕ ਪਿਤਾ ਏਕਸ ਕੇ ਹਮ ਬਾਰਕ) ਬਣ ਜਾਈਏ ਅਤੇ (ਤੂ ਮੇਰਾ ਗੁਰ ਹਾਈ), ਸਾਰੇ ਪਵਾੜੇ ਮੁਕ ਜਾਣ, ਪੰਥ ਦਾ ਏਕਾ ਬਣ ਜਾਵੇ, ਕੌਮ ਇਕੱਠੀ ਹੋ ਸਕਦੀ ਹੈ ਪਰ ਜੇ ਸਾਰਿਆਂ ਦਾ ਮਿਸ਼ਨ ਇਕ ਹੋ ਜਾਵੇ। ਇਸ ਪ੍ਰਕਰਣ ਦਾ ਨਿਚੋੜ ਹੀ ਇਹ ਹੈ ਕਿ ਗੁਰੂ ਦੇ ਸਿਖ ਨੂੰ ਆਪਣੇ ਗੁਰੂ ਦਾ ਆਦੇਸ਼ ਪੂਰੀ ਸ਼ਰਧਾ ਨਾਲ ਮੰਨਣਾ ਚਾਹੀਦਾ ਹੈ । ਜੋ ਭੀ ਆਪਣੇ ਪੂਰੇ ਗੁਰ ਦਾ ਹੁਕਮ ਨਹੀਂ ਮੰਨਦਾ–

ਸਤਿਗੁਰੁ ਸੇਵਿ ਨਿਸੰਗੁ ਭਰਮੁ ਚੁਕਾਈਐ ॥
ਸਤਿਗੁਰੁ ਆਖੈ ਕਾਰ ਸੁ ਕਾਰ ਕਮਾਈਐ ॥
[ਸ: ੧੪੫ ॥ ਮ: ੧ ॥

ਗੁਰੂ ਨਾਨਕ ਜੀ ਦਾ ਕਹਿਣਾ ਹੈ ਕਿ ਆਪਣੇ ਗੁਰੂ ਦੀ ਸੇਵਾ ਵਿਚ ਸ਼ੰਕਾ ਨਾ ਕਰੀਏ ਅਤੇ ਜੋ ਭੀ ਗੁਰੂ ਦਾ ਹੁਕਮ ਹੈ ਉਹੋ ਹੀ ਕੰਮ ਕੀਤਾ ਜਾਵੇ। ਪੂਰੇ ਗੁਰ ਕਾ ਹੁਕਮ ਨਾ ਮੰਨੇ ਮਨਮੁਖ ਮੂੜ ਅਗਿਆਨੀ।

੨–ਇਸ ਦੇ ਵਿਚ ਕੋਈ ਸ਼ਕ ਨਹੀਂ ਕਿ ੧੬੬ ਤੋਂ ਲੈ ਕੇ ੧੭੨ ਤਕ ਸਾਰੇ ਚਰਿਤ੍ਰ ਉਹਨਾਂ ਪਲੀਤ ਤੇ ਵਿਭਚਾਰਨ ਇਸਤ੍ਰੀਆਂ ਦੇ ਦਿਤੇ ਹਨ, ਜਿਨ੍ਹਾਂ ਨੇ ਇਖਲਾਕ ਨੂੰ ਬੇਦਾਵਾ ਦੇ ਕੇ ਧਰਮ ਨੂੰ ਛਿੱਕੇ ਟੰਗ ਕੇ ਹਿਯਾ ਤੇ ਸ਼ਰਮ ਨੂੰ ਵਿਦਾਇਗੀ ਦੇ ਕੇਅਨੇਕਾਂ ਛਲ ਕਰਕੇ ਕਾਮ ਕੇਲ ਕੀਤੇ ਹਨ ਪਰ ਉਹਨਾਂ ਸਾਰਿਆਂ ਦਾ ਨਿਚੋੜ ੧੭੨ਵੇਂ ਪ੍ਰਕਰਣ ਵਿਚ ਦਸਦੇ ਹਨ ਕਿ ਗਜਨ ਦੇਵ ਗਜਨੀ ਦਾ ਰਾਜਾ

Digitized by Panjab Digital Library | www.panjabdigilib.org

ਸੀ ਅਰ ਚਪਲ ਕਲਾ ਰਾਜ ਪੁਤ੍ਰੀ ਸੀ। ਜਿਸ ਦਾ ਖਾਸਾ ਵਿਸਖਾਰ ਨਾਲ ਜੋਬਨ ਖਾਨ ਦਾ ਲੜਨਾ ਦਸਿਆ ਹੈ। ਅਨੇਕਾਂ ਸੂਰਮੇਂ ਮਰ ਖਪ ਗਏ। ਇਕ ਦਿਨ ਚਪਲਕਲਾ ਨੇ ਜੋਬਨ ਖਾਂ ਦੇਖਿਆ ਤਾਂ ਉਸ ਦੇ ਰੂਪ ਤੇ ਜਵਾਨੀ ਪਰ ਮਸਤ ਹੋ ਗਈ। ਦੁਵਲੇ ਤੇ ਚਿਠੀਆਂ ਪਤਰ ਚਲੇ, ਅੰਤ ਉਸ ਨੇ ਗਜਨੀ ਨੂੰ ਜਿਤਣ ਦਾ ਢੰਗ ਦਸਿਆ, ਜਿਸ ਨਾਲ ਦੁਰਗ ਦਾ ਘੇਰਾ ਤੋੜ ਕੇ ਅੰਦਰ ਆ ਪੁਜੇ ਅਤੇ ਪਿਉ ਮਰਵਾ ਦਿਤਾ; ਸਾਰੇ ਸੂਰਮੇ ਮਾਰੇ ਗਏ, ਸਾਰੇ ਅਧਿਕਾਰ ਸਾਂਭ ਲਏ ਗਏ, ਇਸ ਸਾਰੇ ਰਾਜ ਪਲਟੇ ਤੇ ਖਾਨਦਾਨ ਨੂੰ ਮੁਕਾਉਣ ਵਾਲੀ ਇਕ ਚਪਲ ਕਲਾ ਸੀ। ਪਰ ਜੋਬਨ ਖਾਨ ਨੂੰ ਮਤ ਦਿਤੀ ਗਈ ਕਿ ਜਿਸ ਨੇ ਆਪਣਾ ਬਾਪ ਤੇ ਖਾਨਦਾਨ ਸਭੋ ਕੁਝ ਸਤਿਆਨਾਸ ਕਰਾ ਦਿਤਾ ਹੈ; ਉਹ ਤੇਰੀ ਕੀ ਬਣੇਗੀ, ਉਸ ਦਾ ਕੀ ਵਸਾਹ ਹੈ, ਕਦੋਂ ਵਿਗੜ ਜਾਏ। ਇਹ ਸੋਚ ਕੇ ਕੀ ਕੀਤਾ ਸੀ–

ਚੋਪਈ–ਐਸੀ ਪ੍ਰੀਤ ਦੁਹਨ ਕੇ ਭਈ ॥ ਅਬਲਾ ਔਰ ਬਿਸਰਿ ਸਭ ਗਈ ॥
ਏਕਾ ਨਰਿ ਹਸਿ ਬਚਨਿ ਉਚਾਰੋ ॥ ਬਡੋ ਮੂਰਖ ਇਹ ਰਾਵ ਹਮਾਰੋ ॥ ੨੫ ॥
ਜਿਨ ਤ੍ਰਿਯ ਪ੍ਰਥਮ ਪਿਤਾ ਕਹੁ ਘਾਯੋ ॥ ਬਹੁਰਿ ਆਪਨੋ ਰਾਜ ਗਵਾਯੋ ॥
ਤਾ ਸੋ ਮੂਰਖ ਪ੍ਰੀਤਿ ਉਪਜਾਈ ॥ ਨ੍ਰਿਪ ਕੀ ਨਿਕਟ ਮ੍ਰਿਤੁ ਜਨ ਆਈ ॥ ੨੬ ॥
ਪਿਤਾ ਹਨਕ ਜਿਹ ਲਗੀ ਨ ਬਾਰਾ ॥ ਤਿਹ ਆਗੇ ਕਿਯਾ ਨਾਥ ਬਿਚਾਰਾ ॥
ਜਿਨ ਤ੍ਰਿਯ ਅਪਨੋ ਰਾਜੁ ਗਵਾਯੋ ॥ ਤਾਸੋ ਮੂਰਖ ਨੇਹ ਲਗਾਯੋ ॥ ੨੭ ॥
ਦੋਹਰਾ ॥ ਜੋਬਨ ਖਾਂ ਸੁਨਿ ਏ ਬਚਨ ਮਨ ਮੈ ਰੋਸ ਬਢਾਇ ॥
ਬਡੋ ਮੁਨਾਰ ਉਸਾਰਿ ਤ੍ਰਿਯ ਤਾ ਮੈ ਦਈ ਚਿਨਾਇ ॥ ੨੮ ॥ ਸ: ੧੦੬੯

ਭਾਵ ਕਿ ਉਹਨਾਂ ਦੋਹਾਂ ਦੀ ਐਸੀ ਪ੍ਰੀਤ ਬਣ ਗਈ ਕਿ ਰਾਜੇ ਨੇ ਬਾਕੀ ਦੀਆਂ ਰਾਣੀਆਂ ਭੁਲਾ ਹੀ ਛੱਡੀਆਂ। ਤਾਂ ਵਿਚੋਂ ਇਕ ਰਾਣੀ ਨੇ ਹਸਕੇ ਕਿਹਾ ਕਿ ਸਾਡਾ ਰਾਜਾ ਤਾਂ ਬਹੁਤ ਹੀ ਮੂਰਖ ਹੈ, ਜਿਸ ਇਸਤ੍ਰੀ ਨੇ ਪਹਿਲਾਂ ਤਾਂ ਆਪਣੇ ਪਿਤਾ ਨੂੰ ਮਾਰ ਦਿਤਾ, ਫੇਰ ਆਪਣਾ ਰਾਜ ਗਵਾ ਦਿਤਾ, ਫੇਰ ਜੋ ਇਹੋ ਜਿਹੀ ਇਸਤ੍ਰੀ ਨਾਲ ਪਿਆਰ ਕਰਦਾ ਹੈ। ਉਸ ਤੋਂ ਵਧ ਹੋਰ ਮੂਰਖ ਕੌਣ ਹੋ ਸਕਦਾ ਹੈ ? ਇਹ ਸਮਝੋ ਕਿ ਰਾਜੇ ਦੀ ਮੌਤ ਭੀ ਆਈ ਦੀ ਨਿਸ਼ਾਨੀ ਹੈ। ਜਿਥਨੂੰ ਆਪਣੇ ਪਿਤਾ ਨੂੰ ਮਾਰਨ ਲਗਿਆਂ ਦੇਰ ਨਹੀਂ ਲਗੀ ਉਸ ਅਗੇ ਇਹ ਸਾਡਾ ਪਤਿ ਵੀਚਾਰਾ ਕਿਆ ਚੀਜ਼ ਹੈ, ਜਿਸ ਨੇ ਆਪਣਾ ਰਾਜ ਖੋ ਦਿਤਾ, ਉਸ ਨਾਲ ਇਸ ਨੇ ਪਿਆਰ ਬਣਾ ਲਿਆ ਹੈ, ਤਾਂ ਫੇਰ ਏਹ ਰਾਜਾ ਮੂਰਖ ਨਹੀਂ ਤਾਂ ਹੋਰ ਕੀ ਹੈ। ਇਹ ਗਲਾਂ ਸੁਣਕੇ ਜੋਬਨ ਖਾਂ ਨੂੰ ਹੋਸ਼ ਆ ਗਈ, ਅਤੇ ਗੁਸੇ ਵਿਚ ਆਕੇ ਇਕ ਉਚਾ ਮੀਨਾਰ ਚਣਵਾਇਆ, ਤੇ ਚਪਲ ਕਲਾ ਨੂੰ ਮਾਰਕੇ ਉਸਦੇ ਵਿਚ ਚਿਣ ਦਿਤਾ।

ਚੇਤ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨਾਲ ਗਦਾਰੀ ਕਰਕੇ ਹਿੰਦੋਸਤਾਨ ਦੀ ਅਜ਼ਾਦੀ ਗਵਾ ਦਿਤੀ ਸੀ, ਉਸ ਦਾ ਨਾਮ ਅਜ ਤਕ ਗਦਾਰਾਂ ਵਿਚ ਗਿਣਿਆਂ ਜਾਂਦਾ ਹੈ। ਇਹ ਭੀ ਮਸਾਲਾਂ ਸ੍ਰੀ ਦਸਮੇਸ਼ ਜੀ ਨੇ ਸਾਨੂੰ ਦਿਖਾਈਆਂ ਹਨ ਕਿ ਜੋ ਪੁਰਸ਼ ਆਪਣੇ ਨਾਲ ਗਦਾਰੀ ਕਰਦਾ ਹੈ ਉਸ ਦਾ ਹਵਾਲ ਚਪਲ ਕਲਾ ਜਿਹਾ ਹੁੰਦਾ ਹੈ, ਅਤੇ ਜੋ ਪੁਰਸ਼ ਇਹੋ ਜਿਹੀਆਂ ਇਸਤ੍ਰੀਆਂ ਤੇ ਵਸਾਹ ਖਾਂਦਾ ਹੈ ਉਹ ਮਹਾਂ ਮੂਰਖ ਹੈ। ਇਹੋ ਜਿਹੇ ਕਰਤਵ ਦਸਕੇ ਸਾਨੂੰ ਨਸੀਹਤ ਕੀਤੀ ਹੈ।

੩–ਮਤੀ ਸੁਬੀਰ ਇਸਤ੍ਰੀ ਦਾ ਪ੍ਰਕਰਣ ਆਉਂਦਾ ਹੈ ਜਿਸ ਨੂੰ ਪੜ੍ਹਕੇ ਬੀਰਤਾ ਅੰਗੜਾਈ ਭੰਨਦੀ ਹੈ ਕਿ ਕਿਵੇਂ ਉਸ ਇਕ ਇਸਤ੍ਰੀ ਜਿਸ ਨੂੰ ਅਬਲਾ ਕਹਿੰਦੇ ਹਾਂ, ਉਸ ਨੇ ੧੦੦ ਡਾਕੂਆਂ ਨਾਲ ਲੋਹਾ ਲਿਆ ਸੀ ਅਤੇ ਕਿਤਨੀ ਆਪਣੇ ਪਤੀ ਦੀ ਵਫਾਦਾਰ ਸੀ ? ਕਿਵੇਂ ਆਪਣਾ ਧਨ ਲੁਟਿਆ ਹੋਇਆ

Digitized by Panjab Digital Library | www.panjabdigilib.org

ਵਾਪਸ ਕੀਤਾ ਸੀ ਅਤੇ ਆਪਣੇ ਪਤੀ ਨੂੰ ਪ੍ਰਦੇਸ ਤੋਂ ਲਿਆ ਕੇ ਘਰ ਵਸਾਇਆ ਸੀ। ਜਿਸਨੇ ਦੁਰਗਾ ਦੇ ਚਮਤਕਾਰ ਭੀ ਮਾਤ ਪਾ ਦਿਤੇ ਸਨ। ਜਦੋਂ ਅਸੀਂ ਸਾਧ ਦੀ ਵਿਆਖਿਆ ਕਰਦੇ ਹਾਂ ਤਾਂ ਚੋਰ ਦਾ ਜ਼ਿਕਰ ਵਿਚ ਕਰਨਾ ਪਏਗਾ। ੧੭੬ ਤੋਂ ਅਗੇ ੧੭੭ ਨੰਬਰ ਹੈ ਜਿਸ ਵਿਚ ਮੈਨ ਲਤਾ ਦਾ ਜ਼ਿਕਰ ਆਉਂਦਾ ਹੈ ਕਿ ਉਸ ਨੇ ਕਿਵੇਂ ਚਮਤਕਾਰ ਕਰਕੇ ਇਕ ਨਵਾਂ ਗ੍ਰਾਉਂ ਬੰਨ੍ਹਿਆ ਸੀ, ਜਿਸ ਦਾ ਨਾਮ ਮਛਲੀ ਬੰਦ੍ਰ ਅਜ ਤਕ ਮਸ਼ਹੂਰ ਹੈ।

੮੧ਵੇਂ ਪ੍ਰਕਰਣ ਵਿਚ ਦਸਿਆ ਹੈ ਕਿ ਕਿਵੇਂ ਚਾਲਾਕ ਇਸਤ੍ਰੀਆਂ ਸਚ ਨੂੰ ਝੂਠ ਤੇ ਝੂਠ ਨੂੰ ਸਚ ਬਣਾ ਦਿੰਦੀਆਂ ਹਨ। ਜੋ ਅਸਲ ਗਲ ਨੂੰ ਨਹੀਂ ਸਮਝਦਾ ਉਹ ਮੂਰਖ ਹੈ। ਇਸ ਲਈ ਗੁਰੂ ਜੀ ਕਹਿੰਦੇ ਹਨ ਕਿ ਇਹਨਾਂ ਸਾਰਿਆਂ ਰਾਜ਼ਾਂ ਨੂੰ ਸਮਝਣਾ ਚਾਹੀਦਾ ਹੈ ਅਤੇ ਸਚ ਝੂਠ ਦਾ ਨਿਤਾਰਾ ਕਰਕੇ ਹੋਸ਼ ਹਵਾਸ ਦੇ ਨਾਲ ਚਿਤੰਨ ਹੋ ਕੇ ਰਹਿਣਾ ਚਾਹੀਦਾ ਹੈ।

੪-ਜਿਵੇਂ ਕਿ ਅਗੇ ੧੮੩ਵੇਂ ਪ੍ਰਕਰਣ ਵਿਚ ਦਸਿਆ ਹੈ ਕਿ ਬਟਾਲਾ ਸ਼ਹਿਰ ਵਿਚ ਮੈਂਗਲ ਖਾਂ ਪਠਾਨ ਸੀ, ਜੋ ਬੜਾ ਮੂਰਖ ਤੇ ਸ਼ਰਾਬੀ ਸੀ। ਰਿਤਰਾਜ ਪ੍ਰਭਾ ਰਾਜਕੁਮਾਰੀ ਨੂੰ ਤੱਕਕੇ ਉਸਨੂੰ ਕਿਸੇ ਬਹਾਨੇ ਕੁਟਣੀ ਭੇਜ ਕੇ ਬੁਲਾ ਲਿਆ, ਜੋ ਸਿਆਣਪ ਨਾਲ ਆਪ ਨੂੰ ਬਚਾਉਣ ਲਈ ਪਰਸੋਂ ਨੂੰ ਆਉਣ ਦਾ ਇਕਰਾਰ ਕਰਕੇ ਮੁਰ ਗਈ ਅਤੇ ਪਰਸੋਂ ਨੂੰ ਆ ਕੇ ਉਸ ਦੀ ਪੁਤ੍ਰੀ ਕੋਲ ਮੰਜਾ ਡਾਹ ਕੇ ਪੈ ਗਈ। ਜਦੋਂ ਪਠਾਨ ਸ਼ਰਾਬ ਵਿਚ ਮਸਤ ਹੋ ਕੇ ਸੌਂ ਗਿਆ ਤਾਂ ਉਥੋਂ ਦੌੜਕੇ ਘਰ ਆ ਗਈ ਅਤੇ ਪਠਾਣ ਉਠਕੇ ਸ਼ਰਾਬ ਦੇ ਨਸੇ ਵਿਚ ਆਪਣੀ ਪੁਤ੍ਰੀ ਨੂੰ ਹੀ ਜਾ ਪਿਆ ਅਤੇ ਉਹ ਆਪਣਾ ਧਰਮ ਬਚਾ ਕੇ ਘਰ ਆ ਗਈ। ਗੁਰੂ ਜੀ ਇਹ ਸਾਖੀ ਸਣਾ ਕੇ ਉਪਦੇਸ਼ ਦਿੰਦੇ ਹਨ ਕਿ ਜੋ ਇਨਸਾਨ ਜਵਾਨੀ ਸਮੇਂ ਸ਼ਰਾਬ ਪੀਂਦਾ ਹੈ ਅਤੇ ਘਰ ਵਿਚ ਧਨ ਪਦਾਰਥ ਭੀ ਖੁਲ੍ਹੇ ਹੋਣ ਉਹ ਪਾਪਾਂ ਵਿਚ ਗਰਕ ਹੋ ਜਾਂਦਾ ਹੈ, ਜਿਸ ਤੋਂ ਸਾਨੂੰ ਬਚਣਾ ਚਾਹੀਦਾ ਹੈ। ਜਿਸ ਬਾਰੇ ਆਪ ਇਉਂ ਨਿਚੋੜ ਦਿੰਦ ਹਨ:-

ਏਕ ਮਦੀ ਦੂਜੇ ਤਰੁਨ ਤੀਜੇ ਅਤਿ ਧਨ ਧਾਮ ॥
ਪਾਪ ਕਰੇ ਬਿਨ ਕਯੋਂ ਬਚੈ ਬਚੈ ਬਚਾਵੇ ਰਾਮ ॥ ੧੯ ॥

ਭਾਵ ਕਿ ਗੁਰੂ ਜੀ ਨੇ ਇਹ ਇਸ਼ਕੀਆ ਕਹਾਣੀ ਸਾਨੂੰ ਇਹੋ ਜਿਹੇ ਨਰੋਏ ਪਾਪ ਕਰਮ ਕਰਨ ਲਈ ਨਹੀਂ ਲਿਖੇ ਉਹਨਾਂ ਦਾ ਮੁਦਾ ਤਾਂ ਇਹਨਾਂ ਪਾਪਾਂ ਦੀਆਂ ਫੁਲਝੜੀਆਂ ਦਾ ਚਮਤਕਾਰ ਦਿਖਾ ਕੇ ਇਹਨਾਂ ਕੰਮਾਂ ਤੋਂ ਬਚਣਾ ਹੈ ਕਿ ਜੇ ਕਰ ਸਾਡੇ ਕੋਲ ਜਵਾਨੀ ਹੈ ਤਾਂ ਉਸਦੀ ਠੀਕ ਵਰਤੋਂ ਕਰੋ। ਜੇ ਸ਼ਰਾਬ ਦੀ ਵਾਦੀ ਹੈ ਤਾਂ ਉਸ ਨੂੰ ਤਰਕ ਕਰੋ, ਜੇ ਰਬ ਨੇ ਧਨ ਧਾਮ ਦਿਤਾ ਹੈ ਤਾਂ ਜਰ ਕੇ ਵਰਤੋਂ ਕਰੋ, ਉਸ ਪਠਾਨ ਵਾਂਗ ਬੇ ਬਾਗੇ ਹੋ ਕੇ ਨਰਕਾਂ ਦੇ ਖੂਹ ਵਿਚ ਨਾ ਡਿਗੋ।

੫-ਇਸ ਤੋਂ ਅਗੇ ੧੮੪ਵਾਂ ਪ੍ਰਕਰਣ ਜਦੋਂ ਪਾਂਡੋ ਰਾਜ ਬਾਰਾਂ ਸਾਲ ਲਈ ਜੂਏ ਵਿਚ ਰਾਜ ਹਾਰ ਕੇ ਜੰਗਲਾਂ ਨੂੰ ਗਏ ਸੀ ਉਸ ਵੇਲੇ ਦਾ ਹੈ, ਜਿਸ ਨੂੰ ਮਹਾਂ ਭਾਰਤ ਪੁਰਾਣ ਵਿਚ ਸ੍ਰੀ ਬੇਦ ਬਿਆਸ ਜੀ ਨੇ ਲਿਖਿਆ ਸੀ ਜੋ ਗੁਰੂ ਜੀ ਨੇ ਬੜਾ ਹੀ ਮੁਖਤਸਰ ਥੋੜੇ ਵਿਚ ਦਰਸਾਇਆ ਹੈ। ਪਾਂਡਵਾਂ ਦਾ ਬਾਰਾਂ ਸਾਲ ਦਾ ਬਣਵਾਸ ਮੁੱਕ ਗਿਆ ਸੀ, ਤੇਰ੍ਹਵਾਂ ਸਾਲ ਉਹਨਾਂ ਅਲੋਪ ਹੋ ਕੇ ਗੁਜ਼ਾਰਨਾ ਸੀ ਜੋ ਰਾਜਾ ਬਰਾਟ ਪਾਸ ਰੂਪੋਸ਼ ਹੋ ਕੇ ਨੌਕਰੀ ਕਰਕੇ ਕਟਿਆ ਸੀ ਅਤੇ ਰਾਣੀ ਦਰੋਪਤੀ ਭੀ ਰਾਜੇ ਬਰਾਟ ਦੀ ਰਾਣੀ ਦੀ ਗੋਲੀ ਹੋ ਕੇ ਰਹਿ ਰਹੀ ਸੀ। ਇਕ ਦਿਨ ਜਦੋਂ ਕਿ ਦਰੋਪਤੀ ਕਮਰੇ ਸੰਬਰਦੀ ਤੇ ਸਫਾਈਂ ਕਰਦੀ ਕ੍ਰੀਚਕ (ਜੋ ਰਾਜੇ ਬਰਾਟ ਦੀ ਰਾਣੀ ਦਾ ਭਾਈ ਸੀ) ਦੇ ਕਮਰੇ ਵਿਚ ਚਲੀ ਗਈ ਸੀ ਤਾਂ ਕ੍ਰੀਚਕ ਬਦੀ ਪਰ ਆ ਗਿਆ ਅਤੇ ਆ ਕੇ ਉਸ ਦਾ ਪਲੂ ਪਕੜ ਲਿਆ। ਪਰ ਰਾਣੀ ਦਰੋਪਤੀ ਨੇ ਹਿੰਮਤ ਨਾਲ ਛੰਡਾ ਮਾਰ ਕੇ

Digitized by Panjab Digital Library | www.panjabdigilib.org

ਆਪਣਾ ਆਂਚਲ ਛੁਡਾ ਕੇ ਨਿਕਲ ਗਈ । ਜਿਸ ਪਰ ਕ੍ਰੀਚਕ ਆਪਣੀ ਭੈਣ ਵਰਾਟ ਦੀ ਰਾਣੀ ਪਾਸ ਗਿਆ ਤੇ ਉਧਰ ਦਰੋਪਤੀ ਨੇ ਸਾਰੀ ਵਾਰਤਾ ਪਾਂਡਵਾਂ ਨੂੰ ਭੀਮ ਸੈਨ ਨੂੰ ਜਾ ਦਸੀ ਸੀ । ਜਿਸ ਪਰ ਭੀਮ ਸੈਨ ਨੇ ਉਸ ਨੂੰ ਮੰਤ੍ਰ ਦਿਤਾ ਤੇ ਰਾਣੀ ਦਰੋਪਤੀ ਨੇ ਕ੍ਰੀਚਕ ਨੂੰ ਵਿਸ਼ਵਾਸ ਵਿਚ ਲੈ ਲਿਆ ਅਤੇ ਕਿਹਾ ਸੀ ਕਿ ਤੇਰੇ ਵਰਗਾ ਜਵਾਨ ਮਰਦ ਤੇ ਰਾਜਾ ਹੋਵੇ ਮੈਨੂੰ ਹੋਰ ਕੀ ਚਾਹੀਦਾ ਹੈ, ਅਜ ਰਾਤ ਦੇ ਸਮੇਂ ਮੈਂ ਆਵਾਂਗੀ ਤੂੰ ਮੇਰੀ ਉਡੀਕ ਕਰੀਂ । ਜਦੋਂ ਰਾਤ ਦਾ ਨੀਯਤ ਕੀਤਾ ਸਮਾਂ ਆਇਆ ਤਾਂ ਭੀਮ ਸੈਨ ਦਰੋਪਤੀ ਦੇ ਕਪੜੇ ਪਾ ਕੇ ਜਾ ਪੁਜਾ ਅਤੇ ਕ੍ਰੀਚਕ ਦੇ ੪ ਟੁਕੜੇ ਕਰ ਸੁਟੇ ਅਤੇ ਉਸੇ ਦਿਨ ਉਹਨਾਂ ਦੇ ਤੇਰ੍ਹਵੇਂ ਸਾਲ ਦਾ ਆਖਰੀ ਦਿਨ ਸੀ । ਦੂਜੇ ਦਿਨ ਪਤਾ ਲਗਾ ਕ੍ਰੀਚਕ ਦੇ ਸਾਥੀ ਗਰਮ ਹੋ ਕੇ ਲੜਨ ਲਈ ਆ ਪੁਜੇ, ਪਾਂਡਵਾਂ ਨੇ ਪੰਜ ਕੁ ਸੌ ਸਾਥੀ ਹੋਰ ਕ੍ਰੀਚਕ ਦੇ ਨਾਲ ਤੋਰ ਦਿਤੇ। ਜਿਸ ਦਾ ਸਿੱਟਾ ਇਹ ਹੈ ਕਿ ਕਿੰਨਾ ਭੀ ਸਮਾਂ ਸਖਤ ਕਿਉਂ ਨਾ ਆ ਬਣੇ ਧਰਮੀ ਪੁਰਸ਼ ਆਪਣੇ ਧਰਮ ਤੇ ਅਰੂੜ ਤੇ ਖਬਰਦਾਰ ਰਹਿੰਦੇ ਹਨ, ਜਿਵੇਂ ਕਿ ਦਰੋਪਤੀ ਨੇ ਆਪਣੇ ਧਰਮ ਨੂੰ ਉਭਾਰਿਆ ਸੀ ਤੇ ਜੋ ਅਣਖੀਲੇ ਗੁਰੂ ਦੇ ਲਾਲ ਹਨ ਉਹ ਆਪਣੀ ਅਣਖ ਲਈ ਭੀਮ ਸੈਨ ਵਾਂਗੂੰ ਆਪਣੀ ਬਹਾਦਰੀ ਦੇ ਜੌਹਰ ਦਿਖਾਉਂਦੇ ਹਨ। ਗੁਰ ਗੋਬਿੰਦ ਸਿੰਘ ਜੀ ਨੇ ਐਵੇਂ ਇਧਰ ਉਧਰ ਦੀਆਂ ਜਬਲੀਆਂ ਨਹੀਂ ਉਲੀਕੀਆਂ ਬਲਕਿ ਨਿਰੀਆਂ ਨਸੀਹਤਾਂ ਲਿਖੀਆਂ ਹਨ ਤੇ ਨਾਲ ਦਸਿਆ ਹੈ ਕਿ ਪਰ ਇਸਤ੍ਰੀ ਛਲ ਬੁਰੀ ਨਜ਼ਰ ਕਰਨ ਤੋਂ ਕੀ ਫਲ ਮਿਲਦਾ ਹੈ।

੬–ਜਿਵੇਂ ਕਿ ਅਗੇ ਪ੍ਰਕਰਣ ੧੮੫ ਵਿਚ ਦਸਿਆ ਹੈ ਕਿ ਅਕਬਰ ਬਾਦ ਵਿਚ ਇਕ ਬਾਣੀਏ ਦੀ ਇਸਤ੍ਰੀ ਸੀ ਤੇ ਅਕਬਰ ਸ਼ਿਕਾਰ ਖੇਡਦੇ ਨੇ ਤੱਕ ਲਈ ਅਤੇ ਇਕ ਸੇਵਕਣ ਨੂੰ ਉਸ ਦੇ ਘਰ ਤੋਂ ਬੁਲਾਉਣ ਲਈ ਭੇਜ ਦਿਤਾ। ਤਾਂ ਅਗੋਂ ਬਨਿਆਣੀ ਨੇ ਕਿਹਾ ਕਿ ਹਜ਼ਰਤ ਸਾਹਿਬ ਆਪ ਹੀ ਮੇਰੇ ਘਰ ਆ ਜਾਣ ਤਾਂ ਅਕਬਰ ਉਸ ਦੇ ਕੋਲ ਪੁਜ ਗਿਆ ਤੇ ਉਸ ਨੂੰ ਸੇਜ ਪਰ ਲਿਟਾ ਕੇ ਆਪ ਪਿਸ਼'ਬ ਦੇ ਬਹਾਨੇ ਆਪਣੇ ਪਤੀ ਨੂੰ ਜਾ ਜਗਾਇਆ। ਕਈ ਬੰਦੇ ਇਕੱਠੇ ਹੋ ਕੇ ਆ ਗਏ। ਅਕਬਰ ਨੂੰ ਕਾਬੂ ਕੀਤਾ, ਜੁਤੀਆਂ ਮਾਰ ਮਾਰ ਦੁੰਬਾ ਬਣਾ ਦਿਤਾ, ਦਿਨ ਚੜ੍ਹੇ ਕੋਤਵਾਲੀ ਜਾ ਪੇਸ਼ ਕੀਤਾ। ਜਿਸ ਦਾ ਨਿਚੋੜ ਸ੍ਰੀ ਦਸਮੇਸ਼ ਜੀ ਨੇ ਇਉਂ ਦਿਤਾ ਹੈ।

ਜੇ ਕੋਈ ਧਾਮ ਕਿਸੀ ਕੇ ਜਾਵੈ ॥ ਕਯੋ ਨਹ ਐਸ ਤੁਰਤ ਫਲੁ ਪਾਵੈ ॥
ਜੋ ਕੋਊ ਪਰ ਨਾਰੀ ਸੋ ਪਾਗੈ ॥ ਪਨਹੀ ਇਹਾਂ ਨਰਕ ਤਿਹੁੰ ਆਗੈ ॥ ੧੧ ॥
ਜਬ ਇਹ ਭਾਂਤਿ ਹਜਰਤਿਹਿ ਭਯੋ ॥ ਬਹੁਰਿ ਕਿਸੂ ਕੇ ਧਾਮ ਨ ਗਯੋ ॥
ਜੈਸਾ ਕੀਯੋ ਤੈਸਾ ਫਲ ਪਾਯੋ ॥ ਦੁਰਾਚਾਰ ਚਿਤ ਤੇ ਬਿਸਰਾਯੋ ॥ ੧੨ ॥

ਇਸ ਤੋਂ ਅਗੇ ਤਿੰਨ ਚਾਰ ਪ੍ਰਸੰਗ ਉਹ ਹਨ ਜਿਨ੍ਹਾਂ ਵਿਚ ਦਸਿਆ ਹੈ ਕਿ ਜਿਵੇਂ ਰਾਣੀ ਨੇ ਰਾਜੇ ਨੂੰ ਛਲ ਨਾਲ ਖੋਤਾ ਬਣਾ ਕੇ ਉਸ ਪਰ ਸਵਾਰ ਹੋਈ ਸੀ ਕਿ ਇਹ ਇਸਤ੍ਰੀ ਮਰਦ ਨੂੰ ਕਾਮ ਵਸ ਕਰਕੇ ਇਉਂ ਖੋਤਾ ਵੀ ਬਣਾ ਦਿੰਦੀ ਹੈ, ਜਿਵੇਂ ਮਿਰਗ ਘੰਡਾ ਹੇੜੀ ਦੇ ਸ਼ਬਦ ਅਗੈ ਬੇ-ਜਾਨ ਹੋ ਜਾਂਦਾ ਹੈ, ਅਤੇ ਆਪਣੀ ਹੋਸ਼ ਹੀ ਗਵਾ ਦਿੰਦਾ ਹੈ, ਤਾ ਕਿ ਇਸ ਤੋਂ ਸੁਚੇਤ ਰਿਹਾ ਜਾਵੇ।

੭–ਅਗੇ ੧੯੨ਵਾਂ ਪ੍ਰਸੰਗ ਸੁਣਾ ਕੇ ਗੁਰੂ ਜੀ ਆਪਣੇ ਵਲੋਂ ਉਪਦੇਸ਼ ਦਿੰਦੇ ਹਨ–

ਦੋਹਰਾ-ਨੀਚ ਸੰਗ ਕੀਜੈ ਨਹੀ ਸੁਨਹੋ ਮੀਤ ਕੁਮਾਰ ॥
ਭੇਡ ਪੂਛਿ ਭਾਦੋ ਨਦੀ ਕੋ ਗਹਿ ਉਤਰਯੋ ਪਾਰ ॥ ੧੫ ॥

Digitized by Panjab Digital Library | www.panjabdigilib.org

ਪਾਨਿ ਉਦਰ ਤਾਂਕੋ ਭਰਿਯੋ ਦਾਸ ਨਦੀ ਗਿਯੋ ਡਾਰਿ ॥
ਬਿਨੁ ਪ੍ਰਾਨਨ ਅਬਲਾ ਭਈ ਸਕਯੋ ਨ ਨ੍ਰਿਪ ਬੀਚਾਰਿ ॥ ੧੬ ॥
ਫਲ ਭੱਛਤ ਜੱਛਨ ਗਹਯੋ ਦਾਸ ਦਾਸ ਕੋ ਕੀਨ ॥
ਦਾਸਿਨ ਕੇ ਸੰਗ ਦੋਸਤੀ ਮਤਿ ਕਰਿਯਹੁ ਮਤਿ ਹੀਨ ॥ ੧੭ ॥

ਕੁਮਾਰ-ਸ਼ਬਦ-ਛੋਟਿਆਂ ਪ੍ਰਤਿ ਵਰਤਿਆ ਜਾਂਦਾ ਹੈ-ਜਿਵੇਂ ਰਾਜ ਕੁਮਾਰ ਕੁਮਾਰੀ, ਜਾਂ ਸਿਖ ਪ੍ਰਤੀ ਅਥਵਾ ਛੋਟੇ ਬਾਲਾਂ ਲਈ ਗੁਰੂ ਜੀ ਆਪਣੇ ਸਿਖਾਂ ਨੂੰ ਸਮਝਾਉਂਦੇ ਹਨ, ਕਿ ਕਦੀ ਭੀ ਆਪਣੇ ਨੀਚੇ ਦਾਸਾਂ ਦੀ ਸੰਗਤ ਨ ਕਰੋ। ਕਿਉਂਕਿ-ਤੇਜ ਸਿੰਘ ਰਾਜੇ ਨੇ ਆਪਣੀ ਦਾਸੀ ਨੂੰ ਰਾਣੀ ਬਣਾ ਲਿਆ ਸੀ, ਉਸ (ਗਾਨ ਕਲਾ) ਨੇ ਅਗੇ ਇਕ ਤਿਲ ਚੁਗਣ ਵਾਲੇ ਦਾਸ ਨੂੰ ਅਪਣਾ ਕੇ ਉਸ ਨਾਲ ਤੁਰ ਗਈ, ਜੋ ਉਸ ਦੀ ਦੁਰਗਤ ਹੋਈ ਉਹ ਆਪ ਦਸਦੇ ਹਨ, ਪਹਿਲਾਂ ਉਹੀ ਦਾਸ ਪਾਣੀ ਵਿਚ ਰੋੜ੍ਹ ਗਿਆ ਤੇ ਪੇਟ ਵਿਚ ਪਾਣੀ ਪੈ ਗਿਆ, ਉਸਦੇ ਨਾਲ ਤਿਲ ਚੁਗੇ, ਬਣ ਵਿਚ ਫਲ ਪਤੇ ਖਾਣ ਗਈ ਨੂੰ ਜੱਛਾਂ ਨੇ ਪਕੜਿ ਲਿਆ, ਭਾਵ ਦਾਸਾਂ ਦੀ ਦਾਸੀ ਬਣੀ। ਪਹਿਲਾਂ ਰਾਜੇ ਨੇ ਗਲਤੀ ਕੀਤੀ ਜੋ ਦਾਸੀ ਨੂੰ ਰਾਣੀ ਬਣਾ ਲਿਆ ਫੇਰ ਉਸ ਭੁਲ ਕੀਤੀ ਕਿ ਨੌਕਰ ਨਾਲ ਤੁਰ ਗਈ ਅਤੇ ਅਨੇਕਾਂ ਦੁਖ ਭਰੇ ਇਸ ਲਈ ਐ ਮੇਰੇ ਸਿਖੋ ਤੁਸੀਂ ਕਦੇ ਇਹੋ ਜਿਹਾ ਕਰਮ ਨਹੀਂ ਕਰਨਾ, ਇਹ ਕਰਮ ਬੁਧੀ ਤੋਂ ਹੀਣੇ ਲੋਕ ਹੀ ਕਰਿਆ ਕਰਦੇ ਹਨ। ਇਸ ਤਰ੍ਹਾਂ ਇਹ ਸਾਖੀਆਂ ਸਾਰੀਆਂ ਦੀਆਂ ਸਾਰੀਆਂ ਦਸ ਕੇ ਨਸੀਹਤਾਂ ਕੀਤੀਆਂ ਹਨ-ਕਿ ਜੇਕਰ ਕੋਈ ਅਕਬਰ ਵਾਂਗ ਪ੍ਰਾਏ ਘਰ ਜਾਂਦਾ ਹੈ, ਫਿਰ ਉਸ ਨੂੰ ਕਿਉਂ ਨਹੀਂ ਇਸੇ ਤਰ੍ਹਾਂ ਫਟਾ ਫਟ ਫਲ ਮਿਲੈਗਾ, ਜੇ ਕੋਈ ਇਸ ਤਰ੍ਹਾਂ ਪਰਾਈ ਇਸਤ੍ਰੀ ਪਾਸ ਜਾਂਦਾ ਹੈ, ਐਥੇ ਉਸ ਨੂੰ ਜੁਤੀਆਂ ਪੈਂਦੀਆਂ ਹਨ ਤੇ ਅਗੇ ਜਾਕੇ ਨਰਕ ਵਿਚ ਪਾਇਆ ਜਾਂਦਾ ਹੈ। ਜਦੋਂ ਇਹ ਗਲ ਹਜ਼ਰਤ ਨਾਲ ਵਾਪਰੀ ਸੀ ਮੁੜਕੇ ਉਸਨੇ ਕੰਨਾਂ ਨੂੰ ਹੱਥ ਲਾ ਲਏ ਸਨ, ਦੁਹਚਾਰੀ ਨੂੰ ਆਪਣੇ ਕਰਮ ਦਾ ਫਲ ਭੁਗਤਣਾ ਪੈਂਦਾ ਹੈ,ਅਤੇ ਇਸੇ ਤਰ੍ਹਾਂ ੧੮੨ਵੇਂ ਪ੍ਰਸੰਗ ਵਿਚ ਉਸ ਇਸਤ੍ਰੀ ਦਾ ਹਾਲ ਦਸਿਆ ਹੈ-ਕਿ ਇਕ ਦਾਸੀ ਨੂੰ ਭਾਵੇਂ ਰਾਜੇ ਨੇ ਆਪਣੀ ਰਾਣੀ ਬਣਾ ਲਿਆ ਸੀ, ਪਰ ਉਹ ਇਕ ਤਿਲ ਚੁਗਣ ਵਾਲੇ ਨਾਲ ਤੁਰ ਗਈ; ਆਖਰ ਉਸਦੀ ਕੀ ਦਿਸ਼ਾ ਹੋਈ। ਇਸ ਲਈ ਭਾਵੇਂ ਕੋਈ ਇਸਤ੍ਰੀ ਹੈ ਭਾਵੇਂ ਮਰਦ ਦੁਰਾਚਾਰੀ ਹੋਣ ਦੇ ਨਾਤੇ ਜ਼ਰੂਰ ਉਸਨੂੰ ਦੰਡ ਭੁਗਤਣਾ ਪੈਂਦਾ ਹੈ, ਜਿਸ ਦੇ ਸਿਟਿਆਂ ਤੋਂ ਗੁਰੂ ਜੀ ਆਪਣੇ ਸਿਖ ਨੂੰ ਜਾਣੂ ਕਰਦੇ ਹਨ।

੭ ॥ ੭ ॥ ੨ ॥ ੨੪ ॥ ੩੯ ॥ ੧੪੬ ॥

Digitized by Panjab Digital Library | www.panjabdigilib.org

੧ ਓ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾਗ ੭ ॥ ਅਧਯਾ: ੨ ॥ ਅਲੋਚਨਾਤਮਕ ਪ੍ਰਕਰਣ ਨੰ: ੨੫ ॥ ੪੦ ॥ ੫੪੭ ॥

ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੇ ਨਿਰਣੇ ਦਾ ਨਿਰਣਾ ॥ ਪਖਜਾਣ ਚਰਿਤ੍ਰ ਜਲੀਖਾਂ ਤੇ ਯੂਸਫ ॥

੧–ਇਹ ਇਕ ਬੜਾ ਪੁਰਾਣਾ ਤੇ ਇਤਿਹਾਸਕ ਤੇ ਦਿਲਕਸ ਪ੍ਰਸੰਗ ਹੈ–ਜੋ ਅਲੌਕਿਕ ਤੇ ਨਸੀਹਤ-ਮੰਦ ਭੀ ਹੈ ਤੇ ੨੦੧ ਨੰ: ਤੋਂ ਗੁਰੂ ਸਾਹਿਬ ਨੇ ਥੋੜਾ ਜਿਹਾ ਹਵਾਲਾ ਉਸਦਾ ਦਿਤਾ ਹੈ। ਰੂਮ ਸ਼ਹਿਰ ਦੇ ਸ਼ਾਹ ਦੀ ਪੁਤ੍ਰੀ ਜਿਸਦਾ ਨਾਮ ਜਲੀਖਾਂ ਸੀ ਅਤੇ ਮਿਸਰ ਦੇ ਸ਼ਾਹ ਦਾ ਪੁਤ੍ਰ ਯੂਸਫ ਹੋਇਆ ਹੈ, ਦੋਵੇਂ ਇਕ ਤੋਂ ਵਧ ਕੇ ਸੁੰਦਰ ਸਨ। ਜਿਸ ਤੋਂ ਰਿਸ ਖਾਕੇ ਯੂਸਫ ਦੇ ਭਰਾਵਾਂ ਨੇ ਉਸ ਨੂੰ ਇਕ ਜੰਗਲ ਦੇ ਖੂਹ ਵਿਚ ਧੱਕਾ ਦੇ ਕੇ ਸੁੱਟ ਦਿਤਾ ਸੀ, ਕਿਸੀ ਸੌਦਾਗਰ ਨੇ ਤੱਕਿਆ, ਤਾਂ ਉਸ ਨੇ ਉਸ ਨੂੰ ਰੂਮ ਵਿਚ ਜਾ ਕੇ ਵਕਾਊ ਕਰ ਦਿਤਾ, ਪਰ ਜਿੰਨੇ ਪੈਸੇ ਸ਼ਾਹੂਕਾਰ ਮੰਗਦਾ ਸੀ ਕਿਸੇ ਨਾ ਦਿਤੇ। ਜੁਲੀਖਾਂ ਨੇ ਉਸਦੀ ਖੂਬਸੂਰਤੀ ਤਕ ਕੇ ਮੁਲ ਭਰ ਕੇ ਮੁਲ ਲੈ ਲਿਆ, ਤੇ ਭਲੀ ਪ੍ਰਕਾਰ ਪ੍ਰਵਰਿਸ਼ ਕੀਤੀ। ਘਰ ਵਾਲਿਆਂ ਨੂੰ ਕੋਈ ਗਿਲਾ ਨਹੀਂ, ਭੈਣਾਂ ਭਰਾਵਾਂ ਵਾਂਗ ਦੋਵੇਂ ਇਕ ਥਾਂ ਰਹਿੰਦੇ ਸਨ। ਇਕ ਦਿਨ ਜੁਲੀਖਾਂ ਯੂਸਫ ਨੂੰ ਅਜਾਇਬ ਘਰ ਜਾਂ (ਚਿਤ੍ਰ) ਘਰ ਲੈ ਗਈ, ਅਤੇ ਕਈ ਤਰ੍ਹਾਂ ਦੀਆਂ ਤਸਵੀਰਾਂ ਦਿਖਾਈਆਂ ਅਤੇ ਇਕੱਲ ਥਾਂ ਪਾਕੇ ਉਸ ਨੇ ਮਿਲਾਪ ਦੀ ਇਛਿਆ ਪ੍ਰਗਟ ਕਰ ਦਿਤੀ ਤੇ ਕਿਹਾ ਸੀ, ਕਿ ਐਥੇ ਹੁਣ ਸਾਨੂੰ ਕੋਈ ਤਕਣ ਵਾਲਾ ਨਹੀਂ ਹੈ, ਜਿਸ ਪਰ ਯੂਸਫ ਨੇ ਜੋ ਉੱਤਰ ਦਿਤਾ ਸੀ ਉਸ ਨੂੰ ਹਜ਼ੂਰ ਨੇ ਐਉਂ ਲਿਖਿਆ ਹੈ–

ਤੈ ਜੁ ਕਹਤ ਨਹਿ ਕੋਊ ਨਿਹਾਰੈ ॥
ਆਂਧਰ ਜਯੋਂ ਤੈ ਬਚਨ ਉਚਾਰੈ ॥
ਸਾਖੀ ਸਾਤ ਸੰਗ ਕੇ ਲਹਿ ਹੈਂ ॥
ਅਬ ਹੀ ਜਾਇ ਧਰਮ ਤਨ ਕਹਿੰ ਹੈ ॥ ੧੭ ॥

ਅੜਿਲ ॥ ਧਰਮਰਾਇ ਕੀ ਸਭਾ ਜਬੈ ਦੋਉ ਜਾਇ ਹੈ ॥
ਕਹਾ ਬਦਨ ਲੈ ਤਾਸੈ ਉਤ੍ਰ ਦਿਯਾਇ ਹੈ ॥
ਇਨ ਬਾਤਨ ਕਹਤੈਂ ਤ੍ਰਿਯ ਕਹਾ ਬਿਚਾਰਈ ॥
ਹੋ ਮਹਾ ਨਰਕ ਕੈ ਬੀਚਨ ਮੋਕੋ ਡਾਰਈ ॥ ੧੮ ॥

ਸਾਲਗ੍ਰਾਮ ਪਰਮੇਸ੍ਰ ਇਹੀ ਗਤਿ ਤੇ ਭਏ ॥
ਦਸ ਰਾਵਨ ਕੇ ਸੀਸ ਇਹੀ ਬਾਤਨ ਗਏ ॥
ਸਹੱਸ ਭਗਨ ਬਾਸਵ ਯਾਹੀ ਤੇ ਪਾਇਯੋ ॥
ਹੋ ਇਨ ਬਾਤਨ ਤੇ ਮਦਨ ਅਨੰਗ ਕਹਾਯੋ ॥ ੧੯ ॥

ਭਾਵ–ਐ ਜੁਲੀਖਾਂ ਤੂੰ ਜੋ ਕਹਿੰਦੀ ਹੈਂ ਕਿ ਐਥੇ ਸਾਨੂੰ ਕੋਈ ਨਹੀਂ ਦੇਖਦਾ, ਇਹ ਤੈਂ ਅੰਧਿਆਂ ਵਾਲੀ ਗਲ ਕਰ ਦਿਤੀ ਹੈ: ਸਾਡੇ ਕੋਲ ਇਹ ਸਾਮਾਨ ਮੌਜੂਦ ਹਨ।

Digitized by Panjab Digital Library | www.panjabdigilib.org

ਭਾਵ-ਚਿਤ੍, ਗੁਪਤ, ਵਾਯੂ, ਅਕਾਸ਼, ਚੰਦ੍, ਸੂਰ ਤੇ ਸਾਡੀ ਆਤਮਾਂ ਜਦੋਂ ਇਹਨਾਂ ਨੇ ਧਰਮਰਾਜ ਅਗੇ ਸਾਡੀ ਸ਼ਾਰੀ ਕਹਾਣੀ ਦਸਣੀ ਹੈ, ਉਸ ਦੇ ਸਾਹਮਣੇ ਕੇਹੜਾ ਮੂੰਹ ਲੈ ਕੇ ਜਾਵਾਂਗੇ ਤੇ ਉਸ ਅਗੇ ਕੀ ਉਤ੍ ਦੇਵਾਂਗੇ। ਇਹ ਤੂੰ ਕਿਹੜੀ ਗੱਲ ਸੋਚ ਲਈ ਹੈ। ਕਿਰਪਾ ਕਰਕੇ ਮੈਨੂੰ ਮਹਾਂ ਨਰਕ ਵਲ ਨਾ ਧਕੇਲ । ਇਸ ਤੋਂ ਅਗੇ ਪੁਰਾਤਨ ਉਦਾਹਰਣਾਂ ਦਿੰਦੇ ਹਨ, ਜੋ ਬਹੁਤ ਸਾਰੀਆਂ ਹਨ। ਭਾਵੇਂ ਕੁਝ ਸਮਾਂ ਪਾਕੇ ਇਹਨਾਂ ਦਾ ਵਿਆਹ ਕਰ ਦਿਤਾ ਗਿਆ, ਪਰ ਇਸ ਸਾਖੀ ਵਿਚੋਂ ਸਾਨੂੰ ਸ੍ਰੀ ਦਸਮੇਸ਼ ਜੀ ਦਾ ਆਸਾ (ਪ੍ਰਗਟ ਪਹਾਰੈ) ਜਾਪਦਾ ਹੈ ਅਤੇ ਚੁਕਵੀਂ ਨਸੀਹਤ ਮਿਲਦੀ ਹੈ।

ਜਿਵੇਂ ਕਿ ੨੦੪ ਨੰਬਰ ਪ੍ਰਕਰਣ ਵਿਚ ਕੈਲਾਸ਼ ਮਤੀ ਰਾਣੀ ਦੀ (ਵਾਰਤਾ) ਦਿਤੀ ਹੈ, ਜਿਸ ਨੇ ਅੰਗ੍ਰੇਜ਼ਾਂ ਨੂੰ ਮਾਰ ਕੁਟ ਕੇ ਲੁਟ ਲਿਆ ਸੀ, ਤੇ ਉਹਨਾਂ ਦੇ ਜਹਾਜ਼ ਖੋਹ ਲਏ ਸਨ। ਜਦੋਂ ਉਹਨਾਂ ਸ਼ਾਹ-ਜਹਾਨ ਬਾਦਸ਼ਾਹ ਪਾਸ ਜਾਕੇ ਫਰਿਯਾਦ ਕੀਤੀ, ਜਿਸ ਪਰ ਬਾਦਸ਼ਾਹ ਨੇ ਸੈਨਾ ਭੇਜ ਦਿਤੀ, ਪਰ ਉਸ ਬਹਾਦੁਰ ਇਸਤ੍ਰੀ ਨੇ ਅਠ ਦਿਨ ਉਸ ਸੈਨਾ ਨਾਲ ਜੁਧ ਕੀਤੇ, ਨਿਤ ਹੀ ਨਵਾਂ ਢੰਗ ਵਰਤਦੀ ਸੀ। ਲੜਾਈ ਹੈ ਹੀ ਢੰਗ ਦੀ ਹੁੰਦੀ ਹੈ, ਹਰ ਰੋਜ਼ ਨਵਾਂ ਢੰਗ ਨਵਾਂ ਤਰੀਕਾ, ਨਵੀਂ ਪਾਲਸੀ, ਅੰਤ ਸਾਰੀ ਫੌਜ ਫਨਾਹ ਕਰ ਸੁਟੀ ਸੀ ਅਤੇ ਚੰਦ ਬੰਦਿਆਂ ਨਾਲ ਆਕੀ ਹੋਈ ਬੈਠੀ ਸੀ, ਜਿਸ ਦਾ ਨਿਚੋੜ ਸ੍ਰੀ ਦਸਮੇਸ਼ ਜੀ ਅੰਤ ਵਿਚ ਐਉਂ ਦਿੰਦੇ ਹਨ :-

ਦੋਹਰਾ-ਸਭ ਰਾਜਨ ਕੌ ਮਾਰਿ ਕੈ ਸੈਨਾ ਦਈ ਖਪਾਇ ॥
ਜੀਤ ਜੁੱਧ ਗ੍ਰਹ ਕੋ ਗਈ ਜੈ ਦੁੰਦਭੀ ਬਜਾਇ ॥ ੨੭ ॥
ਤਾਹੀ ਤੇ ਜਗਤੇਸ ਨ੍ਰਿਪ ਸੀਖੇ ਚਰਿਤ ਅਨੇਕ ॥
ਸ਼ਾਹਜਹਾਂ ਕੇ ਬੀਰ ਸਭ ਚੁਨਿ ਚੁਨਿ ਮਾਰੇ ਅਨੇਕ ॥ ੨੮ ॥

੨-ਜੋ ਭੀ ਰਾਜਾ ਸਾਹਮਣੇ ਹੋਕੇ ਟੱਕਰ ਲੈਂਦਾ, ਉਹੀ ਮਾਰ ਖਪਾਇਆ ਅਤੇ ਜੁੱਧ ਨੂੰ ਜਿਤ ਕੇ ਘਰ ਨੂੰ ਗਈ, ਖੁਸ਼ੀ ਦੇ ਵਾਜੇ ਵਜਾਉਂਦੀ ਹੋਈ। ਉਸ ਦੇ ਪਾਸੋਂ ਜਗਤ ਦੇ ਅਨੇਕਾਂ ਰਾਜਿਆਂ ਨੇ ਲੜਾਈ ਦੇ ਗੁਰ ਸਿਖੇ ਸਨ। ਗੁਰੂ ਜੀ ਨੇ ਇਹੋ ਜਿਹੇ ਜੰਗਾਂ ਜੁਧਾਂ ਦੇ ਗੁਰ ਸਿਖਣ ਲਈ ਇਹੋ ਜਿਹੇ ਪ੍ਰਕਰਣਾਂ ਦੀ ਰਚਨਾ ਕੀਤੀ ਸੀ, ਪਰ ਜੇ ਅਸੀਂ ਇਹ ਪੜ੍ਹਨੇ ਹੀ ਨਹੀਂ ਸਗੋਂ ਪਾਥੀਆਂ ਦੀ ਅੱਗ ਵਿਚ ਪਾਕੇ ਫੂਕ ਹੀ ਸੁਟਣੇ ਨੇ ਤਾਂ ਅਸੀਂ ਇਹੋ ਜਿਹੇ ਅਨੇਕ ਰਤਨਾਂ ਤੋਂ ਵਾਂਝੇ ਹੀ ਰਹਾਂਗੇ। ਇਹੋ ਕਾਰਣ ਸੀ ਕਿ ਸ੍ਰੀ ਦਸਮੇਸ਼ ਜੀ ਦੀ ਕਮਾਨ ਥਲੇ ੪੦ ਸਿੰਘਾਂ ਨੇ ਦਸ ਲਖ ਵੈਰੀ ਨਾਲ ਮੱਥਾ ਡਾਂਹ ਦਿਤਾ ਸੀ, ਅਜ ਜੇਹੜੇ ਇਹ ਡੇਰੇਦਾਰ ਗੁਰੂ ਸ੍ਰੀ ਦਸਮੇਸ਼ ਜੀ ਦੀ ਸਿਖਿਆ ਤੋਂ ਮੂੰਹ ਮੋੜੀ ਬੈਠੇ ਹਨ, ਇਕ ਡਾਂਗ ਵਾਲੇ ਜੱਟ ਸਿਖ ਦੇ ਸਾਹਮਣੇ ਨਹੀਂ ਖਲੋ ਸਕਦੇ, ਇਹਨਾਂ ਦੀ ਤਾਂ ਅਜ ਉਹ ਗਲ ਹੈ ਕਿ ਕੁਝ ਸਜਨ ਪੇਟੋਂ ਭੁਖੇ ਸਨ, ਚਾਹੁੰਦੇ ਸਨ ਕਿ ਕੋਈ ਪਦਾਰਥ ਮਿਲ ਜਾਵੇ ਤਾਂ ਲੈ ਕੇ ਖਾ ਲਈਏ। ਅਗੇ ਇਕ ਸੁਜਾਨ ਦੁਕਾਨਦਾਰ ਨੇ ਬਹੁਤ ਸਹਣੇ ਮਸਾਲੇ ਅਤੇ ਨਿਮਕ ਮਿਰਚ ਪਾਕੇ ਦੇਸੀ ਘਿਉ ਵਿਚ ਪਕੌੜੇ ਤਲੇ ਸਨ, ਉਹਨਾਂ ਸਜਣਾਂ ਨੇ ਚ ਹਿਆ ਕਿ ਕੁਝ ਲੈ ਕੇ ਖਾ ਲਵੋ, ਵਿਚੋਂ ਇਕ ਸਜਣ ਨੇ ਖਾਧੇ ਭੀ ਨਹੀਂ ਸਨ, ਪਰ ਅਨੁਮਾਨ ਲਾਕੇ ਕਹਿ ਦਿੱਤਾ ਕਿ ਇਹਨਾਂ ਵਿਚ ਤਾਂ ਮਿਰਚਾਂ ਹਨ, ਬਸ ਸਾਰੇ ਦੇ ਸਾਰੇ ਉਹਨਾਂ ਦਾ ਸਵਾਦ ਲੈਣੋਂ ਰਹਿ ਗਏ ਅਤੇ ਨਾਲੇ ਭੁਖੇ ਭੀ ਰਹਿਣਾ ਪਿਆ, ਇਸੇ ਤਰ੍ਹਾਂ ਜਿਨ੍ਹਾਂ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਨੂੰ ਪੜ੍ਹਿਆ ਭੀ ਹੈ ਨਹੀਂ ਜਾਂ ਪੜ੍ਹਿਆ ਹੈ ਤਾਂ ਪਹਿਲੇ ਲੁਕਮੇ ਵਿਚ ਮਿਰਚ ਆ ਗਈ, ਉਹਨਾਂ ਰੌਲਾ ਪਾ ਦਿੱਤਾ ਕਿ ਇਹ ਤਾਂ ਪੜ੍ਹਨੇ ਜੋਗ ਹੀ ਨਹੀਂ। ਜੇ ਕਿਤੇ ਥੋੜੀ ਜਿਹੀ ਔਖੇ ਸੌਖੇ ਮਿਰਚ ਦੀ ਕੁੜੱਤਣ ਸਹਿਣ ਕੀਤੀ ਜਾਂਦੀ ਤਾਂ ਉਸ ਪਦਾਰਥ ਦਾ ਸਵਾਦ ਭੀ ਮਾਣਿਆਂ ਜਾਂਦਾ ਅਤੇ ਭੁਖ ਦੀ ਨਵਿਰਤੀ ਭੀ ਹੋ ਜਾਂਦੀ। ਸੋ ਜਕਰ ਅਸੀਂ ਕੁਝ ਪ੍ਰਕਰਣ ਕੁੜੱਤਣ ਸਹਿਣ ਕਰ ਲਈਏ ਤਾਂ ਸਹਜ ਸਮਝੀਆਂ ਜਾ ਸਕਦੀਆਂ ਹਨ।

Digitized by Panjab Digital Library | www.panjabdigilib.org

ਰਾਜਾ ਭਰਥਰੀ

੩-ਇਕ ਵਿਦਵਾਨ ਤੇ ਬੜਾ ਪ੍ਰਤਾਪੀ ਰਾਜਾ ਹੋਇਆ ਹੈ, ਜਿਸਨੇ ਭਰਥਰ ਵੈਰਾਗ ਸ਼ਤਕ ਗ੍ਰੰਥ ਭੀ ਲਿਖਿਆ ਹੈ, ਧਾਰਾ ਨਗਰੀ ਇਸਦੀ ਰਾਜਧਾਨੀ ਸੀ। ਭਾਨਮਤੀ ਇਸਦੀ ਵਡੀ ਰਾਣੀ ਸੀ ਅਤੇ ਦੂਜੀ ਪਿੰਗਲ ਦੇ ਨਾਲ ਉਸ ਤੋਂ ਭੀ ਵਧ ਪ੍ਰੇਮ ਸੀ। ਇਹ ਪਰਸੰਗ ੨੦੬ਵਾਂ ਚਰਿਤ੍ਰ ਹੈ। ਇਕ ਦਿਨ ਰਾਜਾ ਸ਼ਿਕਾਰ ਕਰਨ ਗਿਆ, ਉਥੋਂ ਲਹੂ ਲਿਬੜੇ ਕਪੜੇ ਨੌਕਰ ਦੇ ਹਥ ਘਰ ਭੇਜ ਦਿਤੇ ਅਤੇ ਉਸ ਆਕੇ ਕਹਿ ਦਿਤਾ ਕਿ ਰਾਜੇ ਨੂੰ ਅਜ ਸ਼ੇਰ ਨੇ ਮਾਰ ਕੇ ਖਾ ਲਿਆ ਹੈ। ਜਿਸ ਵੇਲੇ ਪਿੰਗਲ ਨੇ ਸੁਣਿਆ। ਹਾਏ ਕਹਿੰਦੀ ਹੋਈ ਨੇ ਪ੍ਰਾਣ ਦੇ ਦਿਤੇ ਸੀ। ਜਿਸ ਬਾਰੇ ਸ੍ਰੀ ਦਸਮੇਸ਼ ਜੀ ਲਿਖਦੇ ਹਨ–

ਦੋਹਰਾ–ਤ੍ਰਿਯਾ ਨ ਤਵਨ ਸਰਾਹੀਯਹਿ ਕਰਤ ਅਗਨਿ ਮੈਂ ਪਯਾਨ ॥
ਧੰਨਯ ਧੰਨਯ ਅਬਲਾ ਤੇਈ ਬਧਤ ਬਿਰਹ ਕੇ ਬਾਨ ॥ ੭ ॥

ਜਿਸਦਾ ਭਾਵ ਹੈ ਕਿ ਜੋ ਇਸਤ੍ਰੀ ਅੱਗ ਵਿਚ ਪੈਕੇ ਸੜ ਮਰੇ ਉਹ ਇਸਤ੍ਰੀ ਕੋਈ ਉਪਮਾ ਜੋਗ ਨਹੀਂ, ਬਲਕਿ ਉਸ ਨਾਲੋਂ ਉਹ ਧੰਨਤਾ ਜੋਗ ਹੈ ਜੋ ਵਿਛੋੜੇ ਦੇ ਦੁਖ ਨਾਲ ਮਰ ਜਾਂਦੀ ਹੈ; ਗੁਰਬਾਣੀ ਵਿਚ ਆਉਂਦਾ ਹੈ :–

ਸਤੀਆਂ ਇਹ ਨ ਆਖੀਐ ਜੋ ਮੜੀਆਂ ਲਗ ਜਲੰਨ ॥
ਭੀ ਸੋ ਸਤੀਆਂ ਆਖੀਐ ਜੋ ਬਿਰਹਿ ਚੋਟ ਮਾਰੰਨ ॥

ਹੁਣ ਤਕੋ ਇਹਨਾਂ ਦੋਹਾਂ ਸ਼ਬਦਾਂ ਵਿਚ ਫਰਕ ਕੀ ਹੈ ? ਜੇਕਰ ਕਿਸੇ ਸਾਕਤ ਕਵੀ ਦੀ ਲੇਖਣੀ ਹੁੰਦੀ ਤਾਂ ਉਸ ਨੂੰ ਗੁਰਬਾਣੀ ਦੀ ਕੀ ਸਾਰ ਹੋ ਸਕਦੀ ਹੈ, ਮੈਂ ਅਗੇ ਭੀ ਕਿਹਾ ਸੀ ਕਿ ਸ੍ਰੀ ਦਸਮੇਸ਼ ਬਾਣੀ ਗੁਰਬਾਣੀ ਦਾ ਖੁਲਾਸਾ ਹੈ ਜੋ ਪ੍ਰਮਾਣ ਵਰਤਕੇ ਸਮਝਾਈ ਗਈ ਹੈ ਕਿ ਨਾ ਤਾਂ ਇਸਤ੍ਰੀ ਨੂੰ ਮਰਦ ਤੇ ਭਰੋਸਾ ਹੋ ਸਕਦਾ ਹੈ ਅਤੇ ਨਾ ਪੁਰਖ ਨੂੰ ਇਸਤ੍ਰੀ ਪਰ। ਕਾਮ ਦੇ ਬਾਣ ਅਗੇ ਦੋਵੇਂ ਹੜ੍ਹ ਦੇ ਪਾਣੀ ਦੇ ਵੇਗ ਵਿਚ ਰੁੜ੍ਹ ਰੁੜਦੇ ਹਨ। ਜਿਸਦਾ ਮਰਨਾ ਸੁਣਕੇ ਰਾਜੇ ਭਰਥਰੀ ਦੇ ਮਨ ਤੇ ਬੜਾ ਗਹਿਰਾ ਅਸਰ ਹੋਇਆ ਕਿ ਮੈਂ ਕਿਡੀ ਵਫਾਦਾਰ ਅਰਧਅੰਗੀ ਨੂੰ ਨਿਹੱਕ ਮੌਤ ਦੇ ਮੂੰਹ ਵਿਚ ਪਾ ਦਿਤਾ ਹੈ, ਧਿਰਕਾਰ ਹੈ ਮੇਰੇ ਜਿਉਣ ਉਤੇ ਇਸ ਲਈ ਮੈਂ ਭੀ ਨਾਲ ਹੀ ਮਰ ਜਾਵਾਂਗਾ। ਪਰ ਗੋਰਖਨਾਥ ਜੀ ਉਥੇ ਪਹੁੰਚ ਗਏ, ਜਿਨ੍ਹਾਂ ਨੇ ਉਸ ਨੂੰ ਜਿੰਦਾ ਕਰ ਦਿਤਾ ਸੀ। ਉਧਰ ਰਾਣੀ ਭਾਨਮਤੀ ਇਕ ਚੰਡਾਲ ਨਾਲ ਜੁੜ ਗਈ ਅਤੇ ਇਕ ਬ੍ਰਾਹਮਣ ਨੂੰ ਪੂਜਾ ਦੇ ਅਧਾਰ ਤੇ ਅਮਰ ਫਲ ਦੀ ਪ੍ਰਾਪਤੀ ਹੋ ਗਈ ਜਿਸ ਪਰ ਦੁਰਗਾ ਦਿਤ ਬ੍ਰਾਹਮਣ ਨੇ ਉਹ ਅਮਰ ਫਲ ਰਾਜੇ ਭਰਥਰੀ ਨੂੰ ਆ ਦਿਤਾ ਤਾਂ ਕਿ ਉਹ ਅਮਰ ਹੋ ਕੇ ਅਟੱਲ ਰਾਜ ਕਰੇ। ਪਰ ਰਾਜੇ ਨੇ ਉਹੀ ਅਮਰ ਫਲ ਆਪਣੀ ਰਾਣੀ ਭਾਨ ਮਤੀ ਨੂੰ ਦੇ ਦਿਤਾ ਅਤੇ ਭਾਨਮਤੀ ਨੇ ਅਗੇ ਆਪਣੇ ਬੇਲੀ ਚੰਡਾਲ ਨੂੰ ਦੇ ਦਿਤਾ ਤਾਂ ਅਗੇ ਉਸ ਚੰਡਾਲ ਦੀ ਵੇਸਵਾ ਨਾਲ ਪ੍ਰੀਤ ਸੀ ਉਸ ਨੇ ਵੇਸਵਾ ਨੂੰ ਜਾ ਦਿਤਾ, ਵੇਸ਼ਵਾ ਨੇ ਇਹ ਸੋਚ ਕੇ ਕਿ ਮੈਂ ਜੀ ਕੇ ਕੀ ਕਰਨਾ ਹੈ, ਜੇਕਰ ਇਹ ਅਮਰ ਫਲ ਰਾਜਾ ਖਾਵੇਗਾ ਤੇ ਜੁਗੋ ਜੁਗ ਰਾਜ ਕਰੇਗਾ, ਉਹੀ ਅਮਰ ਫਲ ਫੇਰ ਰਾਜੇ ਨੂੰ ਆ ਦਿਤਾ। ਜਿਸ ਤੋਂ ਸਾਰੇ ਦਾ ਸਾਰਾ ਪੋਲ ਖੁਲ੍ਹ ਗਿਆ। ਤਾਂ ਹੁਣ ਰਾਜਾ ਆਪਣੇ ਆਪ ਤੇ ਲਾਹਨਤਾਂ ਪਾਉਂਦਾ ਹੈ। ਦਸਣ ਦਾ ਭਾਵ ਹੈ ਕਿ ਇਸ ਦੁਨੀਆ ਵਿਚ ਕੌਣ ਕਿਸੇ ਦਾ ਵਫਾਦਾਰ ਹੈ। ਸਭ ਆਪਣੇ ਮਤਲਬ ਦਾ ਹੀ ਸੰਸਾਰ ਹੈ। ਇਹੋ ਜਿਹੇ ਛੈਲ ਰਾਜੇ ਦੇ ਹੁੰਦਿਆਂ ਰਾਣੀ ਕੀ ਚੰਡਾਲ ਪਰ ਜਾ ਢਿਕੀ ਅਤੇ ਇਕ ਚੰਡਾਲ ਮਜ਼ਦੂਰ ਰਾਣੀ ਦੇ ਹੁੰਦਿਆਂ ਕਿਥੇ ਕੰਜਰਾਂ

Digitized by Panjab Digital Library | www.panjabdigilib.org

ਦੇ ਗਿਆ ਅਤੇ ਰਾਜੇ ਕੋਲ ਰਾਣੀਆਂ ਹੁੰਦਿਆਂ ਹੋਇਆਂ ਵੇਸਵਾ ਦੀ ਕੀ ਲੋੜ ਸੀ। ਪਰ ਗੁਰੂ ਜੀ ਇਸ ਸੰਸਾਰ ਦੀ ਫਿਤਰਤ ਅਤੇ ਬੇਸਬਰੀ ਅਥਵਾ ਬੇਥੌਹੀ ਦਾ ਨਕਸ਼ਾ ਪੇਸ਼ ਕਰਦੇ ਹਨ ਜਿਸ ਨੂੰ ਤਕ ਕੇ ਰਾਜਾ ਭਰਥਰੀ ਜੋਗੀ ਹੋ ਗਿਆ ਅਤੇ ਰਾਣੀਆਂ ਅਥਵਾ ਸੰਬੰਧੀਆਂ ਅਨੇਕਾਂ ਦੇ ਮੋੜਨ ਪਰ ਭੀ ਨਾ ਮੁੜਿਆ ਅਤੇ ਇਸ ਗੰਦੇ ਗ੍ਰਿਹਸਤ ਤੋਂ ਹਮੇਸ਼ਾ ਲਈ ਕਿਨਾਰਾ ਕਸ਼ ਹੋ ਗਿਆ। ਜਿਸ ਬਾਰੇ ਦਸਮੇਸ ਜੀ ਐਉਂ ਲਿਖਦੇ ਹਨ :-

ਭਰਥਰਿ ਬਾਚ

ਅੜਿਲ-ਧ੍ਰਿਗ ਮੋਹਿ ਕੋ ਮੈ ਜੁ ਫਲੁ ਤ੍ਰਿਯਹਿ ਦੈ ਡਾਰਿਯੋ ॥
ਧ੍ਰਿਗ ਤੇਹ ਦਿਯੋ ਚੰਡਾਰ ਜੁ ਧ੍ਰਮ ਨ ਬਿਚਾਰਿਯੋ ॥
ਧ੍ਰਿਗ ਤਾ ਕੈ ਤਿਨ, ਤ੍ਰਿਯ ਰਾਨੀ ਸੀ ਪਾਇਕੈ ॥
ਹੌ ਦਯੋ ਬੇਸ੍ਵਹਿ ਪਰਮ ਪ੍ਰੀਤ ਉਪਜਾਇਕੈ ॥ ੪੪ ॥

ਸਵੈਯਾ-ਅਧਿਕ ਆਪੁ ਭਖਯੋ ਨ੍ਰਿਪ ਲੈ ਫਲ ਅਧਿਕ ਰੂਪ ਮਤੀ ਕਹੱ ਦੀਨੋ ॥
ਜਾਰ ਕੈ ਟੂਕ ਹਜਾਰ ਕਰੇ ਗਹਿ ਨਾਰ ਭਿਟਯਾਰ ਤਿਨੇ ਬਧਿ ਕੀਨੋ ॥
ਭੌਨ ਭੰਡਾਰ ਬਿਸਾਰਿ ਸਭੈ ਕਛੁ ਰਾਮ ਕੋ ਨਾਮੁ ਹ੍ਰਿਦੈ ਦ੍ਰਿੜ੍ਹ ਚੀਨੋ ॥
ਜਾਇ ਬਸ੍ਯੋ ਤਬ ਹੀ ਬਨ ਮੈ ਨ੍ਰਿਪ ਭੇਸ ਕੋ ਤਜਾਗ ਜੁਗੇਸ ਕੋ ਲੀਨੋ ॥ ੪੫ ॥

੪-ਭਾਵ-ਰਾਜਾ ਭਰਥਰੀ ਕਹਿੰਦਾ ਹੈ ਕਿ ਲਾਹਣਤ ਹੈ ਮੈਨੂੰ, ਜਿਸ ਨੇ ਇਸਤ੍ਰੀ ਤੇ ਵਿਸ਼ਵਾਸ ਕਰਕੇ ਉਸਨੂੰ ਫਲ ਦੇ ਦਿੱਤਾ। ਫੇਰ ਉਸਨੂੰ ਭੀ ਲਾਹਣਤ ਹੈ ਜਿਸਨੇ ਧਰਮ ਛੱਡਕੇ ਚੰਡਾਰ ਨੂੰ ਜਾਕੇ ਦੇ ਦਿੱਤਾ, ਪਰ ਇਸ ਚੰਡਾਲ ਨੂੰ ਭੀ ਲਾਹਣਤ ਹੈ, ਜਿਸ ਨੇ ਰਾਣੀ ਦੀ ਪ੍ਰਾਪਤੀ ਤੋਂ ਬਾਅਦ ਵੇਸਵਾ ਨੂੰ ਉਸ ਤੋਂ ਚੰਗੀ ਜਾਣਿਆ। ਇਹ ਕਹਿਕੇ ਅਧਾ ਫਲ ਆਪ ਖਾਧਾ ਤੇ ਅਧਾ ਉਸ ਰੂਪ ਮਤੀ ਰਾਣੀ ਨੂੰ ਦਿਤਾ ਜੋ ਰਾਜੇ ਦੇ ਬਣ ਵਿਚ ਮਾਰੇ ਜਾਣ ਦੀ ਖਬਰ ਸੁਣ ਕੇ ਹੀ ਜਾਨ ਤੋੜ ਗਈ ਸੀ ਤੇ ਚੰਡਾਲ ਦੇ ਫੜਕੇ ਮਾਰ ਕੇ ਟੋਟੇ ਕਰ ਦਿਤੇ। ਭਟਿਆਰਨ ਭਾਨ ਮਤੀ ਰਾਣੀ ਨੂੰ ਵੀ ਕਤਲ ਕਰ ਦਿਤਾ ਅਤੇ ਆਪ ਰਾਜ ਤੇ ਭੰਡਾਰ ਸਭ ਤਿਆਗ ਕੇ ਰਾਜਿਆਂ ਵਾਲਾ ਭੇਸ ਲਾਹ ਕੇ ਜੋਗੀ ਬਣ ਕੇ ਜੰਗਲ ਨੂੰ ਚਲਾ ਗਿਆ। ਜਿਸ ਤੋਂ ਸਾਨੂੰ ਸਬਕ ਮਿਲਦਾ ਹੈ ਕਿ ਵਿਭਚਾਰੀ ਜੀਵਨ ਕਿਤਨਾ ਗੰਦਾ ਹੁੰਦਾ ਹੈ ਅਤੇ ਰਾਜ ਮਤੀ ਦੀ ਕਿਉਂ ਕਦਰ ਹੋਈ ਸੀ ਅਤੇ ਅਸੀਂ ਵਿਭਚਾਰੀ ਜੀਵਨ ਤਿਆਗ ਕੇ ਵਫਾਦਾਰੀ ਨੂੰ ਅਪਨਾਉਣਾ ਹੈ। ਅਗੇ ਥੋੜਾ ਜਿਹਾ ਅੰਸ਼ ਉਹ ਹੈ ਜੋ ਗੋਰਖ ਨਾਥ ਨੇ ਭਰਥਰੀ ਨੂੰ ਉਪਦੇਸ਼ ਕੀਤਾ ਸੀ ਜਿਸ ਨੂੰ ਸ੍ਰੀ ਦਸਮੇਸ਼ ਜੀ ਨੇ ਕਿਵੇਂ ਨਿਰੂਪਣ ਕੀਤਾ ਹੈ, ਉਸ ਨੂੰ ਪੜੋ।

ਚੌਪਈ-ਕਾਲੈ ਮਰਤ ਕਾਲ ਹੀ ਮਾਰੈ ॥ ਭ੍ਰੂਮਿ ਭ੍ਰੂਮਿ ਪਿੰਡ ਅਵਰਾ ਪਾਰੈ ॥
ਕਾਮ ਕ੍ਰੋਧ ਮੂਓ ਹੰਕਾਰਾ ॥ ਏਕ ਨ ਮਰਯੋ ਬੋਲਨਹਾਰਾ ॥ ੫੬ ॥

ਆਸਾ ਕਰਤ ਸਗਲ ਜਗ ਮਰਈ ॥ ਕੌਨ ਪੁਰਖੁ ਆਸਾ ਪਰਹਰਈ ॥
ਜੋ ਨਰ ਕੇਊ ਆਸ ਕੋ ਤਜਾਗੈ ॥ ਸੋ ਹਰਿ ਕੇ ਪਾਇਨ ਸੋ ਲਾਗੈ ॥ ੫੭ ॥

ਪਹਿਲੀ ਗਲ ਤਾਂ ਇਹ ਹੈ ਕਿ ਉਪਰਲੀਆਂ ਪੰਗਤੀਆਂ ਸ਼ਾਖਾਸਾਤ ਗੁਰਬਾਣੀ ਵਿਚ ਪੜ੍ਹ ਸਕਦੇ ਹੋ ਅਤੇ ਫੇਰ ਇਸ ਦੇ ਤਤ ਸਾਰ ਨੂੰ ਵਿਚਾਰੋ, ਉਹ ਆਪ ਹੀ ਮਰਦਾ ਹੈ ਅਤੇ ਆਪ ਹੀ ਮਾਰਨ ਵਾਲਾ ਹੈ ਅਤੇ

Digitized by Panjab Digital Library | www.panjabdigilib.org

ਇਹ ਜੀਵ ਮੁੜ ਮੁੜ ਕੇ ਹੋਰ ਹੋਰ ਸਰੀਰ ਧਾਰਨ ਕਰਦਾ ਹੈ ਜਾਂ ਫੇਰ ਕਾਮ ਕ੍ਰੋਧ ਤੇ ਹੰਕਾਰ ਆਦਿ ਮਰ ਜਾਂਦੇ ਹਨ, ਕਿਉਂਕਿ ਸਰੀਰ ਤੋਂ ਬਿਨਾਂ ਇਹਨਾਂ ਦਾ ਕੋਈ ਬਲ ਨਹੀਂ ਚਲਦਾ, ਪਰ ਇਕ ਨਹੀਂ ਮਰਦਾ, ਕੌਣ ? ਜੋ ਜੀਵ ਆਤਮਾ ਰੂਹ ਬੋਲਦੀ ਚਲਦੀ ਹੈ। ਫੇਰ ਅਗੇ ਦਸਦੇ ਹਨ ਕਿ ਸਾਰਾ ਜਗ ਆਸਾਂ ਕਰਦਾ ਹੀ ਮਰ ਗਿਆ ਹੈ। ਸਾਨੂੰ ਦਸੋ ਜਿਸ ਨੇ ਆਸਾ ਤਿਆਗ ਦਿਤੀ ਹੈ। ਪਰ ਜੇ ਕੋਈ ਆਸਾ ਨੂੰ ਤਿਆਗ ਦੇਵੇ ਤਾਂ ਉਹ ਪਰੀ ਪੂਰਨ ਪ੍ਰਮਾਤਮਾਂ ਦੀ ਚਰਨੀ ਲਗ ਸਕਦਾ ਹੈ। ਗੁਰਬਾਣੀ ਭੀ ਕਹਿੰਦੀ ਹੈ, (ਆਸਕ ਆਸਾ ਬਾਹਰੇ) ਭਾਵ ਰਬ ਦੇ ਆਸ਼ਕ ਸੰਸਾਰੀ ਵਸਤਾਂ ਤੋਂ ਬਿਨਾਂ ਹੁੰਦੇ ਹਨ।

੪ ॥ ੭ ॥ ੨ ॥ ੨੫ ॥ ੪੦ ॥ ੧੪੭ ॥

ੴ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾ: ੭ ॥ ਅਧਜਾਇ ੨ ॥ ਆਲੋਚਨਾਤਮਕ-ਪ੍ਰਕਰਣ ਨੰ: ੨੬ ॥ ੪੧ ॥੧੪੮॥

ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੇ ਨਿਰਨੇ ਦਾ ਨਿਰਨਾ ॥ ਪਾਖਿਯਾਨ ਚਰਿਤ੍ਰ ਨੰ: ੨੬੬ ॥

ਰਨਖੰਭ ਕਲਾ

੧-ਸੁਮਤਿਸੈਨਾ ਰਾਜੇ ਦੇ ੪ ਪੁਤ੍ਰ ਤੇ ਇਕ ਪੁਤ੍ਰੀ ਸੀ, ਜੋ ਸਮ੍ਰ ਮਤੀ ਰਾਣੀ ਦੇ ਪੇਟੋਂ ਜਾਏ ਸਨ। (੧) ਸਾਰਦੂਲ ਧੁਜ। (੨) ਨਾਹਰ ਧੁਜ। (੩) ਸਿੰਘ ਕੇਤ। (੪) ਹਰਿਕੇਤ। ਚਾਰੋਂ ਪੁਤ੍ਰ ਤੇ ਇਕ ਪੁਤ੍ਰੀ ਪੰਜੇ ਇਕ ਪੰਡਿਤ ਪਾਸ ਵਿਦਿਆ ਪੜ੍ਹਦੇ ਸਨ ਅਤੇ ਭਾਈ ਭਾਗ ਸਿੰਘ ਨੇ ਰਣਖੰਭ ਕਲਾ ਨੂੰ ਮਹਾਂਕਾਲ ਦੇਵਤੇ ਦੀ ਉਪਾਸ਼ਕ ਦਸਦਿਆਂ ਬੜਾ ਖਾਸਾ ਖਿਲਾਰ ਕੀਤਾ ਹੈ, ਜਿਨ੍ਹਾਂ ਬਾਰੇ ਕੁਛ ਜਾਣਕਾਰੀ ਲਈ ਚੌਣਵੇਂ ਪਦਾਰਥ ਮੈਂ ਸੰਤ ਜਨਾਂ ਦੀ ਭੇਟ ਕਰਦਾ ਹਾਂ ਕਿ ਪਾਠਕ ਜਨ ਆਪ ਹੀ ਵਿਚਾਰ ਕਰ ਸਕਣ ਕਿ ਕੀ ਇਹ ਸਾਕਤ ਕਵੀ ਦੀ ਬਾਣੀ ਹੀ ਠੀਕ ਲਿਖੀ ਹੋਈ ਹੈ।

ਚਾਰੋ ਸੂਰਬੀਰ ਬਲਵਾਨਾ ॥ ਮਾਨਸ ਸਤ੍ ਸਕਲ ਜਿਹ ਆਨਾ ॥੫॥
ਚਾਰੋ ਕੁਅਰਿ ਪੜ੍ਹਨ ਕੇ ਕਾਜਾ ॥ ਦਿਜ ਇਕ ਬੋਲ ਪਠਾਇਜੋ ਰਾਜਾ ॥
ਭਾਖਯਾਦਿਕ ਬਯਾਕਰਨ ਪੜ੍ਹੇ ਜਿਨ ॥ ਔ ਗਾਹਨ ਸਭ ਕੀਜ ਪੁਰਾਨ ਤਿਨ ॥ ੬ ॥

ਜਿਸ ਦਾ ਭਾਵ ਹੈ ਕਿ ਰਣਖੰਭ ਕਲਾ ਦੇ ਚਾਰੇ ਭਾਈ ਚੰਗੇ ਬੀਰ ਬਲਵਾਨ ਸਨ, ਜਿਨ੍ਹਾਂ ਦਾ ਸਾਰੇ ਦੁਸ਼ਮਨ ਭੈ ਮੰਨਦੇ ਸਨ, ਉਹਨਾਂ ਨੂੰ ਪੜ੍ਹਾਉਣ ਵਾਸਤੇ ਇਕ ਬ੍ਰਾਹਮਣ ਵੇਤਨ ਤੇ ਰਖਿਆ ਹੋਇਆ ਸੀ। ਜੋ ਕਈ ਬੋਲੀਆਂ ਅਤੇ ਬਿਯਾਕਰਨ ਆਦਿ ਉਸ ਪਾਸੋਂ ਪੜ੍ਹਦੇ ਸਨ ਅਤੇ ਪੁਰਾਣਾਂ ਨੂੰ ਚੰਗੀ ਤਰ੍ਹਾਂ ਪੜਤਾਲਿਆ ਸੀ।

ਹੁਣ ਤਕੋ ਕਿ ਸਾਕਤ ਕੀ ਅਤੇ ਪੁਰਾਣਾਂ ਆਦਿ ਦਾ ਪੜ੍ਹਨਾ ਕੀ ? ਅਤੇ ਉਹਨਾਂ ਦੀ ਭੈਣ

Digitized by Panjab Digital Library | www.panjabdigilib.org

ਰਣਖੰਭ ਕਲਾ ਵੀ ਨਾਲ ਹੀ ਪੜ੍ਹਦੀ ਸੀ, ਜੋ ਪੰਜੇ ਉਸ ਨੂੰ ਆਪਣਾ ਉਸਤਾਦ ਕਰਕੇ ਉਸ ਅਗੇ ਸਿਰ ਨੀਵਾਂ ਕਰਕੇ ਨਮਸ਼ਕਾਰ ਕਰਿਆ ਕਰਦੇ ਸਨ।

ਮੂਲ–ਇਕ ਦਿਨ ਕੁਅਰਿ ਅਗਮਨੇ ਗਈ ॥
ਦਿਜ ਕਹੱ ਸੀਸ ਝੁਕਾਵਤ ਭਈ ॥
ਸਾਲਗ੍ਰਾਮ ਪੂਜਤ ਥਾ ਦਿਜਬਰ ॥
ਭਾਂਤਿ ਭਾਂਤਿ ਸੀਸ ਨਯਾਇ ਕਰਿ ॥ ੯ ॥

ਤਾਕੌ ਨਿਰਖਿ ਕੁਅਰਿ ਮੁਸਕਾਨੀ ॥
ਸੋ ਪ੍ਰਤਮਾ ਪਾਹਨ ਪਹਿਚਾਨੀ ॥
ਤਾਹਿ ਕਹਾ ਪੂਜਤ ਕਿਹੱ ਨਮਿਤਿਹੱ ॥
ਸਿਰ ਨਾਵਤ ਕਰ ਜੋਰਿ ਕਾਜ ਜਿਹੱ ॥ ੧੧ ॥

ਭਾਵ–ਇਕ ਦਿਨ ਰਨਖੰਭਾ ਲੜਕੀ ਇਕੱਲੀ ਹੀ ਭਾਈਆਂ ਤੋਂ ਪਹਿਲਾਂ ਚਲੀ ਗਈ ਅਤੇ ਬ੍ਰਾਹਮਣ ਨੂੰ ਸਤਿਕਾਰ ਨਾਲ ਸਿਰ ਨੀਵਾਂ ਕਰਕੇ ਅਦਬ ਕੀਤਾ ਪਰ ਪੰਡਿਤ ਜੀ ਸਾਲਗ੍ਰਾਮ ਜੋ ਇਕ ਪੱਥਰ ਦੇ ਵਟੇ ਦਾ ਨੀਯਤ ਕੀਤਾ ਹੁੰਦਾ ਹੈ, ਉਸਦੀ ਕਈ ਤਰ੍ਹਾਂ ਹਥ ਜੋੜ ਕੇ ਮਥੇ ਟੇਕ ਕੇ ਪੂਜਾ ਕਰਦਾ ਸੀ। ਹੁਣ ਰਨਖੰਭਾ ਨੇ ਬੇਦ ਪੁਰਾਨ ਆਦਿ ਗ੍ਰੰਥ ਘੋਖੇ ਹੋਇ ਸਨ, ਉਹ ਨਿਰੀ ਪੰਡਤ ਜੀ ਢਾਂਗ ਪੜ੍ਹਨ ਤਕ ਹੀ ਸੀਮਤ ਨਹੀਂ ਸੀ, ਇਸ ਲਈ ਪੰਡਿਤ ਦੀ ਇਸ ਕਿਰਿਆ ਨੂੰ ਤਕ ਕੇ ਹਸ ਪਈ ਅਤੇ ਇਹ ਭੀ ਚੰਗੀ ਤਰ੍ਹਾਂ ਤਕ ਦੇਖ ਲਿਆ ਸੀ ਕਿ ਇਹ ਮੂਰਤੀ ਪੱਥਰ ਦੀ ਹੀ ਹੈ, ਅਤੇ ਬ੍ਰਾਹਮਣ ਨੂੰ ਪੁਛਿਆ ਜੋ ਤੂੰ ਇਸ ਨੂੰ ਕਿਸ ਲਈ ਪੂਜਦਾ ਹੈਂ ਅਤੇ ਇਸ ਦੇ ਅਗੇ ਕਿਸ ਲਈ ਬਾਰ ਬਾਰ ਮੱਥਾ ਟੇਕ ਰਿਹਾ ਹੈਂ। ਜਿਸ ਪਰ ਬ੍ਰਾਹਮਣ ਨੇ ਉਤਰ ਦਿਤਾ ਸੀ ਕਿ ਇਹ ਸਾਲਗ੍ਰਾਮ ਹੈ। ਇਸ ਨੂੰ ਰਾਜੇ ਮਹਾਰਾਜੇ ਸਭ ਪੂਜਦੇ ਹਨ। ਤੂੰ ਅਣਜਾਣ ਹੈਂ, ਤੈਨੂੰ ਕੀ ਪਤਾ ਹੈ ਪ੍ਰਮੇਸ਼ਰ ਨੂੰ ਪੱਥਰ ਕਹਿ ਰਹੀ ਹੈਂ।

ਰਾਜਾ ਸੁਤਾ ਬਾਚ ॥ ਸਵੈਯਾ ॥

ਤਾਹਿ ਪਛਾਨਤ ਹੈ ਨ ਮਹਾਂ ਜੜ੍ਹ ਜਾ ਕੋ ਪ੍ਰਤਾਪ ਤਿਹੂੰ ਪੁਰ ਮਾਹੀ।
ਪੂਜ ਤਹੈ ਪ੍ਰਭੁ ਕੈ ਤਿੱਹ ਕੋ ਜਿਨਕੇ ਪਰਸੈ ਪਰਲੋਕ ਪਰਾਹੀ॥
ਪਾਪ ਕਰੋ ਪਰਮਾਰਥ ਕੈ ਜਿਹ ਪਾਪਨ ਤੇ ਅਤਿ ਪਾਪ ਡਰਾਹੀ॥
ਪਾਇ ਪਰੋ ਪ੍ਰਮੇਸ੍ਵਰ ਕੇ ਪਸੁ ਪਾਹਨ ਮੈ ਪਰਮੇਸ੍ਵਰ ਨਾਹੀ॥ ੧੨ ॥

ਬਿਜੈ ਛੰਦ–ਜੀਵਨ ਮੈਂ, ਜਲ ਮੈਂ, ਥਲ ਮੈਂ, ਸਭ ਰੂਪਨ ਮੈਂ ਸਭ ਭੂਪਨ ਮਾਂਹੀ॥
ਸੂਰਜ ਮੈਂ ਸਸਿ ਮੈਂ, ਨਭ ਮੈਂ ਜਹ ਹੇਰੋ ਤਹਾ ਚਿਤ ਲਾਇ ਤਹਾ ਹੀ॥
ਪਾਵਕ ਮੈਂ ਅਰ ਪੌਨ ਹੂੰ ਮੈਂ ਪ੍ਰਿਥਵੀ ਤਲ ਮੈਂ ਸੁ ਕਹਾ ਨਹਿ ਜਾਂਹੀ॥
ਬਿਜਾਪਕ ਹੈ ਸਭ ਹੀ ਕੇ ਬਿਖੈ ਕਛੁ ਪਾਹਨ ਮੈਂ ਪ੍ਰਮੇਸ੍ਵਰ ਨਾਹੀ॥ ੧੩ ॥

ਕਾਗਜ ਦੀਪ ਸਭੈ ਕਰਿ ਕੈ ਅਰੁ ਸਾਤ ਸਮੁੰਦ੍ਰਨ ਕੀ ਮਸੁ ਕੈ ਯੈ॥
ਕਾਟਿ ਬਨਾਸਪਤੀ ਸਿਗਰੀ ਲਿਖਬੇ ਹੂੰਕੇ ਲੇਖਨ ਕਾਜ ਬਨੈਯੈ॥
ਸਾਰਸ੍ਵਤੀ ਬਕਤਾ ਕਰਿਕੈ ਸਭ ਜੀਵਨ ਤੇ ਜੁਗ ਸਾਠਿ ਲਿਖੈਯੈ॥
ਜੋ ਪ੍ਰਭੁ ਪਾਯਤੁ ਹੈ ਨਹਿ ਕੈਸੇ ਹੂੰ ਸੋ ਜੜ੍ਹ ਪਾਹਨ ਮੈ ਠਹਰੈਯੈ॥

Digitized by Panjab Digital Library | www.panjabdigilib.org

ਰਾਜ ਪੁਤ੍ਰੀ ਕਹਿ ਰਹੀ ਹੈ, ਐ ਮਹਾਂ ਮੂਰਖ ਤੂੰ ਉਸ ਨੂੰ ਨਹੀਂ ਪਹਿਚਾਣਦਾ ਜਿਸ ਦਾ ਬਲ ਪ੍ਰਕਾਸ਼ ਤਿੰਨਾਂ ਲੋਕਾਂ ਵਿਚ ਛਾਇਆ ਹੋਇਆ ਹੈ। ਜੇ ਪੂਜਣਾ ਹੈ ਤਾਂ ਉਸ ਨੂੰ ਪੂਜ ਜਿਸਦੇ ਮਿਲ ਜਾਣ ਨਾਲ ਪ੍ਰਲੋਕ ਪ੍ਰਾਪਤ ਹੁੰਦਾ ਹੈ। ਪਰ ਤੂੰ ਪਰਮਾਰਥ ਜਾਣਕੇ ਇਹ ਕਿੱਡਾ ਵੱਡਾ ਪਾਪ ਕਰ ਰਿਹਾ ਹੈਂ ਜਿਸ ਪਾਪ ਨੂੰ ਤੱਕ ਕੇ ਵੱਡੇ ਤੋਂ ਵੱਡੇ ਪਾਪ ਭੀ ਸ਼ਰਮਸ਼ਾਰ ਹੁੰਦੇ ਹਨ ਅਤੇ ਡਰਦੇ ਹਨ । ਜੇਕਰ ਮੱਥਾ ਟੇਕਣਾ ਹੈ ਤਾਂ ਪਰਮੇਸ਼ਰ ਦੇ ਚਰਨਾਂ ਵਿਚ ਟੇਕ, ਐ ਪਸ਼ੂ ਪੱਥਰ ਵਿਚ ਪਰਮੇਸ਼ਰ ਨਹੀਂ ਵੜਿਆ ਬੈਠਾ। ਉਹ ਪਰਮੇਸ਼ਰ ਤਾਂ ਸਾਡੇ ਜੀਵਨ ਵਿਚ ਹੈ ਅਤੇ ਜਲ ਥਲ ਆਦਿ ਸਾਰੇ ਰੂਪਾਂ ਵਿਚ ਹੈ ਅਤੇ ਸਾਰੀ ਧਰਤੀ ਦੇ ਜੀਅ ਜੰਤਾਂ ਵਿਚ ਸਮਾਇਆ ਹੋਇਆ ਹੈ। ਕੀ ਸੂਰਜ ਕੀ ਚੰਦ੍ਰਮਾਂ ਅਤੇ ਅਕਾਸ਼ ਜਿੱਥੇ ਵੀ ਮਨ ਕਰਕੇ ਤੱਕੋ ਉੱਥੇ ਹੀ ਸਾਖਸ਼ਾਤ ਹੈ, ਕੀ ਅਗਨ ਅਤੇ ਹਵਾ ਧਰਤੀ ਦੇ ਹੇਠਲੇ ਤਲ ਵਿਚ ਉਹ ਕਿਹੜੀ ਥਾਂ ਹੈ ਜਿੱਥੇ ਉਹ ਨਹੀਂ ਹੈ। ਉਹ ਹਰ ਥਾਂ ਪਰ ਵਿਆਪਕ ਹੋ ਰਿਹਾ ਹੈ, ਸਭ ਦੇ ਵਿਚ ਹੈ, ਕੋਈ ਪੱਥਰਾਂ ਵਿਚ ਲੁਕ ਕੇ ਨਹੀਂ ਬੈਠਾ ਹੋਇਆ ਅਤੇ ਐਡੀ ਵੱਡੀ ਬਲਵਾਨ ਸ਼ਕਤੀ ਹੈ, ਜਿਸਦਾ ਕਿਵੇਂ ਭੀ ਭੇਦ ਨਹੀਂ ਪਾਇਆ ਜਾਂਦਾ, ਜੇ ਤੂੰ ਸੱਤਾਂ ਦੀਪਾਂ ਭਾਵ ਕੁਲ ਸਾਰੀ ਧਰਤੀ ਨੂੰ ਕਾਗਜ਼ ਬਣਾ ਲਵੇਂ ਅਤੇ ਸੱਤਾਂ ਸਮੁੰਦ੍ਰਾਂ ਦੀ ਸਿਆਹੀ ਕਰ ਲਵੇਂ ਅਤੇ ਸਾਰੀ ਪ੍ਰਿਥਵੀ ਦੇ ਜੰਗਲ ਦਰਖਤ ਕਾਨੇ ਆਦਿ ਕੱਟਕੇ ਕਲਮਾਂ ਘੜ ਲਵੇਂ ਤੇ ਸਰਸਵਤੀ ਸ਼ਕਤੀ ਬੈਲਦੀ ਜਾਵੇ ਸਾਰੇ ਦੇ ਸਾਰੇ ਜੀਵਨ ਵਾਲੇ ਜੀਵ ਸੱਠ ਜੁਗ ਤਕ ਲਿਖਦੇ ਰਹਿਣ ਫੇਰ ਭੀ ਉਸਦੀ ਭਰਭਤਾ ਨੂੰ ਨਹੀਂ ਪਾਇਆ ਜਾਂਦਾ। ਜੋ ਇਹੋ ਜਿਹਾ ਸ਼ਕਤੀ ਭਰਪੂਰ ਪ੍ਰਭੂ ਐਨੇ ਯਤਨ ਕਰਨ ਪਰ ਭੀ ਨਹੀਂ ਪਾਇਆ ਜਾਂਦਾ ਐ ਮੂਰਖ ਤੂੰ ਉਸਨੂੰ ਪੱਥਰ ਵਿਚ ਬੰਨ੍ਹ ਕੇ ਰੱਖਿਆ ਸਮਝ ਲਿਆ ਹੈ। ਏਥੇ ਹੀ ਬਸ ਨਹੀਂ ਹੋਰ ਭੀ ਬਹੁਤ ਖਰੀਆਂ ਖਰੀਆਂ ਕਹੀਆਂ ਹਨ, ਪਹਿਲੀ ਗੱਲ ਤਾਂ ਇਹ ਹੈ ਕਿ ਸਾਕਤ ਲੋਕਾਂ ਦਾ ਪਰਮੇਸ਼ਰ ਨਾਲ ਕੀ ਵਾਸਤਾ ? ਉਹ ਤਾਂ ਕਹਿੰਦੇ ਹਨ ਕਿ ਬੀਜ ਤੋਂ ਬੀਜ ਪੈਦਾ ਹੁੰਦਾ ਹੈ ਰੱਬ ਹੈ ਹੀ ਕੋਈ ਨਹੀਂ। ਜੇ ਕਿਸੇ ਨੂੰ ਕਿਸੇ ਚੀਜ਼ ਦੀ ਲੋੜ ਹੈ ਤਾਂ ਸਾਡੇ ਕਾਲ ਦੇਵਤਾ ਨੂੰ ਨਸ਼ੇ ਆਦਿ ਖੁਆਉ ਤੇ ਉਹ ਭੂਤਾਂ ਪ੍ਰੇਤਾਂ ਰਾਹੀਂ ਤੁਹਾਡੀਆਂ ਸਾਰੀਆਂ ਲੋੜਾਂ ਪੂਰੀਆਂ ਕਰ ਦੇਵੇਗਾ । ਪਰ ਏਥੇ ਤਾਂ ਇਹ ਸਾਰੇ ਦਾ ਸਾਰਾ ਲੇਖ ਸ੍ਰੀ ਦਸਮੇਸ਼ ਜੀ ਦੀ ਪਹਿਲੀ ਬਾਣੀ ਅਤ ਗੁਰਬਾਣੀ ਨਾਲ ਪੂਰਾ ਪੂਰਾ ਢੁਕਦਾ ਹੈ। ਅਗੇ ਹੋਰ ਪੜ੍ਹੋ ਅੜੇ ਗੁਰਬਾਣੀ ਨੂੰ ਭੀ ਟਾਕਰੇ ਵਿਚ ਰੱਖ ਕੇ ਤੱਕੋ ਜੇ ਮੈਂ ਸਾਰੇ ਸ਼ਬਦ ਲਿਖਦਾ ਜਾਵਾਂ ਤਾਂ ਗ੍ਰੰਥ ਦੇ ਆਕਾਰ ਦਾ ਕੀ ਹਾਲ ਹੋਵੇਗਾ :-

ਚੌਪਈ ॥ ਏ ਜਨ ਭੇਵ ਨ ਹਰਿ ਕੋ ਪਾਵੈ ॥ ਪਾਹਨ ਮੈ ਹਰਿ ਕੋ ਠਹਰਾਵੈ ॥
ਜਿੱਹ ਕਿੱਹ ਬਿਧਿ ਲੋਗਨ ਭਰਮਾਹੀਂ ॥ ਗ੍ਰਿਹ ਕੋ ਦਰਬੁ ਲੂਟਿ ਲੈ ਜਾਹੀਂ ॥ ੧੫ ॥

ਦੋਹਰਾ ॥ ਜਗ ਮੈ ਆਪੁ ਕਹਾਵਈ ਪੰਡਿਤ ॥ ਸੁਘਰ ਸੁਚੇਤ ॥
ਪਾਹਨ ਕੀ ਪੂਜਾ ਕਰੈ ਯਾਤੇ ਲਗਤ ਅਚੇਤ ॥ ੧੬ ॥

ਚੌਪਈ ॥ ਚਿਤ ਭੀਤਰ ਆਸਾ ਧਨ ਧਾਰੈ ॥
ਸਿਵ ਸਿਵ ਸਿਵ ਮੁਖ ਤੈਂ ਉਚਾਰੈ ॥
ਅਧਿਕ ਡਿੰਭ ਕਰਿ ਜਗਹਿ ਦਿਖਾਵੈ ॥
ਦ੍ਵਾਰ ਦ੍ਵਾਰ ਮਾਗਤ ਨ ਲਜਾਵੈ ॥ ੧੭ ॥

ਅੜਿਲ ॥ ਨਾਕ ਮੂੰਦਿ ਕਰਿ ਚਾਰ ਘਰੀ ਠਾਢੇ ਰਹੈਂ ॥
ਸਿਵ ਸਿਵ ਸਿਵ ਹ੍ਵੈ ਏਕ ਚਰਨ ਦ੍ਵਿਸਥਿਤ ਕਹੈਂ ॥
ਜੋ ਕੋਊ ਪੈਸਾ ਏਕ ਦੇਤ ਕਰਿ ਆਇਕੈ ॥
ਹੋ ਦਾਤਨ ਲੇਤ ਉਠਾਇ ਸਿਵਹਿ ਬਿਸਰਾਇਕੈ ॥ ੧੮ ॥

Digitized by Panjab Digital Library | www.panjabdigilib.org

੨-ਇਹ ਲੋਕ ਹਰਿ ਦੇ, ਭੇਤ ਨੂੰ ਨਹੀਂ ਜਾਣਦੇ ਇਸ ਲਈ ਰਬ ਨੂੰ ਪਥਰ ਵਿਚ ਮੰਨਦੇ ਹਨ, ਜਿਉਂ ਤਿਉਂ ਕਰਕੇ ਲੋਕਾਂ ਨੂੰ ਭਰਮਾ ਲੈਂਦੇ ਹਨ ਅਤੇ ਘਰ ਦਾ ਧਨ ਲੁਟ ਕੇ ਲੈ ਜਾਂਦੇ ਹਨ ਅਤੇ ਆਪ ਨੂੰ ਵਿਦਵਾਨ ਕਹਾਉਂਦੇ ਹਨ ਤੇ ਪੱਥਰਾਂ ਦੀ ਪੂਜਾ ਕਰਦੇ ਹਨ, ਇਸ ਲਈ ਸਾਨੂੰ ਅਨਜਾਣ ਜਾਪਦੇ ਹਨ, ਆਸਾ ਤਾਂ ਧਨ ਦੀ ਕਰਦੇ ਹਨ ਅਤੇ ਲੋਕਾਂ ਨੂੰ ਸ਼ਿਵ ਸ਼ਿਵ ਕਹਿਕੇ ਦੱਸਦੇ ਹਨ ਜੋ ਨਿਰਾ ਪਖੰਡ ਕਰਕੇ ਲੋਕਾਂ ਨੂੰ ਦਿਖਾਉਂਦੇ ਹਨ ਅਤੇ ਦਰ ਦਰ ਤੋਂ ਮੰਗਣ ਤੋਂ ਸ਼ਰਮ ਨਹੀਂ ਖਾਂਦੇ। ਨੱਕ ਮੁੰਦ ਕੇ ਚਾਰ ਘੜੀ ਖੜੇ ਰਹਿੰਦੇ ਨੇ ਤੇ ਇਕ ਪੈਰ ਭਾਰ ਹੋ ਕੇ ਸ਼ਿਵ ਸ਼ਿਵ ਕਹਿੰਦੇ ਨੇ, ਜਦੋਂ ਕੋਈ ਆ ਕੇ ਪੈਸਾ ਦਿੰਦਾ ਹੈ, ਤਾਂ ਝੱਟ ਸ਼ਿਵ ਜੀ ਨੂੰ ਭੁਲ ਜਾਂਦੇ ਨੇ ਅਤੇ ਪੈਸਾ ਸਾਂਭਣ ਦੀ ਕਰਦੇ ਨੇ। ਅਗੇ ਮੂਲ ਨੂੰ ਛਡਕੇ ਇਹਨਾਂ ਦੇ ਤਿੰਨ ਛੰਦਾਂ ਦਾ ਆਸ਼ਾ ਐਉਂ ਹੈ ਕਿ ਹੋਰਨਾਂ ਨੂੰ ਤਾਂ ਉਪਦੇਸ਼ ਦਿੰਦਾ ਹੈ, ਪਰ ਆਪ ਧਿਆਨ ਪ੍ਰਭੂ ਵਿਚ ਨਹੀਂ ਜੋੜਦਾ ਅਤੇ ਲੋਕਾਂ ਨੂੰ ਧਨ ਤੋਂ ਤਿਆਗ ਲਈ ਕਹਿੰਦਾ ਹੈ ਤੇ ਉਸ ਧਨ ਦੇ ਲੋਭ ਵਿਚ ਚੰਮ ਮਾੜੇ ਦੇ ਦਰ ਅਗੇ ਜਾ ਕੇ ਸ਼ਰਮ ਨੂੰ ਛਡਕੇ ਘੇਗੜੀਆਂ ਕਢਦਾ ਹੈ। ਆਪ ਨੂੰ ਪਵਿਤ੍ਰ ਮੰਨਦਾ ਹੈ ਤੇ ਮਲੇਛਾਂ ਦੀ ਨੌਕਰੀ ਕਰਦਾ ਹੈ। ਹੈ ਬੜਾ ਲਾਲਚੀ ਪਰ ਕਹਿੰਦਾ ਹੈ ਕਿ ਮੈਂ ਬੜਾ ਸੰਤੋਖੀ ਹਾਂ, ਇਕ ਦਰ ਨੂੰ ਛੱਡ ਦੂਜੇ ਦਰ, ਦੂਜੇ ਨੂੰ ਛਡ ਤੀਜੇ ਮੰਗਦਾ ਫਿਰਦਾ ਹੈ। ਮਿੱਟੀ ਦੇ ਸ਼ਿਵ ਬਣਾ ਲਏ ਅਤੇ ਪੂਜਾ ਕੀਤੀ ਦਰਿਆ ਵਿਚ ਰੋੜ੍ਹ ਦਿਤੇ, ਆ ਕੇ ਫਿਰ ਮਿਟੀ ਦੇ ਹੋਰ ਬਣਾ ਲਏ ਅਤੇ ਕਦੀ ਉਸ ਦੇ ਪੈਰਾਂ ਵਿਚ ਦੋ ਘੜੀ ਮਥਾ ਰਗੜਿਆ ਪਰ ਇਹ ਨਹੀਂ ਵਿਚਾਰਿਆ ਕਿ ਇਸ ਦੇ ਪਾਸ ਕੀ ਹੈ ਜੋ ਤੈਨੂੰ ਦੇ ਦੇਵੇ। ਜਿਸ ਲਿੰਗ ਦੀ ਤੂੰ ਪੂਜਾ ਕਰਦਾ ਹੈਂ ਤੇ ਜਿਸ ਨੂੰ ਸ਼ਿਵ ਮੰਨੀਂ ਬੈਠਾ ਹੈਂ ਅੰਤ ਤੇਰੇ ਹਥ ਵਿਚ ਇਹੀ ਰਹਿ ਜਾਏਗਾ, ਫੇਰਦਸ ਤੂੰ ਇਹ ਲਿੰਗ ਬਚਿਆਂ ਨੂੰ ਦੇ ਦੇਵੇਂਗਾ ਜਾਂ ਆਪ ਖਾ ਲਵੇਂਗਾ ਅੰਤ ਤੈਨੂੰ ਇਹ ਖੁਆਰ ਕਰਕੇ ਮਾਰੇਗਾ।

ਬੈਸ ਗਈ ਲਰਿਕਾਪਨ ਤਰਨਾਪਨ ਮੈਂ ਨਹਿ ਨਾਮ ਲੀਜੋ ਰੇ ॥
ਔਰਨ ਦਾਨ ਕਰਾਤ ਰਹਾ ਕਰ ਆਪੁ ਉਠਾਇ ਨ ਦਾਨ ਦੀਜੋ ਰੇ ॥
ਪਾਹਨ ਕੋ ਸਿਰ ਨਜਾਤ ਨ ਤੈ ਪਰਮੇਸ੍ਵਰ ਕੋ ਸਿਰ ਨ ਜਾਤ ਭਜੋ ਰੇ ॥
ਕਾਮ ਹੀ ਕਾਮ ਫਸਾ ਘਰ ਕੇ ਜੜ ਕਾਲ ਹੀ ਕਾਲ ਕੈ ਕਾਲ ਗਜੋ ਰੇ ॥ ੨੨ ॥

ਪੰਡਿਤ ਨੇ ਬਥੇਰਾ ਉਪਦੇਸ਼ ਦਿਤਾ ਪਰ ਉਸ ਲੜਕੀ ਦੇ ਸੱਚੇ ਉਪਦੇਸ਼ ਦੇ ਕਈ ਸਫੇ ਲਿਖੇ ਹੋਏ ਹਨ। ਲੜਕੀ ਕਹਿੰਦੀ ਹੈ ਕਿ ਐ ਪੰਡਿਤ! ਉਮਰ ਤਾਂ ਲੰਘ ਗਈ ਅਨਜਾਣ ਪੁਣੇ ਵਿਚ ਹੀ ਅਤ ਬਚਪਨ ਵਿਚ ਭੀ ਨਾਮ ਨਾ ਜਪਿਆ ਤੇ ਜੁਆਨੀ ਵਿਚ ਭੀ ਨਾ ਜਪਿਆ ਹੋਰਾਂ ਤੋਂ ਉਪਦੇਸ਼ ਕਰਕੇ ਦਾਨ ਕਰਵਾਉਂਦਾ ਰਿਹਾ, ਪਰ ਆਪ ਹਥ ਚੁਕ ਕੇ ਕਦੇ ਦਾਨ ਨਾ ਕੀਤਾ, ਪੱਥਰਾਂ ਨੂੰ ਮੱਥੇ ਟੇਕਦਾ ਰਿਹਾ ਤੇ ਪ੍ਰਮੇਸ਼ਰ ਦੀ ਜਾਣਕਾਰੀ ਹੀ ਨਾ ਕੀਤੀ। ਘਰ ਦੇ ਕੰਮਾਂ ਵਿਚ ਰੁਝਿਆ ਰਿਹਾ, ਅਜ ਕਲ ਕਰਦਿਆਂ ਹੀ ਸਿਰ ਤੇ ਕਾਲ ਆ ਵਜਿਆ ਅਤੇ ਸਾਰਾ ਸਮਾਂ ਬੇ-ਅਰਥ ਹੀ ਲੰਘ ਗਿਆ ਹੈ ਅਤੇ ਪੰਡਿਤ ਦੇ ਉਪਦੇਸ਼ ਦਾ ਇਹ ਉਤਰ ਦਿਤਾ।

ਦ੍ਵੈਕ ਪੁਰਾਨਨ ਕੋ ਪੜਿ ਕੈ ਤੁਮ ਫੂਲ ਗਏ ਦਿਜ ਜੂ ਜੀਯ ਮਾਹੀ ॥
ਸੋ ਨਾ ਪੁਰਾਨ ਪੜ੍ਹਾ ਜਿਹੱਕੇ ਇਹੁ ਠੌਰ ਪੜ੍ਹੇ ਸਭ ਪਾਪ ਪਰਾਹੀ ॥
ਡਿੰਭ ਦਿਖਾਇ ਕਰੋ ਤਪਸਾ ਦਿਨ ਰੈਨਿ ਬਸੈ ਜਿਯਰਾ ਧਨ ਮਾਹੀ ॥
ਮੂਰਖ ਲੋਗ ਪ੍ਰਮਾਨ ਕਰੈ ਇਮ ਬਾਤਨ ਕੋ ਹਮ ਮਾਨਤ ਨਾਹੀ ॥ ੨੩ ॥

ਐ ਪੰਡਤ ਜੀ! ਕਿਆ ਹੋਇਆ ਜੇ ਦੋ ਕੁ ਪੁਰਾਨ ਤੂੰ ਪੜ੍ਹ ਲਏ ਅਤੇ ਫੁਲਿਆ ਨਹੀਂ ਸਮਾਉਂਦਾ, ਪਰ ਉਹ ਪੁਰਾਣ ਤੂੰ ਨਹੀਂ ਪੜ੍ਹਿਆ ਜਿਸਦੇ ਪੜ੍ਹਨ ਨਾਲ ਸਭ ਪਾਪ ਹਰਨ ਹੋ ਜਾਂਦੇ ਹਨ। ਪਾਖੰਡ ਦਿਖਾਕੇ ਕਹਿੰਦਾ ਹੈਂ ਕਿ ਮੈਂ ਤਪ ਕਰ ਰਿਹਾ ਹਾਂ। ਆਤਮਾਂ ਰਾਤ ਦਿਨ ਧਨ ਵਿਚ ਫਸੀ ਪਈ ਹੈ। ਮੂਰਖ

Digitized by Panjab Digital Library | www.panjabdigilib.org

ਲੋਕ ਤੇਰੀਆਂ ਇਹ ਗੱਲਾਂ ਮੰਨ ਸਕਦੇ ਹਨ ਪਰ ਇਹੋ ਜਿਹੀਆਂ ਬਾਤਾਂ ਨੂੰ ਅਸੀਂ ਨਹੀਂ ਮੰਨਦੇ । ਅਗਲੇ ਸ਼ਬਦ ਵਿਚ ਕਹਿੰਦੀ ਹੈ-ਹੇ ਪੰਡਿਤ ! ਲੋਕਾਂ ਨੂੰ ਸ਼ਿਵ ਦਾ ਲਾਰਾ ਦੇ ਕੇ ਲੁਟਦਾ ਹੈਂ, ਜਦੋਂ ਉਸਦਾ ਕੰਮ ਨਹੀਂ ਸਰਦਾ ਤਾਂ ਕਹਿੰਦਾ ਹੈਂ ਤੈਥੋਂ ਬਿਧਿ ਪੂਰਨਤਾ ਨਹੀਂ ਹੋਈ, ਸਗੋਂ ਉਸ ਨੂੰ ਹੋਰ ਖਰਚ ਦਸ ਕੇ ਦੰਡ ਲਾ ਦਿੰਦਾ ਹੈਂ । ਕੀ ਹੋਇਆ ਜੇ ਤੂੰ ਭੰਗ ਨਹੀਂ ਪੀਂਦਾ ਪਰ ਇਕ ਇਕ ਦਾਣੇ ਨੂੰ ਲਾਲਚ ਵਸ ਹੋ ਕੇ ਰਾਜਿਆਂ ਮਹਾਂਰਾਜਿਆਂ ਤਕ ਮੰਗਦਾ ਫਿਰਦਾ ਹੈਂ । ਜਿਸ ਨੂੰ ਗਿ: ਭਾਗ ਸਿੰਘ ਨੇ ਕਿਹਾ ਹੈ ਕਿ ਭੰਗ ਦਾ ਪ੍ਰਚਾਰ ਕੀਤਾ ਹੈ, ਉਹ ਇਉਂ ਹੈ। ਅਰ ਪ੍ਰਸੰਗ ਤੋਂ ਜਾਪਦਾ ਹੈ ਕਿ ਉਸ ਵੇਲੇ ਸ਼ਾਇਦ ਲੜਕੀ ਨੇ ਕੁਝ ਭੰਗ ਪੀਤੀ ਹੋਈ ਹੋਵੇਗੀ, ਪਰ ਵਾਰਤਾ ਬੇਹੂਦਾ ਨਹੀਂ । ਕਿਉਂਕਿ ਮਿਸ਼ਰ ਦਾ ਉਤਰ ਇਹ ਸਾਬਤ ਕਰਦਾ ਹੈ ਅਤੇ ਲੜਕੀ ਦੇ ਵਿਚਾਰ ਸੁਣ ਕੇ ਜਲ ਬਲ ਕੇ ਤੇਜ਼ੀ ਵਿਚ ਆ ਗਿਆ ਅਤੇ ਕਿਹਾ ਸੀ:-

ਚੌਪਈ-ਸੁਨਿ ਏ ਬਚਨ ਮਿਸ੍ਰ ਰਿਸਿ ਭਰਾ ॥ ਧਿਕ ਧਿਕ ਤਾ ਕਹਿ ਉਚਰਾ ॥
ਤੈਂ ਹਮਰੀ ਬਾਤਨ ਕਹ ਜਾਨੈ ॥ ਭਾਂਗ ਖਾਇਕੇ ਬੈਨ ਪ੍ਰਮਾਨੈ ॥ ੩੬ ॥

ਲੜਕੀ ਦੀਆਂ ਗੱਲਾਂ ਸੁਣਕੇ ਬ੍ਰਾਹਮਣ ਕ੍ਰੋਧ ਵਿਚ ਆ ਕੇ ਕਹਿੰਦਾ ਹੈ ਕਿ ਲਾਹਨਤ ਹੈ ਤੈਨੂੰ ਜੋ ਭੰਗ ਖਾ ਕੇ ਏਨੀਆਂ ਗੱਲਾਂ ਕਰਦੀ ਹੈਂ ਤੂੰ ਸਾਡੀਆਂ ਗਲਾਂ ਨੂੰ ਕੀ ਜਾਣਦੀ ਹੈਂ ।

ਇਸ ਦਾ ਭਾਵ ਇਹ ਨਹੀਂ ਕਿ ਲੜਕੀ ਨੇ ਭੰਗ ਪੀਤੀ ਹੋਈ ਸੀ । ਇਹ ਆਮ ਸਾਡਾ ਮੁਹਾਵਰਾ ਹੈ ਕਿ ਜਦੋਂ ਕੋਈ ਸਾਥੋਂ ਬੇਸੁਰੀ ਗੱਲ ਕਰੇ ਤਾਂ ਅਸੀਂ ਇਹ ਦੋਸ਼ ਥਪ ਦੇਂਦੇ ਹਾਂ ਕਿ ਕੀ ਤੂੰ ਭੰਗ ਪੀਤੀ ਹੋਈ ਏ ਜੋ ਏਨੀਆਂ ਗੱਲਾਂ ਕਰਦਾ ਜਾ ਰਿਹਾ ਹੈਂ ।

ਇਸ ਦਾ ਉਤਰ ਲੜਕੀ ਵਲੋਂ:-

ਕੁਅਰਿ ਵਾਚ ॥

ਸੁਨੋ ਮਿਸਰ ਤੁਮ ਬਾਤ ਨ ਜਾਨਤ ॥ ਅਹੰਕਾਰ ਕੇ ਬਚਨ ਪ੍ਰਮਾਨਤ ॥
ਭਾਂਗ ਪੀਏ ਬੁਧਿ ਜਾਤਿ ਨ ਹਰੀ ॥ ਬਿਨ ਪੀਏ ਤਵ ਬੁਧਿ ਕਨਹ ਪਰੀ ॥ ੩੭ ॥

ਜਿਵੇਂ ਗੁਰਬਾਣੀ ਵਿਚ ਦਸਿਆ ਗਿਆ ਹੈ ਕਿ ਨਿਰਾ ਮਾਸ ਖਾਣ ਨਾਲ ਨਰਕ ਨਹੀਂ ਚਲੇ ਜਾਈਦਾ ਅਤੇ ਨਾ ਖਾਣ ਨਾਲ ਮੁਕਤਿ ਨਹੀਂ ਹੋ ਜਾਈਦਾ,ਇਸ ਦੇ ਨਾਲ ਕੁਝ ਹੋਰ ਭੀ ਕਰਨਾ ਪੈਂਦਾ ਹੈ। ਪੂਰੀ ਜਾਣਕਾਰੀ ਲਈ ਪੜ੍ਹੋ ਜੀਵਨ ਸੁਮਾਰਗ ਭਾਗ ੩ ਸਫਾ ੨੦੮ । ਇਸ ਤਰ੍ਹਾਂ ਰਨਖੰਭ ਕਲਾ ਕਹਿੰਦੀ ਹੈ ਮਿਸਰ ਜੀ ! ਮੇਰੀ ਗਲ ਨੂੰ ਧਿਆਨ ਨਾਲ ਸੁਣ, ਹੰਕਾਰ ਵਿਚ ਨਾ ਆ, ਭੰਗ ਪੀਤੇ ਤੋਂ ਨਾ ਤਾਂ ਬੁਧ ਮਾਰੀ ਜਾਂਦੀ ਹੈ ਤੇ ਨਾ ਹੀ ਪੀਣ ਨਾਲ ਆਉਂਦੀ ਹੈ। ਇਸ ਲਈ ਠੀਕ ਕਰਮ ਕਰਨਾ ਤੇ ਕਰਨ ਵਾਲ ਕੰਮਾਂ ਨੂੰ ਜਾਨਣ ਦੀ ਲੋੜ ਹੈ ? ਉਹ ਕਿਵੇਂ:-

ਤੁਮ ਆਪਨ ਸਯਾਨੇ ਕਹੱਲਾਵਤ ॥ ਕਬ ਹੀ ਭੂਲਿ ਨ ਭਾਂਗ ਜੜ੍ਹਾਵਤ ॥
ਜਬ ਤੁਮ ਜਾਹੁ ਕਾਜੁ ਭਿੱਛਾ ਕੇ ॥ ਕਰਹੋ ਖ੍ਵਾਰ ਰਹਤ ਗ੍ਰਿਹ ਜਾਕੇ ॥ ੩੮ ॥

ਹੇ ਪੰਡਤ ਜੀ ! ਇਹ ਹੈ ਠੀਕ ਤੁਸੀਂ ਭੁਲ ਕੇ ਭੀ ਭੰਗ ਨਹੀਂ ਖਾਂਦੇ ਪਰ ਜਦੋਂ ਤੁਸੀਂ ਕਿਸੇ ਦੇ ਘਰ ਮੰਗਣ ਲਈ ਜਾਂਦੇ ਹੋ, ਜਿਸ ਘਰ ਤੋਂ ਲੈ ਕੇ ਖਾਂਦੇ ਹੋ ਉਸ ਨੂੰ ਖਰਾਬ ਕਰਦੇ ਹੋ, ਭਾਵ ਕਈ ਤਰ੍ਹਾਂ ਦੇ ਗ੍ਰਹਿ ਚਾਲ ਦੇ ਚਕਰ ਪਾ ਕੇ ਅਤੇ ਡਰਾ ਕੇ ਲੁਟਦੇ ਹੋ। ਅਰ ਗੁਰਬਾਣੀ ਇਸ ਦੀ ਪੂਰੀ ਸ਼ਾਹਦੀ

Digitized by Panjab Digital Library | www.panjabdigilib.org

ਭਰਦੀ ਹੈ। (ਚੌਦਸ ਅਮਾਵਸ ਰਚ ਰਚ ਪਾਂਡੇ) ਭਾਵ ਕਿ ਐ ਪੰਡਿਤ! ਤੂੰ ਥਿਤਾਂ ਤੇ ਵਾਰਾਂ ਦਾ ਚੱਕਰ ਪਾ ਕੇ ਖੂਬ ਲੁਟਦਾ ਹੈਂ । ਵੇਦ ਰੂਪੀ ਦੀਵਾ ਹਥ ਵਿਚ ਲੈ ਕੇ ਆਪ ਖੂਹ ਵਿਚ ਡਿਗਦਾ ਹੈਂ। ਸੋ ਉਸ ਤਰ੍ਹਾਂ ਸ੍ਰੀ ਦਸਮੇਸ਼ ਜੀ ਇਸ ਪ੍ਰਕਰਣ ਰਾਹੀਂ ਸਾਨੂੰ ਦਸ ਰਹੇ ਹਨ।

ਕਾਹੂ ਧਨ ਕੋ ਤਜਾਗ ਦ੍ਰਿੜਾਵਹਿ ॥ ਕਾਹੂੰ ਕੋ ਕੋਊ ਗ੍ਰਹ ਲਾਵਹਿ ॥
ਮਨ ਮਹਿ ਦਰਬ ਠਗਨ ਕੀ ਆਸਾ ॥ ਦ੍ਵਾਰ ਦ੍ਵਾਰ ਡੋਲਤ ਇਹ ਪਜਾਸਾ॥੪॥

ਕਿਸੇ ਨੂੰ ਤਿਆਗ ਦਾ ਉਪਦੇਸ਼ ਦੇ ਕੇ ਉਸ ਤੋਂ ਦਾਨ ਕਰਾ ਲੈਂਦਾ ਹੈਂ। ਕਿਸੇ ਨੂੰ ਕੋਈ ਗ੍ਰਹਿ ਚਾਲ ਦਸ ਕੇ ਫਸਾ ਲੈਂਦਾ ਹੈਂ, ਮਨ ਵਿਚ ਇਹੋ ਵਿਉਂਤ ਹੈ ਕਿ ਕਿਵੇਂ ਇਸ ਦਾ ਧਨ ਆਪਣੇ ਅਧਿਕਾਰ 'ਚ ਲੈਣਾ ਹੈ, ਇਸੇ ਤ੍ਰਿਸ਼ਨਾ ਦੇ ਗੇੜ ਵਿਚ ਘਰ ਘਰ ਡੋਲਦਾ ਫਿਰਦਾ ਹੈਂ।

ਅੜਿਲ–ਬੇਦ ਬਯਾਕਰਨ ਸਾਸਤ੍ਰ ਸਿੰਮ੍ਰਿਤ ਇਮ ਉਚਰੈ ॥
ਜਿਨਿ ਕਿਸਹੂ ਤੇ ਏਕ ਟਕਾ ਮੋ ਕੌ ਝਰੈ ॥
ਜੇ ਤਿਨ ਕੋ ਕਛੁ ਦੇਤ ਉਸਤਤਿ ਤਾਕੀ ਕਰੈ ॥
ਹੈ ਜੋ ਧਨ ਦੇਤ ਨ ਤਿਨੈ ਨਿੰਦਾ ਤਾਕੀ ਰਰੈ ॥ ੪੨ ॥

ਨਿੰਦਿਆ ਅਰੁ ਉਸਤਤਿ ਦੋਊ ਜੀਵਨ ਹੀ ਜਗ ਮਾਂਹਿ ॥
ਜਬ ਮਾਟੀ ਮਾਟੀ ਮਿਲੀ ਨਿੰਦ ਉਸਤਤਿ ਕਛੁ ਨਾਹਿ ॥ ੪੩ ॥

ਐ ਪੰਡਿਤ ! ਵੇਦ ਸ਼ਾਸਤ੍ਰ ਆਦਿ ਤੂੰ ਇਸ ਲਈ ਪੜ੍ਹਦਾ ਹੈਂ ਕਿ ਕਿਸੀ ਨਾ ਕਿਸੀ ਕੋਲੋਂ ਕੁਝ ਪੈਸੇ ਝੜ ਜਾਣ, ਜੇ ਕੋਈ ਦਿੰਦਾ ਹੈ ਤਾਂ ਉਸ ਦੀ ਵਡਿਆਈ ਕਰਦਾ ਹੈਂ, ਜੇ ਕੋਈ ਨਹੀਂ ਦਿੰਦਾ ਤਾਂ ਉਸਦੀ ਨਿੰਦਾ ਕਰਦਾ ਹੈਂ। ਜਿਸਦਾ ਮਹਿਜ਼ ਇਸ ਜੀਵਨ ਨਾਲ ਹੀ ਸਬੰਧ ਹੈ, ਮਰਨ ਉਪ੍ਰੰਤ ਇਹ ਕਿਸੇ ਕੰਮ ਨਹੀਂ ਆਉਂਦੀਆਂ।

ਚੌਪਈ–ਦੁਹੂੰਅਨ ਸਮ ਜੋਊ ਕਰਿ ਜਾਨੈ ॥ ਨਿੰਦਿਆ ਉਸਤਤਿ ਸਮ ਕਰਿ ਮਾਨੈ ॥
ਹਮ ਤਾਹੀ ਕਹ ਬ੍ਰਹਮ ਪਛਾਨਹਿ ॥ ਵਾਹੀ ਕਹਿ ਦਿਜ ਕੈ ਅਨੁਮਾਨਹਿ ॥ ੪੫ ॥

ਗੁਰਬਾਣੀ ਭੀ ਇਹੀ ਕਹਿੰਦੀ ਹੈ–

ਨਿੰਦਾ ਉਸਤਤਿ ਦੋਊ ਤਿਆਗੈ ਖੋਜਹੁ ਪਦ ਨਿਰਬਾਨਾ ॥
ਜਨ ਨਾਨਕ ਇਹ ਖੇਲ ਕਠਨ ਹੈ ਵਿਰਲੇ ਗੁਰਮੁਖ ਜਾਨਾ ॥

ਤੱਕੋ ਇਹਨਾਂ ਦੇ ਭਾਵ ਵਿਚ ਕੀ ਅੰਤ੍ਰ ਹੈ।

ਮਿਥਯਾ ਉਪਮਾ ਬਕਿ ਕਰਿ ਤਹਿ ਪ੍ਰਸੰਨ ਕਰੈ ॥
ਹੋ ਘੋਰ ਨਬਕ ਕੇ ਬੀਚ ਅੰਤ ਦੋਊ ਪਰੈ ॥ ਸ: ੧੨੦੩ ॥

੩–ਅਜ ਸਿਖਾਂ ਵਿਚ ਭੀ ਇਹ ਗੱਲ ਪ੍ਰਚੱਲਤ ਹੋ ਗਈ ਹੈ, ਜਿਵੇਂ ਸਾਹਣੀ ਸਾਹਿਬ ਨੂੰ ੧੦ ਰੁਪੈ ਦੇਕੇ, ਭਾਵੇਂ ਕੋਈ ਚੋਰ ਜਾਰ ਜੁਆਰੀ ਜਾਂ ਸ਼ਰਾਬੀ ਕੋਈ ਭੀ ਹੋਵੇ,ਮਰਾਸੀਆਂ ਵਾਂਗ ਉਸਦੀ ਵਡਿਆਈ ਦੇ

Digitized by Panjab Digital Library | www.panjabdigilib.org

ਪੁਲ ਬੰਨ੍ਹ ਦੇਵੇਗਾ। ਪਰ ਜਿਸ ਤੇ ਉਸ ਨੂੰ ਕੋਈ ਆਸ ਨਹੀਂ ਉਹ ਭਾਵੇਂ ਕਿੰਨਾਂ ਭੀ ਸੁਚਜੇ ਜੀਵਨ ਵਾਲਾ ਕਿਉਂ ਨਾ ਹੋਵੇ ਉਹ ਪਾਪੀ ਹੈ ਉਸ ਦੀ ਨਿਗਾਹ ਵਿਚ। ਪਰ ਗੁਰੂ ਜੀ ਸਾਨੂੰ ਅਨੇਕ ਭਾਂਤ ਦੇ ਪ੍ਰਕਰਣ ਲਿਖ ਕੇ ਪੂਰੀ ਸੇਧ ਦੇ ਰਹੇ ਹਨ। (ਮਹਾਂ ਪੁਰਖਾਂ ਦਾ ਬੋਲਣਾ ਹੋਵੈ ਕਿਸੈ ਪਰਥਾਇ) ਜੇ ਉਹ ਇਹ ਪ੍ਰਕਰਣ ਨਾਂ ਲਿਖਦੇ ਤਾਂ ਇਹ ਸਿਖਿਆ ਸਾਨੂੰ ਕਿਵੇਂ ਦਿੰਦੇ।

ਗੁਰਬਾਣੀ ਕਹਿੰਦੀ ਹੈ ਕਿ:-

ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ॥ ਲੋਕਾ ਨ ਸਾਲਾਹਿ ਜੋ ਮਰਿ ਖਾਕ ਥੀਈ ॥
ਵਾਹੁ ਮੇਰਾ ਸਾਹਿਬਾ ਵਾਹੁ ॥ ਗੁਰਮੁਖਿ ਸਦਾ ਸਲਾਹੀਐ ਸਚਾ ਵੇ ਪਰਵਾਹੁ ॥੧॥ਰਹਾਉ॥
[ਸ: ੭੫੫ ॥ ਮਹਲਾ ੩ ॥

ਐ ਭਾਈ! ਦੁਨੀਆਂ ਦਾ ਕੀ ਸਲਾਹੁਣਾ ਹੈ, ਜਿਸ ਨੇ ਮਰ ਹੀ ਜਾਣਾ ਹੈ ਅਤੇ ਲੋਕਾਂ ਦਾ ਕੀ ਸਲਾਹੁਣਾ ਹੈ ਜਿਸ ਨੇ ਮਰ ਕਰ ਸੁਆਹ ਹੀ ਹੋ ਜਾਣਾ ਹੈ। ਵਾਹ ਵਾਹ ਤਾਂ ਉਸ ਮੇਰੇ ਸਾਹਿਬ ਦੀ ਹੈ, ਜਾਂ ਉਹਨਾਂ ਗੁਰਮੁਖਾਂ ਦੀ ਜੋ ਸਚੇ ਦਿਲੋਂ ਮਾਇਆ ਜਾਂ ਮਾਇਕ ਪਦਾਰਥਾਂ ਤੋਂ ਬੇ ਪ੍ਰਵਾਹ ਹਨ।

ਕਬਿਤ-ਇਹੀ ਧਨ ਲੋਭ ਤੇ ਪੜਤ ਬਯਾਕਰਨ ਸਭੈ, ਇਹੀ ਧਨ ਲੋਭ ਤੇ ਪੁਰਾਨ
ਹਾਥ ਧਰੇ ਹੈਂ ॥ ਧਨ ਹੀ ਕੇ ਲੋਭ ਦੇਸ ਛਾਡਿ ਪਰਦੇਸ ਬਸੇ ਤਾਤ ਅਰੁ
ਮਾਤ ਕੇ ਦਰਸਹੂ ਨ ਕਰੇ ਹੈਂ ॥ ਉੱਚੇ ਦ੍ਰੁਮਸਾਲ ਤਹਾਂ ਲਾਬੇ ਬਟ
ਤਾਲ ਜਹਾਂ ਤਿਨ ਮੈ ਸਿਧਾਤ ਹੈ ਨ ਜੀ ਮੈ ਨੈਕੁ ਡਰੇ ਹੈਂ ॥
ਧੱਨ ਕੇ ਅਨੁਰਾਗੀ ਹੈ ਕਹਾਵਤ ਤਯਾਗੀ ਆਪ ਕਾਸੀ ਬੀਚ
ਜਏ ਤੇ ਕਮਾਊ ਜਾਇ ਮਰੇ ਹੈ ॥ ੪੯ ॥

ਸ੍ਰੀ ਦਸਮੇਸ਼ ਜੀ ਧਨ ਦੇ ਪਿਆਰਿਆਂ ਦਾ ਨਕਸ਼ਾ ਖਿਚਦੇ ਹਨ ਕਿ ਲੋਭ ਕਰਕੇ ਹੀ ਪੁਰਾਣਾਂ ਪਰ ਹਥ ਰਖਦੇ ਹਨ ਅਤੇ ਧਨ ਕਰਕੇ ਦੇਸ ਛਡ ਕੇ ਪ੍ਰਦੇਸੀਂ ਜਾ ਵਸਦੇ ਨੇ। ਜਿਸ ਮਾਂ ਬਾਪ ਨੇ ਜਨਮ ਦੇ ਕੇ ਏਡਾ ਕੀਤਾ ਸੀ ਉਹਨਾਂ ਦੇ ਮੁੜ ਕੇ ਮਥੇ ਭੀ ਨਹੀਂ ਲਗਦੇ। ਭਾਵੇਂ ਕਿਡੇ ਕਿਡੇ ਉਚੇ ਜੰਗਲੀ ਦਰਖਤਾਂ ਵਿਚ ਜਾਣਾ ਪੈ ਜਾਵੇ ਲੋਭ ਦੇ ਵਸ ਉਥੇ ਜਾਣੋਂ ਜ਼ਰਾ ਭੀ ਨਹੀਂ ਡਰਦੇ। ਕਿਧਰੇ ਜੰਮੇ ਅਤੇ ਕਿਧਰੇ ਜਾ ਕੇ ਮਰੇ ਪਰ ਫੇਰ ਆਪ ਨੂੰ ਤਿਆਗੀ ਸਿਧ ਕਰਦੇ ਹਨ।

ਮਾਟੀ ਕੇ ਲਿੰਗ ਬਨਾਇਕੈ ਪੂਜਤ ਤਾਂ ਮੈਂ ਕਹੋ ਇਨ ਕਾ ਸਿਧਿ ਪਾਈ ॥
ਜੋ ਨਿਰ ਜੋਤਿ ਭਯੋ ਜਗ ਜਾਨਤ ਤਾਹਿ ਕੇ ਆਗੇ ਲੈ ਜੋਤਿ ਜਗਾਈ ॥
ਪਾਂਇ ਪਰੇ ਪਰਮੇਸ੍ਵਰ ਜਾਨਿ ਅਜਾਨ ਬਡੇ ਕਰਿਕੈ ਹਠ ਤਾਈ ॥
ਚੇਤ ਅਚੇਤ ਸੁਚੇਤਨ ਕੋ ਚਿਤ ਕੀ ਤਜਿ ਕੈ ਚਟਦੈ ਦੁਚਿਤਾਈ ॥ ੫੧ ॥
ਕਾਂਸੀ ਕੇ ਬੀਚ ਪੜੈ ਬਹੁ ਕਾਲ ਭੁਟੰਤ ਮੈਂ ਅੰਤ ਮਰੈ ਪੁਨ ਜਾਈ ॥
ਤਾਤ ਰਹਾ ਅਰੁ ਮਾਤ ਕਹੂੰ ਬਨਿਤਾ ਸੁਤ ਪੁਤ੍ਰ ਕਲਤ੍ਰਨ ਭਾਈ ॥
ਦੇਸ, ਬਿਦੇਸ ਫਿਰੈਂ ਤਜ ਕੈ ਘਰ, ਥੋਰੀ ਸੀ; ਸੀਖਿ ਕੈ ਚਾਤੁਰਤਾਈ ॥
ਲੋਭ ਕੀ ਲੀਕ ਨ ਲਾਂਘੀ ਕਿਸੂ ਨਰ ਲੋਭ ਰਹਾ ਸਭ ਲੋਗ ਲੁਭਾਈ ॥ ੫੨ ॥
ਦੋਹਰਾ-ਪਾਹਨ ਕੀ ਪੂਜਾ ਕਰੈ ਜੇ ਹੈ ਅਧਿਕ ਅਚੇਤ ॥
ਭਾਂਗਨ ਏਤੇ ਪਰ ਭਖੈ ਜਾਨਤ ਆਪੁ ਸੁਚੇਤ ॥ ੫੯ ॥

Digitized by Panjab Digital Library | www.panjabdigilib.org

ਭਾਵ–ਪਥਰਾਂ ਦੀ ਤਾਂ ਪੂਜਾ ਕਰਦਾ ਹੈ ਜੋ ਵਡੇ ਅਨਜਾਣ ਲੋਕਾਂ ਦਾ ਕੰਮ ਹੈ ਅਤੇ ਭੰਗ ਨਾ ਖਾਣ ਕਰਕੇ ਆਪਣੇ ਆਪ ਨੂੰ ਬੜਾ ਸਿਆਣਾ ਸਮਝਦਾ ਹੈ । ਜਿਸ ਦਾ ਭਾਵ ਹੈ ਕਿ ਇਕ ਭੰਗ ਪੀਣ ਵਾਲਾ ਜੇ ਕਰ ਇਸ ਗੱਲ ਨੂੰ ਜਾਣ ਕੇ ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੈ ਤਾਂ ਭੰਗ ਨਾ ਪੀਣ ਵਾਲੇ ਨਾਲੋਂ ਤਾਂ ਉਹ ਸਿਆਣਾ ਹੈ, ਜਿਸ ਬਾਰੇ ਆਪ ਲਿਖਦੇ ਹਨ:–

ਸਵੈਯਾ–ਚੇਤੁ ਅਚੇਤੁ ਕੀਏ ਜਿਨ ਚੇਤਨ ਤਾਂਹਿ ਅਚੇਤਨ ਕੋ ਠਹਰਾਵੈਂ ॥
ਤਾਹਿ ਕਹੈ ਪਰਮੇਸ੍ਵਰ ਕੈ ਮਨ ਮਾਨਿ ਕਹੇ ਘਟਿ ਮੋਲ ਬਿਕਾਵੈਂ ॥
ਜਾਨਤ ਹੈ ਨ ਅਜਾਨ ਬਡੇ ਸੁ ਇਤੇ ਪਰ ਪੰਡਿਤ ਆਪੁ ਕਹਾਵੈਂ ॥
ਲਾਜ ਕੇ ਮਾਰੇ ਮਰੈ ਨਾ ਮਹਾਂ ਲਟ ਐਠਹਿ ਐਂਠ ਅਮੈਂਠ ਜਤਾਵੈਂ ॥ ੫੪ ॥

ਓ ਬੇਸਮਝ ਬ੍ਰਾਹਮਣ ! ਇਸ ਗੱਲ ਨੂੰ ਸਮਝ, ਜਿਸ ਜਾਗਦੀ ਜੋਤ ਚੈਤਨ ਸਤਾ ਨੇ ਬੋਲਣ ਵਾਲੀ ਚੇਤਨ ਰੂਹ ਬਣਾਈ ਹੈ, ਤੂੰ ਉਸ ਨੂੰ (ਅਚੇਤਨ) ਜੜ੍ਹ ਵਸਤੂ ਮੰਨੀ ਬੈਠਾ ਹੈਂ। ਓ, ਤੂੰ ਉਸ ਨੂੰ ਪ੍ਰਮੇਸ਼ਰ ਕਹਿੰਦਾ ਹੈਂ ਜੋ ਥਾਂ ਥਾਂ ਮੁਲ ਵਿਕਦਾ ਫਿਰਦਾ ਹੈ । ਤੂੰ ਇਸ ਗਲ ਨੂੰ ਜਾਣਦਾ ਹੀ ਨਹੀਂ, ਇਸ ਲਈ ਇਕ ਬੜਾ ਅਨਜਾਣ ਹੁੰਦਾ ਹੋਇਆ ਫੇਰ ਪੰਡਿਤ ਕਹਾਉਂਦਾ ਹੈਂ। ਕੀ ਤੂੰ ਸ਼ਰਮ ਦੇ ਮਾਰੇ ਮਰਨ ਦੀ ਥਾਂ ਉਲਟਾ ਆਕੜਦਾ ਹੈਂ। ਅਰ ਸਚਾਈ ਨੂੰ ਗੁਆ ਰਿਹਾ ਹੈਂ।

ਏਕਨ ਜੰਤ੍ ਸਖਾਵਤ ਹੈਂ ਦਿਜ ਏਕਨ ਮੰਤ੍ ਪ੍ਰਜੋਗ ਬਤਾਵੈਂ ॥
ਜੋ ਨ ਭਿਜੈ ਇਨ ਬਾਤਨ ਤੈਂ ਤਿਹ ਗੀਤਿ ਕਬਿੱਤ ਸਲੋਕ ਸੁਨਾਵੈਂ ॥
ਦਯੋਸਹਿਰੈ ਧਨ ਲੋਗਨ ਕੇ ਗ੍ਰਿਹ ਚੋਰ ਚਕੈਂ ਠਗ ਦੇਖਿ ਲਜਾਵੈਂ ॥
ਕਾਨਿ ਕਰੈਂ ਨਹਿ ਕਾਜੀ ਕੁਟਵਾਰ ਕੀ ਮੂੰਡਿ ਕੈ ਮੂੰਡਿ ਮੁਰੀਦਨ ਖਾਵੈਂ॥੫੭॥

ਕਿਸੇ ਨੂੰ ਜੰਤ੍ ਦਿੰਦਾ ਹੈਂ । ਐ ਬ੍ਰਾਹਮਣ ! ਇਕ ਨੂੰ ਮੰਤ੍ ਤੇ ਚਲਾ ਰਿਹਾ ਹੈਂ । ਜੋ ਜੰਤ੍ ਮੰਤ੍ ਨਾਲ ਵਸ ਨਾ ਆਵੇ ਉਸਨੂੰ ਕੋਈ ਕਵਿਤਾ ਪੜ੍ਹ ਕੇ ਸੁਣਾਉਂਦਾ ਹੈਂ ਅਤੇ ਦਿਨ ਦਿਹਾੜੇ ਲੋਕਾਂ ਦੇ ਘਰੋਂ ਧਨ ਲੁਟਦਾ ਹੈਂ ਕਿ ਚੋਰ ਠੱਗ ਭੀ ਦਿਨ ਦੇਖ ਕੇ ਸ਼ਰਮਾ ਜਾਂਦੇ ਹਨ ਅਤੇ ਨਾ ਤੈਨੂੰ ਕਿਸੇ ਕਾਜੀ (ਜਜ) ਦਾ ਡਰ ਹੈ ਨਾ ਕੋਤਵਾਲ ਜਾਂ ਪੁਲੀਸ ਦਾ ਭੈ ਹੈ । ਮੁਰੀਦਾਂ ਦਾ ਦਿਨ ਦਿਹਾੜੇ ਸਿਰ ਮੁੰਨ ਮੁੰਨ ਕੇ ਖਾਈ ਜਾ ਰਿਹਾ ਹੈਂ ।

ਦੋਹਰਾ-ਪਾਹਨ ਕੀ ਪੂਜਾ ਕਰੈ ਜੋ ਹੈ ਅਧਿਕ ਅਚੇਤ ॥
ਭਾਂਗਨ ਦੇਤੇ ਪਰ ਭਖੈ ਜਾਨਤ ਆਪ ਸੁਚੇਤ ॥ ੫੮ ॥

ਤੂੰ ਪੱਥਰ ਦੀ ਪੂਜਾ ਤਾਂ ਕਰਦਾ ਹੈਂ, ਜੋ ਆਪ ਜੜ ਵਸਤੂ ਹੈ, ਭੰਗ ਨਾ ਖਾਣ ਕਰਕੇ ਆਪ ਨੂੰ ਵਿਦਵਾਨ ਮੰਨਦਾ ਹੈਂ, ਇਹ ਕਿਹੜੀ ਅਕਲ ਮੰਦੀ ਹੋਈ ਜੋ ਇਕ ਧਨ ਦੀ ਆਸਾ ਰਖ ਕੇ ਕੀਤਾ ਜਾ ਰਿਹਾ ਹੈ ।

ਆਸਾ ਕਰਤ ਗਿਯਾ ਸੰਸਾਰਾ ॥ ਇਹ ਆਸਾ ਕੋ ਵਾਰ ਨ ਪਾਰਾ ॥ ੬੧ ॥
ਏਕ ਨਿਰਾਸ ਵਹੈ ਕਰਤਾਰਾ ॥ ਜਿਹ ਕੀਨਾ ਇਹ ਸਕਲ ਪਸਾਰਾ ॥
ਆਸਾ ਰਹਿਤ ਔਰ ਕੋਉ ਨਾਹੀ ॥ ਜਾਨ ਲੇਹੁ ਦਿਜਬਰ ਮਨ ਮਾਹੀ॥੬੨॥

Digitized by Panjab Digital Library | www.panjabdigilib.org

ਗੁਰਬਾਣੀ ਭੀ ਇਹੀ ਕਹਿੰਦੀ ਹੈ:-(ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧ ਕਾਰੀ) ਆਸਾ ਤੇ ਮਨਸਾ ਹਥਕੜੀ ਤੇ ਬੇੜੀ ਹੈ ਅਤੇ ਕਰਮ ਧਰਮ ਕੋਤਵਾਲ ਜੋ ਹਥਾਂ ਵਿਚ ਹਥਕੜੀ ਅਤੇ ਪੈਰਾਂ ਵਿਚ ਬੇੜੀ ਪਾਉਂਦੇ ਹਨ। ਜਿਨ੍ਹਾਂ ਤੋਂ ਅਸਾਂ ਬਚਣਾ ਹੈ, ਜੋ ਬੜੇ ਗੂੜ ਗਿਆਨ ਦੀਆਂ ਗੱਲਾਂ ਹਨ; ਪਰ ਗਿ: ਭਾਗ ਸਿੰਘ ਨੂੰ ਪਤਾ ਨਹੀਂ ਕਿਥੋਂ ਸਾਕਤ ਪੁਣੇ ਦੀ ਬੋ ਆ ਗਈ। ੭੦ ਅੰਕ ਤਕ ਇਹੀ ਵਿਚਾਰ ਚਲਦੀ ਆਈ ਹੈ। ਪਰ ਪੰਡਿਤ ਜੀ ਫੇਰ ਭੀ ਉਹੀ ਉਪਦੇਸ਼ ਕਰਦੇ ਗਏ।

ਹੈਂ ਪਰਮ ਪੁਰਾਤਨ ;ਦਿਜਬਰ ॥
ਸਦਾ ਸਰਾਹਤ ਜਿਨ ਕਹ ਨ੍ਰਿਪ ਬਰ ॥ ੭੨ ॥

ਭਾਵ-ਪੰਡਿਤ ਜੀ ਕਹਿੰਦੇ ਹਨ ਕਿ ਇਹ ਪੁਰਾਨ ਪੰਡਿਤ ਹਨ ਅਤੇ ਰਾਜੇ ਮਹਾਰਾਜੇ ਹਮੇਸ਼ਾਂ ਇਹਨਾਂ ਦੀ ਉਸਤਤਿ ਕਰਦੇ ਹਨ। ਅੰਤ ਲੜਕੀ ਕਹਿੰਦੀ ਹੈ:-

ਅੜਿਲ-ਲੈਨੋ ਹੋਇ ਸੋ ਲੈ ਦਿਜ ਮੁਹਿ ਨ ਝੂਠਾਇਐ ॥
ਪਾਹਨ ਮੈ ਪਰਮੇਸ੍ਵਰ ਨ ਭਾਖਿ ਸੁਨਾਇਐ ॥

ਐ ਪੰਡਿਤ ! ਜੋ ਤੂੰ ਲੈਣਾ ਹੈ ਉਹ ਲੈ ਲੈ, ਪਰ ਮੈਨੂੰ ਝੂਠੀ ਨਾ ਕਹੋ ਅਤੇ ਪੱਥਰਾਂ ਨੂੰ ਪ੍ਰਮੇਸ੍ਵਰ ਨਾ ਕਹੋ। ਇਸੇ ਤਰ੍ਹਾਂ ੮੦ ਅੰਕ ਤਕ ਪਥਰ ਦੀ ਪੂਜਾ ਨਾ ਕਰਨੀ ਅਤੇ ਅਕਾਲ ਪੁਰਖ ਪਰ ਅਕੀਦਾ ਰਖਣ ਦਾ ਵਿਵਾਦ ਹੈ। ਅੰਤ ਦਸਿਆ ਹੈ ਕਿ ਜੇ ਭਲਾ ਕੋਈ ਭੰਗ ਖਾਂਦਾ ਹੈ ਤਾਂ ਮਸਤ ਹੋ ਕੇ ਰਣ ਵਿਚ ਜਾ ਕੇ ਸੂਰਮਤਾ ਨਾਲ ਲੜੇਗਾ। ਬਹਾਦਰੀ ਨਾਲ ਹਾਥੀਆ ਦੇ ਦੰਦ ਤੋੜ ਦਏਗਾ। ਪਰ ਤੂੰ ਦਸ, ਇਹਨਾਂ ਦੀ ਪੂਜਾ ਕਰਕੇ ਕੀ ਮਾਰਕਾ ਮਾਰੇਂਗਾ। ਇਹੋ ਕਿ ਪੂਜਾ ਧਾਨ ਨਗਿਆ ਹੋਇਆ ਖਾ ਕੇ ਘਰ ਜਾ ਕੇ ਮੂਧੇ ਮੂੰਹ ਪੈ ਕੇ ਸੌਂ ਰਹੇਂਗਾ। ਇਹ ਸਿਖਿਆ ਤੂੰ ਕਿਸੇ ਹੋਰ ਨੂੰ ਦੇਹ, ਪਰ ਇਸ ਮਹਾਂ ਝੂਠ ਵਿਚ ਮੈਨੂੰ ਨਾ ਲਪੇਟ, ਇਹ ਝੂਠ ਦੇ ਆਸਰੇ ਜੋ ਤੂੰ ਚੰਮ ਦੇ ਦਾਮ ਚਲਾ ਰਿਹਾ ਹੈਂ, ਯਾਦ ਰਖ ਨਰਕਾਂ ਵਿਚ ਪੈਕੇ ਸੜੇਂਗਾ ਅਤੇ ਨਾਲ ਪਰਵਾਰ ਨੂੰ ਭੀ ਮਹਾਂ ਘੋਰ ਨਰਕਾਂ ਵਿਚ ਪਾ ਕੇ ਸਾੜੇਂਗਾ। ਜਦੋਂ ਕਾਲ ਦੀ ਫਾਹੀ ਗਲੇ ਵਿਚ ਪਈ ਤਾਂ ਉਥੇ ਕੀ ਉਤ੍ਰ ਦੇਵੇਂਗਾ। ਗੁਰਬਾਣੀ ਦਾ ਭੀ ਕਹਿਣਾ ਹੈ:-

ਕਾਲ ਫਾਸ ਜਬ ਗਲ ਪਰੀ ਸਭ ਭਜੋ ਪਰਾਇਓ ॥

ਦਸ ਉਥੇ ਤੈਨੂੰ ਰਾਮ ਦੀ ਮੂਰਤੀ ਬਚਾਵੇਗੀ ਜਾਂ ਸ਼ਿਵਾਂ ਦੀ। ਕੌਣ ਆਏਗਾ ਤੇਰੀ ਸਹਾਇਤਾ ਪਰ, ਕੇਹੜੀ ਪੁਸਤਕ ਦਾ ਸਹਾਰਾ ਲਵੇਂਗਾ ਉਸ ਵੇਲੇ, ਚੰਗਾ ਹੈ ਜੇ ਅਜੇ ਭੀ ਮਹਾਂ ਕਾਲ ਦੀ ਸ਼ਰਨ ਲੈ ਲਵੇਂ।

ਗੁਰਬਾਣੀ ਇਸਦੀ ਐਨ ਹਾਮੀ ਭਰਦੀ ਹੈ:-

ਘਰਿ ਨਾਰਾਇਣੁ ਸਭਾ ਨਾਲਿ ॥ ਪੂਜ ਕਰੈ ਰਖੈ ਨਾਵਾਲਿ ॥
ਕੁੰਗੂ ਚੰਨਣੁ ਫੁਲ ਚੜਾਏ ॥ ਪੈਰੀ ਪੈ ਪੈ ਬਹੁਤ ਮਨਾਏ ॥
ਮਾਣੂਆ ਮੰਗਿ ਮੰਗਿ ਪੈਨੈ ਖਾਇ ॥ ਅੰਧੀ ਕੰਮੀ ਅੰਧ ਸਜਾਇ ॥
[ਸ: ੧੨੪੦ ॥ ਮਹਲਾ ੧

ਭੁਖਿਆ ਦੇਇ ਨ ਮਰਦਿਆ ਰਖੈ ॥ ਅੰਧਾ ਝਗੜਾ ਅੰਧੀ ਸਥੈ ॥

Digitized by Panjab Digital Library | www.panjabdigilib.org

ਗੁਰਬਾਣੀ ਦਾ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਬਾਣੀ ਦਾ ਆਸ਼ਾ ਆਪ ਵਿਚ ਐਨ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਸਾਰੇ ਰੱਬ ਇਕੱਠੇ ਕਰਕੇ ਮੂਰਤੀਆਂ ਦੇ ਰੂਪ ਵਿਚ ਘਰ ਰਖੇ ਹੋਏ ਹਨ ਤੇ ਉਹਨਾਂ ਦੀ ਪੂਜਾ ਭੀ ਕਰਦਾ ਹੈ। ਇਸ਼ਨਾਨ ਕਰਕੇ ਸਾਂਭ ਕੇ ਰਖਦਾ ਹੈ । ਕੁੰਗੂ ਅਤੇ ਚੰਨਣ ਆਦਿਕ ਦੇ ਟਿੱਕੇ ਵੀ ਲਾਉਂਦਾ ਹੈ, ਫੁਲ ਭੀ ਚੜ੍ਹਾਉਂਦਾ ਹੈ । ਕਈ ਤਰ੍ਹਾਂ ਪੈਰੀਂ ਪੈ ਪੈ ਮਿੰਨਤਾਂ ਕਰਦਾ ਹੈ। ਪਰ ਆਪ ਫੇਰ ਭੀ ਘਰ ਘਰ ਤੋਂ ਜਾ ਕੇ ਮੰਗ ਕੇ ਖਾਂਦਾ ਹੈ ਤੇ ਪਹਿਨਦਾ ਹੈ। ਭਾਵ ਹੈ ਕਿ ਸਾਰੇ ਖਰਚ ਪੂਰੇ ਕਰਦਾ ਹੈ । ਜੋ ਲੋਕ ਅੰਨ੍ਹੇ ਕੰਮ ਕਰਦੇ ਹਨ ਉਹਨਾਂ ਨੂੰ ਦੰਡ ਭੀ ਅੰਨ੍ਹਾਂ ਹੀ ਮਿਲਦਾ ਹੈ, ਜਾਨੋ ਬਹੁਤਾ ਮਿਲਦਾ ਹੈ। ਨਾ ਤਾਂ ਇਹ ਰਬ ਕਿਸੇ ਭੁਖੇ ਨੂੰ ਕੁਝ ਦੇ ਸਕਦੇ ਹਨ ਅਤੇ ਨਾ ਕਿਸੇ ਨੂੰ ਮਰਨ ਤੋਂ ਬਚਾਉਂਦੇ ਹਨ, ਫੇਰ ਜਿਹੜੇ ਲੋਕ ਇਸ ਬਾਰੇ ਝਗੜਾ ਕਰਦੇ ਹਨ, ਉਹ ਭੀ ਅੰਨ੍ਹੇ ਹੀ ਹਨ, ਜੇ ਕੋਈ ਇਸ ਬਾਰੇ ਪੰਚਾਇਤ ਜੋੜੇ ਤਾਂ ਉਹ ਭੀ ਅੰਨ੍ਹਾ ਹੀ ਹੈ । ਜਦ ਕਿ ਇਹ ਮੂਰਤੀਆਂ ਨਾ ਭੁਖੇ ਨੂੰ ਕੁਝ ਦਿੰਦੀਆਂ ਹਨ ਅਤੇ ਨਾ ਮਰਦੇ ਨੂੰ ਬਚਾਉਂਦੀਆਂ ਹਨ । ਜੋ ਲੋਕ ਇਹਨਾਂ ਦੀ ਆਸ ਰਖ ਕੇ ਵੈਸ਼ਨੋਂ ਬਣਦੇ ਹਨ, ਉਹ ਬੇਅਰਥ ਕੰਮ ਕਰਦੇ ਹਨ । ਜਿਵੇਂ:-

ਕਰਨ ਇਬਾਦਤ ਮਾਰਨ ਸੰਨ੍ਹਾ, ਵਿਚ ਲਗਨ ਦੇ ਕਟਣ ਰਾਤ ॥
ਜਾਹਿਦ ਚੋਰ ਤੇ ਆਸ਼ਿਕ ਤਾਂਈ ਇਕੋ ਜਹੀ ਪਿਆਰੀ ਰਾਤ ॥

ਭਾਵ-ਇਹਨਾਂ ਲੋਕਾਂ ਦਾ ਜਾਗਣ ਤੇ ਜਗਰਾਤਾ ਕਰਨਾ ਕਿਸ ਅਰਥ, ਐਵੇਂ ਹੀ ਪਥਰਾਂ ਦੇ ਪੁਜਾਰੀਆਂ ਨੂੰ ਸੋਫੀ ਹੋ ਜਾਣ ਰੱਬ ਤੇ ਕੀ ਅਸਰ ਪੈਂਦਾ ਹੈ। ਉਹਨਾਂ ਨਾਲੋਂ ਤਾਂ ਰਬ ਦੇ ਆਸ਼ਕ ਅਮਲੀ ਹੀ ਚੰਗੇ ਹਨ ।

ਏਥੇ ਗਿਆਨੀ ਭਾਗ ਸਿੰਘ ਕੋਈ ਹੋਰ ਆਪਣਾ ਆੜੀ ਮਹਾਂਕਾਲ ਮੰਨਦਾ ਹੈ, ਜਿਸ ਦਾ ਪੂਰੀ ਤਰ੍ਹਾਂ ਨਾਲ ਪਹਿਲੇ ਹੀ ਦਸਿਆ ਜਾ ਚੁਕਾ ਹੈ,ਇਹ ਉਹੀ ਮਹਾਂ ਕਾਲ ਹੈ ਜਿਸ ਬਾਰੇ ਸ੍ਰੀ ਦਸਮੇਸ਼ ਜੀ ਚੌਪਈ ਵਿਚ ਖੋਲ੍ਹ ਕੇ ਦਸਦੇ ਹਨ:-

ਆਦਿ ਅੰਤ ਏਕੈ ਅਵਤਾਰਾ ॥
ਸੋਈ ਗੁਰੂ ਜਾਨੀਓ ਹਮਾਰਾ ॥

ਇਸ ਬਾਰੇ ਇਥੇ ਭੀ ਐਨ ਸਪਸ਼ਟ ਸੰਕੇਤ ਮਿਲਦੇ ਹਨ ਜੋ ਇਉਂ ਹਨ:-

ਮਹਾ ਕਾਲ ਜੂਕੋ ਸਦਾ ਸੀਸ ਨਯੋਯੋ ॥ ਪੁਰੀ ਚੌਦਹੂੰ ਤ੍ਰਾਸ ਜਾਕੋ ਤ੍ਰਿਯੋ ॥
ਸਦਾ ਆਨਿ ਜਾਕੀ ਸਭੈ ਜੀਵ ਮਾਨੈ ॥ ਸਬੈ ਲੋਕ ਖਜਾਤਾ ਬਿਧਾਤਾ ਪਛਾਨੈ ॥੮੬॥
ਨਹੀ ਜਾਨਿ ਜਾਈ ਕਛੂ ਰੂਪ ਰੇਖਾ ॥ ਕਹਾ ਬਾਸ ਤਾਕੋ ਫਿਰੈ ਕੌਨ ਭੇਖਾ ॥
ਕਹਾਂ ਨਾਮ ਤਾਕੋ ਕਹਾਂ ਕੈ ਕਹਾਵੈ ॥ ਕਹਾ ਕੈ ਬਖਾਨੋ ਕਹੈ ਮੋ ਨ ਆਵੈ ॥੮੭॥
ਨ ਤਾਕੋ ਕੋਊ ਤਾਤ ਮਾਤਾ ਨ ਭਾਈ ॥ ਨ ਪੁਤ੍ਰਾ ਨ ਪੋਤ੍ਰਾ ਨ ਦਾਯਾ ਨ ਦਾਈ ॥
ਕਛੂ ਸੰਗ ਸੈਨਾ ਨ ਤਾਕੇ ਸੁਹਾਵੈ ॥ ਕਹੇ ਸੱਤਿ ਸੋਈ ਕਰੈ ਸੋ ਬਨਾਵੈ ॥੮੮॥
ਕਈਓ ਸਵਾਰੈ ਕਈਓ ਖਪਾਵੈ ॥ ਉਸਾਰੇ ਗੜੇ ਫੇਰਿ ਮੇਟੈ ਬਨਾਵੈ ॥
ਘਨੀ ਬਾਰ ਲੌ ਪੰਥ ਚਾਰੋ ਭ੍ਰਮਾਨਾ ॥ ਮਹਾਕਾਲ ਹੀ ਕੋ ਗੁਰੂ ਕ ਪਛਾਨਾ ॥੮੯॥
ਮੁਰੀਦ ਹੋ ਉਸੀ ਕੀ ਵਹੈ ਪੀਰ ਮੇਰੋ ॥ ਉਸ ਕਾ ਕਿਯਾ ਆਪਨਾ ਜੀਵ ਚੇਰੋ ॥
ਉਸੀ ਕਾ ਕੀਆ ਬਾਲਕਾ ਮੈ ਕਹਾਵੋ ॥ ਉਹੀ ਮੋਹਿ ਰਾਖਾ ਉਸੀ ਕੋ ਧਿਆਵੋ ॥੯੦॥

Digitized by Panjab Digital Library | www.panjabdigilib.org

ਪਰ ਮਹਾਂ ਪੰਡਿਤ ਜੀ ਨਹੀਂ ਮੰਨਦੇ, ਉਹ ਉਹੀ ਢਾਕ ਕੇ ਤਿੰਨ ਪੱਤ੍ ਵਾਲੀ ਮੁਹਾਰਨੀ ਰਟਦਾ ਹੈ ਅਤੇ ਕਹਿੰਦਾ ਹੈ-

ਜੋ ਇਨ ਕਹ ਕਟੁ ਬਚਨ ਉਚਾਰੈ ॥ ਤਾਕੌ ਮਹਾਂ ਨਰਕ ਬਿਧਿ ਡਾਰੈ ॥
ਇਨਕੀ ਸਦਾ ਕੀਜਯੈ ਸੇਵਾ ॥ ਏਹੈ ਪਰਮ ਪੁਰਾਤਨ ਦੇਵਾ ॥ ੯੫ ॥

ਭਾਵ-ਬ੍ਰਾਹਮਣ ਨੇ ਜ਼ੋਰ ਦਿੰਦਿਆਂ ਕਿਹਾ ਕਿ ਜੇ ਕੋਈ ਇਹਨਾਂ ਮੂਰਤੀਆਂ ਨੂੰ ਕੌੜੇ ਬਚਨ ਬੋਲਦਾ ਹੈ, ਉਸ ਨੂੰ ਬ੍ਰਹਮਾਂ ਮਹਾਂ ਨਰਕ ਵਿਚ ਪਾ ਦਿੰਦਾ ਹੈ, ਇਸ ਲਈ ਤੂੰ ਕੌੜੇ ਬੋਲ ਨਾ ਬੋਲ ਸਗੋਂ ਸਦਾ ਹੀ ਇਹਨਾਂ ਮੂਰਤੀਆਂ ਦੀ ਸੇਵਾ ਕਰੋ। ਇਹ ਹੀ ਆਦਿ ਅੰਤ ਤੋਂ ਦੇਵਤੇ ਚਲੇ ਆ ਰਹੇ ਹਨ। ੯੬ ਅੰਕ ਤੋਂ ੧੦੫ ਤਕ ਲੜਕੀ ਦਾ ਉਤਰ ਹੈ। ਜਿਸ ਦਾ ਕੁਝ ਅੰਸ਼ ਇਹ ਹੈ।

ਜੇ ਤੁਮ ਪਰਮ ਪੁਰਖ ਠਹਰਾਇ ॥ ਤੇ ਸਭ ਡੰਡ ਕਾਲ ਕੇ ਘਾਏ ॥
ਕਾਲ ਡੰਡ ਬਿਨ ਬਚਾ ਨ ਕੋਈ ॥ ਸਿਵ ਬਿਰੰਚ ਬਿਸਨਿੰਦ੍ ਨ ਸੋਈ ॥ ੧੦੨ ॥

ਜੈਸੀ ਜੂਨਿ ਇਕ ਦੈਂਤ ਬਖਨਿਯਤ॥ਤਿਯੋਂ ਇਕ ਜੂਨਿ ਦੇਵਤਾ ਜਨਿਯਤ॥
ਜੈਸੇ ਹਿੰਦੂਆ ਨੋ ਤੁਰਕਾਨਾ ॥ ਸਭਹਿਨ ਸੀਸ ਕਾਲ ਜਰਵਾਨਾ ॥੧੦੩॥

ਕਬਹੂੰ ਦੈਤ ਦੇਵਤਨ ਮਾਰੈ॥ ਕਬਹੂੰ ਦੈਤਨ ਦੇਵ ਸੰਘਾਰੈ ॥
ਦੇਵ ਦੈਤ ਜਿਨ ਦੋਊ ਸੰਘਾਰਾ ॥ ਵਹੈ ਪੁਰਖ ਪ੍ਰਤਿਪਾਲ ਹਮਾਰਾ ॥੧੦੪॥

ਹੇ ਪੰਡਿਤ ਤੁਸੀਂ ਜਿਨ੍ਹਾਂ ਦੇਵਤਿਆਂ ਨੂੰ ਪਰਮ ਪੁਰਖ ਮੰਨਦੇ ਹੋ ਉਹ ਸਭ ਦੇ ਸਭ ਕਾਲ ਦੇ ਅਧੀਨ ਹਨ ਅਤੇ ਕਾਲ ਦੇ ਡੰਡੇ ਤੋਂ ਕੋਈ ਭੀ ਬਾਹਰ ਨਹੀਂ ਹੈ। ਕੀ ਸ਼ਿਵਜੀ ਅਤੇ ਬ੍ਰਹਮਾਂ ਜਾਂ ਵਿਸ਼ਨੂੰ ਭਾਵੇਂ ਕੋਈ ਭੀ ਦੇਵਤਾ ਹੈ, ਜਿਵੇਂ ਦੈਂਤਾਂ ਦੀ ਇਕ ਜੂਨੀ ਹੈ ਇਸੇ ਤਰ੍ਹਾਂ ਦੇਵਤੇ ਭੀ ਇਕ ਜੂਨੀ ਵਿਚ ਹੀ ਹਨ। ਜਿਵੇਂ ਕਿਸੇ ਨੂੰ ਹਿੰਦੂ ਕਹਿ ਦਈਦਾ ਹੈ ਅਤੇ ਕਿਸੇ ਨੂੰ ਮੁਸਲਮਾਨ ਸਭ ਦੇ ਸਿਰ ਤੇ ਬਲੀ ਕਾਲ ਖੜਾ ਹੈ ਜੋ ਕਦੋ ਦੈਂਤ ਦੇਵਤਿਆਂ ਨੂੰ ਦਬੱਲੀ ਫਿਰਦਾ ਹੈ। ਕਦੀ ਦੇਵਤੇ ਦੈਂਤਾਂ ਨੂੰ ਜਾ ਮਾਰਦੇ ਹਨ, ਪਰ ਜੋ ਉਹਨਾਂ ਤੇ ਉਪਰ ਹੈ ਉਹ ਸਾਡਾ ਆਸਰਾ ਹੈ।

੪-ਭਾਵੇਂ ਰਣ ਖੰਭ ਕਲਾ ਨੇ ਮਿਸਰ ਦੇਵਤਾ ਨੂੰ ਬਹੁਤ ਤਰ੍ਹਾਂ ਸਮਝਾਇਆ ਪਰ ਬ੍ਰਾਹਮਣ ਇਸ ਗੱਲੋਂ ਬਾਜ ਨਹੀਂ ਆਇਆ ਅਤੇ ਕਿਹਾ ਕਿ ਜੋ ਸਾਲਗਰਾਮ ਦੀ ਪੂਜਾ ਨਹੀਂ ਕਰਦਾ ਉਹ ਘੋਰ ਨਰਕ ਵਿਚ ਹੀ ਜਾਵੇਗਾ। ਉਸ ਵੇਲੇ ਰਣ ਖੰਭ ਕਲਾ ਨੂੰ ਕ੍ਰੋਧ ਆ ਗਿਆ ਅਤੇ ਮੂਰਤੀਆਂ ਹੀ ਚੁਕ ਕੇ ਉਸਦੇ ਮੂੰਹ ਪਰ ਜੜ ਦਿੱਤੀਆਂ ਅਤੇ ਉਸੇ ਵੇਲੇ ਸਾਲਗਰਾਮ ਦੀਆਂ ਸੱਟਾਂ ਨਾਲ ਵਿਚਾਰੇ ਦੇ ਦੰਦ ਭੀ ਟੁੱਟ ਗਏ ਅਤੇ ਉਸਦਾ ਧਨ ਭੀ ਖੋਹ ਕੇ ਹੋਰ ਬ੍ਰਾਹਮਣ ਨੂੰ ਦੇ ਦਿੱਤਾ ਤੇ ਕਹਿ ਦਿੱਤਾ ਕਿ ਫਿਕਰ ਨਾ ਕਰ ਇਹ ਤੈਨੂੰ ਅੱਗੇ ਜਾਕੇ ਦਸ ਗੁਣਾਂ ਮਿਲੇਗਾ। ਕਿਉਂਕਿ ਬ੍ਰਾਹਮਣ ਨੇ ਕਿਹਾ ਸੀ ਕਿ ਬ੍ਰਾਹਮਣਾਂ ਨੂੰ ਦਾਨ ਦਿੱਤਾ ਦਸ ਗੁਣਾਂ ਹੋਕੇ ਫਲਦਾ ਹੈ ਜੋ ਪੰਗਤੀ ਐਉਂ ਹੈ।

ਜੋ ਨਰ ਕਛੁ ਧਨ ਬਿਪਰਹਿ ਦੈ ਹੈ ॥ ਆਗੇ ਮਾਂਗ ਦਸ ਗੁਨੋ ਲੈ ਹੈ ॥
ਜੋ ਛਿਪਨ ਬਿਨੁ ਅਨਤਹਿ ਦੇਹੀ ॥ ਤਾਕੌ ਕਛੁ ਸੁ ਫਲੈ ਨੱਹਿ ਸੇਈ ॥੧੦੭॥

ਭਾਵ ਪੰਡਤ ਜੀ ਨੇ ਕਿਹਾ ਸੀ ਕਿ ਜੋ ਲੋਕ ਬ੍ਰਾਹਮਣ ਨੂੰ ਦਾਨ ਦਿੰਦਾ ਹੈ, ਉਹ ਅੱਗੇ ਜਾਕੇ ਦਸ

Digitized by Panjab Digital Library | www.panjabdigilib.org

ਗੁਣਾਂ ਲੈਂਦਾ ਹੈ,ਪਰ ਜੇ ਕੋਈ ਬ੍ਰਾਹਮਣ ਤੋਂ ਬਿਨਾਂ ਕਿਸੇ ਹੋਰ ਨੂੰ ਦਿੰਦਾ ਹੈ ਤਾਂ ਉਸਨੂੰ ਉਸਦਾ ਕੋਈ ਫਲ ਨਹੀਂ ਮਿਲਦਾ, ਜਿਸਦਾ ਉੱਤਰ ਲੜਕੀ ਨੇ ਐਉਂ ਦਿੱਤਾ ਸੀ ਅਤੇ ਅੰਕ ੧੧ ਤੋਂ ਅੱਗੇ ਦੱਸਿਆ ਹੈ ਕਿ ਜੋ ਲੋਕ ਕਮਾਕੇ ਨਹੀਂ ਖਾਂਦੇ, ਪ੍ਰਪੰਚ ਕਰਕੇ ਲੋਕਾਂ ਨੂੰ ਲੁਟਦੇ ਹਨ, ਹੋਰਾਂ ਨੂੰ ਕਹਿੰਦੇ ਹਨ ਦਾਨ ਕਰੋ, ਆਪ ਕਰਦੇ ਨਹੀਂ, ਇਹ ਤਾਂ ਦਰਿਦਰ ਦਾ ਅਵਤਾਰ ਹਨ । ਆਪ ਕਿਸੇ ਦੀ ਹਾਂਡੀ ਵਿਚ ਹਲਦੀ ਪਾਉਣ ਜੋਗੇ ਭੀ ਨਹੀਂ ਅਤੇ ਹੋਰਾਂ ਪਾਸ ਗੱਲਾਂ ਬੜੀਆਂ ਬੜੀਆਂ ਮਾਰਦੇ ਹਨ, ਦੇਖੋ ਤਾਂ ਐਉਂ ਲਗਦੇ ਹਨ ਜਿਵੇਂ ਕਿਸੇ ਦੇਸ਼ ਦੇ ਰਾਜੇ ਹੁੰਦੇ ਹਨ, ਪਰ ਕਿਸੇ ਦੇ ਇਕ ਕੌਡੀ ਭਰ ਭੀ ਕੰਮ ਨਹੀਂ ਆਉਂਦੇ । ਜੇ ਇਹਨਾਂ ਦੇ ਜੰਤ੍ਰ ਠੀਕ ਹੁੰਦੇ ਤਾਂ ਆਪ ਕਿਉਂ ਦਰ ਦਰ ਮੰਗਦੇ ਫਿਰਦੇ ਅਤੇ ਜਿਹੜੇ ਰਾਮ ਕ੍ਰਿਸ਼ਨ ਆਦਿ ਨੂੰ ਇਹ ਜਪਦੇ ਫਿਰਦੇ ਹਨ ਸਭ ਦੇ ਸਿਰ ਤੇ ਕਾਲ ਖੜੋ ਰਿਹਾ ਹੈ–

ਕੇਤੇ ਰਾਮ ਚੰਦ ਅਰੁ ਕ੍ਰਿਸਨਾ ॥ ਕੇਤੇ ਚਤੁਰਾਨਨ ਸਿਵ ਬਿਸਨਾ ॥
ਚੰਦ ਸੂਰਜ ਏ ਕਵਨ ਬੀਚਾਰੇ ॥ ਪਾਨੀ ਭਰਤ ਕਾਲ ਕੇ ਦ੍ਵਾਰੇ ॥੧੧੬॥

ਇਹੋ ਜਿਹੀਆਂ ਸੱਚੀਆਂ ਗੱਲਾਂ ਸੁਣਕੇ ਮਿਸਰ ਜੀ ਕ੍ਰੋਧ ਵਿਚ ਆਕੇ ਕਹਿਣ ਲੱਗੇ ਕਿ ਮੈਂ ਰਾਜੇ ਪਾਸ ਜਾਂਦਾ ਹਾਂ ਅਤੇ ਉਥੇ ਜਾਕੇ ਰਾਜੇ ਨੂੰ ਕਹਿ ਕੇ ਤੈਨੂੰ ਬੰਨ੍ਹਕੇ ਮੰਗਵਾਵਾਂਗਾ ।

ਕੁਅਰਿ ਬਾਚ– ਤਬ ਤਿਨ ਕੁਅਰਿ ਦਿਜਹਿ ਗਹਿ ਲੀਯਾ ॥ ਡਾਰ ਨਦੀ ਕੇ ਭੀਤਰ ਦਿਯਾ ॥
ਗੋਤਾ ਪਕਰਿ ਆਠ ਸੈ ਦੀਨਾ ॥ ਤਾਂਹਿ ਪਵਿੱਤ੍ਰ ਭਲੀ ਬਿਧਿ ਕੀਨਾ ॥੧੨੦॥

ਭਾਵ–ਉਸੇ ਵੇਲੇ ਕੁੜੀ ਨੇ ਮਿਸਰ ਨੂੰ ਝੱਪਟ ਕੇ ਜਾ ਪਕੜਿਆ ਅਤੇ ਕੋਲ ਵਗਦੀ ਨਦੀ ਵਿਚ ਅੱਠ ਸੌ ਗੋਤਾ ਜਾ ਦਿੱਤਾ ਅਤੇ ਐਨ ਸ਼ੁਧ ਕਰ ਦਿੱਤਾ । ਪਰ ਐਥੇ ਗਿ: ਭਾਗ ਸਿੰਘ ਜੀ ਨੇ ਹੋਰ ਸਵਾਲ ਖੜਾ ਕਰ ਦਿੱਤਾ ਹੈ। ਉਹ ਕਹਿੰਦਾ ਹੈ ਕਿ ਇਹ ਕਹਾਣੀ ਝੂਠ ਹੈ, ਉਸ ਵੇਲੇ ੮੦੦ ਸੌ ਗੋਤਾ ਕਿਸ ਨੇ ਗਿਣਿਆ ਸੀ । ਸੋ ਮੈਂ ਗਿਆਨੀ ਜੀ ਨੂੰ ਬੜੇ ਅਦਬ ਨਾਲ ਦੱਸਦਾ ਹਾਂ ਕਿ ਮੈਂ ਇਕ ਦਿਨ ਦੁਕਾਨ ਪਰ ਬੈਠਾ ਸੀ, ਮੈਂ ਅਜੇ ਗਿ: ਹਰਬੰਸ ਸਿੰਘ ਜੀ ਵਾਲਾ ਲਿਖਿਆ ਪੁਸਤਕ (ਸ੍ਰੀ ਦਸਮ ਗ੍ਰੰਥ ਦਰਪਣ) ਨਹੀਂ ਸੀ ਦੇਖਿਆ, ਇਕ ਸਜਣ ਨੇ ਮੈਨੂੰ ਫਤਹਿ ਆ ਬੁਲਾਈ, ਵੀਚਾਰ ਚਲ ਪਈ ਸ੍ਰੀ ਦਸਮ ਗ੍ਰੰਥ ਸਾਹਿਬ ਬਾਰੇ ਤੇ ਗਿ: ਭਾਗ ਸਿੰਘ ਦੇ ਨਿਰਣੇ ਬਾਰੇ ਤਾਂ ਉਸ ਕਿਹਾ ਤੁਹਾਨੂੰ ਨਹੀਂ ਪਤਾ ਗਿ: ਭਾਗ ਸਿੰਘ ਦੇ ਤਾਂ ਗਿ: ਹਰਬੰਸ ਸਿੰਘ ਨੇ ਹਜ਼ਾਰ ਜੁਤੀ ਮਾਰੀ ਹੈ, ਮੈਂ ਬੜਾ ਹੈਰਾਨ ਸੀ ਕਿ ਐਨੀਆਂ ਜੁਤੀਆਂ ਕਿਵੇਂ ਮਾਰੀਆਂ ਗਈਆਂ, ਜਦੋਂ ਪੁਛਿਆ ਤਾਂ ਉਸ ਦਾ ਉੱਤਰ ਸੀ ਕਿ ਜਿਹੜੀ ਉਸਨੇ ਪੁਸਤਕ ਲਿਖੀ ਹੈ ਉਹ ਉਸ ਤੋਂ ਵਿਰੁਧ ਹੈ । ਹੁਣ ਜੇ ਗਿ: ਭਾਗ ਸਿੰਘ ਜੀ ਨੂੰ ਪੁਛਿਆ ਜਾਵੇ ਤਾਂ ਕਹੇਗਾ ਸਭ ਝੂਠ ਹੈ, ਮੈਨੂੰ ਇਕ ਵੀ ਨਹੀਂ ਵੱਜੀ, ਇਸ ਤਰ੍ਹਾਂ ਜਦੋਂ ਇਕ ਆਦਮੀ ਗਲਤ ਜਾਂ ਨਿਰਮੂਲ ਹਠ ਕਰਦਾ ਹੈ ਉਸ ਨੂੰ ਹੋੜਨਾਂ ਭੀ ਇਸ ਸ਼ਬਦ ਦਾ ਹੱਕਦਾਰ ਹੈ ਜੋ ਤਖਮੀਨੇ ਤੇ ਨਿਰਾ ਵੀਚਾਰ ਦੇ ਆਧਾਰ ਤੇ ਹੀ ਹੁੰਦਾ ਹੈ । ਅੰਤ ਵਿਚ ਗੁਰਦੇਵ ਜੀ ਆਪਣੇ ਵਲੋਂ ਲਿਖਦੇ ਹਨ :–

ਕਬਿਜੋ ਬਾਚ ॥ ਤਬ ਦਿਜ ਮਹਾਂ ਕਾਲ ਕੋ ਧਜਾਯੋ ॥ ਸਰਿਤਾ ਮਹਿ ਪਾਹਨਨ ਬਹਾਯੋ ॥
ਦੂਜੇ ਕਾਨ ਨ ਕਿਨਹੂੰ ਜਾਨਾ ॥ ਕਹਾ ਮਿੱਸ੍ਰ ਪਰ ਹਾਲ ਬਿਹਾਨਾ ॥੧੨੪॥
ਦੋਹਰਾ–ਇਹ ਛਲ ਸੋ ਮਿਸਰਹਿ ਛਲਾ ਪਾਹਨ ਦਏ ਬਹਾਇ ॥
ਮਹਾਕਾਲ ਕੋ ਸਿੱਖਜ ਕਰਿ ਮਦਰਾ ਭਾਂਗ ਪਿਵਾਇ ॥

Digitized by Panjab Digital Library | www.panjabdigilib.org

ਹੁਣ ਏਥੇ ਪਾਠਕ ਜਨ ਆਪ ਹੀ ਫੈਸਲਾ ਕਰਨ ਕਿ ਇਕ ਵਿਅਕਤੀ ਸ਼ਰਾਬ ਪੀਂਦਾ ਅਤੇ ਭੰਗ ਭੀ ਪੀ ਜਾਂਦਾ ਹੈ। ਭੰਗ ਪੀ ਕੇ ਜਾਂ ਸ਼ਰਾਬ ਪੀ ਕੇ ਸੁਰਤ ਜੋੜ ਕੇ ਇਕ ਚਿਤ ਹੋ ਕੇ ਅਕਾਲ ਪੁਰਖ ਦਾ ਧਿਆਨ ਕਰਦਾ ਹੈ ਅਤੇ ਜੇ ਲੋੜ ਪੈ ਜਾਵੇ ਤਾਂ ਦੇਸ ਕੌਮ ਧਰਮ ਲਈ ਲੜਾਈ ਲੜਦਾ .ਹੈ ਅਰ ਕਮਾਕੇ ਮਿਹਨਤ ਕਰਕੇ ਖਾਂਦਾ ਹੈ। ਟਾਕਰੇ ਵਿਚ ਦੂਜਾ ਭੰਗ ਨਹੀਂ ਪੀਂਦਾ, ਸ਼ਰਾਬੀ ਵੀ ਨਹੀਂ ਪਰ ਪੱਥਰਾਂ ਨੂੰ ਪੂਜਦਾ ਹੈ ਜਾਂ ਪੱਥਰ ਨੂੰ ਹੀ ਰਬ ਮੰਨਦਾ ਹੈ, ਲੋਕਾਂ ਨੂੰ ਝੂਠ ਬੋਲਕੇ ਠਗਦਾ ਹੈ, ਮਿਹਨਤ ਨਹੀਂ ਕਰਦਾ, ਹੇਠਲੀਆਂ ਉਪਰਲੀਆਂ ਗਲਾਂ ਕਰਕੇ ਮੰਗਦਾ ਹੈ, ਭਾਵੇਂ ਉਸ ਦੀ ਕੋਈ ਇਸਤ੍ਰੀ ਨੂੰ ਭੀ ਕਿਉਂ ਨਾ ਚੁਕ ਕੇ ਲੈ ਜਾਵੇ ਜਾਂ ਧਰਮ ਕੁਝ ਪਿਆ ਆਖੇ, ਕੋਈ ਗਰੀਬ ਉਸ ਦੇ ਸਾਹਮਣੇ ਲੁਟਿਆ ਜਾਵੇ। ਅੱਖਾਂ ਮੀਚ ਕੇ ਬੈਠਾ ਰਹੇ। ਕੀ ਸ਼ਰਾਬ ਨਾ ਪੀ ਕੇ ਤੇ ਭੰਗ ਨੂੰ ਛਡ ਕੇ ਪ੍ਰਵਾਨ ਪੈ ਜਾਏਗਾ । ਜਦ ਉਸ ਦਾ ਨਿਸਚਾ ਤੇ ਨਿਸ਼ਾਨਾ ਹੀ ਬਿਵਰਜਤ ਹੈ ਤਾਂ ਮਕਬੂਲੀਅਤ ਕਿੱਥੇ ?

ਇਹ ਵੀ ਹੋ ਸਕਦਾ ਹੈ ਕਿ ਰਣਖੰਭ ਕਲਾ ਸਰਾਬੀ ਕਬਾਬੀ ਮਹਾਂਕਾਲ ਦੀ ਹੀ ਪੁਜਾਰਨ ਹੋਵੇ, ਜਿਸ ਨੇ ਬ੍ਰਾਹਮਣ ਨੂੰ ਸ਼ਰਾਬ ਮਾਸ ਖੁਆ ਦਿਤਾ, ਪਰ ਇਹ ਵੀ ਹੋ ਸਕਦਾ ਹੈ ਕਿ ਰਣਖੰਭ ਕਲਾ ਨੇ ਉਸ ਨੂੰ ਅਕਾਲ ਪੁਰਖ ਨਾਲ ਹੀ ਜੋੜਿਆ ਹੋਵੇ । ਉਂਝ ਇਹ ਸਿਧਾਂਤ ਕੌੜਾ ਨਹੀਂ, ਕਿਉਂਕਿ ਭਾਵ ਸਪਸ਼ਟ ਹੈ ਕਿ ਇਉਂ ਮਾਰ ਖਾ ਕੇ ਬ੍ਰਾਹਮਣ ਮਹਾਂ ਕਾਲ ਨੂੰ ਜਪਣ ਲਗਾ ਤੇ ਪੱਥਰ ਨਦੀ ਵਿਚ ਰੋੜ੍ਹ ਦਿਤੇ, ਦੂਜੇ ਕਿਸੇ ਦੇ ਕੰਨ ਤਕ ਵੀ ਇਹ ਗਲ ਨਹੀਂ ਗਈ, ਜੋ ਬ੍ਰਾਹਮਣ ਨਾਲ ਕੀ ਬੀਤੀ।

੫-ਜਿਵੇਂ ਕਿਸੇ ਵੇਲੇ ਸ੍ਰੀ ਦਸਮੇਸ਼ ਜੀ ਨੇ ਮਾਧੋਦਾਸ ਵੈਰਾਗੀ ਨੂੰ ਵੈਸ਼ਨੋਂ ਪੁਣਾ ਛੁਡਾਕੇ ਬਕਰੇ ਮਾਰੇ ਸਨ, ਇਸ ਦਾ ਮਤਲਬ ਇਹ ਨਹੀਂ ਕਿ ਗੁਰੂ ਜੀ ਮਾਸ ਖਾਣ ਦੇ ਆਦੀ ਸਨ, ਨਹੀਂ ਉਹਨਾਂ ਦਾ ਭਾਵ ਸੀ ਕਿ ਵੈਸ਼ਨੋ ਹੋ ਕੇ ਦੇਸ ਤੋਂ ਕਿਨਾਰਾ ਕਸ਼ ਹੋ ਕੇ ਬਹਿਣ ਨਾਲੋਂ ਮਾਸ ਖਾ ਕੇ ਮੁਲਕ ਦੀ ਸੇਵਾ ਕਰਨੀ ਪਵਿਤ੍ਰ ਹੈ। ਇਸ ਤਰ੍ਹਾਂ ਉਸ ਬ੍ਰਾਹਮਣ ਨੂੰ ਦਸਿਆ ਗਿਆ ਕਿ ਤੇਰਾ ਵੈਸ਼ਨੋ ਪੁਣਾ ਕਿਸੇ ਕੰਮ ਨਹੀਂ ਜਦ ਤੇਰਾ ਨਿਸਚਾ ਤੇ ਨਿਸ਼ਾਨਾ ਗਲਤ ਹੈ, ਜਿਵੇਂ ਕਹਾਵਤ–"ਰਾਮ ਰਾਮ ਗਾਵੇ ਭਾਵੇਂ ਕੱਟੇ ਵਾਂਗ ਅਰੜਾਵੇ" ਸੋਹਣੇ ਬੋਲ ਤੇ ਸੁਰੀਲੀ ਆਵਾਜ਼ ਨੂੰ ਕੀ ਕਰਨਾ ਹੈ ਜੇ ਰਾਗ ਤੇ ਬੋਲ ਹੀ ਜਾਂ ਸ਼ਬਦ ਹੀ ਗੰਦੇ ਹੋਣ। ਜਿਸ ਰਾਗ ਵਿਚ ਨਾ ਰੱਬ ਦਾ ਨਾਮ ਹੈ ਨਾ ਧਾਰਮਿਕ ਅਥਵਾ ਸਮਾਜਕ ਸਿਖਿਆ ਹੀ ਹੈ ਉਸ ਰਾਗ ਦੇ ਨਿਰੇ ਸੁਰਤਾਲ ਨੂੰ ਕੀ ਕਰਨਾ ਹੈ । ਇਸ ਲਈ ਸੁਚੱਜੀ ਇਸਤ੍ਰੀ ਦੀ ਕਥਾ ਦਿਤੀ ਹੈ ਕਿ ਜੇ ਚਾਹੇ ਤਾਂ ਇਸ ਤਰ੍ਹਾਂ ਸਮਾਜ ਦਾ ਸੁਧ ਰ ਭੀ ਕਰ ਸਕਦੀ ਹੈ। ਪਰ ਇਸ ਤੋਂ ਅਗਲਾ ਪ੍ਰਕਰਣ ਨੰ: ੨੬੭ ਵਿਚ ਇਹ ਭੀ ਦਸਿਆ ਹੈ ਕਿ ਜੇਕਰ ਇਸਤ੍ਰੀ ਕੁਰਾਹੇ ਪੈ ਜਾਵੇ ਤਾਂ ਇਸ ਤੋਂ ਰੱਬ ਭੀ ਡਰਦਾ ਹੈ। ਰਾਜੇ ਮਹਾਰਾਜਿਆਂ ਨੂੰ ਕੰਨੋ ਫੜ ਕੇ ਅਗੇ ਲਾ ਤੁਰਦੀ ਹੈ। ਜਹਾਂਗੀਰ ਦੇ ਅਧੀਨ ਕੋਈ ਰੂਪ ਸੈਨ ਰਾਜਾ ਤੇ ਸਕਲਮਤੀ ਉਸਦੀ ਰਾਣੀ ਸੀ, ਜਿਸ ਦੇ ਰਾਜ ਵਿਚ ਇਕ ਕਾਜੀ ਸੀ, ਉਸ ਦੀ ਇਸਤ੍ਰੀ ਨੇ ਰਾਜੇ ਨਾਲ ਮੇਲ ਕਰਨ ਦੀ ਠਾਣ ਲਈ। ਜਿਸ ਪਰ ਰਾਜੇ ਨੇ ਉਸ ਨੂੰ ਟਾਲ ਦੇਣ ਲਈ ਕਹਿ ਦਿਤਾ ਕਿ ਜੇ ਤੂੰ ਮੇਰੇ ਵਸਣਾ ਚਾਹੁੰਦੀ ਹੈਂ ਤਾਂ ਪਹਿਲਾਂ ਕਾਜੀ ਨੂੰ ਮਾਰ ਦੇਹ। ਉਸ ਨੇ ਐਸਾ ਹੀ ਕੀਤਾ ਅਤੇ ਰਾਤ ਨੂੰ ਸੁਤੇ ਪਏ ਕਾਜੀ ਦਾ ਸਿਰ ਕਟਕੇ ਰਾਜੇ ਪਾਸ ਲੈ ਗਈ। ਰਾਜਾ ਇਸ ਚਰਿਤ੍ਰ ਨੂੰ ਤਕ ਕੇ ਘਬਰਾ ਗਿਆ ਕਿ ਜਿਸ ਨੇ ਆਪਣੇ ਅਸਲ ਖਸਮ ਨੂੰ ਕਤਲ ਕਰ ਦਿਤਾ ਹੈ, ਉਸ ਨੂੰ ਦੂਜੇ ਨਾਲ ਕਿਵੇਂ ਪਿਆਰ ਹੋ ਸਕਦਾ ਹੈ। ਜਿਸ ਲਈ ਰਾਜੇ ਨੇ ਲਾਹਣਤਾਂ ਪਾਈਆਂ ਤੇ ਉਥੋਂ ਬਾਹਰ ਕਢ ਦਿਤਾ। ਜਿਸ ਪਰ ਉਹ ਇਸਤ੍ਰੀ ਕਾਜ਼ੀ ਦਾ ਸਿਰ ਰਾਜੇ ਦੇ ਘਰ ਹੀ.ਰਖ ਕੇ ਆਪਣੇ ਘਰ ਆ ਗਈ ਤੇ ਸ਼ੋਰ ਕਰਕੇ ਸਾਰਾ ਪਿੰਡ ਇਕੱਠਾ ਕਰ ਲਿਆ। ਬਹੁਤ ਸਾਰੇ ਲੋਗ ਇਕੱਠੇ ਹੋ ਗਏ, ਜਿਧਰ ਨੂੰ ਖੂਨ ਗਿਰਦਾ ਸੀ, ਲੈ ਗਈ ਸੀ, ਉਸੇ ਪਾਸੇ ਨੂੰ ਲੋਕਾਂ ਨੂੰ ਲੈ ਕੇ ਤੁਰ ਪਈ, ਅਤੇ ਜਾਕੇ ਮੰਕੇ ਪਰ ਸਿਰ ਜਾ ਚੁਕਿਆ ਤੇ ਲੈ ਕੇ ਜਹਾਂਗੀਰ ਦੇ ਜਾ ਪੇਸ਼ ਕੀਤੀ, ਉਸ ਨੇ ਰਾਜੇ ਨੂੰ ਪੇਸ਼ ਹੋਣ ਲਈ ਬੁਲਾ ਲਿਆ। ਇਸ ਭੈ ਨਾਲ ਰਾਜੇ ਨੂੰ ਆਪਣੀ ਸ਼ਰਤ ਮਨਾ ਲਈ, ਜਹਾਂਗੀਰ ਨੂੰ ਜਾ ਕਿਹਾ,

Digitized by Panjab Digital Library | www.panjabdigilib.org

ਕਿ ਮੈਂ ਇਸਨੂੰ ਇਸ ਖ਼ੂਨ ਦੀ ਮਾਫੀ ਦਿੰਦੀ ਹਾਂ ਤੇ ਪਿੰਡ ਵਾਲਿਆਂ ਨੂੰ ਜਾ ਕਿਹਾ ਹੁਣ ਮੇਰਾ ਐਥੇ ਰਹਿਣ ਦਾ ਧਰਮ ਨਹੀਂ। ਮੈਂ ਮੱਕੇ ਦੀ ਹਜ ਲਈ ਜਾ ਰਹੀ ਹਾਂ, ਰਿਸ਼ਤੇਦਾਰਾਂ ਨੇ ਇਕੱਠੇ ਹੋਕੇ ਮੱਕੇ ਨੂੰ ਤੋਰ ਦਿਤਾ। ਆਪ ਉਸ ਰਾਜੇ ਦੇ ਘਰ ਆ ਵੜੀ ਇਸ ਲਈ ਆਪ ਕਹਿੰਦੇ ਹਨ:-

ਇਹ ਛਲ ਸਾਥ ਕਾਜਿਯਹਿ ਮਾਰਾ ॥ ਬਹੁਰਿ ਮਿੱਤ੍ਰ ਕਹੁੱ ਚਰਿਤ ਦਿਖਾਰਾ ॥
ਇਨਕੀ ਅਗਮ ਅਗਾਧਿ ਕਹਾਨੀ ॥ ਦਾਨਵ ਦੇਵ ਨ ਕਿਨਹੂੰ ਜਾਨੀ ॥ ੨੨ ॥

ਪਰ ਇਤਰਾਜ ਭੀ ਕਿਉਂ ? ਗੁਰੂ ਜੋਤਿ ਨੇ ਭੀ ਤਾਂ ਸੰਸਾਰ ਦੇ ਵਿਚ ਮੂਰਤੀ ਪੂਜਾ ਤੋਂ ਹਟਾ ਕੇ ਸਾਰੇ ਸਿਖ ਜਗਤ ਨੂੰ ਅਕਾਲ ਦੇ ਨਾਲ ਜੋੜਿਆ ਹੈ ਅਤੇ ਰਣਖੰਭ ਕਲਾ ਨੇ ਭੀ ਪੰਡਿਤ ਜੀ ਨੂੰ ਇਕ ਅਕਾਲ ਪ੍ਰਸਤ ਬਣਾਇਆ ਹੈ ਤਾਂ ਇਸ਼ ਵਿਚ ਬੁਰਾ ਕੀ ਹੋਇਆ ? ਹਰ ਸੂਝਵਾਨ ਦਾ ਫਰਜ਼ ਹੈ ਕਿ ਕੁਰਾਹੇ ਜਾਣ ਵਾਲੇ ਨੂੰ ਰਾਹ ਦਖਾਏ।

੫ ॥ ੨੪ ॥ ੩੯ ॥ ੧੪੬ ॥ ੬ ॥ ੨ ॥ ੫ ॥ ੭ ॥ ੨ ॥ ੨੬ ॥ ੪੧ ॥ ੧੪੮ ॥

੧ ਓ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾ: ੭ ॥ ਅਧਜਾਇ ੨ ॥ ਆਲੋਚਨਾਤਮਕ-ਪ੍ਰਕਰਣ ਨੰ: ੨੭ ॥ ੪੨ ॥੧੪੬॥

ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੇ ਨਿਰਨੇ ਦਾ ਨਿਰਨਾ ॥ ਪਾਖਿਯਾਨ ਚਰਿਤ੍ਰ ਨੰ: ੨੬੭ ॥

ਸਿਧਪਾਲ

੧-ਲਗ ਪਗ ੧੪ ਪ੍ਰਕਰਣ ਉਹਨਾਂ ਇਸਤ੍ਰੀਆਂ ਮਰਦਾਂ ਦੇ ਆਏ ਹਨ ਜੋ ਇਖਲਾਕ ਦੇ ਅਤੇ ਧਰਮ ਤੋਂ ਖਾਲੀ ਅਣਜਾਣ ਤੋਂ ਬਿਨਾਂ ਜਿਨ੍ਹਾਂ ਦਾ ਇਕੋ ਇਕ ਵਿਸ਼ਾ ਪ੍ਰਯੋਜਨ ਹੀ ਸੀ। ਜਿਨ੍ਹਾਂ ਮੂਰਖਾਂ ਨੇ ਇਸਤ੍ਰੀ ਦੇ ਆਖੇ ਲਗ ਕੇ ਸੁਭ ਅਸੁਭ ਨੂੰ ਨਿਰਖਿਆ ਹੀ ਨਹੀਂ, ਜਿਨ੍ਹਾਂ ਨੂੰ ਅਯੋਗ ਕਿਹਾ ਜਾ ਸਕਦਾ ਹੈ। ਇਸਤੋਂ ਅਗੇ ੧ ਸਿਧ ਪਾਲ ਖਤ੍ਰੀ ਜਿਸਨੂੰ ਬਿਜੈ ਸੂਰ ਉਪਨਾਮ ਨਾਲ ਕਿਹਾ ਜਾਂਦਾ ਸੀ ਅਤੇ ਲਛਮਨ ਸੈਤ ਤੇ ਬੱਜ੍ਰਸੈਨ ੨ ਪੁਤ੍ਰ ਸਨ ਅਤੇ ਸੁਕਚਮਤੀ ੧ ਪੁਤ੍ਰੀ ਸੀ। ਅਤੇ ਉਸ ਵੇਲੇ ਸਮਸ਼ਦੀਨ, ਦਿੱਲੀ ਦਾ ਬਾਦਸ਼ਾਹ ਸੀ ਤੇ ਸਿਧ ਪਾਲ ਵਜ਼ੀਰ ਸੀ ਉਸਦਾ, ਪਰ ਇਕ ਸਿਧ ਪਾਲ ਦਾ ਦੋਖੀ ਭੀ ਹੈਸੀ ਜਿਸਨੇ ਰਾਜੇ ਨੂੰ ਚੁਕ ਦੇ ਦਿਤੀ ਕਿ ਤੇਰੇ ਵਜ਼ੀਰ ਸਿਧ ਪਾਲ ਦੀ ਇਕ ਜਵਾਨ ਲੜਕੀ ਹੈ ਜਿਸ ਦੀ ਪਰੀ ਜਾਂ ਪਦਮਨੀ ਭੀ ਟਾਕਰਾ ਨਹੀਂ ਕਰ ਸਕਦੀ।

ਸਮਸ਼ਦੀਨ ਨੇ ਸਿਧਪਾਲ ਨੂੰ ਸੁਨੇਹਾ ਭੇਜ ਦਿਤਾ ਕਿ ਜਾਂ ਤਾਂ ਆਪਣੀ ਪੁਤ੍ਰੀ ਮੈਨੂੰ ਦੇ ਦੇਹ ਜਾਂ ਫਿਰ ਮੌਤ ਨੂੰ ਸਾਹਮਣੇ ਤਕ ਲੈ; ਜਦੋਂ ਕੁਝ ਪਠਾਣਾਂ ਨੇ ਇਹ ਗਲ ਕਹੀ ਤਾਂ ਸਿਧ ਪਾਲ ਦੀ ਖਾਨਿਯੋਂ ਗਈ ਤੇ ਸੋਚਣ ਲਗਾ ਅਸੀਂ ਛਤ੍ਰੀ ਅਤੇ ਉਹ ਮੁਸਲਮਾਨ ਪਠਾਣ, ਇਹ ਕਿਵੇਂ ਹੋ ਸਕਦਾ ਹੈ ਕਿ ਮੈਂ ਆਪਣਾ ਹਿੰਦੂ ਧਰਮ ਗੁਆਕੇ ਆਪਣੀ ਪੁਤ੍ਰੀ ਨੂੰ ਇਕ ਮੁਸਲਮਾਨ ਪਠਾਣ ਦੇ ਘਰ ਤੋਰ ਦੇਵਾਂ। ਸਾਰੇ ਲੋਕੀ ਮੈਨੂੰ

Digitized by Panjab Digital Library | www.panjabdigilib.org

ਲਾਹਨਤਾਂ ਪਾਉਣਗੇ ਅਤੇ ਲੋਕ ਪ੍ਰਲੋਕ ਮੇਰਾ ਸਾਰਾ ਬਿਗੜ ਜਾਏਗਾ। ਕਦੇ ਕਿਸੇ ਹਿੰਦੂ ਨੇ ਮੁਸਲਮਾਨਾਂ ਨੂੰ ਪੁਤ੍ਰੀ ਨਹੀਂ ਦਿਤੀ ਤੇ ਛਤ੍ਰਾਣੀ ਮੁਸਲਮਾਨਣੀ ਨਹੀਂ ਹੋ ਸਕਦੀ। ਇਸ ਲਈ ਹੁਣ ਮੈਨੂੰ ਤਲਵਾਰ ਪਕੜਨੀ ਚਾਹੀਦੀ ਹੈ ਅਤੇ ਦੁਸ਼ਮਨ ਨੂੰ ਮਾਰ ਕੇ ਮਰਨਾ ਭਲਾ ਹੈ। ਇਤਨੇ ਵਿਚ ਸਕੁਚ ਮਤੀ ਪੁਤ੍ਰੀ ਭੀ ਆ ਗਈ ਤੇ ਪਿਤਾ ਨੂੰ ਚਿੰਤਾਤੁਰ ਤਕਕੇ ਪੁਛਿਆ ਤਾਂ ਉਸ ਨੇ ਸਾਰੀ ਕਹਿ ਸੁਣਾਈ। ਤਾਂ ਪੁਤ੍ਰੀ ਨੇ ਸਲਾਹ ਦਿਤੀ ਕਿ ਪਿਤਾ ਜੀ ਤੁਸੀਂ ਭੀ ਤਲਵਾਰ ਸੰਭਾਲੋ ਤੇ ਅਸੀਂ ਭੀ ਨਾਲ ਜੂਝਾਂਗੇ ਜਾਂ ਵੈਰੀ ਨੂੰ ਮਾਰ ਲਵਾਂਗੇ, ਨਹੀਂ ਫੇਰ ਸਾਨੂੰ ਕਤਲ ਕਰਕੇ ਤੁਸੀਂ ਭੀ ਸ਼ਹੀਦੀ ਦੇ ਦਿਓ। ਪਰ ਪਿਤਾ ਜੀ ਮੈਂ ਇਕ ਸਲਾਹ ਦਿੰਦੀ ਹਾਂ ਕਿ ਪਹਿਲੇ ਤੁਸੀਂ ਸਮਸ਼ਦੀਨ ਨੂੰ ਜੰਞ ਲੈਕੇ ਬੁਲਾ ਲਵੋ, ਜਦੋਂ ਉਹ ਆਕੇ ਸਾਡੇ ਘਰ ਦਾਖਲ ਹੋਵੇਗਾ, ਉਸ ਵੇਲੇ ਉਸ ਨੂੰ ਕਤਲ ਕਰ ਦਿਤਾ ਜਾਵੇ, ਆਪਣੀ ਤਿਆਰੀ ਕਰ ਲਵੋ ਤੇ ਫੇਰ ਜਾਂਞੀਆਂ ਨੂੰ ਪੈ ਜਾਉ, ਜਿਹੜਾ ਆਉਂਦਾ ਜਾਏ ਉਸ ਨੂੰ ਮਾਰਦੇ ਜਾਉ। ਇਹ ਸਲਾਹ ਸਾਰਿਆਂ ਨੂੰ ਪਸੰਦ ਹੋਈ ਤੇ ਪਠਾਣਾਂ ਨੂੰ ਕਹਿ ਦਿੱਤਾ ਕਿ ਜੇ ਸਮਸਦੀਨ ਮੇਰੀ ਪੁਤ੍ਰੀ ਵਿਆਹੁੰਦਾ ਹੈ ਤਾਂ ਮੈਨੂੰ ਕੀ ਇਤਰਾਜ਼ ਹੈ, ਸਮਾਂ ਮੁਕੱਰਰ ਕਰ ਦਿੱਤਾ ਅਤੇ ਬਾਦਸ਼ਾਹ ਬਰਾਤ ਲੈਕੇ ਨੀਯਤ ਸਮੇਂ ਜਾ ਪੁਜਾ। ਉਧਰ ਸਿਧ ਪਾਲ ਨੇ ਸੱਤ ਸੌ ਛਤ੍ਰੀ ਜੁਆਨਾਂ ਨੂੰ ਇਸਤ੍ਰੀ ਦੇ ਕਪੜੇ ਪਵਾਕੇ ਤਿਆਰ ਕਰ ਲਿਆ। ਤਾਕਿ ਸ਼ਕ ਹੀ ਨਾ ਪਵੇ ਅਤੇ ਇਕ ਕਮਰੇ ਵਿਚ ਰਾਜੇ ਲਈ ਖਾਸ ਥਾਂ ਬਣਾਈ ਗਈ, ਆਪਣੇ ਪੁਤ੍ਰ ਲਛਮਣ ਸੈਨ ਦੀ ਡਿਉਟੀ ਨੀਯਤ ਕਰ ਦਿਤੀ ਗਈ। ਉਥੇ ਲੜਕੀ ਆਪਣੇ ਭਾਈਆਂ ਤੇ ਪਿਤਾ ਨੂੰ ਕਹਿ ਰਹੀ ਹੈ-ਕਿ ਇਸ ਵੇਲੇ ਆਪਣੀ ਅਣਖ ਲਈ ਮਰਨ ਮਾਰਨ ਨੂੰ ਤਿਆਰ ਹੋ ਜਾਵੋ।

ਦੁਹਿਤਾ ਇਹੈ ਤਿਤਹਿ ਸਮਝਾਵੈ ॥ ਛੱਤ੍ਰੀ ਜਨਮੁ ਫੇਰ ਨਹਿ ਆਵੈ ॥
ਅਬ ਲੌ ਐਸੀ ਬਾਤ ਨ ਭਈ ॥ ਤੁਰਕਨ ਕੇ ਛਤ੍ਰਾਨੀ ਗਈ ॥ ੩੬ ॥

ਤਾਤੇ ਮੋਹਿ ਨ ਦੀਜੈ ਤਾਤਾ ॥ ਮੰਡਹੁ ਜੁੱਧ ਹੋਤ ਹੀ ਪ੍ਰਾਤਾ ॥
ਚਲਿਹੈ ਕਥਾ ਸਦਾ ਜਗ ਮਾਹੀ ॥ ਪ੍ਰਾਤ ਪਠਾਨ ਕਿ ਛੱਤ੍ਰੀ ਨਾਹੀ ॥ ੩੭ ॥

ਪਹਿਰਹੁ ਕੌਚ ਬਜਾਇ ਨਗਾਰੇ ॥ ਪੀ ਪੀ ਅਮਲ ਹੋਹੁ ਮਤਵਾਰੇ ॥
ਪ੍ਰਾਤ ਮਚਤ ਹੈ ਜੁਧ ਅਪਾਰਾ ॥ ਹ੍ਵੈਹੈ ਅੰਧ ਧੁੰਧ ਬਿਕਰਾਰਾ ॥ ੩੮ ॥

ਪਾਤਿਸਾਹ ਸੰਗ ਹੈ ਸੰਗ੍ਰਾਮਾ ॥ ਸਭ ਕਰਹੁ ਕੇਸਰੀ ਜਾਮਾ ॥
ਟਾਂਕਿ ਆਵੁਐਂ ਤੁਰੇ ਨਚਾਵੋ ॥ ਸਾਂਗ ਝਲਕਤੀ ਹਾਥ ਫਿਰਾਵੋ ॥ ੩੯ ॥

ਪ੍ਰਿਥਮ ਤਜਾਗਿ ਪ੍ਰਾਨਨ ਕੀ ਆਸਾ ॥ ਬਾਹਹੁ ਖੜਗ ਸਕਲ ਤਜ ਤ੍ਰਾਸਾ ॥
ਪੋਸਤ ਭਾਂਗ ਅਫੀਮ ਚੜ੍ਹਾਵੋ ॥ ਰੇਤੀ ਮਾਂਝ ਚਰਿੱਤ੍ਰ ਦਿਖਾਵੋ ॥ ੪੦ ॥

੨-ਪੁਤ੍ਰੀ ਸੁਕਚਮਤੀ ਆਪਣੇ ਪਿਤਾ ਅਤੇ ਭਾਈਆਂ ਨੂੰ ਕਹਿ ਰਹੀ ਹੈ ਕਿ ਦੇਖੋ ਕੁਲ ਨੂੰ ਲਾਜ਼ ਨਾ ਲੱਗ ਜਾਵੇ, ਛਤ੍ਰੀ ਜਨਮ ਬਾਰ ਬਾਰ ਨਹੀਂ ਆਉਣਾ ਅਤੇ ਅਜ ਤਕ ਕਦੇ ਇਹੋ ਜਿਹੀ ਗੱਲ ਨਹੀਂ ਹੋਈ ਕਿ ਮੁਸਲਮਾਨਾਂ ਦੇ ਘਰ ਛਤ੍ਰੀਆਂ ਦੀ ਪੁਤ੍ਰੀ ਜਾਵੇ। ਇਸ ਲਈ ਮੈਨੂੰ ਉਹਨਾਂ ਦੇ ਹਵਾਲੇ ਨਹੀਂ ਕਰਨਾ, ਸਵੇਰ ਹੁੰਦਿਆਂ ਹੀ ਜੰਗ ਅਰੰਭ ਦਿਉ। ਹਮੇਸ਼ਾਂ ਵਾਸਤੇ ਇਹ ਕਹਾਣੀ ਚਲਦੀ ਰਹੇਗੀ, ਸਵੇਰ ਹੁੰਦਿਆਂ ਹੀ ਜਾਂ ਤਾਂ ਪਠਾਣ ਨਹੀਂ ਜਾਂ ਛਤ੍ਰੀ ਨਹੀਂ, ਸਰੀਰ ਪਰ ਕੌਚ ਸੰਜੋਆਂ ਪਾ ਲਵੋ ਅਤੇ ਨਗਾਰੇ ਤੇ ਚੋਟ ਮਾਰ ਦਿਓ। ਅਮਲ ਪੀ ਪੀ ਕੇ ਮਸਤ ਹੋ ਜਾਓ, ਕਿਉਂਕਿ ਦਿਨ ਚੜ੍ਹਦਿਆਂ ਹੀ ਜੁਧ ਮਚ ਜਾਏਗਾ ਅਤੇ ਅੰਧਾ ਧੁੰਧ ਭਿਆਨਕ ਲੜਾਈ ਹੋਣੀ ਹੈ। ਇਹ ਇਕ ਦਿੱਲੀ ਦੇ ਬਾਦਸ਼ਾਹ ਨਾਲ ਲੜਾਈ ਹੈ,

Digitized by Panjab Digital Library | www.panjabdigilib.org

ਇਸ ਲਈ ਕੇਸਰੀ ਕਪੜੇ ਪਾ ਲਓ, ਹਥਿਆਰ ਟੰਗ ਕੇ ਘੜਿਆਂ ਨੂੰ ਨਚਾਉ, ਹੱਥਾਂ ਵਿਚ ਚਮਕਦੇ ਨੇਜੇ ਬਰਛੀਆਂ ਨੂੰ ਘੁਮਾਉ ਅਤੇ ਆਪਣੇ ਪ੍ਰਾਣਾਂ ਦੀ ਆਸ ਛੱਡਕੇ ਤਲਵਾਰਾਂ ਵਾਹੋ ਤੇ ਦਿਲ ਦੇ ਉਤੇ ਕੋਈ ਕਿਸੇ ਦਾ ਡਰ ਨਾ ਰਖੋ। ਪੋਸਤ, ਭੰਗ, ਅਫ਼ੀਮ ਜੋ ਕੁਝ ਮਿਲਦਾ ਹੈ ਖਾ ਜਾਉ, ਪਰ ਮੈਦਾਨ ਦੇ ਵਿਚ ਜਾਕੇ ਆਪਣਾ ਕਰਤਵ ਕਰਕੇ ਦਸ ਦਿਓ।

੨–ਏਥੇ ਹੁਣ ਸਵਾਲ ਖੜਾ ਹੋ ਜਾਂਦਾ ਹੈ ਕਿ ਲੇਖਕ ਅਮਲਾਂ ਦਾ ਹਾਮੀ ਹੈ ਅਤੇ ਸ਼ਰਾਬ ਤੇ ਭੰਗ ਦਾ ਪ੍ਰਚਾਰ ਕਰਦਾ ਹੈ, ਨਹੀਂ ਪ੍ਰਚਾਰ ਨਹੀਂ ਕਰਦਾ, ਸਗੋਂ ਦੱਸਦਾ ਹੈ ਕਿ ਉਹ ਲੋਕ ਭੀ ਸ਼ਰਾਬ ਤੇ ਭੰਗ ਅਫੀਮ ਖਾਂਦੇ ਸਨ ਜਿਨ੍ਹਾਂ ਦਾ ਮੁੱਦਾ ਐਸ਼ ਇਸ਼ਰਤ ਤੇ ਕਾਮ ਭੋਗ ਹੀ ਸੀ, ਇਕ ਉਹ ਹਨ ਜੋ ਸ਼ਰਾਬ ਭੰਗ ਪੀ ਕੇ ਗੰਦੀਆਂ ਨਾਲੀਆਂ ਵਿਚ ਰੁਲਦੇ ਹਨ ਅਤੇ ਮੂੰਹ ਵਿਚ ਕੁਤੇ ਮੂਤਦੇ ਹਨ। ਪਰ ਏਥੇ ਸਭ ਕੁਝ ਧਰਮ ਜੁਧ ਦੇ ਚਾਉ ਨਾਲ ਹੋ ਰਿਹਾ ਹੈ, ਪੀ ਜਾਉ ਸ਼ਰਾਬ ਜਿੰਨੀ ਪੀ ਹੁੰਦੀ ਹੈ, ਖਾ ਜਾਉ ਭੰਗ ਤੇ ਅਫੀਮ ਜਿੰਨੀ ਮਿਲਦੀ ਹੈ। ਬਕਰੇ ਤਾਂ ਕੀ ਖੋਤੇ ਦਾ ਮਾਸ ਭੀ ਤੁਹਾਨੂੰ ਜਾਇਜ਼ ਹੈ, ਜੇਕਰ ਦੇਸ਼, ਕੌਮ, ਧਰਮ ਤੇ ਅਣਖ ਲਈ ਵਰਤਦੇ ਹੋ। ਉਸ ਸੋਫੀ ਸ਼ੂਮ ਨਾਲੋਂ ਅਮਲੀ ਚੰਗੇ ਹਨ, ਜੋ ਕਿਸੇ ਪ੍ਰਯੋਜਨ ਤੇ ਜਾਨ ਵਾਰਦੇ ਹਨ। ਉਸ ਸੋਫੀ ਸ਼ੂਮ ਦਾ ਕੀ ਕਰਤਵ ਹੈ ਜਾਂ ਉਸ ਵੈਸ਼ਨੋਂ ਨੂੰ ਕੀ ਕਰਨਾ ਹੈ, ਜਿਸਦੇ ਸਾਹਮਣੇ ਗਊ ਗ਼ੀਬ ਦਾ ਕਤਲ ਹੁੰਦਾ ਹੈ ਜਾਂ ਫੇਰ ਜੂੰਆਂ ਤੋਂ ਡਰਦਾ ਹੀ ਸਿਰ ਮੁੰਨਾ ਸੁੱਟਦਾ ਹੈ। ਲਛਮਣ ਸੈਨ ਨੇ ਹਜ਼ਰਤ ਦਾ ਸਿਰ ਕੱਟਿਆ, ਸਭ ਇਸਤ੍ਰੀ ਕਪੜੇ ਬਦਲਕੇ ਸੈਨਾ ਬਣ ਗਏ ਅਤੇ ਉਹ ਜੰਗ ਹੋਇਆ ਜਿਸ ਦੇ ਸਾਹਮਣੇ ਰਾਮ ਅਤੇ ਰੌਣ ਅਥਵਾ ਕੌਰਵਾਂ ਤੇ ਪਾਂਡਵਾਂ ਦੀਆਂ ਲੜਾਈਆਂ ਭੀ ਮਾਤ ਪੈ ਜਾਂਦੀਆਂ ਹਨ।

ਨਾਲ ਕਹਿ ਦਿੱਤਾ ਸੀ ਕਿ ਘਰ ਆਏ ਦੁਸ਼ਮਨ ਨੂੰ ਵੀ ਨਹੀਂ ਮਾਰਨਾ ਅਤੇ ਲਛਮਣ ਨੂੰ ਇਸਤ੍ਰੀ ਵਾਲੇ ਕਪੜੇ ਪਾਕੇ ਡੋਲੇ ਵਿਚ ਬਹਾ ਦਿੱਤਾ ਸੀ, ਦਿੱਲੀ ਪਤ ਦੇ ਘਰ ਜਾਕੇ ਲਛਮਣ ਨੇ ਪਹਿਲਾਂ ਰਾਜੇ ਨੂੰ ਮਾਰਿਆ, ਫੇਰ 700 ਇਸਤ੍ਰੀ ਜੋ ਡੋਲੇ ਦੇ ਨਾਲ ਗਈ ਸੀ ਇਕ ਦਮ ਟੁਟ ਕੇ ਪੈ ਗਏ, ਕਿਸੇ ਨੂੰ ਸੁਧ ਹੀ ਨਹੀਂ ਲੈਣ ਦਿੱਤੀ। ੪੨ ਅੰਕ ਤੋਂ ਚੱਲਕੇ ੯੦ ਅੰਕ ਤਕ ਆਪ ਨੇ ਜੰਗ ਦਾ ਨਕਸ਼ਾ ਖਿੱਚਿਆ ਹੈ। ਬੜੇ ਆਕੜ ਖਾਨ ਮਾਰ ਮਾਰ ਕੇ ਸੁਟ ਦਿੱਤੇ, ਅੰਤ ਤਖਤ ਪੁਰ ਤਾਜ ਪਹਿਨਕੇ ਸਿਧ ਪਾਲ ਬੈਠਾ ਅਤੇ ਜਿਹੜਾ ਕੋਈ ਬਚਿਆ ਜਾਨ ਲੈਕੇ ਦੌੜ ਗਿਆ। ਸਵੇਰ ਹੁੰਦਿਆਂ ਆਲਾਵਾਦੀ ਨਾਮ ਦੇ ਕਸਾਈ ਨੂੰ ਰਾਜ ਗੱਦੀ ਸੰਭਾਲ ਕੇ, ਆਪ ਸਮੇਤ ਆਪਣੀ ਪੁਤ੍ਰੀ ਦੇ ਬਦਰੀ ਨਾਥ ਚਲੇ ਗਏ ਅਤੇ ਉਥੇ ਜਾਕੇ ਆਦਿ ਸ਼ਕਤੀ ਮਾਤਾ ਦੀ ਤਪੱਸਿਆ ਕੀਤੀ (ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ) ਜੋਤਿ ਪ੍ਰਗਟ ਹੋ ਗਈ ਅਤੇ ਉਸ ਤੋਂ ਵਰ ਪ੍ਰਾਪਤ ਕਰਕੇ ਆਸ਼ਾਮ ਦਾ ਰਾਜ ਲਿਆ ਜੋ ਅੱਜ ਤਕ ਚਲ ਰਿਹਾ ਹੈ।

੪–ਪ੍ਰਕਰਣ ਨੰ: ੩੨੮ ਪੰਨਾ ੧੨੮੪ ਪਰ ਦੱਸਿਆ ਹੈ ਕਿ ਬਹੁਤ ਸਾਰੇ ਲੋਕ ਕਿਤਨੇ ਮੂਰਖ ਹਨ ਜਿਨ੍ਹਾਂ ਦੀ ਆਪਣੀ ਮਤ ਕੰਮ ਨਹੀਂ ਕਰਦੀ, ਦੇਖਾ ਦੇਖੀ ਦੇ ਨਾਲ ਬਹੁਤਾ ਚਲਦੇ ਹਨ। ਪੂਜਣ ਲੱਗੇ ਰੱਬ ਦੀ ਜਾਂ ਕਿਸੇ ਪੀਰ ਦੀ ਅਸਲੀਅਤ ਨੂੰ ਨਹੀਂ ਸਮਝਦੇ, ਚਾਲਾਕ ਲੋਕ ਜਿਵੇਂ ਜੀ ਆਉਂਦਾ ਬਜਾਈ ਫਿਰਦੇ ਨੇ। ਬੰਭੂ ਦੇਸ਼ ਵਿਚ ਇਕ ਬੰਭੂ ਕਰਨ ਰਾਜਾ ਸੀ ਅਤੇ ਉਸਦੇ ਪਾਸ ਇਕ ਸ਼ੇਰ ਵਰਗਾ ਕੁੱਤਾ ਰੱਖਿਆ ਹੋਇਆ ਸੀ, ਜਦ ਕਿ ਇਕ ਦਿਨ ਉਹ ਘਰ ਵਿਚ ਘੁੰਮਦਾ ਫਿਰਦਾ ਸੀ, ਰਾਜੇ ਨੇ ਚੁਕਕੇ ਉਸਦੇ ਵੱਟਾ ਮਾਰ ਦਿੱਤਾ ਤਾਂ ਕੁਤਾ ਮਰ ਹੀ ਗਿਆ। ਪਰ ਰਾਣੀ ਨੂੰ ਕੁੱਤਾ ਬੜਾ ਪਿਆਰਾ ਸੀ, ਉਸ ਨੂੰ ਦਫਨਾਕੇ ਇਕ ਬੜੀ ਸੋਹਣੀ ਕਬਰ ਬਣਾ ਦਿੱਤੀ ਤੇ ਕੁਤਬ ਸ਼ਾਹ ਉਸ ਦਾ ਨਾਮ ਰਖ ਦਿੱਤਾ, ਬਸ ਫੇਰ ਕੀ ਸੀ, ਇਕ ਦਿਨ ਰਾਣੀ ਨੇ ਉਥੇ ਜਾਕੇ ਕਬਰ ਪਰ ਕੁਝ ਸ਼ੀਰਨੀ ਚੜ੍ਹਾਕੇ ਮੱਥਾ ਟੇਕ ਦਿੱਤਾ, ਫੇਰ ਕਿਹੜੀ ਨਰ ਨਾਰੀ ਸੀ ਜੋ ਉਸ ਕਬਰ ਭਾਵ ਕੁਤਬ ਸ਼ਾਹ ਦੀ ਕਬਰ ਪਰ ਸ਼ੀਰਨੀ ਚੜ੍ਹਾਕੇ

Digitized by Panjab Digital Library | www.panjabdigilib.org

ਮੱਥਾ ਟੇਕਣ ਨਹੀਂ ਗਈ। ਰਾਣੀ ਨੇ ਸ਼ੰਕ ਨਾਲ ਕਹਿ ਦਿੱਤਾ ਸੀ ਕਿ ਮੇਰੀ ਸੁਖ ਬਰ ਆ ਗਈ ਸੀ ਇਸੇ ਲਈ ਮੈਂ ਕੁਤਬ ਸ਼ਾਹ ਦੀ ਕਬਰ ਪਰ ਮਠਿਆਈ ਲੈ ਕੇ ਆਈ ਹਾਂ, ਕੇਹੜਾ ਬੰਦਾ ਸੀ ਮੌਲਵੀਆਂ ਤੋਂ ਲੈ ਕੇ ਜੋ ਸਾਰੇ ਰਲ ਕੇ ਉਸ ਕੁਤਬ ਸ਼ਾਹ ਦੀ ਕਬਰ ਪਰ ਸ਼ੀਰਨੀ ਚੜ੍ਹਾਉਣ ਨਾ ਪੁਜਿਆ ਹੋਵੇ। ਕੀ ਪੜ੍ਹਿਆ ਜਾਂ ਅਨਪੜ੍ਹਿਆ ਸੇਠ ਜਾਂ ਸੱਯਦ ਅੱਜ ਤੱਕ ਫਾਤਹਾ ਪੜ੍ਹਕੇ ਸੀਰਨੀ ਵੰਡਦੇ ਹਨ ਅਤੇ ਕੋਈ ਕਬਰ ਪਰ ਝਾੜੂ ਦਿੰਦਾ ਹੈ ਐਓਂ ਕੁੱਤਾ ਹੀ ਪੀਰ ਬਣ ਗਿਆ ਸੀ। ਜੋ ਅੱਜ ਭੀ ਕਈ ਥਾਈਂ ਦੇਖਾ ਦੇਖੀ ਲੋਕ ਕਈ ਕਬਰਾਂ ਤੇ ਸਮਾਧਾਂ ਅਥਵਾ ਮੰਦਰ ਬਣਾ ਕੇ ਪੂਜ ਰਹੇ ਹਨ ਜਿਨ੍ਹਾਂ ਨੂੰ ਇਹ ਨਹੀਂ ਪਤਾ ਕਿ ਕੁੱਤੇ ਅਤੇ ਕੁਤਬ ਸ਼ਾਹ ਵਿਚ ਕੀ ਫਰਕ ਹੈ ? ਪਰ ਸ੍ਰੀ ਦਸਮੇਸ਼ ਜੀ ਤਾਂ ਸਾਫ ਹੀ ਲਿਖਦੇ ਹਨ :-

ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥ ਸ੍ਵੈਯਾ ੧੦ ॥

ਕਿ ਕੋਈ ਬੁੱਤਾਂ ਨੂੰ ਪੂਜਦਾ ਫਿਰਦਾ ਹੈ ਕੋਈ ਪਸ਼ੂ ਬਿਰਤੀ ਇਨਸਾਨ ਮੁਰਦਿਆਂ ਨੂੰ ਪੂਜਦਾ ਹੈ- ਜਿਸ ਤੋਂ ਸਾਫ਼ ਸਿੱਧ ਹੋ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਕਲਮ ਉਸ ਅਕਾਲੀ ਜੋਤ ਦੇ ਪੂਜਨ ਦਾ ਹੀ ਉਪਦੇਸ਼ ਕਰਦੇ ਹਨ ਜਿਸ ਬਾਰੇ ਗੁਰਦਾਸ ਜੀ ਭਲੇ ਨੇ ਐਉਂ ਲਿਖਿਆ ਹੈ :-

ਸੋਰਠਾ:- ਜਗ ਮਗ ਜੋਤਿ ਸਰੂਪ ਪਰਮ ਜੋਤਿ ਮਿਲ ਜੋਤਿ ਮਹਿ ॥
ਅਦਭੁਤ ਅਤਹਿ ਅਨੂਪ ਪਰਮ ਤੱਤ ਤੱਤਹਿ ਮਿਲਯੋ ॥ ੭ ॥
ਦੋਹਰਾ ॥ ਪਰਮ ਜੋਤਿ ਮਿਲ ਜੋਤਿ ਮਹਿ ਜਗਮਗ ਜੋਤਿ ਸਰੂਪ ॥

ਅੱਗੇ ਚਲ ਕੇ ਹੋਰ :-

ਦਸਮ ਸਥਾਨ ਕੇ ਸਮਾਨ ਕਉਨ ਭਇਓ ਕਹੋ ਗੁਰਮੁਖਿ ਪਾਵੈ ਸੁ ਤਉ ਅਨਤ ਨ ਪਾਵਈ ॥
ਉਨਮਨੀ ਜੋਤਿ ਕੇ ਇਤਰ ਦੀਜੈ ਕਉਨ ਜੋਤਿ ਦਯਾ ਕੈ ਦਿਖਾਵੈ ਜਾਹੀ ਤਾਹੀ ਬਨੁ ਆਵਈ ॥
ਅਨਹਦ ਨਾਦ ਕੈ ਸਮਸਰ ਨਾਦ ਬਾਦ ਕਉਨ ਸ੍ਰੀ ਗੁਰੂ ਸੁਨਾਵੈ ਜਾਹਿ ਸੋਈ ਲਿਵ ਲਾਵਈ ॥
ਨਿਝਰ ਅਪਾਰ ਧਾਰ ਤੁਲ ਨਾ ਅੰਮ੍ਰਿਤ ਰਸ ਅਪਿਉ ਪੀਆਵੈ ਜਾਂਹਿ ਤਾਹੀ ਮੈ ਸਮਾਵਈ ॥੨॥੧੦॥

ਪਰਮ ਜੋਤਿ ਜਦੋਂ ਪਵਿੱਤਰੇ ਜੋਤਿ ਵਿਚ ਆ ਕੇ ਸਮਾਉਂਦੀ ਹੈ ਉਹ ਜਗ ਮਗ ਜਗ ਮਗ ਚਮਕਾਂ ਮਾਰਦੀ ਹੈ। ਪਰ ਦਸਮ ਮਹੱਲ ਦੇ ਬਰਾਬਰ ਉਸ ਦਾ ਭਾਉ ਭਗਤ ਤੇ ਪ੍ਰੇਮ ਕੌਣ ਕਰੇ' ਇਸ ਭੇਤ ਨੂੰ ਕੋਈ ਗੁਰਮੁਖ ਹੀ ਪਾ ਸਕਦਾ ਹੈ- ਉਹ ਭੀ ਅੰਤ ਨੂੰ ਨਹੀਂ ਪਾਉਂਦਾ। ਇਸ ਉਨਮਨੀ ਜੋਤਿ ਦੇ ਬਰਾਬਰ ਕੇਹੜੀ ਜੋਤਿ ਦੀ ਤਸਵੀਰ ਦਿਤੀ ਜਾ ਸਕਦੀ ਹੈ, ਜੇ ਕਰ ਗੁਰਦੇਵ ਜੀ ਕਿਰਪਾ ਕਰਕੇ ਦਿਖਾ ਦੇਵੇ ਇਹ ਤਾਂ ਉਹੀ ਜਾਣ ਸਕਦਾ ਹੈ। ਇਹ ਹੱਦ ਤੋਂ ਪਰੇ ਨਾਦ ਦੇ ਬਰਾਬਰ ਦਾ ਕੇਹੜਾ ਨਾਦ ਹੋ ਸਕਦਾ ਹੈ ਇਹ ਤਾਂ ਜਿਸ ਨੂੰ ਸ੍ਰੀ ਗੁਰੂ ਹੀ ਦਸ ਦੇਵੇ ਉਹੀ ਇਸ ਨਾਲ ਜੁੜ ਸਕਦਾ ਹੈ। ਪਰ ਅਫਸੋਸ ਇਸ ਉਨਮਨੀ ਜੋਤਿ ਦੇ ਕਰਿਸ਼ਮੇ ਮਹਾਨ ਗੁਰੂ ਗੋਬਿੰਦ ਸਿੰਘ ਜੀ ਸਾਨੂੰ ਦਸ ਰਹੇ ਹਨ ਅਤੇ ਅਸੀਂ ਉਨ੍ਹਾਂ ਨੂੰ ਟਿਚਕਰਾਂ ਕਰਦੇ ਹਾਂ।

੪ ॥ ੭ ॥ ੨ ॥ ੨੭ ॥ ੪੨ ॥ ੧੪੯ ॥

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾ: ੭ ॥ ਅਧਜਾਇ ੨ ॥ ਆਲੋਚਨਾਤਮਕ-ਪ੍ਰਕਰਣ ਨੰ: ੨੮ ॥ ੪੩ ॥੧੫੦॥

ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੇ ਨਿਰਣੇ ਦਾ ਨਿਰਣਾ ॥ ਪਾਖਿਯਾਨ ਚਰਿਤ੍ਰ ਨੰ: ੪੦੫ ॥

ਸ਼ਕਜਤ-ਸਕਤਿ ਸ਼ਕਤਾ

੧-ਅੰਤ ਵਿਚ ਸਬੁਧ ਮੰਤ੍ਰੀ ਚਿਤ੍ਰ ਸਿੰਘ ਰਾਜੇ ਨੂੰ ਆਦਿ ਸ਼ਕਤੀਵਾਨ ਜਿਸਨੂੰ ਸਰਵ-ਸ਼ਕਤੀਵਾਨ ਵੇਦਾਂਤ ਅਰ ਗੁਰਬਾਣੀ ਅਥਵਾ ਸੰਸਾਰ ਭਰ ਦੇ ਮਹਾਨ ਪੁਰਸ਼ਾਂ ਨੇ ਮੰਨਿਆ ਹੈ। ਸਕਤਾ ਅਕਾਲ ਪੁਰਖ-ਸ਼ਕਤੀ ਦਾ ਮਾਲਕ ਸਕਜਤ ਸ੍ਵਰੂਪ ਜੈਸਾ ਕਿ ਪਖਜਾਨੇ ਦੇ ਆਦਿ 'ਚ ਸ਼ਕਤੀ ਮਾਤਾ ਤੋਂ ਅਰੰਭ ਕੀਤਾ ਅਤੇ ਹੁਣ ਸ਼ਕਤੀ ਦੇ ਮਾਲਕ ਦੇ ਚਰਿਤ੍ਰ, ਭਾਵ ਕਰਤਵ ਜਾਂ ਕਰਤੂਤ ਅਥਵਾ ਕ੍ਰਿਸ਼ਮਾਂ ਜੋ ਸਤਿਜੁਗ ਦੇ ਸਮੇਂ ਵਰਤਿਆ ਸੀ। ਜਿਸ ਨੂੰ ਪੜ੍ਹ ਕੇ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਹ ਸਰਵ ਸ਼ਕਤੀਮਾਨ ਦੇ ਬਲ ਦਾ ਕੀ ਅਨੁਮਾਨ ਹੈ, ਜੋ ਲੋਕ ਉਸਦੇ ਬਲ ਕੁੰ ਭੁਲੇ ਅਤੇ ਭੁਲ ਜਾਂਦੇ ਹਨ ਉਹ ਕਿੰਨੇ ਕੁ ਮੂਰਖ ਹਨ। ਜਿਨ੍ਹਾਂ ਨੇ ਉਸ ਦੇ ਬਲ ਤੇ ਕੌਤਕਾਂ ਨੂੰ ਨਾ ਜਾਣਕੇ ਆਪਣੇ ਜੀਵਨ ਸ਼ਰਾਬ, ਭੰਗ, ਅਫੀਮ ਨੂੰ ਅਪਣਾਕੇ ਕੰਮ ਭੋਗਾਂ ਵਿਚ ਜੀਵਨ ਬਿਤਾਯਾ ਜਾਂ ਬਲ ਨੂੰ ਪਾਕੇ ਬੁਰਾ ਭਲਾ ਨਾ ਸੋਚਕੇ ਉਸਦੀ ਬਰਾਬਰੀ ਕਰਨੀ ਚਾਹੀ, ਉਹਨਾਂ ਦਾ ਕੀ ਹਸ਼ਰ ਹੁੰਦਾ ਹੈ ਜਾਂ ਉਹਨਾਂ ਦੀ ਉਸਦੇ ਸਾਹਮਣੇ ਕੀ ਬਸਾਈ ਹੋ ਸਕਦੀ ਹੈ, ਅੰਤ ਦੱਸਿਆ ਹੈ ਕਿ ਇਸ ਜੀਵ ਨੂੰ ਉਸ ਸਾਹਮਣੇ ਕਿਵੇਂ ਢਹਿ ਢੇਰੀ ਹੋ ਜਾਣਾ ਚਾਹੀਦਾ ਹੈ ਤੇ ਸ੍ਰੀ ਦਸਮੇਸ਼ ਜੀ ਕਿਵੇਂ ਉਸ ਦੀ ਉਸਤਤਿ ਕਰਦੇ ਹਨ। ਇਸ ਪ੍ਰਕਰਣ ਵਿਚ ਸਾਰੇ ਭਰਮ ਨਵਿਰਤ ਕੀਤੇ ਹਨ, ਅਸ ਕਿਹਨੂੰ ਕਿਹਾ ਹੈ, ਅਸਕੇਤ ਕੌਣ ਹੈ, ਕਾਲ ਅਕਾਲ ਕਿਸ ਪ੍ਰਚੰਡ ਸ਼ਕਤੀ ਦਾ ਨਾਮ ਹੈ, ਜਿਸ ਵਿਚ ਕਿਸੇ ਦੇਵੀ ਦੇਵਤਾ ਦਾ ਨਿਸ਼ਾਨਾ ਨਹੀਂ।

੨-ਇਸ ਦੇ ਵਿਚ ਕੋਈ ਸ਼ਕ ਨਹੀਂ ਪ੍ਰਕਰਣ ਨੰ: ੨੮੭ ਤੋਂ ਲੈ ਕੇ ੪੦੪ ਤਕ ਬੇਅੰਤ ਉਹਨਾਂ ਇਸਤ੍ਰੀ ਪੁਰਸ਼ ਰਾਜੇ ਜਾਂ ਸ਼ਾਹੂਕਾਰਾਂ ਦਾ ਜ਼ਿਕਰ ਹੈ, ਜਿਨ੍ਹਾਂ ਨੂੰ ਸਰਵ ਸ਼ਕਤੀਵਾਨ ਸੁਪਨੇ ਵਿਚ ਭੀ ਚੇਤੇ ਨਹੀਂ ਸੀ। ਜਿਨ੍ਹਾਂ ਨੇ ਕਾਮ ਵਾਸ਼ਨਾਂ ਦੇ ਅਧੀਨ ਗੈਰ ਮਨੁਖੀ ਕਰਤੂਤਾਂ ਕੀਤੀਆਂ ਜੋ ਨਿਰ ਸੰਕਲਪ ਨਹੀਂ ਸੀ। ਜਿਨ੍ਹਾਂ ਨੇ ਕਾਮ ਵਾਸ਼ਨਾਂ ਦੇ ਅਧੀਨ ਗੈਰ ਮਨੁਖੀ ਕਰਤੂਤਾਂ ਕੀਤੀਆਂ ਜੋ ਨਿਰ ਸੰਕਲਪ ਨਹੀਂ ਪਰ ਸਾਡੀ ਬੁਧੀ ਐਨੀ ਉੱਚੀ ਨਹੀਂ ਜੋ ਇਹਨਾਂ ਨੂੰ ਪੜ੍ਹ ਸਕੇ। ਪਰ ਚਾਹ ਦਾ ਅਮਲੀ ਦਹੀਂ ਨਾ ਖਾਵੇ ਤਾਂ ਠੀਕ ਹੈ, ਇਹ ਕੋਈ ਜ਼ਰੂਰੀ ਨਹੀਂ ਕਿ ਸਾਰੇ ਹੀ ਪਾਠਕ ਤ੍ਰਿਯਾ ਚਰਿਤ੍ਰ ਪੜ੍ਹਿਆ ਕਰਨ। ਗੁਰ ਨਾਨਕ ਜੋਤ ਨੇ ਗੁਰਬਾਣੀ ਦਾ ਜਹਾਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰੇ ਦਾ ਸਾਰਾ ਸਾਨੂੰ ਪੜ੍ਹਨ ਲਈ ਹੀ ਰਚਿਆ ਹੈ, ਪਰ ਅਸੀਂ ਕਦੋਂ ਸਾਰੇ ਜਣੇ ਸਾਰੇ ਦਾ ਸਾਰਾ ਪੜ੍ਹਦੇ ਹਾਂ। ਕਈ ਉਹ ਹਨ ਜੋ ਜਪੁਜੀ ਸਾਹਿਬ ਤਕ ਹੀ ਸੀਮਤ ਹਨ, ਕਈ ਪੰਜ ਪੌੜੀਆਂ ਦੇ ਨੇਮੀ ਹਨ, ਕਈ ਪੰਜ ਬਾਣੀਆਂ ਤਕ ਚਲੇ ਜਾਂਦ ਹਨ, ਕਈ ਸ਼ਰਧਾਲੂ ਪੂਰੇ ਦਾ ਪੂਰਾ ਪਾਠ ਸ਼ਰਧਾ ਨਾਲ ਕਰਦੇ ਹਨ, ਪਰ ਬਹੁਤੇ ਮਾਯਕ ਪ੍ਰੇਮੀ ਜਾਂ ਪੇਸ਼ਾਵਰ ਸਜਣ ਹਜ਼ਾਰਾਂ ਪਾਠ ਕਰ ਜਾਂਦੇ ਹਨ, ਇਹ ਕਿਸੇ ਦੇ ਉਤੇ ਲਾਅ ਨਹੀਂ ਮੜਿਆ ਜਾ ਸਕਿਆ, ਕੋਈ ਬਾਈ ਵਾਰਾਂ ਪੜ੍ਹ ਲੈਂਦਾ ਹੈ, ਕੋਈ ਪੰਜ ਗ੍ਰੰਥੀ, ਕਿਸੇ ਨੂੰ ਭਗਤਾਂ ਦੀ ਬਾਣੀ ਨਾਲ ਹੀ ਪਿਆਰ ਹੈ, ਕਈ ਮੇਰੇ ਵਰਗੇ ਮਤਹੀਣ ਭਗਤਾਂ ਦੀ ਬਾਣੀ ਦੀ ਭੀ ਨਿੰਦਿਆ ਕਰਨ ਤੋਂ ਬਾਜ ਨਹੀਂ ਆਉਂਦੇ। ਇਸੇ ਤਰ੍ਹਾਂ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਨੂੰ ਭੀ ਜਿਹੜਾ ਹਿੱਸਾ ਮਨ ਭਾਉਂਦਾ ਹੈ ਪੜ੍ਹਿਆ ਜਾ

Digitized by Panjab Digital Library | www.panjabdigilib.org

ਸਕਦਾ ਹੈ, ਬਾਕੀ ਰਿਹਾ ਕਥਾ ਕਰਨਾ, ਇਹ ਸਾਡਾ ਇਕ ਪ੍ਰਪੰਚ ਹੀ ਹੈ, ਜਦ ਅਜੇ ਤਕ ਅਸੀਂ ਇਸਨੂੰ ਪੂਰੀ ਤਰ੍ਹਾਂ ਸਮਝ ਨਹੀਂ ਸਕੇ ਤਾਂ ਅਸਾਂ ਕਥਾ ਕੀ ਖਾਕ ਕਰਨੀ ਹੈ ? ਜੋ ਸੱਜਣ ਯੋਗ ਹਨ ਉਹ ਕਰਦੇ ਭੀ ਹਨ। ਪਰ ਜੇ ਬਦਾਮਾਂ ਦਾ ਸ਼ਰਬਤ ਜੋ ਅਜ ਕਲ੍ਹ ਬਹੁਤ ਹੀ ਮਹਿੰਗਾ ਹੈ ਪਰ ਸਾਡੇ ਹੱਡ ਜੋੜਦਾ ਹੋਵੇ ਤਾਂ ਉਸ ਨੂੰ ਕੌਣ ਮਜਬੂਰ ਕਰਦਾ ਹੈ ਕਿ ਪੀਵੇ; ਇਸ ਲਈ ਚੰਗਾ ਹੈ ਉਹ ਨਾ ਪੀਵੇ, ਪਰ ਉਸ ਨੂੰ ਬੁਰੀ ਵਸਤ ਕਹਿਣਾ ਉਸਦਾ ਕੋਈ ਹੱਕ ਨਹੀਂ। ਇਸ ਲਈ ਜੇ ਉਸਦੇ ਪਾਸ ਕੋਈ ਦਲੀਲ ਹੈ ਤਾਂ ਸਾਡੀ ਸਿਖਾਂ ਦੀ ਸਮੁੱਚੀ ਜਮਾਤ ਸ਼੍ਰੋਮਣੀ ਕਮੇਟੀ ਸ੍ਰੀ ਅਕਾਲ ਤਖਤ ਸਾਹਿਬ ਨੂੰ ਲਿਖੇ, ਉਹ ਉਸ ਤੇ ਵੀਚਾਰ ਕਰਕੇ ਯੋਗ ਕਾਰਵਾਈ ਕਰੇ ਨਾ ਕਿ ਹਰ ਸਜਣ ਸਾਡੇ ਮੁਤਾਬਕ ਹੀ ਨਹੀਂ ਸਗੋਂ ਅਕਾਲੀ ਜੋਤ ਅਕਾਲੀ ਬਾਣੀ ਗੁਰੂਆਂ ਦੇ ਮੁਖੋਂ ਨਿਕਲੀ, ਗੁਰਬਾਣੀ ਨੂੰ ਨਿਰਧਾਰਤ ਆਪਣੀ ਸਮਝ ਦੀ ਤੱਕੜੀ ਪਰ ਤੋਲਕੇ ਇਸਦਾ ਅਪਮਾਨ ਕਰੇ। ਇਸਦੀ ਉਪਮਾ ਵਿਚ ਸ਼ਰਧਾ ਨਾਲ ਸਤਿਕਾਰ ਵਿਚ ਹਰ ਕੋਈ ਲਿਖ ਸਕਦਾ ਹੈ, ਪਰ ਅਸ਼ਰਧਕ ਲੋਕਾਂ ਪਰ ਕਮੇਟੀ ਨੂੰ ਆਪਣੇ ਵਲੋਂ ਅਵੱਸ਼ ਤਾੜਨਾ ਕਰ ਦੇਣੀ ਚਾਹੀਦੀ ਹੈ।

੩-ਇਸ ਤਰ੍ਹਾਂ ਅਗੇ ਅਕਾਲ ਸਕਤੇ ਦੀਆਂ ਸਕਤੀਆਂ ਦੀ ਸਕਤੀ ਦਾ ਵਰਨਣ ਕਰਦੇ ਆਪ ਲਿਖਦੇ ਹਨ।

ਸਬੁਧਿ ਵਾਚ ॥ ਚੌਪਈ ॥

ਸੱਤਿ ਸੰਧਿ ਇਕ ਭੂਪ ਭਨਿੱਜੈ ॥ ਪ੍ਰਥਮੇ ਸੱਤਜੁਗ ਬੀਚ ਕਹਿੱਜੈ ॥
ਜਿੱਹ ਜਸ ਪੁਰੀ ਚੌਧਹੂੰ ਛਾਜੇ ॥ ਨਾਰਦ ਰਿਖਿ ਤਬ ਰਾਇ ਮੰਗਾਜੇ ॥ ੧ ॥

ਸਭ ਦੇਵਨ ਕੋ ਰਾਜਾ ਭਜੇ ॥ ਬ੍ਰਹਮਾ ਤਿਲਕ ਆਪੁ ਤਿੱਹ ਦਜੇ ॥
ਨਿਹਕੰਟਕ ਸੁਰ ਕਟਕ ਕਿਜਾ ਸਬ ॥ ਦਾਨਵ ਮਾਰ ਨਿਕਾਰ ਦਏ ਜਬ ॥੨॥

ਇਹ ਬਿਧਿ ਰਾਜ ਬਰਖ ਬਹੁ ਕਿਜਾ॥ ਦੀਰਘ ਦਾੜ੍ਹ ਦਾਨਵ ਭਵ ਲਿਜਾ ॥
ਦਸ ਸਹੱਸਰ ਛੂਹਨਿ ਦਲ ਲੈਕੈ ॥ ਚੜ੍ਹ ਆਜੇ ਤਿੱਹ ਉਪਰ ਤੈ ਕੈ ॥ ੩ ॥

ਸਤਜੁਗ ਤੋਂ ਲੈਕੇ ਅਜ ਤਕ ਸਕਤੇ ਦੀ ਸਕਤੀ ਦੀਆਂ ਸ਼ਕਤੀਆਂ ਨਾਲ ਅਨੇਕਾਂ ਬਾਰ ਰਣ ਅਖਾੜੇ ਭਿੜੇ ਇਹ ਕਾਲ ਦਾ ਤਮਾਸ਼ਾ ਚਲਦਾ ਆਇਆ ਹੈ; ਜਿਸ ਨੂੰ ਅਸੀਂ ਉਕਾ ਹੀ ਵਿਸਾਰ ਬੈਠੇ ਸੀ- ਉਹ ਭੁਲੇ ਵਿਸਰੇ ਗੀਤ ਦੋ ਜਹਾਨੇ ਆਲਮ ਜਿਨ੍ਹਾਂ ਤੋਂ ਕੋਈ ਗੱਲ ਅੰਦਰਲੀ ਜਾਂ ਬਾਹਰਲੀ ਛਪੀ ਹੋਈ ਨਹੀਂ ਰਹਿ ਸਕਦੀ, ਉਹ ਸਾਨੂੰ ਉਹਨਾਂ ਦੀ ਯਾਦ ਕਰਾਉਂਦੇ ਹਨ ਅਤੇ ਇਹੋ ਪ੍ਰਭੂ ਜਸ ਤੇ ਇਹੋ ਉਸਦੀ ਉਸਤਿਤ ਹੈ ਜੋ ਉਸਦੇ ਗੁਣ ਯਾਦ ਕਰਨੇ ਤੇ ਉਹਨਾਂ ਨੂੰ ਜਾਨਣਾ ਹੈ। ਅਸਲ ਵਿਚ ਜੋ ਅਸੀਂ ਨਿਤ ਨੇਮ ਦੀਆਂ ਬਾਣੀਆਂ ਨਿਯਮ ਨਾਲ ਪੜ੍ਹਦੇ ਹਾਂ ਉਹ ਭੀ ਉਹਦੀ ਸਕਤਿ ਨੂੰ ਯਾਦ ਕਰਨਾ ਹੀ ਹੈ। ਜੋ

(੧ ਓ ਕਾਰ ਤੋਂ ਲੈਕੇ, ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨ ਤਨ ਮਨ ਥੀਵੇ ਹਰਿਆ) ਤਕ ਉਸੇ ਅਰ ਇਸੇ ਨੂੰ ਦਰਸਾਉਂਦਾ ਹੈ। ਬਾਪੂ ਬਾਪੂ ਕਹਿਣ ਨਾਲੋਂ ਬਾਪੂ ਦੇ ਗੁਣਾਂ ਨੂੰ ਤੇ ਉਸਦੇ ਅਹਿਸਾਨਾਂ ਨੂੰ ਜਾਨਣਾਂ ਬਹੁਤਾ ਅਵਸ਼ੱਕ ਹੁੰਦਾ ਹੈ ਜਿਸ ਨੂੰ ਸ੍ਰੀ ਦਸਮੇਸ਼ ਜੀ ਨੇ ਉਪ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੇ ਰੂਪ ਵਿਚ ਸਾਨੂੰ ਬਖਸ਼ਿਆ ਹੈ। ਕੁਛ ਪ੍ਰਿਥਵੀ ਰਚਨਾ ਸਮੇਂ ਦੇ ਆਦਿ ਕੌਤਕ ਕਾਲ ਸੈਨ-ਮਧ ਕੀਟਬ ਅਨੇਕਾਂ ਦੈਂਤਾਂ ਦੇ ਹਾਲਾਤ ਚੰਡੀ ਚਰਿਤ੍ਰ ਵਿਚ ਜਾਂ ਅਵਤਾਰਾਂ ਨਾਲ ਸਬੰਧਤ

Digitized by Panjab Digital Library | www.panjabdigilib.org

ਪਹਿਲਾਂ ਆ ਚੁਕੇ ਹਨ। ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਬੜੀ ਸੰਕੋਚਵੀਂ ਬਾਣੀ ਪਿਤਾ ਜੀ ਨੇ ਲਿਖੀ ਹੈ। ਜੇ ਹੋਰ ਵਿਸਥਾਰ ਨਾਲ ਪੜ੍ਹਨਾ ਚਾਹੋ ਤਾਂ ਦੇਖੋ-ਸ੍ਰੀ ਸ੍ਰਬ ਲੋਹ ਪ੍ਰਕਾਸ਼ ਗ੍ਰੰਥ ਸਾਹਿਬ। ਪਰ ਹੁਣ ਏਥੇ ਜੋ ਪ੍ਰਕਰਣ ਅਰੰਭ ਹੁੰਦਾ ਹੈ – ਉਸਦਾ ਭਾਵ ਲੈਂਦੇ ਹਾਂ ਕਿ–

ਸਤਿਜੁਗ ਦੇ ਸਮੇਂ ਵਿਚ ਇਕ (ਸਤਿ ਸੰਧਿ) ਨਾਮ ਦਾ ਰਾਜਾ ਕਿਹਾ ਜਾਂਦਾ ਹੈ ਜੋ ਸਤਿਜੁਗ ਦੇ ਕਿਸੇ ਪਹਿਲੇ ਸਮੇਂ ਦਸੀਦਾ ਹੈ, ਜੋ ਬੜਾ ਜਸਵਾਨ ਤੇ ਪ੍ਰਤਾਪੀ ਸੀ। ਨਾਰਦ ਮੁਨੀ ਨੇ ਦੇਵਤਿਆਂ ਦੀ ਸਭਾ ਵਿਚ ਉਸ ਰਾਜੇ ਨੂੰ ਬੁਲਾਇਆ; ਜਿਸ ਨੂੰ ਸਾਰੇ ਦੇਵਤਿਆਂ ਨੇ ਆਪਣਾ ਰਾਜਾ ਨੀਯਤ ਕਰ ਦਿਤਾ। ਸਰਬ ਸੰਮਤੀ ਨਾਲ ਬ੍ਰਹਮਾ ਜੀ ਨੇ ਆਪਣੇ ਕਰ ਕੰਵਲਾਂ ਦੇ ਨਾਲ ਉਸ ਨੂੰ ਪ੍ਰਧਾਨਗੀ ਦਾ ਤਿਲਕ ਲਾ ਦਿਤਾ । ਸਤਿ ਸੰਧਿ ਮਹਾਰਾਜੇ ਨੇ ਆਪਣੇ ਬਲ ਪ੍ਰਤਾਪ ਕਰਕੇ ਦੇਵਤਿਆਂ ਦਾ ਕੋਈ ਦੋਖੀ ਦੁਸ਼ਮਨ ਨਾ ਰਹਿਣ ਦਿਤਾ, ਜਿਸ ਨਾਲ ਦੇਵਤੇ ਨਿਰਭੈ ਹੋ ਕੇ ਰਹਿਣ ਵਸਣ ਲਗੇ ਅਤੇ ਦੈਂਤਾਂ ਦਾ ਖੁਰਾ ਖੋਜ ਮਿਟਾ ਦਿਤਾ ਸੀ। ਇਸ ਤਰ੍ਹਾਂ ਬਹੁਤ ਸਾਰੇ ਬਰਸ ਬੀਤ ਜਾਣ ਤੋਂ ਬਾਅਦ (ਦੀਰਘੁਦਾੜ) ਨਾਮ ਦੈਂਤ ਇਕ ਪੈਦਾ ਹੋ ਗਿਆ, ਜਿਸ ਨੇ ਦਸ ਹਜ਼ਾਰ ਛੂਹਣੀ ਸੈਨਾਂ ਲੈ ਕੇ ਦੇਵਤਿਆਂ ਪਰ ਆ ਹਮਲਾਵਰ ਹੋਇਆ। ਜਦੋਂ ਦੇਵਤਿਆਂ ਨੂੰ ਪਤਾ ਲਗਾ ਤਾਂ ਵੀਹ ਹਜ਼ਾਰ ਛੂਹਣੀ ਦਲ ਲੈਕੇ ਟਾਕਰੇ ਲਈ ਜਾ ਪੁਜੇ। ਸੂਰਜ ਨੂੰ ਸੈਨਾ ਪਤਿ ਥਾਪ ਕੇ ਦਾਏਂ ਚੰਦ ਤੇ ਬਾਏਂ ਕਾਰਤਕ ਕਰ ਦਿਤਾ। ਦੁਵੱਲੀ ਭੇੜ ਆਰੰਭ ਹੋ ਗਿਆ। ਮਾਰੂ ਹਥਿਆਰਾਂ ਦੀ ਭਰਮਾਰ ਹੋ ਗਈ, ਜਿਸ ਦੇ ਗਦਾ ਮਾਰ ਦਿੰਦੇ ਉਸ ਦਾ ਚੂਰਨ ਬਣਾ ਹੀ ਦਿੰਦੇ।

ਜੂਝਿ ਗਏ ਜੋਧਾ ਕਹੀਂ ਭਾਰੇ ॥ ਦੇਵ ਗਿਰੇ ਦਾਨਵ ਕਹੀਂ ਮਾਰੇ ॥
ਬੀਰ ਖੇਤ ਐਸਾ ਤਹੱ ਪਰਾ ॥ ਦੋਊ ਦਿਸਿ ਏਕ ਸੁਭਟਨ ਉਬਰਾ ॥੧੯॥

ਜੋ ਕ੍ਰਮ ਕ੍ਰਮ ਕਰਿ ਕਥਾ ਸੁਨਾਊਂ ॥ ਗ੍ਰੰਥ ਬਢਨ ਤੇ ਅਧਿਕ ਡਰਾਊਂ ॥
ਤੀਸ ਸਹਿੱਸ ਛੂਹੱਨਿ ਜੱਹ ਜੋਧਾ ॥ ਮੰਡਯੋ ਬੀਰ ਖੇਤ ਕਰਿ ਕ੍ਰੋਧਾ ॥੨੦॥

ਭਾਵ ਕਈ ਭਾਰੇ ਸ਼ੂਰਮੇ ਮਾਰੇ ਗਏ, ਕਿਤੇ ਦੇਵਤੇ ਗਿਰੇ ਪਏ ਸਨ ਤੇ ਕਿਤੇ ਦੈਂਤ ਮਰੇ ਦਿਸਦੇ ਸਨ। ਇਹੋ ਜਿਹਾ ਜੁਟਵਾਂ ਜੁਧ ਹੋਇਆ ਕਿ ਇਕ ਭੀ ਸ਼ੂਰਮਾ ਜਿਉਂਦਾ ਨਾ ਬਚਿਆ। ਗੁਰੂ ਜੀ ਕਹਿੰਦੇ ਹਨ ਕਿ ਜੇਕਰ ਖੋਲ੍ਹ ਕੇ ਪੂਰੀ ਕਥਾ ਸੁਣਾਉਂਦਾ ਹਾਂ ਤਾਂ ਗ੍ਰੰਥ ਦੇ ਵਧਣ ਤੋਂ ਬਹੁਤ ਡਰ ਲਗਦਾ ਹੈ। ੩੦੦੦੦ (ਤੀਹ ਹਜ਼ਾਰ) ਛੂਹਣੀ ਦੋਹਾਂ ਪਾਸਿਆਂ ਤੋਂ ਕ੍ਰੋਧ ਵਿਚ ਆਕੇ ਸ਼ੂਰਮੇਂ ਲੜੇ ਸਨ। ਘੋਰ ਜੁਧ ਹੋਇਆ, ਦੋਵੇਂ ਪਾਸੇ ਸ਼ੂਰਮੇ ਲੜਕੇ ਜਾਨਾਂ ਤੋੜ ਗਏ। ਬੀਸ ਬਰਸ ਰਾਤ ਦਿਨ ਲੜਾਈ ਲਗੀ ਰਹੀ ਅੰਤ ਫੌਜਾਂ ਮੁਕ ਗਇ ਆਂ । ਦੋਨੋਂ ਪਾਸੇ ਤੇ ਦੋਵੇਂ ਪ੍ਰਧਾਨ ਭਾਵ ਰਾਜੇ ਆਪੋ ਵਿਚ ਗੁਥਮ ਗੁਥਾ ਹੋ ਗਏ ਅਤੇ ਗੁਸੇ ਵਿਚ ਆ ਗਏ ਅਗਨਿ ਅਸਤ੍ਰ ਚਲਾਏ ਗਏ ਜਿਸ ਅਗਨ ਦੇ ਵਿਚੋਂ ਇਕ ਇਸਤ੍ਰੀ ਪ੍ਰਗਟ ਹੋਈ, ਉਸ ਨੇ ਬੇਓੜਕ ਜੁਧ ਕੀਤਾ। ਲਗ ਪਗ ਅੰਕ ੮੮ ਤਕ ਦੇਵਤਿਆਂ ਦੇ ਯੁਧ ਕਰਨ ਦਾ ਬ੍ਰਿਤਾਂਤ ਹੈ, ਪਰ ਦੈਂਤਾਂ ਦਾ ਖ਼ੂਨ ਜਿਸ ਧਰਤੀ ਤੇ ਡਿਗਦਾ ਸੀ ਉਥੇ ਹੋਰ ਦੈਂਤ ਉਠ ਖੜੇ ਹੁੰਦੇ ਸਨ, ਅੰਤ ਦੇਵਤੇ ਮਹਾਂ ਕਾਲ ਅਕਾਲ ਪੁਰਖ ਦੀ ਸ਼ਰਨ ਵਿਚ ਗਏ ਤੇ ਅਨੇਕ ਪ੍ਰਕਾਰ ਦੀ ਉਪਮਾ ਕੀਤੀ ਜਿਸ ਨੂੰ ਐਉਂ ਅੰਕਤ ਕੀਤਾ ਹੈ :–

ਤੁਮ ਹੋ ਸਕਲ ਲੋਕ ਸਿਰਤਾਜਾ ॥ ਗਰਬਨ ਗੰਜ ਗਰੀਬ ਨਿਵਾਜਾ ॥
ਆਦਿ ਅਕਾਲ ਅਜੋਨ ਬਿਨਾ ਭੈ ॥ ਨਿਰਬਿਕਾਰ ਨਿਰਲੰਬ ਜਗਤ ਮੈ ॥੯੧॥

Digitized by Panjab Digital Library | www.panjabdigilib.org

ਨਿਰਬਿਕਾਰ ਨਿਰਜੁਰ ਅਬਿਨਾਸੀ ॥ ਪਰਮ ਜੋਗ ਕੇ ਤੱਤ ਪ੍ਰਕਾਸੀ ॥
ਨਿਰੰਕਾਰ ਨਵ ਨਿਤਜ ਸੁਯੰਭਵ ॥ ਤਾਤ ਮਾਤ ਜਿਹੱ ਜਾਤ ਨ ਬੰਧਵ ॥੯੨॥

੪-ਇਸੇ ਤਰ੍ਹਾਂ ੯੯ ਅੰਕ ਤਕ ਐਉਂ ਉਸਤਤਿ ਕਰਦੇ ਹਨ-'ਹੇ ਸਰਬ ਸ਼ਕਤੀਮਾਨ ! ਤੂੰ ਸਾਰੇ ਲੋਕਾਂ ਦਾ ਰਾਜਾ ਹੈਂ ਅਤੇ ਹੰਕਾਰੀਆਂ ਦਾ ਹੰਕਾਰ ਨਾਸ ਕਰਕੇ ਗਰੀਬਾਂ ਦੀ ਸਹਾਇਤਾ ਕਰਦਾ ਹੈਂ ਅਤੇ ਸਭ ਦੀ ਆਦਿ ਤੇ ਕਾਲ ਤੋਂ ਰਹਿਤ ਹੈਂ ਜੋਨੀ ਵਿਚ ਨਹੀਂ ਆਉਂਦਾ, ਬਿਕਾਰਾਂ ਤੋਂ ਰਹਿਤ ਜਿਸ ਨੂੰ ਕੋਈ ਬਲੰਭ ਨਹੀਂ ਇਸ ਜਗਤ ਵਿਚ। ਬਿਕਾਰ ਨਹੀਂ ਜੂਰ ਨਹੀਂ ਨਾਸ ਨਹੀਂ ਹੁੰਦਾ ਅਤੇ ਪ੍ਰਮ ਜੋਗ ਦਾ ਤੱਤ ਸ੍ਵਰੂਪ ਹੈ ਤੇ ਪ੍ਰਕਾਸ਼ਕ ਹੈ, ਅਕਾਰ ਤੋਂ ਰਹਿਤ ਹੈ, ਨਿਤ ਹੀ ਨਵ ਸ੍ਵਰੂਪ ਹੈ ਅਤੇ ਸੁਤੇ ਪ੍ਰਕਾਸ਼ ਹੈ ਜਿਸਦਾ ਨਾ ਕੋਈ ਮਾਂ ਤੇ ਨਾ ਬਾਪ ਅਤੇ ਜਾਤ ਨਾ ਭਾਈ ਹੀ ਹੈ। ਪਾਠਕ ਜਨ ਤੱਕਣ ਇਸ ਵਿਚ ਕੇਹੜੇ ਕਾਲ ਦੇਵਤਾ ਦਾ ਜ਼ਿਕਰ ਹੈ ਤਾਂ ਕਿ ਗਿ: ਭਾਗ ਸਿੰਘ ਨੂੰ ਭੀ ਮਨਾਇਆ ਜਾਵੇ !

ਚਰਨ ਪਰੇ ਇਹੱ ਬਿਧਿ ਬਿਨਤੀ ਕਰ ॥ ਤ੍ਰਾਹਿ ਤ੍ਰਾਹਿ ਰਾਖਹੁ ਹਮ ਧੁਰ ਧਰ ॥
ਕੱਹ ਕੱਹ ਹਸਾ ਬਚਨ ਸੁਨ ਕਾਲਾ ॥ ਭਗਤ ਜਾਨ ਕਰ ਭਯੋ ਕ੍ਰਿਪਾਲਾ ॥੧੮੦॥

ਰੱਛ ਰੱਛ ਕਰਿ ਸਬਦ ਉਚਾਰੋ ॥ ਸਭ ਦੇਵਨ ਕਾ ਸੋਕ ਨਿਵਾਰੋ ॥
ਨਿਜ ਭਗਤਨ ਕੱਹ ਲਯੋ ਉਬਾਰਾ ॥ ਦੁਸਟਨ ਕੇ ਸੰਗ ਕਰਯੋ ਅਖਾਰਾ ॥੧੦੧॥

ਭਾਵ- ਇਸ ਤਰ੍ਹਾਂ ਸਾਰੇ ਦੇਵਤੇ ਅਤੇ ਆਪਣੇ ਰਾਜਾ ਸੱਤ ਸੰਧਿ ਸਮੇਤ ਦੈਂਤਾਂ ਅਗੇ ਬਲ ਹਾਰ ਕੇ ਘਬਰਾ ਗਏ ਅਤੇ ਅਕਾਲ ਪੁਰਖ ਅਗੇ ਜਾ ਪੁਕਾਰੇ, ਸ਼ਰਨ ਵਿਚ ਡਿਗ ਕੇ ਬੇਨਤੀ ਕਰਨ ਲਗੇ ਅਤਿ ਤ੍ਰਾਸ ਕੇ ਡਰੇ ਤੇ ਭੈਭੀਤ ਹੋ ਕੇ ਘਬਰਾਏ ਤਕੇ ਤਾਂ ਅਗੋਂ ਅਕਾਲ ਪੁਰਖ ਇਹ ਬੇਨਤੀ ਸੁਣ ਕੇ ਕਹਿਕੇ ਨਾਲ ਹਸਿਆ ਅਤੇ ਉਹਨਾਂ ਨੂੰ ਭਗਤ ਜਾਣਕੇ ਮੇਹਰ ਦੇ ਘਰ ਵਿਚ ਆ ਗਿਆ ਅਤੇ ਕਿਹਾ ਕਿ ਚਿੰਤਾ ਨਾ ਕਰੋ ਮੈਂ ਤੁਹਾਡੀ ਰੱਛਾ ਕਰਾਂਗਾ। ਜਿਸ ਨਾਲ ਸਾਰੇ ਦੇਵਤਿਆਂ ਦਾ ਸ਼ੋਕ ਦੂਰ ਕਰ ਦਿਤਾ, ਆਪਣੇ ਭਗਤ ਜਾਣ ਕੇ ਉਹਨਾਂ ਨੂੰ ਬਚਾਉਣਾ ਕੀਤਾ। ਦੁਸ਼ਟਾਂ ਦੈਂਤਾਂ ਨਾਲ ਜੰਗ ਲੜਿਆ ਸੀ।

ਪਰ ਇਹ ਗਿ: ਭਾਗ ਸਿੰਘ ਕਹਿੰਦਾ ਹੈ ਕਿ ਉਸ ਦਾ ਮੂੰਹ ਨਹੀਂ ਪੈਰ ਨਹੀਂ ਫੇਰ ਕਿਵੇਂ ਗਲਾਂ ਕਰਦਾ ਹੈ, ਗੁਰਬਾਣੀ ਸਾਫ ਦਸਦੀ ਹੈ ਕਿ ਉਸਦਾ ਹੈ ਭੀ ਕੁਝ ਨਹੀਂ ਤੇ ਹੈ ਭੀ ਸਭ ਕੁਝ ਉਹੀ, ਕੋਈ ਚੀਜ਼ ਉਸ ਦੇ ਹੁਕਮ ਦੇ ਜਾਂ ਇਸ਼ਾਰੇ ਤੋਂ ਦੂਰ ਨਹੀਂ।

ਪ੍ਰਭ ਕੀਜੇ ਕ੍ਰਿਪਾ ਨਿਧਾਨ ਹਮ ਹਰਿ ਗੁਨ ਗਾਵਹਗੇ ॥ ੧ ॥ ਰਹਾਉ ॥
ਹਉ ਤੁਮਰੀ ਕਰਉ ਨਿਤ ਆਸ ਪ੍ਰਭ ਮੋਹਿ ਕਬ ਗਲਿ ਲਾਵਹਿਗੇ ॥ਸ. ੧੩੨੧ ॥ ਮਹਲਾ ੫ ॥

ਜੇ ਗਲ ਹੈ ਤਾਂ ਜੀਭ ਭੀ ਹੋ ਸਕਦੀ ਹੈ ਅਤੇ ਫੇਰ ਸਿਰ ਭੀ ਕਿਉਂ ਨਹੀਂ ਹੋਵੇਗਾ।

ਜਗਦੀਸੁਰ ਚਰਨ ਸਰਨ ਜੋ ਆਏ ਤੇ ਜਨ ਭਵ ਨਿਧਿ ਪਾਰਿ ਪਰੇ ॥
ਭਗਤ ਜਨਾ ਕੀ ਪੈਜ ਹਰਿ ਰਾਖੈ ਜਨ ਨਾਨਕ ਆਪਿ ਹਰਿ ਕ੍ਰਿਪਾ ਕਰੇ ॥ ਮਹਲਾ ੪ ॥

ਜੇ ਚਰਨ ਹਨ ਤਾਂ ਲਤਾਂ ਭੀ ਹੋ ਸਕਦੀਆਂ ਹਨ, ਫੇਰ ਭਗਤਾਂ ਦੀ ਪੈਜ (ਪਤਿ) ਰਖਦਾ ਹੈ ਤਾਂ ਉਹ ਦੇਵਤਿਆਂ ਲਈ ਜੁਧ ਭੀ ਕਰ ਸਕਦਾ ਹੈ।

Digitized by Panjab Digital Library | www.panjabdigilib.org

ਜੋ ਹਰਿ ਭਾਵਹਿ ਭਗਤ ਤਿਨਾ ਹਰਿ ਭਾਵਹਿਗੇ ॥
ਜੋਤੀ ਜੋਤਿ ਮਿਲਾਇ ਜੋਤਿ ਰਲਿ ਜਾਵਹਗੇ ॥ ੨ ॥ ਸ: ੧੨੨੧ ॥ ਮਹਲਾ ੫ ॥

ਇਸ ਲਈ ਆਪਣੇ ਭਗਤਾਂ ਲਈ ਉਹ ਅਕਾਲ ਪੁਰਖ ਸਭ ਕੁਝ ਕਰਦਾ ਹੈ,ਸਾਰੇ ਰੁਖ ਧਰਦਾ ਹੈ।

ਕਰਿ ਕਰਿ ਕੋਪ ਕਾਲ ਸ੍ਰੀ ਤਬਹੀ ॥ ਰਥ ਪਰ ਚੜਾ ਸਸਤ੍ਰ ਲੈ ਸਬਹੀ ॥
ਸਕਲ ਸੱਤ੍ਰੁਨ ਕੇ ਛੈ ਕਾਰਨ ॥ ਸਭ ਸੰਤਨ ਕੇ ਪ੍ਰਾਨ ਉਬਾਰਨ ॥ ੧੦੨ ॥

ਪ੍ਰਾਨ ਔਰ ਪਾਨਿਪ ਧਨੁ ਰਾਜਾ । ਰਾਖਨ ਚੜਾ ਸੇਵਕਨ ਕਾਜਾ ॥
ਜਾਕੀ ਧੁਜਾ ਬਿਖੇ ਰਾਜਤ ਅਸਿ ॥ ਨਿਰਖਿ ਸੱਤ੍ਰੁ ਜਿਹ ਹੋਤ ਬਿਮਨ ਬਸਿ॥੧੦੩॥

ਅਸਿਧੁਜ ਅਧਿਕ ਕੋਪ ਕਰਿ ਧਾਯੋ ॥ ਬੈਰਿ ਬ੍ਰਿੰਦ ਦਲ ਪ੍ਰਗਟ ਖਪਾਯੋ ॥
ਸਾਧੁਨ ਕੀ ਰੱਛਾ ਕਰਿ ਲੀਨੀ ॥ ਸੱਤ੍ਰੁ ਸੈਨ ਤਿਲ ਤਿਲ ਖੈ ਕੀਨੀ ॥੧੦੪॥

ਭਾਵ-ਉਸ ਵੇਲੇ ਕ੍ਰੋਧਤ ਹੋ ਕੇ ਰਥ ਪਰ ਸਵਾਰ ਹੋ ਗਿਆ ਅਤੇ ਸਾਰੇ ਸ਼ਸਤ੍ਰ ਲੈ ਲਏ ਦੁਸ਼ਟਾਂ ਨੂੰ ਨਾਸ ਕਰਨ ਵਾਲੇ ਸਾਰੇ ਸੰਤਾਂ ਦੇਵਤਿਆ ਦੀ ਜਾਨ ਬਚਾਉਣ ਲਈ। ਪ੍ਰਾਣਾਂ ਤੇ ਮਨ ਧਨ ਦਾ ਮਾਲਕ ਆਪਣੇ ਸੇਵਕਾਂ ਦੀ ਲਜਿਆ ਰਖਣ ਲਈ ਚੜ੍ਹ ਪਿਆ, ਜਿਸ ਨੂੰ ਤਕ ਕੇ ਦੁਸ਼ਮਨ ਖਸਿਆਨੇ ਤੇ ਬੇ ਬਸ ਜਿਹੇ ਹੋ ਗਏ ਸੀ । ਅਸਿਧੁਜ (ਤਲਵਾਰ ਦੀ ਧੁਜਾ ਵਾਲਾ) ਬਹੁਤ ਕ੍ਰੋਧ ਵਿਚ ਦੇਖਦਿਆਂ ਸਾਹਮਣੇ ਵੈਰੀਆਂ ਦਾ ਦਲ ਖਪਾ ਦਿਤਾ । ਆਪਣੇ ਸੇਵਕਾਂ ਸਾਧਾਂ ਨੂੰ ਬਚਾ ਲਿਆ ਅਤੇ ਦੋਖੀਆਂ ਦੁਸ਼ਮਨਾਂ ਦੇ ਨਿਕੇ ਨਿਕੇ ਟੁਕੜੇ ਕਰ ਸੁਟੇ । ਇਥੇ ਇਹ ਨਿਰਣਾ ਲੈਣਾ ਭੀ ਅਵਸ਼ਕ ਹੈ ਕਿ ਅਕਾਲ ਪੁਰਖ ਨੂੰ ਅਸਧੁਜ ਕਿਉਂ ਕਹਿੰਦੇ ਹਨ ਅਤੇ ਭਗੌਤੀ ਖੰਡੇ ਨੂੰ ਕਿਉਂ ਕਿਹਾ ਜਾਂਦਾ ਹੈ ? ਇਹ ਅਕਾਲ ਪੁਰਖ ਦੇ ਉਪ ਅਸ ਤਲਵਾਰ, ਖੰਡਾ ਦਾ ਨਿਸ਼ਾਨ ਹੈ ਜਿਸ ਦਾ ਅਸਲ ਨਾਮ ਭਗੌਤੀ ਹੈ । ਸ੍ਰੀ ਦਸਮੇਸ਼ ਜੀ ਇਵਾਣੇ ਜਾਂ ਸਾਡੇ ਵਰਗੇ ਬੇਸਮਝ ਨਹੀਂ ਸਨ, ਜਿਨ੍ਹਾਂ ਨੇ (ਪ੍ਰਿਥਮ ਭਗਉਤੀ ਸਿਮਰ ਕੇਗੁਰ ਨਾਨਕ ਲਈ ਧਿਆਇ) ਦਾ ਵਾਕ ਉਚਾਰਨ ਕੀਤਾ ਹੈ । ਆਪ ਭਾਵੇਂ ਅਕਾਲ ਪੁਰਖ ਹੈ ਪਰ ਉਸਨੇ ਪਹਿਲੇ ਖੰਡਾ ਸਾਜ ਕੇ ਉਪ੍ਰੰਤ ਸੰਸਾਰ ਦੀ ਰਚਨਾ ਕੀਤੀ ਹੈ ।

ਸਸਤ੍ਰ ਸਾਜ ਕੋਪਾ ਤਬ ਕਾਲਾ ॥ ਧਾਰਤ ਭਯੋ ਭੇਸ ਬਿਕਰਾਲਾ ॥
ਬਾਨ ਅਨੇਕ ਕੋਪ ਕਰਿ ਛੋਰੇ ॥ ਸਤ੍ਰੁ ਅਨੇਕਨ ਕੇ ਸਿਰ ਫੋਰੇ ॥੧੦੭ ॥

ਭਾਵ-ਸ਼ਸਤ੍ਰ ਲੈ ਕੇ ਅਕਾਲ ਪੁਰਖ ਕ੍ਰੋਧ ਵਿਚ ਆ ਗਿਆ ਅਤੇ ਉਸ ਵੇਲੇ ਉਸ ਨੇ ਆਪਣਾ ਭਿਆਨਕ ਰੂਪ ਧਾਰਨ ਕਰ ਲਿਆ ਅਤੇ ਅਨੇਕਾਂ ਬਾਣ ਚਲਾਏ, ਅਨੇਕਾਂ ਹੀ ਵੈਰੀਆਂ ਦੇ ਸਿਰ ਭੰਨੇ । ਹੁਣ ਇਥੇ ਗਿ: ਭਾਗ ਸਿੰਘ ਜੀ ਦਸਣ ਦੀ ਕ੍ਰਿਪਾ ਕਰਨ ਕਿ ਕੀ ਅਕਾਲ ਪੁਰਖ ਭਿਆਨਕ ਰੂਪ ਨਹੀਂ ਧਾਰ ਸਕਦਾ । ਜੇ ਇਹ ਅਕਾਲ ਪੁਰਖ ਨਹੀਂ ਸੀ, ਕੋਈ ਸਾਕਤਾਂ ਦਾ ਦਵਤਾ ਮਹਾਂ ਕਾਲ ਸੀ ਤਾਂ ਦਸਣ ਕਿ ਉਸਨੂੰ ਵਜੂਦ ਵਿਚ ਆਇਆਂ ਕਿੰਨਾ ਚਿਰ ਹੋਇਆ ? ਮੰਨਣਾ ਪਏਗਾ ਕਿ ੧੯੦੦ ਸੌ ਸਾਲ ਤੋਂ ਭੀ ਘਟ, ਪਰ ਇਹ ਤਾਂ ਪ੍ਰਸੰਗ ਪਤਾ ਨਹੀਂ ਕਿੰਨੇ ਹਜ਼ਾਰ ਵਰੇ ਦਾ ਹੈ ਜੋ ਕਿ ਸਤਜੁਗ ਵਿਚ ਸੀ, ਫੇਰ ਇਹ ਜੰਮਣ ਤੋਂ ਪਹਿਲਾਂ ਹੀ ਉਥੇ ਕਿਵੇਂ ਪੁਜ ਗਿਆ । ਜਿਸਦਾ ਮਤਲਬ ਗਿ: ਜੀ ਪਾਸ ਇਤਿਹਾਸਕ ਸਬੂਤ ਨਹੀਂ ਨਿਰਾ ਆਪਣੇ ਮਨ ਦਾ ਢਕੌਂਸਲਾ ਹੀ ਹੈ।

ਫ਼-ਅਗੇ ਅੰਕ ੩੬੫ ਤਕ ਇਸ ਭਿਆਨਕ ਯੁਧ ਦਾ ਵਰਨਣ ਹੈ । ੨੫੮ ਅੰਕ ਅਕਾਲ ਪੁਰਖ ਤੇ

Digitized by Panjab Digital Library | www.panjabdigilib.org

ਦੈਂਤਰਾਜ ਦੇ ਯੁਧ ਪਰ ਹੀ ਲਿਖੇ ਹੋਇ ਹਨ। ਅਗੇ ਗੁਰੂ ਜੀ ਕੁਝ ਆਪਣੇ ਵਲੋਂ ਲਿਖਦੇ ਹਨ।੨ ਛੰਦ ਜੋ ਇਸ ਤੋਂ ਪਹਿਲਾਂ ਆਏ ਉਹਨਾਂ ਬ'ਰੇ ਭੀ ਲਿਖਿਆ ਹੈ :-

ਜੋ ਜੂਝੇ ਸਨਮੁਖ ਅਸਧਾਰਾ ॥ ਤਿਨਕ ਪਲ ਮੋਂ ਭਯੋ ਉਧਾਰਾ ॥
ਇਹ ਜਗ ਤੇ ਬਿਲਖਤ ਨਹੀਂ ਭਏ ॥ ਚੜ੍ਹ ਬਿਵਾਨ ਸੁਰ ਲੋਕ ਸਿਧਏ ॥੩੪੫॥
ਸੋਫੀ ਜੇਤੇ ਭਜਤ ਪ੍ਰਹਾਰੇ ॥ ਤੇ ਲੈ ਬਡੇ ਨਰਕ ਮੋਂ ਡਾਰੇ ॥
ਸਾਮੁਹਿ ਹ੍ਵੈ ਜਿਨ ਦੀਨੇ ਪ੍ਰਾਨਾ ॥ ਤਿਨ ਨਰ ਬੀਰ ਬਰੰਗਨਿ ਨ੍ਹਾਨਾ ॥ ੩੪੭ ॥

ਭਾਵ- ਜੋ ਜੋ ਭਟ ਤਲਵਾਰ ਦੀ ਧਾਰ ਦੇ ਸਾਹਮਣੇ ਲੜ ਕੇ ਮਰ ਗਏ, ਉਹਨਾਂ ਦਾ ਉਧਾਰ ਹੋ ਗਿਆ, ਉਹ ਦੁਨੀਆਂ ਵਿਚ ਕੁਰਲਾ ਕੇ ਮਰਨ ਤੋਂ ਬਚ ਗਏ ਅਤੇ ਬਿਬਾਨਾਂ ਪਰ ਚੜ੍ਹ ਕੇ ਦੇਵ ਲੋਕ ਨੂੰ ਪ੍ਰਾਪਤ ਹੋ ਗਏ, ਜਿਹੜੇ ਡਰਾਕਲ ਦੌੜ ਕੇ ਜਾਨ ਬਚਾਉਣਾ ਚਾਹੇ, ਉਹਨਾਂ ਨੂੰ ਭਜੇ ਜਾਂਦਿਆਂ ਨੂੰ ਹੀ ਮਾਰ ਸੁਟਿਆ ਤੇ ਕੁੰਭੀ ਨਰਕ ਵਿਚ ਪਾਏ ਗਏ। ਜਿਹਨਾਂ ਨੇ ਛਾਤੀਆਂ ਡਾਹ ਕੇ ਪ੍ਰਾਣ ਦਿਤੇ ਉਹ ਸੂਰਮੇ ਪਰੀਆਂ ਨੇ ਸੰਭਾਲ ਲਏ ।

ਦੋਹਰਾ ॥ ਮਹਾਂ ਕਾਲ ਜੀ ਜੇ ਸਰਨਿ ਪਰੇ ਸੁ ਲਏ ਬਚਾਇ ॥
ਔਰਨ ਉਪਜਾ ਦੂਸ੍ ਜਗ ਭੁੱਛਯੋ ਸਭੈ ਬਨਾਇ ॥ ੩੬੬ ॥
ਜੋ ਪੂਜਾ ਅਸਕੇਤੁ ਕੀ ਨਿਤ ਪ੍ਰਤਿ ਕਰੈ ਬਨਾਇ ॥
ਤਿਨ ਪਰ ਅਪਨੋ ਹਾਥ ਦੈ ਅਸਿਧੁਜ ਲੇਤ ਬਚਾਇ ॥ ੩੬੭ ॥

ਜੋ ਭੀ ਕੋਈ ਮਹਾਂ ਕਾਲ ਦੀ ਸ਼ਰਨ ਵਿਚ ਆ ਗਿਆ, ਉਸ ਨੂੰ ਉਹ ਬਚਾ ਲੈਂਦਾ ਹੈ। ਉਸ ਤੋਂ ਬਿਨਾਂ ਹੋਰ ਕੋਈ ਜੰਮਿਆ ਹੀ ਨਹੀਂ ਜੋ ਉਸ ਦੇ ਜਬਾੜੇ ਵਿਚ ਆਉਣ ਤੋਂ ਬਚਿਆ ਹੋਵੇ। ਜੋ ਉਸ ਅਸਕੇਤ, ਖੰਡੇ ਦੇ ਨਿਸ਼ਾਨ ਸਾਹਿਬ ਵਾਲੇ ਦੀ ਪੂਜਾ ਕਰਦਾ ਹੈ,ਉਹਨਾਂ ਦੇ ਸਿਰ ਪਰ ਆਪਣਾ ਹੱਥ ਰੱਖ ਕੇ ਖੰਡੇ ਦੀ ਪੁਜਾ ਵਾਲਾ ਬਚਾ ਲੈਂਦਾ ਹੈ।

ਪੁਨਿ ਰਾਛਸ ਕਾ ਕਾਟਾ ਸੀਸਾ ॥ ਸ੍ਰੀ ਅਸਿਕੇਤ ਜਗਤ ਕੇ ਈਸਾ ॥
ਪੁਹਪਨ ਬ੍ਰਿਸਟਿ ਗਗਨ ਤੇਂ ਭਈ ॥ ਸਭਹਿਨ ਆਨਿ ਬਧਾਈ ਦਈ ॥੩੭੫॥
ਧੰਨਜ ਧੰਨਜ ਲੋਗਨ ਕੇ ਰਾਜਾ ॥ ਦੁਸਟਨ ਦਾਹ ਗਰੀਬ ਨਿਵਾਜਾ ॥
ਅਖਲ ਭਵਨ ਕੇ ਸਿਰਜਨਹਾਰੇ ॥ ਦਾਸ ਜਾਨਿ ਮੁਹਿ ਲਿਹੁ ਉਬਾਰੇ ॥ ੩੭੬ ॥

੭-ਅਜ ਕਲ ਇਸ ਤੇ ਬੜਾ ਉਟੰਗਣ ਤੇ ਅਲੋਚਨਾ ਹੋ ਰਹੀ ਹੈ , ਇਹ ਚੌਪਈ ਦਾ ਹਿਸਾ ਕਿਉ, ਪੜ੍ਹਿਆ ਜਾਂਦਾ ਹੈ, ਇਹ ਬਿਲਕੁਲ ਨਹੀਂ ਪੜ੍ਹਨਾ, ਭਿੱਟੇ ਜਾਵਾਂਗੇ, ਪਾਪ ਨਾਲ ਦਬ ਕੇ ਮਾਰੇ ਜਾਵਾਂਗੇਂ ਹੁਣ ਅਸੀਂ ਕੇਹੜਾ ਜੰਗ ਲੜ ਰਹੇ ਹਾਂ ਅਤੇ ਅਸੀਂ ਕਿਸ ਦਾ ਸਿਰ ਵਢ ਰਹੇ ਹਾਂ। ਆਉ ਜਰਾ ਇਸ ਦੇ ਅਰਥ ਦੀ ਵੀਚਾਰ ਕਰੀਏ । ਜਿਸ ਜੰਗ ਨੂੰ ਸ: ੧੩੫੯ ਅੰਕ ੭ ਤੋਂ ਚਲਕੇ ਸ: ੧੩੮੬ ਅਤੇ ਅੰਕ ੧੩੭੩ ਤਕ ਸਢੇ ੨੭ ਤੇ ਅੰਕ ੩੬੫ ਬੜੇ ਸੰਕੋਚ ਨਾਲ ਲਿਖੇ ਗਏ ਅਤੇ ਜਿਸ ਦੈਂਤ ਨਾਲ ਸਾਰੇ ਦੇਵਤੇ ਅਥਵਾ ਦੇਵਾਂ ਦਾ ਰਾਜਾ ਸ਼ਿਵ ਵਿਸ਼ਨੂੰ ਤਕ ਭੀ ਟਾਕਰਾ ਕਰਕੇ ਥਕ ਚੁਕੇ ਸਨ ਅਤੇ ਉਸ ਮਹਾਂ-ਕਾਲ ਨੇ ਸਿਰ ਵਢ ਕੇ ਢਾਹ ਢੇਰੀ ਕਰ ਦਿਤਾ। ਜਿਸ ਲਈ ਇਹ ਚੌਪਈ ਮਹਾਂ ਕਾਲ ਜੀ ਦੀ ਉਪਮਾ

Digitized by Panjab Digital Library | www.panjabdigilib.org

ਵਿਚ ਲਿਖੀ ਗਈ । ਹੇ ਅਕਾਲ ਪੁਰਖ ਨੇ ਫਿਰ ਉਸ ਦੈਂਤ ਦਾ ਸਿਰ ਵਢ ਦਿਤਾ, ਕਿਸ ਨੇ। ਹੇ ਸ੍ਰੀ ਅਸਕੇਤ ਜਗਤ ਦੇ ਨਾਯਕ ਉਪ੍ਰੰਤ ਦੇਵਤਿਆਂ ਵਲੋਂ ਅਸਮਾਨ ਤੋਂ ਫੁਲਾਂ ਦੀ ਵਰਖਾ ਕੀਤੀ ਗਈ ਤੇ ਸਾਰੇ ਦੇਵਤਿਆਂ ਨੇ ਆਣ ਕੇ ਵਧਾਈਆਂ ਦਿਤੀਆਂ ਹੇ ਅਕਾਲ ਪੁਰਖ ਤੂੰ ਧੰਨ ਹੈਂ, ਧੰਨ ਹੈਂ। ਹੇ ਤਿੰਨਾਂ ਲੋਕਾਂ ਦੇ ਮਾਲਕ ! ਤੂੰ ਦੁਸ਼ਟਾਂ ਦਾ ਨਾਸ ਕਰਨ ਵਾਲਾ ਹੈਂ, ਇਸ ਲਈ ਮੈਨੂੰ ਭੀ ਆਪਣਾ ਦਾਸ ਜਾਣ ਕੇ ਮੇਰੀ ਰਖਿਆ ਕਰੋ ਜੀ।

ਮੈਂ ਅਲੋਚਕ ਵੀਰਾਂ ਅਗੇ ਬੇਨਤੀ ਕਰਦਾ ਹਾਂ ਕਿ ਮੈਨੂੰ ਇਸ ਤੋਂ ਉਤੇ ਵਿਸ਼ੇਸ਼ਤਾ ਵਾਲਾ ਹੋਰ ਅਕਾਲ ਅਸਤੋਤਰ ਦਾ ਨਾਂ ਲਿਆ ਜਾਵੇ ਜੋ ਢੰਗ ਇਸ ਮਹਾਨ ਉਚ ਅਪਾਰ ਬੋਧਕ ਲੇਖਾਂ ਵਿਚ ਨਹੀਂ ਮਿਲਦਾ। ਅੰਤਰਾ ਹੈ ਤਾਂ ਇਹ ਕਿ (ਨਿਰਗੁਣ) ਸ਼ਬਦ ਨੂੰ ਨਿਰਗੁਣੇ ਮੂਰਖ ਜਿਸ ਪਾਸ ਕੋਈ ਗੁਣ ਨਹੀਂ ਵਲ ਵੀ ਲਾਇਆ ਜਾਂਦਾ ਹੈ, ਜਿਸ ਦੀ ਆਭਾ ਸਭ ਤੋਂ ਨੀਵੀਂ ਆ ਜਾਂਦੀ ਹੈ। ਇਹੋ ਨਿਰਗੁਣ ਸ਼ਬਦ ਅਕਾਲੀ ਜੋਤ ਸਰੂਪ ਵਲ ਜੁੜ ਕੇ ਸਾਰੀ ਆਭਾ ਤੇ ਪ੍ਰਭਤਾ ਤੋਂ ਉਪਰ ਮੰਨੀ ਜਾਂਦੀ ਹੈ। ਜਿਸ ਨੂੰ ਦੁਹਰਾਉਂਦੇ ਹੋਏ ਅਗੇ ਵਧਦੇ ਹਨ। ਇਹ ਹੁਣ ਪਾਠਕਾਂ ਦੇ ਅਧਿਕਾਰ ਵਿਚ ਹੈ ਕਿ ਆਪ ਨੇ ਨਿਰਗੁਣ ਸਰੂਪ ਦਾ ਅਰਥ ਕਿਧਰ ਲਾਉਣਾ ਹੈ। ਤਕੋ ਅਗੇ :-

ਹਮਰੀ ਕਰੋ ਹਾਥ ਦੈ ਰੱਛਾ ॥ ਪੂਰਨ ਹੋਇ ਚਿਤ ਕੀ ਇੱਛਾ ॥
ਤਵ ਚਰਨਨ ਮਨ ਰਹੈ ਹਮਾਰਾ ॥ ਅਪਨਾ ਜਾਨ ਕਰੋ ਪ੍ਰਤਿਪਾਰਾ ॥ ੩੭੭ ॥
ਹਮਰੇ ਦੁਸ਼ਟ ਸਭੈ ਤੁਮ ਘਾਵਹੁ ॥ ਆਪੁ ਹਾਥੁ ਦੈ ਮੋਹਿ ਬਚਾਵਹੁ ॥
ਸੁਖੀ ਬਸੈ ਮੋਰੋ ਪਰਵਾਰਾ ॥ ਸੇਵਕ ਸਿਖਜ ਸਭੈ ਕਰਤਾਰਾ ॥ ੩੭੮ ॥

ਅਗੇ ਸਾਰੀ ਚੌਪਈ ਗੁਟਕੇ ਵਿਚ ਪੜ੍ਹ ਸਕਦੇ ਹੋ । ਇਸੇ ਚੌਪਈ ਵਿਚ ਸਾਰੇ ਵਲ ਖੋਹਲੇ ਹੋਏ ਹਨ ਲੋੜ ਹੈ ਗਹੁ ਨਾਲ ਪੜ੍ਹਨ ਦੀ।

ਖੜਗਕੇਤ ਮੈ ਸਰਨ ਤਿਹਾਰੀ ॥ ਆਪੁ ਹਾਥ ਦੈ ਲੇਹੁ ਉਬਾਰੀ ॥
ਸਰਬ ਠੌਰ ਮੋ ਹੋਹੁ ਸਹਾਈ ॥ ਦੁਸਟ ਦੋਖ ਤੇ ਲੇਹੁ ਬਚਾਈ ॥੪੦੧॥
ਕ੍ਰਿਪਾ ਕਰੀ ਹਮ ਪਰ ਜਗ ਮਾਤਾ ॥ ਗ੍ਰੰਥ ਕਰਾ ਪੂਰਨ ਸੁਭਰਾਤਾ ॥
ਸ੍ਰੀ ਅਸਿਧੁਜ ਜਬ ਭਏ ਦਇਆਲਾ ॥ ਪੂਰਨ ਕਰਾ ਗ੍ਰੰਥ ਤਤਕਾਲਾ ॥

ਏਥੇ ਤਕੋ ਖੜਗ ਕੇਤ ਕੌਣ ਹੈ ਅਤੇ ਜਗ ਮਾਤਾ ਕੌਣ ਹੈ ? ਅਥਵਾ ਅਸਿਧੁਜ ਕੌਣ ਹੈ ? ਇਹ ਕੋਈ ਨਿਆਰੇ ਨਿਆਰੇ ਜੁਦਾ ਜੁਦਾ ਬੰਦੇ ਜਾਂ ਬੰਦੀ ਨਹੀਂ ਸਗੋਂ ਇਕ ਮਹਾਂ ਸ਼ਕਤਿ ਦੇ ਸਾਰੇ ਨਾਮ ਹਨ।

ਚੌਪਈ ॥ ਸੱਬਤ ਸੱਤ੍ਰਹ ਸਹਸ ਭਣਿੱਜੈ ॥ ਅਰਧ ਸਹਸ ਫੁਨਿ ਤੀਨਿ ਕਹਿੱਜੈ ॥
ਭਾਦ੍ਰਵ ਸੁਦੀ ਅਸਟਮੀ ਰਵਿ ਵਾਰਾ ॥ ਤੀਰ ਸਤੁਦ੍ਰੂੱਵ ਗ੍ਰੰਥ ਸੁਧਾਰਾ ॥੪੦੫॥

ਏਥੇ ਚਾਰ ਸੌ ਪੰਜਵਾਂ (੪੦੫) ਚਰਿਤ੍ਰ ਸਮਾਪਤ ਹੋ ਜਾਂਦਾ ਹੈ ਅਤੇ ੪੦੫ ਹੀ ਇਸ ਪ੍ਰਕਰਣ ਦੇ ਸਾਰੇ ਅੰਕ ਹਨ, ਜਿਸ ਨੂੰ ਬੁਧੀ ਦੀ ਡੂੰਘਾਈ ਨਾਲ ਸੋਚਿਆ ਜਾ ਸਕਦਾ ਹੈ। ੧੭੫੩ ਬਿਕ੍ਰਮੀ ਸੰਮਤ ਅਤੇ ਭਾਦਰੋਂ ਸੁਦੀ ਅਠਵੀਂ ਵਾਲੀ ਰਾਤ ਦਿਨ ਐਤਵਾਰ ਨੂੰ ਸਤਿਲੁਜ ਦੇ ਕਿਨਾਰੇ ਬੈਠਕੇ ਇਹ ਗ੍ਰੰਥ ਲਿਖਿਆ ਜਾਂ ਸੋਧਿਆ ਗਿਆ । ਜੇ ਅਜੇ ਭੀ ਅਲੋਚਕ ਵੀਰ ਨਾ ਮੰਨਣ ਤਾਂ ਇਸ ਦਾ ਤਾਂ ਰੱਬ ਹੀ

Digitized by Panjab Digital Library | www.panjabdigilib.org

ਨਬੇੜਾ ਕਰੇਗਾ।

੧ ॥ ੭ ॥ ੨ ॥ ੨੬ ॥ ੪੧ ॥ ੧੫੦ ॥

੧ ੳ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾ: ੭ ॥ ਅਧਯਾ: ੨॥ ਅਲੋਚਨਾਤਮਕ ਪ੍ਰਕਰਣ ਨੰ. ੨੭ ॥੪੨॥ ੧੫੧ ॥

ਸ੍ਰੀ ਗੁਰੂ ਦਸਮ ਗ੍ਰੰਥ ਸਾ: ਦੇ ਨਿਰਣੇ ਦਾ ਨਿਰਣਾ

ਜ਼ਫ਼ਰ ਨਾਮਾ (ਭਾਵ ਵਿਜੈ ਪਤ੍ਰ)

੧-ਅੰਤ ਵਿਚ ਪੰਨਾ ੧੩੮੬ ਤੋਂ ਜ਼ਫਰਨਾਮੇ ਦਾ ਆਰੰਭ ਹੁੰਦਾ ਹੈ ਜਿਸਦੀਆਂ ਪਹਿਲੀਆਂ ਪੰਗਤੀਆਂ ੧੨ ਅੰਕ ਤਕ ਔਰੰਗਜ਼ੇਬ ਨੂੰ ਇਹ ਦਸਿਆ ਹੈ ਕਿ ਮੇਹਰਬਾਨੇ ਮੌਲਾ ਦੀ ਕੀ ਤਸ਼ਰੀਅਹ ਹੈ। ਸਭ ਤੋਂ ਪਹਿਲਾਂ ੧ਓ ਹੁਕਮ ਸੱਤਿ ਸ੍ਰੀ ਵਾਹਿਗੁਰੂ ਜੀ ਕੀ ਫਤਹ ॥ ਜ਼ਫ਼ਰ ਨਾਮਹ ਸ੍ਰੀ ਮੁਖਵਾਕ ਪਾਤਿਸਾਹੀ ੧੦ ॥ ਜੋ ਆਪ ਦੀ ਮੁਖ ਬਾਣੀ ਹੋਣ ਦਾ ਸਬੂਤ ਹੈ ਅਤੇ ਇਹ ਬਾਣੀ ਅਜ ਕਲ ਆਮ ਟੀਕਿਆਂ ਵਿਚ ਛਪ ਚੁਕੀ ਹੈ ਅਤੇ ਮੁਗਲ ਰਾਜ ਵੇਲੇ ਫਾਰਸੀ ਪ੍ਰਚਲਤ ਸੀ। ਜੋ ਮੁਸਲਮਾਨ ਇਸ ਇਲਮ ਦੇ ਮਾਹਰ ਸਨ। ਗੁਰੂ ਗੋਬਿੰਦ ਸਿੰਘ ਜੀ ਅਗੇ ਕੋਈ ਭੀ ਇਲਮ ਰੋਕ ਨਹੀਂ ਸੀ ਪਾਉਂਦਾ। ਇਸ ਲਈ ਇਹ ਚਿਠੀ ਜੋ ਔਰੰਗਜੇਬ ਨੂੰ ਸੰਬੋਧਨ ਕਰਕੇ ਲਿਖੀ ਗਈ ਨਿਰੋਲ ਫਾਰਸੀ ਵਿਚ ਹੈ। ਇਸ ਬਾਰੇ ਮੈਂ ਆਪਣੀ ਕੋਈ ਖਾਸ ਦਲੀਲ ਨਹੀਂ ਰਖਦਾ। ਪੰਡਿਤ ਨਰਾਇਣ ਸਿੰਘ ਜੀ ਮਸ਼ਹੂਰ ਟੀਕਾਕਾਰ ਅਤੇ ਜੋ ਸੀਨਾ ਬਸੀਨਾ ਗੁਰੂ ਘਰ ਦੇ ਕਥਾਕਾਰ ਸਨ, ਉਹਨਾਂ ਦੀ ਰਾਇ ਦਰ ਪੇਸ਼ ਹੈ।

ਭੂਮਕਾ

੨-ਇਸ ਬਾਣੀ ਦਾ ਨਾਮ ਜ਼ਫ਼ਰ ਨਾਮਾ ਹੈ, ਇਸ ਦਾ ਅਰਥ ਹੈ ਵਿਜੈ ਦਾ ਪੱਤਰ, ਸੋ ਸਾਹਿਬ ਜੀ ਸਚ ਦੇ ਆਸਰੇ ਹੁੰਦੇ ਹੋਏ ਆਪਣੀ ਹਰ ਮੈਦਾਨ ਵਿਚ ਫਤੇ ਹੋਣੀ ਮੰਨ ਰਹੇ ਹਨ, ਅਤੇ ਹੈ ਭੀ ਠੀਕ। ਜੋ ਆਪਣੇ ਨੇਮ ਧਰਮ ਕੀਤੇ ਹੋਏ ਕੌਲ ਇਕਰਾਰ ਤੇ ਕਾਇਮ ਹੈ, ਉਹ ਭਾਵੇਂ ਸੱਚ ਦੇ ਆਸਰੇ ਰਹਿੰਦੇ ਹੋਇਆਂ ਦੁਨਿਆਵੀ ਹਾਨੀ ਕਿੰਨੀ ਭੀ ਉਠਾ ਲਵੇ ਉਹ ਉਸ ਦੀ ਅਸਲ ਹਾਨੀ ਨਹੀਂ ਹੈ। ਧਰਮ ਕਰਮ ਦਾ ਨਸ਼ਟ ਹੋ ਜਾਣਾ ਹੀ ਅਸਲ ਹਾਨੀ ਹੈ।

ਜ਼ਫ਼ਰ ਨਾਮੇ ਦੀਆਂ ਕੁਲ ੧੨ ਹਿਕਾਇਤਾਂ ਹਨ, ਜਿਸਦੀ ਪਹਿਲੀ ਹਿਕਾਇਤ ਵਿਚ ਹੀ ਸਤਿਗੁਰੂ ਜੀ ਨੇ ਆਨੰਦਪੁਰ ਦੀਆਂ ਸੋਂਹਾਂ ਸੁਗੰਧਾਂ ਦਾ ਵਰਨਣ ਕਰਕੇ ਚਮਕੌਰ ਦੀ ਲੜਾਈ ਦਾ ਵਰਣਨ ਕੀਤਾ ਹੈ ਅਤੇ ਫਿਰ ਔਰੰਗਜ਼ੇਬ ਨੂੰ ਸੱਚ ਝੂਠ ਦੇ ਨਿਤਾਰੇ ਲਈ ਸਦਿਆ ਹੈ। ਇਸ ਦੇ ਅਗੇ ੧੧ ਨੀਤੀ ਪੂਰਤ ਕਹਾਣੀਆਂ ਹਨ, ਜਿਨ੍ਹਾਂ ਤੋਂ ਔਰੰਗਜ਼ੇਬ ਨੂੰ ਸਿਖਿਆ ਦਿਤੀ ਹੋਈ ਜਾਪਦੀ ਹੈ।

ਜਦੋਂ ਖਤ ਲਿਖ ਕੇ ਤਿਆਰ ਹੋ ਗਿਆ ਤਾਂ ਸ੍ਰੀ ਗੁਰੂ ਸਾਹਿਬ ਜੀ ਨੇ ਭਾਈ ਦਇਆ ਸਿੰਘ ਜੀ ਪਿਆਰੇ ਨੂੰ ਇਹ ਖਤ ਦੇ ਕੇ ਦੱਖਣ ਵਲ ਭੇਜ ਦਿਤਾ ਸੀ, ਉਹਨਾਂ ਦੇ ਨਾਲ ਭਾਈ ਧਰਮ ਸਿੰਘ ਜੀ ਨੂੰ ਘਲਿਆ। ਭਾਈ ਦਯਾ ਸਿੰਘ ਤੇ ਧਰਮ ਸਿੰਘ ਜੀ ਨੇ ਅੰਦਰ ਜਾ ਕੇ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਫਤਹਿ ਬੁਲਾਈ, ਫਿਰ ਜ਼ਫ਼ਰ ਨਾਮਾ ਆਪਣੇ ਹਥੀਂ ਬਾਦਸ਼ਾਹ ਨੂੰ ਦਿਤਾ। ਇਸ ਨੂੰ ਪੜ੍ਹਕੇ

Digitized by Panjab Digital Library | www.panjabdigilib.org

ਉਸ ਬੁਢੇ ਬਾਦਸ਼ਾਹ ਉਤੇ ਕੋਈ ਅਜਿਹਾ ਅਸਰ ਹੋਇਆ ਕਿ ਦੋਹਾਂ ਸਿੰਘਾਂ ਨਾਲ ਬਹੁਤ ਚਿਰ ਤਕ ਬੈਠਾ ਗਲਾਂ ਬਾਤਾਂ ਕਰਦਾ ਰਿਹਾ ਅਤੇ ਫਿਰ ਉਸਨੇ ਇਸਦਾ ਉਤਰ ਲਿਖਵਾਕੇ ਸ੍ਰੀ ਗੁਰੂ ਸਾਹਿਬ ਜੀ ਵਲ ਉਨ੍ਹਾਂ ਦੇ ਹਥ ਦਿਤਾ।

ਜ਼ਫ਼ਰ ਨਾਮਾ ਕਿਥੇ ਲਿਖਿਆ ਗਿਆ ਹੈ ?

੩–ਇਤਿਹਾਸਾਂ ਵਿਚ ਲਿਖਿਆ ਹੈ ਜੋ ਦੀਨੇ ਨਗਰ ਵਿਚ ਰਹਿੰਦੇ ਹੋਇਆਂ ਜ਼ਫਰ ਨਾਮਾ ਲਿਖਿਆ ਸੀ, ਜ਼ਫਰ ਨਾਮੇ ਵਿਚ ਲਿਖਿਆ ਹੈ ।

ਕਿ ਤਸ਼ਰੀਫ ਦਰ ਕਸਬਹ ਕਾਂਗੜ ਕੁਨਦ ॥
ਵਜ਼ਾ ਪਸ ਮੁਲਾਕਾਤ ਬਾਹਮ ਸਵਦ ॥ ੫੮ ॥
ਨਜਰੱਹ ਦਰੀਂ ਰਾਹਿ ਖਤਰਹ ਤੁਰਾਸਤ ॥
ਹਮਹ ਕੌਮ ਬੈਰਾੜ ਹੁਕਮੇ ਮਰਾਸਤ ॥ ੫੯ ॥

ਭਾਵ–ਅਸੀਂ ਕਾਂਗੜਾ ਠਹਿਰੇ ਹੋਏ ਹਾਂ, ਤੂੰ ਏਥੇ ਆ, ਆਪੋ ਵਿਚ ਮੁਲਾਕਾਤ ਹੋ ਜਾਏ, ਇਸ ਰਾਹ ਵਿਚ ਤੈਨੂੰ ਰਤਾ ਜਿੰਨਾ ਭੀ ਡਰ ਨਹੀਂ ਹੈ ਕਿਉਂਕਿ ਇਸ ਇਲਾਕੇ ਦੀ ਮਾਲਕ ਬੈਰਾੜ ਕੌਮ ਹੈ ਜੋ ਸਾਰੀ ਮੇਰੇ ਹੁਕਮ ਵਿਚ ਹੈ।

੪-ਸੰਮਤ ੧੭੬੨ ਬਿ: ਮਾਘ ਜਾਂ ਫਗਣ ਵਿਚ ਸਤਿਗੁਰੂ ਜੀ ਨੇ ਇਥੇ ਜ਼ਫਰਨਾਮਾ ਲਿਖ ਕ ਭੇਜਿਆ ਸੀ, ਫਿਰ ਇਥੋਂ ਹੀ ਫੌਜ ਜਮ੍ਹਾਂ ਕਰਕੇ ਤੁਰੇ ਤੇ ਖਿਦਰਾਨੇ ਦੀ ਢਾਬ ਤੇ ਸੂਬੇ ਸਰਹਿੰਦ ਨਾਲ ਯੁਧ ਕਰਕੇ ਸਾਬੋ ਕੀ ਤਲਵੰਡੀ (ਜਿਸ ਦਾ ਨਾਮ ਦਮਦਮਾ ਸਾਹਿਬ ਹੈ) ਆ ਗਏ ਅਤੇ ਇਥੇ ੧੦ ਮਹੀਨੇ ਨਿਵਾਸ ਰਖਿਆ। ਫਿਰ ਇਥੋਂ ਰਾਜਪੁਤਾਨੇ ਵਲ ਚਲੇ ਗਏ। ਜਿਥੇ ਭਾਈ ਦਯਾ ਸਿੰਘ ਜੀ ਜ਼ਫਰ ਨਾਮਾ ਬਾਦਸ਼ਾਹ ਨੂੰ ਦੇ ਕੇ ਵਾਪਸ ਆਣ ਕੇ ਮਿਲੇ। ਇਸ ਤਰ੍ਹਾਂ ੧੭੬੨ ਬਿ: ਦੇ ਅੰਤ ਜ਼ਫਰਨਾਮਾ ਬਾਦਸ਼ਾਹ ਨੂੰ ਮਿਲਿਆ ਤੇ ਸੰ: ੧੭੬੩ ਬਿ: ਮਾਘ ਮੁਤਾਬਕ ਫਰਵਰੀ ੧੭੦੭ ਈ: ਵਿਚ ਔਰੰਗਜ਼ੇਬ ਦਾ ਮਰਨਾ ਹੁੰਦਾ ਹੈ, ਜੋ ਇਤਿਹਾਸ ਦਸਦੇ ਹਨ।

੫–ਪਹਿਲੀਆਂ ੧੨ ਹਕਾਇਤਾਂ ਵਿਚ ਦਸਿਆ ਹੈ ਕਿ ਰੱਬ ਦੀ ਕੀ ਤਸ਼ਬੀਹ ਹੈ, ਰੱਬ ਕਿਹੋ ਜਹਾ ਹੈ, ਰੱਬ ਦੇ ਕੀ ਗੁਣ ਹਨ। ਜਿਸ ਨੂੰ ਖੁਦਾਵੰਦ ਭੀ ਕਿਹਾ ਜਾਂਦਾ ਹੈ। ਐ ਔਰੰਗਜ਼ੇਬ ਤੂੰ ਭੀ ਉਸ ਖੁਦਾ ਨੂੰ ਮੰਨਦਾ ਹੈਂ ਅਤੇ ਮੈਂ ਭੀ ਉਸੇ ਖੁਦਾਵੰਦ ਲਾ ਸ਼ਰੀਕ ਦਾ ਪੈਰੋਕਾਰ ਹਾਂ, ਪਰ ਮੇਰੇ ਮੰਨਣ ਵਿਚ ਅਤੇ ਤੇਰੇ ਫਰਾਡ ਵਿਚ ਥੋੜਕਾ ਅੰਤਰਾ ਹੈ। ਤੂੰ ਝੂਠਾ ਹੈਂ, ਫਰੇਬੀ ਹੈਂ, ਤੂੰ ਰੱਬ ਦੇ ਨਾਮ ਪਰ ਨਾ ਕਰਨ ਵਾਲੀਆਂ ਠੱਗੀਆਂ ਕੀਤੀਆਂ ਹਨ, ਇਸ ਲਈ ਤੂੰ ਰਬ ਦੀ ਦਰਗਾਹ ਵਿਚ ਆਪਣਾ ਮੂੰਹ ਲੈ ਕੇ ਨਹੀਂ ਜਾਣ ਜੋਗਾ । ਪਰ ਮੈਂ ਸਚ ਦੇ ਅਧਾਰ ਤੇ ਧਰਮ ਦੇ ਅਸੂਲ ਨਾਲ ਆਪਣੇ ਅਮਾਲ ਦੇ ਸਦਕਾ ਤੈਥੋਂ ਉਤਰ ਪੁਛਣ ਦਾ ਹਕ ਰਖਦਾ ਹਾਂ । ਅਤੇ ਉਸ ਵੇਲੇ ਤੈਨੂੰ ਉਤਰ ਦੇਹ ਹੋਣਾ ਪਵੇਗਾ। ਫਿਰ ਤੂੰ ਕਿਵੇਂ ਆਪ ਨੂੰ ਖੁਦਾ ਦਾ ਬੰਦਾ ਕਹਾਉਣ ਦਾ ਹਕਦਾਰ ਹੈਂ ਤੇਰੀਆਂ ਚਲੀਆਂ ਚਾਲਾਂ ਤੇਰੇ ਕੀਤੇ ਅਹਦ ਦੇ ਧੋਖੇ ਇਸ ਚਿਠੀ ਰਾਹੀਂ ਲਿਖ ਕੇ ਭੇਜ ਰਿਹਾ ਹਾਂ ਕਿ ਤੂੰ ਕਿਥੇ ਆਪਣੇ ਈਮਾਨ ਤੇ ਪੂਰਾ ਉਤਰਿਆ ਹੈਂ ।

ਇਸ ਤੋਂ ਅਗੇ ਦਾਸਤਾਨ ਭਾਵ ਚਿਠੀ ਦਾ ਮਜ਼ਮੂਨ ਤੇ ਨਾਲ ਉਸਦੇ ਕੀਤੇ ਕਰਮਾਂ ਦੇ ਚਿਠੇ ਅਤੇ ਨਾਲ ਉਸ ਨਾਲ ਤੁਲਦੀਆਂ ਕਹਾਣੀਆਂ ਜੋ ਮਿਸਾਲ ਦੇ ਤੌਰ ਪਰ ਐਨ ਸਮਝਣ ਵਿਚ ਨਤੀਜਾ ਕਢਕੇ ਦਸਦੀਆਂ ਹਨ, ਦਿਤੀਆਂ ਹਨ । ਇਹ ਵਖਰੀ ਗਲ ਹੈ ਕਿ ਪੜ੍ਹਨ ਵਾਲਾ ਨਾ ਸਮਝ ਸਕੇ।

Digitized by Panjab Digital Library | www.panjabdigilib.org

ਸੋਚਣ ਵਾਲਾ ਨਾ ਸੋਚੇ, ਪਰ ਗੁਰੂ ਜੀ ਬਿਨਾਂ ਭਾਵ ਤੋਂ ਇਕ ਅਖਰ ਭੀ ਨਹੀਂ ਲਿਖਦੇ। ਜਿਵੇਂ ਜਿਵੇਂ ਪਹਿਲਾਂ ਧਰਮੀ ਤੇ ਨਾਮ ਲੇਵਾ ਅਨੇਕ ਪ੍ਰਸੰਗ ਕਾਦਰੇ ਕੁਦਰਤ ਦੀ ਸਿਫਤ ਵਿਚ ਲਿਖੇ, ਉਸੀ ਤਰ੍ਹਾਂ ਸੂਰਮੇ ਬਹਾਦੁਰ ਤੇ ਧਰਮੀ ਬੰਦਿਆਂ ਦੇ ਲੇਖ ਆਏ। ਜਿਵੇਂ ਕਈ ਗੁਣਵਾਨ ਸ਼ਕਤੀਆਂ ਦੀਆਂ ਝਲਕੀਆਂ ਦਿਖਾਈਆਂ, ਤਿਵੇਂ ਹੀ ਅਪਰਾਧੀ ਤੇ ਔਗੁਣਹਾਰਿਆਂ ਦੇ ਨਮੂਨੇ ਦਿਤੇ ਕਿ ਕਾਮ ਦੀ ਫੇਟ ਖਾ ਕੇ ਵਿਸ਼ਈ ਸੂਰਤਾਂ ਨੇ ਕੀ ਕੀ ਅਮਲ ਕੀਤੇ ਅਤੇ ਨਰਕਾਂ ਦੇ ਪਾਂਧੀ ਬਣ ਗਏ। ਕਿਸੇ ਨੇ ਭਾਈ ਬਣਾ ਕੇ ਅਤੇ ਕਿਸੇ ਨੇ ਭੈਣ ਬਣਾ ਕੇ, ਅਥਵਾ ਕਿਸੇ ਨੇ ਗੁਰੂ ਬਣਾਕੇ ਅਨੇਕਾਂ ਛਲ ਕਰਕੇ ਆਪਣੇ ਮਨ ਦੀ ਤ੍ਰਿਪਤੀ ਕਰਨੀ ਚਾਹੀ, ਜਿਸ ਦੇ ਬਦਲੇ ਕਈ ਤਰ੍ਹਾਂ ਦੇ ਹੋਰ ਪਾਪ ਕਰਨੇ ਪੈ ਗਏ ਜੋ ਕੀਤੇ। ਜਿਵੇਂ ਕਿਸੇ ਨੇ ਆਪਣੇ ਪਤੀ ਦੀ ਹਤਿਆ ਕੀਤੀ, ਕਿਸੇ ਆਪਣੇ ਮਾਤਾ ਪਿਤਾ ਜਿਨ੍ਹਾਂ ਦਾ ਅਹਿਸਾਨ ਚੁਕਾਉਣਾ ਸੀ, ਸਗੋਂ ਉਹਨਾਂ ਦੀ ਹਤਿਆ ਦੇ ਭਾਗੀ ਹੋਏ। ਕਈਆਂ ਨੇ ਪਹਿਲਾਂ ਪਤੀ ਕਹਿਕੇ ਅਤੇ ਪਤੀ ਬਣਾਕੇ ਉਹਨਾਂ ਨੂੰ ਕਤਲ ਕਰਕੇ ਦਬਿਆ, ਦਰਿਆ ਵਿਚ ਰੋਹੜਿਆ, ਟੋਏ ਪੁਟਕੇ ਦਬਿਆ ਅਤੇ ਦੇਗਾਂ ਵਿਚ ਕੀਮਾ ਕਰਕੇ ਰਿੰਨ੍ਹ ਕੇ ਖਾ ਲਿਆ, ਉਹਨਾਂ ਦਾ ਕੀ ਹਸ਼ਰ ਹੋਵੇਗਾ। ਜਿਸ ਨੂੰ ਸਨੇ ਸਨੇ ਜਿਵੇਂ ਕਿ ਅਵਤਾਰਾਂ ਦਾ ਅੰਤ ਅਵਤਾਰਾਂ ਦੇ ਆਖਰੀ ਸਮੇਂ ਦਤਾ ਤ੍ਰੈ ਜਾ ਤੇ ਪਾਰਸ ਨਾਥ ਅਥਵਾ ਮਹਿੰਦੀ ਮੀਰ ਦੇ ਅੰਤ ਵਿਚ ਜਾਂ ਅਗੇ ਕਈ ਨੇਕ ਚਰਿਤ੍ਰਾਂ ਦੇ ਰਾਹੀਂ ਸ਼ਬਦ ਹਜ਼ਾਰੇ ਸਵਯੇ ਤੇ ਚੌਪਈ ਆਦਿ ਵਿਚ ਦਸ ਕੇ ਆਖਰ ਜ਼ਫਰ ਨਾਮੇ ਵਿਚ ਸਾਰੇ ਨਿਚੋੜ ਭਰੇ ਪਏ ਹਨ। ਪਰ ਖੋਜ ਬਹੁਤੀ ਮੰਗਦੇ ਹਨ, ਸਾਡੀ ਐਨੀ ਸਮਰਥਾ ਨਹੀਂ। ਜਿਥੋਂ ਤਕ ਮੈਂ ਦੋ ਤਿੰਨ ਬਾਣੀਆਂ ਦਾ ਟੀਕਾ ਗਿਆਨੀ ਨਰਾਇਣ ਸਿੰਘ ਮਜੰਗਾ ਵਾਲਿਆਂ ਦਾ ਪੜ੍ਹਿਆ ਹੈ, ਉਹ ਦਸਦਾ ਹੈ ਕਿ ਅ ਪ ਨੇ ਕਿੰਨੀ ਕੁ ਖੋਜ ਕੀਤੀ ਹੋਵੇਗੀ। ਕਿੰਨਾ ਚੰਗਾ ਹੋਵੇ ਕਿ ਸਾਡੇ ਮਾਨਯੋਗ ਪ੍ਰਬੰਧਕ ਤੇ ਆਗੂ ਸਜਣ ਇਸ ਪਾਸੇ ਤਵਜੋਂ ਦੇ ਕੇ ਸਾਰੇ ਵਿਦਵਾਨਾਂ ਦੇ ਵੀਚਾਰ ਲੈ ਕੇ ਤਤ ਸਰੂਪ ਅਤੇ ਫੈਸਲਾ ਕੁੰਨ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦਾ ਪ੍ਰਮਾਣੀਕ ਟੀਕਾ ਕਰਕੇ ਸੰਗਤਾਂ ਤੇ ਇਹ ਉਪਕਾਰ ਕਰ ਦੇਣ। ਮੈਂ ਭਾਵੇਂ ਗਿ: ਭਾਗ ਸਿੰਘ ਦੇ ਸਾਰੇ ਸਵਾਲਾਂ ਦੇ ਉਤਰ ਨਹੀਂ ਦੇ ਸਕਿਆ ਹੋਵਾਂਗਾ, ਗ੍ਰੰਥ ਮੇਰੇ ਆਸ਼ੇ ਤੋਂ ਵਧ ਵਿਸਥਾਰ ਕਰ ਗਿਆ ਹੈ, ਇਸ ਲਈ ਪਾਠਕ ਜਨ ਮੇਰੀ ਕਮੀ ਨੂੰ ਆਪ ਪੂਰਾ ਕਰਨ ਦੀ ਕਿਰਪਾ ਕਰਨਗੇ।

ਬਹੁਤ ਸਾਰੀਆਂ ਕਮੀਆਂ ਜੋ ਮੇਰੇ ਨੋਟ ਵਿਚ ਨਹੀਂ ਸਨ, ਗਿ: ਹਰਬੰਸ ਸਿੰਘ ਨੇ ਮੈਥੋਂ ਪਹਿਲੇ ਹੀ ਪੂਰੀਆਂ ਕਰ ਦਿਤੀਆਂ ਹਨ। ਇਸ ਲਈ ਮੈਂ ਪਾਠਕ ਵੀਰਾਂ ਪਾਸ ਅਪੀਲ ਕਰਦਾ ਹਾਂ ਕਿ ਇਸ ਮਜ਼ਮੂਨ ਦੀ ਪੂਰਨਤਾ ਲਈ (ਸ੍ਰੀ ਦਸਮ ਗ੍ਰੰਥ ਦਰਪਣ) ਲੇਖਕ ਗਿ: ਹਰਬੰਸ ਸਿੰਘ ਚੰਡੀਗੜ੍ਹ ਨੂੰ ਜ਼ਰੂਰ ਪੜ੍ਹ ਲੈਣ।

ਜ਼ਫਰਨਾਮੇ ਵਿਚ ਗੁਰੂ ਜੀ ਥਾਂ ਥਾਂ ਤੇ ਹਰੇ ਰੰਗ ਦੀ ਸ਼ਰਾਬ ਦੇ ਪੀਣ ਜਾਂ ਸਾਕੀ ਨੂੰ ਪਿਲਾਉਣ ਦੀ ਮੰਗ ਕਰਦੇ ਹਨ, ਜੋ ਅਸੀਂ ਇਸ ਨੂੰ ਪੜ੍ਹ ਕੇ ਕਹਿ ਦਈਏ ਕਿ ਗੁਰੂ ਜੀ ਤਾਂ ਹਰੇ ਰੰਗ ਦੀ ਸ਼ਰਾਬ ਦਾ ਪਿਆਲਾ ਤੇ ਸ਼ਰਾਬ ਦੀ ਸੁਰਾਹੀ ਦੇ ਸ਼ੌਕੀਨ ਸੀ ਤਾਂ ਇਹ ਸਾਡੀ ਕਿਡੀ ਮੂਰਖਤਾ ਹੋਵੇਗੀ। ਸ੍ਰੀ ਦਸਮੇਸ਼ ਜੀ ਪ੍ਰੇਮ ਦੇ ਪਿਆਲੇ ਨੂੰ ਆਪਣੇ ਮੁਰਸ਼ਦ ਦੇ ਹਥੋਂ ਪ੍ਰੇਮ ਰੰਗੀ ਸ਼ਰਾਬ ਦੇ ਚਾਹਵਾਨ ਤੇ ਹਰ ਵੇਲੇ ਉਸ ਦੀ ਮਸਤੀ ਦੇ ਮਤਵਾਲੇ ਸਨ। ਬਸ ਇਸੇ ਤਰ੍ਹਾਂ ਬਾਕੀ ਭੀ ਅਨੇਕ ਪ੍ਰਕਾਰ ਦੇ ਅਲੰਕਾਰ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਵਿਚ ਭਰੇ ਪਏ ਹਨ। (ਜੋ ਖੋਜੇ ਸੋ ਪਾਵੇ) ਦੇ ਮਹਾਂ ਵਾਕ ਅਨੁਸਾਰ ਲੋੜ ਹੈ ਖੋਜ ਕਰਨ ਦੀ। ਇਹ ਸ਼ਰਾਬ ਦੀ ਖੁਮਾਰੀ ਨਹੀਂ ਸਗੋਂ ਨਾਮ ਤੇ ਪ੍ਰੇਮ ਦੀ ਖੁਮਾਰੀ ਹੈ।

ਮੈ ਪ੍ਰੇਮ ਨ ਚਾਖਿਆ ਮੇਰੈ ਪਿਆਰੈ ਭਾਉ ਕਰੈ ॥
ਮੁਨਿ ਤ੍ਰਿਸਨਾ ਨ ਸੁਝੀ ਮੇਰੇ ਪਿਆਰੇ ਨਿਤ ਆਸ ਕਰੇ ॥

Digitized by Panjab Digital Library | www.panjabdigilib.org

ਨਿਤ ਜੋਬਨੁ ਜਾਵੈ ਮੇਰੇ ਪਿਆਰੇ ਜਮੁ ਸਾਸ ਹਿਰੇ ॥

[ਸ: ੪੫੧ ॥ ਮਹਲਾ ੪ ॥

ਸਾਡੀ ਤਾਂ ਇਹ ਦਸ਼ਾ ਹੀ ਹੈ।

ਗਿਆਨੀ ਈਸ਼ਰ ਸਿੰਘ 'ਨਾਰਾ' ਦੀ ਮੋਹਰ ਛਾਪ

੬-ਅੰਤ ਵਿਚ ਮੈਂ ਗਿਆਨੀ ਈਸ਼ਰ ਸਿੰਘ ਨਾਰਾ, ਜੋ ਕੌਮ ਦੇ ਚੋਣਵੇਂ ਵਿਦਵਾਨਾਂ ਵਿਚੋਂ ਇਕ ਸਨ ਅਤੇ ਪੰਥ ਵਲੋਂ ਮੰਨੀ ਹੋਈ ਹਸਤੀ ਸੀ। ਜਿਨ੍ਹਾਂ ਨੇ ਇਤਿਹਾਸ ਬਾਬਾ ਸ੍ਰੀ ਚੰਦ ਅਤੇ ਸਫਰ ਨਾਮਾ ਤੇ ਜ਼ਫਰਨਾਮਾ ਲਿਖਿਆ ਸੀ। ਜਿਸ ਦੀ ਪੁਸ਼ਟੀ ਤੇ ਪਰਸੰਸਾ ਮਾਨਯੋਗ ਪੰਜਾਬ ਦੇ ਉਘੇ ਇਹਨਾਂ ਵਿਦਵਾਨਾਂ ਨੇ ਕੀਤੀ ਸੀ। ਜਿਵੇਂ ਕਿ:-

੧. ਸ੍ਰੀ ਮਾਨ ਸੰਤ ਤੇਜਾ ਸਿੰਘ ਜੀ ਡਬਲ ਐਮ. ਏ. ਮਸਤੂਆਣਾ।

੨. ਸ੍ਰੀ ਮਾਨ ਸੰਤ ਗਿ: ਨਿਰੰਜਨ ਸਿੰਘ ਜੀ।

੩. ਸ੍ਰੀ ਮਾਨ ਡਾਇਰੈਕਟਰ (ਪ੍ਰਿੰਸੀਪਲ) ਸ: ਸਤਬੀਰ ਸਿੰਘ ਜੀ।

੪. ਬਖਸ਼ੀ ਗੁਰਚਰਨ ਸਿੰਘ ਜੀ ਐਮ, ਏ, ਐਡਵੋਕੇਟ ਆਫ ਸੁਪ੍ਰੀਮ ਕੋਰਟ ਆਫ ਇੰਡੀਆ ਦਿੱਲੀ।

੫. ਬੀ, ਪੀ, ਐਲ. ਬੇਦੀ।

੬. ਪ੍ਰੋਫੈਸਰ ਪੂਰਨ ਸਿੰਘ ਜੀ ਐਮ, ਏ.।

੭ ਪ੍ਰੋਫੈਸਰ ਗੁਰਬਚਨ ਸਿੰਘ ਬਚਨ ਐਮ. ਏ,।

੮. ਡਾਕਟਰ ਕਾਲਾ ਸਿੰਘ ਜੀ ਬੇਦੀ।

੯. ਜਥੇਦਾਰ ਅਤੇ ਸੰਗਤ ਕਮੇਟੀ ਨੰਦੇੜ ਸਾ: ਤਖਤ ਸ੍ਰੀ ਹਜ਼ੂਰ ਸਾਹਿਬ, ਪ੍ਰਧਾਨ ਜੋਗਿੰਦਰ ਸਿੰਘ

੧੦. ਗਿਆਨੀ ਮਨਮੋਹਨ ਸਿੰਘ ਸਚਖੰਡ ਨੰਦੇੜ ਸਾਹਿਬ।

੧੧. ਪ੍ਰੋਫੈਸਰ ਸੋਹਣ ਸਿੰਘ ਜੀ ਐਮ. ਏ. ਅਤੇ ਸਮਰਪਣ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਨੂੰ ਕੀਤੀ ਗਈ ਸੀ। ਅਗੇ ਹੁਣ ਉਸ ਦੇ ਹਵਾਲੇ ਪੇਸ਼ ਹਨ।

ਗ੍ਰੰਥ ਦਾ ਆਕਾਰ ਪਹਿਲੇ ਹੀ ਕਾਫੀ ਹੋ ਚੁਕਾ ਹੈ। ਇਸ ਲਈ ਸੰਕੋਚ ਤੋਂ ਕੰਮ ਲੈਣਾ ਬੜਾ ਜ਼ਰੂਰੀ ਹੈ। ਚੰਗਾ ਤਾਂ ਇਹੋ ਹੈ ਕਿ ਜ਼ਫਰਨਾਮਾ ਤੇ ਸਫਰ ਨਾਮਾ ਆਪ ਪੜ੍ਹਿਆ ਜਾਵੇ, ਪਰ ਮੈਂ ਇਤਨਾ ਹੀ ਕਹਾਂਗਾ ਕਿ ਦਸਮ ਗ੍ਰੰਥ ਸਾਹਿਬ ਦੇ ਨਿਰਨੇ ਦੇ ਨਿਰਨੇ ਦੀ ਆਪ ਪੂਰੀ ਤਰ੍ਹਾਂ ਹਿਮਾਇਤ ਕਰਦੇ ਹਨ। ਦੁਸ਼ਟ ਦਸਮ ਦਾ ਤਪ ਕਰਨਾ ਵਾਹਿਗੁਰੂ ਅਕਾਲ ਪੁਰਖ ਵਲੋਂ ਪੁਤਰ ਕਹਿਕੇ ਭੇਜਣਾ, ਪੰਥ ਦੀ ਪ੍ਰਕਾਸ਼ਨਾ ਆਦਿ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਤੀਰਥ ਯਾਤਰਾ ਦਾ ਗਮਨ, ਰਾਮ ਤੇ ਸ਼ਾਮ ਦਾ ਤਖੱਲਸ ਸ੍ਰੀ ਦਸਮ ਗ੍ਰੰਥ ਸਾਹਿਬ ਤੇ ਸ੍ਰੀ ਲੋਹ ਪ੍ਰਕਾਸ਼ ਦੀ ਰਚਨਾ ਕਰਨਾ ਸਤ ਹੈ। ਅਰ ਐਨ ਸਤ ਹੈ। ਜਿਸ ਵਿਚ ਰਾਈ ਜਿੰਨਾ ਭੀ ਮੁਕਾਲਤਾ ਨਹੀਂ, ਸਾਨੂੰ ਅਧੈਨ ਕਰਨ ਦੀ ਲੋੜ ਹੈ।

Digitized by Panjab Digital Library | www.panjabdigilib.org

ਨਾਰਾ ਜੀ ਨੇ ਸਫਾ ੭੬ ਤੋਂ ੮੮ ਤਕ ਅਨੂਪ ਕੁਅਰ ਦਾ ਸ੍ਰੀ ਦਸਮੇਸ਼ ਜੀ ਨਾਲ ਵਰਤਿਆ ਚਰਿਤਰ ਬੜਾ ਖੋਲ੍ਹ ਕੇ ਲਿਖਿਆ ਹੈ ਅਤੇ ਪੰ: ੮੭ ਪਰ ੪੦੫ ਚਰਿਤ੍ਰ ਪਖਿਆਨਿਆਂ ਦੀ ਰਚਨਾ ਦਾ ਮੂਲ ਕਾਰਨ ਦਸਿਆ ਹੈ।

ਅਤੇ ਲਿਖਿਆ ਹੈ, ਕਿ ਗੁਰੂ ਗੋਬਿੰਦ ਸਿੰਘ ਸਾਹਿਬ ਪੂਰਨ ਉਸਤਾਦ ਸ਼ਤਿਗੁਰੂ ਸਨ। ਉਹ ਰੱਬ ਦੇ ਬਣਾਏ ਇਨਸਾਨਾਂ ਨੂੰ ਇਨਸਾਨੀਅਤ ਦਾ ਸਬਕ ਸਿਖਾਉਣ ਆਏ ਸਨ। ਉਸਤਾਦ ਪਹਿਲੇ ਹਰ ਤਰ੍ਹਾਂ ਦੇ ਸਵਾਲ, ਜਾਂ ਨਕਸ਼ੇ ਚਿਤ੍ਰਾਂ ਨੂੰ ਕਾਲੇ ਚਿੱਟੇ ਬੋਰਡਾਂ ਉਤੇ ਲਿਖ ਕੇ ਸਮਝਾਂਦਾ ਹੈ। ਗੁਰੂ ਸਾਹਿਬ ਤਾਂ ਸਾਰੀ ਦਨੀਆਂ ਨੂੰ ਚੰਗਿਆਈਆਂ ਦਸਣ ਨੂੰ ਆਏ ਸੀ।

ਇਸ ਅਨੂਪ ਕੁਅਰ ਵਲੋਂ ਸ਼ਰਮ ਹਯਾ ਨੂੰ ਛਡ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਗਰ ਪੈ ਜਾਣਾ ਇਹ ਉਹਨਾਂ ਵਾਸਤੇ ਜ਼ਿੰਦਗੀ ਦਾ ਅਤਿ ਖਤਰਨਾਕ ਘੋਲ ਸੀ। ਕੋਈ ਸੂਰਮਾਂ ਪਹਿਲਵਾਨ ਜੋ ਕਿਸੇ ਅਖਾੜੇ ਨੂੰ ਅਤਿ ਖਤਰਨਾਕ ਜਾਣੇ ਤੇ ਕੁੱਦਣ ਤੋਂ ਮੂੰਹ ਮੋੜ ਬੈਠੇ ਤਾਂ ਉਹ ਅਜਿਤ ਪਹਿਲਵਾਨ ਨਹੀਂ ਮੰਨਿਆ ਜਾਂਦਾ। ਪਰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਐਸਾ ਜਾਣਦੇ ਹੋਇਆਂ ਵੀ ਐਸੀ ਖਤਰਨਾਕ ਥਾਂਇ ਜਾਣਾ ਕੀਤਾ ਸੀ, ਤਾਂ ਸਾਬਤ ਹੈ ਕਿ ਉਹਨਾਂ ਨੂੰ ਆਪਣੇ ਮਨ ਦੀ ਅਡੋਲਤਾ ਉਤੇ ਪੂਰਾ ਪੂਰਾ ਵਿਸ਼ਵਾਸ ਸੀ।

ਅਗੇ ਚਲ ਕੇ ਨਾਰਾ ਜੀ ਲਿਖਦੇ ਹਨ ਪੰ: ੮੮ ਪਰ :-

ਮਨ ਖੁਟਹਰ ਤੇਰਾ ਨਹੀ ਬਿਸਾਸ ਤੁ ਮਹਾ ਉਦਮਾਦਾ ॥
ਖਰ ਕਾ ਪੈਖਰ ਤਉ ਛੁਟੈ ਜਉ ਉਪਰਿ ਲਾਦਾ ॥ ੭ ॥

ਭਾਵ-ਇਸ ਖੋਟੇ ਮਨ ਦਾ ਵਿਸ਼ਵਾਸ ਨਹੀਂ, ਬਹੁਤ ਬਦ ਮਸਤ ਹੋਣ ਵਾਲਾ ਹੈ, ਜਿਵੇਂ ਮਸਤ ਗੱਧੇ ਉਤੇ ਭਾਰ ਲੱਦ ਕੇ ਪੈਰਾਂ ਤੋਂ ਪੈਖਰ ਖੋਲ੍ਹਕੇ ਅਗੇ ਲਾਇਆ ਜਾਂਦਾ ਹੈ। ਤਿਵੇਂ ਗੁਰਮਤਿ ਦੇ ਕਿਸੇ ਨਿਯਮ ਬੱਧ ਕੀਤੇ ਬਿਨਾ ਮਨ ਉਤੇ ਕਾਬੂ ਪਾਉਣਾ ਔਖਾ ਹੈ। ਐਸਾ ਸੋਚ ਕੇ ਹੀ ਗੁਰਸਿਖਾਂ ਨੂੰ ਗੁਰੂ ਸਾਹਿਬ ਨੇ ਗੁਰਮੁਖ ਨਾਮ ਦਾਨ ਇਸ਼ਨਾਨ ਦੇ ਨਿਯਮ-ਬਧ ਕੀਤਾ ਸੀ। ਫਿਰ ਜੈਸੇ (ਨਾਮ ਮਹਿਮਾ, ਗਿਆਨ ਭਰਪੂਰ ਤੇ ਬੀਰ ਰਸੀ) ਦੂਜੇ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਨੇ ਲਿਖੇ ਸਨ ਤਾਂ ਕਿ ਪੜ੍ਹਦੇ ਸੁਣਦੇ ਸਿਖ ਗਿਆਨਵਾਨ ਅਤੇ ਸੂਰਬੀਰ ਯੋਧੇ ਹੋ ਜਾਣਗੇ। ਇਵੇਂ ੪੦੫ ਤ੍ਰਿਯਾ ਪਖਿਯਾਨ ਦੀ ਰਚਨਾ ਕੀਤੀ, ਤਾਂ ਕਿ ਇਨ੍ਹਾਂ ਨੂੰ ਪੜ੍ਹਕੇ ਸੁਣਕੇ ਲੋਕੀਂ ਵੀ ਕਿਸੇ ਐਸੀ ਫਾਹੀ ਵਿਚ ਨਾ ਫਸਣਗੇ, ਜਿਸ ਵਿਚ ਕਿ ਇਨ੍ਹਾਂ ਨੂੰ ਫਸਾਉਣ ਦੀ ਕੋਝੀ ਕੋਸ਼ਿਸ਼ ਕੀਤੀ ਗਈ ਸੀ। ਸਗੋਂ ਪੜ੍ਹਦੇ, ਸੁਣਦੇ, ਇਸਤ੍ਰੀ, ਮਰਦ ਨੂੰ ਆਪਣਾ ਜੀਵਨ ਉਚਾ ਸੁਚਾ ਬਨਾਣ ਵਿਚ ਸਿਆਣਪ ਤੇ ਸਹਾਇਤਾ ਮਿਲੇਗੀ। ਤ੍ਰਿਯਾ ਚਰਿਤ੍ਰ ਲਿਖਣ ਦਾ ਕੇਵਲ ਇਹੋ ਕਾਰਨ ਹੈ।

ਹੁਣ ਜਿਵੇਂ ਹਰ ਲਿਖਾਰੀ ਦਾ ਆਪਣਾ ੨ ਢੰਗ ਹੁੰਦਾ ਹੈ, ਕਿ ਉਹ ਜਿਸ ਕਥਾ ਜਾਂ ਕਹਾਣੀ ਨੂੰ ਜੈਸੇ ਚਾਹੇ ਉਸੇ ਰੂਪਤਾ ਵਿਚ ਵਰਨਣ ਕਰਦਾ ਹੈ। ਜਿਵੇਂ ਗੁਰੂ ਨਾਨਕ ਸਾਹਿਬ ਨੇ ਆਪਣੇ ਉਪਦੇਸ਼ ਅੰਦਰ ਇਸ ਜੀਵ ਆਤਮਾ ਨੂੰ ਇਕ ਥਾਂ (ਰਾਜਾ ਬਾਲਕ ਨਗਰੀ ਕਾਚੀ ਦੁਸ਼ਟਾਂ ਨਾਲ ਪਿਆਰੇ) ਦਸਿਆ ਸੀ। ਤਿਵੇਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਸ ਤ੍ਰਿਯਾ ਚਰਿਤ੍ਰ ਰਚਨਾ ਨੂੰ ਰਾਜਾ ਤੇ ਮੰਤ੍ਰੀ ਦੇ ਸੰਬਾਦ ਰੂਪ ਵਿਚ ਲਿਖਿਆ ਹੈ।

ਇਸ ਤ੍ਰਿਯਾ ਚਰਿਤ੍ਰਾਂ ਨੂੰ ਆਰੰਭ ਕਰਦੇ ਹੋਇਆਂ ਗੁਰੂ ਜੀ ਨੇ ਕਮਾਲ ਵਿਦਵਤਾ ਤੇ ਰੋਚਕਤਾ

Digitized by Panjab Digital Library | www.panjabdigilib.org

ਦਾ ਸਬੂਤ ਵੀ ਦਿਤਾ ਹੈ, ਜੋ ਸਭ ਤੋਂ ਪਹਿਲੇ ਸ੍ਰੀ ਅਕਾਲ ਪੁਰਖ ਵਾਹਿਗੁਰੂ ਜੀ ਦੀ ਪ੍ਰਬਲ ਤੇ ਆਦਿ ਸ਼ਕਤੀ ਨੂੰ (ਤ੍ਰਿਯਾ ਰੂਪ) ਸ੍ਰੀ ਭਗਉਤੀ ਜੀ ਜਾਣਿਆ ਤੇ ਉਸੇ ਦਾ ਚੰਡੀ ਚਰਿਤ੍ਰ ਨਿਰਾਲੇ ਢੰਗ ਨਾਲ ਮੰਗਲ ਰੂਪ ਦਾ ਲਿਖਿਆ ਤੇ ਐਸਾ ਆਰੰਭ ਕੀਤਾ ਜੋ ਪਹਿਲੇ ਤ੍ਰਿਯਾ ਚਰਿਤ੍ਰ ਦੇ ਆਰੰਭ ਵਿਚ ਲਿਖਿਆ ਜਾ ਚੁਕਾ ਹੈ।

੭ ॥ ੭ ॥ ੨ ॥ ੨੭ ॥ ੪੨ ॥ ੧੫੧ ॥

੧ ਓ ਸਤਿਗੁਰ ਪ੍ਰਸਾਦਿ ॥

ਜੀਵਨ ਸੁਮਾਰਗ ਭਾ: ੭ ॥ ਅਧਜਾਇ ੨ ॥ ਆਲੋਚਨਾਤਮਕ-ਪ੍ਰਕਰਣ ਨੰ: ੨੮ ॥ ੪੩ ॥੧੫੨॥

ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੇ ਨਿਰਣੇ ਦਾ ਨਿਰਣਾ ॥

ਉਦਾਹਰਣ ਸ: ਬਿਜੈ ਸਿੰਘ

੧-ਸਿੰਘਾਂ ਤੇ ਸਿੰਘਣੀਆਂ ਨੇ ਭੀ ਇਹਨਾਂ ਚਰਿਤ੍ਰਾਂ ਦਾ ਟਾਕਰਾ ਕੀਤਾ ਅਤੇ ਦਸਮੇਸ਼ ਜੀ ਦੇ ਪੂਰਨਿਆਂ ਤੇ ਚਲਦੇ ਹੋਏ ਬੜੀ ਬਹਾਦਰੀ ਨਾਲ ਅੜੇ ਤੇ ਧਰਮ ਦੀ ਰਾਖੀ ਕੀਤੀ। ਮੀਰ ਮੰਨੂੰ ਦੇ ਰੰਗਟੇ ਖੜੇ ਕਰਨ ਵਾਲੇ ਬੇਰਹਿਮੀ ਜ਼ੁਲਮਾਂ ਨੂੰ ਕੌਣ ਨਹੀਂ ਜਾਣਦਾ। ਸੈਂਕੜਿਆਂ ਨਹੀਂ ਹਜ਼ਾਰਾਂ ਦੀ ਗਿਣਤੀ ਵਿਚ ਸਿੰਘਣੀਆਂ ਨੂੰ ਪਕੜ ਕੇ ਅਤੇ ਮੁਸ਼ਕਾਂ ਕਸ ਕੇ ਲਾਹੌਰ ਭੋਰੇ ਵਿਚ ਜਾ ਡਕਿਆ। ਗੋਦਾਂ ਵਿਚ ਬੱਚੇ ਸਿਸਕ ਰਹੇ ਸਨ। ਹੁਕਮ ਸੀ ਇਹਨਾਂ ਨੂੰ ਮੋਮਨ ਬਣਾਇਆ ਜਾਵੇ। ਨਾ ਮੰਨਣ ਤਾਂ ਸਵਾ ਮਣ ਪੀਹਣ ਦਿਤਾ ਜਾਵੇ। ਅੱਧੀ ਰੋਟੀ ਤੇ ਇਕ ਪਿਆਲਾ ਪਾਣੀ ੨੪ ਘੰਟੇ ਪਿਛੋਂ ਮਿਲਦਾ ਸੀ, ਬੱਚੇ ਕਤਲ ਕੀਤੇ, ਟੱਟੇ ਮਾਵਾਂ ਦੀਆਂ ਝੋਲੀਆਂ ਵਿਚ ਪਾਏ, ਨੇਜ਼ਿਆਂ ਪਰ ਟੰਗੇ, ਜ਼ੁਲਮ ਦੀ ਅਤ ਮਚਾਈ ਗਈ। ਉਸ ਕਾਫਲੇ ਵਿਚ ਧਰਮ ਸੁਪਤਨੀ ਸ: ਬਿਜੈ ਸਿੰਘ ਅਤੇ ਉਸ ਦਾ ੮ ਸਾਲਾਂ ਦਾ ਪੁਤ੍ਰ ਵੀ ਸੀ। ਸ਼ੀਲ ਕੌਰ ਦੀ ਸੁੰਦਰਤਾ ਅਤੇ ਸੀਲਤਾ ਪਰ ਮਾਇਲ ਹੋ ਕੇ ਮੀਰ ਮੰਨੂੰ ਨੇ ਉਸ ਨੂੰ ਆਪਣੇ ਮਹਿਲਾਂ ਵਿਚ ਭੇਜ ਦਿਤਾ ਅਤੇ ਦਿਲ ਵਿਚ ਠਾਣ ਲਈ ਕਿ ਇਸ ਨੂੰ ਆਪਣੀ ਬੇਗਮ ਬਣਾਵਾਂਗਾ। ਸਤਵੰਤੀ ਤੇ ਧਰਮ ਮੂਰਤਿ ਸਿੰਘਣੀ ਜਾਲ ਪਿੰਜਰੇ ਵਿਚ ਜਾ ਪਈ। ਸਮਾਧੀ ਲਾ ਕੇ ਗੁਰੂ ਅਗੇ ਅਰਦਾਸਾਂ ਕਰ ਰਹੀ ਹੈ, ਐ ਪਿਤਾ ! ਬਹੁੜੀ ਕਰ, ਮੇਰੇ ਧਰਮ ਦੀ ਰਾਖੀ ਤੂੰ ਹੀ ਕਰਨੀ ਹੈ, ਮੈਨੂੰ ਮੌਤ ਦਾ ਤਾਂ ਕੋਈ ਭੈ ਨਹੀਂ, ਪਰ ਧਰਮ ਦੇ ਟੁਟ ਜਾਣ ਦਾ ਅਤਿ ਡਰ ਹੈ। ਉਧਰ ਮੀਰ ਮੰਨੂੰ ਬੜਾ ਪ੍ਰਸੰਨ ਹੈ ਕਿ ਅਜ ਮੈਂ ਇਕ ਸਿੰਘਣੀ ਨੂੰ ਮੁਸਲਮਾਨ ਬਣਾ ਲਵਾਂਗਾ ਅਤੇ ਫਿਰ ਇਸ ਨੂੰ ਪਟਰਾਣੀ ਬਣਾ ਦਿਆਂਗਾ, ਜਿੰਨੀ ਸੁੰਦਰਤਾ ਮੇਰੀਆਂ ਬੇਗਮਾਂ ਨਾਲੋਂ ਇਸ ਕੋਲ ਵਧ ਹੈ ਓਨਾ ਹੀ ਮੈਂ ਇਸ ਨੂੰ ਉਚੀ ਜਗ੍ਹਾ ਰਖਾਂਗਾ। ਰਾਤ ਪੈ ਗਈ, ਪਟਰਾਣੀ ਨੁਸਰਤ ਬੇਗਮ ਦੇ ਕੋਲ ਪੁਜਾ ਤੇ ਥੋੜੀ ਜਿਹੀ ਪੀਤੀ ਤੇ ਬਕ ਪਿਆ ਕਿ ਅਜ ਮੈਂ ਬਹੁਤ ਸੁੰਦਰ ਸਿਖਣੀ ਫੜ ਕੇ ਲਿਆਇਆ ਹਾਂ, ਫਲਾਣੇ ਕਮਰੇ ਵਿਚ ਭੇਜ ਦਿਤੀ ਹੈ। ਬਸ ਸੁਣਨ ਦੀ ਦੇਰ ਸੀ ਕਿ ਬੇਗਮ ਪਹਿਲਾਂ ਹੀ ਬੜੀ ਚੈਤੰਨ ਸੀ, ਉਹ ਕਿਵੇਂ ਸਹਿਨ ਕਰੇ, ਜਿਸ ਨੇ ਆਪਣੀ ਚਾਲ ਨਾਲ ਮੀਰ ਮੰਨੂੰ ਨੂੰ ਆਪਣੇ ਵਸ ਕੀਤਾ ਹੋਇਆ ਸੀ, ਉਹ ਕਿਵੇਂ ਸਹਿਨ ਕਰਦੀ ਕਿ ਮੇਰੇ ਸਿਰ ਪਰ ਹੋਰ ਕੋਈ ਆ ਬੈਠੇ। ਉਸ ਨੇ ਆਪਣੀ ਚਲ ਕੀ ਨਾਲ ਮੀਰ ਮੰਨੂੰ ਨੂੰ ਬਹੁਤੀ ਸ਼ਰਾਬ ਪਿਆਕੇ ਗੁਟਕਰ ਦਿਤਾ ਤੇ ਸ਼ੀਲ ਕੌਰ ਕੋਲ ਆਈ, ਉਸ ਨੂੰ ਆਪਣੀ ਭੈਣ ਬਣਾ ਕੇ ਉਸ ਨਾਲ ਅਪਣਤ ਜੋੜੀ ਤੇ ਉਸ ਨੂੰ ਧਰਮ

Digitized by Panjab Digital Library | www.panjabdigilib.org

ਬਚਾਉਣ ਦਾ ਬਚਨ ਦਿਤਾ । ਮੀਰ ਮੰਨੂੰ ਨੇ ਸਾਰੀ ਰਾਤ ਬੇਹੋਸ਼ੀ ਵਿਚ ਹੀ ਬਿਤਾ ਦਿਤੀ। ਦੂਜੀ ਰਾਤ ਸ਼ੀਲ ਕੌਰ ਨੂੰ ਦੂਜੇ ਕਮਰੇ ਵਿਚ ਭੇਜ ਦਿਤਾ ਅਤੇ ਉਸ ਦੇ ਕਪੜੇ ਆਪ ਪਹਿਨ ਲਏ, ਮੀਰ ਮੰਨੂੰ ਸ਼ਰਾਬੀ ਹਾਲਤ ਵਿਚ ਦੀਵਾ ਬੁਝਾ ਕੇ ਮੂਰਖ ਬਣਾ ਛਡਿਆ। ਸ਼ੀਲਾ ਤਕ ਨਹੀਂ ਪੁਜਣ ਦਿਤਾ।

੨-ਤੀਜੇ ਦਿਨ ਮੀਰ ਮੰਨੂੰ ਨੂੰ ਕਚਹਿਰੀ ਵਿਚ ਸੂਹੀਏ ਨੇ ਆ ਦਸਿਆ ਕਿ ਸਿਖਾਂ ਦਾ ਇਕ ਜਥਾ ਮਾਝੇ ਵਿਚ ਲੁਕਿਆ ਬੈਠਾ ਹੈ; ਜਿਸ ਕਰਕੇ ਨਵਾਬ ਮੀਰ ਮੰਨੂੰ ਘਰ ਇਹ ਸੁਨੇਹਾ ਦੇ ਕੇ ਕਿ ਮੇਰੀ ਤਿੰਨ ਚਾਰ ਦਿਨ ਉਡੀਕ ਨਾ ਕਰਨੀ, ਸਿੰਘਾਂ ਦਾ ਸ਼ਿਕਾਰ ਕਰਨ ਲਈ ਤੁਰ ਗਿਆ ਸੀ। ਪਿੰਡੋਰੀ ਪਿੰਡ ਕਮਾਦ ਦੇ ਖੇਤ ਵਿਚ ਸਿੰਘ ਸਿੰਘਣੀਆਂ ਤੇ ਬੱਚੇ ਲੁਕੇ ਬੈਠੇ ਸਨ । ਉਹਨਾਂ ਪਰ ਹਮਲਾ ਜਾ ਕੀਤਾ, ਦਾਦੂ ਰਾਮ ਵੈਰਾਗੀ ਸਾਧੂ ਦੇ ਘਰ ਰਤਨ ਸਿੰਘ ਭੰਗੂ, ਉਹਨਾਂ ਦੀ ਮਾਤਾ, ਦਾਦੀ ਆਦਿ ਦੁਖੀਆਂ ਦਾ ਸਹਾਰਾ ਬਣਿਆ ਹੋਇਆ ਸੀ, ਪਰ ਮੀਰ ਮੰਨੂੰ ਦਾ ਘੋੜਾ ਬੇ ਕਾਬੂ ਹੋ ਗਿਆ ਅਤੇ ਮੰਨੂੰ ਡਿਗ ਪਿਆ; ਇਕ ਪੈਰ ਘੋੜੇ ਦੀ ਰਕਾਬ ਵਿਚ ਅੜ ਗਿਆ, ਹਦਵਾਣੇ ਜਿਹਾ ਸਿਰ ਧਰਤੀ ਪਰ ਘਿਸਣ ਲਗਾ, ਫਿਸ ਕੇ ਹਡੀਆਂ ਤੇ ਮਿਝ ਬੀਜ ਤੇ ਗੁਦੇ ਵਾਂਗ ਖਿਲਰ ਗਈਆਂ। ਲਹੂ ਦੀ ਧਾਰ ਜਹਨਮ ਦੇ ਰਾਹ ਵਲ ਤੁਰੀ ਜਾ ਰਹੀ ਸੀ। ਫੌਜਾਂ ਵਾਪਸ ਪਰਤ ਗਈਆਂ, ਉਹਨਾਂ ਦਾ ਤਿੰਨ ਲਖ ਰੁਪਿਆ ਵੇਤਨ ਦਾ ਬਾਕੀ ਖੜਾ ਸੀ ਜੋ ਬੇਗਮ ਤੋਂ ਲੈ ਕੇ ਲਾਸ਼ ਦਿਤੀ ਗਈ ਸੀ। ਸਰੀਰ ਦੇ ਟੁਟੇ ਫੁਟੇ ਟੁਕੜੇ ਇਕੱਠੇ ਕੀਤੇ ਤੇ ਸ਼ਾਹੀ ਸ਼ਾਨ ਸ਼ੌਕਤ ਨਾਲ ਹਮੇਸ਼ਾਂ ਲਈ ਕਬਰ ਵਿਚ ਦਬ ਦਿਤੇ

ਬਿਜਲਾ ਸਿੰਘ ਨੇ ਖਬਰ ਦਿਤੀ; ਸੁਣਦੇ ਸਾਰ ਹੀ ਕੌੜਾ ਸਿੰਘ ਦਾ ਜਥਾ ਲਾਹੌਰ ਵਲ ਨੂੰ ਤੁਰ ਪਿਆ, ਉਧਰ ਬਿਜੈ ਸਿੰਘ ਨੂੰ ਖਬਰ ਮਿਲੀ ਕਿ ਸ਼ੀਲ ਕੌਰ ਲਾਹੌਰ ਦੇ ਕਿਲੇ ਵਿਚ ਬੰਦ ਹੋ ਗਈ ਹੈ। ਇਹ ਸੁਣ ਕੇ ਸਾਰੇ ਸਿੰਘ ਕੌੜਾ ਸਿੰਘ ਦੇ ਜਥੇ ਵਿਚ ਆ ਰਲੇ।

੩-ਅਜ ਇਕ ਸਿੰਘ ਦੂਜੇ ਨਾਲ ਨਹੀਂ ਰਲਦਾ, ਭਾਈ ਨਾਲ ਭਾਈ ਨਹੀਂ ਮਿਲਦਾ ਅਤੇ ਇਉਂ ਕੋਲ ਦੀ ਲੰਘ ਜਾਂਦਾ ਹੈ ਜਿਵੇਂ ਸਾਹਨ ਕੋਲ ਦੀ ਝੋਟਾ ਆਪੋ ਆਪਣੀ ਆਕੜ ਵਿਚ।

ਪਰ ਉਹ ਸਿਖ ਆਪਸ ਵਿਚ ਇਕ ਦੂਜੇ ਨੂੰ ਗਲਵਕੜੀ ਪਾ ਕੇ ਇਉਂ ਮਿਲੇ, ਜਿਵੇਂ ਪ੍ਰਦੇਸੋਂ ਆਈ ਮਾਂ ਨੂੰ ਧੀ। ਇਕ ਦੂਜੇ ਲਈ ਸ਼ਹੀਦ ਹੋ ਜਾਂਦੇ ਸੀ, ਸਹਾਇਤਾ ਕਰਨੋਂ ਪਿਛੇ ਨਹੀਂ ਸੀ ਹਟਦੇ। ਜਿਸ ਸਪ੍ਰਿਟ ਦੇ ਅਧੀਨ ਸ: ਬਿਜਲਾ ਸਿੰਘ ਬਿਜੈ ਸਿੰਘ ਆਦਿ ਨੇ ਇਕਠੇ ਹੋ ਕੇ ਲਾਹੌਰ ਤੇ ਹਲਾ ਬੋਲ ਕੇ ਅਨੇਕਾਂ ਵੈਰੀਆਂ ਨੂੰ ਵਢ ਟੁਕ ਕੇ ਉਸ ਡੇਰੇ ਪੁਜੇ; ਜਿਥੇ ਅਨੇਕ ਸਿੰਘਣੀਆਂ ਅਤੇ ਉਹਨਾਂ ਦੇ ਬੱਚੇ ਕੈਦੀ ਹੋ ਕੇ ਜਬ ਰ ਦੇ ਜਬਿਆੜੇ ਵਿਚ ਚਿਥ ਕ ਕੁਝ ਸ਼ਹੀਦੀਆਂ ਪਾ ਗਏ, ਕੁਝ ਸਿਸਕ ਰਹੇ ਨੰਗਮ ਨੰਗੇ ਭੁਖੇ ਪਿਆਸੇ ਤੜਪ ਰਹੇ ਸਨ, ਜਿਨ੍ਹਾਂ ਨੂੰ ਸਿੰਘਾਂ ਨੇ ਮੀਰ ਮੰਨੂੰ ਦੀ ਮੌਤ ਦਾ ਲਾਭ ਲੈਂਦੇ ਹੋਏ ਮੌਤ ਦੇ ਮੂੰਹ ਵਿਚੋਂ ਕਢਿਆ ਸੀ, ਪਰ ਸ਼ੀਲ ਕੌਰ ਉਹਨਾਂ ਨੂੰ ਨਾ ਮਿਲੀ । ਕਿਸੇ ਨੇ ਦਸਿਆ ਕਿ ਉਸ ਨੂੰ ਤਾਂ ਮੀਰ ਮੰਨੂੰ ਆਪਣੇ ਹਰਮਾਂ ਵਿਚ ਬੇਗਮ ਬਨਾਉਣ ਲਈ ਲੈ ਗਿਆ ਸੀ। ਬਿਜੈ ਸਿੰਘ ਨੇ ਕਿਹਾ ਸੀ ਕਿ ਜੇ ਕਰ ਜ਼ਿੰਦਾ ਹੈ ਤਾਂ ਆਪਣੇ ਧਰਮ ਨਾਲ ਹੀ ਹੋਵੇਗੀ, ਜੇ ਮਰ ਗਈ ਤਾਂ ਸਿਖ ਧਰਮ ਤੇ ਇਸਤ੍ਰੀ ਧਰਮ ਨੂੰ ਨਾਲ ਲੈ ਕੇ ਗਈ ਹੋਵੇਗੀ, ਮੈਨੂੰ ਉਸ ਉਤੇ ਪੂਰਾ ਵਿਸ਼ਵਾਸ ਹੈ।

੪-ਭਾਵੇਂ ਮੀਰ ਮੰਨੂੰ ਦੀ ਨੀਅਤ ਕੁਝ ਵੀ ਸੀ ਪਰ ਸ਼ੀਲ ਕੌਰ ਨਾਲ ਤਾਂ ਗਲ ਕਰਨ ਦਾ ਸਮਾਂ ਨਹੀਂ ਸੀ ਮਿਲਿਆ। ਉਸ ਦੀ ਰਖਿਆ ਉਸ ਦੇ ਧਰਮ ਤੇ ਸ੍ਰੀ ਦਸਮੇਸ਼ ਜੀ ਆਪ ਕਰ ਰਹੇ ਸਨ। ਉਹ ਤਾਂ ਆਪ ਹੀ ਰੱਬ ਨੂੰ ਪਿਆਰਾ ਜਾ ਹੋਇਆ ਸੀ। ਬੇਗਮ ਪਹਿਲੇ ਤਾਂ ਭਾਵੇਂ ਅੰਦਰ ਖਾਨੇ ਸ਼ੀਲ ਕੌਰ ਤੇ ਉਸ ਦੇ ਬੱਚੇ ਨੂੰ ਦੂਰ ਹਟਾਕੇ ਆਪਣੇ ਪੈਰ ਦੀ ਠੋਕਰ ਤੋਂ ਬਚ ਜਾਣ ਦੇ ਉਪਾਏ ਸੋਚਦੀ ਸੀ, ਪਰ ਹੁਣ ਇਕਲਾਪੇ ਦੇ ਰੋਗ ਤੋਂ ਬਚਣ ਲਈ ਆਪਣੀ ਸਾਥਣ ਬਣਾ ਲਿਆ ਸੀ ਅਤੇ ਉਸ ਦੀ ਸਿਆਣਪ ਪ

Digitized by Panjab Digital Library | www.panjabdigilib.org

ਸਦਕਾ ਹਰ ਗਲ ਵਿਚ ਉਸ ਦੀ ਸਲਾਹ ਲੈ ਕੇ ਤੁਰਦੀ । ਪਰ ਜਦ ਕਦੇ ਸ਼ੀਲਾ ਨੂੰ ਪਤੀ ਦੀ ਯਾਦ ਆਉਂਦੀ ਤਾਂ ਦੁਖ ਮਹਿਸੂਸ ਕਰਦੀ ਤੇ ਸੋਚਾਂ ਵਿਚ ਡੁਬ ਜਾਂਦੀ । ਬੇਗਮ ਨੇ ਉਸਦੀ ਇਹ ਚਿੰਤਾ ਦੂਰ ਕਰਨ ਲਈ ਕੁਝ ਸੂਹੀਏ ਭੇਜ ਦਿਤੇ ਕਿ ਸਿਖਾਂ ਦੀ ਫੌਜਾਂ ਵਿਚੋਂ ਲਭ ਕੇ ਬਿਜੈ ਸਿੰਘ ਨੂੰ ਫੜ ਕੇ ਹਾਜ਼ਰ ਦਰਬਾਰ ਕਰੋ । ਸ਼ੇਖੂ ਪੁਰੇ ਕੋਲ ਬੜੀ ਭਾਰੀ ਲੜਾਈ ਸਿੰਘਾਂ ਤੇ ਤੁਰਕ ਫੌਜ ਵਿਚ ਹੋਈ, ਜਿਸ ਵਿਚ ਬਿਜੈ ਸਿੰਘ ਜ਼ਖਮੀ ਹੋ ਗਿਆ ਤੇ ਸਹਿਕਦਿਆਂ ਰਾਤ ਪੂਰੀ ਕੀਤੀ ਸੀ, ਪੰਡਿਤ ਚੂਹੜ ਮਲ ਸੂਹੀਆ ਆ ਅਪੜਿਆ ਅਤੇ ਸਿਪਾਹੀਆਂ ਨੂੰ ਗੋਲੀ ਮਾਰ ਦੇਣ ਦਾ ਹੁਕਮ ਦਿਤਾ ਪਰ ਸਿਪਾਹੀਆਂ ਨੇ ਕਿਹਾ ਸੀ ਕਿ ਬੇਗਮ ਸਾਹਿਬਾਂ ਦਾ ਜਿੰਦਾ ਫੜਕੇ ਲਿਆਉਣ ਦਾ ਹੁਕਮ ਹੈ, ਜੇ ਮਾਰਦੇ ਹਾਂ ਤਾਂ ਸਾਡਾ ਇਨਾਮ ਭੀ ਮਾਰਿਆ ਜਾਵੇਗਾ । ਇਸ ਲਈ ਪਾਲਕੀ ਵਿਚ ਪਾ ਕੇ ਬੇਗਮ ਦੇ ਪੇਸ਼ ਜਾ ਕੀਤਾ ਸੀ ।

੫-ਅਜ ਸ਼ੀਲਾ ਤੇ ਉਸਦੇ ਪੁਤਰ ਨੂੰ ਚਿਰਾਂ ਤੋਂ ਤਰਸਦਿਆਂ ਨੂੰ ਅਚਾਨਕ ਬਿਜੈ ਸਿੰਘ ਦੀ ਪ੍ਰਾਪਤੀ ਹੋ ਗਈ ਸੀ । ਸਤਿਗੁਰ ਦਾ ਧੰਨਵਾਦ ਕਰਦੇ ਥਕਦੇ ਨਹੀਂ ਸਨ, ਸਿਰ ਤੋੜ ਸੇਵਾ ਕੀਤੀ, ਛੇਤੀ ਛੇਤੀ ਹੀ ਐਨ ਤੰਦਰੁਸਤ ਹੋ ਗਿਆ । ਉਧਰ ਮੀਰ ਮੰਨੂੰ ਦੇ ਮਰ ਜਾਣ ਪਿਛੋਂ ਬੇਗਮ ਦੇ ਪਿਆਰ ਦਾ ਸਦਕਾ ਸ਼ੀਲਾ ਦਾ ਖਾਸਾ ਰੋਹਬ ਬਣ ਗਿਆ ਸੀ,ਪਰ ਪੰਥ ਦੇ ਪਿਆਰ ਤੇ ਸੇਵਾ ਦਾ ਦੁਖ ਸਤਾਉਂਦਾ ਸੀ ਅਤੇ ਬੇਗਮ ਦਾ ਪੁਤ੍ਰ ਅਮੀਨ ਦੀਨ ਸੀਤਲਾ ਦੇ ਰੋਗ ਨਾਲ ਮੌਤ ਦੇ ਮੂੰਹ ਚਲਾ ਗਿਆ । ਹੁਣ ਬੇਗਮ ਆਪ ਸ਼ੀਲਾ ਕੌਰ ਅਤੇ ਬਿਜੈ ਸਿੰਘ ਦੀ ਸਲਾਹ ਲੈਂਦੀ ਰਹਿੰਦੀ । ਜਿਸ ਦਾ ਸਦਕਾ ਨਵਾਬੀ ਸੰਭਾਲ ਲਈ ਅਤੇ ਮੁਰਾਦ ਬੇਗਮ ਆਪ ਪੰਜਾਬ ਦੀ ਰਾਣੀ ਬਣ ਗਈ, ਹੁਕਮ ਹਾਸਲ ਹੋ ਗਿਆ, ਸਾਰੇ ਐਸ਼ ਇਸ਼ਰਤ ਪ੍ਰਾਪਤ ਹਨ । (ਰੁਪੈ ਕਾਮੈ ਦੋਸਤੀ) ਵਾਲੀ ਸਟੇਜ ਪੁਜ ਗਈ ਅਤੇ ਭਖਾਰੀ ਖਾਂ ਮੁਨਸਬ ਪਰ ਮਾਇਲ ਹੋ ਬੈਠੀ, ਪਰ ਸ਼ੀਲਾ ਕੌਰ ਦੇ ਮਤ ਦੇਣ ਤੇ ਟਲ ਗਈ। ਅਮੀਰੀ ਰਾਤ ਦਿਨ ਹੁਜਾਂ ਮਾਰਦੀ ਚੈਨ ਕਿਵੇਂ ਪਵੇ,ਫੇਰ ਆਪਣੇ ਦਾਨੇ ਵਜ਼ੀਰ ਨੂੰ ਪਲਿਓਂ ਫੜ ਲਿਆ । ਨਿਮਕ ਹਲਾਲ ਵਜ਼ੀਰ ਨੇ ਵਾਸਤੇ ਪਾਏ, ਹਥ ਜੋੜੇ, ਧਰਮ ਦੇ ਵਾਸਤੇ ਪਾਏ ਪਰ ਕੌਣ ਸੁਣਦਾ ਹੈ, ਘੋੜੇ ਚੜ੍ਹਿਆ ਪੈਦਲ ਦੀ ਗਲ, ਸਗੋਂ ਬੇਗਮ ਆਪਣੇ ਹਰਬੇ ਵਰਤਣ ਲਗੀ, ਹਥ ਜੋੜੇ, ਤਰਲੇ ਕੀਤੇ, ਲਾਲਚ ਦਿਤੇ, ਅੰਤ ਦਾਬੇ ਤੇ ਧੌਂਸ ਪਾਈ, ਜਦੋਂ ਨਾ ਮੰਨਿਆ ਤਾਂ ਆਪਣੀ ਹਤਕ ਜਾਣ ਕੇ ਗੋਲੀਆਂ ਤੋਂ ਐਨੀ ਮਾਰ ਪੁਆਈ ਕਿ ਅਗਲੀ ਦੁਨੀਆਂ ਨੂੰ ਤੋਰ ਦਿਤਾ । ਜਿਸ ਦਾ ਅਸਰ ਦਰਬਾਰੀਆਂ ਪਰ ਬਹੁਤ ਪਿਆ ਅਤੇ ਸ਼ੀਲਾ ਕੌਰ ਅਤੇ ਬਿਜੈ ਸਿੰਘ ਵੀ ਉਥੋਂ ਕਿਵੇਂ ਨਾ ਕਿਵੇਂ ਨਿਕਲ ਜਾਣਾ ਚਾਹੁੰਦੇ ਸਨ, ਪਰ ਬੇਗਮ ਇਹ ਗਲ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਸੀ, ਸਗੋਂ ਹੋਰ ਵਧ ਤੋਂ ਵਧ ਸਹੂਲਤਾਂ ਦਿਤੀਆਂ ਗਈਆਂ । ਬਾਹਰ ਜਾਣ ਤੋਂ ਪਹਿਰੇ ਪੱਕੇ ਕਰ ਦਿਤੇ; ਕਿਸੇ ਨਾ ਕਿਸੇ ਬਹਾਨੇ ਗੱਲਾਂ ਲਾਈ ਰਖਦੀ, ਕਿੰਨਾ ਕਿੰਨਾ ਚਿਰ ਤਕ ਉਲਝਾਈ ਰਖਦੀ ਸੀ । ਜੇ ਜਾਣ ਦਾ ਜਤਨ ਕੀਤਾ ਪਹਿਰੇਦਾਰਾਂ ਰੋਕ ਲਿਆ । ਬੇਗਮ ਨੂੰ ਖਬਰ ਹੋਈ, ਪਹਿਰੇ ਹੋਰ ਪਕੇ ਕਰ ਦਿਤੇ ਸੀ। ਸ਼ੀਲਾ ਕੌਰ ਬਿਜੈ ਸਿੰਘ ਇਸ ਚਾਲ ਨੂੰ ਸਮਝਦੇ ਤਾਂ ਸੀ ਪਰ ਕਰ ਕੁਝ ਨਹੀਂ ਸੀ ਸਕਦੇ । ਕਿਲੇ ਤੋਂ ਬਾਹਰ ਰਾਤ ਦੇ ਹਨੇਰੇ ਵਿਚ ਹੇਠਾਂ ਉਤਰਨ ਦਾ ਜਤਨ ਕੀਤਾ ਤਾਂ ਪਹਿਰੇਦਾਰ ਆ ਪੁਜਾ, ਮੁੜਕੇ ਫੇਰ ਆਪਣੇ ਕਮਰੇ ਵਿਚ ਆਣ ਵੜੇ, ਖਬਰ ਪਾ ਕੇ ਬੇਗਮ ਭੀ ਆ ਗਈ ਤੇ ਕਿਹਾ ਸੀ ਕਿ ਤੁਸੀਂ ਮੇਰੇ ਨਾਲ ਘੁਲ ਮਿਲ ਜਾਓ ਅਤੇ ਕੋਈ ਵਧੀਕੀ ਨਾ ਕਰੋ ਅਰ ਮੁਸਲਮਾਨ ਹੋ ਜਾਉ । ਇਹ ਸੁਣ ਕੇ ਬਿਜੈ ਸਿੰਘ ਕ੍ਰੋਧ ਵਿਚ ਆ ਗਿਆ ਅਤੇ ਸੰਸਾਰ ਹੀ ਛਡ ਕੇ ਜਾਣ ਨੂੰ ਤਿਆਰ ਹੋ ਗਿਆ ਪਰ ਬੇਗਮ ਬੜੀ ਸਿਆਣੀ ਤੇ ਚਲਾਕ ਸੀ, ਫਟ ਦਬੋਚ ਗਈ ਤੇ ਕਹਿ ਦਿਤਾ ਸੀ ਕਿ ਮੈਂ ਤੁਹਾਡੀ ਮਰਜ਼ੀ ਬਿਨਾ ਕੋਈ ਗਲ ਨਹੀਂ ਕਰਦੀ ।

ਬਿਜੈ ਸਿੰਘ ਨੇ ਫੇਰ ਬੇਗਮ ਤੋਂ ਇਕਰਾਰ ਲਿਆ ਤਾਂ ਬੇਗਮ ਨੇ ਕਿਹਾ ਪਹਿਲਾਂ ਤੁਸੀਂ ਮੈਨੂੰ

Digitized by Panjab Digital Library | www.panjabdigilib.org

ਇਕਰਾਰ ਦਿਉ ਕਿ ਅਸੀਂ ਜਾਵਾਂਗੇ ਨਹੀਂ। ਬਿਜੇ ਸਿੰਘ ਨੇ ਕਹਿ ਦਿਤਾ ਕਿ ਜਦੋਂ ਤਕ ਤੁਸੀਂ ਨੇਮ ਬਧ ਰਹੋਗੇ ਓਦੋਂ ਤਕ ਮੈਂ ਪੂਰਾ ਉਤਰਾਂਗਾ।

੬- ਸਵੇਰ ਦੇ ਚਾਰ ਵਜੇ ਦਾ ਵੇਲਾ ਸੀ, ਸਿੰਘ ਜੀ ਨਿਤਨੇਮ ਤੇ ਅਭਿਆਸ ਵਿਚ ਮਗਨ ਇਕ ਚਿਤ ਜੁੜ ਕੇ ਬੈਠਾ ਸੀ, ਉਧਰ ਬੇਗਮ ਨਿੰਦ੍ਰਾ ਨਾਲ ਘੁਲਦੀ ਰਹੀ ਅਖਾਂ ਮੀਟੇ ਪਰ ਚੈਨ ਕੋਈ ਨਾ ਆਵੇ। ਕਦੀ ਆਪਣੇ ਭਵਿਖ ਨੂੰ ਸੋਚਦੀ ਕਦੀ ਸੁਗਮ ਸੁਖਾਂ ਨੂੰ ਯਾਦ ਕਰਦੀ ਕਦੀ ਬੀਤੀਆਂ ਘਟਨਾਵਾਂ ਨੂੰ ਪੜ੍ਹਦੀ, ਕਦੀ ਤ੍ਰੀਮਤਾਂ ਦੇ ਫਰਜ਼ਾਂ ਵਲ ਵੇਖਦੀ ਕਦੀ ਨੇਕ ਵਜ਼ੀਰ ਦੀ ਹੋਈ ਮੌਤ ਵਲ ਝਾਤੀ ਮਾਰਦੀ ਅਤੇ ਮਨ ਨੂੰ ਹੋੜਦੀ ਪਰ (ਮਨ ਅਸਾਧ ਸਾਧੇ ਜਨ ਕੋਇ) ਅੰਤ ਵੀਚਾਰਿਆ ਕਿ ਚਲੋ ਸਿੰਘ ਜੀ ਨਾਲ ਕੁਝ ਗਲ ਬਾਤ ਤਾਂ ਕਰਕੇ ਦੇਖਾਂ, ਉਹ ਤਾਂ ਬੜਾ ਹੀ ਭੋਲਾ ਹੈ - ਸੁਭਾਉ ਮਨ ਮੋਹਣਾ ਹੈ ਗਲ ਕਰਨ ਵਿਚ ਥੜਾ ਦਾਨਾ ਹੈ ਅਤੇ ਧਰਮੀ ਬੰਦਾ ਹੈ, ਬੰਦਗੀ ਵਾਲਾ ਹੈ, ਜਾਣੋ ਸਾਰੇ ਗੁਣ ਸਪੰਨ ਚੰਦ੍ਰਮਾਂ ਹੈ। ਉਠੀ ਅਤੇ ਬਿਜੈ ਸਿੰਘ ਦੇ ਕਮਰੇ ਵਲ ਚਲੀ ਗਈ, ਜਿਥੇ ਸ਼ੀਲਾ ਕੌਰ ਬਚੇ ਨਾਲ ਬੈਠੀ ਪਾਠ ਕਰਦੀ ਸੀ। ਚੰਦ ਦੀ ਚਾਨਣੀ ਵਿਚ ਬਾਹਰ ਵਲ ਝਾਤ ਮਾਰੀ, ਬਿਜੈ ਸਿੰਘ ਅਲਮਸਤ ਪਰਮੇਸ਼ਰ ਨਾਲ ਜੁੜਿਆਚੌਕੜਾ ਮਾਰੀ ਪਿਛੇ ਬੈਠਾ ਦਿਸਿਆ, ਤਕਦੇ ਸਾਰ ਬੇਗਮ ਦਾ ਦਿਲ ਬਰਫ ਵਾਂਗ ਠੰਢਾ ਸੀਤ ਹੋ ਗਿਆ ਅਤੇ ਸਿੰਘ ਜੀ ਅਗੇ ਜਾ ਝੁਕਿਆ ਅਤੇ ਬੋਲੀ ਕਿ ਸਿੰਘ ਜੀ ਜਿਵੇਂ ਤੁਹਾਨੂੰ ਕਿਸੇ ਦੀ ਯਾਦ ਵਿਚ ਨਿੰਦ੍ਰਾ ਨਹੀਂ ਆਉਂਦੀ, ਐਸ ਵੇਲੇ ਜਾਗਦੇ ਬੈਠ ਰਹੇ ਹੋ, ਮੈਨੂੰ ਤੇਰੀ ਯਾਦ ਵਿਚ ਨੀਂਦ ਨਹੀਂ ਆਈ; ਮੇਰੀ ਬੇਨਤੀ ਮੰਨੋ ਤੇ ਮੇਰੇ ਨਾਲ ਵਿਆਹ ਕਰਾ ਲਵੋ। ਮੁਸਲਮਾਨ ਹੋ ਜਾਉ ਤੁਹਾਡੀ ਮਰਜ਼ੀ ਨਹੀਂ ਤਾਂ ਐਵੇਂ ਹੀ ਰਹੋ ਕਿਸੇ ਨੂੰ ਦਸੋ ਭੀ ਨਾ, ਗੱਲ ਲੁਕਵੀਂ ਰਖੋ।

ਬੇਗਮ ਸਾਹਿਬਾ ਤੁਸੀਂ ਆਪਣੀ ਜਿੰਮੇਵਾਰੀ ਵਲ ਤਕੋ, ਦੇਸ਼ ਦਾ ਭਾਰ ਤੇਰੇ ਮੋਢਿਆਂ ਉਤੇ ਪਿਆ ਹੋਇਆ ਏ। ਬਦਨਾਮ ਹੋ ਜਾਏਂਗੀ, ਪ੍ਰਮੇਸ਼ਰ ਤੋਂ ਹਮੇਸ਼ਾਂ ਡਰਕੇ ਰਹਿਣਾ ਚਾਹੀਦਾ ਹੈ, ਬਿਜੈ ਸਿੰਘ ਦਾ ਉਤਰ ਸੀ।

ਵਿਆਹ ਦਾ ਰਿਸ਼ਤਾ ਪਵਿਤ੍ਰ ਹੁੰਦਾ ਹੈ ਇਕ ਦੂਜੇ ਦੇ ਦੁਖ ਸੁਖ ਦੇ ਸਾਂਝੀ ਹੋਣਾ ਹੁੰਦਾ ਹੈ, ਸਾਡੇ ਮਜ਼ਹਬ ਵਿਚ ਇਕ ਪੁਰਸ਼ ਚਾਰ ਸ਼ਾਦੀਆਂ ਕਰ ਸਕਦਾ ਹੈ, ਸ਼ੀਲਾ ਕੌਰ ਮੇਰੀ ਭੈਣ ਹੈ ਅਤੇ ਭੈਣ ਬਣਾ ਕੇ ਰਖਾਂਗੀ, ਰਾਜ ਭਾਗ ਦੀ ਮੈਨੂੰ ਪ੍ਰਵਾਹ ਨਹੀਂ, ਪਾਕ ਮੁਹਬਤ ਧਰਮ ਹੈ, ਤੁਸੀਂ ਮੇਰੀ ਗਲ ਮੰਨੋ ਇਕ ਤ੍ਰੀਮਤ ਮਰਦੇ ਦਮ ਤਕ ਏਨੀ ਗਲ ਨਹੀਂ ਕਹਿੰਦੀ, ਪਰ ਮੈਂ ਤੁਹਾਡੀ ਬਨਣਾ ਚਾਹੁੰਦੀ ਹਾਂ, ਬੇਗਮ ਨੇ ਕਿਹਾ ਸੀ।

ਬਿਜੈ ਸਿੰਘ-ਮੇਰੀ ਵਹੁਟੀ ਹੈ, ਮੈਂ ਹੋਰ ਕਿਸੇ ਨਾਲ ਸੰਜੋਗ ਨਹੀਂ ਕਰ ਸਕਦਾ, ਮੈਂ ਆਪਣੇ ਗੁਰੂ ਦੇ ਹੁਕਮ ਦੀ ਉਲੰਘਣਾ ਨਹੀਂ ਕਰਾਂਗਾ, ਇਹ ਗੁਰੂ ਦੀ ਆਗਿਆ ਨਹੀਂ। ਬਸ ਫੇਰ ਕੀ ਸੀ ਏਨੀ ਗਲ ਸੁਣ ਕੇ ਬੇਗਮ ਇਕਦਮ ਅਗ ਭਬੂਕੇ ਵਾਂਗ ਲਾਲ ਹੋ ਗਈ ਅਤੇ ਬਿਜੈ ਸਿੰਘ ਦਾ ਹਥ ਫੜਕੇ ਘੁਟ ਲਿਆ। ਪਰ ਸਿੰਘ ਜੀ ਨੇ ਝਟਕਾ ਮਾਰ ਕੇ ਛੁਡਾ ਲਿਆ, ਬੇਗਮ ਗੁਸੇ ਵਿਚ ਕੰਬੀ ਤੇ ਬੇਹੋਸ਼ ਹੋ ਕੇ ਗਿਰ ਪਈ ਦਿਨ ਚੜੇ ਗੋਲੀਆਂ ਚੁਕ ਕੇ ਅੰਦਰ ਲੈ ਗਈਆਂ, ਵੈਦ ਆ ਗਏ ਤੇ ਦਵਾ ਬੂਟੀ ਹੋਣ ਲਗੀ, ਰਾਤ ਦਾ ਉਨੀਂਦ੍ਰਾ ਸੀ ਨੀਂਦਰ ਆ ਗਈ ਤੀਜੇ ਪੈਹਰ ਜਾਗ ਖੁਲ੍ਹੀ ਸਥਿਲ ਜਿਸਮ ਫੇਰ ਸੋਚੀਂ ਪੈ ਗਈ, ਹੁਣ ਕੀ ਕੀਤਾ ਜਾਵੇ, ਭਿਖਾਰੀ ਖਾਂ ਨੂੰ ਦੰਡ ਦਿਤਾ, ਵਜ਼ੀਰ ਨੂੰ ਮਰਵਾ ਕੇ ਬਦਨਾਮੀ ਖਟੀ। ਹੁਣ ਇਸ ਨੂੰ ਕੀ ਕੀਤਾ ਜਾਵੇ, ਸ਼ੀਲਾ ਕੌਰ ਦਾ ਰੋੜਾ ਅਗਿਓਂ ਹਟਾਇਆ ਜਾਵੇ, ਉਸ ਨੂੰ ਕੋਠੜੀ ਵਿਚ ਬੰਦ ਕਰ ਦਿਤਾ, ਉਸ ਨੂੰ ਤੇ ਉਸ ਦੇ ਪੁਤਰ ਨੂੰ ਜ਼ਹਿਰ ਪਿਆ ਦਿਤੀ ਅਤੇ ਚੁਕਵਾ ਕੇ ਰਾਵੀ ਵਿਚ ਸੁਟਣ ਨੂੰ ਭੇਜਿਆ, ਪਰ ਕਰਮਚਾਰੀ ਰਾਤ ਦੇ ਹਨੇਰੇ ਵਿਚ ਕਿਲੇ ਤੋਂ ਬਾਹਰ ਹੀ ਸੁਟ ਕੇ ਮੁੜ ਆਏ ਸੀ।

Digitized by Panjab Digital Library | www.panjabdigilib.org

ਬਿਜੈ ਸਿੰਘ ਨੂੰ ਕਹਿ ਦਿਤਾ ਸੀ ਕਿ ਤੇਰੀ ਵਹੁਟੀ ਆਪਣੇ ਪਿਉ ਨਾਲ ਚੂਹੜਕਾਣੇ ਚਲੀ ਗਈ। ਬਿਜੈ ਸਿੰਘ ਤੁੰ ਉਹੀ ਆਪਣੀ ਸ਼ਰਤਾਂ ਮਨਵਾਉਣ ਦੇ ਜਤਨ ਤੇ ਹੀਲੇ ਜਾਰੀ ਰਖੇ। ਪਰ ਬਿਜੈ ਸਿੰਘ ਅਡੋਲ ਸ੍ਰੀ ਦਸਮੇਸ਼ ਜੀ ਦੀ ਸਿਖਿਆ ਦੀ ਸੇਧ ਪਰ ਜਾਂਦੇ ਹੋਏ ਮਲਤ੍ਰਾ ਨੂੰ ਉਪਦੇਸ਼ ਦਿਤਾ ਜਿਵੇਂ ਸ੍ਰੀ ਦਸਮੇਸ਼ ਜੀ ਨੇ ਰੂਪ ਕੁਅਰ ਨੂੰ ਕੀਤਾ ਸੀ। ਪਰ ਬੇਗਮ ਰਾਜ ਕੁਅਰ ਵਾਂਗ ਜ਼ਿਦ ਕਰਦੀ ਹੈ, ਉਸ ਦੇ ਉੱਤਰ ਆਪਣੀ ਭਾਸ਼ਾ ਤੇ ਗਿਆਨ ਗੋਸ਼ਟੀ ਕਰਦੀ ਹੈ, ਲਾਲਚ ਦਿੰਦੀ ਹੈ, ਸੰਸਾਰ ਦੇ ਸੁਖਾਂ ਦਾ ਫੋਟੋ ਵਿਖਾਉਂਦੀ ਹੈ। ਪਰ ਸਿੰਘ ਜੀ ਦੇ ਹਠ ਅਗੇ ਹਾਰ ਕੇ ਕਈ ਤਰ੍ਹਾਂ ਦੇ ਕਹਿਰੀ ਬਦਲ ਤੇ ਹਨੇਰੀਆਂ ਦੇ ਭੈ ਦਿੰਦੀ ਹੈ, ਅੰਤ ਚਾਰ ਹਬਸ਼ੀ ਨੰਗੀਆਂ ਤਲਵਾਰਾਂ ਲੈਕੇ ਪੁਜ ਜਾਂਦੇ ਹਨ।

੭-ਉਧਰ ਸ੍: ਬਿਜਲਾ ਸਿੰਘ ਜੀ ਸੂਹੀਏ ਦੇ ਵੇਸ ਵਿਚ ਕਿਲੇ ਵਲ ਆ ਨਿਕਲੇ, ਹਨੇਰੀ ਰਾਤ ਸੀ ਨਿਕੀ ਨਿਕੀ ਬਾਰਸ਼ ਹੋ ਰਹੀ ਸੀ, ਬਿਜਲੀ ਚਮਕੀ ਦੋ ਲਾਸ਼ਾਂ ਭਿਜੀਆਂ ਪਈਆਂ ਦਿੱਸੀਆਂ, ਨੇੜੇ ਜਏ ਤਾਂ ਸ਼ੀਲਾ ਕੌਰ ਤੇ ਉਸ ਸਿੰਘ ਦਾ ਬੱਚਾ ਪਿਆ ਦਿੱਸਿਆ, ਸਰਦੀ ਨਾਲ ਠੰਢੇ ਹੋ ਚੁਕੇ ਸਨ, ਪਰ ਸਵਾਸ ਆ ਰਿਹਾ ਸੀ। ਇਕ ਨੂੰ ਚੁਕਿਆ ਲਾਹੌਰ ਗੁਰਦੁਆਰਾ ਡੇਰਾ ਸਾਹਿਬ ਦੇ ਨੇੜੇ ਇਕ ਕੱਚੇ ਕੋਠੇ ਵਿਚ ਲਿਆ ਰਖਿਆ ਜਿਥੇ ਕੌੜਾ ਸਿੰਘ ਦੇ ਕੁਝ ਸਾਥੀ ਭੇਸ ਵਟਾਕੇ ਬਿਜੈ ਸਿੰਘ ਦੀ ਤਲਾਸ਼ ਵਿਚ ਉਸੇ ਕੋਨੇ ਵਿਚ ਆਏ ਬੈਠੇ ਸੀ, ਹਰਾ ਸਿੰਘ ਜਾਕੇ ਸ਼ੀਲਾ ਕੌਰ ਨੂੰ ਭੀ ਭਿੱਜਿਆਂ ਕਪੜਿਆਂ ਵਿਚ ਹੀ ਲਪੇਟਕ ਚੁਕ ਲਿਆਇਆ। ਸਿੰਘਾਂ ਨੇ ਪਛਾਣ ਲਿਆ ਅਰ ਸੁਕੇ ਕਪੜਿਆਂ ਵਿਚ ਲਪੇਟੇ ਅਤੇ ਸੇਵਾ ਕੀਤੀ ਜੋ ਸਫਲ ਹੋਈ ਦੋਹਾਂ ਹੀ ਮਾਂ ਪੁੱਤਰ ਦੀ ਜਾਨ ਬਚ ਗਈ ਅਤੇ ਕਿਲ੍ਹੇ ਵਿਚ ਆਪ ਬੀਤੀ ਵਾਰਤਾ ਸਿੰਘਾਂ ਨੂੰ ਦੱਸੀ। ਸਿੰਘ ਇਕੱਠੇ ਹੋਏ ਤਦਬੀਰਾਂ ਸੋਚੀਆਂ ਗਈਆਂ, ਰਾਤ ਦੇ ਸਮੇਂ ਕਿਲ੍ਹੇ ਵਿਚ ਦਾਖਲ ਜਾ ਹੋਏ ਕਿਲੇ ਦੀ ਭੇਤਣ ਸ਼ੀਲਾ ਕੌਰ ਦੀ ਸੇਵਾਦਾਰ ਸਾਰੀ ਸੂਹ ਸਿੰਘਾਂ ਨੂੰ ਦਿੰਦੀ ਰਹੀ ਜਿਸ ਦਾ ਸਦਕਾ ਸਿੰਘ ਐਨ ਠੀਕ ਨਿਸ਼ਾਨੇ ਪਰ ਜਾ ਪੁਜੇ। ਜਿਸ ਵੇਲੇ ਹਬਸ਼ੀ ਤਲਵਾਰਾਂ ਲੈ ਕੇ ਬਿਜੈ ਸਿੰਘ ਦੇ ਨੇੜੇ ਆਏ ਆਏ ਉਸ ਵੇਲੇ ਬਾਹਰੋਂ ਧਕਾ ਵਜਾ ਤੇ ਤਖਤੇ ਤੋੜ ਕੇ ਸਿੰਘ ਅੰਦਰ ਵੜ ਗਏ। ਬਿਜੈ ਸਿੰਘ ਨੂੰ ਲੈ ਕੇ ਪਹਿਰੇਦਾਰਾਂ ਨੂੰ ਡਰਾ ਧਮਕਾ ਕੇ ਰਾਤ ਦੇ ਹਨੇਰੇ ਵਿਚ ਨਿਕਲ ਕੇ ਝਲ ਵਿਚ ਜਾ ਵੜੇ। ਇਸ ਵਾਰਤਾ ਦੇ ਲਿਖਣ ਦਾ ਭਾਵ ਇਹ ਸੀ ਕਿ ਜਿਵੇਂ ਸਰੂਪਨਖਾਂ ਤੇ ਸ੍ਰੀ ਰਾਮ ਚੰਦ੍ਰ ਜੀ ਨਾਲ ਵਰਤੀ ਸੀ ਅਤੇ ਇਸੇ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰੂਪ ਕੁਅਰ ਵਾਲੇ ਚਰਿਤ੍ਰ ਦਾ ਨਕਸ਼ਾ ਖਿਚ ਕੇ ਦਸਿਆ ਸੀ। ਐਨ ਉਹਨਾਂ ਹੀ ਪੈਰਾਂ ਦੇ ਚਿੰਨ੍ਹਾਂ ਤੇ ਚਲਣ ਵਾਲੇ ਸ੍: ਬਿਜੈ ਸਿੰਘ ਨੇ ਸਬੂਤ ਦਿਤਾ ਹੈ ਜੋ ਸ੍ਰੀ ਦਸਮੇਸ਼ ਜੀ ਦੀ ਸਿਖਿਆ ਦਾ ਚਮਤਕਾਰ ਹੀ ਹੈ।

ਨਾਰਾ ਜੀ ਪੰਨਾ ੬ ਪਰ ਨੋਟ ਲਿਖਦੇ ਹਨ ਕਿ ਇਹ ਉਹ ਸਮਾਂ ਹੈ ਜਦੋਂ ਗੁਰੂ ਸਾਹਿਬ ਰਾਜਾ ਬਿਭੌਰ ਦੇ ਪ੍ਰੇਮ ਵਸ ਉਸ ਦੇ ਪਾਸ ਕਦੀ ਕਦਾਈਂ ਜਾ ਕੇ ਠਹਿਰਦੇ ਅਤੇ ਬਾਬਾ ਕਲਾ ਧਾਰੀ ਜੀ ਉਨਾ ਵਾਲਿਆਂ ਨਾਲ ਮਿਲਕੇ ਸ਼ਿਕਾਰ ਖੇਡਿਆ ਕਰਦੇ ਹੁੰਦੇ ਸਨ। ਫੇਰ ਨਾਲ ਹੀ ਇਹ ਵੀ ਨਿਸਚਿਤ ਹੈ ਕਿ ਅਗਰ ਅਨੂਪ ਕੁਅਰਿ ਦਾ ਇਹ ਚਰਿਤ੍ਰ ਪੇਸ਼ ਨਾ ਆਉਂਦਾ ਤਾਂ ਸ਼ਾਇਦ ਇਸ ਚੌਪਈ ਬੇਨਤੀ ਜੈਸੀ ਅਮੁੱਲ ਦਾਤ ਪੰਥ ਪਾਸ ਨਾ ਹੁੰਦੀ ਅਤੇ ਨਾ ਹੀ ੪੦੫ ਤ੍ਰਿਯਾ ਚਰਿਤ੍ਰ ਪਖਿਆਣ ਜੈਸੀ ਸਿਖਿਆ ਦਾਇਕ ਲਿਖਤ ਵਜੂਦ ਵਿਚ ਆਉਂਦੀ। ਜੋ ਵਖੋ ਵਖ ਥਾਵਾਂ ਵਿਚ ਕਿਤੇ ਕੋਈ ਕ੍ਰਿਤ ਜਾਂ ਕੋਈ ਕਹਾਣੀ ਤਾਂ ਹੈਗੀ ਸੀ ਪਰ ਇਕੋ ਪੁਸਤਕ ਰੂਪ ਵਿਚ ਸੰਕਲਤ ਕਰਕੇ ਅਤੇ ਆਪਣੇ ਉਤੇ ਬੀਤੇ ਹਾਲ ਨੂੰ ਨਾਲ ਰਲਾਇ ਲਿਖਿਆ ਜੋ ਹੈ ਸਾਰੇ ਸਿਖ ਤੇ ਅਸਿਖ ਲੋਕਾਂ ਦੀਆਂ ਅਖਾਂ ਖੋਹਲਕੇ ਚੇਤੰਨ ਕਰਨ ਵਾਲਾ ਗੁਰੂ ਦਸਮ ਗ੍ਰੰਥ ਦਾ ਇਕ ਹਿੱਸਾ ਹੋ ਚੁਕਾ ਹੈ।

ਅਗੇ ਸਫਾ ੬੨ ਪਰ- ਸ੍ਰੀ ਦਸਮ ਗੁਰੂ ਗ੍ਰੰਥ ਦੀ ਪਹਿਲੀ ਰੁਪਤਾ ਦੇ ਮੋਟੇ ਹਰਫਾਂ ਵਿਚ ਸਿਰਲੇਖ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖੁਦ ਭੀ ਬਹੁਤ ਗ੍ਰੰਥ ਲਿਖੇ, ਜਿਨਾਂ ਵਿਚ ਆਪਣੇ ਕਈ ਜਨਮ

Digitized by Panjab Digital Library | www.panjabdigilib.org

ਧਾਰੇ ਦੇ ਹਾਲ ਦਸੇ ਸਨ, ਉਹ ਨਹੀਂ ਮਿਲ ਸਕੇ । ਕੇਵਲ ਹੁਣ ਤੋਂ ਪਿਛਲੇ ਬੀਤੇ ਜਨਮ ਦਾ ਹਾਲ ਇਤਨਾ ਹੀ ਦੱਸਿਆ ਹੈ ਕਿ ਹੇਮ ਕੁੰਟ ਪਰਬਤ ਉਤੇ ਸਪਤ ਸ੍ਰਿੰਗ ਥਾਂਟਿ, ਤਪਸਿਆ ਕੀਤੀ ਹੈ। ਫਿਰ ਬਚਿਤ੍ਰ ਨਾਟਕ ਦੇ ੧੪ਵੇਂ ਧਿਆਇ ਦੇ ਅਖੀਰ ਵਿਚ ਲਿਖੇ ਤੇ ਪਤਾ ਚਲਦਾ ਹੈ ਕਿ ਉਨ੍ਹਾਂ ਨੇ ਪੂਰਬਲੇ ਕਈ ਜਨਮਾਂ ਦੇ ਗ੍ਰੰਥ ਲਿਖੇ ਤੇ ਪਹਿਲਾ ਜਨਮ ਸਤਿਜੁਗ ਦਾ ਦਸਿਆ ਸੀ ।

ਜਿਹ ਜਿਹ ਬਿਧ ਜਨਮਨ ਸੁਧਿ ਆਈ ॥ ਤਿਮ ਤਿਮ ਕਹੇ ਗ੍ਰੰਥ ਬਨਾਈ ॥
ਪ੍ਰਥਮੇ ਸਤਿਜੁਗ ਜਿਹ ਬਿਧ ਲਹਾ ॥ ਪ੍ਰਥਮੇ ਦੇਬਿ ਚਰਿਤ੍ਰ ਕੋ ਕਹਾ ॥ ੧੦॥

ਨਾਰਾ ਜੀ ਕਥਨ ਹੈ ਕਿ ਉਕਤ ਗ੍ਰੰਥ ਹੁਣ ਨਹੀਂ ਮਿਲਦੇ ਜਿਸ ਤੇ ਪਤਾ ਚਲਦਾ ਹੈ ਕਿ ਉਪਕਾਰੀ ਸਤਿਗੁਰੂ ਨੇ ਹੁਣ ਤੋਂ ਪਹਿਲੇ ਭੀ ਕੀ ਕੀ ਉਪਕਾਰ ਕੀਤੇ ਸਨ ? ਪਰ ਆਪ ਜੀ ਦੀ ਨਵੀਨ ਰਚਨਾ (ਸ੍ਰੀ ਜਾਪ ਸਾਹਿਬ ਵਾਰ ਸ੍ਰੀ ਭਗਉਤੀ ਜੀ ਕੀ), ਰਾਮ ਕਥਾ (ਰਮਾਇਣ) ਕ੍ਰਿਸ਼ਨਾ ਅਵਤਾਰ ਆਦਿਕ ਸੰਚੀਆਂ ਡਬਲ ਕਾਪੀਆਂ (ਜੋ ਦੂਰ ਨੇੜੇ ਦੇ ਕਈ ਸਿੱਖਾਂ ਨੇ ਲਿਖ ਰਖੀਆਂ ਸਨ) ਗੁਰੂ ਗੋਬਿੰਦ ਸਿੰਘ ਜੀ ਤੋਂ ਪੰਜ ਸਾਲ ਪਿਛੋਂ ਲਭਦੇ ਸੰਮਤ ੧੭੭੦ ਵਿਚ ਭਾਈ ਮਨੀ ਸਿੰਘ ਜੀ ਨੇ ਦਸਮ ਗੁਰੂ ਗ੍ਰੰਥ ਰਚਿਆ ਜੋ ਆਦਿ ਗੁਰੂ ਗ੍ਰੰਥ ਜੀ ਨਾਲ ਪਿਛੇ ਜੋੜ ਦਿਤਾ ਸੀ । ਜਿਸ ਤੋਂ ਸਾਬਤ ਹੋ ਜਾਂਦਾ ਹੈ ਕਿ ਉਹਨਾਂ ਦੇ ਵਿਚਾਰ ਵਿਚ ਵੀ ਸ੍ਰੀ ਦਸਮ ਗ੍ਰੰਥ ਦੀ ਸਾਰੀ ਬਾਣੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਿਤ ਹੈ । ਕਿਉਂਕਿ ਉਸ ਵੇਲੇ ਉਨ੍ਹਾਂ ਦੀ ਰਚਨਾਂ ਦੇ ਇਹੋ ਵਧੇਰੇ ਪਾਰਖੂ ਸਨ, ਜਿਨ੍ਹਾਂ ਦੀ ਲਿਖੀ ਬੀੜ ਇਕੋ ਜਿਲਦ ਰੂਪ ਵਿਚ ਰਾਜਾ ਗੁਲਾਬ ਸਿੰਘ ਸੇਠੀ ਦੇ ਘਰ (ਹਨੂਮਾਨ ਰੋਡ) ਨਵੀਂ ਦਿੱਲੀ ਮੌਜੂਦ ਹੈ। ਮੌਜਸ ਵਿਚ ਗੁਰੂ ਦਸਮ ਗ੍ਰੰਥ ਸਾਹਿਬ ਰੂਪਮਾਨ ਹੋਇਆ ਸੀ ।

ਪੰਡਤ ਨਰਾਇਣ ਸਿੰਘ ਵਿਦਿਆ ਮਾਰਤੰਡ ਖੁਲਾਸੇ ਵਿਚ ਲਿਖਦੇ ਹਨ ਇਹ ਪੁਸਤਕ ਸ੍ਰੀ ਦਸਮ ਗ੍ਰੰਥ ਸਾਹਿਬ ੧੭੫੫ ਵਿਚ ਪੂਰਾ ਕੀਤਾ ਹੈ ਅਤੇ ਅੰਮ੍ਰਿਤ ਪ੍ਰਚਾਰ ੧੭੫੬ ਵਿਸਾਖ ਤੋਂ ਆਰੰਭ ਹੁੰਦਾ ਹੈ, ਇਸ ਲਈ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਨਾਮ ਦੇ ਨਾਲ ਸਿੰਘ ਨਹੀਂ ਲਾਇਆ । ਅੰਤ ਵਿਚ ਲਿਖਦੇ ਹਠ–

ਦੋਹਰਾ–ਸਗਲ ਦੁਆਰ ਕਉ ਛਾਡਿ ਕੈ ਗਹਯੋ ਤੁਹਾਰੋ ਦੁਆਰ ॥
ਬਾਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ ॥

ਅਸ ਦੇ ਅਰਥ ਹਨ–ਸਾਰੀ ਕਾਇਨਾਤ ਤੇ ਹਕਮ ਕਰਨ ਵਾਲੀ ਲਿਸ਼ਕਦੀ ਤਲਵਾਰ ॥

ਦ–ਸੱਜਰੇ ਸਬੂਤ ਲਈ ਦੇਖੋ (ਸਚਖੰਡ ਪਤਰ) ਜਨਵਰੀ ੧੯੮੫ ਪੰ: ੪੬ ॥

ਅਖੰਡ ਪਾਠਾਂ ਸੰਬੰਧੀ ਬੇਨਤੀ : ਅਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਪਾਠਾਂ ਦਾ ਪ੍ਰਵਾਹ ਤਖਤ ਸਾਹਿਬ ਵਿਖੇ ਸਦਾ ਹੀ ਚਲਦਾ ਰਹਿੰਦਾ ਹੈ । ਅਖੰਡ ਪਾਠ ਕਰਵਾਏ ਜਾਣ ਦੇ ਇਛਕ ਸਜਣਾਂ ਪਾਸ ਬੇਨਤੀ ਹੈ, ਇਸ ਸੰਬੰਧ ਵਿਚ ਮਾਇਆ ਸੁਪਰਡੈਂਟ ਗੁ: ਸਚਖੰਡ ਸ੍ਰੀ ਹਜੂਰ ਸਾਹਿਬ ਨਾਦੇੜ ੪੩੧੬੦੧ (ਮਹਾਰਾਸ਼ਟਰ) ਦੇ ਨਾਮ ਭੇਜ ਦੇਣ, ਜਿਸ ਦਾ ਭਾਵ ਹੈ ਕਿ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਜਾਂ ਸਹਜ ਪਾਠ ਅਜ ਵੀ ਸਚਖੰਡ ਗੁਰਦਵਾਰੇ ਵਿਚ ਪੁਰਾਤਨ ਰਵਾਇਤ ਅਨੁਸਾਰ ਕੀਤੇ ਜਾਂਦੇ ਹਨ ।

ਸਮਾਪਤ ੨੬ ਸਾਵ ਦੀ ੭ ਸ਼ੁਕਰਵਾਰ ੨੦੩੮ ਬਿ:, ਸੰਨ ੭-੮-੧੯੮੧

ਈਸਰ ਸਿੰਘ

Digitized by Panjab Digital Library | www.panjabdigilib.org

ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਦੀ ਪੜਚੋਲ

ਦਸਮ ਗ੍ਰੰਥ ਦੀ ਰਾਸ਼ਟਰੀ ਮਹਾਨਤਾ

(ਜਾਗ੍ਰਤੀ ਫਰਵਰੀ ੧੯੮੩ ਵਿਚੋਂ)

(ਵਲੋਂ ਡਾ: ਬਲਬੀਰ ਸਿੰਘ ਦਿਲ ਧਨਵਾਦ ਸਹਿਤ)

ਹੇਠ ਲਿਖੀਆਂ ਤੁਕਾਂ ਰਚਣ ਵਾਲੇ ਅਧਿਆਤਮਕ ਕਵੀ ਦੀ ਆਤਮਕ ਅਵਸਥਾ ਅਦਵੈਤਵਾਦ ਦੀ ਅੰਤਮ ਚਰਮ-ਸੀਮਾ ਨੂੰ ਪਾਰ ਕਰ ਗਈ ਹੈ। ਅੰਤਰ ਕੇਵਲ ਇਤਨਾ ਹੈ ਕਿ ਸ਼ੰਕਰ ਦਾ ਅਦਵੈਤਵਾਦ "ਅਹੰ ਬ੍ਰਹਮ ਅਸਮੀ" ਆਖਦਾ ਹੈ, ਪਰ ਗੁਰੂ ਗੋਬਿੰਦ ਸਿੰਘ "ਮੈਂ ਉਹੀ" ਦੀ ਥਾਂ "ਏਕ ਤੂਹੀ" ਜ "ਤੁਹੀ ਤੁਹੀ" ਆਖਦਾ ਹੋਇਆ ਪ੍ਰਭੂ ਨਾਲ ਅਭੇਦ ਹੋ ਜਾਂਦਾ ਹੈ। ਜਿਵੇਂ-ਜਿਮੀ ਤੁਹੀ । ਜਮਾ ਤੁਹੀ। ਮਕੀਂ ਤੁਹੀ। ਮਕਾਂ ਤੁਹੀ। ਅਭੂ ਤੁਹੀ। ਅਭੈ ਤੁਹੀ। ਅਛੂ ਤੁਹੀ। ਅਛੈ ਤੁਹੀ।

ਵੈਸੇ ਅਕਾਲ-ਉਸਤਤਿ ਨਾਮੀ ਬਾਣੀ ਦੁਆਰਾ ਗੁਰੂ ਸਾਹਿਬ ਨੇ ਪ੍ਰਭੂ ਦੇ ਨਿਰਗੁਣ ਅਤੇ ਸਰਗੁਣ ਸਰੂਪਾਂ ਨੂੰ ਕਈ ਥਾਈਂ ਰਹੱਸਵਾਦੀ ਰਮਜਾਂ, ਚਿੰਨ੍ਹਾਂ, ਇਸ਼ਾਰਿਆਂ ਦੁਆਰਾ ਸੂਤਰ-ਬੱਧ ਸ਼ੈਲੀ ਵਿਚ ਵੀ ਅਨੂਪਮ ਅੰਦਾਜ਼ ਨਾਲ ਦਰਸਾਇਆ ਹੈ,ਪਰ ਆਮ ਕਰਕੇ ਮਨੁੱਖਤਾ ਦੀ ਏਕਤਾ ਨੂੰ ਦ੍ਰਿੜ੍ਹ ਕਰਵਾਇਆ ਹੈ।

ਗੁਰੂ ਗੋਬਿੰਦ ਸਿੰਘ ਨੇ "ਅਕਾਲ ਉਸਤਤਿ" ਬਾਣੀ ਦੁਆਰਾ ਸਮੁੱਚੀ ਸ੍ਰਿਸ਼ਟੀ ਨੂੰ ਪ੍ਰਭੂ ਦਾ ਜਾਪ ਕਰਦਿਆਂ ਵਿਖਾਇਆ ਹੈ। ਪ੍ਰਾਕ੍ਰਿਤਕ ਦ੍ਰਿਸ਼ਾਂ, ਚੰਦ ਸੂਰਜ ਆਦਿਕ ਸਿਆਰਿਆਂ ਅਤੇ ਮਿਥਿਹਾਸਕ ਦੇਵਤਿਆਂ-ਦੈਂਤਾਂ ਤੋਂ ਲੈ ਕੇ ਸੰਸਾਰ ਭਰ ਦੇ ਮੁਲਕਾਂ, ਕੌਮਾਂ, ਨਸਲਾਂ ਧਰਮਾਂ ਅਤੇ ਭੇਖਾਂ ਦੇ ਸਮੂਹ ਲੋਕਾਂ ਨੂੰ ਗੁਰੂ ਜੀ ਨੇ ਇਕੋ ਜਿਹੇ ਸਤਿਕਾਰ ਅਤੇ ਪਿਆਰ ਨਾਲ ਪ੍ਰਭੂ ਦੀ ਯਾਦ ਵਿਚ ਜੁੜਿਆਂ ਵਿਖਾਇਆ ਹੈ। ਪ੍ਰਾਚੀਨ ਭਾਰਤ, ਜੋ ਸੰਨ ਸੰਤਾਲੀ ਤੋਂ ਪੂਰਵ ਕਈ ਵਾਰ ਵੰਡਿਆ ਜਾ ਚੁਕਾ ਹੈ, ਗੁਰੂ ਜੀ ਦੀ ਕਲਪਨਾ ਦੇ ਕੈਨਵਸ ਉਤੇ ਇਕੋ ਜਿਹੇ ਪਿਆਰ ਨਾਲ ਚਿਤ੍ਰਿਆ ਗਿਆ ਹੈ। ਉੱਤਰੀ ਹਿਮਾਲਾ ਤੋਂ ਲੈ ਕੇ ਦੱਖਣ ਵਿਚ ਰਾਮੇਸ਼ਵਰਮ ਤੀਕ ਅਤੇ ਪੂਰਬ ਵਲੋਂ ਕੀਚ ਮਕਰਾਨ (ਅੱਜ ਕੱਲ ਭਾਰਤ ਤੋਂ ਬਾਹਰ) ਤੋਂ ਲੈ ਕੇ ਆਸਾਮ ਦੀਆਂ ਪਹਾੜੀਆਂ ਤੋਂ ਪਾਰ ਸਭ ਲੋਕ ਗੁਰੂ ਜੀ ਦੇ ਪਿਆਰ ਦਾ ਪਾਤਰ ਬਣੇ ਹਨ। ਇਸੇ ਤਰ੍ਹਾਂ ਭਾਰਤ ਤੋਂ ਬਾਹਰ ਗੁਆਂਢੀ ਦੇਸ਼ਾਂ ਵਿਚੋਂ ਤਿੱਬਤ, ਚੀਨ, ਨੇਪਾਲ, ਅਫਗਾਨਿਸਤਾਨ, ਈਰਾਨ ਆਦਿਕ ਮੁਲਕਾਂ ਦੇ ਲੋਕਾਂ ਦਾ ਗੁਰੂ ਜੀ ਨੇ ਪਿਆਰ ਸਹਿਤ ਵਰਣਨ ਕੀਤਾ ਹੈ। ਦੂਰ-ਦੁਰਾਡੇ ਦੇਸ਼ਾਂ ਵਿਚੋਂ ਅਰਥ-ਦੇਸ਼ ਫਿਰੰਗਸਥਾਨ, ਇਟਲੀ (ਰੂਮ), ਅਫਰੀਕਾ (ਹਬਸ਼ ਦੇਸ਼) ਆਦਿਕ ਦੇਸ਼ਾਂ ਦੇ ਲੋਕਾਂ ਦਾ ਵੀ ਵਰਣਨ ਹੈ। ਖੂਬੀ ਇਹ ਹੈ ਕਿ ਭਾਰਤ ਦੇ ਵੱਖ ਵੱਖ ਪ੍ਰਾਂਤਾਂ ਦੇ ਲੋਕਾਂ (ਮਰਹਟਿਆਂ, ਮਘੈਲਿਆਂ, ਰੁਹੇਲਿਆਂ, ਬੁੰਦੇਲਿਆਂ, ਤਿਲੰਗੀਆਂ, ਬੰਗਾਲੀਆਂ ਦਿੱਲੀ-ਵਾਲਿਆਂ ਆਦਿਕ) ਨੂੰ ਵੀ ਅਤੇ ਉਨ੍ਹਾਂ ਦੇ ਨਾਲ ਹੀ ਬਾਕੀ ਦੇ ਦੇਸ਼ ਦੇ ਲੋਕਾਂ ਨੂੰ ਵੀ ਮੁਲਕੀ-ਹੱਦਾਂ ਅਤੇ ਨਸਲੀ ਵਿਤਕਰਿਆਂ ਨੂੰ ਦੂਰ ਕਰਕੇ ਸਰਬ-ਸਾਂਝੀਵਾਲ ਭਾਈਚਾਰੇ ਵਾਂਗ ਇਕੋ ਇਕ ਅਤੇ ਸਰਬ-ਸਾਂਝੇ ਪ੍ਰਭੂ ਨਾਲ ਇਕਸੁਰ ਹੋਣ ਦੀ ਪ੍ਰੇਰਨਾ ਕੀਤੀ ਹੈ। ਇਸ ਕਥਨ ਦੀ ਪੁਸ਼ਟੀ ਵਜੋਂ ਅਕਾਲ-ਉਸਤਤਿ ਦੇ ਤੇਰ੍ਹਾਂ ਕਬਿੱਤ (ਅੰਕ ਨੰ: ੨੫੪ ਤੋਂ ੨੬੬) ਪੇਸ਼ ਕੀਤੇ ਜਾ ਸਕਦੇ ਹਨ। ਤੁਰੰਤ ਹਵਾਲੇ ਲਈ ਦੋ ਕਬਿੱਤ ਹਾਜ਼ਰ ਹਨ ਜੋ ਭਾਰਤ ਦੇ ਵੱਖ

Digitized by Panjab Digital Library | www.panjabdigilib.org

ਵੱਖ ਪ੍ਰਾਂਤਾਂ ਦੇ ਲੋਕਾਂ ਨੂੰ ਦੂਜੇ ਦੇਸ਼ ਦੇ ਲੋਕਾਂ ਨਾਲ ਇਕੋ ਪਿੜ ਵਿਚ ਖੜੋਤਿਆਂ ਵਿਖਾ ਕੇ ਸਭਨਾਂ ਨੂੰ ਉਚੇਰੇ ਆਦਰਸ਼ ਦੀ ਯਾਦ ਕਰਵਾਉਂਦੇ ਹਨ :

ਪੂਰਬੀ ਨ ਪਾਰ ਪਾਵੈ, ਹਿੰਗੁਲਾ ਹਿਮਾਲੈ ਧਿਆਵੈ,
ਗੈਰ ਗਰਦੇਜੀ ਗੁਨ ਗਾਵੈ ਤੇਰੇ ਨਾਮ ਹੈਂ ॥
ਜੋਗੀ ਜੋਗ ਸਾਧੈ ਪਉਨ ਸਾਧਨਾ ਕਿਤੇਕ ਬਾਧੈ,
ਆਰਬ ਕੇ ਆਰਬੀ ਅਰਾਧੈ ਤੇਰੇ ਨਾਮ ਹੈਂ ॥
ਫਰਾ ਕੇ ਫਿਰੰਗੀ ਕੰਧਾਰੀ ਕੁਰੇਸੀ ਜਾਨੈ,
ਪਛਮ ਕੇ ਪਛਮੀ ਪਛਾਨੈ ਨਿਜ ਕਾਮ ਹੈਂ ॥
ਮਰਹਟਾ ਮਘੇਲੇ ਤੇਰੀ ਮਨ ਸੋ ਤਪਸਿਆ ਕਰੈ,
ਦਿੜਵੈ ਤਿਲੰਗੀ ਪਰਚਾਨੈ ਧਰਮ ਧਾਮ ਹੈਂ ॥ ੨੫੪ ॥
ਬੰਗ ਕੇ ਬੰਗਾਲੀ ਫਿਰਹੰਗ ਕੇ ਫਿਰੰਗਾਵਾਲੀ
ਦਿਲੀ ਕੇ ਦਿਲਵਾਲੀ ਤੇਰੀ ਆਗਿਆ ਮੈ ਚਲਤ ਹੈਂ ॥
ਰੋਹ ਕੇ ਰੁਹੇਲੇ ਮਾਘ ਦੇਸ ਕੇ ਮਘੇਲੇ ਬੀਰ
ਬੰਗਸੀ ਬੁੰਦੇਲੇ ਪਾਪ ਪੁੰਜ ਕੋ ਮਲਤ ਹੈਂ।
ਗੋਖਾ ਗੁਨ ਗਾਵੈ ਚੀਨ ਮਚੀਨਾ ਕੇ ਸੀਸ ਨਜਾਵੈ
ਤਿਬਤੀ ਧਿਆਇ ਦੋਖ ਦੇਹ ਕੋ ਦਲਤ ਹੈਂ ॥
ਜਿਨੈ ਤੋਹਿ ਧਿਆਇਓ ਤਿਨੈ ਪੂਰਨ ਪ੍ਰਤਾਪ ਪਾਇਓ
ਸਰਬ ਧਨ ਧਾਨ ਫਲ ਫੂਲ ਸੋ ਫਲਤ ਹੈਂ ॥ ੨੫੫ ॥

ਅਖੀਰਲੀ ਤੁਕ ਰਾਹੀਂ ਸਰਬ ਦੇਸਾਂ ਅਤੇ ਸਰਬ ਭੇਖਾਂ ਦੇ ਲੋਕਾਂ ਨੂੰ ਪ੍ਰਭੂ ਭਗਤੀ ਦੁਆਰਾ ਪ੍ਰਾਪਤ ਹੋਣ ਵਾਲੇ ਫਲ ਵਲ ਵੀ ਸੰਕੇਤ, ਬਿਨਾਂ ਕਿਸੇ ਵਿਤਕਰੇ ਦੇ ਕੀਤਾ ਗਿਆ ਹੈ। ਇਸੇ ਤਰ੍ਹਾਂ ਭਾਰਤ ਦੀਆਂ ਉੱਨਤ ਅਤੇ ਵਿਕਸਿਤ ਜਾਤੀਆਂ ਦਾ ਜਿੱਥੇ ਵਰਣਨ ਕੀਤਾ ਹੈ, ਉਥੇ ਭਾਰਤ ਦੇ ਆਦਿ-ਵਾਸੀ ਦਿਰਾਵੜਾਂ (ਦਿੜਵੈ) ਨੂੰ ਵੀ ਇਕੋ ਜਿਹਾ ਸਤਿਕਾਰ ਅਤੇ ਪਿਆਰ ਪ੍ਰਦਾਨ ਕੀਤਾ ਗਿਆ ਹੈ।

ਸੋ ਅਕਾਲ-ਉਸਤਤਿ ਦੀ ਵਿਸ਼ੇਸ਼ਤਾ ਪ੍ਰਭੂ ਦੀ ਏਕਤਾ ਦਰਸਾਉਣ ਵਿਚ ਵੀ ਉਤਨੀ ਹੀ ਮਹਾਨ ਹੈ; ਜਿਤਨੀ ਸਰਬ ਦੇਸ਼ਾਂ ਅਤੇ ਸਰਬ ਭੇਖਾਂ ਦੇ ਲੋਕਾਂ ਵਿਚ ਮਨੁੱਖੀ ਏਕਤਾ ਦਾ ਭਾਵ ਦ੍ਰਿੜ ਕਰਵਾਉਣ ਵਿਚ । ਗੁਰੂ ਗੋਬਿੰਦ ਸਿੰਘ ਦਾ ਸਮੁੱਚਾ ਜੀਵਨ ਅਕਾਲ-ਉਸਤਤਿ ਦੇ ਇਸ ਕਥਨ ਦੀ ਗੁਆਹੀ ਦਿੰਦਾ ਹੈ।

"ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ
ਮਾਨਸ ਕੀ ਜਾਤ, ਸਬੈ ਏਕੈ ਪਹਿਚਾਨਬੋ ॥"

'ਰਾਮਕਲੀ ਰਾਗ' ਵਿਚ ਉਨ੍ਹਾਂ ਦੇ 'ਸ਼ਬਦ' ਅਤੇ ਇਸੇ ਤਰ੍ਹਾਂ ਦਸਮ-ਗ੍ਰੰਥ ਵਿਚ ਵੱਖ ਵੱਖ ਥਾਂਵਾਂ

Digitized by Panjab Digital Library | www.panjabdigilib.org

ਉਤੇ ਦਰਜ ਕੀਤੇ ਕਈ 'ਸਵੈਯੇ' ਵੀ ਉਪਰੋਕਤ ਬਾਣੀਆਂ ਵਾਂਗ ਹੀ ਆਦਿ-ਗ੍ਰੰਥ ਦੀ ਬਾਣੀ ਨਾਲ ਇਕਸੁਰ ਹੁੰਦੇ ਹੋਏ ਕਾਵਿ-ਸ਼ੈਲੀ ਦੇ ਪੱਖ ਤੋਂ ਨਿਵੇਕਲੀ ਛਬ ਵਾਲੇ ਹਨ।

ਦਸਮ ਗ੍ਰੰਥ ਵਿਚ ਸ਼ਾਮਿਲ ਕਾਵਿ ਰਚਨਾਵਾਂ "ਬਚਿਤ੍ਰ ਨਾਟਕ" ਅਤੇ "ਜ਼ਫਰਨਾਮਹ" ਦਾ ਅਧਿਐਨ ਕਰਨ ਤੋਂ ਬਿਨਾਂ ਨਾ ਗੁਰੂ ਗੋਬਿੰਦ ਸਿੰਘ ਦੇ ਜੀਵਨ ਅਤੇ ਮਿਸ਼ਨ ਬਾਰੇ ਠੋਸ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਨਾ ਹੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਅਸਲ ਕਾਰਨ ਦਾ ਪਤਾ ਲਗ ਸਕਦਾ ਹੈ। ਗੁਰੂ ਜੀ ਨੇ "ਬਚਿਤ੍ਰ ਨਾਟਕ" ਵਿਚ ਸਪਸ਼ਟ ਸ਼ਬਦਾਂ ਰਾਹੀਂ ਇਸ ਤਥ ਨੂੰ ਵਰਣਨ ਕੀਤਾ ਹੈ ਕਿ ਗੁਰੂ ਤੇਗ ਬਹਾਦਰ ਨੇ ਆਪਣੀ ਸ਼ਹੀਦੀ ਹਿੰਦੂ-ਧਰਮ ਦੀ ਰੱਖਿਆ ਲਈ ਦਿੱਤੀ ਸੀ।

"ਧਰਮ ਹੇਤ ਸਾਕਾ ਜਿਨਿ ਕੀਆ ॥

ਅਤੇ

ਸੀਸੁ ਦੀਆ ਪਰ ਸਿਰਰੁ ਨ ਦੀਆ ॥"

ਇਹ ਦੋਵੇਂ ਮਹਾਂ-ਵਾਕ ਇਸ ਗੱਲ ਵਲ ਸੰਕੇਤ ਕਰਦੇ ਹਨ ਕਿ ਗੁਰੂ ਤੇਗ ਬਹਾਦਰ ਨੇ ਹਿੰਦੂ-ਧਰਮ ਨੂੰ ਬਚਾਉਣ ਲਈ ਸ਼ਹੀਦੀ ਦਾ ਜਾਮ ਆਪਣੇ ਆਪ ਪੀਤਾ ਸੀ ਅਤੇ ਉਨ੍ਹਾਂ ਆਪਣੇ ਸੀਸ ਦਾ ਬਲੀਦਾਨ ਬੇਸ਼ਕ ਦੇ ਦਿੱਤਾ, ਪਰ ਉਨ੍ਹਾਂ ਔਰੰਗਜ਼ੇਬ ਦੇ ਆਖਣ ਉਤੇ ਵੀ ਕਰਾਮਾਤ ਵਿਖਾਉਣ ਤੋਂ ਇਨਕਾਰ ਕਰ ਦਿੱਤਾ ਸੀ।

ਜਿਥੋਂ ਤਕ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਮਿਸ਼ਨ ਦਾ ਸੰਬੰਧ ਹੈ, ਬਚਿਤ੍ਰ-ਨਾਟਕ ਦੇ ਛੇਵੇਂ ਅਧਿਆਇ ਤੋਂ ਤੇਰ੍ਹਵੇਂ ਅਧਿਆਇ ਤੀਕ ਹਰ ਇਕ ਤੁਕ ਡੂੰਘੇ ਵਿਚਾਰ ਦੀ ਮੰਗ ਕਰਦੀ ਹੈ। ਇਨ੍ਹਾਂ ਅਧਿਆਵਾਂ ਵਿਚ ਭੰਗਾਣੀ ਦੇ ਯੁੱਧ ਤੋਂ ਇਲਾਵਾ ਨਦੌਣ ਯੁੱਧ, ਹੁਸੈਨੀ ਯੁੱਧ, ਆਦਿਕ ਕਈ ਇਤਿਹਾਸਕ ਯੁੱਧਾਂ ਦਾ ਗੁਰੂ ਸਾਹਿਬ ਵਲੋਂ ਨਿੱਜੀ ਵਰਣਨ ਹੈ।

ਗੁਰੂ ਜੀ ਦਾ ਮਿਸ਼ਨ ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ ਇਹੋ ਸੀ ਕਿ :-

ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ ॥

ਗੁਰੂ ਗੋਬਿੰਦ ਸਿੰਘ ਨੇ 'ਧਰਮ' ਸ਼ਬਦ ਨੂੰ ਬਹੁਤ ਵਿਸ਼ਾਲ ਅਰਥਾਂ ਵਿਚ ਵਰਤਿਆ ਹੈ। ਜਿੱਥੋਂ ਤਕ ਸੰਤ-ਪੁਰਸ਼ਾਂ ਭਾਵ ਭਲੇ-ਪੁਰਖਾਂ ਉਤੇ ਦੁਸ਼ਟ-ਆਤਮਾ ਭਾਵ ਜ਼ਾਲਮਾਂ ਦੇ ਜ਼ੁਲਮਾਂ ਦਾ ਪ੍ਰਸ਼ਨ ਹੈ, ਗੁਰੂ ਜੀ ਜ਼ੁਲਮ ਨੂੰ ਜੜ੍ਹ ਤੋਂ ਉਖੇੜ ਦੇਣਾ ਚਾਹੁੰਦੇ ਸਨ। ਪਰ ਉਨ੍ਹਾਂ ਦਾ ਵੈਰ ਜ਼ਾਲਮ ਦੀ ਥਾਂ ਜ਼ੁਲਮ ਨਾਲ ਸੀ ਅਤੇ ਹਥਿਆਰ ਵੀ ਉਹ ਕੇਵਲ ਓਦੋਂ ਚੁੱਕਣ ਦੇ ਹੱਕ ਵਿਚ ਹਨ, ਜਦੋਂ ਬਾਕੀ ਹੋਰ "ਕੋਈ ਚਾਰਾ ਨਾ ਰਹੇ। "ਜ਼ਫਰਨਾਮਹ" ਵਿਚ ਉਨ੍ਹਾਂ ਔਰੰਗਜ਼ੇਬ ਨੂੰ ਇਹੋ ਲਿਖਿਆ ਸੀ :

ਚੂ ਕਾਰ ਅਜ਼ ਹਮਾ ਹੀਲਤੇ ਦਰ-ਗੁਜ਼ਸ਼ਤ
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ

Digitized by Panjab Digital Library | www.panjabdigilib.org

ਰੂਪਕ ਪੱਖ ਤੋਂ ਵੀ 'ਬਚਿਤ੍ਰ-ਨਾਟਕ' ਅਤੇ 'ਜ਼ਫ਼ਰ-ਨਾਮਹ' ਵਿਚ ਬਹੁਤ ਵਿਸ਼ੇਸ਼ਤਾਵਾਂ ਹਨ। ਦੁਨੀਆਂ ਦੇ ਕਿਸੇ ਵੀ ਮਹਾਂ-ਪੁਰਖ ਨੇ ਆਪਣੀ ਸਵੈ-ਜੀਵਨੀ ਕਵਿਤਾ ਵਿਚ ਨਹੀਂ ਲਿਖੀ। ਗੁਰੂ ਗੋਬਿੰਦ ਸਿੰਘ ਨੇ ਇਸ ਸੰਸਾਰ ਦੇ ਇਤਿਹਾਸ ਅਤੇ ਸਾਹਿਤ ਵਿਚ ਇਕ ਨਵੀਂ ਪਰੰਪਰਾ ਕਾਇਮ ਕੀਤੀ ਹੈ। ਚੋਹਾਂ ਰਚਨਾਵਾਂ ਵਿਚ ਬੀਰ, ਰੌਦਰ, ਬੀਭਤਸ ਆਦਿਕ ਕਈ ਰਸਾਂ ਦੇ ਅਨੇਕਾਂ ਅਨੂਪਮ ਪ੍ਰਮਾਣ ਮਿਲਦੇ ਹਨ।

"ਚੰਡੀ-ਚਰਿਤ੍ਰ", ਵਾਰ ਸ੍ਰੀ ਭਗਉਤੀ ਕੀ, ਗਿਆਨ ਪ੍ਰਬੋਧ ਅਤੇ 'ਚਉਬੀਸ ਅਵਤਾਰ', ਆਦਿਕ ਪੌਰਾਣਿਕ ਕਥਾਵਾਂ ਉਤੇ ਆਧਾਰਿਤ ਕਾਵਿ-ਰਚਨਾਵਾਂ ਦਾ ਮਹੱਤਵ ਕੇਵਲ ਮਿਥਿਹਾਸਕ ਨਹੀਂ, ਸਗੋਂ ਹਰ ਪ੍ਰਕਾਰ ਦੇ ਪਾਪ, ਜ਼ੁਲਮ ਅਤੇ ਅਧਿਆਇ ਵਿਰੁੱਧ ਵਿਦਰੋਹ ਦੀ ਪ੍ਰੇਰਨਾ ਦੇਣ ਵਾਲੀਆਂ ਇਹ ਭਾਰਤੀ ਕਥਾਵਾਂ, ਸਭ ਜੁੱਗਾਂ ਦੇ ਰਾਜਾ-ਵਰਗ ਅਤੇ ਪਰਜਾ-ਵਰਗ ਲਈ ਇਕੋ ਜਿਹੀਆਂ ਮਹੱਤਵ-ਪੂਰਨ ਹਨ। ਪੌਰਾਣਿਕ ਕਥਾਵਾਂ ਅਨੁਸਾਰ ਨੇਕੀ ਅਤੇ ਬਦੀ ਦੀ ਲੜਾਈ ਵਿਚ ਭਗਵਾਨ ਸਦਾ ਨੇਕੀ ਨੂੰ ਕਾਇਮ ਰਖਣ ਲਈ ਬਦੀ ਦੇ ਵਿਰੁਧ ਆਪਣੀ ਅਥਾਹ ਸ਼ਕਤੀ ਦਾ ਪ੍ਰਗਟਾਵਾ ਕਰਦਾ ਹੈ।"ਵਿਦਿਆਸਰ" ਨਾਮੀ ਅਲੋਪ ਹੋ ਚੁੱਕੇ ਗ੍ਰੰਥ ਵਿਚਲੀਆਂ ਰਮਾਇਣ, ਮਹਾਂਭਾਰਤ ਅਤੇ ਪੁਰਾਣਾਂ ਦੀਆਂ ਅਨੁਵਾਦਿਤ ਕਾਵਿ-ਰਚਨਾਵਾਂ ਅਤੇ "ਦਸਮ-ਗ੍ਰੰਥ" ਦੀਆਂ ਪੌਰਾਣਿਕ ਕਥਾਵਾਂ ਤੋਂ ਪ੍ਰੇਰਤ ਅਤੇ ਮੌਲਿਕ ਕਲਪਨਾ ਨਾਲ ਸੰਜੁਗਤ ਰਚਨਾਵਾਂ, ਸਦੀਆਂ ਤੋਂ ਨਿਘਰ ਚੁੱਕੇ ਭਾਰਤੀ ਸਮਾਜ ਨੂੰ ਪ੍ਰਾਚੀਨ ਭਾਰਤ ਦੀ ਮਹਾਨ ਪਰੰਪਰਾ ਦਾ ਅਹਿਸਾਸ ਕਰਾਉਣ ਲਈ, ਕਿਸੇ ਉਚੇਰੇ ਮਨੋਰਥ ਲਈ ਰਚੀਆਂ ਗਈਆਂ ਸਨ। ਇਨ੍ਹਾਂ ਕਾਵਿ-ਰਚਨਾਵਾਂ ਨੂੰ ਰਚਨ ਦਾ ਮਨੋਰਥ ਦੇਵੀ-ਦੇਵਤਿਆਂ ਜਾਂ ਅਵਤਾਰਾਂ ਦੀ ਪੂਜਾ ਲਈ ਲੋਕਾਂ ਨੂੰ ਪ੍ਰੇਰਿਤ ਕਰਨਾ ਕਦਾਚਿਤ ਨਹੀਂ, ਸਗੋਂ "ਬਚਿਤ੍ਰ-ਨਾਟਕ" ਰਾਹੀਂ ਗੁਰੂ ਜੀ ਨੇ 'ਦੇਵਤਾ' ਅਤੇ 'ਦੈਂਤ' ਦੋ ਮਿਥਿਹਾਸਕ-ਸ਼ਬਦਾਂ ਨੂੰ ਵਿਸ਼ਾਲ ਅਰਥ ਦਿੰਦੇ ਹੋਇਆਂ ਉਨ੍ਹਾਂ ਨੂੰ ਇਤਨਾ ਵਿਸ਼ਾਲ ਕਰ ਦਿਤਾ ਹੈ ਕਿ ਆਧੁਨਿਕ ਯੁੱਧ ਹੀ ਨਹੀਂ, ਸਗੋਂ ਭੂਤ, ਭਵਿੱਖ ਅਤੇ ਵਰਤਮਾਨ ਤਿੰਨਾਂ ਕਾਲਾਂ ਵਿਚ ਵਿਚਰਨ ਵਾਲੀ ਮਨੁੱਖਤਾ ਵਿਚ ਨੇਕ-ਕਰਮ ਕਰਨ ਵਾਲੇ ਮਨੁੱਖਾਂ ਨੂੰ ਦੇਵਤੇ ਅਤੇ ਮੰਦੇ-ਕਰਮ ਕਰਨ ਵਾਲਿਆਂ ਨੂੰ ਦੈਂਤ ਆਖਿਆ ਹੈ :-

ਸਾਧ ਕਰਮ ਜੋ ਪੁਰਖ ਕਮਾਵੈ ॥
ਨਾਮ ਦੇਵਤਾ ਜਗਤ ਕਹਾਵੈ ॥
ਕੁਕ੍ਰਿਤ ਕਰਮ ਜੋ ਜਗ ਮੈ ਕਰਹੀ ॥
ਨਾਮ ਅਸੁਰ ਤਿਨ ਕੋ ਸਭ ਧਰਹੀ ॥

(ਬਚਿਤ੍ਰ-ਨਾਟਕ ਦੂਜਾ ਅਧਿਆਇ)

ਕੀ ਗੁਰੂ ਗੋਬਿੰਦ ਸਿੰਘ, ਜਿਨ੍ਹਾਂ ਦੇਸ਼, ਧਰਮ ਅਤੇ ਕੌਮ ਲਈ ਸਾਰਾ ਸਰਬੰਸ ਕੁਰਬਾਨ ਕਰ ਦਿੱਤਾ, ਕਿਸੇ ਦੇਵਤਾ ਨਾਲੋਂ ਘੱਟ ਸਨ ? ਪਰ ਇਸ ਵਿਚ ਉਨ੍ਹਾਂ ਦੀ ਵਡਿਆਈ ਹੈ ਕਿ ਉਹ ਤਾੜਨਾ ਕਰਦੇ ਹਨ ਕਿ ਮੈਨੂੰ ਪਰਮ-ਪੁਰਖ ਦਾ ਦਾਸ ਸਮਝੋ।

ਜਿਥੋਂ ਤਕ ਚੰਡੀ-ਚਰਿਤ੍ਰ (ਉਕਤ ਬਿਲਾਸ) ਅਤੇ ਵਾਰ ਭਗਉਤੀ ਕੀ, ਦੋ ਰਚਨਾਵਾਂ ਦਾ ਸੰਬੰਧ ਹੈ, ਇਨ੍ਹਾਂ ਦੋਹਾਂ ਦਾ ਪ੍ਰੇਰਨਾ ਸਰੋਤ ਮਾਰਕੰਡੇ-ਪੁਰਾਨ ਹੈ। ਚੰਡੀ-ਚਰਿਤ੍ਰ (ਦੂਜਾ) ਭਾਗਵਤ-ਪੁਰਾਨ ਉਤੇ ਆਧਾਰਿਤ ਹੈ। ਇਨ੍ਹਾਂ ਕਾਵਿ-ਰਚਨਾਵਾਂ ਦਾ ਵਿਸ਼ਾ-ਵਸਤੂ ਦੇਵਾਂ ਤੇ ਦੈਂਤਾਂ ਦੇ ਯੁੱਧਾਂ ਦੁਆਰਾ ਨੇਕੀ ਦੀ

Digitized by Panjab Digital Library | www.panjabdigilib.org

ਬਦੀ ਉਤੇ ਜਿੱਤ ਦਾ ਭਾਵ ਦ੍ਰਿੜ੍ਹ ਕਰਵਾਉਣਾ ਹੈ। ਦਸਮ ਗ੍ਰੰਥ ਵਿਚ ਸ਼ਾਮਿਲ ਇਨ੍ਹਾਂ ਕਾਵਿ-ਰਚਨਾਵਾਂ ਦੇ ਮਹਾਨ ਕਵੀ ਨੇ ਬੀਰ-ਰਸ ਉਪਜਾਉਣ ਵਿਚ ਅਪਭ੍ਰੰਸ਼ ਦੇ ਜਗਤ ਪ੍ਰਸਿਧ ਕਵੀ ਚਾਂਦ-ਬਰਦਾਈ ਅਤੇ ਹਿੰਦੀ ਦੇ ਪ੍ਰਸਿਧ ਕਵੀ 'ਭੂਸ਼ਨ' ਨੂੰ ਵੀ ਮਾਤ ਪਾ ਦਿਤਾ ਹੈ। ਉਂਜ ਵੀ ਚਾਂਦ-ਵਰਦਾਈ ਦੀਆਂ "ਰਾਸੋ" ਦਾ ਨਾਇਕ ਇਕ ਦੁਨਿਆਵੀ ਰਾਜਾ (ਪ੍ਰਿਥਵੀ ਰਾਜ) ਹੈ, ਜੋ ਕਦੇ "ਸੰਜੋਗਤਾ" ਅਤੇ ਕਦੇ ਕਿਸੇ ਸੁੰਦਰੀ ਨੂੰ ਆਪਣੇ ਮਹਿਲਾਂ ਲਈ ਪ੍ਰਾਪਤ ਕਰਨ ਵਾਸਤੇ ਜੰਗ-ਯੁੱਧ ਕਰਦਾ ਹੈ। ਭੂਸ਼ਨ ਦਾ ਨਾਇਕ ਬੇਸ਼ਕ ਪ੍ਰਸਿਧ ਦੇਸ਼-ਭਗਤ 'ਛਤਰਪਤੀ ਸ਼ਿਵਾ ਜੀ' ਹੈ, ਪਰ ਉਹ ਵੀ ਸਮੁੱਚੇ ਦੇਸ਼ ਅਤੇ ਸਮੁੱਚੀ ਮਨੁੱਖਤਾ ਦੀ ਥਾਂ ਆਪਣੇ ਰਾਜ-ਭਾਗ ਨਾਲ ਸੀਮਤ ਮਨੋਰਥ ਲਈ ਯੁੱਧ ਕਰਦਾ ਵਿਖਾਈ ਦਿੰਦਾ ਹੈ। ਦਸਮ ਗ੍ਰੰਥ ਨਾਲ ਸੰਬੰਧਤ ਉਪ੍ਰੋਕਤ ਕਥਾਵਾਂ ਅਤੇ ਉਨ੍ਹਾਂ ਦੇ ਨਾਲ ਹੀ 'ਚਉਬੀਸ ਅਵਤਾਰ' ਦੇ ਲਗਭਗ ਸਾਰੇ ਨਾਇਕ ਦੁਨਿਆਵੀ ਰਾਜਿਆਂ ਦੀ ਮੁਲਕ-ਗੀਰੀ ਦੀ ਹਵਸ ਨਾਲੋਂ ਬਹੁਤ ਉਚੇਰੇ ਆਦਰਸ਼ਾਂ ਲਈ ਮਨੁੱਖਤਾ ਨੂੰ ਪ੍ਰੇਰਿਤ ਕਰਦੇ ਹਨ।

ਚਉਬੀਸ-ਅਵਤਾਰ' ਕਾਵਿ-ਰਚਨਾ ਦੇ ਮਹਾਨ ਕਵੀ ਨੇ ਜਗਤ-ਪ੍ਰਸਿੱਧ ਦੱਸ ਅਵਤਾਰਾਂ (ਮੱਛ, ਕੱਛ, ਵਰਾਹ, ਨਰਸਿੰਘ, ਵਾਮਨ, ਪਰਸਰਾਮ, ਰਾਮਚੰਦਰ, ਕ੍ਰਿਸ਼ਨ, ਬੱਧ ਅਤੇ ਕਲਕੀ) ਤੋਂ ਇਲਾਵਾ ਨਰ, ਨਾਰਾਇਣ, ਮਹਾਂ-ਮੋਹਿਨੀ, ਬ੍ਰਹਮਾ, ਰੁਦ੍ਰ, ਜਲੰਧਰ, ਅਰਹੰਤਦੇਵ, ਮਨੂਰਾਜਾ, ਧਨੰਤਰ ਵੈਦ, ਸੂਰਜ, ਚੰਦ੍ਰ, ਬਾਲਮੀਕ, ਦੱਤਾਤ੍ਰੇਯ, ਮਹਦੀ ਮੀਰ, ਆਦਿਕ ਕਿਤਨੇ ਹੋਰ ਪ੍ਰਮਾਣਿਤ ਅਤੇ ਕੁਝ ਅਪਮਾਣਿਤ ਅਵਤਾਰਾਂ ਦੀ ਵੀ ਕਲਪਨਾ ਕੀਤੀ ਹੈ। ਦੂਜੇ ਸ਼ਬਦਾਂ ਵਿਚ ਪੌਰਾਣਿਕ ਪਰੰਪਰਾ ਬਾਰੇ ਦਸਮ ਗ੍ਰੰਥ ਦੇ ਰਚਨਹਾਰ ਦੀ ਦ੍ਰਿਸ਼ਟੀ ਕਿਸੇ ਹੱਦ ਤੀਕ ਵਧੇਰੇ ਵਿਸ਼ਾਲ ਅਤੇ ਸੁਤੰਤਰ ਵੀ ਹੈ। 'ਮਹਦੀ-ਮੀਰ' ਜਿਸਦਾ ਸੰਬੰਧ ਹਿੰਦੂ ਧਰਮ ਦੀ ਥਾਂ ਇਸਲਾਮ ਧਰਮ ਨਾਲ ਹੈ (ਵੇਖੋ : ਐਨਸਾਈਕਲੋਪੀਡੀਆ ਔਫ ਰਿਲੀਜਨ ਐਂਡ ਐਥਿਕਸ, ੧੯੫੩ ਐਡੀਸ਼ਨ, ਪੰਨੇ ੩੩੬-੩੩੮) ਇਸ ਦ੍ਰਿਸ਼ਟੀ ਤੋਂ ਵਿਸ਼ੇਸ਼ ਵਿਚਾਰ ਦਾ ਪਾਤਰ ਹੈ। 'ਨਿਹਕਲੰਕੀ-ਅਵਤਾਰ' (ਜਿਸਦਾ ਪ੍ਰਸੰਗ ਕਿਸੇ ਹੱਦ ਤਕ ਕਲਕੀ-ਪੁਰਾਣ ਨਾਲ ਮਿਲਦਾ ਹੈ) ਬਾਰੇ ਵੀ ਦਸਮ ਗ੍ਰੰਥ ਦੇ ਕਵ੍ਹੀ ਨੇ ਕਥਾ-ਵਸਤੂ ਦੇ ਪੱਖ ਤੋਂ ਕਾਫੀ ਖੁਲ੍ਹ ਲਈ ਹੈ। 'ਕਲਕੀ ਪੁਰਾਣ' ਅਨੁਸਾਰ 'ਨਿਹਕਲੰਕੀ ਅਵਤਾਰ' ਅਤੇ 'ਮਹਿਦੀ ਅਵਤਾਰ' ਦਾ ਆਪੋ ਵਿਚ ਨਾ ਕੋਈ ਸੰਬੰਧ ਹੈ ਅਤੇ ਨਾ ਹੀ ਉਨ੍ਹਾਂ ਦਾ ਕਿਤੇ ਯੁੱਧ ਹੋਣਾ ਮੰਨਿਆ ਗਿਆ ਹੈ। ਪਰ ਦਸਮ ਗ੍ਰੰਥ ਦੇ ਕਵੀ ਨੇ ਨਿਹਕਲੰਕੀ ਅਵਤਾਰ ਨੂੰ ਅਵਤਾਰ ਹੋਣ ਦਾ ਅਭਿਮਾਨ ਦਰਸਾ ਕੇ, ਉਸ ਦਾ ਬੱਧ (ਕਤਲ) (ਇਸਲਾਮੀ ਮਿਥਿਹਾਸ ਨਾਲ ਸੰਬੰਧਤ) 'ਮੀਰ ਮਹਿਦੀ' ਦੁਆਰਾ ਕਰਵਾਇਆ ਹੈ। ਕਿਉਂਕਿ 'ਨਿਹਕਲੰਕੀ ਅਵਤਾਰ' ਸਾਰੀ ਦੁਨੀਆਂ ਨੂੰ ਵੀ ਆਪਣੇ ਅਧੀਨ ਕਰਨ ਲਈ ਉਨ੍ਹਾਂ ਉਤੇ ਹਮਲਾ ਕਰਦਾ ਹੈ, ਇਸ ਲਈ ਨਿਹਕਲੰਕੀ ਅਵਤਾਰ ਦਾ ਅਭਿਮਾਨ ਤੋੜਨ ਲਈ ਪ੍ਰਭੂ ਮੀਰ ਮਹਿਦੀ ਦਾ ਅਵਤਰਨ ਕਰਵਾਉਂਦਾ ਹੈ। ਹੋ ਸਕਦਾ ਹੈ ਕਿ ਇਨ੍ਹਾਂ ਦੋਹਾਂ ਮਿਥਿਹਾਸਕ ਹਸਤੀਆਂ ਬਾਰੇ ਪ੍ਰਚਲਤ ਕਥਾਵਾਂ ਵਿਚ ਆਪਣੇ ਮਨੋਰਥ ਦੀ ਪੂਰਤੀ ਲਈ ਤਬਦੀਲੀ ਕਰਕੇ,ਦਸਮ ਗ੍ਰੰਥ ਦੇ ਕਵੀ ਨੇ ਇਹ ਉਪਦੇਸ਼ ਦਿੱਤਾ ਹੋਵੇ ਕਿ ਭਗਵਾਨ ਨੂੰ ਨਾ ਸਮੁੱਚੀ ਦੁਨੀਆਂ ਵਿਚ ਹਿੰਦੂ-ਸ਼ਾਹੀ ਪਰਵਾਨ ਹੈ ਅਤੇ ਨਾ ਮੁਸਲਮਾਨਾਂ ਦਾ 'ਦਾਰ-ਉਲ-ਸਲਾਮ'। ਗੁਰੂ ਜੀ ਦੇ ਸਮਕਾਲੀ ਭਾਰਤ ਵਿਚ ਔਰੰਗਜ਼ੇਬ ਦੂਜੇ ਧਰਮਾਂ ਦੇ ਅਨੁਯਾਈਆਂ ਨੂੰ ਤਲਵਾਰ ਦੇ ਜ਼ੋਰ ਨਾਲ ਮੁਸਲਮਾਨ ਬਣਾ ਰਿਹਾ ਸੀ। ਸੋ ਦਸਮ-ਗ੍ਰੰਥ ਦੇ ਰਚਨਹਾਰ ਦਾ ਮਨੋਰਥ ਸਾਰੇ ਧਰਮਾਂ ਦੇ ਅਨੁਯਾਈਆਂ ਨੂੰ ਬਿਨਾਂ ਮਨੋਰਥ ਸਾਰੇ ਧਰਮਾਂ ਦੇ ਅਨੁਯਾਈਆਂ ਨੂੰ ਬਿਨਾਂ ਦੂਜੇ ਧਰਮ ਵਿਚ ਦਖ਼ਲ ਦੇਣ ਦੇ, ਆਪੋ ਆਪਣੇ ਦੇਸ਼; ਧਰਮ ਅਤੇ ਕੌਮ ਦੀ ਰੱਖਿਆ ਕਰਨ ਦਾ ਉਪਦੇਸ਼ ਦੇਣਾ ਹੈ।

'ਚਉਬੀਸ ਅਵਤਾਰ' ਕਾਵਿ ਰਚਨਾ ਵਿਚ 'ਕ੍ਰਿਸ਼ਨਾਵਤਾਰ' ਅਤੇ "ਰਾਮਾਵਤਾਰ" ਦੋ ਰਚਨਾਵਾਂ ਰਸ-ਵਿਧਾਨ ਅਤੇ ਅਲੰਕਾਰ ਤੇ ਬਿੰਬ-ਵਿਧਾਨ ਵਿਚ ਸਰਬੋਤਮ ਰਚਨਾਵਾਂ ਹਨ। ਇਹ ਦੋਵੇਂ ਰਚਨਾਵਾਂ

Digitized by Panjab Digital Library | www.panjabdigilib.org

ਦੁਨੀਆਂ ਦੇ ਸਾਹਿਤ ਵਿਚ ਦਸਮ ਗ੍ਰੰਥ ਦਾ ਮਾਨ ਵਧਾਉਣ ਵਾਲੀਆਂ ਹਨ। ਜਿਹੜੇ ਪੌਰਾਣਿਕ ਸਾਹਿਤ ਉਤੇ ਚਉਬੀਸ ਅਵਤਾਰ ਕਾਵਿ-ਰਚਨਾ ਦਾ ਕਥਾ-ਵਸਤੂ ਆਧਾਰਿਤ ਹੈ, ਉਨ੍ਹਾਂ ਵਿਚੋਂ ਭਗਵਤ-ਪੁਰਾਣ ਪ੍ਰਧਾਨ ਹੈ। ਵੈਸੇ ਵਿਸ਼ਨੂੰ ਪੁਰਾਣ, ਮਾਰਕੰਡੇ ਪੁਰਾਣ, ਸ਼ਿਵ-ਪੁਰਾਣ, ਬ੍ਰਹਮ-ਪੁਰਾਣ, ਆਦਿਕ ਪੁਰਾਣਾਂ ਤੋਂ ਵੀ ਕਈ ਅਵਤਾਰਾਂ ਦੇ ਪ੍ਰਸੰਗਾਂ ਲਈ ਕਥਾ-ਵਸਤੂ ਲਿਆ ਗਿਆ ਹੈ। ਉਂਜ 'ਸ਼ਸਤ੍ਰ ਨਾਮ-ਮਾਲਾ-ਪੁਰਾਣ' ਹਿੰਦੂ ਧਰਮ ਦੇ ਅਠ੍ਹਾਰਾਂ ਪੁਰਾਣਾਂ ਤੋਂ ਨਿਆਰਾ ਕਵੀ ਦੀ ਕਲਪਨਾ ਵਿਚੋਂ ਉਪਜਿਆ ਨਵਾਂ ਤੇ ਅਨੋਖਾ ਪੁਰਾਣ ਹੈ।

ਦਸਮ ਗ੍ਰੰਥ ਵਿਚ ਤ੍ਰੀਯਾ-ਚਰਿਤ੍ਰਾਂ ਦੀ ਗਿਣਤੀ ੪੦੫ ਹੈ ਅਤੇ ਇਹ ੧੪੨੬ ਪੰਨਿਆਂ ਵਾਲੀ ਦਸਮ ਗ੍ਰੰਥ ਦੀ ਜਿਲਦ ਦੇ ੫੭੬ ਪੰਨਿਆਂ (੮੦੬ ਤੋਂ ੧੩੮੮) ਨੂੰ ਮੱਲੀ ਬੈਠੇ ਹਨ। ਇਸ ਕਾਵਿ-ਰਚਨਾ ਦੇ ਕਾਵਿ-ਬੰਦਾਂ ਦੀ ਗਿਣਤੀ ੭੭੫੫ ਹੈ। ਦੂਜੇ ਸ਼ਬਦਾਂ ਵਿਚੋਂ ਚਉਬੀਸ ਅਵਤਾਰ ਤੋਂ ਵੀ ਜ਼ਿਆਦਾ ਵੱਡਾ ਅਕਾਰ ਹੈ-ਇਸ ਕਾਵਿ ਰਚਨਾ ਦਾ ਦਸਮ ਗ੍ਰੰਥ ਵਿਚ ਅਕਾਰ ਦੇ ਪੱਖ ਤੋਂ ਸਭ ਤੋਂ ਲੰਮੇਰੀ ਰਚਨਾ ਹੈ। ਇਸ ਦਾ ਰਚਨ ਮਨੋਰਥ ਪ੍ਰਮਾਤਮਾ ਅਤੇ ਜੀਵ ਆਤਮਾ ਦੇ ਵਿਚਕਾਰ ਦਵੰਦ ਪੈਦਾ ਕਰਨ ਵਾਲੀ ਮਨ-ਮੋਹਨੀ ਮਾਇਆ ਦੇ ਰੰਗ ਬਰੰਗੇ ਚਰਿਤ੍ਰ ਵਿਖਾਉਣਾ ਹੈ, ਤਾਂ ਜੋ ਮਨੁੱਖ ਨੂੰ ਕਾਮ, ਕ੍ਰੋਧ, ਅਹੰਕਾਰ, ਆਦਿਕ ਵਿਕਾਰਾਂ ਵਾਲੀ ਅਤ੍ਰਿਪਤ-ਤ੍ਰਿਸ਼ਨਾ ਦੀ ਪ੍ਰਤੀਕ ਮਾਇਆ ਦੇ ਹੱਥ-ਕੰਡਿਆਂ ਦੀ ਸੋਝੀ ਹੋ ਜਾਵੇ ਅਤੇ ਉਹ ਮਾਇਆ ਦੇ ਭਰਮ ਵਿਚ ਨਾ ਫਸੇ। ਮਿਸਾਲ ਵਜੋਂ, ਪਹਿਲੇ ਤ੍ਰੀਯਾ ਚਰਿਤ੍ਰ (ਚਿਤ੍ਰਵਤੀ ਨਗਰੀ ਵਾਲਾ) ਦੀ ਨਾਇਕਾ, ਜੋ ਬਿਰਧ ਰਾਜਾ ਚਿਤ੍ਰ ਸਿੰਘ ਦੀ ਜੁਆਨ ਪਤਨੀ ਹੈ, ਆਪਣੇ ਜੁਆਨ ਧਰਮ ਪੁੱਤਰ ਹਨਵੰਤ ਸਿੰਘ ਉਤੇ ਮੋਹਿਤ ਹੋਣ ਉਪ੍ਰੰਤ ਉਸ ਨੂੰ ਆਪਣੇ ਨਾਲ ਵਿਭਚਾਰ ਕਰਨ ਲਈ ਉਕਸਾਉਂਦੀ ਹੈ, ਪਰ ਉਹ ਪੂਰਨ ਭਗਤ ਵਾਂਗ ਲੂਣਾ-ਰੂਪੀ ਮਤਰੇਈ ਮਾਂ ਦਾ ਆਖਾ ਨਹੀਂ ਮੰਨਦਾ। ਰਾਣੀ ਕ੍ਰੋਧਿਤ ਹੋ ਕੇ ਛਲ ਕਪਟ ਦੁਆਰਾ ਰਾਜਾ ਚਿਤ੍ਰ ਸਿੰਘ ਨੂੰ ਧਰਮੀ ਰਾਜਕੁਮਾਰ ਦਾ ਕਤਲ ਕਰਾਉਣ ਲਈ ਭੜਕਾਉਂਦੀ ਹੈ। ਚਿਤ੍ਰ ਸਿੰਘ ਸਲਵਾਨ ਵਾਂਗ ਪੁਤਰ ਨੂੰ ਕਤਲ ਕਰਨ ਦਾ ਹੁਕਮ ਦਿੰਦਾ ਹੈ, ਪਰ ਰਾਜੇ ਦੇ ਸਿਆਣੇ ਮੰਤ੍ਰੀ ਰਾਜੇ ਨੂੰ ਵਾਰੋ ਵਾਰ ੪੦੪ ਤ੍ਰੀਯਾ ਚਰਿਤ੍ਰਾਂ ਦੇ ਪ੍ਰਸੰਗ ਸੁਣਾ ਕੇ ਧਰਮੀ ਰਾਜ ਕੁਮਾਰ ਨੂੰ ਬਚਾਉਣ ਦਾਜਤਨ ਕਰਦੇ ਹਨ। ਇਸ ਲਈ ਹਰ ਤ੍ਰੀਯਾ ਚਰਿਤ੍ਰ ਦੇ ਅੰਤ 'ਮੰਤਰੀ ਭੂਪ ਸੰਬਾਦੇ' ਨਾਮੀ ਵਾਕੰਸ਼ ਹੈ, ਜਿਸ ਤੋਂ ਸੰਕੇਤ ਮਿਲਦਾ ਹੈ ਕਿ 'ਅਲਫ ਲੈਲਾ' ਦੀ ਜਗਤ ਪ੍ਰਸਿਧ ਲੋਕ ਕਥਾ ਵਾਂਗ ਇਕ ਤੋਂ ਬਾਅਦ ਦੂਜੀ ਘਟਨਾ ਮੂਲ ਵਿਸ਼ੇ ਨਾਲ ਜੁੜਦੀ ਜਾਵੇਗੀ। ਇਨ੍ਹਾਂ ਤ੍ਰੀਯਾ ਚਰਿਤ੍ਰਾਂ ਦਾ ਨਿਰੀਖਣ ਕਰਨ ਤੇ ਇਹੋ ਸਿੱਧ ਹੁੰਦਾ ਹੈ ਕਿ ਇਹ ਸਾਹਿਤਕ ਵਿਅੰਗ ਹਨ ਅਤੇ ਬੇਸ਼ਕ ਤ੍ਰੈਗੁਣੀ ਮਾਇਆ ਦੇ ਤਿੰਨਾਂ ਰੰਗਾਂ ਵਿਚੋਂ ਇਨ੍ਹਾਂ ਵਿਚ ਕਈ ਪਾਠਕਾਂ ਨੂੰ ਰਾਜਸ ਅਤੇ ਤਾਮਸ ਰੰਗ ਵਧੇਰੇ ਵਿਖਾਈ ਦੇਣਗੇ ਅਤੇ ਸਾਤਵਿਕ ਰੰਗ ਥੋੜ੍ਹੇ, ਪਰ ਇਹ ਕਾਵਿ ਰਚਨਾ ਕਵੀ ਨੇ ਬਿਨਾਂ ਮਨੋਰਥ ਦੇ ਨਹੀਂ ਸੀ ਕੀਤੀ।

ਇਨ੍ਹਾਂ ਤ੍ਰੀਯਾ ਚਰਿਤ੍ਰਾਂ ਵਿਚੋਂ ਕਈ ਚਰਿਤ੍ਰਾਂ ਦੀਆਂ ਨਾਇਕਾਵਾਂ ਪੌਰਾਣਿਕ ਸਾਹਿਤ ਨਾਲ ਸਬੰਧਤ ਦੇਵੀਆਂ, ਅਵਤਾਰਾਂ, ਰਿਸ਼ੀਆਂ ਅਤੇ ਰਾਜਿਆਂ ਦੀਆਂ ਅਰਧੰਗੀਆਂ ਹਨ ਜੋ ਦੁਸ਼ਟਾਂ ਨਾਲ ਯੁੱਧ ਕਰਕੇ ਆਪਣਾ ਧਰਮ ਬਚਾਉਂਦੀਆਂ ਹਨ। ਮਿਸਾਲ ਵਜੋਂ, ਅਰਜਨ ਦੇ ਮੂਰਛਿਤ ਹੋਣ ਉਪਰੰਤ ਉਸਦੀ ਪਤਨੀ ਦਰੋਪਤੀ ਆਪ ਯੁੱਧ ਕਰਦੀ ਹੈ। (ਚਰਿਤ੍ਰ ਨੰ: ੧੩੭) ਅਤੇ 'ਮਹਾਂਕਾਲ ਦੀਰਘ ਦਾੜ' ਪ੍ਰਸੰਗ (ਚਰਿਤ੍ਰ ਨੰ: ੪੦੦) 'ਦੂਲਹ ਦੇਵੀ, ਦੈਂਤਾਂ ਨਾਲ ਯੁੱਧ ਕਰਦੀ ਹੈ, ਇਨ੍ਹਾਂ ਤ੍ਰੀਯਾ-ਚਰਿਤ੍ਰਾਂ ਵਿਚ ਰਾਮਾਇਣ, ਮਹਾਂ ਭਾਰਤ ਅਤੇ ਪੁਰਾਣਾਂ ਦੇ ਪ੍ਰਸੰਗ ਵੀ ਨਵੇਂ ਅੰਦਾਜ਼ ਵਿਚ ਵਰਣਨ ਕੀਤੇ ਗਏ ਹਨ। ਉਪਰ ਕਥਿਤ 'ਅਰਜਨ ਦਰੋਪਤੀ' ਪ੍ਰਸੰਗ ਦਾ ਸਰੋਤ ਮਹਾਂ ਭਾਰਤ ਹੈ। ਇਸੇ ਤਰ੍ਹਾਂ 'ਕੈਕਈ ਦਸਰਥ' (ਚਰਿਤ੍ਰ ਨੰ: ੧੦੨) ਦਾ ਸਰੋਤ ਰਾਮਾਇਣ ਹੈ ਅਤੇ 'ਉਸ਼ਾ ਅਨਿਰੁੱਧ' (ਚਰਿਤ੍ਰ ਨੰ: ੧੪੨) ਦਾ ਸਰੋਤ ਭਾਗਵਤ ਪੁਰਾਣ।

Digitized by Panjab Digital Library | www.panjabdigilib.org

ਪੰਜਾਬੀ ਸਾਹਿਤ ਨਾਲ ਸਬੰਧਤ ਕਈ ਪ੍ਰੀਤ ਕਥਾਵਾਂ ਸੱਸੀ ਪੁੰਨੂੰ, ਹੀਰ ਰਾਝਾਂ ਆਦਿਕ ਬਾਰੇ ਵੀ ਇਨ੍ਹਾਂ ਤ੍ਰੀਯਾ ਚਰਿਤ੍ਰਾਂ ਵਿਚ ਸੰਕੇਤ ਹੈ। ਪਰ ਇਨ੍ਹਾਂ ਤ੍ਰੀਯਾ-ਚਰਿਤ੍ਰਾਂ ਦਾ ਕਾਰਜ ਖੇਤਰ ਕਿਸੇ ਇਕ ਪ੍ਰਾਂਤ ਦਾ ਸੀਮਤ ਇਲਾਕਾ ਨਹੀਂ ਸਗੋਂ ਸਮੁੱਚਾ ਭਾਰਤ ਅਤੇ ਭਾਰਤ ਤੋਂ ਬਾਹਰ ਕਈ ਹੋਰ ਦੇਸ਼ਾਂ ਦਾ ਵੀ ਜ਼ਿਕਰ ਹੈ। ਇਹ ਕੇਵਲ ਸ਼ਿੰਗਾਰ ਕਾਵਿ ਨਹੀਂ, ਇਸ ਰਚਨਾ ਵਿਚ ਬੀਰ ਰਸ, ਰੌਦਰ ਰਸ, ਬੀਭਤਸ ਅਤੇ ਕਈ ਹੋਰ ਰਸਾਂ ਦੇ ਵੀ ਪ੍ਰਮਾਣ ਮਿਲਦੇ ਹਨ। ਵਿਸ਼ੇਸ਼ ਘਟਨਾ ਨਾਲ ਸਬੰਧਤ ਹੋਣ ਕਰਕੇ ਕਈ ਤ੍ਰੀਯਾ ਚਰਿਤ੍ਰ ਆਧੁਨਿਕ ਕਹਾਣੀਆਂ ਦੀ ਬਣਤਰ ਦੇ ਨੇੜੇ ਹਨ। ਆਦਿ, ਮਧ ਅਤੇ ਅੰਤ ਦੇ ਨਾਲ ਨਾਲ ਇਨ੍ਹਾਂ ਵਿਚ ਆਮ ਕਰਕੇ ਸਿਖਰ ਵੀ ਬਹੁਤ ਪ੍ਰਭਾਵਸ਼ਾਲੀ ਹੈ। ਮਨੋ ਵਿਗਿਆਨਕ ਛੋਹਾਂ ਵੀ ਘੱਟ ਨਹੀਂ। ਜੇਕਰ ਕਿਸੇ ਦੁਰਾਚਾਰੀ ਪਾਤਰ ਦਾ ਵਾਸਤਵਿਕ ਚਿਤ੍ਰ ਉਲੀਕਣ ਲਈ ਉਸ ਨੂੰ ਉਸਦੇ ਨੰਗੇ ਤੇ ਰਜ਼ੀਲ ਰੂਪ ਵਿਚ ਪੇਸ਼ ਕੀਤਾ ਗਿਆ ਹੈ, ਤਾਂ ਅਜਿਹੇ ਨੰਗੇਜ ਨੂੰ ਦਰਸਾਉਣ ਵਾਲੇ ਕਵੀ ਨੂੰ ਅਸ਼ਲੀਲ ਚਰਿਤ੍ਰ ਉਲੀਕਣ ਵਾਲਾ ਨਹੀਂ ਆਖਿਆ ਜਾ ਸਕਦਾ, ਕਿਉਂਕਿ ਜਦੋਂ ਕਿਸੇ ਚਰਿਤ੍ਰ ਵਿਚ ਵਿਖਾਏ ਗਏ ਨੰਗੇਜ ਉਤੇ ਉਪਦੇਸ਼ਮਈ-ਵਿਅੰਗ ਦੀ ਤਲਵਾਰ ਦਾ ਪਹਿਰਾ ਹੋਵੇ, ਉਹ ਨੰਗੇਜ ਅਸ਼ਲੀਲ ਨਹੀਂ ਆਖਿਆ ਜਾ ਸਕਦਾ।

ਨਿਸ਼ਚੇ ਹੀ ਦਸਮ ਗ੍ਰੰਥ ਦੀ ਸਮੁੱਚੀ ਕਵਿਤਾ, ਚਉਬੀਸ ਅਵਤਾਰ ਅਤੇ ਤ੍ਰੀਯਾ ਚਰਿਤ੍ਰਾਂ ਸਮੇਤ, ਭਾਰਤ ਦੇ ਹਰ ਸਾਹਿਤ ਰਸੀਏ ਤੋਂ ਮੰਗ ਕਰਦੀ ਹੈ ਕਿ ਉਹ ਸ਼ਰਧਾ ਅਤੇ ਸਤਿਕਾਰ ਸਹਿਤ ਹਰ ਰਚਨਾ ਦਾ ਅਧਿਐਨ ਕਰੇ। ਦਸਮ ਗ੍ਰੰਥ ਪਰਮਾਰਥ ਅਤੇ ਵਿਵਾਹਰ, ਧਰਮ ਅਤੇ ਸਮਾਜ, ਸਾਹਿਤ ਅਤੇ ਸਭਿਆਚਾਰ, ਭਾਵ ਹਰ ਪੱਖ ਤੋਂ ਦੁਨੀਆਂ ਦੀ ਅਗਵਾਈ ਕਰ ਸਕਦਾ ਹੈ। ਭਾਰਤ ਦੇ ਲੋਕਾਂ ਲਈ ਤਾਂ ਇਹ ਧਰਮ ਸਾਹਿਤ ਅਤੇ ਸਭਿਆਚਾਰ ਦਾ ਸਮੁੰਦਰ ਹੈ।

-o-

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਜੀਵਨ ਸੁਮਾਰਗ ਗ੍ਰੰਥ ਦੀ ਸੂਚੀ

੧ ਭਾਗ : **ਗੁਰਸਿਖ ਜੀਵਨ**-ਜੋ ਗੁਰਮੁਖਤਾ ਦੇ ਰਾਹੇ ਪੈਣ ਲਈ ਉਸ ਦੀ ਸੇਧ ਦਿੰਦਾ ਹੈ।

੨ ਭਾਗ : **ਦੰਪਤੀ ਜੀਵਨ**-ਅਨੰਦ ਤੇ ਫੇਰਿਆਂ ਦਾ ਅੰਤਰਾ ਤੇ ਬਿਧੀ ਤੇ ਗ੍ਰਹਸਤ ਜੀਵਨ ਦੇ ਨਿਯਮ ਅਥਵਾ ਸਿਖਿਆ ਤੇ ਸਰਲ ਰਾਹ ਦੀ ਸੇਧ ਜੋ ਨਵ ਜੋੜਿਆਂ ਲਈ ਅਤਿ ਲਾਭਦਾਇਕ ਹੈ।

੩ ਭਾਗ : **ਸਮਾਜਕ ਜੀਵਨ**-ਸੱਚ ਝੂਠ, ਦਸਵੰਧ, ਸਰਾਧ, ਪ੍ਰੇਮ ਪਿਆਰ ਹਿੰਸਾ ਆਦਿ ਪਿਤਾ ਪੁਤ੍ਰ ਦੇ ਆਪਸੀ ਫਰਜ਼ਾਂ ਤੋਂ ਬਿਨਾਂ ਹੋਰ ਵੀ ਕਈ ਸਮਾਜਕ ਭਰਮ ਭੁਲੇਖੇ ਤੇ ਕਰਮ ਧਰਮ ਦੀ ਜਾਣਕਾਰੀ ਦਿੰਦਾ ਹੈ।

੪ ਭਾਗ : **ਧਾਰਮਿਕ ਜੀਵਨ** ਲਈ ਲਗਨ ਸ਼ਗਨ ਜਾਂ ਇਲਮ ਤੇ ਅਮਲਾ ਮਾਲਾ ਆਦਿ ਨਾ ਕਰਨ ਵਾਲੇ ਕੰਮਾਂ ਤੋਂ ਮੂੰਹ ਮੋੜ ਕੇ ਇਨਸਾਨੀਅਤ ਦੇ ਰਾਹ ਦੀ ਸੇਧ ਦਿੰਦਾ ਹੈ।

੫ ਭਾਗ : **ਹਿੰਦੂ ਸਿਖ ਸੰਮੇਲਨ ਤੇ** ਅਨੇਕ ਧਰਮਾਂ ਦੀ ਜਾਣਕਾਰੀ ਤੇ ਵੇਦ ਪੁਰਾਣ, ਸ਼ਾਸਤ੍ਰ, ਸਿਮ੍ਰਤੀਆਂ ਦੇ ਵਿਚਾਰ ਅਥਵਾ ਗੁਰਮਤਿ ਦੀ ਵੀ ਜਾਣਕਾਰੀ ਦਿੰਦਾ ਹੈ।

੬ ਭਾਗ : **ਗੁਰਬਾਣੀ ਦੀ ਅਲੋਚਨਾ ਦੇ ਉਤਰ ਵਿਚ** – ਰਾਗ ਮਾਲਾ ਜਾਂ ਭਗਉਤੀ ਦਾ ਨਿਰਨਾ ਕਰਦਾ ਹੈ ਤੇ ਗਿ: ਲਾਲ ਸਿੰਘ ਦੇ ਪ੍ਰਸ਼ਨਾਂ ਦੇ ਸਮਾਧਾਨ ਤੇ ਹੋਰ ਵੀ ਵਿਚਾਰਦਾ ਹੈ।

੭ ਭਾਗ : **ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ** ਦੇ ਇਸ ਵਾਦ ਵਿਵਾਦ ਨੂੰ ਨਿਚੋੜਦਾ ਹੈ ਕਿ ਕੀ ਇਸ ਬਾਣੀ ਦੇ ਕਰਤਾ ਸ੍ਰੀ ਗੁਰੂ ਦਸਮੇਸ਼ ਹੀ ਹੈ ਜਾਂ ਅਲੋਚਕ ਲੇਖਕਾਂ ਦਾ ਅਨੁਸਾਰ ਸਾਕਤ ਕਵੀ ਦੀ ਲੇਖਣੀ ਦਾ ਚਮਤਕਾਰ ਹੀ ਹੈ ? ਜਿਸ ਨੂੰ ਪੂਰਨ ਨਿਖਾਰਨ ਦਾ ਜਤਨ ਕੀਤਾ ਗਿਆ ਹੈ।

੮ ਭਾਗ : **ਤਥ ਰਾਮਾਇਣ ਕੀ ਹਨ**, ਅਸੀਂ ਕੀ ਜਾਣਕੇ ਪੜ੍ਹਦੇ ਹਾਂ, ਸ੍ਰੀ ਬਾਲਮੀਕੀ ਰਾਮਾਇਣ ਦਾ ਕੀ ਆਦੇਸ਼ ਹੈ ਤੇ ਗੁਸਾਈਂ ਤੁਲਸੀ ਦਾਸ ਜੀ ਕੀ ਲਿਖਦੇ ਹਨ।

੯ ਭਾਗ : **ਨਿਚੋੜ ਰਾਮਾਇਣ**-ਦਾ ਅਸਲ ਭਾਵ ਜਿਸ ਨੂੰ ਅਸੀਂ ਕੀ ਅਮਲ ਵਿਚ ਲੈ ਰਹੇ ਹਾਂ ਜਾਂ ਐਵੇਂ ਸਰਧਾ ਦੀ ਹੀ ਪਰਦਰਸ਼ਨੀ ਤੇ ਲੱਕ ਦਿਖਾਵਾ ਜਾਂ ਰਵਾਇਤਾਂ ਹੀ ਪੂਰੀਆਂ ਕਰਦੇ ਹਾਂ।

੧੦ ਭਾਗ : **ਰਾਮ ਰਾਮਾਇਣ** ਦੇ ਜੋ ਤਥ ਗੁਰਬਾਣੀ ਪੇਸ਼ ਕਰਦੀ ਹੈ ਉਸ ਦਾ ਆਸ਼ਾ ਕੀ ਹੈ। ਸੋ ਇਹ ਸਾਰੇ ਪ੍ਰਸ਼ਨ ਬੱਚੇ ਤੇ ਜਵਾਨ ਇਸਤ੍ਰੀ ਪੁਰਸ਼ ਬੁਢੇ ਤੇ ਵਿਦਵਾਨਾਂ ਨੂੰ ਪ੍ਰੇਸ਼ਾਨ ਕਰਦੇ ਹਨ। ਉਹਨਾਂ ਦਾ ਸਮਾਧਾਨ ਕਿੰਨੀ ਲੋੜੀਂਦੀ ਆਸਾ ਹੈ, ਇਸ ਲਈ ਜੀਵਨ ਸੁਮਾਰਗ ਦੇ ਇਹਨਾਂ ਭਾਗਾਂ ਨੂੰ ਪੜ੍ਹ ਕੇ ਸੰਸੇ ਨਵਿਰਤ ਕਰੋ ਤੇ ਬਚਿਆਂ ਨੂੰ ਸੁਧਰ ਰਾਹ ਪਾਉ ॥

Digitized by Panjab Digital Library | www.panjabdigilib.org

ਦਸਮ ਗ੍ਰੰਥ ਸਾਹਿਬ ਦਾ ਹਿੰਦੀ ਵਿਚ ਅਨੁਵਾਦ

ਪਟਿਆਲਾ ੧੭ ਦਸੰਬਰ (ਨਿਜੀ ਪੱਤਰ ਪ੍ਰੇਰਕ) ਪੰਜਾਬੀ ਯੂਨੀਵਰਸਿਟੀ ਦੇ ਸਿੱਖ ਧਰਮ ਦੈ ਵਿਸ਼ਵਕੋਸ਼ ਯੂਨਿਟ ਦੇ ਰੀਡਰ ਡਾ: ਜੋਧ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ (ਦਸਮ ਗ੍ਰੰਥ ਸਾਹਿਬ) ਦਾ ਹਿੰਦੀ ਵਿਚ ਅਨੁਵਾਦ ਸੰਪੂਰਨ ਕਰ ਲਿਆ ਹੈ। ਚਾਰ ਜਿਲਦਾਂ ਵਿਚ ਤਿਆਰ ਹੋਇਆ ਹੈ । ਇਸ ਅਨੁਵਾਦ ਦੇ ੩੦੦ ਤੋਂ ਵਧੇਰੇ ਪੰਨੇ ਹਨ। ਜਿਨ੍ਹਾਂ ਵਿਚ ਜਾਪੁ ਸਾਹਿਬ, ਬਚਿਤ੍ ਨਾਟਕ, ਚੰਡੀ ਚਰਿਤ੍, ਚੌਬੀਸ ਅਵਤਾਰ, ਸ਼ਸਤ੍ ਨਾਮ ਮਾਲਾ, ਤ੍ਰਿਆ ਚਰਿਤ੍ ਅਤੇ ਜ਼ਫ਼ਰਨਾਮਾ ਆਦਿ ਮਖ ਬਾਣੀਆਂ ਸੰਮਿਲਤ ਹਨ । ਇਸ ਅਨਵਾਦ ਦਾ ਕੰਮ ਜਨਵਰੀ ੧੯੮੨ ਵਿਚ ਆਰੰਭ ਕੀਤਾ ਗਿਆ ਸੀ ਤੇ ੪ ਸਾਲ ਤੋਂ ਵੀ ਘਟ ਸਮੇਂ ਵਿਚ ਪੂਰਾ ਕਰ ਲਿਆ ਗਿਆ ਹੈ।

ਪੰਜਾਬੀ ਟ੍ਰਿਬਿਊਨ ੧੮ ਦਸੰਬਰ ੧੯੮੫
ਵਿਚੋਂ ਧਨਵਾਦ ਸਹਿਤ

ਉਪ੍ਰੋਕਤ ਤਥ ਤੇ ਅਨੇਕਾਂ ਮਹਾਨ ਹਸਤੀਆਂ ਵਿਦਵਾਨਾਂ ਦੇ ਸਬੂਤ ਤੇ ਗਵਾਹੀਆਂ ਦੇ ਬਾਵਜੂਦ ਵੀ ਜੇਕਰ ਗਿ: ਭਾਗ ਸਿੰਘ ਜੀ ਜਿਦੀ ਤੇ ਅੜੀਅਲ ਸੁਭਾਉ ਦੇ ਅਧੀਨ ਇਹੀ ਕਹਿਣ ਜੋ ਇਹ ਤਾਂ ਸਾਰੇ ਹੀ ਅਨਪੜ੍ਹ ਤੇ ਅਨਜਾਣ ਹਨ, ਕਿਉਂਕਿ ਇਹਨਾਂ ਵਿਚੋਂ ਕੋਈ ਵੀ ਮੇਰੇ ਵਾਲੇ ਵਿਦਿਆਲੇ ਦਾ ਪਾਠੀ ਨਹੀਂ ਤਾਂ ਇਸ ਦਾ ਨਿਬੇੜਾ ਤਾਂ ਧਰਮਰਾਜ ਹੀ ਭਾਵੇਂ ਕਰੇ। ਮੈਂ ਤਾਂ ਇਥੇ ਹੁਣ ਖਿਮਾਂ ਹੀ ਮੰਗਦਾ ਹਾਂ । ਦਾਸ-ਈਸ਼ਰ ਸਿੰਘ ਗਿਆਨੀ

ਗੁਰਸਿਖ ਜੀਵਨ ਭਾਗ ੧

ਸਮਾਪਤ

Digitized by Panjab Digital Library | www.panjabdigilib.org

ਪੁਸਤਕ ਪੜਚੋਲ

ਸ਼ਬਦਾਰਥ ਦਸਮ ਗ੍ਰੰਥ ਸਾਹਿਬ

ਪ੍ਰਕਾਸ਼ਕ-ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਮਗਰੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਭਗਤੀ ਦੇ ਸੰਦੇਸ਼ ਦੇ ਨਾਲ ਹੀ ਸ਼ਕਤੀ ਨੂੰ ਧਾਰਨ ਕੀਤਾ। ਮਗਰੋਂ ਗੁਰੂ ਤੇਗ ਬਹਾਦਰ ਜੀ ਦੇ ਮਹਾਂ-ਬਲੀਦਾਨ ਨੇ ਦੇਸ਼ਵਾਸੀਆਂ ਵਿਚ ਨਿਰਮਲਤਾ ਅਤੇ ਨਿਡਰਤਾ ਦੇ ਉਤਸ਼ਾਹ ਨੂੰ ਅਮਲੀ ਰੂਪ ਦੇ ਕੇ 'ਧਰਮਯੁਧ'ਦਾ ਚਾਇ' ਪੈਦਾ ਕਰਕੇ'ਲੋਕਾਂਨੂੰਕੁਬਧ ਕਰਨ ਤੋਂਹਟਾਣ'ਅਤੇ ਦੁਸ਼ਟ ਸਭਨ ਕੋ ਮੂਲ ਉਪਾਰਨ' ਦੀ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜ਼ਾਲਮ ਹਕੂਮਤ ਦਾ ਟਾਕਰਾ-ਕਰਨ ਲਈ ਜਿਥੇ ਸਿਖਾਂ ਨੂੰ ਫੌਜੀ ਸਿਖਿਆ ਦਿਤੀ, ਉਥੇ ਦੇਸ਼ ਵਾਸੀਆਂ ਦੀ ਮਾਨਸਿਕ ਪੱਧਰ ਨੂੰ ਵੀ ਬਦਲ ਕੇ ਉਨ੍ਹਾਂ ਵਿਚ ਆਤਮ-ਵਿਸ਼ਵਾਸ ਅਤੇ ਬਦੀ ਦਾ ਮੁਕਾਬਲਾ ਕਰਨ ਲਈ ਸਾਹਸ ਪੈਦਾ ਕਰਨ ਦਾ ਯਤਨ ਕੀਤਾ। ਇਸ ਮੰਤਵ ਲਈ ਆਪ ਨੇ ਪੁਰਾਣੇ ਮਹਾਂ-ਪੁਰਖਾਂ ਦੇ ਬਹਾਦਰੀ ਦੇ ਜੀਵਨ ਚਰਿਤ੍ਰ ਤੋਂ ਲੋਕਾਂ ਨੂੰ ਜਾਣੂ ਕਰਾਣ ਲਈ ਪੁਰਾਤਨ ਗ੍ਰੰਥਾਂ ਨੂੰ ਆਪਣੀ ਜ਼ਬਾਨ ਵਿਚ ਵਰਨਣ ਕੀਤਾ। ਇਨ੍ਹਾਂ ਗ੍ਰੰਥਾਂ ਦੇ ਯੁਧ ਸੰਬੰਧੀ ਪ੍ਰਸੰਗਾਂ ਨੂੰ ਖਾਸ ਤੌਰ ਤੇ ਬੀਰ ਰਸੀ ਢੰਗ ਨਾਲ ਆਪ ਨੇ ਪੇਸ਼ ਕੀਤਾ। ਚੰਡੀ ਚਰਿਤ੍ਰ, ਚਉਬੀਸ ਅਵਤਾਰ, ਕ੍ਰਿਸ਼ਨਾਵਤਾਰ, ਆਦਿ ਆਪ ਨੇ ਵੀਰ ਗਾਥਾ ਸ਼ੈਲੀ ਵਿਚ ਰਚੇ।

ਇਹ ਪੁਰਾਤਨ ਕਥਾਵਾਂ ਦੇਸ਼ ਵਾਸੀਆਂ ਵਿਚ ਪ੍ਰਚਲਤ ਕਰਨ ਦਾ ਕਾਰਨ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸ਼ਬਦਾਂ ਵਿਚ ਹੀ ਕ੍ਰਿਸ਼ਨਾਵਤਾਰ ਵਿਚ ਸਪਸ਼ਟ ਕਰਦਿਆਂ ਫੁਰਮਾਇਆ ਹੈ ਕਿ :-

ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ ॥
ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁਧ ਕੇ ਚਾਇ ॥

ਇਹਨਾਂ ਕਥਾਵਾਂ ਵਿਚ ਹੀ ਪੁਰਾਣਕ ਰਚਨਾਵਾਂ ਦੇ ਕਵੀਆਂ ਨੇ ਆਪਣੇ ਇਸ਼ਟ ਦੇਵਾਂ ਤੋਂ ਰਣ 'ਚ ਜੂਝ ਮਰਨ ਲਈ ਪ੍ਰਾਰਥਨਾਂ ਕੀਤੀ ਹੈ :

ਜੂਝ ਮਰੋਂ ਰਨ ਮੈ ਤਜ ਭੈ ਤੁਮ ਤੇ ਪ੍ਰਭ ਸਿਆਮ ਇਹੈ ਥਰ ਪਾਵੈ ॥

... ...

ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਣ ਮੈਂ ਤਬ ਜੂਝ ਮਰੋਂ ॥

ਇਸ ਬੀਰ ਰਸੀ ਬਾਣੀ ਤੋਂ ਬਿਨਾਂ ਗੁਰੂ ਗੋਬਿੰਦ ਸਿੰਘ ਜੀ ਨੇ ਇਕੋ ਪ੍ਰਮਾਤਮਾ ਦੀ ਪੂਜਾ ਕਰਨ, ਨੀਚ ਉਚ ਦਾ ਭਿੰਨ ਭੇਦ ਮਿਟਾਣ ਅਤੇ ਇਨਸਾਨੀਅਤ ਵਿਚ ਨਫਰਤ ਦੀ ਥਾਂ ਪਿਆਰ ਦਾ ਜਜਬਾ ਪੈਦਾ ਕਰਨ ਲਈ ਵੀ ਅਦੁੱਤੀ ਬਾਣੀ ਦੀ ਰਚਨਾ ਕੀਤੀ ਹੈ। ਜਾਪ ਸਾਹਿਬ ਵਿਚ ਈਸ਼ਵਰ ਦੀ ਉਸਤਤ, ਸ਼ਬਦ ਹਜ਼ਾਰੇ 'ਚ ਗਿਆਨ ਵੈਰਾਗ ਦਾ ਮੇਲ, ਤੇਤੀ ਸ੍ਵੈਯੇ ਪ੍ਰਮਾਤਮਾ ਦੀ ਏਕਤਾ ਅਤੇ ਵਹਿਮਾਂ ਭਰਮਾਂ ਦੇ ਖੰਡਨ ਦੇ ਸੰਬੰਧ ਵਿਚ ਹਨ।

ਜਫ਼ਰਨਾਮਾ-ਔਰੰਗਜ਼ੇਬ ਨੂੰ ਫ਼ਾਰਸੀ ਕਾਵਿ ਵਿਚ ਲਿਖਿਆ ਪੱਤਰ ਹੈ।

ਇਹ ਸਾਰੀ ਬਾਣੀ ਦਸਮ ਗ੍ਰੰਥ ਵਿਚ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਪੰਜਾਬੀ

Digitized by Panjab Digital Library | www.panjabdigilib.org

ਯੂਨੀਵਰਸਿਟੀ ਪਟਿਆਲਾ ਨੇ ਸ਼ਲਾਘਾ ਯੋਗ ਉਦਮ ਕਰਕੇ ਦਸਮ ਗ੍ਰੰਥ ਸਾਹਿਬ ਦਾ ਸ਼ਬਦਾਰਥ ਛਪਵਾਉਣ ਦਾ ਉਪਰਾਲਾ ਕੀਤਾ ਹੈ । ਇਹ ਸ਼ਬਦਾਰਥ ਮੂਲ ਰੂਪ ਵਿਚ ਭਾਈ ਰਣਧੀਰ ਸਿੰਘ ਦੀ ਓਰੀਐਂਟਲ ਸਕਾਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਸਾਲ ੧੯੬੬-੬੭ (ਗੁਰੂ ਗੋਬਿੰਦ ਸਿੰਘ ਜੀ ਦੇ ਤਿੰਨ ਸੌ ਸਾਲਾ ਪ੍ਰਕਾਸ਼ ਉਤਸਵ) ਸਮੇਂ ਸ਼ੁਰੂ ਕਰਕੇ ੧੯੬੯ ਵਿਚ ਮੁਕੰਮਲ ਕੀਤਾ ਸੀ। ਯੂਨੀਵਰਸਿਟੀ ਨੇ ਚਰਿਤਰੋ ਪਖਯਾਨ ਤੇ ਹਕਾਯਾਤ ਵਾਲੇ ਭਾਗ ਨੂੰ ਛਡ ਕੇ ਬਾਕੀ ਸ਼ਬਦਾਰਥ ਨੂੰ ਤਿੰਨ ਹਿਸਿਆਂ 'ਚ ਛਾਪਣ ਦਾ ਫੈਸਲਾ ਕੀਤਾ ਸੀ। ਇਸ ਛਪਾਈ ਤੋਂ ਪਹਿਲਾਂ ਡਾ: ਤਾਰਨ ਸਿੰਘ, ਡਾ: ਪ੍ਰੇਮ ਪ੍ਰਕਾਸ਼ ਸਿੰਘ, ਪ੍ਰੋ: ਗੁਲਵੰਤ ਸਿੰਘ ਅਤੇ ਡਾ: ਜੀਤ ਸਿੰਘ ਸੀਤਲ ਨੇ ਖਰੜੇ ਨੂੰ ਬੜੇ ਗਹੁ ਨਾਲ ਵਾਚਿਆ। ਭਾਈ ਜੋਧ ਸਿੰਘ ਜੀ ਦੀ ਵੀ ਰਾਏ ਲਈ ਗਈ ਅਤੇ ਫਿਰ ੧੯੭੨ ਵਿਚ ਇਸ ਦੀ ਛਪਾਈ ਸ਼ੁਰੂ ਕੀਤੀ ਗਈ ।

ਭਾਈ ਰਣਧੀਰ ਸਿੰਘ ਜੀ ਕਾਫੀ ਸਮਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗੁਰਦੁਆਰਾ ਇਨਸਪੈਕਟਰ ਅਤੇ ਸਿਖ ਇਤਿਹਾਸ ਬੋਰਡ ਦੇ ਅਧਿਕਾਰੀ ਦੇ ਅਹੁਦੇ ਤੇ ਰਹੇ ਹਨ। ਉਨ੍ਹਾਂ ਨੇ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੀਆਂ ਕਈ ਪੁਰਾਤਨ ਹਥ ਲਿਖਤ ਬੀੜਾਂ ਦੇ ਦਰਸ਼ਨ ਕਰਕੇ ਆਪਣੀ ਖੋਜ ਨੂੰ ਮੁਕੰਮਲ ਕੀਤਾ । ਯੂਨੀਵਰਸਿਟੀ ਵਲੋਂ ਦੋ ਪੋਥੀਆਂ ਛਪ ਚੁਕੀਆਂ ਹਨ। ਪਹਿਲੀ ਪੋਥੀ ਵਿਚ ਜਾਪ, ਅਕਾਲ ਉਸਤਤਿ, ਬਚਿਤ੍ਰ ਨਾਟਕ, ਚੰਡੀ ਚਰਿਤ੍ਰ (ਪਹਿਲਾ) ਚੰਡੀ ਚਰਿਤ੍ਰ (ਦੂਜਾ) ਵਾਰ ਦੁਰਗਾ ਕੀ, ਚਉਬੀਸ ਅਵਤਾਰ (ਰਾਮਾਵਤਾਰ ਤੀਕ) ਅਤੇ ਦੂਜੀ ਪੋਥੀ ਵਿਚ ਕ੍ਰਿਸ਼ਨਾਵਤਾਰ ਦਰਜ ਹਨ।

ਸਮੂਹ ਸਿਖ ਸੰਸਥਾਵਾਂ, ਅਤੇ ਜਥੇਬੰਦੀਆਂ ਅਤੇ ਆਮ ਦੇਸ਼ਵਾਸੀ ਦਸਮ ਗ੍ਰੰਥ ਸਾਹਿਬ ਦੇ ਸ਼ਬਦਾਰਥ ਦੀਆਂ ਇਨ੍ਹਾਂ ਪੋਥੀਆਂ ਦੀ ਡੂੰਘੀ ਅਧਿਆਤਮਕ ਸੋਝੀ, ਅੰਤਰ ਦ੍ਰਿਸ਼ਟੀ ਅਤੇ ਬੀਰ ਰਸੀ ਭਾਵਨਾ ਪ੍ਰਾਪਤ ਕਰਕੇ ਧਰਮ, ਇਨਸਾਨੀਅਤ ਅਤੇ ਕੁਰਬਾਨੀ ਦੇ ਜ਼ਜ਼ਬੇ ਨੂੰ ਯਕੀਨੀ ਤੌਰ ਤੇ ਹੋਰ ਪਕਿਆਂ ਕਰ ਸਕਦੇ ਹਨ।

–ਰਵੇਲ ਸਿੰਘ ਐਡਵੋਕੇਟ

Digitized by Panjab Digital Library | www.panjabdigilib.org

ਸ੍ਰੀ ਰਣਬੀਰ ਜੀ ਭਾਰਤ ਦੇ ਵਡੇ ਅਖਬਾਰ (ਮਿਲਾਪ) ਦੇ ਮੁਖ ਸੰਪਾਦਕ ਜੋ ਬੇਹਤਰੀਨ ਇਨਸਾਨ ਤੇ ਮੰਨੇ ਹੋਏ ਧਾਰਮਿਕ ਤੇ ਜਜ਼ਬਾਤੀ, ਉਤਮ ਲੇਖਕ ਹਨ ਤੇ ਗਿਆਨ ਦੇ ਵੀ ਸਾਗਰ ਹਨ। ਉਹਨਾਂ ਵਲੋਂ ਲਿਖੀ (ਪੁਸਤਕ) ਯੁਗ ਪੁਰਸ਼-ਜੀਵਨ ਕਥਾ ਸ੍ਰੀ ਦਸਮੇਸ਼ ਜੀ ਦੇ ਪੰ: ੨੬੫ ਤੋਂ ੨੭੬ ਤਕ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਉਪਮਾਂ ਤੇ ਪ੍ਰਸਪਰ ਵੀਚਾਰ ਵਿਚੋਂ ਕੁਝ ਅੰਸ਼ ਸਬੂਤ ਲਈ ਪਾਠਕਾਂ ਦੇ ਦਰ ਪੇਸ਼ ਹਨ। ਬਹੁਤ ਕੁਝ ਜਾਣਕਾਰੀ ਉਪਰੰਤ ਪੰ: ੨੬੬ ਤੇ ਲਿਖਦੇ ਹਨ ਕਿ ਸ੍ਰੀ ਦਸਮੇਸ਼ ਜੀ ਦੀ ਲਗਪਗ ਸਾਰੀ ਦੀ ਸਾਰੀ ਬਾਣੀ ਬ੍ਰਿਜ ਅਤੇ ਅਵਧੀ ਭਾਸ਼ਾ ਵਿਚ ਹੈ। ਥੋੜਾ ਜਿਹਾ ਭਾਗ ਫ਼ਾਰਸੀ ਵਿਚ ਹੈ ਅਤੇ ਬਹੁਤ ਹੀ ਘਟ ਪੰਜਾਬੀ ਵਿਚ। ਪੰਜਾਬੀ ਵਿਚ ਉਹਨਾਂ ਨੇ ਕੇਵਲ (ਚੰਡੀ ਦੀ ਵਾਰ) ਲਿਖੀ ਜਾਂ ਉਹ ਪ੍ਰਸਿਧ ਸ਼ਬਦ - ਮਿਤਰ ਪਿਆਰੇ ਨੂੰ ਹ ਲ ਮੁਰੀਦਾਂ ਦਾ ਕਹਿਣਾ ॥

ਦੂਜਾ ਇਹ ਕਿ ਗੁਰੂ ਮਹਾਰਾਜ ਜੀ ਦੀ ਬਾਣੀ ਆਮ ਕਰਕੇ ਗੁਰਮੁਖੀ ਲਿਪੀ ਵਿਚ ਛਾਪੀ ਜਾਂਦੀ ਹੈ (ਪੰਜਾਬ ਤੇ ਪੰਜਾਬੀ ਸੂਬੇ ਤੋਂ ਬਾਹਰ ਬਹੁਤ ਹੀ ਘੱਟ ਲੋਕ ਜਾਣਦੇ ਹਨ। ਅਤੇ ਪੰਜਾਬ (ਪੰਜਾਬੀ) ਜਾਨਣ ਵਾਲੇ ਬਹੁਤ ਲੋਕ ਅਜਿਹੇ ਹਨ ਜਿਹੜੇ ਬ੍ਰਿਜ ਜਾਂ ਅਵਧੀ ਭ ਸ਼ਾ ਨੂੰ ਪੂਰੀ ਤਰ੍ਹਾਂ ਨਹੀਂ ਸਮਝਦੇ, ਜਿਸਦੇ ਸਿੱਟੇ ਵਜੋਂ ਬਹੁਤੇ ਲੋਕ ਇਸ ਕਵਿਤਾ ਦੀ ਖੂਬੀ ਅਤੇ ਮਹਾਨਤਾ ਨੂੰ ਭਲੀ ਪ੍ਰਕਾਰ ਸਮਝ ਨਹੀਂ ਸਕਦੇ। ਹਿੰਦੀ, ਬ੍ਰਿਜ ਭਾਸ਼ਾ ਅਤੇ ਅਵਧੀ ਵੀਰ ਪੰਜਾਬੀ ਲਿੱਪੀ ਨਾ ਜਾਨਣ ਕਰਕੇ ਗੁਰੂ ਮਹਾਰਾਜ ਦੀ ਇਸ ਪਵਿਤ੍ਰ ਬਾਣੀ ਨੂੰ ਪੜ੍ਹ ਹੀ ਨਹੀਂ ਸਕਦੇ, ਜਿਸ ਲਈ ਗੁਰੂ ਮਹਾਰਾਜ ਦੀ ਇਕ ਮਹਾਨ ਦੇਸ਼ ਰਖਿਅਕ ਅਤੇ ਧਰਮ ਰਖਿਅਕ ਦੇ ਰੂਪ ਵਿਚ ਇਜ਼ਤ (ਅਦਬ) ਕਰਦੇ ਹੋਇਆਂ ਵੀ, ਉਹ ਇਹ ਨਹੀਂ ਜਾਣਦੇ ਕਿ ਗੁਰੂ ਜੀ ਇਕ ਮਹਾਨ ਕੋਟੀ ਦੇ ਕਵੀ ਵੀ ਸਨ। ਪ੍ਰੰਤੂ ਇਕ ਮਹਾਨ ਕਵੀ ਨਾਲ ਇਸਤੋਂ ਵੱਡਾ ਅਨਿਆਇ ਹੋ ਨਹੀਂ ਸਕਦਾ ਕਿ ਤੁਸੀਂ ਉਸਦੀ ਕਵਿਤਾ ਨੂੰ ਅਜੇਹੀ ਲਿਪੀ ਵਿਚ ਲਿਖ ਦਿਉ ਜਿਸਨੂੰ ਜਾਨਣ ਵਾਲੇ ਕਵਿਤਾ ਦੀ ਭਾਸ਼ਾ ਨਾ ਸਮਝ ਸਕਣ ਅਤੇ ਕਵੀ ਦੀ ਭਾਸ਼ਾ ਨੂੰ ਜਾਨਣ ਵਾਲੇ ਉਸਦੀ ਲਿਪੀ ਨੂੰ ਨਾ ਪੜ੍ਹ ਸਕਣ। ਬੜੇ ਸਤਕਾਰ ਨਾਲ ਮੈਂ ਬੇਨਤੀ ਕਰਦਾ ਹਾਂ, ਕਿ ਇਸ ਬੇਇਨਸਾਫ਼ੀ ਨੂੰ ਖਤਮ ਹੋਣਾ ਚਾਹੀਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਪਵਿਤ੍ਰ ਬਾਣੀ ਗੁਰਮੁਖੀ ਲਿਪੀ ਵਿਚ ਵੀ ਜਰੂਰ ਰਹਿਣੀ ਚਾਹੀਦੀ ਹੈ, ਪਰ ਇਹ ਦੇਵ ਨਾਗਰੀ ਲਿੱਪੀ ਵਿਚ ਵੀ ਛਪਣੀ ਚਾਹੀਦੀ ਹੈ –'ਅਜਿਹਾ ਹੋ ਜਾਣ ਨਾਲ ਹਿੰਦੀ ਭਗਤਾਂ ਨੂੰ ਪਤਾ ਲਗ ਜਾਏਗਾ ਕਿ ਕਿਤਨੇ ਵਡੇ ਮਹਾਂ ਕਵੀ ਨੂੰ ਉਹ ਭੁਲਾਈ ਬੈਠੇ ਹਨ।

ਇਥੇ ਇਕ ਗੱਲ ਮੈਂ ਉਸ ਦਸਮ ਗੁਰੂ ਗ੍ਰੰਥ ਸਾਹਿਬ ਦੇ ਬਾਰੇ ਵੀ ਕਹਿਣਾ ਚਾਹੁੰਦਾ ਹਾਂ, ਜਿਸ ਵਿਚ ਦਸਵੇ ਪਾਤਸ਼ਾਹ ਦੀ ਬਾਣੀ ਹੈ ਅਤੇ ਜਿਸਦੇ ਬਾਰੇ ਦਾਅਵਾ ਕੀਤਾ ਜਾਂਦਾ ਹੈ ਕਿ ਇਹ ਸਾਰੀ ਦੀ ਸਾਰੀ ਬਾਣੀ ਸ੍ਰੀ ਗੁਰੂ (ਗੋਬਿੰਦ ਸਿੰਘ) ਜੀ ਮਹਾਰਾਜ ਦੀ ਹੈ, ਇਹ ਗ੍ਰੰਥ ਕਾਫ਼ੀ ਵੱਡਾ ਹੈ, ਕੁਲ ਮਿਲਾ ਕੇ ਲਗਪਗ ਤਿੰਨ ਲੱਖ ਅੱਖਰ ਇਸ ਵਿਚ ਹਨ ਜਦ ਕਿ ਆਦਿ (ਸ੍ਰੀ ਗੁਰੂ ਗ੍ਰੰਥ ਸਾ) ਦੇ ਕੁਲ ਅਖਰ ਲਗਪਗ ਸਵਾ ਚਾਰ ਲੱਖ ਹਨ। ਅਗੇ ਅਵਤਾਰਾਂ ਦੀ ਗਿਣਤ ਤੇ ਨਾਮਾਂ ਦਾ ਪ੍ਰੀਚੇ ਹੈ ਅਤੇ ਉਹਨਾਂ ਸਜਨਾਂ ਦੇ ਬਾਦ ਬਿਵਾਦ ਬਾਰੇ ਲਿਖਿਆ ਜੋ ਇਸ ਬਾਣੀ ਨੂੰ ਨਾ ਸਮਝਕੇ ਕਿਸੇ ਬਾਣੀ ਨੂੰ ਗੁਰੂ ਦੀ ਬਾਣੀ ਤੇ ਕਿਸੇ ਨੂੰ ਕਵੀਆਂ ਦੀ ਬਾਣੀ ਲਿਖਦੇ ਹਨ ਜਿਨ੍ਹਾਂ ਬਾਰੇ ਸ੍ਰੀ (ਰਣਬੀਰ ਜੀ) ਕਹਿੰਦੇ ਹਨ ਕਿ ਮੈਂ ਇਸ ਮਹਾਨ ਗ੍ਰੰਥ ਨੂੰ ਮੁੱਢ ਤੋਂ ਲੈ ਕੇ ਛੇਕੜ ਤੀਕ ਪੜ੍ਹਨ ਤੋਂ ਬਾਅਦ ਇਸ ਸਿੱਟੇ ਤੇ ਪੁਜੇ ਹਾਂ। ਪੰ: ੨੬੯ ॥ ਅਗੇ ਬਹੁਤ ਸਾਰੇ ਦਸਮ ਬਾਣੀ ਦੇ ਹਵਾਲੇ ਵੀ ਦਿਤੇ ਹਨ ਤੇ ਰਾਇ ਵੀ ਪੰ. ੨੭੨ ਤੇ ਲਿਖਦੇ ਹਨ ਕਿ ਸ੍ਰੀ ਦਸਮ ਗ੍ਰੰਥ ਦੇ ਬਾਰੇ ਪੜਚੋਲ ਕਰਨ ਲਈ ਇਕ ਕਮੇਟੀ ਬਣਾਈ ਗਈ ਸੀ ਜਿਸਦਾ ਨਾਂ (ਦਸਮ ਗ੍ਰੰਥ ਸੋਧਕ ਕਮੇਟੀ) ਰਖਿਆ ਗਿਆ. ਉਸਨੇ ਆਪਣੀ ਰਿਪੋਰਟ ਵਿਚ ਇਹਨਾਂ ਨਾਵਾਂ ਬਾਰੇ ਲਿਖਿਆ–

"ਸੋ ਕਲਗੀਧਰ ਗੁਰੂ ਜੀ ਦਾ ਜਨਮ ਸਤ ਭਿਖ ਨਿਛਤ੍ਰ ਦੇ ਦੂਜੇ ਚਰਨ ਵਿਚ ਹੋਇਆ ਜਿਸ ਕਰਕੇ ਗੁਰੂ ਜੀ ਦਾ ਜਨਮ ਨਾਮ (ਸ਼ਾਮ) ਸੀ। ਅਤੇ ਥੋੜੇ ਜਿਹੇ ਛੰਦਾਂ ਵਿਚ (ਗੁਰੂ ਮਹਾਰਾਜ ਨੇ ਰਾਮ ਕਾਵਿ ਲਿਖਿਆ ਹੈ, ਜਦ ਕਿ ਪ੍ਰਾਚੀਨ ਸਾਰੇ ਗ੍ਰੰਥ ਵਿਚ ਸ਼ਾਮ ਹੈ ਪਰ ਰਾਮ ਨਾਂ ਦਾ ਕਵੀ ਉਹਨਾਂ ਪਾਸ ਹੈ ਨਹੀਂ ਮੀ ॥ ਪੰ: ੨੬੫ ਤੇ ਆਪ ਨੇ ਇਕ ਸ਼ੇਅਰ ਦਿਤਾ ਹੈ ਜੋ ਐਉਂ ਹੈ

Digitized by Panjab Digital Library | www.panjabdigilib.org

ਸ੍ਰੀ ਸੂਰ ਤੁਲਸੀ ਸਸ਼ੀ ਉਡਗਣ ਕੇਸੋ ਦਾਸ ॥
ਅਭ ਕੇ ਕਵੀ ਖਦਜੋਤ ਸਮ ਜਹਾਂ ਤਹਾਂ ਕਰਤ ਪ੍ਰਕਾਸ਼ ॥

ਜਿਸਦਾ ਭਾਵ ਹੈ ਕਿ ਸ੍ਰੀਰਦਾਸ ਕਾਵ ਰਚਨਾ ਦਾ ਸੂਰਜ ਹੈ ਤੇ ਤੁਲਸੀ ਦਾਸ ਚੰਦ੍ਰਵਾਂ, ਕੇਸੋ ਦਾਸ ਤੇ ਉਨ੍ਹਾਂ ਦੇ ਸਾਥੀ ਤਾਰੇ, ਅਜ ਕਲ ਦੇ ਕਵੀ ਜੁਗਨੂੰ (ਟਟਹਿਣੇ) ਸਮਾਨ ਹੀ ਹਨ ਜੋ ਕਦੀ ਕਦਾਈਂ ਟਿਮਕਦੇ ਹਨ। ਜਿਸਦੇ ਉਤਰ ਵਿਚ ਸ੍ਰੀ (ਰਣਬੀਰ) ਜੀ ਪੰ: ੨੬੬ ਤੇ ਲਿਖਦੇ ਹਨ ਕਿ ਜਾਪਦਾ ਹੈ, ਉਸ ਆਦਮੀ ਨੇ (ਸ੍ਰੀ ਗੁਰੂ ਗੋਬਿੰਦ ਸਿੰਘ) ਜੀ ਮਹਾਰਾਜ ਦੀ ਕਵਿਤਾ ਨੂੰ ਕਦੀ ਵੇਖਿਆ ਹੀ ਨਹੀਂ; ਜੇਕਰ ਉਹਨਾਂ ਦੀਆਂ ਰਚਨਾਵਾਂ ਨੂੰ ਵੇਖਿਆ ਹੁੰਦਾ ਤਾਂ ਉਸ ਨੂੰ ਪਤਾ ਲਗ ਜਾਂਦਾ ਕਿ ਗੁਰੂ ਜੀ ਤੋਂ ਉਚ ਤਾਂ ਭਲਾ ਕੀ, ਬਰਾਬਰ ਦਾ ਵੀ ਕੋਈ ਮਹਾਂ ਕਵੀ ਨਹੀਂ ਹੈ। ਇਹ ਗਲ ਕੁਝ ਕੌੜੀ ਤਾਂ ਸਰੂਰ ਹੈ ਪਰ ਹੈ ਸਚ। ਮੇਰੇ ਖਿਆਲ ਵਿਚ, ਜਿਤਨਾ ਅਨਿਆਇ ਗੁਰੂ ਜੀ ਨਾਲ ਉਹਨਾਂ ਦੇ ਪਿਆਰ ਕਰਨ ਵਾਲਿਆਂ ਕੀਤਾ ਉਤਨਾ ਕਿਸੇ ਵਿਰੋਧੀ ਨੇ ਨਹੀਂ ਕੀਤਾ ਹੋਣਾ।

ਸ੍ਰੀ (ਪਦਮ) ਜੀ (ਦਸਮ ਗ੍ਰੰਥ ਦਰਸ਼ਨ) ਵਿਚ ਪਰੋਖਸ਼ ਰੂਪ ਵਿਚ ਆਪਣਾ ਫੈਸਲਾ ਪੂਰੇ ਦਾਅਵੇ ਨਾਲ ਆਦਿ ਤੇ (ਦਸਮ) ਗ੍ਰੰਥ ਦੀ ਬੀੜ ਦਾ ਬਿਓਹਾ ਦੇ ਰਹੇ ਹਨ ਜਿਹੜੀ ਭਾਈ ਮਨੀ ਸਿੰਘ ਜੀ ਨੇ ਸੰਪਾਦਤ ਕੀਤੀ-ਜਿਸ ਵਿਚ (ਸ੍ਰੀ ਦਸਮ ਗ੍ਰੰਥ) ਸਾ: ਦੀਆਂ ਬਾਣੀਆਂ ਦਾ ਕ੍ਰਮਵਾਰ ਵੇਰਵਾ ਅੰਉਂ ਲਿਖਿਆ ਹੋਇਆ ਹੈ। ੧-ਜਾਪ, ੨. ਬਚਿਤ੍ਰ ਨਾਟਕ, ਚੰਡੀ ਚਰਿਤ੍ਰ ਦੋਵੇਂ, ਚੋਬੀਸ ਅਵਤਾਰ, ਬ੍ਰਹਮਾ ਅਵਤਾਰ, ਰੁਦ੍ਰ ਅਵਤਾਰ ੩੨ ਸਵੱਈਏ ਤੇ ੯ ਸ਼ਬਦ-ਪੱਤਰਾ ੫੪੬ ॥ ਰਾਗਾਂ ਕੇ ਤਕ ੫੪੯ ॥ ਸਸਤ੍ਰ ਨਾਮ ਮਾਲਾ ਪਤਰਾ ੭੮੬, ਗਿਆਨ ਪ੍ਰਬੋਧ ਪਤ੍ਰਾ ੮੨੧, ਅਕਾਲ ਉਸਤਤਿ ਪਤ੍ਰਾ ੮੩੦. ਵਾਰ ਦੁਰਗਾ ਕੀ ੮੩੮, ਚਰਿਤ੍ਰੋ ਪਾਖਜਾਨੇ ੮੪੬-੧੦੬੦-੬੫, ਜਫ਼ਰ ਨਾਮਾ ਸੰਮਤ ੧੭੭੦ ਮੇਂ ਤਯਾਰ ਹੁਏ ਹੈਂ ॥ ਦਸਮ ਗ੍ਰੰਥ ਦਰਸ਼ਨ ਪੰ: ੧੬-੧੭ ॥

ਦੁਖ ਤੇ ਅਫਸੋਸ ਤਾਂ ਇਹੁ ਹੈ ਕਿ ਅਸੀਂ ਪੂਰੀ ਤਰ੍ਹਾਂ ਅਰਥ ਭਾਵ ਸਮਝਣ ਦੇ ਯੋਗ ਨਹੀਂ ਭੁਲ ਨਾਲ ਭਟਕਾ ਖਾ ਕੇ ਜੀ ਆਈ ਦਲੀਲਬਾਜ਼ੀ ਵਰਨੀ ਜਾਂਦੇ ਹਾਂ। ਸੈਂਪਲ-ਮਾਤ੍ਰ ਇਕ ਪੰਗਤੀ ਰਣਬੀਰ ਜੀ ਪੇਸ਼ ਕਰਦੇ ਹਨ।

(ਹਰੀ ਪਤੀ ਪਤੀ ਪਤੀ ਪਤਨੀ ਅਰਸੀ)। ਪਾਠਕ ਜਨ ਇਸ ਪੰਗਤੀ ਦੇ ਅਰਥ ਬਣਾ ਕੇ ਤਕਣ ਕੀ ਹਨ, ਹਾਂ ਜੀ ਕੀ ਬਣਿਆ। ਜਿਸ ਬਾਰੇ ਪੁਛਣ ਤੇ ਸ੍ਰੀ ਦਸਮੇਸ਼ ਜੀ ਦਸਦੇ ਹਨ ਹਰੀ ਦਾ ਭਾਵ ਹੈ (ਹਾਥੀ ਅਗੇ ਪਤੀ ਭਾਵ ਹਾਥੀਆਂ ਦਾ ਪਤੀ ਰਾਜਾ (ਈਰਾਵਤ ਹਾਥੀ) ਅਤੇ (ਇਰਾਵਤ) ਹਾਥੀ ਦਾ ਪਤੀ (ਇੰਦ੍ਰ) ਹੋਰ ਤੀਜੀ ਵਾਰ ਪਤੀ ਦਾ ਭਾਵ ਕਿ ਹਾਥੀ ਦਾ ਪਤੀ (ਇਰਾਵਤ) ਹਾਥੀ ਤੇ ਦੂਜੀ ਵਾਰ ਪਤੀ ਭਾਵ ਐਰਾਵਤ ਹਾਥੀ ਦਾ ਪਤੀ (ਇੰਦ੍ਰ) ਤੇ ਤੀਜੀ ਵਾਰ ਫੇਰ ਪਤੀ ਭਾਵ ਇੰਦ੍ਰ ਦਾ ਪਤੀ (ਕਛੱਪ) ਅਵਤਾਰ ਜਿਸ ਨੇ ਪਿਠ ਤੇ ਧਰ ਕੇ ਪ੍ਰਿਥਵੀ ਨੂੰ ਬਚਾਇਆ, ਉਸਦੀ ਪਤਨੀ ਪ੍ਰਿਥਵੀ ਜਿਸਨੂੰ ਚਿੰਗਾਰੀ ਸੁਟਣ ਵਾਲੀ (ਬੰਦੂਕ, ਜਿਸਨੂੰ ਅਗਨੀ ਸ਼ਬਦ ਵਰਤਿਆ ਹੈ। ਸ੍ਰੀ ਰਣਬੀਰ ਜੀ ਲਿਖਦੇ ਹਨ ਕਿ ਇਹ ਤਾਂ ਕੇਵਲ ਥੋੜੇ ਜਿਹੇ ਨਮੂਨੇ ਹਨ। ਨੋਟ--ਮੈਂ ਇਕ ਹੀ ਵੰਨਗੀ ਮਾਤ੍ਰ ਇਥੇ ਪੰਗਤੀ ਦਰਜ ਕੀਤੀ ਹੈ ਪਰ ਰਣਬੀਰ ਜੀ ਨੇ ਕਈ ਲਿਖੀਆਂ ਹਨ, ਪਰ ਸਾਨੂੰ ਚਾਹੀਦਾ ਹੈ ਕਿ ਭੁਲ ਭੁਲੇਖੇ ਦੇ ਸ਼ਿਕਾਰ ਹੋਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਜਾਰਾਂ ਸੂਰਜਾਂ ਦੀ ਚਮਕ ਨੂੰ ਮਾਤ ਪਾਉਣ ਵਾਲੀ ਗਿਆਨ ਗੋਸਟੀ ਨੂੰ ਘਟਾਉਣ ਦਾ ਉਪਹਾਰ ਨਾ ਬਣੀਏ।

ਸ੍ਰੀ ਰਣਬੀਰ ਜੀ ਇਕ ਸੁਚੱਜੇ ਲਿਖਾਰੀ ਦੇ ਨਾਤੇ ਪੰਨਾ ੨੬੭ ਤੇ ਹਿੰਦੂ ਵੀਰਾਂ ਦੀ ਟਿਕੋ ਕਰਦੇ ਹੋਏ ਕਹਿੰਦੇ ਹਨ ਕਿ ਤੁਸੀਂ ਗੁਰੂ ਜੋਤਿ ਨੂੰ ਓਪਰਾ ਸਮਝਦੇ ਹੋ ਪਰ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਪੰਥ ਨੇ ਬੇ-ਮਿਸਾਲ ਨਾ ਗਿਣੇ ਜਾਣ ਵਾਲੀਆਂ ਕੁਰਬਾਨੀਆਂ ਤੇ ਬਹਾਦਰੀਆਂ ਕਰਕੇ ਹਿੰਦੂ ਧਰਮ ਤੇ ਜਨੇਊ ਟਿੱਕੇ ਦੀ ਰਾਖੀ ਕੀਤੀ ਹੈ। ਇਸ ਦਾ ਮਤਲਬ ਇਹ ਨਹੀਂ ਜੋ ਉਹਨਾਂ ਜਨੇਊ ਦੀ ਰਾਖੀ ਕੀਤੀ ਤਾਂ ਆਪ ਵੀ ਪਹਿਨ ਲਿਆ ਸੀ। ਨਹੀਂ ਇਹ ਇਕ ਹਿੰਦੂ ਹਿਤਾਇਸ਼ੀ ਤੇ ਸਚਾਈ ਦੇ ਨਾਤੇ ਤੇ ਜਬਰ ਦੇ ਟਾਕਰੇ ਹੀ ਹੈਸੀ।

Digitized by Panjab Digital Library | www.panjabdigilib.org

ਉਹਨਾਂ ਦਾ ਆਪਣਾ ਵਿਵਹਾਰ ਪੂਜਾ ਪਾਠ ਜਾਂ ਕਰਮ ਕਾਂਡ ਅਥਵਾ ਸੰਸਕ੍ਰਿਤ ਸ੍ਹੈ ਧਰਮ ਸ੍ਹੈ ਬ੍ਰਿਤੀ ਸ੍ਹੈ ਅਹਾਰ ਤੇ ਉਪਹਾਰ ਹਿੰਦੂਆਂ ਨਾਲੋਂ ਅਲੱਗ ਸੀ। ਜਿਵੇਂ ਸਤਿਜੁਗ ਵਿਚ ਹਿੰਦੂ ਸਭ ਸਤਵਾਦੀ ਸੀ, ਜਟਾ ਜੂਟ ਸੀ, ਇਕ 'ਰਬ ਦਾ ਉਪਾਸ਼ਕ ਸੀ, ਬ੍ਰਹਮ ਪਰਾਇਣ ਸੀ (ਸਤਿਜੁਗ ਸਤ ਤ੍ਰੇਤਾ ਜਗੀ ਦੁਆਪਰ ਪੂਜਾ ਚਾਰ) ਸਮਾਂ ਪਾਕੇ ਸਭ ਕੁਝ ਬਦਲ ਗਿਆ, ਜਿਸ ਨੂੰ ਗੁਰੂ ਜੋਤਿ ਨੇ ਮੁੜ ਸੁਰਜੀਤ ਕੀਤਾ, ਜਿਸ ਲਈ ਗੁਰਦੇਵ ਮੂਰਤੀ ਹਿੰਦੂ ਹੁੰਦੇ ਹੋਇਆ ਵੀ ਹਿੰਦੂ ਨਹੀਂ ਕਹੇ ਜਾ ਸਕਦੇ। ਜਿਵੇਂ ਇਸਤ੍ਰੀ ਨੂੰ ਹਿੰਦੂ ਹੁੰਦੇ ਹੋਇਆ ਵੀ ਪੁਰਸ਼ ਨਹੀਂ ਕਿਹਾ ਜਾ ਸਕਦਾ, ਪੁਰਸ਼ ਨੂੰ ਹਿੰਦੂ ਹੁੰਦੇ ਹੋਇਆ ਵੀ ਇਸਤ੍ਰੀ ਨਹੀਂ ਕਿਹਾ ਜਾ ਸਕਦਾ। ਬਗਲੇ ਨੂੰ ਬਗਾ ਹੁੰਦੇ ਹੋਇਆ ਵੀ ਹੰਸ ਨਹੀਂ ਕਿਹਾ ਜਾ ਸਕਦਾ, ਹੰਸ ਨੂੰ ਬਗਲੇ ਜਿਹਾ ਤੱਕ ਕੇ ਵੀ ਬਗਲਾ ਨਹੀਂ ਕਿਹਾ ਜਾ ਸਕਦਾ, ਕਾਉਂ ਨੂੰ ਕਾਲਾ ਹੁੰਦੇ ਹੋਇਆ ਵੀ ਕੋਇਲ ਨਹੀਂ ਕਿਹਾ ਜਾ ਸਕਦਾ ਅਤੇ ਨਾ ਹੀ ਕੋਈ ਕੋਇਲ ਨੂੰ ਕਾਂ ਕਹਿ ਸਕਦਾ ਹੈ। ਕਿਉਂਕਿ ਇਹਨਾਂ ਦਾ ਅਹਾਰ ਤੇ ਵਿਹਾਰ ਸ਼ਿੰਗਾਰ ਤੇ ਸੰਸਕਾਰ ਇਕ ਨਹੀਂ ਹਨ। ਐਵੇਂ ਹੀ ਹਿੰਦੂ ਸਿਖ ਦੇ ਅਹਾਰ ਤੇ ਵਿਹਾਰ ਅਰ ਵਿਚਾਰ, ਸੰਸਕਾਰ ਜਾਂ ਸ਼ਿੰਗਾਰ ਇਕ ਸੁਰ ਨਹੀਂ ਹਨ। ਹਿੰਦੂ ਆਪਣੇ ਅਸਲੋਂ ਤੋਂ ਗਿਰ ਕੇ ਸਿਰ ਮੂੰਹ ਮੁਨਾਉਣ ਨੂੰ ਧਰਮ ਮੰਨ ਬੈਠਾ ਸੀ ਪਰ ਗੁਰੂਆਂ ਨੇ ਇਸ ਨੂੰ ਮੁਖੀ ਸ਼ਿੰਗਾਰ ਕਿਹਾ ਹੈ। ਹਿੰਦੂ ਇਕ ਰਬ ਤੋਂ ਉਲਟਕੇ ਅਨੇਕਾਂ ਦੇਵੀ ਦੇਵਤੇ ਤੇ ਜੜ੍ਹ-ਜੀਵਾਂ ਤਕ ਦਾ ਪੁਜਾਰੀ ਹੋ ਗਿਆ ਸੀ ਜਦ ਕਿ ਗੁਰੂਆਂ ਨੇ (ਇਕੋ ਅਲਹ ਪਾਰਬ੍ਰਹਮ ਦਾ ਉਪਦੇਸ਼ ਦਿਤਾ ਅਤੇ ਕਰਮ ਧਰਮ ਨੂੰ ਪਾਖੰਡ ਕਹਿਕੇ ਵਰਜਿਆ। ਮੈਂ ਬਹੁਤੀ ਦੂਰ ਨਾ ਜਾਵਾਂ, ਜਿਵੇਂ ਰੇਲ ਗੱਡੀ ਦੇ ਇੰਜਨ ਦਾ ਪਹੀਆ ਕੁਝ ਸਮਾਂ ਪਾਕੇ ਚਕ੍ਰ ਗੇੜੀ ਤੋਂ ਅਸਮਰਥ ਹੋਕੇ ਕਬਾੜੀਏ ਦੇ ਸਟਾਲ ਤੇ ਰੁਲ ਰਿਹਾ ਸੀ, ਜਾਣਕਾਰ ਸੁਜਾਨ ਕਾਰੀਗਰ ਦੇ ਹੱਥ ਆ ਗਿਆ ਜਿਸਨੇ ਉਸਦਾ ਅਹਿਰਣ ਤੇ ਹਥੌੜਾ ਛੈਣੀ ਬਣਾ ਕੇ ਉਸਦੀ ਸ਼ਕਲ ਬਦਲਕੇ ਪਾਣ ਚਾੜ ਦਿਤੀ, ਕੀ ਹੁਣ ਉਸ ਨੂੰ ਕਬਾੜੀ ਦਾ ਲੋਹਾ ਕਹੋਗੇ ਨਹੀਂ ਹੁਣ ਉਹ ਕਬਾੜੀ ਦੇ ਢੇਰਾਂ ਦੇ ਢੇਰ ਲੋਹੇ ਨੂੰ ਵੱਢ ਟੁਕ ਤੇ ਕੁਟ ਕੇ ਪਧਰਾ ਕਰਨ ਨੂੰ ਸਮਰਥ ਹੋ ਗਿਆ ਹੈ, ਉਸਦਾ ਇਸਮ ਸ਼ਕਲ ਤੇ ਕਰਤਵ ਬਦਲ ਗਿਆ ਹੈ, ਹੁਣ ਉਹ ਉਸ ਕਬਾੜੀ ਦੇ ਢੇਰ ਵਿਚ ਨਹੀਂ ਰਲਦਾ। ਇਸੇ ਤਰ੍ਹਾਂ ਸਚ ਇਹ ਹੈ ਕਿ ਜਦੋਂ ਇਕ ਹਿੰਦੂ ਗੁਰੂ ਦੀ ਸਰਨ ਵਿਚ ਆ ਗਿਆ ਤਾਂ ਉਹ ਮਨਮੁਖ ਤੋਂ ਗੁਰਮੁਖ ਬਣ ਗਿਆ।

Printed by S. Jaswant Singh, The Printer at Shakespeare Art Press,
situated at Railway Link Road, Amritsar and Published by Gyani Isher Singh
Ji Ramgarhia Farniture House, Rooper.

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-07799

Digitized by Panjab Digital Library | www.panjabdigilib.org

Digitized by Panjab Digital Library | www.panjabdigilib.org